# ਮਿੱਟੀ ਦੇ ਦੀਵੇ

ਝਵੇਰ ਚੰਦ ਮੇਘਨੀ

ਭਾਸ਼ਾ ਵਿਭਾਗ, ਪੰਜਾਬ

**MITTI DE DEEVE** (In Punjabi)

Jhaver Chand Meghani

Translation: Saran Singh Saroj

**ਮਿੱਟੀ ਦੇ ਦੀਵੇ**

ਝਵੇਰ ਚੰਦ ਮੇਘਾਨੀ

ਅਨੁਵਾਦ : ਸਰਨ ਸਿੰਘ ਸਰੋਜ

**© ਭਾਸ਼ਾ ਵਿਭਾਗ, ਪੰਜਾਬ**

ਪਹਿਲਾ ਐਡੀਸ਼ਨ : 2001

ਕਾਪੀਆਂ: 2000

ਮੁੱਲ: 28/-ਰੁਪਏ

ਪ੍ਰਕਾਸ਼ਕ: ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਜਗਜੀਤ ਪਬਲੀਸ਼ਿੰਗ ਕੰਪਨੀ, ਮੁਹਾਲੀ

ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

## ਦੋ ਸ਼ਬਦ

ਭਾਰਤ ਇੱਕ ਬਹੁਭਾਸ਼ਾਈ, ਬਹੁਧਰਮੀ ਤੇ ਵੰਨ-ਸੁਵੰਨੇ ਸਭਿਆਚਾਰ ਵਾਲਾ ਦੇਸ਼ ਹੈ। ਇਨ੍ਹਾਂ ਧਰਮਾਂ, ਭਾਸ਼ਾਵਾਂ ਅਤੇ ਸਭਿਆਚਾਰ ਨੂੰ ਇੱਕ ਦੂਜੇ ਦੇ ਨੇੜੇ ਲਿਆ ਕੇ ਰਾਸ਼ਟਰੀ ਏਕਤਾ ਦੇ ਧਾਗੇ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸ ਕਾਰਜ ਵਿੱਚ ਸਾਹਿਤ ਦੀ ਜਾਦੂਭਰੀ ਛੂਹ ਮਹੱਤਵਪੂਰਨ ਹਿੱਸਾ ਪਾ ਸਕਦੀ ਹੈ।

ਭਾਸ਼ਾ ਵਿਭਾਗ, ਪੰਜਾਬ ਸ਼ੁਰੂ ਤੋਂ ਹੀ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਤੇ ਸਾਰ ਲਈ ਕਈ ਮਹੱਤਵਪੂਰਨ ਸਕੀਮਾਂ ਤੇ ਕੰਮ ਕਰਦਾ ਆ ਰਿਹਾ ਹੈ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਦੂਜੇ ਰਾਜਾਂ ਦੀਆਂ ਭਾਸ਼ਾਵਾਂ ਤੇ ਸਭਿਆਚਾਰ ਨਾਲ ਮੇਲ ਜੋਲ ਪੈਦਾ ਕਰਨ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਇਸ ਸਬੰਧੀ ਵਿਭਾਗ ਦੁਆਰਾ ਇੱਕ ਅਜਿਹਾ ਪ੍ਰਾਜੈਕਟ ਹੱਥ ਵਿੱਚ ਲਿਆ ਗਿਆ ਹੈ, ਜਿਸ ਨਾਲ ਇਸ ਦੇ ਕਾਰਜ ਖੇਤਰ ਦੀਆਂ ਹੱਦਾਂ ਸਮੁੱਚੇ ਭਾਰਤ ਦੀਆਂ ਹੱਦਾਂ ਨੂੰ ਜਾ ਮਿਲਦੀਆਂ ਹਨ। ਸੱਤਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਰਾਸ਼ਟਰੀ ਏਕਤਾ ਸਕੀਮ ਅਧੀਨ ਭਾਸ਼ਾ ਵਿਭਾਗ ਪੰਜਾਬ ਨੇ ਭਾਰਤ ਦੀਆਂ 15 ਪ੍ਰਤਿਨਿਧ ਭਾਸ਼ਾਵਾਂ ਦੀਆਂ ਪ੍ਰਤਿਨਿਧ ਕਿਰਤਾਂ ਨੂੰ ਪੰਜਾਬੀ ਵਿੱਚ ਅਤੇ ਪੰਜਾਬੀ ਦੀਆਂ ਪ੍ਰਤੀਨਿਧ ਕਿਰਤਾਂ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਉਣ ਦਾ ਕਾਰਜ ਆਰੰਭ ਕੀਤਾ ਹੈ। ਹੁਣ ਤੱਕ ਸਿੰਧੀ, ਉਰਦੂ, ਮਲਿਆਲਮ, ਮਰਾਠੀ, ਬੰਗਲਾ, ਕੱਨੜ ਅਤੇ ਡੋਗਰੀ ਭਾਸ਼ਾਵਾਂ ਦੀਆਂ 25 ਦੇ ਲਗਭਗ ਚੋਣਵੀਆਂ ਰਚਨਾਵਾਂ ਦਾ ਅਨੁਵਾਦ ਕਰਵਾਇਆ ਗਿਆ ਹੈ।

ਇਸ ਪ੍ਰਾਜੈਕਟ ਅਧੀਨ ਗੁਜਰਾਤੀ ਲੇਖਕ ਸ੍ਰੀ ਝਵੇਰ ਚੰਦ ਮੇਘਾਨੀ ਦੀ ਪੁਸਤੱਕ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ। ਮਨੁੱਖੀ ਸੁਭਾਅ ਦੀ ਮੂਲਭੂਤ ਨੇਕੀ ਪ੍ਰਤੀ ਉਨ੍ਹਾਂ ਦੀ ਸ਼ਰਧਾ, ਪੰਜਾਬੀ ਅਤੇ ਗੁਜਰਾਤੀ ਸਭਿਆਚਾਰ ਦੀ

ਨੇੜਤਾ ਉਨ੍ਹਾਂ ਦੀ ਕਿਰਤ ਰਾਹੀਂ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਸਾਧਾਰਨ ਮੁਜਰਮਾਂ ਦਾ ਸੁਧਾਰ ਕਰਕੇ ਉਨ੍ਹਾਂ ਨੂੰ ਸੱਚੇ ਮਾਨਵ ਬਣਾ ਕੇ ਮਿੱਟੀ ਦੇ ਦੀਵਿਆਂ ਵਾਂਗ ਜੋਤ ਜਗਾਉਣਾ ਤੇ ਹੋਰਨਾਂ ਦਾ ਰਾਹ ਰੁਸ਼ਨਾਉਣਾ ਹੱਥਲੀ ਪੁਸਤੱਕ ਦਾ ਵਿਸ਼ਾ ਹੈ। ਵਿਭਾਗੀ ਤੌਰ ਤੇ ਇਸ ਦਾ ਸੰਪਾਦਨ ਸੰਯੁਕਤ ਡਾਇਰੈਕਟਰ ਸ੍ਰੀਮਤੀ ਕੁਸੁਮਬੀਰ ਕੌਰ ਨੇ ਅਤੇ ਸ੍ਰੀ ਜੋਗਿੰਦਰ ਲਾਲ ਖੋਜ ਅਫਸਰ ਨੇ ਕੀਤਾ ਹੈ। ਆਸ ਹੈ ਕਿ ਪੰਜਾਬੀ ਪਾਠਕ ਤੇ ਲੇਖਕ ਇਸ ਦਾ ਨਿੱਘਾ ਸੁਆਗਤ ਕਰਨਗੇ।

**ਡਾ. ਮਦਨ ਲਾਲ ਹਸੀਜਾ**

ਡਾਇਰੈਕਟਰ,

**ਭਾਸ਼ਾ ਵਿਭਾਗ, ਪੰਜਾਬ**

ਲੜੀ ਨੰ :-

# ਤਤਕਰਾ


| | | |
|---|---|---|
| 1. | ਇੱਕ ਡਾਕੂ ਨੂੰ ਨੈਤਿਕ ਨਿਯਮ ਸਿਖਾਉਣਾ | 01 |
| 2. | ਆਤਸ਼ਬਾਜ਼ੀ ਦਾ ਸ਼ਿਕਾਰ ਹੋਈ ਜਵਾਨੀ | 14 |
| 3. | ਹਾਜਰੀ | 24 |
| 4. | ਕੁਰਾਹੇ ਪਿਆ ਜਾਨਵਰ | 40 |
| 5. | ਇੱਕ ਅਫਸਰ ਦਾ ਹੌਸਲਾ | 49 |
| 6. | ਵਿਸ਼ਵਾਸ ਦਾ ਪ੍ਰਤੀਉੱਤਰ | 55 |
| 7. | ਜਾਤੀ ਦਾ ਨਾਂ | 61 |
| 8. | ਚੋਰ | 73 |
| 9. | ਮੇਰੇ ਰਿਸ਼ਤੇਦਾਰ | 89 |
| 10. | ਇਕ ਦਾਰਸ਼ਨਿਕ ਚੋਰ | 106 |
| 11. | ਇੱਕ ਸੱਚਾ ਖੱਤਰੀ | 123 |
| 12. | ਸੜੀ ਹੋਈ ਰੋਟੀ | 127 |
| 13. | ਬਾਬੜੀਆ ਦਾ ਪਿਤਾ | 134 |
| 14. | ਸ਼ਾਨੀਆ ਦਾ ਪੁੱਤਰ | 141 |
| 15. | ਦੂਰ ਅਤੀਤ ਵਿੱਚ | 148 |
| 16. | ਜੀ ਬਾ | 158 |
| 17. | ਬਾਬਰ ਦੇਵਾ - 1 | 171 |
| 18. | ਪੀਰ ਆਲੀਆ | 180 |
| 19. | ਬਾਬਰ ਦੇਵਾ - 2 | 187 |
| 20. | ਚਲਦੀ ਫਿਰਦੀ ਯੂਨੀਵਰਸਿਟੀ ਵਿੱਚ ਪੰਜ ਦਿਨ ਪਹਿਲੀ ਲਹਿਰ | 198 |
| 21. | ਸੁਪਤ ਅੰਸ਼ | 210 |
| 22. | ਬਦਸ਼ਕਲ ਤੇ ਸ਼ਰਾਰਤੀ | 220 |
| 23. | ਵੱਡੇ ਅਤੇ ਤੱਕੜੇ | 228 |
| 24. | ਨਾ-ਫੁਰਮਾਨੀ ਦੀਆਂ ਯਾਦਾਂ | 238 |
| 25. | ਗੂੜ੍ਹਾ ਪਿਆਰ | 246 |
| 26. | ਜੀਵਨ ਕਥਾ | 262 |

# ਮੂਲ ਲੇਖਕ ਵੱਲੋਂ

ਸਮਰਪਿਤ ਭਾਵਨਾ ਵਾਲੇ ਗੁਜਰਾਤ ਦੇ ਸਮਾਜ ਸੇਵਕਾਂ ਵਿੱਚ ਰਵੀਸ਼ੰਕਰ ਮਹਾਰਾਜ ਦਾ ਨਾਂ ਸਭ ਤੋਂ ਉੱਤੇ ਆਉਂਦਾ ਹੈ। ਮੈਂ ਲੋਕਾਂ ਦੇ ਜੀਵਨ ਅਤੇ ਉਨ੍ਹਾਂ ਦੇ ਦਿਲ ਦੀਆਂ ਧੜਕਣਾਂ ਦਾ ਇਕ ਨਿਮਾਣਾ ਜਿਹਾ ਨਿਰੀਖਕ ਹਾਂ। ਅਸੀਂ ਸਿਰਫ਼ ਇਕ ਸਾਲ ਪਹਿਲਾਂ ਇਕ ਦੂਜੇ ਨੂੰ ਮਿਲੇ ਸਾਂ। 1944 ਵਿੱਚ, ਸਾਬਰਮਤੀ ਜੇਲ੍ਹ ਵਿੱਚ ਕੈਦ ਦੇ ਦੌਰਾਨ ਮਹਾਰਾਜ ਬੀਮਾਰ ਹੋ ਗਏ ਅਤੇ ਅਹਿਮਦਾਬਾਦ ਦੇ ਸਿਵਲ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਹੋ ਰਿਹਾ ਸੀ। ਮੈਂ ਸੁਭਾਗ ਨਾਲ ਉਦੋਂ ਅਹਿਮਦਾਬਾਦ ਵਿੱਚ ਹੀ ਸਾਂ। ਮੇਰੇ ਦੋਸਤਾਂ ਨੇ ਮੈਨੂੰ ਇਹ ਲਾਲਚ ਦੇ ਕੇ ਕਿ ਉਨ੍ਹਾਂ ਕੋਲੋਂ ਮੈਨੂੰ ਅਣਗਿਣਤ ਅਸਚਰਜਪੂਰਨ ਕਹਾਣੀਆਂ ਮਿਲਣਗੀਆਂ, ਉਨ੍ਹਾਂ ਦੇ ਦਰਸ਼ਨ ਕਰਨ ਲਈ ਮੇਰੇ ਉੱਤੇ ਮੁੜ ਦਬਾਅ ਪਾਇਆ। ਮੈਂ ਉਨ੍ਹਾਂ ਨੂੰ ਮਿਲਣ ਲਈ ਪਹਿਲਾਂ ਹੀ ਬਹੁਤ ਉਤਸੁਕ ਸਾਂ। ਜਿਹੜੇ ਲੋਕ ਜੇਲ੍ਹ ਅਤੇ ਜੇਲ੍ਹ ਤੋਂ ਬਾਹਰ ਕਈ ਮਹੀਨੇ ਉਨ੍ਹਾਂ ਦੇ ਬਹੁਤ ਨੇੜੇ ਰਹੇ ਸਨ, ਉਨ੍ਹਾਂ ਨੇ ਮੈਨੂੰ ਦੱਸਿਆ। ਇਸ ਤਰ੍ਹਾਂ ਜਿੱਥੇ ਮੈਂ ਉਨ੍ਹਾਂ ਨੂੰ ਮਿਲਣ ਲਈ ਇਤਨਾ ਉਤਾਵਲਾ ਸਾਂ, ਦੂਜੇ ਪਾਸੇ ਮੇਰੇ ਮਨ ਵਿੱਚ ਇਕ ਝਿਜਕ ਵੀ ਸੀ। ਮੇਰਾ ਕਾਰਜ ਖੇਤਰ ਕੇਵਲ ਸਾਹਿਤ ਸੀ ਅਤੇ ਮੈਂ ਇਸ ਗੱਲ ਨੂੰ ਵਾਜਬ ਨਹੀਂ ਸਾਂ ਸਮਝਦਾ ਕਿ ਇਕ ਮਹਾਤਮਾ ਸ਼ਖਸੀਅਤ ਦੀਆਂ ਮਹਾਨ ਅਨੁਭਵੀ ਯਾਦਾਂ ਨੂੰ, ਜਿਹੜੀਆਂ ਉਨ੍ਹਾਂ ਪਵਿੱਤਰ ਸਮਝ ਕੇ ਸਾਂਭੀਆਂ ਹੋਈਆਂ ਸਨ, ਇਕ ਲੇਖਕ ਦੇ ਤੌਰ ਤੇ ਜੱਸ ਖੱਟਣ ਲਈ ਉਨ੍ਹਾਂ ਦੀ ਵਰਤੋਂ ਕਰਾਂ। ਹੋ ਸਕਦਾ ਹੈ ਕਈਆਂ ਦਾ ਖਿਆਲ ਹੋਵੇ ਕਿ ਇਹ ਮੇਰੇ ਛੋਟੇਪਣ ਦਾ ਅਹਿਸਾਸ ਸੀ। ਕੁਝ ਵੀ ਹੋਵੇ, ਮੈਂ ਕੁਝ ਇਸ ਤਰ੍ਹਾਂ ਹੀ ਮਹਿਸੂਸ ਕਰਦਾ ਸਾਂ।

ਆਖ਼ਰ ਮੁਲਾਕਾਤ ਹੋਈ। ਮੈਂ ਉਨ੍ਹਾਂ ਨੂੰ ਹਸਪਤਾਲ ਮਿਲਣ ਗਿਆ। ਮੈਨੂੰ ਪਤਾ ਸੀ ਕਿ ਮੇਰੇ ਵੱਲ ਉਨ੍ਹਾਂ ਦੀ ਖ਼ਾਸ ਮਿਹਰਬਾਨੀ ਸੀ। ਇਕ ਵਾਰੀ ਜਦੋਂ ਇਕ ਹਫ਼ਤਾਵਾਰੀ ਅਖ਼ਬਾਰ ਵਿੱਚ ਅਹਿਮਦਾਬਾਦ ਵਿੱਚ ਹੋਏ ਦੰਗਿਆਂ ਦੇ ਸਮੇਂ ਪੁਲਿਸ ਦੀ ਨਿਸ਼ਕਰੀਅਤਾ ਬਾਰੇ ਇਕ ਇਤਰਾਜ਼ਯੋਗ ਕਾਰਟੂਨ ਛਾਪਣ ਦੇ ਦੋਸ਼ ਵਿੱਚ ਮੇਰੇ ਉੱਤੇ ਮੁਕੱਦਮਾ ਚੱਲ ਰਿਹਾ ਸੀ ਤਾਂ ਉਦੋਂ ਮਹਾਰਾਜ ਅਦਾਲਤ ਦੇ ਸਾਹਮਣੇ ਪਟੜੀ ਉੱਤੇ ਇਕ ਸਵੇਰ ਖੜ੍ਹੇ ਸਨ। ਉਦੋਂ ਤੋਂ ਹੀ ਇਕ ਪਤਲੇ ਪਰ ਮਜ਼ਬੂਤ ਜੁੱਸੇ ਅਤੇ ਨੰਗੇ ਪੈਰਾਂ ਵਾਲੇ ਆਦਮੀ ਦੀ ਮੂਰਤ, ਜਿਸਦੀ ਚਮੜੀ ਮੌਸਮਾਂ ਦੀ ਕਰੜਾਈ ਕਾਰਨ ਅਤੇ ਸਦਾ ਫਿਰਦੇ ਰਹਿਣ ਕਰਕੇ ਤਾਂਬੇ-ਰੰਗੀ ਹੋ ਗਈ ਸੀ, ਜਿਸ ਨੇ ਇਕ ਸਾਫ਼-ਸੁਥਰੀ ਚਿੱਟੀ ਧੋਤੀ ਅਤੇ ਜੈਕਟ ਪਾਈ ਹੋਈ ਸੀ ਅਤੇ ਸਿਰ ਤੇ ਪੀਲੀ ਟੋਪੀ ਲਈ ਹੋਈ ਸੀ, ਅਤੇ ਜੋ ਇਕ ਬੁੱਤ-ਘਾੜੇ ਦੁਆਰਾ ਛੈਣੀ ਹਥੌੜੇ ਨਾਲ ਬਣਾਏ ਬੁੱਤ ਵਾਂਗ ਖੜ੍ਹਾ ਸੀ, ਮੇਰੇ ਮਨ ਅੰਦਰ ਧੁਰ ਤੱਕ ਉਤਰ ਗਈ ਸੀ। ਉਹ ਹੁਣੇ ਇਸ਼ਨਾਨ ਕਰਕੇ ਆਏ ਉਸ ਸੋਗਵਾਰ ਮਨੁੱਖ ਵਰਗਾ ਲਗਦਾ ਸੀ, ਜਿਹੜਾ ਫਸਾਦਾਂ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਦਾ ਹੁਣੇ ਹੁਣੇ ਸਸਕਾਰ ਕਰਕੇ ਆਇਆ ਹੋਵੇ। ਆਪਣੇ ਚਿਹਰੇ ਉੱਤੇ ਬੁੱਲ੍ਹਾਂ ਦੀ ਇਕ ਛੋਟੀ ਜਿਹੀ ਮੁਸਕਾਨ ਨਾਲ ਉਸ ਨੇ ਮੇਰੇ ਵੱਲ ਸੜਕ ਦੇ ਪਾਰੋਂ ਇਕ ਮਿੰਟ ਲਈ ਹੀ ਵੇਖਿਆ ਸੀ ਜਿਵੇਂ ਉਸ ਦੀਆਂ ਅੱਖਾਂ ਮੈਨੂੰ ਪਿਆਰ ਤੇ ਦਿਲਾਸੇ ਦਾ ਸੁਨੇਹਾ ਦੇ ਰਹੀਆਂ ਹੋਣ। ਅੱਜ ਵੀ ਮੈਨੂੰ ਉਹ ਇਕ ਦ੍ਰਿੜ੍ਹ ਸਦੀਵੀ ਪ੍ਰੇਰਨਾ ਬਖਸ਼ਦਾ ਹੈ।

ਇਸ ਤਰ੍ਹਾਂ ਉਨ੍ਹਾਂ ਵਲੋਂ ਦਿੱਤੇ ਪਿਆਰ ਦੇ ਆਧਾਰ ਤੇ ਸਾਡੀ ਮਿਲਣੀ ਹੋਈ। ਹਰ ਰੋਜ਼ ਕਈ ਆਦਮੀ ਹਸਪਤਾਲ ਵਿੱਚ ਉਨ੍ਹਾਂ ਨੂੰ ਮਿਲਣ ਲਈ ਆਉਂਦੇ ਸਨ। ਡਿਊਟੀ ਤੇ ਖੜ੍ਹੇ ਸਿਪਾਹੀ, ਜੇਲ੍ਹ ਦੇ ਨਿਯਮਾਂ ਅਨੁਸਾਰ ਮੁਲਾਕਾਤ ਦੇ ਸਮੇਂ ਨੂੰ, ਨਾ ਚਾਹੁੰਦੇ ਹੋਏ ਵੀ, ਨਿਯਮਿਤ ਕਰਦੇ ਸਨ। ਮੈਂ ਵੀ ਇਨ੍ਹਾਂ ਨਿਯਮਾਂ ਤੋਂ ਛੋਟ ਨਹੀਂ ਸੀ ਲੈਣਾ ਚਾਹੁੰਦਾ, ਪਰ ਉਸ ਸਮੇਂ ਡਿਊਟੀ ਤੇ ਖੜ੍ਹੇ ਸਿਪਾਹੀਆਂ ਨੇ ਮਹਿਸੂਸ ਕੀਤਾ ਕਿ ਇਕ ਲਿਖਾਰੀ ਇਨ੍ਹਾਂ ਮਹਾਤਮਾ ਦੀ ਜੀਵਨੀ ਲਿਖਣ ਬਾਰੇ ਸੋਚ ਰਿਹਾ ਹੈ, ਇਸ ਲਈ ਉਨ੍ਹਾਂ ਮੈਨੂੰ ਸਮੇਂ ਦੀ ਥੋੜ੍ਹੀ-ਬਹੁਤੀ ਖੁੱਲ੍ਹ ਦੇ ਦਿੱਤੀ।

ਮਹਾਰਾਜ ਨੇ ਇਕਦਮ ਬੋਲਣਾ ਸ਼ੁਰੂ ਕੀਤਾ। ਉਨ੍ਹਾਂ ਨੂੰ ਵੀ ਇਹ ਝਿਜਕ ਅਤੇ ਸੰਦੇਹ ਸੀ ਕਿ ਉਨ੍ਹਾਂ ਦੀਆਂ ਪੇਂਡੂ ਕਹਾਣੀਆਂ ਵਿੱਚ ਇਕ ਵਿਦਵਾਨ ਨੂੰ ਦਿਲੀ ਰੁਚੀ ਹੋ ਸਕਦੀ ਹੈ ਜਾਂ ਨਹੀਂ। ਮੈਂ ਜਿਨ੍ਹਾਂ ਲੋਕਾਂ ਨੂੰ ਮਿਲਦਾ ਹਾਂ ਉਨ੍ਹਾਂ ਨਾਲੋਂ ਮੇਰੇ ਵਿੱਚ ਇਕ ਵਾਧਾ ਹੁੰਦਾ ਹੈ। ਮੈਂ ਇਕ ਅਤ੍ਰਿਪਤ ਸਰੋਤਾ ਹਾਂ। ਮੈਨੂੰ ਸੁਣਨਾ ਬਹੁਤ ਚੰਗਾ ਲਗਦਾ ਹੈ। ਸ਼ੁਰੂ ਵਿੱਚ ਮੈਂ ਇਕ ਦੋ ਪ੍ਰਸ਼ਨ ਕਰਕੇ ਉਨ੍ਹਾਂ ਨੂੰ ਖੁੱਲ੍ਹ ਜਾਣ ਲਈ ਟੁੰਬਿਆ। ਇਸ ਤੋਂ ਮਗਰੋਂ ਉਨ੍ਹਾਂ ਦਾ ਬਿਰਤਾਂਤ ਆਪ-ਮੁਹਾਰਾ, ਆਪਣੇ ਹੀ ਵੇਗ ਨਾਲ, ਚਲਦਾ ਰਿਹਾ। ਜੇ ਕੋਈ ਹੋਰ ਆਦਮੀ ਮੈਨੂੰ ਇੰਨੀ ਤਫ਼ਸੀਲ ਨਾਲ ਵਾਰਤਾ ਸੁਣਾਉਂਦਾ ਤਾਂ ਭਾਵੇਂ ਮੈਂ ਸੁਣਨ ਤੋਂ ਅੱਕਦਾ ਨਾ ਅਤੇ ਸੁਣਾਉਣ ਵਾਲੇ ਪ੍ਰਤੀ ਨਿਰਾਦਰੀ ਦਾ ਭਾਵ ਵੀ ਮੇਰੇ ਮਨ ਵਿੱਚ ਪੈਦਾ ਨਾ ਹੁੰਦਾ, ਪਰ ਇਹ ਜ਼ਰੂਰ ਹੁੰਦਾ ਕਿ ਮੈਂ ਸੁਣਾਉਣ ਵਾਲੇ ਦੀ ਵਾਰਤਾ ਵਿੱਚੋਂ ਕਿਸੇ ਅਭਿਮਾਨ ਦੀ ਭਾਵਨਾ ਦਾ ਆਭਾਸ ਜਿਹਾ ਜ਼ਰੂਰ ਮਹਿਸੂਸ ਕਰਦਾ। ਮੇਰਾ ਦਿਲ ਕਰਦਾ ਰਿਹਾ ਕਿ ਮਹਾਰਾਜ ਕਦੇ ਵੀ ਆਪਣੀ ਵਾਰਤਾ ਬੰਦ ਨਾ ਕਰਨ। ਮੈਂ ਸੋਚ ਰਿਹਾ ਸਾਂ ਕਿ ਜੇ ਮਹਾਰਾਜ ਸਦਾ ਸਦਾ ਲਈ, ਸਾਹ ਲੈਣ ਵਾਸਤੇ ਰੁਕਦੇ ਹੋਏ ਜਾਂ ਵਿੱਚ ਕੀਤੇ ਨਿੱਕੇ ਮੋਟੇ ਸੁਆਲਾਂ ਦੇ ਅੰਤਰਾਲ ਮਗਰੋਂ ਨਿਰੰਤਰ ਬੋਲਦੇ ਚਲੇ ਜਾਣ ਤਾਂ ਕਿੰਨਾ ਚੰਗਾ ਹੋਵੇ।

ਉਨ੍ਹਾਂ ਨਾਲ ਬੈਠਿਆਂ ਮੈਂ ਹੋਰ ਤਰ੍ਹਾਂ ਕਿਉਂ ਮਹਿਸੂਸ ਕਰ ਰਿਹਾ ਸਾਂ?

ਭਾਵੇਂ ਉਹ ਆਪ ਇਨ੍ਹਾਂ ਘਟਨਾਵਾਂ ਦੇ ਕੇਂਦਰੀ ਪਾਤਰ ਸਨ, ਫਿਰ ਵੀ ਉਹ ਆਪਣੇ ਆਪ ਨੂੰ ਪਰਦੇ ਦੇ ਪਿੱਛੇ ਰੱਖਦੇ ਸਨ ਅਤੇ ਦੂਜਿਆਂ ਦੇ ਜੀਵਨ ਵਿੱਚ ਪ੍ਰਗਟ ਹੋਏ ਜੀਵਨ ਤੱਤਾਂ, ਉਨ੍ਹਾਂ ਦੀਆਂ ਪੀੜਾਂ-ਕਸਕਾਂ ਤੇ ਪ੍ਰਗਟਾਅ ਨਾਲ ਵਾਰਤਾ ਨੂੰ ਸਜੀਵ ਬਣਾਉਂਦੇ ਸਨ। ਉਨ੍ਹਾਂ ਦਾ ਆਸ਼ਾ ਇਹ ਸੀ ਕਿ ਸਮਾਜ ਦੇ ਨੀਵੇਂ ਤੋਂ ਨੀਵੇਂ ਤਬਕੇ ਦੇ ਲੋਕਾਂ ਦੇ ਜੀਵਨ ਦੀ ਵਾਸਤਵਿਕਤਾ ਨੂੰ ਉਸ ਦੇ ਠੀਕ ਸੰਦਰਭ ਵਿੱਚ ਮੈਂ ਵੇਖ ਸਕਾਂ। ਉਨ੍ਹਾਂ ਦੀ ਵਾਰਤਾ ਕਿਸੇ ਪ੍ਰਕਾਰ ਦੇ ਸਨਕੀਪੁਣੇ ਜਾਂ ਪ੍ਰਚਾਰ ਤੋਂ ਬਿਲਕੁਲ ਮੁਕਤ ਹੈ। ਇਸ ਵਿੱਚ ਗੁਣਾਂ ਅਤੇ ਔਗੁਣਾਂ ਦੇ ਆਲੋਚਨਾਤਮਕ ਸੰਤੁਲਨ ਤੇ ਜ਼ੋਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਪੂਰੀ ਇਮਾਨਦਾਰੀ ਤੇ ਪੂਰੇ ਮਨ ਨਾਲ ਮਨੁੱਖੀ ਪਾਤਰਾਂ ਦੇ ਚਰਿੱਤਰਾਂ ਤੇ ਰੂਪਾਂ ਨੂੰ ਚਿਤਰਿਆ ਹੈ। ਇਹ ਵਾਸਤਵਿਕਤਾ ਦਾ ਇਕ ਸੁਹਿਰਦ ਪਰਿਚੈ ਹੈ।

ਮਹਾਰਾਜ ਦਾ ਰਾਜਨੀਤੀ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਨੇ ਗਾਂਧੀ ਜੀ ਦੇ ਕਾਰਨ ਕਾਂਗਰਸ ਵਿੱਚ ਪ੍ਰਵੇਸ਼ ਕੀਤਾ ਸੀ। ਮਹਾਰਾਜ ਨੇ ਸਰਗਰਮ ਲੋਕ-ਜੀਵਨ ਵਿੱਚ ਇਸ ਲਈ ਪ੍ਰਵੇਸ਼ ਕੀਤਾ ਸੀ ਕਿ ਉਹ ਆਪਣੇ ਨਿਮਾਣੇ ਜਿਹੇ ਬਲ ਨਾਲ ਉਸ ਮਹਾਨ ਆਦਮੀ ਦੀ ਸਹਾਇਤਾ ਕਰਨਾ ਆਪਣੀ ਡਿਊਟੀ ਸਮਝਦੇ ਸਨ ਜਿਹੜਾ ਸਾਰੇ ਰਾਸ਼ਟਰ ਦੇ ਉਥਾਨ ਲਈ ਯਤਨਸ਼ੀਲ ਸੀ। ਮਹਾਰਾਜ ਨੂੰ ਚੋਣਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਸਭ ਤੋਂ ਵੱਧ ਇਕ ਚੰਗੇ ਕਹਾਣੀਕਾਰ ਹਨ। ਉਨ੍ਹਾਂ ਦੀ ਬਿਆਨੀਆਂ ਸ਼ਕਤੀ ਕਲਾਤਮਕ ਪ੍ਰਬੀਨਤਾ ਦੀ ਲਖਾਇਕ ਹੈ। ਉਨ੍ਹਾਂ ਦੇ ਸ਼ਬਦ ਇੱਧਰ ਉੱਧਰ ਨਹੀਂ ਭਟਕਦੇ ਉਨ੍ਹਾਂ ਦੇ ਵਾਕ ਠੇਡੇ ਨਹੀਂ ਖਾਂਦੇ। ਉਨ੍ਹਾਂ ਦੀ ਵਾਕ-ਬਣਤਰ ਕਿਸੇ ਵਧੀਆ ਖਰਾਦ ਤੋਂ ਛਿੱਲੇ ਤਰਾਸ਼ੇ ਮਸ਼ੀਨੀ ਪੁਰਜ਼ਿਆਂ ਵਰਗੀ ਹੈ।

ਜਦੋਂ ਮੈਂ ਉਨ੍ਹਾਂ ਦੀ ਵਾਰਤਾਲਾਪ ਦੇ ਨੋਟ ਲੈ ਰਿਹਾ ਸਾਂ ਤਾਂ ਮੈਨੂੰ ਇਉਂ ਲੱਗ ਰਿਹਾ ਸੀ ਜਿਵੇਂ ਉਹ ਇਸ ਨੂੰ ਮਿਲਣ ਵਾਲੀ ਪਬਲੀਸਿਟੀ ਅਤੇ ਉਸ ਤੋਂ ਮਿਲਣ ਵਾਲੀ ਸੰਭਾਵੀ ਅਪਾਰ ਪ੍ਰਸੰਸਾ ਦੇ ਡਰ ਤੋਂ ਆਪਣੇ ਬਿਆਨ ਵਿੱਚ ਕੁਝ ਸੰਕੋਚ ਜਿਹਾ ਕਰ ਰਹੇ ਹਨ। ਕਈ ਵਾਰੀ ਉਨ੍ਹਾਂ ਨੇ ਇਸ ਡਰ ਨੂੰ ਪ੍ਰਗਟ ਵੀ ਕੀਤਾ ਹੈ, ਉਨ੍ਹਾਂ ਨੇ ਇਹ ਵੀ ਬੇਨਤੀ ਕੀਤੀ ਹੈ ਕਿ ਜਦ ਤੱਕ ਉਹ (ਮਹਾਰਾਜ) ਜ਼ਿੰਦਾ ਹਨ, ਉਹ ਉਨ੍ਹਾਂ ਨੂੰ ਛਪਵਾਉਣ ਨਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰਾ ਮਨੋਰਥ ਕਿਸੇ ਵਿਅਕਤੀ ਨੂੰ ਵਡਿਆਉਣਾ ਨਹੀਂ ਸਗੋਂ ਮੈਂ ਤਾਂ ਲੋਕ ਜੀਵਨ ਦਾ ਇਕ ਨਿਰੀਖਕ ਹਾਂ ਅਤੇ ਇਨ੍ਹਾਂ ਦੇ ਗੀਤਾਂ ਦਾ ਤਰਜਮਾ ਹਾਂ, ਕਿ ਮੈਂ ਉਨ੍ਹਾਂ ਵੱਲੋਂ ਬਿਆਨ ਕੀਤੇ ਪਾਤਰਾਂ ਦੇ ਮਨੁੱਖੀ ਪਹਿਲੂਆਂ ਦਾ ਅਧਿਐਨ ਕਰਨ ਵਾਲਾ ਹਾਂ। ਜੇ ਮੈਂ ਕਦੇ ਲਿਖਿਆ ਤਾਂ ਮੇਰਾ ਮਕਸਦ ਇਨ੍ਹਾਂ ਜਨ ਜਾਤੀਆਂ ਨੂੰ ਪੇਸ਼ ਕਰਨਾ ਹੋਵੇਗਾ ਅਤੇ ਮਹਾਰਾਜ ਦੇ ਪਾਤਰ ਨੂੰ ਉਸ ਹੱਦ ਤੱਕ ਹੀ ਵਿੱਚ ਲਿਆਂਦਾ ਜਾਵੇਗਾ ਜਿਸ ਹੱਦ ਤੱਕ ਉਪਰੋਕਤ ਮਕਸਦ ਦੀ ਪੂਰਤੀ ਲਈ ਅਤਿਅੰਤ ਜ਼ਰੂਰੀ ਹੋਵੇਗਾ।

ਉਨ੍ਹਾਂ ਨੇ ਮੇਰੀ ਈਮਾਨਦਾਰੀ ਤੇ ਵਿਸ਼ਵਾਸ ਕਰ ਲਿਆ। ਮੇਰਾ ਖਿਆਲ ਹੈ ਕਿ ਇਹ ਪੁਸਤੱਕ ਮੇਰੀ ਈਮਾਨਦਾਰੀ ਅਤੇ ਉਨ੍ਹਾਂ ਦੇ ਵਿਸ਼ਵਾਸ ਤੇ ਪੂਰੀ ਉਤਰੇਗੀ। ਘਟਨਾਵਾਂ ਦੀ ਪੇਸ਼ਕਾਰੀ ਵਿੱਚ ਜਿੱਥੋਂ ਤੱਕ ਹੋ ਸਕਿਆ ਹੈ ਮੈਂ ਉਨ੍ਹਾਂ ਦੀ ਗੱਲ ਨੂੰ ਹੂ-ਬ-ਹੂ ਪੇਸ਼ ਕਰਨ ਦਾ ਪੂਰਾ ਵਾਹ ਲਾਇਆ ਹੈ। ਵਾਰਤਾਲਾਪ ਤੇ ਟਿੱਪਣੀਆਂ ਦੀ ਭਾਸ਼ਾ ਉਹੀ ਹੈ ਜੋ ਮਹਾਰਾਜ ਨੇ ਆਪ ਬੋਲੀ ਸੀ। ਚਰਿੱਤਰ ਚਿਤਰਨ ਵੀ ਉਨ੍ਹਾਂ ਦਾ ਹੀ ਹੈ। ਮੈਂ ਇਸ ਗੱਲ ਦਾ ਖਿਆਲ ਰੱਖਿਆ ਹੈ ਕਿ ਲੇਖਕ ਦੇ ਤੌਰ ਤੇ ਮੇਰੀ ਆਪਣੀ ਕਲਾ ਉਨ੍ਹਾਂ ਦੀ ਸ਼ੈਲੀ ਤੇ ਹਾਵੀ ਨਾ ਹੋ ਜਾਵੇ।

ਇਸ ਪੁਸਤੱਕ ਨੂੰ ਇਕ ਦਸਤਾਵੇਜ਼ ਸਮਝਿਆ ਜਾਣਾ ਚਾਹੀਦਾ ਹੈ। ਸੱਚਮੁੱਚ ਹੈ ਇਹ ਘਟਨਾਵਾਂ ਲੋਕਾਂ ਦੇ ਮਨਾਂ, ਉਨ੍ਹਾਂ ਦੇ ਦਵੰਦਾਂ ਅਤੇ ਉਨ੍ਹਾਂ ਦੀ ਜ਼ਬਾਨ ਦਾ ਇਹ ਦਸਤਾਵੇਜ਼ ਹੀ ਹੈ। ਮੇਰੇ ਅੰਦਰਲੇ ਲੇਖਕ ਨੇ ਆਪਣੇ ਆਪ ਨੂੰ ਇਕ ਈਮਾਨਦਾਰ ਮਾਧਿਆ ਦੇ ਰੋਲ ਤੱਕ ਹੀ ਸੀਮਿਤ ਰੱਖਿਆ ਹੈ। ਮੈਂ ਬੜੇ ਸਤਿਕਾਰ ਨਾਲ ਇਹ ਪੁਸਤੱਕ ਉਨ ਪਾਠਕਾਂ ਨੂੰ ਭੇਂਟ ਕਰਦਾ ਹਾਂ ਜਿਹੜੇ ਮਨੋਵਿਗਿਆਨ, ਸਮਾਜ-ਵਿਗਿਆਨ, ਕਬੀਲਿਆਂ ਤੇ ਜਨ ਜਾਤੀਆਂ ਦੇ ਇਤਿਹਾਸ ਦਾ ਅਧਿਐਨ ਤੇ ਖੋਜ ਕਰਨ ਵਿੱਚ ਰੁਚੀ ਰੱਖਦੇ ਹਨ। ਗੁਜਰਾਤ ਦੀ ਧਰਤੀ ਦੇ ਜਾਇਆਂ ਦੇ ਧੁਰ ਅੰਦਰ ਆਪਣੇ ਅਸਲੀ ਰੂਪ ਵਿੱਚ ਛੁਪੇ ਮਨੁੱਖੀ ਖਾਸਿਆਂ ਦਾ ਇਹ ਦਸਤਾਵੇਜ਼ੀ ਰਿਕਾਰਡ ਹੈ ਜਿਨ੍ਹਾਂ ਵਿੱਚੋਂ ਬਹੁਤੇ ਚੋਰ, ਡਾਕੂ ਅਤੇ ਕਾਤਲ ਦੇ ਨਾਂ ਨਾਲ ਗਰਦਾਨੇ ਜਾਣ ਪਿਛੋਂ ਜੇਲ੍ਹਾਂ ਵਿੱਚ ਸੜ ਰਹੇ ਹਨ ਅਤੇ ਪ੍ਰਸ਼ਾਸਨ ਵੱਲੋਂ ਇਨ੍ਹਾਂ ਨਾਵਾਂ ਥੱਲੇ ਦਰਜ ਕੀਤੇ ਗਏ ਹਨ। ਉੱਪਰੋਂ ਉੱਪਰੋਂ ਅਸਬੰਧਤ ਦਿਸਦੀਆਂ ਇਹ ਘਟਨਾਵਾਂ ਇਕ ਕਥਾ-ਸੰਗਲੀ ਵਿੱਚ ਜੁੜੀਆਂ ਹੋਈਆਂ ਹਨ, ਅਤੇ ਦਸਦੀਆਂ ਹਨ ਕਿ ਮਨੁੱਖੀ ਆਤਮਾ ਵਿੱਚ ਮਾਨਵੀ ਗੁਣਾਂ ਦੀ ਬਲਦੀ ਜੋਤ ਕਦੋਂ ਅਤੇ ਕਿਵੇਂ ਟਿਮਟਿਮਾਉਣ ਲੱਗ ਪੈਂਦੀ ਹੈ, ਕਿਹੜੀ ਚੀਜ਼ ਉਸ ਦੀ ਜ਼ਮੀਰ ਨੂੰ ਆਤਮ-ਘਾਤ ਦੇ ਖੂਹ ਵਿੱਚ ਆਪਣੇ ਆਪ ਨੂੰ ਸੁੱਟ ਦੇਣ ਤੇ ਮਜਬੂਰ ਕਰਦੀ ਹੈ ਅਤੇ ਜਦੋਂ ਕੋਈ ਜਗਦੀ ਜੋਤ ਇਤਫਾਕ ਜਾਂ ਮੌਕੇ ਨਾਲ ਮਿਲ ਜਾਂਦੀ ਹੈ ਤਾਂ

ਉਹ ਉਸਦੇ ਬੁਝ ਚੁੱਕੇ ਚੰਗਿਆੜਿਆਂ ਵਿੱਚੋਂ ਕਿਵੇਂ ਇਕ ਵਾਰੀ ਫਿਰ ਨਵੀਂ ਜੋਤ ਜਗਾ ਦੇਂਦੀ ਹੈ।

ਮੇਰੇ ਲਈ ਇਹ ਬਹੁਤ ਵੱਡੀ ਖੁਸ਼ੀ ਦਾ ਅਵਸਰ ਹੈ। ਹੁਣ ਤੱਕ ਮੈਂ ਸੌਰਾਸ਼ਟਰ ਦੇ ਲੋਕਾਂ ਦੇ ਅੰਦਰ ਲੁਕੀ ਚਟਾਨ ਵਰਗੀ ਦਲੇਰੀ, ਈਮਾਨਦਾਰੀ, ਮਾਸੂਮੀਅਤ ਅਤੇ ਕੋਮਲਤਾ ਦੀ ਤਲਾਸ਼ ਕਰਨ ਵਿੱਚ ਰੁੱਝਿਆ ਰਿਹਾ ਹਾਂ। ਮੈਂ ਗੁਜਰਾਤ ਦੇ ਦੂਜੇ ਖੇਤਰਾਂ ਵਿੱਚ ਆਪਣੇ ਕੰਮ ਨੂੰ ਵਿਸਤਾਰ ਦੇਣ ਬਾਰੇ ਨਹੀਂ ਸੀ ਸੋਚਿਆ ਮੇਰਾ ਖਿਆਲ ਸੀ ਕਿ ਜਿਸ ਧਰਤੀ ਵਿੱਚ ਤੁਸੀਂ ਪੈਦਾ ਨਾ ਹੋਏ ਹੋਵੇ, ਜਿਸਦੀਆਂ ਪਹਾੜੀਆਂ ਵਿੱਚੋਂ ਨਿਕਲਦੇ ਦਰਿਆਵਾਂ ਦਾ ਤੁਸੀਂ ਪਾਣੀ ਨਾ ਪੀਤਾ ਹੋਵੇ, ਜਿਸਦੇ ਪਿੰਡਾਂ ਉੱਪਰ ਚਲਦੀ ਹਵਾ ਵਿੱਚ ਤੁਸਾਂ ਸਾਹ ਨਾ ਲਿਆ ਹੋਵੇ, ਅਤੇ ਜਿਸਦੀ ਮਿੱਟੀ ਵਿੱਚ ਤੁਸੀਂ ਲੇਟੇ ਨਾ ਹੋਵੇ, ਉਸ ਬਾਰੇ ਤੁਹਾਡੇ ਲਈ ਜਾਣਨਾ ਅਸੰਭਵ ਹੁੰਦਾ ਹੈ। ਇਸ ਵਿਅਕਤੀ ਦਾ ਮੁਜੱਸਮਾ ਹੈ, ਦੀ ਥਾਂ ਮੇਰੇ ਨਾਲ ਗੱਲ ਕਰਨ ਵਾਲਾ ਕੋਈ ਹੋਰ ਸ਼ਖਸ ਹੁੰਦਾ ਤਾਂ ਮੈਂ ਗੁਜਰਾਤ ਦੀਆ ਇਨ੍ਹਾਂ ਜਨ ਜਾਤੀਆਂ ਬਾਰੇ ਏਨੀ ਮਿੱਠੀ ਪਛਾਣ ਪੈਦਾ ਨਾ ਕਰ ਸਕਦਾ ਅਤੇ ਨਾ ਨਤੀਜੇ ਵਜੋਂ ਮੈਂ ਉਨ੍ਹਾਂ ਬਾਰੇ ਕੁਝ ਲਿਖ ਸਕਦਾ।

ਪੁਸਤੱਕ ਦੇ ਕਾਂਡ ਜਿਉਂ ਜਿਉਂ ਰਸਾਲੇ ਵਿੱਚ ਛਪਦੇ ਗਏ ਮਹਾਰਾਜ ਉਨ੍ਹਾਂ ਨੂੰ ਨਾਲ-ਨਾਲ ਹੀ ਪੜ੍ਹਦੇ ਗਏ। ਉਹ ਕੁਝ ਹੈਰਾਨ ਸਨ ਕਿ ਇਸ ਕਿਸਮ ਦੀ ਲਿਖਤ ਨੂੰ ਵੀ ਸਾਹਿਤੱਕ ਦੁਨੀਆਂ ਵਿੱਚ ਕੋਈ ਥਾਂ ਦਿੱਤੀ ਜਾ ਸਕਦੀ ਸੀ। ਉਨ੍ਹਾਂ ਨੇ ਆਪਣੇ ਬੁੱਧੀਜੀਵੀ ਦੋਸਤਾਂ ਪਾਠਕਾਂ ਪਾਸੋਂ ਉਨ੍ਹਾਂ ਦਾ ਪ੍ਰਤੀਕਰਮ ਪੁੱਛਿਆ। ਅਸੀਂ ਉਨ੍ਹਾਂ ਨੂੰ ਇਕ ਨਹੀਂ ਅਨੇਕ ਵਾਰੀ ਇਨ੍ਹਾਂ ਦੀ ਸਾਹਿਤਿਕ ਮਹੱਤਤਾ ਦਾ ਵਿਸ਼ਵਾਸ ਦਿਵਾਇਆ ਸੀ। ਹੋ ਸਕਦਾ ਹੈ ਉਹ ਅਜੇ ਵੀ ਪੂਰੀ ਤਰ੍ਹਾਂ ਇਸ ਦੇ ਕਾਇਲ ਨਾ ਹੋ ਸਕੇ ਹੋਣ। ਪਰ ਜੋ ਕੁਝ ਮੈਂ ਕਹਿਣਾ ਚਾਹੁੰਦਾ ਹਾਂ ਉਸ ਦਾ ਇਸ ਗੱਲ ਨਾਲ ਕੋਈ ਸਬੰਧ ਨਹੀਂ। ਜੇਕਰ ਸੰਸਕ੍ਰਿਤ ਭਾਸ਼ਾ ਦੇ ਇਕ ਵਿਦਵਾਨ, ਸਭਿਆਚਾਰ ਦੀ ਸਾਖਿਆਤ ਮੂਰਤ, ਅਤੇ ਸ਼ਬਦਾਂ ਦੇ ਪ੍ਰਬੀਨ ਜਾਦੂਗਰ, ਮਹਾਰਾਜ ਨੂੰ ਕਿਸੇ ਲਿਖਤ ਦੇ ਸਗੋਂ ਸਮੁੱਚੇ ਸਾਹਿਤ ਦੇ ਸਹੀ ਮੁਲਾਂਕਣ ਕਰ ਸਕਣ ਦੀ ਸਾਡੀ ਸਮਰੱਥਾ ਬਾਰੇ ਕੋਈ ਸੰਦੇਹ ਅਜੇ ਵੀ ਹੈ ਤਾਂ ਕੀ

ਇਸਦਾ ਭਾਵ ਇਹ ਨਹੀਂ ਕਿ ਸਾਨੂੰ ਆਪਣੇ ਸੀਮਿਤ ਦ੍ਰਿਸ਼ਟੀਕੋਣ ਤੋਂ ਮੁਕਤ ਹੋਣ ਦੀ ਲੋੜ ਹੈ? (1945)

ਮੈਂ ਮੰਨਦਾ ਹਾਂ ਕਿ ਸਾਹਿਤ ਦੇ ਮਹਾਨ ਗ੍ਰੰਥਾਂ ਦਾ ਮੇਰਾ ਅਧਿਐਨ ਸੀਮਿਤ ਹੈ। ਮੈਂ ਆਪਣੀ ਖੁਸ਼ਕਿਸਮਤੀ ਸਮਝਦਾ ਹਾਂ ਕਿ ਮੈਂ ਜੀਵਨ ਦੇ ਮਹਾਂਕਾਵਿ ਨੂੰ ਪੜ੍ਹਨ ਦੇ ਯੋਗ ਹੋ ਸਕਿਆ ਹਾਂ। ਅਨੁਭਵ ਨੇ ਮੇਰਾ ਪਾਤਰਾਂ ਨਾਲ ਪਰਿਚੈ ਕਰਾਇਆ ਅਤੇ ਮੈਨੂੰ ਵਿਸ਼ਾ ਤੇ ਵਸਤੂ ਦਿੱਤਾ। ਮਨੁੱਖ ਦੀ ਆਵਾਜ਼ ਸੁਣਕੇ ਮੈਂ ਆਪਣੇ ਕੰਨ ਖੜ੍ਹੇ ਕਰ ਲਿਆ ਕਰਦਾ ਅਤੇ ਇਸਨੂੰ ਸੁਣਨ ਲਈ ਹਮੇਸ਼ਾਂ ਮੇਰਾ ਮਨ ਲਲਚਾਉਂਦਾ ਰਹਿੰਦਾ। ਸੌਰਾਸ਼ਟਰ ਦਾ ਲੋਕ-ਸਾਹਿਤ, ਇਸ ਦੀਆਂ ਖੁਸ਼ੀਆਂ ਗਮੀਆਂ ਦੇ ਗੀਤ ਤੇ ਕਹਾਣੀਆਂ, ਇਸ ਦੀ ਸੂਰਬੀਰਤਾ, ਇਸਦੀਆਂ ਪਤੀ-ਬ੍ਰਤਾ ਇਸਤਰੀਆਂ ਦੀ ਕੋਮਲ ਸੁੰਦਰਤਾ ਅਜੇ ਤੱਕ ਸਿਰਫ ਯਾਦਾਂ ਵਿੱਚ ਸਾਂਭੀ ਪਈ ਸੀ, ਅਤੇ ਮੇਰੇ ਕੰਨਾਂ ਤੱਕ ਕੇਵਲ ਬੋਲਾਂ ਰਾਹੀਂ ਪਹੁੰਚੀ ਸੀ। ਇਸ ਲੋਕ ਸਾਹਿਤ ਨੇ ਮੇਰੇ ਦਿਲ ਦੀਆਂ ਤਾਰਾਂ ਨੂੰ ਛੇੜਿਆ ਅਤੇ ਮੇਰੀ ਕਲਮ ਨੂੰ ਜ਼ਬਾਨ ਦਿੱਤੀ। ਇਸ ਤਰ੍ਹਾਂ ਮਨੁੱਖਤਾ ਨੇ ਹੀ ਮੇਰੀ ਮਾਂ ਬਣ ਕੇ ਮੈਨੂੰ ਪਾਲਿਆ ਹੈ।

ਬਹੁਤ ਵੱਡੀ ਗਿਣਤੀ ਵਿੱਚ ਗੁਜਰਾਤੀ ਪਾਠਕਾਂ ਨੇ ਮੇਰੀਆਂ ਲਿਖਤਾਂ ਪਸੰਦ ਕੀਤੀਆਂ। ਇਸ ਦੇ ਨਾਲ ਹੀ ਮੇਰੇ ਕੰਨਾਂ ਵਿੱਚ ਇਹ ਕਨਸੋਅ ਪਈ : ਕੀ ਇੱਕਲਾ ਸੌਰਾਸ਼ਟਰ ਹੀ ਲੋਕ-ਸਾਹਿਤ ਦਾ ਖਜ਼ਾਨਾ ਹੈ ? ਕੀ ਗੁਜਰਾਤ ਦਾ ਬਾਕੀ ਹਿੱਸਾ ਲੋਕ-ਸਾਹਿਤ ਵਿੱਚ ਬੰਜਰ ਹੈ? ਕੁਝ ਲੋਕਾਂ ਨੇ ਇਸ ਦਾ ਸਿਧਾਂਤੱਕ ਕਾਰਨ ਇਹ ਦੱਸਿਆ ਹੈ ਕਿ ਕੇਵਲ ਸੌਰਾਸ਼ਟਰ ਦੇ ਲੋਕਾਂ ਦਾ ਖਾਸਾ ਆਪੇ ਦਾ ਪ੍ਰਗਟਾਉ ਸੀ ਕਿਉਂਕਿ ਪਿਛਲੀਆਂ ਕੁਝ ਸਦੀਆਂ ਦੇ ਦੌਰਾਨ ਇਹ ਕਦੇ ਵੀ ਸਾਰੇ ਦਾ ਸਾਰਾ ਵੱਡੇ ਰਾਜ ਦੇ ਚੂਲੇ ਥੱਲੇ ਨਹੀਂ ਆਇਆ ਅਤੇ ਗੁਜਰਾਤ ਦੇ ਦੂਜੇ ਇਲਾਕੇ, ਜਿਨ੍ਹਾਂ ਵਿੱਚ ਕਾਫੀ ਚਿਰ ਤੋਂ ਕੇਂਦਰ ਮੁਖੀ ਰਾਜ ਸਥਾਪਿਤ ਹੋ ਚੁੱਕਿਆ ਹੈ ਅਤੇ ਚੱਲ ਰਿਹਾ ਹੈ, ਉਹ ਆਪਣੇ ਪ੍ਰਗਟਾਅ ਦੀ ਸੁਤੰਤਰਤਾ ਗੁਆ ਬੈਠੇ ਹਨ।

ਮੈਂ ਇਸ ਖਿਆਲ ਦਾ ਸਮਰਥਕ ਨਹੀਂ। ਮੇਰਾ ਵਿਸ਼ਵਾਸ ਹੈ ਕਿ ਸਵੈ-ਪ੍ਰਗਟਾਅ ਬੁਨਿਆਦੀ ਮਨੁੱਖੀ ਖ਼ਾਸਾ ਹੈ ਅਤੇ ਇਸ ਦੀ ਹੋਂਦ ਹਰ ਥਾਂ ਬਹੁਲਤਾ ਵਿੱਚ ਹੈ ਅਤੇ ਧਰਤੀ ਦੇ ਕਿਸੇ ਭਾਗ ਦੀ ਭੂਗੋਲਿਕ ਦਸ਼ਾ ਜਾਂ ਕੁਝ ਸਦੀਆਂ ਦਾ ਇਤਿਹਾਸ ਮਨੁੱਖੀ ਸਪਿਰਿਟ ਦੀ ਸੁਤੰਤਰਤਾ ਨੂੰ ਖ਼ਤਮ ਨਹੀਂ ਕਰ ਸਕਦੇ। ਇਸ ਤੋਂ ਬਾਅਦ ਮੇਰੇ ਬਾਰੇ ਇਕ ਹੋਰ ਸਵਾਲ ਕੀਤਾ ਗਿਆ। ਜੇ ਮੇਰਾ ਇਹੀ ਵਿਸ਼ਵਾਸ ਸੀ ਤਾਂ ਮੈਂ ਗੁਜਰਾਤ ਦੇ ਬਾਕੀ ਖੇਤਰਾਂ ਤੱਕ ਆਪਣੀ ਖੋਜ ਦਾ ਵਿਸਤਾਰ ਕਿਉਂ ਨਾ ਕੀਤਾ। ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਮੇਰੇ ਉੱਤੇ ਖੇਤਰ ਦੇ ਤੰਗ ਨਜ਼ਰੀਏ ਦਾ ਦੋਸ਼ ਲਾਇਆ ਗਿਆ ਹੋਵੇ। ਇਹੋ ਜਿਹਾ ਮਤਲਬ ਕੱਢਣਾ ਗਲਤ ਹੈ। ਕਾਠੀਆਵਾੜ ਮੇਰੇ ਬਚਪਨ ਤੇ ਜਵਾਨੀ ਵਿੱਚ ਮੇਰੇ ਖੇਡਣ ਦੀ ਧਰਤੀ ਰਹੀ ਹੈ। ਮੈਨੂੰ ਪੁਰਾਣੇ ਬਜ਼ੁਰਗਾਂ ਨੇ ਬੜੇ ਲਾਡਾਂ ਨਾਲ ਵੱਡਾ ਕੀਤਾ ਹੈ, ਜਿਵੇਂ ਉਹ ਕਿਸੇ ਅਤੀਤ ਦੇ ਖੰਡਰ ਹੋਣ। ਮੈਂ ਇਸ ਧਰਤੀ ਦੀ ਮਿੱਟੀ ਵਿੱਚ ਲੇਟਦਾ ਰਿਹਾ ਹਾਂ। ਇਨ੍ਹਾਂ ਗੱਲਾਂ ਕਰਕੇ ਮੈਂ ਆਪਣੇ ਕਾਰਜ ਨੂੰ ਇੱਥੋਂ ਤੱਕ ਸੀਮਿਤ ਰੱਖਿਆ ਹੈ ਦੂਜੇ ਪਾਸੇ ਮੈਂ ਇਸ ਸਾਰੇ ਸਮੇਂ ਦੇ ਦੌਰਾਨ ਆਪੋ ਆਪਣੇ ਇਲਾਕਿਆਂ ਵਿੱਚ ਲੱਗੇ ਖੋਜੀਆਂ ਨੂੰ ਕਹਿੰਦਾ ਰਿਹਾ ਹਾਂ ਕਿ ਤਟਵਰਤੀ ਖੇਤਰਾਂ ਉੱਤੇ ਛਾ ਜਾਣ ਅਤੇ ਉਨ੍ਹਾਂ ਨੂੰ ਜਗਾਉਣ। ਇਸਦੀਆਂ ਪਥਰੀਲੀਆਂ ਖੱਡਾਂ ਨੂੰ ਗੁਜਰਾਤ ਦੀਆਂ ਪਹਾੜੀਆਂ ਤੇ ਮੈਦਾਨਾਂ ਨੂੰ ਅਤੇ ਇਸ ਦੀਆਂ ਰਾਬੜੀਏ ਪਤਨਵਾਦੀਆਂ ਠਾਕੁਰਦਾ ਤੇ ਖਰਵਾ ਵਰਗੀਆਂ ਜਨ-ਜਾਤੀਆਂ ਦੇ ਇਤਿਹਾਸ ਨੂੰ ਬੜੇ ਪਿਆਰ ਤੇ ਧੀਰਜ ਨਾਲ ਚਿਤਰਨ। ਉਨ੍ਹਾਂ ਨੂੰ ਸਾਹਿਤੱਕ ਬਹੁਲਤਾ ਦੇ ਅਮੁੱਕ ਸੋਮੇ ਦਾ ਲਾਭ ਉਠਾਉਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਦਾ ਰੰਗੀਨ ਇਤਿਹਾਸ ਹੁਣੇ ਤੱਕ ਅਛੋਹਿਆ ਰਿਹਾ ਹੈ।

ਅਹਿਮਦਾਬਾਦ ਵਰਗੇ ਸ਼ਹਿਰਾਂ ਵਿੱਚ ਮੈਂ ਦੇਵ-ਕੱਦ ਰਾਬੜੀਏ ਆਪਣੇ ਰਵਾਇਤੀ ਕੱਪੜਿਆਂ ਵਿੱਚ ਸਜੇ ਵੇਖੇ ਹਨ। ਜਿਨ੍ਹਾਂ ਦੇ ਮੂੰਹ ਤੇ ਲੰਮੀਆਂ ਤਿੱਖੀਆਂ ਮੁੱਛਾਂ ਸਜਦੀਆਂ ਹਨ ਅਤੇ, ਜਿਹੜੇ ਬਾਈਸਾਈਕਲ ਚਲਾਉਂਦੇ ਹੋਏ ਬੜੀ ਹੁਸ਼ਿਆਰੀ ਨਾਲ ਆਪਣੇ ਸਿਰਾਂ ਤੇ ਦਸਤਾਰਾਂ ਸਜਾਕੇ ਦੁੱਧ ਦੇ ਦੋਹਣੇ ਦੋਨਾਂ ਪਾਸੇ ਸਾਹਵੇਂ ਲਟਕਾ ਕੇ ਬੜੇ ਵਿਸ਼ਵਾਸ ਨਾਲ ਚਲਦੇ ਹਨ। ਉਨ੍ਹਾਂ ਦੇ ਚਿਹਰੇ ਮੁਹਰੇ ਆਪਣੇ ਅੰਦਰ ਹਜ਼ਾਰਾਂ

ਜਾਤੀ ਭੇਦਾਂ ਨੂੰ ਸਾਂਭੀ ਫਿਰਦੇ ਹਨ ਅਤੇ ਉਨ੍ਹਾਂ ਦੀ ਮੋਟੀ-ਠੁੱਲੀ ਜ਼ਬਾਨ ਅਜਿਹੀਆਂ ਥਾਵਾਂ ਤੇ ਸਮਿਆਂ ਦੀਆਂ ਗੱਲਾਂ ਦਾ ਭੰਡਾਰ ਹੈ, ਜੋ ਬੇਘਰ ਤੇ ਨਿਰਧਨ ਹਨ, ਜਿਨ੍ਹਾਂ ਦੇ ਸਾਰੇ ਸਰੀਰ ਤੇ ਕਮਲ ਫੁੱਲਾਂ ਦੇ ਛਾਪੇ ਲੱਗੇ ਹੋਏ ਹਨ, ਜਿਨ੍ਹਾਂ ਦੀਆਂ ਸਾੜ੍ਹੀਆਂ ਗਿੱਟਿਆਂ ਤੱਕ ਲੰਮੇ ਘੱਗਰਿਆਂ ਦੇ ਉੱਤੋਂ ਦੀ ਬੜੇ ਸੋਹਣੇ ਢੰਗ ਨਾਲ ਲਪੇਟੀਆਂ ਹੋਈਆਂ ਹਨ ਅਤੇ ਮੇਰਾ ਜੀਅ ਕਰਦਾ ਹੈ ਕਿ ਮੈਂ ਉਨ੍ਹਾਂ ਵਿੱਚੋਂ ਕਿਸੇ ਨੂੰ ਬੁਲਾਵਾਂ ਅਤੇ ਪੁੱਛਾਂ: ਮੈਨੂੰ ਆਪਣਾ ਜੀਵਨ ਦੱਸ; ਆਪਣੀਆਂ ਗੁੱਝੀਆਂ ਕਹਾਣੀਆਂ ਦਸ: ਆਪਣੇ ਰਾਜ ਦੱਸ, ਰੱਬ ਦਾ ਵਾਸਤਾ ਦੱਸ ਕਿ ਮੌਸਮਾਂ ਦੀ ਕਰੜਾਈ ਨੂੰ ਸਹਿੰਦੇ ਹੋਏ, ਬਿਨਾਂ ਕਿਸੇ ਆਸਰੇ ਦੇ ਰਹਿੰਦੇ ਹੋਏ ਮੀਹਾਂ ਵਿੱਚ ਭਿੱਜਦੇ ਹੋਏ ਅਤੇ ਖੁੱਲ੍ਹੇ ਆਸਮਾਨ ਹੇਠਾਂ ਆਪਣੇ ਪਸ਼ੂ ਚਰਾਉਂਦੇ ਹੋਏ ਵੀ ਆਪਣੀ ਸ਼ਖਸੀਅਤ ਦੇ ਇਸ ਪ੍ਰਕਾਸ਼ ਅਤੇ ਹਸਮੁਖ ਸੁਭਾਅ ਨੂੰ ਕਿਵੇਂ ਬਚਾਕੇ ਰੱਖ ਸਕੇ ਹੋ।

ਮਾਹੀ ਦੇ ਤਟ ਤੇ ਮੈਨੂੰ ਕਈ ਠਾਕੁਰਦਾ ਮਿਲੇ ਹਨ। ਰੇਲ ਦੇ ਡੱਬਿਆਂ ਵਿੱਚ ਮੈਂ ਪਤਨਵਾਦੀਆਂ ਦੇ ਨਾਲ ਬੈਠ ਕੇ ਸਫ਼ਰ ਕੀਤਾ ਹੈ ਜਿਨ੍ਹਾਂ ਦੇ ਹੱਥ ਵਿੱਚ ਮੋਟੇ, ਲੋਹੇ ਦੀਆਂ ਸੁੰਮਾਂ ਤੇ ਛੱਲਿਆਂ ਵਾਲੇ ਡੰਡੇ ਫੜੇ ਹੁੰਦੇ ਹਨ ਅਤੇ ਮੇਰਾ ਮਨ ਪੁਕਾਰ ਉੱਠਦਾ ਰਿਹਾ ਹੈ:-

ਕਿਹੜੇ ਦੁਰਾਡੇ ਦੇਸ਼ਾਂ ਤੋਂ,

ਕਿਸਦੇ ਦਿਲ ਦੀ ਪੁਕਾਰ ਸੁਣਕੇ,

ਇਸ ਧਰਤੀ ਉੱਤੇ,

ਤੁਸੀਂ ਟੋਲੇ ਬਣ ਬਣ ਆਏ ਹੋ !

ਦਾਵੜ, ਆਰੀਆ, ਸ਼ੱਕ,

ਹੂਣ ਅਤੇ ਮੁਗਲ ਆਪੋ ਵਿੱਚ ਘੁਲ-ਮਿਲ

ਸਾਰੇ ਵਖਰੇਵਿਆਂ ਨੂੰ ਇਕ ਮਹਾਨਤਾ ਵਿੱਚ ਢਾਲ ਕੇ
ਇਸ ਧਰਤੀ ਦੇ ਕਿਨਾਰਿਆਂ
ਵੱਲ ਉੱਲਰਦੀਆਂ ਅਤੇ ਟਕਰਾਉਂਦੀਆਂ ਮੂੰਹ ਜ਼ੋਰ ਲਹਿਰਾਂ ਵਾਂਗ
ਆਪਣੇ ਆਪ ਨੂੰ ਇਕ ਮਹਾਨ ਸੱਭਿਅਤਾ
ਦਾ ਰੂਪ ਦੇਂਦੀਆਂ ਹਨ
ਜਦੋਂ ਉਨ੍ਹਾਂ ਦੇ ਇੱਕਲੇ ਇੱਕਲੇ ਵਾਦਾਂ ਦੀ ਧੁਨੀ ਮੱਧਮ ਪੈ ਗਈ ਹੈ,
ਉਨ੍ਹਾਂ ਦਾ ਸਾਂਝਾ ਸੰਗੀਤ ਉੱਚਾ ਹੋ ਗਿਆ ਹੈ;
ਜਾਗ, ਮੇਰੀ ਆਤਮਾ, ਜਾਗ,
ਜਾਗ, ਕਿ ਸਭ ਨੂੰ ਨਾਲ ਲੈ ਕੇ ਜਾਗ,
ਜਾਗ, ਮਨੁੱਖਤਾ ਦੇ ਇਸ ਮਹਾਂ-ਸਾਗਰ ਦੇ ਕੰਢਿਆਂ ਉੱਤੇ,
ਜਾਗ, ਇਸ ਮਹਾਨ ਭਾਰਤ ਦੀ ਦਹਿਲੀਜ਼ ਉੱਤੇ

(ਰਾਬਿੰਦਰ ਨਾਥ ਟੈਗੋਰ ਦੀ ਕਵਿਤਾ ‘ਭਾਰਤ ਤੀਰਥ' ਦੇ ਗੁਜਰਾਤੀ ਅਨੁਵਾਦ ਦਾ ਪੰਜਾਬੀ ਰੂਪਾਂਤਰ)

ਇਨ੍ਹਾਂ ਜਨ-ਜਾਤੀਆਂ ਦੇ ਮੂਲ ਵਿੱਚ ਹੂਣ, ਸ਼ੱਕ ਤੇ ਸਿਥੀਅਨ ਹੋਣਗੇ। ਉਹ ਜਿਹੜੇ ਕਦੇ ਵਿਦੇਸ਼ੀ ਹੋਣਗੇ, ਉਨ੍ਹਾਂ ਦੇ ਖ਼ੂਨ ਦੀਆਂ ਲੱਖਾਂ ਧਾਰਾਂ ਇਨ੍ਹਾਂ ਜਨ-ਜਾਤੀਆਂ ਵਿੱਚ ਆ ਕੇ ਰਲੀਆਂ ਹੋਣਗੀਆਂ। ਮਾਨਵ-ਵਿਗਿਆਨ ਦੇ ਵਿਦਿਆਰਥੀਆਂ ਲਈ ਕਿੰਨਾ ਵੱਡਾ ਖ਼ਜ਼ਾਨਾ ਹੈ। ਮਿਥਾਂ ਤੇ ਲੋਕ-ਕਥਾਵਾਂ ਵਿੱਚ ਸਾਡੀ ਰੁਚੀ ਨਹੀਂ। ਇਸ ਅਨੇਕਤਾ ਦਾ ਸੰਗਠਨ ਸਾਡੀ ਉਤਸੁਕਤਾ, ਸਾਡੇ ਵਿਸਮਾਦ ਅਤੇ ਸਾਡੀ ਪ੍ਰਸੰਸਾ ਦਾ ਵਿਸ਼ਾ

ਬਣਨਾ ਚਾਹੀਦਾ ਹੈ। ਸੁਸੰਗਠਨ ਦੀ ਇਹ ਪ੍ਰਕਿਰਿਆ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੋਣੀ ਚਾਹੀਦੀ ਹੈ।

ਰਵੀਸ਼ੰਕਰ ਮਹਾਰਾਜ ਹਜ਼ਾਰਾਂ ਸਾਲਾਂ ਦੇ ਇਸੇ ਤਰ੍ਹਾਂ ਦੇ ਸੁਸੰਗਠਨ ਦੀ ਮਿਸਾਲ ਹਨ। ਉਨ੍ਹਾਂ ਨੇ ਮੁਜਰਮ ਪੇਸ਼ਾ ਕਰਾਰ ਦਿੱਤੀਆਂ ਅਤੇ ਸੱਭਿਅਤਾ ਦਾ ਦਮ ਭਰਨ ਵਾਲੇ ਸਮਾਜ ਵੱਲੋਂ ਤਿਆਗੀਆਂ ਜਨ-ਜਾਤੀਆਂ ਨੂੰ ਪਿਆਰ ਦਿੱਤਾ ਹੈ ਅਤੇ ਅਪਣਾਇਆ ਹੈ। ਇਸ ਕੋਮਲ ਭਾਵਨਾ ਵਿੱਚੋਂ ਨਿਕਲੇ ਮਿੱਠੇ ਸ਼ਬਦਾਂ ਨਾਲ ਉਨ੍ਹਾਂ ਨੇ ਮੇਰੇ ਸਾਹਮਣੇ ਇਸ ਮਨੁੱਖੀ ਨਾਟਕ ਦੀ ਵਾਰਤਾ ਦੁਹਰਾਈ ਹੈ। ਉਨ੍ਹਾਂ ਵੱਲੋਂ ਪੇਸ਼ ਕੀਤੀ ਤਸਵੀਰ ਰੌਚਕ ਤੇ ਸਜੀਵ ਸੀ ਕਿ ਮੇਰੀ ਆਪਣੀ ਕਲਪਨਾ ਇਸ ਮਾਹੀ ਪ੍ਰਦੇਸ਼ ਦੀ ਅਸਲੀ ਤਸਵੀਰ ਨੂੰ ਆਪਣੀਆਂ ਅੱਖਾਂ ਸਾਹਮਣੇ ਚਿਤਰਨ ਵਿੱਚ ਰੁੱਝ ਗਈ। ਇਸੇ ਗੱਲ ਦਾ ਹੀ ਨਤੀਜਾ ਸੀ ਕਿ ਜਦੋਂ ਇਸ ਖੇਤਰ ਵਿੱਚ ਮੈਂ ਮਹਾਰਾਜ ਨਾਲ ਆਇਆ ਅਤੇ ਉਨ੍ਹਾਂ ਨੇ ਮੈਨੂੰ ਇਸ ਧਰਤੀ ਅਤੇ ਹੱਡਮਾਸ ਦੇ ਪੁਤਲਿਆਂ ਦੇ ਰੂਬਰੂ ਖੜ੍ਹਾ ਕੀਤਾ ਤਾਂ ਮੈਨੂੰ ਕੁਝ ਵੀ ਓਪਰਾ ਨਾ ਲੱਗਾ। ਮੈਨੂੰ ਇੰਝ ਲੱਗਿਆ ਜਿਵੇਂ ਮੈਂ ਪੁਰਾਣੀ ਜਾਣ-ਪਛਾਣ ਵਾਲਿਆਂ ਨੂੰ ਮਿਲ ਰਿਹਾ ਹੋਵਾਂ। ਜੋ ਕੁਝ ਮੈਂ ਵੇਖਿਆ ਅਤੇ ਮਹਿਸੂਸ ਕੀਤਾ ਉਸ ਨੂੰ ਹੀ ਸ਼ਬਦਾਂ ਦਾ ਜਾਮਾ ਪਹਿਨਾਇਆ ਇਸ ਦਾ ਸਿਹਰਾ ਮਹਾਰਾਜ ਦੇ ਸਿਰ ਹੈ। ਉਹ ਲਾੜੇ ਵਾਂਗ ਸ਼ਰਮਾਕਲ ਹਨ। ਉਹ ਆਪਣੇ ਬਾਰੇ ਗੱਲ ਕਰਦੇ ਸ਼ਰਮਾਉਂਦੇ ਹਨ, ਪਰ ਜਦੋਂ ਉਹ ਆਪਣੇ ਸਭ ਤੋਂ ਪਿਆਰੇ ਮਨੁੱਖਾਂ ਦੀ ਅੰਦਰਲੀ ਚੰਗਿਆਈ ਬਾਰੇ ਗੱਲ ਕਰਦੇ ਹਨ ਤਾਂ ਉਨ੍ਹਾਂ ਦਾ ਮਾਸੂਮ ਉਤਸ਼ਾਹ ਮਿਉਂਦਾ ਨਹੀਂ। ਜਿਵੇਂ ਮੈਂ ਉਨ੍ਹਾਂ ਨਾਲ ਵਾਇਦਾ ਕੀਤਾ ਸੀ, ਇਹ ਕਿਤਾਬ ਲਿਖਣ ਲੱਗਿਆਂ ਮੈਂ ਇਕ ਵਿਅਕਤੀ ਵਜੋਂ ਉਨ੍ਹਾਂ ਦੀ ਪ੍ਰਸੰਸਾ ਦੇ ਪੁਲ ਉਸਾਰਨ ਦਾ ਯਤਨ ਨਹੀਂ ਕੀਤਾ। ਮੈਂ ਕੇਵਲ ਦਰਿਆ ਮਾਹੀ ਦੇ ਕੰਢੇ ਤੇ ਵਸਦੀਆਂ ਜਨ-ਜਾਤੀਆਂ ਦੇ ਧੁਰ-ਅੰਦਰ ਲੁਕੀਆਂ ਮਨੁੱਖੀ ਖਸਲਤਾਂ ਨੂੰ ਸਾਹਮਣੇ ਲਿਆਉਣ ਦਾ ਹੀ ਯਤਨ ਕੀਤਾ ਹੈ।

ਮਨੁੱਖ ਇਕ ਜਟਿਲ ਜੀਵ ਹੈ। ਜਿਵੇਂ ਡਾਕੀਆ ਵੱਖ ਵੱਖ ਥਾਵਾਂ ਤੇ ਜਾਣ ਵਾਲੀ ਡਾਕ ਨੂੰ ਛਾਂਟਦਾ ਹੈ ਉਸੇ ਤਰ੍ਹਾਂ ਅਸੀਂ ਵੀ ਮਨੁੱਖ ਦੀ ਚੰਗੇ ਤੇ ਮਾੜੇ ਵਿੱਚ ਵੰਡ

ਕਰਦੇ ਹਾਂ। ਅਸੀਂ ਇੱਥੇ ਹੀ ਬਸ ਨਹੀਂ ਕਰਦੇ। ਜਿਨ੍ਹਾਂ ਨੂੰ ਅਸੀਂ ਮਾੜਾ ਸਮਝਦੇ ਹਾਂ ਉਨ੍ਹਾਂ ਉੱਤੇ ਕਾਟੇ ਦਾ ਨਿਸ਼ਾਨ ਲਾ ਦਿੰਦੇ ਹਾਂ। ਉਸੇ ਤਰ੍ਹਾਂ ਜਿਵੇਂ ਪੁਲਿਸ ਵਾਲੇ ਕਹਿੰਦੇ ਹਨ; ਜਾਂ ਅਸੀਂ ਉਨ੍ਹਾਂ ਦਾ ਸੁਧਾਰ ਕਰਨਾ ਸ਼ੁਰੂ ਕਰ ਦੇਂਦੇ ਹਾਂ। ਸਾਡੇ ਲਈ ਸੁਧਾਰ ਦਾ ਮਤਲਬ ਉਨ੍ਹਾਂ ਨੂੰ ਆਪਣੇ ਖਿਆਲਾਂ ਅਨੁਸਾਰ ਢਾਲਣਾ ਹੁੰਦਾ ਹੈ। ਉਨ੍ਹਾਂ ਤੋਂ ਆਪਣੇ ਵਰਗੀ ਬੋਲਚਾਲ ਅਤੇ ਲਿਖਤ ਕਰਵਾਉਣਾ ਹੁੰਦਾ ਹੈ। ਅਸੀਂ ਉਨ੍ਹਾਂ ਦੀ ਜ਼ਬਾਨ ਨੂੰ ਖਰ੍ਹਵੀ ਅਤੇ ਅਨਘੜ ਕਹਿੰਦੇ ਹਾਂ, ਉਨ੍ਹਾਂ ਦੇ ਨੰਗੇਜ ਨੂੰ ਬੜੇ ਸੁੰਦਰ ਢੰਗ ਨਾਲ ਆਪਣੇ ਬਸਤਰਾਂ ਵਿੱਚ ਢਕ ਕੇ ਪੇਸ਼ ਕਰਦੇ ਹਾਂ ਜਿਵੇਂ ਉਹ ਅਜੰਤਾ ਦੀਆਂ ਕੰਧਾਂ ਵਿੱਚ ਲੱਗੇ ਚਿਤਰ ਸਜੀਵ ਹੋ ਕੇ ਉਤਰੇ ਹੋਣ। ਅਸੀਂ ਉਸ ਨੰਗ-ਮੁਨੰਗੇ ਭੀਲ ਨੂੰ ਉਸਦੇ ਮਨ-ਭਾਉਂਦੇ ਸ਼ੁਗਲਾਂ ਤੋਂ ਵੰਚਿਤ ਰਖਣ ਦੀ ਕੋਸ਼ਿਸ਼ ਕਰਦੇ ਹਾਂ ਜੋ ਹੱਥ ਵਿੱਚ ਕਮਾਨ ਅਤੇ ਮੋਢੇ ਉੱਤੇ ਤੀਰਾਂ ਦਾ ਭੱਥਾ ਲਈ ਜੰਗਲਾਂ ਵਿੱਚ ਵਿੱਚਰਦਾ ਹੈ, ਉਸਦੇ ਪਿਆਰ ਕਰਨ ਦੇ ਤਰੀਕਿਆਂ ਤੋਂ, ਸ਼ਿਕਾਰ ਕਰਦਿਆਂ ਖੁਸ਼ੀ ਮਹਿਸੂਸ ਕਰਨ ਤੋਂ ਅਤੇ ਆਪਣੀ ਦੁਰਾਡੀ ਸੱਭਿਅਤਾ ਵਿੱਚ ਮੌਜ ਕਰਨ ਤੋਂ ਉਸ ਨੂੰ ਰੋਕਦੇ ਹਾਂ ਅਤੇ ਫਿਰ ਅਸੀਂ ਉਸ ਨੂੰ ਆਪਣੇ ਸਕੂਲਾਂ ਕਾਲਜਾਂ ਵਿੱਚ ਭਰਤੀ ਕਰਾ ਦਿੰਦੇ ਹਾਂ। ਜਿੱਥੋਂ ਉਹ ਸਵੈ-ਹੋਂਦ ਗਵਾਕੇ ਕਲਰਕ ਬਣ ਕੇ ਨਿਕਲਦਾ ਹੈ।

ਇਹ ਹੁੰਦਾ ਹੈ ਸਾਡਾ ਸੁਧਾਰ ਦਾ ਮਤਲਬ। ਅਸੀਂ ਭੁੱਲ ਜਾਂਦੇ ਹਾਂ ਕਿ ਉਸ ਦੇ ਆਪਣੇ ਚੁਗਿਰਦੇ ਵਿੱਚ ਉਸ ਦੀ ਆਪਣੀ ਵੀ ਕੋਈ ਜੀਵਨ-ਰੌ ਧੜਕਦੀ ਹੈ, ਉਸ ਦੀ ਆਪਣੀ ਵੀ ਕੋਈ ਦ੍ਰਿਸ਼ਟੀ ਹੁੰਦੀ ਹੈ। ਮੈਨੂੰ ਯਾਦ ਹੈ ਮਹਾਰਾਜ ਇਸ ਗੱਲ ਉੱਤੇ ਕਿੰਨਾ ਜ਼ੋਰ ਦੇਂਦੇ ਸਨ। ਉਨ੍ਹਾਂ ਨੇ ਆਪਣੀ ਪੁਸ਼ਟੀ ਵਿੱਚ ਵਡੋਦਰਾ ਦੇ ਇਕ ਪੁਲਿਸ ਅਫਸਰ ਦਾ ਇਹ ਕਥਨ ਸੁਣਾਇਆ ਸੀ ਜਿਹੜਾ ਇਕ ਵਿਦੇਸ਼ੀ ਸੀ - "ਬਹੁਤ ਸਾਵਧਾਨ ਰਹਿਣਾ। ਇਨ੍ਹਾਂ ਜਨ-ਜਾਤੀਆਂ ਨੂੰ ਸੁਧਾਰਦੇ ਉਨ੍ਹਾਂ ਦੀਆਂ ਅੱਖਾਂ ਦੀ ਵਿਸ਼ੇਸ਼ ਚਮਕ ਖਤਮ ਨਾ ਕਰ ਦੇਣਾ"- ਇਹ ਕਥਨ ਮੇਰੇ ਦਿਲ ਵਿੱਚ ਉਤਰ ਗਿਆ ਅਤੇ ਕਦੇ ਵੀ ਇਸ ਦਾ ਪ੍ਰਭਾਵ ਮੱਧਮ ਨਾ ਹੋਇਆ। ਮਹਾਰਾਜ ਉਨ੍ਹਾਂ ਦੇ ਇਸ ਅਦੁੱਤੀ ਸਭਿਆਚਾਰ ਨੂੰ ਬਦਲਣ ਦੀ ਕਦੇ ਵੀ ਇੱਛਾ ਨਹੀਂ ਸਨ ਰੱਖਦੇ। ਇਸੇ ਕਰਕੇ ਉਨ੍ਹਾਂ ਨੇ ਰਵਾਇਤੀ

ਢੰਗ ਨਾਲ ਉਨ੍ਹਾਂ ਨੂੰ ਸੁਧਾਰਨ ਦਾ ਕੋਈ ਯਤਨ ਸ਼ੁਰੂ ਨਹੀਂ ਸੀ ਕੀਤਾ। ਉਹ ਉਨ੍ਹਾਂ ਨੂੰ ਚੰਗੇ ਅਤੇ ਮਾੜੇ ਵਿੱਚ ਵੰਡਦੇ ਨਹੀਂ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਕੋਈ ਵੀ ਮਨੁੱਖ ਪੂਰੀ ਤਰ੍ਹਾਂ ਬੁਰਾ ਜਾਂ ਚੰਗਾ ਨਹੀਂ ਸਗੋਂ ਉਹ ਦੋਹਾਂ ਦਾ ਇਕ ਅਸਚਰਜ ਮਿਸ਼ਰਣ ਹੈ। 'ਮਿੱਟੀ ਦੇ ਦੀਵੇ' ਵਿੱਚ ਮਨੁੱਖ ਨੂੰ ਇਸ ਪਿਛੋਕੜ ਵਿੱਚ ਪੇਸ਼ ਕੀਤਾ ਗਿਆ ਹੈ।

ਕੁਝ ਲੋਕਾਂ ਵੱਲੋਂ ਇਸ ਪੁਸਤੱਕ ਵਿੱਚ ਬਾਬਰ ਦੇਵਾ ਦੇ ਚਰਿੱਤਰ ਨੂੰ ਸ਼ਾਮਲ ਕਰਨ ਤੇ ਇਤਰਾਜ਼ ਕੀਤਾ ਗਿਆ ਹੈ। ਉਨ੍ਹਾਂ ਦਾ ਇਹ ਵਿਚਾਰ ਹੈ ਕਿ ਹੋਰ ਸਾਰੇ ਪਾਤਰਾਂ ਦੀ ਸੂਰਤ ਵਿੱਚ ਤਾਂ ਮਾਨਵੀ ਗੁਣਾਂ ਨੇ ਉਨ੍ਹਾਂ ਦੇ ਅਮਾਨਵੀ ਚਰਿੱਤਰ ਉੱਤੇ ਅੰਤ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ, ਪਰ ਬਾਬਰ ਦੇਵਾ ਦਾ ਜੀਵਨ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਬਰਾਬਰਤਾ ਅਤੇ ਜੁਲਮ ਦੀ ਹੀ ਕਹਾਣੀ ਰਹੀ ਹੈ। ਮੇਰਾ ਖਿਆਲ ਹੈ ਉਨ੍ਹਾਂ ਦੀ ਦਲੀਲ ਸਹੀ ਨਹੀਂ। ਜਿਸ ਮਾਹੌਲ ਵਿੱਚ ਮਹਾਰਾਜ ਨੇ ਕੰਮ ਕੀਤਾ, ਉਸ ਨੂੰ ਯਥਾਰਥਕ ਢੰਗ ਵਿੱਚ ਪੇਸ਼ ਕਰਨ ਲਈ ਬਾਬਰ ਦੇਵਾ ਅਤੇ ਹੋਰ ਸਬੰਧਤ ਪਾਤਰਾਂ ਅਤੇ ਉਨ੍ਹਾਂ ਘਟਨਾਵਾਂ ਦਾ ਵਰਣਨ ਕਰਨਾ ਜ਼ਰੂਰੀ ਹੈ, ਜਿਨ੍ਹਾਂ ਨਾਲ ਮਹਾਰਾਜ ਨੂੰ ਲੜਨਾ ਪਿਆ। ਅਸਲ ਵਿੱਚ ਮੈਂ ਤਾਂ ਇਹ ਸੁਝਾਅ ਦੇਵਾਂਗਾ ਕਿ ਜੇਕਰ ਤੁਸੀਂ ਸਾਰੀਆਂ ਘਟਨਾਵਾਂ ਨੂੰ ਆਪਣੇ ਕੁਦਰਤੀ ਚੁਗਿਰਦੇ ਵਿੱਚ ਵਾਪਰਦੀਆਂ ਵੇਖਣਾ ਚਾਹੁੰਦੇ ਹੋ, ਜੇ ਸਾਰੀਆਂ ਘਟਨਾਵਾਂ ਦਾ ਸੰਤੁਲਿਤ ਮੁਲਾਂਕਣ ਕਰਨਾ ਅਤੇ ਸਾਰੀਆਂ ਘਟਨਾਵਾਂ ਦੀ ਅਸਲੀ ਸੁੰਦਰਤਾ ਦਾ ਅਨੁਭਵ ਕਰਨਾ ਚਾਹੁੰਦੇ ਹੋ ਤਾਂ ਬਾਬਰ ਦੇਵਾ ਵਾਲਾ ਕਾਂਡ ਤੁਹਾਨੂੰ ਸਭ ਤੋਂ ਪਹਿਲਾਂ ਪੜ੍ਹਨਾ ਚਾਹੀਦਾ ਹੈ। ਬਾਬਰ ਦੇਵਾ ਵਾਲਾ ਕਾਂਡ ਅਸਲ ਵਿੱਚ ਪੁਸਤੱਕ ਦਾ ਮੁੱਖ ਪ੍ਰਵੇਸ਼ ਦਵਾਰ ਹੈ। ਇਕ ਹੋਰ ਨੁਕਤਾ ਵੀ ਧਿਆਨ ਵਿੱਚ ਰੱਖਣ ਦੇ ਯੋਗ ਹੈ। ਉਨ੍ਹਾਂ ਪਾਤਰਾਂ ਜਿਹੜੇ ਮਹਾਰਾਜ ਨੂੰ ਮਿਲਣ ਤੋਂ ਬਾਅਦ ਨਵੇਂ ਰਾਹ ਤੇ ਪੈ ਗਏ ਅਤੇ ਉਨ੍ਹਾਂ ਪਾਤਰਾਂ, ਜੋ ਉਨ੍ਹਾਂ ਨੂੰ ਨਾ ਮਿਲ ਸਕੇ ਜਾਂ ਨਵੇਂ ਰਾਹ ਤੇ ਨਾ ਪੈ ਸਕੇ, ਦੀ ਤੁਲਨਾ ਵੀ ਜ਼ਰੂਰੀ ਹੈ। ਬਾਬਰ ਪਛੜੀ ਸ਼੍ਰੇਣੀ ਦਾ ਪਾਤਰ ਹੈ।

ਅਸੀਂ ਪੁਸਤਕਾਂ ਵਿੱਚ ਮਨੁੱਖੀ ਜੀਵਨ ਦੇ ਪ੍ਰਗਟਾਅ ਦੀ ਪ੍ਰਸੰਸਾ ਕਰਦੇ ਹਾਂ ਪਰ ਜਦੋਂ ਵਾਸਤਵਿਕ ਜੀਵਨ ਵਿੱਚ ਉਸੇ ਮਨੁੱਖ ਨਾਲ ਸਾਡਾ ਵਾਹ ਪੈਂਦਾ ਹੈ ਤਾਂ ਉਸ

ਨੂੰ ਅਸੀਂ ਆਪਣੇ ਨਾਲੋਂ ਵੱਖਰੀ ਸ਼ਰੇਣੀ ਵਿੱਚ, ਘਟੀਆ ਅਤੇ ਤਿਆਗੇ ਹੋਏ ਲੋਕਾਂ ਦੀ ਸ਼ਰੇਣੀ ਵਿੱਚ ਰੱਖਦੇ ਹਾਂ। ਰੇਲ-ਗੱਡੀ ਦੀ ਪੂਰੀ ਸੀਟ ਉੱਤੇ ਬਿਸਤਰਾ ਵਿਛਾਈ ਸਾਰੀ ਸੀਟ ਮੱਲੀ ਬੈਠਾ ਇਕ ਪੜ੍ਹਿਆ ਲਿਖਿਆ ਵਿਅਕਤੀ, ਜਿਸ ਦੇ ਕੋਲ ਫਰਸ਼ ਉੱਤੇ ਕੁਝ ਡਰੇ-ਸਹਿਮੇ ਸਿੱਧੇ ਲੋਕ ਬੈਠੇ ਹੁੰਦੇ ਹਨ-ਕੋਈ ਅਸਾਧਾਰਨ ਨਜ਼ਾਰਾ ਨਹੀਂ। ਉਹ ਵਿਅਕਤੀ ਉਨ੍ਹਾਂ ਵਿੱਚੋਂ ਕਿਸੇ ਨੂੰ ਆਪਣੇ ਕੋਲ ਬਿਠਾਉਣ ਲਈ ਕੁਝ ਚਿਰ ਵੀ ਆਪਣਾ ਬਿਸਤਰਾ ਵਲ੍ਹੇਟਣ ਲਈ ਤਿਆਰ ਨਹੀਂ ਹੁੰਦਾ, ਉਹ ਉਨ੍ਹਾਂ ਨਾਲ ਗੱਲ ਕਰਨਾ ਆਪਣੀ ਹੱਤੱਕ ਸਮਝਦਾ ਹੈ, ਪਰ ਸਫ਼ਰ ਦਾ ਅਕੇਵਾਂ ਦੂਰ ਕਰਨ ਲਈ ਉਹ ਉਨ੍ਹਾਂ ਨਾਲ ਗੱਲ-ਬਾਤ ਕਰ ਵੀ ਲੈਂਦਾ ਹੈ। ਉਹ ਉਨ੍ਹਾਂ ਦੀ ਪੇਂਡੂ ਬੋਲੀ ਦਾ ਮਜ਼ਾਕ ਉਡਾਉਂਦਾ ਹੈ, ਹੱਸਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਇਹ ਪੁਸਤੱਕ ਪੜ੍ਹਨ ਨਾਲ ਸਾਨੂੰ ਜੋ ਖੁਸ਼ੀ ਮਿਲੇਗੀ ਉਹ ਸਾਡੇ ਮਨ ਵਿੱਚ ਆਪਣੇ ਜਿਹੇ ਭਰਾਵਾਂ ਪ੍ਰਤੀ ਸੁੱਤੇ ਪਏ ਪਿਆਰ ਨੂੰ ਜਗਾਉਣ ਵਿੱਚ ਕੁਝ ਹੱਦ ਤੱਕ ਸਫਲ ਹੋਵੇਗੀ।

**ਝਵੇਰ ਚੰਦ ਮੇਘਾਨੀ**

# ਇਕ ਡਾਕੂ ਨੂੰ ਨੈਤਿਕ ਨਿਯਮ ਸਿਖਾਉਣਾ

ਚਾਨਣੀਆਂ ਰਾਤਾਂ ਵਿੱਚ ਵਾਤਰਕ ਨਦੀ ਦੇ ਨਾਲ-ਨਾਲ ਜਾਂਦੀ ਸੜਕ ਰਾਤ ਦੇ ਸਫ਼ਰ ਲਈ ਖ਼ਤਰਨਾਕ ਸਮਝੀ ਜਾਂਦੀ। ਕੋਈ ਵੀ ਸਿਆਣਾ ਯਾਤਰੂ, ਖਾਸ ਕਰਕੇ ਕੋਈ ਸਰਦਾ ਪੁੱਜਦਾ ਵਿਅਕਤੀ, ਇਸ ਸੜਕ ਤੇ ਰਾਤ ਨੂੰ ਸਫ਼ਰ ਕਰਨ ਦਾ ਖਤਰਾ ਨਾ ਸਹੇੜਦਾ। 22 ਸਾਲ ਪਹਿਲਾਂ ਹਨੇਰੇ ਪੱਖ ਦੀ ਰਾਤ ਨੂੰ ਇਹ ਸੜਕ ਹੋਰ ਵੀ ਵੀਰਾਨ ਤੇ ਡਰਾਉਣੀ ਹੋ ਗਈ ਸੀ। ਵਾਤਰਕ ਅਤੇ ਮਾਹੀ ਨਦੀਆਂ ਦੇ ਕੰਢਿਆਂ ਉੱਤੇ ਡਾਕੂਆਂ ਦੇ ਤਿੰਨ ਗਰੋਹਾਂ ਦੇ ਘੋਰ ਸਹਿਮ ਦਾ ਹਨੇਰਾ ਛਾਇਆ ਹੋਇਆ ਸੀ। ਇਹ ਡਾਕੂ ਸਨ ਬਾਬਰ ਦੇਵਾ ਨਾਮ ਦਰਿਆਉ ਅਤੇ ਦਇਆ ਭਾਈ 'ਫ਼ੌਜਦਾਰ'। ਉਸ ਰਾਤ ਇਕ ਬ੍ਰਾਹਮਣ ਭਰਕੁੰਡਾ ਪਿੰਡ ਤੋਂ ਸਰਸਵਣੀ ਪਿੰਡ ਨੂੰ ਪੈਦਲ ਜਾ ਰਿਹਾ ਸੀ। ਇਹ ਦੋਵੇਂ ਪਿੰਡ ਗੁਜਰਾਤ ਰਾਜ ਦੇ ਕਪਡਵੰਜ ਜ਼ਿਲ੍ਹੇ ਵਿੱਚ ਪੈਂਦੇ ਸਨ। ਬ੍ਰਾਹਮਣ ਦੀ ਉਮਰ ਕੋਈ 40 ਸਾਲ ਸੀ। ਉਸ ਨੇ ਧੋਤੀ, ਕੁੜਤਾ ਤੇ ਟੋਪੀ ਪਾਈ ਹੋਈ ਸੀ। ਉਸ ਦੇ ਪੈਰ ਰੋਜ਼ਾਨਾ ਸਵੇਰ ਤੋਂ ਸ਼ਾਮ ਤੱਕ ਚੱਲਣ ਦੇ ਆਦੀ ਸਨ। ਇਸ ਕਰਕੇ ਰਾਹ ਵਿੱਚ ਕਿਸਾਨਾਂ ਨਾਲ ਜਿਸ ਕਿਸਮ ਦੇ ਖ਼ੁਸ਼ ਗਵਾਰ ਠੱਠੇ -ਮਖ਼ੌਲ ਹੋਇਆ ਕਰਦੇ ਸਨ, ਉਹ ਉਨ੍ਹਾਂ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਆਪਣੇ ਪ੍ਰਤੀ ਉਨ੍ਹਾਂ ਦੀ ਸਤਿਕਾਰ-ਭਾਵਨਾ ਨੂੰ ਵੀ ਉਹ ਜਾਣਦਾ ਸੀ। ਪਰੰਤੂ ਉਸ ਰਾਤ ਉਨ੍ਹਾਂ ਦਾ ਵਤੀਰਾ ਉਸ ਨੂੰ ਕੁਝ ਅਜੀਬ ਲੱਗਾ। ਮਰਦ ਤੀਵੀਆਂ ਭੱਜੋ ਨੱਸੀ ਤੇ ਕਾਹਲੀ ਦੀ ਅਵਸਥਾ ਵਿੱਚ ਸਨ। ਆਮ ਤੌਰ ਤੇ ਉਸ ਨੂੰ ਜਦੋਂ ਕੋਈ ਬੰਦਾ ਸੜਕ ਤੇ ਮਿਲ ਪੈਂਦਾ ਸੀ ਤਾਂ ਉਹ ਰੁਕ ਜਾਂਦਾ, ਆਪਣੀ ਪੱਗ ਲਾਹ ਕੇ ਜ਼ਮੀਨ ਤੇ ਵਿਛਾਉਂਦਾ ਅਤੇ ਬ੍ਰਾਹਮਣ ਨੂੰ ਉਸ ਉੱਤੇ ਖੜ੍ਹਾ ਹੋਣ ਲਈ ਜ਼ਰੂਰ ਕਹਿੰਦਾ। ਕਈ ਵਾਰੀ ਦਿਨ ਵੇਲੇ ਜਦੋਂ ਸਿਖਰ ਦੁਪਹਿਰੇ ਸਾੜਵੀਂ ਧੁੱਪ ਪੈ ਰਹੀ ਹੁੰਦੀ ਤਾਂ ਕਿਸਾਨ ਉਸ ਥਾਂ ਤੇ, ਜਿੱਥੇ ਕਿ ਬ੍ਰਾਹਮਣ ਖਲੋਂਦਾ, ਉਸ ਦੇ ਚਰਨਾਂ ਦੀ ਧੂੜ ਲੈ ਕੇ ਮੱਥੇ ਤੇ ਲਾਉਂਦਾ, ਇਸ ਰਸਮ ਤੋਂ ਬਾਅਦ ਉਹ ਯਾਤਰੂ ਉਸ ਦੇ ਲਾਣੇ ਦੇ ਦੁੱਖ ਸੁੱਖ ਬਾਰੇ ਉਸ ਨਾਲ ਬੜੀ ਸਹਿਜ ਤੇ ਸੁਹਿਰਦਤਾ ਨਾਲ ਗੱਪ-ਸ਼ੱਪ ਮਾਰਦਾ। ਯਾਤਰੂ ਨੂੰ ਬੜੇ ਪਿਆਰ ਨਾਲ 'ਮਹਾਰਾਜ' ਕਹਿ ਕੇ ਸੱਦਿਆ ਜਾਂਦਾ।

ਉਸ ਰਾਤ ਉਨ੍ਹਾਂ ਦਾ ਵਤੀਰਾ ਇੰਨਾ ਅਜੀਬ ਕਿਉਂ ਸੀ? ਜਦੋਂ ਉਨ੍ਹਾਂ ਨੇ ਉਸ ਨੂੰ ਵਾਪਸ ਪਰਤ ਜਾਣ ਲਈ ਕਿਹਾ ਵੀ ਸੀ ਤਾਂ ਉਨ੍ਹਾਂ ਦੀ ਆਵਾਜ਼ ਮੱਧਮ ਕਿਉਂ ਸੀ ਉਨ੍ਹਾਂ ਦੇ ਬੋਲਾਂ ਵਿੱਚ ਚਿੰਤਾ ਸੀ ਅਤੇ ਉਨ੍ਹਾਂ ਦੇ ਸ਼ਬਦ ਉਨ੍ਹਾਂ ਦੇ ਗਲੇ ਵਿੱਚੋਂ ਅਟਕ ਅਟਕ ਕੇ ਨਿਕਲ ਰਹੇ ਸਨ। ਉਸ ਦੇ ਮਨ ਵਿੱਚ ਕਈ ਸਵਾਲ ਪੈਦਾ ਹੋਏ, ਪਰ ਉਨ੍ਹਾਂ ਦੇ ਜਵਾਬ ਵੀ ਉਸ ਨੇ ਆਪ ਹੀ ਸੋਚ ਲਏ। ਹੋ ਸਕਦਾ ਹੈ ਉਹ ਦਿਨ ਦੇ ਕੰਮ-ਕਾਰ ਤੋਂ ਥੱਕ ਗਏ ਹੋਣ ਆਖਰ ਉਹ ਕਿਸਾਨ ਸਨ ; ਘਰ ਜਾਣ ਦੀ ਉਨ੍ਹਾਂ ਨੂੰ ਕਾਹਲ ਹੋਣੀ ਕੁਦਰਤੀ ਸੀ; ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਦੋਂ ਮਹਾਰਾਜ ਇਕ ਵਾਰ ਸਫ਼ਰ ਤੇ ਨਿਕਲ ਪੈਂਦਾ ਤਾਂ ਵਾਪਸ ਪਰਤਣ ਦਾ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ।

ਆਖਰ ਘਰਾਂ ਨੂੰ ਪਰਤ ਰਹੇ ਕਿਸਾਨਾਂ ਦਾ ਤਾਂਤਾ ਕੁਝ ਘਟ ਗਿਆ। ਪਿੰਡ ਦਾ ਆਲਾ ਦੁਆਲਾ ਸੁੰਨਾ ਹੋ ਗਿਆ। ਇਕ ਪਾਸੇ ਪੱਛਮ ਵੱਲ ਵਹਿ ਰਹੀ ਵਾਤਰਕ ਨਦੀ ਦੀਆਂ ਡੂੰਘੀਆਂ ਖੱਡਾਂ ਅਤੇ ਦੂਜੇ ਪਾਸੇ ਖੇਤਾਂ ਵਿੱਚੋਂ ਲੰਘਦੀ ਸੜਕ ਸੌੜੀ ਤੇ ਨੀਵੀਂ ਹੁੰਦੀ ਇਕ ਸੁਰੰਗ ਜਿਹੀ ਬਣ ਗਈ। ਹਨੇਰਾ ਏਨਾ ਸੰਘਣਾ ਹੋ ਗਿਆ ਕਿ ਉਸ ਨੂੰ ਆਪਣੇ ਹੱਥ ਵੀ ਦਿਸਣੋਂ ਹਟ ਗਏ। ਤਦੋਂ ਅਚਾਨਕ ਉਸ ਨੇ ਆਪਣੀ ਛਾਤੀ ਨੂੰ ਛੋਂਹਦੀ ਕੋਈ ਚੀਜ਼ ਮਹਿਸੂਸ ਕੀਤੀ। ਇਕਦਮ ਉਸ ਨੂੰ ਸੁੱਝਿਆ ਕਿ ਕੋਈ ਮਨੁੱਖੀ ਹੱਥ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ।

"ਕੌਣ ਹੈ ਭਈ!" ਉਸ ਨੇ ਬਿਨਾ ਤ੍ਰਭਕੇ ਕਿਹਾ।

"ਤੁਸੀਂ ਮਿਹਰਬਾਨੀ ਕਰਕੇ ਵਾਪਸ ਚਲੇ ਜਾਓ" ਜਵਾਬ ਵਿੱਚ ਇਕ ਡਰੀ ਹੋਈ ਅਤੇ ਮੱਧਮ ਅਵਾਜ਼ ਨੇ ਕਿਹਾ।

"ਉਏ ਤੂੰ ਪੰਜਾ ਹੈਂ?" ਯਾਤਰੂ ਨੇ ਉਸ ਨੂੰ ਪਛਾਣਨ ਵਿੱਚ ਦੇਰ ਨਾ ਲਾਈ। ਜਿਵੇਂ ਕੋਈ ਆਜੜੀ ਆਪਣੀ ਕਿਸੇ ਭੇਡ ਨੂੰ ਉਸ ਦੀ ਆਵਾਜ਼ ਤੋਂ ਪਛਾਣ ਲੈਂਦਾ ਹੈ।

"ਹਾਂ, ਆਓ ਆਪਾਂ ਪਰਤ ਚੱਲੀਏ!" ਪੰਜੇ ਨੇ ਆਪਣੀ ਆਵਾਜ਼ ਹੋਰ ਵੀ ਹੌਲੀ ਕਰ ਲਈ।

"ਗੱਲ ਕੀ ਹੈ?" ਮਹਾਰਾਜ ਨੇ ਪੁੱਛਿਆ। ਉਸ ਨੂੰ ਆਪਣੀ ਆਵਾਜ਼ ਹੌਲੀ ਕਰਨ ਦਾ ਕੋਈ ਕਾਰਨ ਨਜ਼ਰ ਨਾ ਆਇਆ।

"ਅੱਗੇ ਕੁਝ ਬੁਰੇ ਲੋਕ ਹਨ।"

"ਲੁਟੇਰੇ?"

"ਹਾਂ ਜੀ, ਨਾਮ ਦਰਿਆਉ"

"ਤਾਂ ਇਸ ਵਿੱਚ ਡਰਨ ਵਾਲੀ ਕਿਹੜੀ ਗੱਲ ਹੈ ਪੰਜਿਆ? ਮੈਂ ਉਨ੍ਹਾਂ ਨੂੰ ਹੀ ਮਿਲਣ ਜਾ ਰਿਹਾ ਹਾਂ।"

ਉਹ ਇਹ ਲਫਜ਼ ਆਪ-ਮੁਹਾਰੇ ਕਹਿ ਗਿਆ ਸੀ। ਅੱਜ ਤੱਕ ਮਹਾਰਾਜ ਨਹੀਂ ਦੱਸ ਸਕਦਾ ਕਿ ਉਸ ਦੇ ਮੂੰਹੋਂ ਇਹ ਲਫਜ਼ ਕਿਉਂ ਨਿਕਲੇ ਅਤੇ ਉਸ ਨੇ ਅਜਿਹਾ ਵਤੀਰਾ ਕਿਉਂ ਇਖ਼ਤਿਆਰ ਕੀਤਾ ਸੀ ਜਾਂ ਕੀ ਉਸ ਨੇ ਆਪਣੇ ਸ਼ਬਦਾਂ ਅਤੇ ਵਤੀਰੇ ਦੇ ਸਾਰੇ ਸੰਭਵ ਨਤੀਜਿਆਂ ਬਾਰੇ ਸੋਚ ਲਿਆ ਸੀ। ਸੌ ਵਿਸਵੇ ਉਹ ਤੁਹਾਨੂੰ ਇਹੀ ਕਹੇਗਾ ਕਿ ਉਸ ਵੇਲੇ ਜੋ ਕੁਝ ਉਹ ਕਰ ਰਿਹਾ ਸੀ ਉਹ ਕਿਸੇ ਹੋਰ ਹੁਕਮ ਨਾਲ ਕਰ ਰਿਹਾ ਸੀ। ਇਕ ਹੋਰ ਗੱਲ ਕਿ ਇਹ ਕਈ ਹੋਰ ਕੌਣ ਸੀ, ਇਸ ਬਾਰੇ ਵੀ ਸ਼ਾਇਦ ਉਹ ਤੁਹਾਡੀ ਉਤਸੁਕਤਾ ਨੂੰ ਸਪਸ਼ਟ ਨਾ ਕਰ ਸਕੇ।

"ਪੰਜਿਆ ! ਮੈਂ ਉਨ੍ਹਾਂ ਦੀ ਤਲਾਸ਼ ਕਰ ਰਿਹਾ ਹਾਂ। ਮੈਂ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਹਾਂ।"

"ਨਹੀਂ ਗਰੀਬ-ਨਿਵਾਜ਼ ਨਹੀਂ। ਇਹ ਗੱਲ ਤਾਂ ਸੋਚੋ ਵੀ ਨਾ" ਪੰਜੇ ਨੇ ਇਹ ਵਾਕ ਡਾਕੂਆਂ ਨਾਲ ਮਹਾਰਾਜ ਦੀ ਮਿਲਣੀ ਤੇ ਵਿਚਾਰ ਤੋਂ ਚੌਂਕ ਕੇ ਬੜੇ ਸਹਿਮ ਕੇ ਕਹੇ। "ਹੋ ਸਕਦਾ ਹੈ ਉਹ ਤੁਹਾਨੂੰ ਮਾਰ ਦੇਣ।"

"ਕੋਈ ਵੀ ਮੈਨੂੰ ਮਾਰੇਗਾ ਨਹੀਂ। ਆ! ਤੇ ਮੈਨੂੰ ਉਨ੍ਹਾਂ ਕੋਲ ਲੈ ਚੱਲ !"

"ਨਹੀਂ ਬਾਪੂ, ਨਹੀਂ। ਮੈਂ ਨਹੀਂ ਜਾਵਾਂਗਾ ਅਤੇ ਨਾ ਹੀ ਤੁਸੀਂ ਜਾਉਗੇ। ਜੇ ਉਨ੍ਹਾਂ ਤੁਹਾਡੇ ਤੇ ਹਮਲਾ ਕੀਤਾ ਤਾਂ ਮੈਂ ਤੁਹਾਨੂੰ ਬਚਾ ਨਹੀਂ ਸਕਾਂਗਾ, ਅਤੇ ਸ਼ਰਮ ਨਾਲ ਮੈਨੂੰ ਆਤਮਹੱਤਿਆ ਕਰਨੀ ਪਵੇਗੀ। ਆਪ ਜ਼ਰੂਰ ਮੁੜ ਚਲੋ, ਹੋ ਸਕਦਾ ਹੈ ਕਿ ਉਹ ਤੁਹਾਨੂੰ ਯਰਗਮਾਲ ਬਣਾ ਲੈਣ।"

ਮਹਾਰਾਜ ਦੇ ਮਨ ਵਿੱਚ ਸ਼ਬਦ ਯਰਗਮਾਲ ਬਿਜਲੀ ਵਾਂਗ ਚਮਕ ਗਿਆ। ਉਸ ਨੇ ਇਸ ਬਾਰੇ ਨਹੀਂ ਸੀ ਸੋਚਿਆ। ਉਸ ਨੂੰ ਇਹੀ ਖ਼ਿਆਲ ਸੀ ਕਿ ਉਸ ਪਾਸ ਕੋਈ ਐਸੀ ਚੀਜ਼ ਨਹੀਂ ਸੀ ਜਿਹੜੀ ਡਾਕੂਆਂ ਦੇ ਕੰਮ ਆ ਸਕੇ। ਯਰਗਮਾਲ ਬਣਾਏ ਜਾਣ ਦਾ ਖ਼ਿਆਲ ਉਸ ਨੂੰ ਪੋਹ ਗਿਆ। ਜਦੋਂ ਕਿਸੇ ਵਿਅਕਤੀ ਨੂੰ ਜ਼ਬਰਦਸਤੀ ਫੜ ਕੇ ਵੱਡੀ ਰਕਮ ਬਟੋਰਨ ਲਈ ਬੰਦੀ ਬਣਾਇਆ ਜਾਂਦਾ ਹੈ ਉਸ ਨੂੰ ਯਰਗਮਾਲ ਕਹਿੰਦੇ ਹਨ। ਜੇ ਉਹ ਭਾਰੀ ਰਕਮ ਸਮੇਂ ਸਿਰ ਨਾ ਤਾਰੀ ਜਾਵੇ ਤਾਂ ਯਰਗਮਾਲ ਨੂੰ ਮਾਰ ਦਿੱਤਾ ਜਾਂਦਾ ਹੈ। ਮਹਾਰਾਜ ਮੌਤ ਤੋਂ ਨਹੀਂ ਸੀ ਡਰਦਾ, ਪਰ ਯਕਦਮ ਉਸ ਨੂੰ ਮਹਿਸੂਸ ਹੋਇਆ ਕਿ ਜਿਹੜਾ ਮਹਾਨ ਕੰਮ ਕਰਨ ਲਈ ਉਸ ਨੂੰ ਸੌਂਪਿਆ ਗਿਆ ਹੈ, ਉਹ ਉਸ ਨੂੰ ਇਜਾਜ਼ਤ ਨਹੀਂ ਦਿੰਦਾ ਕਿ ਉਹ ਆਪਣੀ ਜ਼ਿੰਦਗੀ ਨੂੰ ਡਾਕੂਆਂ ਦੇ ਖਿਲਵਾੜ ਲਈ ਛੱਡ ਦੇਵੇ। ਉਸ ਦੀ ਜ਼ਿੰਦਗੀ ਉਸ ਦੀ ਆਪਣੀ ਨਹੀਂ ਸੀ ਰਹੀ, ਕਿਉਂਕਿ ਉਸ ਨੇ ਇਸ ਨੂੰ ਕਿਸੇ ਹੋਰ ਦੇ ਸਮਰਪਿਤ ਕਰ ਦਿੱਤਾ ਸੀ। ਉਸ ਨੇ ਬਰਦੋਲੀ ਦੀ ਲੜਾਈ ਲਈ ਨਾ ਕੇਵਲ ਆਪਣੇ ਜੀਵਨ ਸਗੋਂ ਆਪਣੀ ਮੌਤ ਨੂੰ ਵੀ ਲੇਖੇ ਲਾ ਦਿੱਤਾ ਸੀ। ਇਹ 1922 ਦਾ ਸਾਲ ਸੀ। ਮਹਾਤਮਾ ਗਾਂਧੀ ਨੇ ਬਰਤਾਨਵੀ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ ਸੀ। ਜੇ ਉਨ੍ਹਾਂ ਨੇ ਉਸ ਦਿਨ ਤੋਂ ਦੋ ਮਹੀਨਿਆਂ ਦੇ ਅੰਦਰ ਅੰਦਰ ਆਜ਼ਾਦੀ ਨਾ ਦਿੱਤੀ ਤਾਂ ਉਹ (ਗਾਂਧੀ ਜੀ) ਬਗਾਵਤ ਦਾ ਐਲਾਨ ਕਰ ਦੇਣਗੇ ਅਤੇ ਆਜ਼ਾਦੀ ਦੀ ਦੇਵੀ ਲਈ ਬਲੀ ਤੇ ਚੜ੍ਹਨ ਵਾਲਾ ਪਹਿਲਾ ਪ੍ਰਾਂਤ ਗੁਜਰਾਤ ਸੀ। ਬਰਦੋਲੀ ਉਸ ਸੰਗਰਾਮ ਦਾ ਗੜ੍ਹ ਬਣਨ ਵਾਲਾ ਸੀ, ਜਿਸ ਨੇ ਸਾਰੇ ਦੇਸ਼ ਨੂੰ ਆਪਣੀ ਲਪੇਟ ਵਿੱਚ ਲੈਣਾ ਸੀ। ਗੋਲੀਆਂ ਨੇ ਭੱਠੀ ਵਿੱਚ ਭੁਜਦੀ ਮੱਕੀ ਵਾਂਗ ਚੱਲਣਾ ਸੀ। ਕਿਸੇ ਨੂੰ ਰੱਤੀ ਭਰ ਵੀ ਸ਼ੱਕ ਨਹੀਂ ਸੀ ਕਿ ਕੀ ਕੁਝ ਹੋਣਾ ਹੈ। ਦੋ ਹਜ਼ਾਰ ਵਲੰਟੀਅਰਾਂ ਨੇ ਗੋਲੀਆਂ ਦਾ ਪਹਿਲਾ ਨਿਸ਼ਾਨਾ ਬਣਨ ਲਈ ਆਪਣੇ ਨਾਂ ਲਿਖਾਏ ਸਨ।

ਇਨ੍ਹਾਂ ਦੋ ਹਜ਼ਾਰ ਨਾਵਾਂ ਵਿੱਚੋਂ ਦੋ ਨਾਂ ਗੁਜਰਾਤ ਦੇ ਅਤਿ ਪਿਆਰੇ ਨਾਂ ਸਨ। ਇਨ੍ਹਾਂ ਵਿੱਚੋਂ ਇੱਕ ਸਾਡਾ ਯਾਤਰੂ ਰਵੀ ਸ਼ੰਕਰ ਮਹਾਰਾਜ, ਨੰਗੇ ਪੈਰਾਂ ਵਾਲਾ ਬ੍ਰਾਹਮਣ ਅਤੇ ਦੂਜਾ ਮੋਹਨ ਲਾਲ ਕਾਮੇਸ਼ਵਰ ਪਾਂਡੇ ਸੀ।

ਇਸ ਤਰ੍ਹਾਂ ਉਸ ਦੀ ਜ਼ਿੰਦਗੀ ਤੇ ਮੌਤ ਬਰਦੋਲੀ ਦੇ ਨਾਂ ਲੱਗ ਚੁੱਕੇ ਸਨ। ਇਹੋ ਜਿਹੀ ਸ਼ਾਨਦਾਰ ਪਵਿੱਤਰ ਤੇ ਉਤਸ਼ਾਹ-ਵਰਧਕ ਮੌਤ ਹੋਰ ਕੀ ਹੋ ਸਕਦੀ ਸੀ? ਉਸ ਦੀ ਯਾਦ ਇਕਦਮ ਪਿਛਾਂਹ ਵੱਲ ਪਰਤ ਗਈ। ਅਜੇ ਪੰਜ ਦਿਨ ਪਹਿਲਾਂ ਖਾਨਪੁਰ ਦਾ ਹੀ ਜਲਸਾ ਇਕ ਜਿਸ ਵਿੱਚ ਬਰਦੋਲੀ ਦੇ ਸ਼ਾਂਤਮਈ ਸੰਗਰਾਮ ਦਾ ਬਿਗਲ ਵਜਾਇਆ ਗਿਆ ਸੀ। ਜਲਸਾ ਪਿੰਡ ਰਿਹਾ ਸੀ ਜਦੋਂ ਕਿ ਮੁਖੀ ਪ੍ਰਸ਼ੋਤਮ ਨੇ ਮਹਾਰਾਜ ਕੋਲ ਆਪਣੇ ਘਰ ਰਾਤ ਬਤੀਤ ਕਰਨ ਲਈ ਕਿਹਾ ਸੀ। ਇਹ ਘਰ ਇੱਕ ਸਰਕਾਰੀ ਕਰਮਚਾਰੀ ਦਾ ਘਰ ਸੀ। ਮਹਾਰਾਜ ਨੇ ਸੱਦਾ ਮੰਨ ਲਿਆ ਸੀ। ਉੱਥੇ ਜਾ ਕੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਦੋ ਪੁੱਤਰ ਸਨ ਅਤੇ ਉਸ ਨੇ ਉਨ੍ਹਾਂ ਦੇ ਨਾਂ ਸ਼ੌਕਤ ਅਲੀ ਤੇ ਮੁਹੰਮਦ ਅਲੀ ਲਿਖੇ ਸਨ; ਭਾਵੇਂ ਉਹ ਆਪ ਹਿੰਦੂ ਸੀ। ਰਾਤੀ ਸੌਣ ਤੋਂ ਪਹਿਲੋਂ ਮਹਾਰਾਜ ਨੇ ਪਰਸ਼ੋਤਮ ਨੂੰ ਆਪਣੀ ਨੌਕਰੀ ਤੋਂ ਅਸਤੀਫਾ ਦੇਣ ਲਈ ਅਤੇ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋ ਜਾਣ ਲਈ ਕਿਹਾ। ਪ੍ਰਸ਼ੋਤਮ ਨੇ ਸੰਦੇਹ ਪ੍ਰਗਟ ਕੀਤਾ ਕਿ ਸ਼ਾਇਦ ਅਜਿਹਾ ਕਰਨ ਦੀ ਸ਼ਕਤੀ ਉਸ ਵਿੱਚ ਨਹੀਂ ਹੈ। ਪਰ ਦੂਜੇ ਦਿਨ ਸਵੇਰੇ ਬ੍ਰਾਹਮਣ ਨੂੰ ਭੋਜਨ ਛਕਾਉਣ ਤੋਂ ਮਗਰੋਂ ਪ੍ਰਸ਼ੋਤਮ ਨੇ ਕਿਹਾ, "ਸ੍ਰੀ ਮਾਨ ਜੀ! ਜ਼ਰਾ ਬਹਿ ਜਾਓ। ਸਾਰੀ ਰਾਤ ਆਪਣੀ ਪਤਨੀ ਨਾਲ ਮੈਂ ਵਿਚਾਰ ਕਰਦਾ ਰਿਹਾ ਹਾਂ ਅਤੇ ਇਹ ਤਿਆਗ-ਪੱਤਰ ਲਿਖਿਆ ਹੈ। ਮਿਹਰਬਾਨੀ ਕਰਕੇ ਇਸਨੂੰ ਪੜ੍ਹ ਲਵੋ।”

ਜਿਉਂ ਜਿਉਂ ਮਹਾਰਾਜ ਤਿਆਗ-ਪੱਤਰ, ਜਿਸ ਦੀ ਭਾਸ਼ਾ ਸਰਲ ਹੋਣ ਦੇ ਬਾਵਜੂਦ ਬੜੀ ਜ਼ੋਰਦਾਰ ਅਤੇ ਤਿੱਖੀ ਸੀ, ਪੜ੍ਹਦਾ ਗਿਆ ਉਸ ਦਾ ਮਨ ਭਰਦਾ ਗਿਆ। ਪੱਤਰ ਪੜ੍ਹਨ ਤੋਂ ਬਾਅਦ ਜਦੋਂ ਉਸ ਨੇ ਆਪਣੀਆਂ ਸੇਜਲ ਅੱਖੀਆਂ ਮੁਖੀ ਤੇ ਗੱਡੀਆਂ ਤਾਂ ਮੁਖੀ ਨੇ ਕਿਹਾ, “ਮੈਂ ਇਹ ਪੱਤਰ ਇਸੇ ਵੇਲੇ ਦੇਣ ਨੂੰ ਤਿਆਰ ਹਾਂ, ਪਰ ਇੱਕ ਸ਼ਰਤ ਤੇ ਬਰਦੋਲੀ ਵਿੱਚ ਜਦੋਂ ਗੋਲੀ ਚੱਲੇਗੀ ਤਾਂ ਪਹਿਲੀ ਗੋਲੀ ਮੈਂ ਆਪਣੀ ਛਾਤੀ ਤੇ ਬੋਚਾਂਗਾ,

ਭਾਰਤ ਮਾਤਾ ਕੀ ਜੈ ਬੋਲਾਂਗਾ ਅਤੇ ਦੂਜੇ ਆਦਮੀ ਉਦੋਂ ਅੱਗੇ ਵਧਣਗੇ ਜਦੋਂ ਮੈਂ ਡਿੱਗ ਚੁੱਕਿਆ ਹੋਵਾਂਗਾ। ਕੀ ਤੁਹਾਨੂੰ ਮੇਰੀ ਇਹ ਸ਼ਰਤ ਮਨਜ਼ੂਰ ਹੈ?"

ਇੱਥੇ ਪਹੁੰਚ ਕੇ ਉਸ ਦੀ ਯਾਦ ਪਰਤੀ। ਮਹਾਰਾਜ ਦਾ ਜ਼ਮੀਰ ਉਸ ਨੂੰ ਕਹਿ ਰਿਹਾ ਸੀ ਕਿ ਜਿਸ ਜ਼ਿੰਦਗੀ ਨੂੰ ਕੌਮ ਭਲਾਈ ਲਈ ਮੌਤ ਦੇ ਲੇਖੇ ਲਾਉਣ ਦਾ ਪ੍ਰਣ ਲੈ ਚੁੱਕਾ ਹੈਂ ਉਸ ਨੂੰ ਕਾਤਲਾਂ ਦੇ ਹੱਥੋਂ ਗੁਆਉਣਾ ਠੀਕ ਨਹੀਂ। ਜ਼ਮੀਰ ਦੀ ਆਵਾਜ਼ ਨੇ ਉਸ ਨੂੰ ਪਰਤ ਜਾਣ ਲਈ ਕਿਹਾ। ਪਰ ਇਸ ਤੋਂ ਪਹਿਲਾਂ ਕਿ ਉਹ ਇਸ ਪਾਸੇ ਤੁਰਦਾ ਉਸ ਦੇ ਮਨ-ਪਟਲ ਉੱਤੇ ਇਕ ਹੋਰ ਸੀਨ ਸਾਹਮਣੇ ਆ ਗਿਆ।

ਇਹ ਘਟਨਾ ਵਾਸਨਾ ਨਾਂ ਦੇ ਸ਼ਹਿਰ ਦੇ ਐਨ ਵਿੱਚਕਾਰ ਤਿੰਨ ਦਿਨ ਪਹਿਲਾਂ ਵਾਪਰੀ ਸੀ। ਡਾਕੂਆਂ ਵੱਲੋਂ ਮਚਾਈ ਜਾ ਰਹੀ ਤਬਾਹੀ ਦੇ ਵਿਰੁੱਧ ਵਿਚਾਰ ਕਰਨ ਲਈ ਸੈਂਕੜੇ ਲੋਕ ਇਕੱਠੇ ਹੋਏ ਸਨ। ਮਹਾਰਾਜ ਨੇ ਵੀ ਮੀਟਿੰਗ ਵਿੱਚ ਲੋਕਾਂ ਨੂੰ ਸੰਬੋਧਨ ਕੀਤਾ। ਸੀ। ਉਸ ਨੇ ਕਿਹਾ ਸੀ ਕਿ ਆਪਣੀ ਜਾਨ ਦੀ ਵੀ ਪਰਵਾਹ ਨਾ ਕਰਦੇ ਹੋਏ ਡਟ ਕੇ ਡਾਕੂਆਂ ਦਾ ਮੁਕਾਬਲਾ ਕਰੋ। ਇਕ ਪੱਤੀਦਾਰ ਨੇ ਸਾਰਿਆਂ ਦੇ ਸਾਹਮਣੇ ਮੀਟਿੰਗ ਵਿੱਚ ਇਕਬਾਲ ਕੀਤਾ ਕਿ ਭਾਵੇਂ ਉਸ ਕੋਲ ਇਕ ਦੁਨਾਲੀ ਬੰਦੂਕ ਵੀ ਸੀ, ਉਹ ਡਾਕੂਆਂ ਦੇ ਹੱਲੇ ਵੇਲੇ ਵਿਅੰਗ ਦੇ ਕਾਰਨ ਬਿਸਤਰੇ ਤੇ ਪਈ ਆਪਣੀ ਪਤਨੀ ਅਤੇ ਅੰਨ੍ਹੀ ਮਾਤਾ ਨੂੰ ਛੱਡ ਕੇ ਦੌੜ ਗਿਆ ਸੀ ਅਤੇ ਡਾਕੂਆਂ ਨੇ ਦੋਹਾਂ ਔਰਤਾਂ ਦੀ ਮਾਰਕੁਟਾਈ ਕੀਤੀ ਸੀ। ਮਹਾਰਾਜ ਨੇ ਉਸ ਵਰਗੇ ਬੁਜ਼ਦਿਲਾਂ ਦੀ ਲਾਹ-ਪਾਹ ਉਸੇ ਮੀਟਿੰਗ ਵਿੱਚ ਕੀਤੀ ਸੀ।

ਹੁਣ ਮਹਾਰਾਜ ਸੋਚ ਰਿਹਾ ਸੀ, ਕਿ ਜੇ ਉਹ ਮੁੜ ਗਿਆ ਤਾਂ ਲੋਕ ਕੀ ਸੋਚਣਗੇ? ਹੌਸਲਾ ਵਧਾਉਣ ਬਾਰੇ ਉਸ ਦੇ ਭਾਸ਼ਣ ਕੌਣ ਸੁਣੇਗਾ? ਉਹ ਪੱਤੀਦਾਰ ਕੀ ਕਹੇਗਾ? ਬਰਦੋਲੀ ਦੇ ਅੰਦੋਲਨ ਵਿੱਚ ਹਿੱਸਾ ਲੈਣ ਬਾਰੇ ਉਸ ਦੀਆਂ ਤੱਕਰੀਰਾਂ ਤੇ ਕੌਣ ਕੰਨ ਧਰੇਗਾ? ਉਸ ਨੇ ਮਨ ਵਿੱਚ ਨਿਸ਼ਚਾ ਕਰ ਲਿਆ। ਉਸ ਦੀ ਚੁੱਪ ਨੇ ਪੰਜੇ ਨੂੰ ਯਕੀਨ ਕਰਾ ਦਿੱਤਾ ਕਿ ਉਹ ਡਾਕੂਆਂ ਨੂੰ ਮਿਲਣ ਦੀ ਧਾਰ ਚੁੱਕਾ ਹੈ। ਪੰਜੇ ਨੇ ਡੂੰਘਾ ਸਾਹ ਲਿਆ।

"ਤੁਸੀਂ ਫਿਰ ਜ਼ਰੂਰ ਜਾਣਾ ਹੈ ? ਪੰਜਾ ਕੇਵਲ ਇਹੀ ਸ਼ਬਦ ਕਹਿ ਸਕਿਆ।"

“ਹਾਂ, ਪੰਜਿਆ, ਬਸ ਮੈਨੂੰ ਇਹ ਦੱਸ ਦੇ ਕਿ ਉਹ ਕਿੱਥੇ ਹਨ।”

“ਉਨ੍ਹਾਂ ਦਾ ਡੇਰਾ ਓਸ ਫ਼ਾਰਮ ਤੇ ਹੈ, ਪੰਜੇ ਨੇ ਪੂਰਬ ਵੱਲ ਇਕ ਉੱਚੀ ਢੱਕੀ ਤੇ ਫ਼ਾਰਮ ਵੱਲ ਇਸ਼ਾਰਾ ਕਰਦਿਆਂ ਕਿਹਾ।” ਪਰ ਕਿਰਪਾ ਕਰਕੇ ਉਨ੍ਹਾਂ ਨੂੰ ਇਹ ਨਾ ਦੱਸਣਾ ਕਿ ਇਹ ਰਾਹ ਤੁਹਾਨੂੰ ਮੈਂ ਵਿਖਾਇਆ ਹੈ। ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਤਾਂ ਉਹ ਮੇਰੀ ਬੋਟੀ-ਬੋਟੀ ਕਰ ਦੇਣਗੇ ਅਤੇ ਜੇਕਰ ਪੁਲਿਸ ਨੂੰ ਇਹ ਪਤਾ ਲੱਗ ਗਿਆ ਕਿ ਉਨ੍ਹਾਂ ਦੇ ਛੁਪਣ ਦੀ ਜਗ੍ਹਾ ਮੈਂ ਜਾਣਦਾ ਹਾਂ ਤਾਂ ਉਹ ਵੀ ਮੇਰੀ ਚਮੜੀ ਉਧੇੜ ਦੇਵੇਗੀ ।” ਉਸ ਨੇ ਬੜੀ ਲਾਚਾਰੀ ਵਿੱਚ ਇਹ ਸ਼ਬਦ ਕਹੇ।

"ਠੀਕ ਹੈ ਪੰਜਿਆ! ਤੂੰ ਹੁਣ ਘਰ ਜਾ।”

ਛੇਤੀ ਹੀ ਪੰਜਾ ਹਨੇਰੇ ਵਿੱਚ ਗਾਇਬ ਹੋ ਗਿਆ।

ਮਹਾਰਾਜ ਤੰਗ ਪਗਡੰਡੀ ਤੇ ਅੱਗੇ ਵਧਿਆ। ਥੋੜ੍ਹੀ ਦੂਰ ਜਾ ਕੇ ਪਗਡੰਡੀ ਇਕ ਝਾੜੀ ਤੱਕ ਪਹੁੰਚ ਕੇ ਖਤਮ ਹੋ ਗਈ ਅਤੇ ਉਸ ਝਾੜੀ ਵਿੱਚੋਂ ਉਸ ਨੂੰ ਇਕ ਮੋਘਾ ਵਿਖਾਈ ਦਿੱਤਾ। ਜਦੋਂ ਉਹ ਮੋਘੇ ਕੋਲ ਪਹੁੰਚਿਆ ਤਾਂ ਝਾੜੀ ਦੇ ਪਿਛਲੇ ਪਾਸਿਉਂ ਇਕ ਲੰਮਾ-ਉੱਚਾ ਆਦਮੀ ਖੜ੍ਹਾ ਹੋ ਗਿਆ। ਉਸ ਕੋਲ ਬੰਦੂਕ ਸੀ। ਮਹਾਰਾਜ ਉਚਾਣ ਵੱਲ ਜਾਂਦੀ ਉਸ ਪਗਡੰਡੀ ਉੱਤੇ ਅੱਗੇ ਵਧਿਆ ਤਾਂ ਆਸਮਾਨ ਵਿੱਚ ਇਕ ਬਦਲੀ ਤਰਦੀ ਹੋਈ ਆਈ ਅਤੇ ਕੁਝ ਤਾਰਿਆਂ ਦੀ ਨਿੰਮ੍ਹੀ ਲੋਅ ਵਿੱਚ ਉਹ ਖ਼ਾਮੋਸ਼ ਤੇ ਅਹਿੱਲ ਖੜੋਤਾ ਆਦਮੀ ਸਾਫ਼ ਨਜ਼ਰੀ ਪਿਆ। ਉਸ ਦੀ ਖਾਮੋਸ਼ੀ ਉਸ ਨੂੰ ਹੋਰ ਵੀ ਡਰਾਉਣਾ ਬਣਾ ਰਹੀ ਸੀ । ਬੰਦੂਕਧਾਰੀ ਨੂੰ ਵੇਖ ਕੇ ਮਹਾਰਾਜ ਠਹਾਕਾ ਮਾਰ ਕੇ ਹੱਸਿਆ। ਅੱਜ ਤੱਕ ਉਹ ਨਹੀਂ ਜਾਣ ਸਕਿਆ ਕਿ ਇਤਨੇ ਡਰਾਉਣੇ ਮਾਹੌਲ ਵਿੱਚ ਉਹ ਇਤਨਾ ਖੁੱਲ੍ਹ ਕੇ ਕਿਵੇਂ ਹੱਸ ਸਕਿਆ ਸੀ? ਉਹ ਅਵੱਸ਼ ਹੱਸਿਆ ਸੀ ਅਤੇ ਉਸ ਨੇ ਉਸ ਆਦਮੀ ਨੂੰ ਪੁੱਛਿਆ ਸੀ “ਤੂੰ ਇਕੱਲਾ ਕਿਉਂ ਹੈ ਤੇਰੇ ਬਾਕੀ ਸਾਥੀ ਕਿਥੇ ਹਨ?”

ਠਹਾਕੇ ਤੋਂ ਬਾਅਦ ਇਸ ਅਜੀਬ ਸਵਾਲ ਨੇ ਬੰਦੂਕਧਾਰੀ ਨੂੰ ਦਹਿਲਾ ਦਿੱਤਾ। ਉਸ ਨੂੰ ਕੋਈ ਜਵਾਬ ਨਾ ਅਹੁੜਿਆ। ਉਸ ਦੀ ਸਿਥਲਤਾ ਦੇ ਇਨ੍ਹਾਂ ਪਲਾਂ ਵਿੱਚ

ਮਹਾਰਾਜ ਨੇ ਜੰਗਲੇ ਦਾ ਸੰਗਲ ਖੋਲ੍ਹ ਦਿੱਤਾ ਅਤੇ ਫਾਰਮ ਦੇ ਅੰਦਰ ਦਾਖ਼ਲ ਹੋ ਗਿਆ। ਉਹ ਅੱਗੇ ਤੁਰਦਾ ਗਿਆ ਅਤੇ ਬੰਦੂਕਧਾਰੀ ਚੁੱਪ-ਚਾਪ ਉਸ ਦੇ ਮਗਰ ਮਗਰ ਚੱਲ ਪਿਆ। ਕੁਝ ਅੱਗੇ ਜਾ ਕੇ ਦੋ ਹੋਰ ਬੰਦੂਕਧਾਰੀ ਉਸ ਦੇ ਸਾਮ੍ਹਣੇ ਆਕੇ ਖੜ੍ਹੇ ਗਏ।

"ਤੁਸੀਂ ਕੇਵਲ ਦੋ ਹੀ ਹੋ? ਬਾਕੀ ਦੇ ਕਿੱਥੇ ਹਨ?" ਮਹਾਰਾਜ ਨੇ ਪੁੱਛਿਆ। ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ। ਮਹਾਰਾਜ ਨੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਦੋਵੇਂ ਬੰਦੂਕਧਾਰੀ ਉਸ ਦੇ ਪਿੱਛੇ ਅਗਲ ਬਗਲ ਹੋ ਗਏ ਜਿਵੇਂ ਉਹ ਉਸ ਨੂੰ ਬਚਾ ਕੇ ਲਿਜਾ ਰਹੇ ਹੋਣ। ਪਹਿਲਾਂ ਬੰਦੂਕਧਾਰੀ ਉਸ ਦੇ ਪਿੱਛੇ ਪਿੱਛੇ ਹੀ ਚਲਦਾ ਰਿਹਾ।

"ਰੁਕ ਜਾਓ! ਨਹੀਂ ਤਾਂ ਗੋਲੀ ਮਾਰ ਦਿਆਂਗਾ" ਅੱਗੋਂ ਇਕ ਆਵਾਜ਼ ਆਈ। ਮਹਾਰਾਜ ਰੁਕ ਗਿਆ ਅਤੇ ਉਸ ਨੇ ਘੋੜੇ ਤੇ ਸਵਾਰ ਇਕ ਆਦਮੀ ਦਾ ਆਕਾਰ ਵੇਖਿਆ। ਬਾਕੀ ਦੇ ਤਿੰਨ ਵੀ ਰੁਕ ਗਏ ਸਨ।

ਘੋੜ-ਸਵਾਰ ਨੇ ਬੜੀ ਠੁੱਲ੍ਹੀ ਆਵਾਜ਼ ਵਿੱਚ ਪੁੱਛਿਆ, "ਤੂੰ ਕੌਣ ਹੈਂ?"

ਯਾਤਰੂ ਨੇ ਬੇਖੌਫ਼ ਕਿਹਾ "ਮੈਂ ਇਕ ਡਾਕੂ ਹਾਂ।"

"ਤੂੰ ਇੱਥੇ ਕਿਉਂ ਆਇਆ ਹੈਂ?"

“ਮੈਂ ਤੁਹਾਡੇ ਸਾਰਿਆਂ ਨਾਲ-ਇੱਥੇ ਗੱਲ ਕਰਨ ਆਇਆ ਹਾਂ। ਬਾਕੀ ਦੇ ਕਿੱਥੇ ਹਨ?"

ਘੋੜ-ਸਵਾਰ ਨੇ ਕੋਈ ਉੱਤਰ ਨਾ ਦਿੱਤਾ, ਪਰ ਹਨੇਰੇ ਵਿੱਚੋਂ 10-12 ਬੰਦੇ ਪ੍ਰਗਟ ਹੋ ਗਏ ਅਤੇ ਆਲੇ-ਦੁਆਲੇ ਖੜ੍ਹੇ ਗਏ। ਮਿੰਟ ਭਰ ਚੁੱਪ ਰਹਿਣ ਪਿੱਛੋਂ ਮਹਾਰਾਜ ਨੇ ਹੀ ਚੁੱਪ ਨੂੰ ਤੋੜਿਆ।

“ਤੁਸੀਂ ਇੰਨੀ ਦੂਰ ਕਿਉਂ ਖੜੇ ਹੋ ?” ਉਸ ਨੇ ਕਿਹਾ “ਨੇੜੇ ਹੋ ਕੇ ਬਹਿ ਜਾਓ।”

ਜਿਵੇਂ ਉਹ ਉਸ ਦਾ ਹੁਕਮ ਮੰਨ ਰਹੇ ਹੋਣ ਉਹ ਸਾਰੇ ਜ਼ਮੀਨ ਉੱਤੇ ਉਸ ਦੇ ਸਾਹਮਣੇ । ਬੈਠ ਗਏ। ਬੰਦੂਕਧਾਰੀ ਅਤੇ ਘੋੜ-ਸਵਾਰ ਆਪੋ ਆਪਣੀ ਥਾਂ ਖੜ੍ਹੇ ਰਹੇ।

ਘੋੜ-ਸਵਾਰ ਨੇ ਮੁੜ ਪੁੱਛਿਆ, "ਤੂੰ ਕੌਣ ਹੈਂ?”

"ਮੈਂ ਤੁਹਾਨੂੰ ਪਹਿਲਾਂ ਹੀ ਦਸ ਚੁੱਕਾ ਹਾਂ ਕਿ ਮੈਂ ਇਕ ਡਾਕੂ ਹਾਂ।”

“ਤੂੰ ਕਿਹੜੇ ਗਰੋਹ ਨਾਲ ਸਬੰਧ ਰੱਖਦਾ ਹੈਂ?"

“ਮਹਾਤਮਾ ਗਾਂਧੀ ਦੇ ਗਰੋਹ ਨਾਲ"

ਉਨ੍ਹਾਂ ਨੇ ਉਸ ਤੋਂ ਸੁਆਲ ਪੁੱਛਣੇ ਬੰਦ ਕਰ ਦਿੱਤੇ। ਇਸ ਨਵੇਂ ਗਰੋਹ ਦਾ ਨਾਂ ਚੁਣ ਕੇ ਸਾਰੇ ਡਾਕੂ ਸੁੰਨ ਹੋ ਗਏ।

ਯਾਤਰੂ ਨੇ ਆਪਣੀ ਪੇਸ਼-ਕਦਮੀ ਤੋਂ ਸਾਹਸ ਲੈਂਦੇ ਹੋਏ ਆਪਣੀ ਗੱਲ ਜਾਰੀ ਰੱਖੀ, "ਮੈਂ ਮਹਾਤਮਾ ਦੇ ਗਰੋਹ ਦਾ ਆਦਮੀ ਹਾਂ। ਮੈਂ ਤੁਹਾਨੂੰ ਇਕ ਡਾਕੂ ਦਾ ਇਖ਼ਲਾਕ ਸਿਖਾਉਣ ਲਈ ਆਇਆ ਹਾਂ। ਮੈਂ ਇੰਨਾ ਪੈਂਡਾ ਚਲ ਕੇ ਇੱਥੇ ਤੁਹਾਨੂੰ ਇਹ ਦੱਸਣ ਆਇਆ ਹਾਂ ਕਿ ਮਹਾਤਮਾ ਗਾਂਧੀ ਬਰਤਾਨਵੀ ਰਾਜ ਦਾ ਬਾਗੀ ਬਣ ਗਿਆ ਹੈ। ਸਾਡੀਆਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਸਾਡੇ ਉੱਤੇ ਬਦੇਸ਼ੀ ਹਕੂਮਤ ਹੈ। ਤੁਹਾਡੇ ਛੋਟੇ ਛੋਟੇ ਗਰੋਹ ਕਿਸੇ ਕੰਮ ਦੇ ਨਹੀਂ। ਹੁਣ ਤੋਂ ਦੋ ਮਹੀਨੇ ਮਗਰੋਂ ਬਰਦੋਲੀ ਵਿੱਚ ਬਹੁਤ ਅੱਗੇ ਵਰ੍ਹੇਗੀ। ਜੇ ਤੁਸੀਂ ਸੱਚਮੁੱਚ ਦੇ ਬਾਗੀ ਹੋ ਤਾਂ ਮਹਾਤਮਾ ਕੋਲ ਆਓ। ਉਹ ਸਾਰਿਆਂ ਦੀ ਭਲਾਈ ਲਈ ਲੜਨ ਵਾਲਾ ਇੱਕੋ ਇਕ ਇਨਸਾਨ ਹੈ ।”

ਉਸ ਦੀ ਗੱਲ ਵਿੱਚ ਕਿਸੇ ਨੇ ਉਸ ਨੂੰ ਨਾ ਟੋਕਿਆ, ਪਰ ਜਦੋਂ ਉਹ ਬੋਲ ਹਟਿਆ, ਘੋੜ-ਸਵਾਰ ਨੇ ਪੁੱਛਿਆ, “ਉਸ ਨੇ ਲੋਕਾਂ ਦੀ ਕੀ ਭਲਾਈ ਕੀਤੀ ਹੈ?"

“ਤੁਹਾਨੂੰ ਪਤਾ ਨਹੀਂ ਅਹਿਮਦਾਬਾਦ ਵਿੱਚ ਕੀ ਹੋਇਆ ਸੀ?" ਮਹਾਰਾਜ ਨੂੰ ਝਟਪਟ ਇਹ ਘਟਨਾ ਸੁੱਝ ਗਈ ਜਿਸ ਨੂੰ ਇਹ ਅਨਪੜ੍ਹ ਡਾਕੂ ਸਮਝ ਸਕਦੇ ਸਨ।

"ਮਿੱਲ ਮਾਲਕ ਮਜ਼ਦੂਰਾਂ ਦੀ ਦਿਹਾੜੀ ਨਹੀਂ ਸਨ ਵਧਾ ਰਹੇ। ਮਹਾਤਮਾ ਗਾਂਧੀ ਨੇ ਤਦ ਤੱਕ ਵਰਤ ਰੱਖਿਆ ਜਦ ਤੱਕ ਉਨ੍ਹਾਂ ਨੂੰ ਇਨਸਾਫ਼ ਨਾ ਮਿਲਿਆ।".

"ਇਸ ਵਿੱਚ ਕੀ ਭਲਾਈ ਸੀ?" ਇਹ ਗੱਲ ਬੈਠਿਆਂ ਵਿੱਚੋਂ ਇਕ ਨੇ ਕਹੀ, "ਇਸ ਨਾਲ ਤਾਂ ਸਗੋਂ ਮਾੜਾ ਕੰਮ ਹੋਇਆ। ਕੱਪੜੇ ਦੀਆਂ ਕੀਮਤਾਂ ਵਧਣਗੀਆਂ ਅਤੇ ਸਾਨੂੰ ਸਾਰਿਆਂ ਨੂੰ ਨੁਕਸਾਨ ਹੋਵੇਗਾ ।"

ਮਹਾਰਾਜ ਇਕ ਮਿੰਟ ਲਈ ਤਾਂ ਠਠੰਬਰ ਗਿਆ। ਇਹ ਇਕ ਅਜਿਹੀ ਦਲੀਲ ਸੀ, ਜਿਸ ਦੀ ਇਕ ਡਾਕੂ ਪਾਸੋਂ ਆਸ ਨਹੀਂ ਸੀ ਕੀਤੀ ਜਾ ਸਕਦੀ, ਫਿਰ ਵੀ ਇਹ ਓਨੀ ਹੀ ਤਿੱਖੀ ਸੀ ਜਿੰਨੀ ਕਿ ਉਸ ਦੀ ਬੰਦੂਕ ਦੀ ਗੋਲੀ। ਮਹਾਰਾਜ ਨੇ ਸ਼ਬਦਾਂ ਦਾ ਸਹਾਰਾ ਲੈ ਕੇ ਜਾਨ ਬਚਾਉਣੀ ਠੀਕ ਨਾ ਸਮਝੀ। ਇਸ ਸੁਆਲ ਦਾ ਬੜਾ ਸਰਲ ਜਿਹਾ ਜਵਾਬ ਉਸ ਨੇ ਦਿੱਤਾ ਜਿਸ ਨੂੰ ਆਪਣੀ ਹੋਂਦ ਲਈ ਲੜਦੇ ਲੋਕਾਂ ਦੀ ਮਾਨਸਿਕਤਾ ਦੀ ਸਹੀ ਸੋਝੀ ਸੀ।

"ਗਾਂਧੀ ਮਹਾਤਮਾ ਨੇ ਸਾਨੂੰ ਚਰਖਾ ਚਲਾਉਣਾ ਵੀ ਸਿਖਾਇਆ ਹੈ ਤਾਂ ਜੋ ਮਿੱਲ- ਮਾਲਕ ਸਾਡਾ ਸ਼ੋਸ਼ਣ ਨਾ ਕਰ ਸਕਣ। ਉਸ ਨੇ ਕਿਹਾ, "ਉਨ੍ਹਾਂ ਨੂੰ ਕੀਮਤਾਂ ਵਧਾ ਲੈਣ ਦਿਓ, ਅਸੀਂ ਆਪਣਾ ਸੂਤ ਕੱਤ ਕੇ ਆਪਣਾ ਕੱਪੜਾ ਆਪ ਤਿਆਰ ਕਰ ਲਵਾਂਗੇ।"

"ਮਹਾਰਾਜ ! ਤੁਸੀਂ ਮਖ਼ੌਲ ਕਰ ਰਹੇ ਹੋ ।" ਉਨ੍ਹਾਂ ਦੇ ਸੰਬੋਧਨ ਤੋਂ ਜਾਪਦਾ ਸੀ ਕਿ ਉਨ੍ਹਾਂ ਨੇ ਉਸ ਨੂੰ ਪਛਾਣ ਲਿਆ ਸੀ ।" ਲੋਕ ਇਸ ਹੱਦ ਤੱਕ ਚਰਖੇ ਨੂੰ ਨਹੀਂ ਅਪਣਾਅ ਸਕਣਗੇ। ਉਹ ਉਦੋਂ ਹੀ ਫੁਰਤੀ ਨਾਲ ਚਰਖਾ ਕੱਤਣਗੇ। ਜਦੋਂ ਸਾਡੀਆਂ ਬੰਦੂਕਾਂ ਦੀਆਂ ਨਾਲੀਆਂ ਉਨ੍ਹਾਂ ਦੀ ਪਿੱਠ ਨਾਲ ਲੱਗੀਆਂ ਹੋਣਗੀਆਂ ।" ਇਹ ਗੱਲ ਇਕ ਨਵੀਂ ਆਵਾਜ਼ ਨੇ ਕਹੀ।

"ਤੁਸੀਂ ਮੇਰੇ ਨਾਲ ਆ ਕੇ ਮਹਾਤਮਾ ਗਾਂਧੀ ਨੂੰ ਮਿਲੋ। ਮੈਂ ਤੁਹਾਨੂੰ ਲੈ ਕੇ ਜਾਣ ਲਈ ਆਇਆ ਹਾਂ। ਉਹ ਤੁਹਾਨੂੰ ਸਾਰਾ ਕੁਝ ਸਮਝਾਉਣਗੇ। ਜੇ ਤੁਸੀਂ ਮੇਰਾ ਇਤਬਾਰ

ਨਹੀਂ ਕਰਦੇ ਤਾਂ ਮੇਰੇ ਨਾਲ ਕੇਵਲ ਇਕ ਆਦਮੀ ਨੂੰ ਭੇਜੋ। ਜੇ ਮੈਂ ਕੋਈ ਗ਼ਲਤ ਗੱਲ ਕਰਾਂ ਤਾਂ ਬੇਸ਼ੱਕ ਤੁਸੀਂ ਮੈਥੋਂ ਬਦਲਾ ਲੈ ਲੈਣਾ।"

"ਅਸੀਂ ਉਨ੍ਹਾਂ ਨੂੰ ਹੁਣ ਨਹੀਂ ਉਦੋਂ ਮਿਲਾਂਗੇ ਜਦੋਂ ਉਹ ਸਾਡੇ ਇਸ ਪਾਸੇ ਆਉਣਗੇ।" ਘੋੜ-ਸਵਾਰ ਨੇ ਫ਼ੈਸਲਾਕੁਨ ਲਹਿਜੇ ਵਿੱਚ ਕਿਹਾ।" ਨਾਲੇ ਅਸੀਂ ਕਦੇ ਵੀ ਗਰੀਬਾਂ ਨੂੰ ਤੰਗ ਨਹੀਂ ਕਰਦੇ। ਕੀ ਤੁਸੀਂ ਅਮੀਰਾਂ ਤੇ ਸ਼ੋਸ਼ਕਾਂ ਤੋਂ ਸਿਵਾਏ ਕਿਸੇ ਹੋਰ ਦੀ ਲੁੱਟਮਾਰ ਕਰਦਿਆਂ ਸਾਡੇ ਬਾਰੇ ਸੁਣਿਆ ਹੈ?"

"ਤੁਸੀਂ ਨਹੀਂ ਜਾਣਦੇ ਕਿ ਲੋਕ ਤੁਹਾਡੇ ਹਮਲੇ ਦੀ ਸੋਅ ਸੁਣਦਿਆਂ ਹੀ ਪੱਤੇ ਵਾਂਗ ਕੰਬਣ ਲੱਗ ਪੈਂਦੇ ਹਨ। ਉਹ ਆਪਣੇ ਘਰ ਛੱਡ ਕੇ ਲੁਕ ਜਾਂਦੇ ਹਨ। ਉਹ ਆਪਣੇ ਖੇਤ ਵਿੱਚ ਹੱਲ ਨਹੀਂ ਚਲਾ ਸਕਦੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਪੁਲਿਸ ਉਨ੍ਹਾਂ ਨੂੰ ਤੰਗ ਕਰਦੀ ਹੈ। ਕੀ ਤੁਹਾਨੂੰ ਜ਼ਰਾ ਵੀ ਅੰਦਾਜ਼ਾ ਹੈ ਕਿ ਤੁਹਾਡਾ ਪਰਛਾਵਾਂ ਵੀ ਕਿੰਨਾ ਡਰ ਫੈਲਾ ਦੇਂਦਾ ਹੈ?"

ਇਕ ਹੌਲੀ ਆਵਾਜ਼ ਨੇ ਜਵਾਬ ਦਿੱਤਾ, "ਅਸੀਂ ਵੀ ਆਪਣਾ ਪੇਟ ਭਰਨਾ ਹੈ।" "ਨਹੀਂ ਮੈਨੂੰ ਬੇਵਕੂਫ਼ ਨਾ ਬਣਾਓ। ਪੇਟ ਭਰਨ ਲਈ ਤਾਂ ਇਕ ਆਦਮੀ ਨੂੰ ਸਿਰਫ਼ ਮਣ ਕੁ ਅਨਾਜ ਮਹੀਨੇ ਲਈ ਚਾਹੀਦਾ ਹੈ। ਤੁਹਾਨੂੰ ਤਾਂ ਇਸ ਤੋਂ ਕਿਤੇ ਵੱਧ ਲੁੱਟਣਾ ਤੇ ਚੁਰਾਉਣਾ ਪੈਂਦਾ ਹੈ ਕਿਉਂਕਿ ਤੁਹਾਨੂੰ ਉਨ੍ਹਾਂ ਦੇ ਮੂੰਹ ਵੀ ਬੰਦ ਕਰਨੇ ਪੈਂਦੇ ਹਨ ਜਿਹੜੇ ਤੁਹਾਨੂੰ ਸ਼ਰਨ ਦੇਂਦੇ ਅਤੇ ਤੁਹਾਡੀ ਰੱਖਿਆ ਕਰਦੇ ਹਨ। ਤੁਸੀਂ ਸਿਪਾਹੀਆਂ ਨੂੰ ਰਿਸ਼ਵਤ ਦੇਂਦੇ ਹੋਵੋਗੇ। ਤੁਸੀਂ ਕੇਵਲ ਆਪਣਾ ਪੇਟ ਪਾਲਣ ਤੱਕ ਬੱਸ ਨਹੀਂ ਕਰ ਸਕਦੇ।"

ਉਨ੍ਹਾਂ ਕੋਲ ਇਸ ਸਚਾਈ ਦਾ ਕੋਈ ਉੱਤਰ ਨਹੀਂ ਸੀ। ਉਹ ਸ਼ਬਦਾਂ ਦੀ ਲੜਾਈ ਲੜਨ ਦੇ ਆਦੀ ਨਹੀਂ ਸਨ। ਉਹ ਚੁੱਪ ਰਹੇ। ਕੁਝ ਸਕਿੰਟਾਂ ਬਾਅਦ ਉਨ੍ਹਾਂ ਵਿੱਚੋਂ ਇੱਕ ਬੇਚੈਨ ਹੋ ਉੱਠਿਆ ਅਤੇ ਉਸ ਨੇ ਇਕਦਮ ਪੁੱਛਿਆ, "ਕੀ ਤੁਹਾਡੇ ਕੋਲ ਪੈਨਸਿਲ ਹੈ?

"ਹਾਂ"

"ਅਤੇ ਕਾਗਜ਼ ਦਾ ਟੁਕੜਾ ਵੀ"

"ਹਾਂ "

ਕੀ ਤੁਸੀਂ ਇਹ ਮੈਨੂੰ ਦੇਵੋਗੇ? ਅਸੀਂ ਤੁਹਾਡੇ ਪਿੰਡ ਦੇ ਇੱਕ ਬ੍ਰਾਹਮਣ ਸੋਮਾ ਮਾਥੁਰ ਨੂੰ ਸੁਨੇਹਾ ਭੇਜਣਾ ਚਾਹੁੰਦੇ ਹਾਂ।"

"ਪਰ ਇਹ ਤਾਂ ਦੱਸੋ ਤੁਸੀਂ ਉਸ ਨੂੰ ਕੀ ਲਿਖਣਾ ਹੈ"

"ਇਹੀ ਕਿ ਜੇ ਉਸ ਨੇ ਸਾਨੂੰ 500 ਰੁਪਏ ਨਾ ਭੇਜੇ ਤਾਂ ਅਸੀਂ ਉਸ ਨੂੰ ਮਾਰ ਦੇਵਾਂਗੇ। ਇਹ ਨੋਟ ਕਿਰਪਾ ਕਰਕੇ ਉਸ ਨੂੰ ਦੇ ਦੇਣਾ।"

ਮਹਾਰਾਜ, ਜੋ ਹੁਣ ਬਹੁਤ ਧੀਮੀ, ਮਿੱਠੀ ਤੇ ਨਰਮ ਆਵਾਜ਼ ਵਿੱਚ ਬੋਲ ਰਿਹਾ

ਸੀ ਆਵਾਜ਼ ਤਿੱਖੀ ਕਰਕੇ ਬੋਲਿਆ,

"ਮੈਂ ਤੁਹਾਡੇ ਵੱਲੋਂ ਇਹੋ ਜਿਹੀਆਂ ਧਮਕੀਆਂ ਲਿਖਣ ਲਈ ਕਾਗਜ਼ ਪੈਨਸਿਲ ਨਹੀਂ ਰੱਖਦਾ। ਮੈਂ ਤੁਹਾਡਾ ਦੂਤ ਨਹੀਂ ਕਿ ਤੁਹਾਡਾ ਸੁਨੇਹਾ ਦੇਂਦਾ ਫਿਰਾਂ । ਮੈਂ ਵਾਪਸ ਸ਼ਹਿਰ ਜਾ ਰਿਹਾ ਹਾਂ। ਉਨ੍ਹਾਂ ਨੂੰ ਤੁਹਾਡੇ ਇਰਾਦੇ ਦੱਸ ਕੇ ਤੁਹਾਡਾ ਡਟ ਕੇ ਮੁਕਾਬਲਾ ਕਰਨ ਲਈ ਤਿਆਰ ਕਰਾਂਗਾ।"

ਬਾਕੀ ਦੇ ਸਾਰਿਆਂ ਵਿੱਚ ਕਾਨਾਫੂਸੀ ਸ਼ੁਰੂ ਹੋ ਗਈ ਅਤੇ ਉਨ੍ਹਾਂ ਨੇ ਕਾਗਜ਼ ਪੈਨਸਿਲ ਮੰਗਣ ਵਾਲੇ ਨੂੰ ਝਾੜ ਪਾਈ ।"

"ਬੇਵਕੂਫ"

"ਤੂੰ ਆਪਣਾ ਮੂੰਹ ਬੰਦ ਨਹੀਂ ਰੱਖ ਸਕਦਾ?"

"ਤੈਨੂੰ ਮਹਾਰਾਜ ਨਾਲ ਇਹੋ ਜਿਹੀਆਂ ਗੱਲਾਂ ਕਰਦੇ ਸ਼ਰਮ ਨਹੀਂ ਆਉਂਦੀ?"

"ਚਵਲ ਕਿਤੋਂ ਦਾ"

ਤਦ ਉਨ੍ਹਾਂ ਵਿੱਚੋਂ ਇਕ ਨੇ ਮਹਾਰਾਜ ਨੂੰ ਸੰਬੋਧਨ ਕਰਕੇ ਮੁਆਫੀ ਮੰਗੀ "ਇਹ ਮੁੰਡਾ-ਖੁੰਡਾ ਹੈ, ਮਹਾਰਾਜ। ਤੁਸੀਂ ਨਾਰਾਜ਼ ਨਾ ਹੋਣਾ। ਤੁਸੀਂ ਸ਼ਹਿਰ ਦੇ ਲੋਕਾਂ ਨੂੰ ਜ਼ਰੂਰ

ਖਬਰਦਾਰ ਕਰ ਦੇਣਾ। ਹੁਣ ਤੁਸੀਂ ਜਾਣਾ ਚਾਹੋ ਤਾਂ ਜਾ ਸਕਦੇ ਹੋ, ਜੇ ਕਹੋ ਤਾਂ ਅਸੀਂ ਤੁਹਾਨੂੰ ਛੱਡ ਆਈਏ।"

"ਜੇ ਮੈਨੂੰ ਕਿਸੇ ਦੀ ਰੱਖਿਆ ਦੀ ਲੋੜ ਹੁੰਦੀ ਤਾਂ ਮੈਂ ਇੱਥੇ ਆਉਂਦਾ ਹੀ ਨਾ। ਮੈਂ ਇਕੱਲਿਆਂ ਹੀ ਠੀਕ ਹਾਂ।"

"ਬਹੁਤ ਅੱਛਾ ਮਹਾਰਾਜ, ਜਿਵੇਂ ਤੁਹਾਡੀ ਰਜ਼ਾ। ਤੁਸੀਂ ਇਕੱਲਿਆਂ ਹੀ ਚਲੇ ਜਾਓ ।" ਜਦੋਂ ਉਹ ਉਨ੍ਹਾਂ ਦੀਆਂ ਨਜ਼ਰਾਂ ਤੋਂ ਓਝਲ ਹੋਇਆ ਤਾਂ ਉਸ ਨੇ ਗੋਲੀਆਂ ਦੀ ਤੜ ਤੜ ਨਾਲ ਰਾਤ ਦੀ ਖਾਮੋਸ਼ੀ ਟੁੱਟਦੀ ਸੁਣੀ। ਡਾਕੂਆਂ ਨੇ ਹਵਾ ਵਿੱਚ ਗੋਲੀਆਂ ਚਲਾਈਆਂ ਸਨ। ਅੱਧੀ ਰਾਤ ਕਾਫੀ ਲੰਘ ਚੁੱਕੀ ਸੀ। ਜਦੋਂ ਉਹ ਸਰਸਵਣੀ ਨਗਰ ਵਿੱਚ ਪੁੱਜਿਆ। ਡਾਕੂਆਂ ਨੇ ਸ਼ਹਿਰ ਉੱਤੇ ਹਮਲਾ ਨਾ ਕੀਤਾ, ਨਾ ਉਸ ਰਾਤ ਅਤੇ ਨਾ ਹੀ ਫੇਰ ਕਦੇ।

******

# ਆਤਸ਼ਬਾਜ਼ੀ ਦਾ ਸ਼ਿਕਾਰ ਹੋਈ ਜਵਾਨੀ

ਸਾਬਰਮਤੀ ਜੇਲ੍ਹ ਦੇ ਵਾਰਡਰ ਨੇ ਜੋ ਲਗਭਗ 45 ਸਾਲ ਦਾ ਇਕਹਿਰੇ ਸਰੀਰ ਦਾ ਵਿਅਕਤੀ ਸੀ, ਜੇਲ੍ਹ ਵਿੱਚ ਆਏ ਇਕ ਨਵੇਂ ਸਿਆਸੀ ਕੈਦੀ ਨੂੰ ਪੁੱਛਿਆ, "ਕੀ ਤੁਸੀਂ ਮੈਨੂੰ ਪਛਾਣਿਆ ਹੈ?" ਵਾਰਡਰ ਨੇ ਇਹ ਸ਼ਬਦ ਹੱਥ ਜੋੜ ਕੇ ਅਤੇ ਸਿਰ ਝੁਕਾ ਕੇ ਕਹੇ ਸਨ। ਇਹ ਸਾਲ 1942 ਦੀ ਗੱਲ ਹੈ।

"ਨਹੀਂ" - ਉਸ ਨਵੇਂ ਆਉਣ ਵਾਲੇ ਨੇ ਆਪਣਾ ਪੀਲਾ ਜਿਹਾ ਚਿਹਰਾ ਨਾਂਹ ਵਿੱਚ ਹਿਲਾਇਆ, "ਨਹੀਂ ਮੈਨੂੰ ਯਾਦ ਨਹੀਂ ਆ ਰਿਹਾ।"

"ਜ਼ਰਾ ਯਾਦ ਕਰੋ ਖਾਂ। ਆਪ ਨੇ ਮੈਨੂੰ ਪਹਿਲਾਂ ਵੇਖਿਆ ਹੈ?"

ਨਵੇਂ ਕੈਦੀ ਨੇ ਉਸ ਨੂੰ ਧਿਆਨ ਨਾਲ ਵੇਖਿਆ ਅਤੇ ਕਿਹਾ, "ਨਹੀਂ, ਮੈਂ ਤੁਹਾਨੂੰ ਨਹੀਂ ਪਛਾਣ ਸਕਿਆ।"

"ਨਹੀਂ ਪਛਾਣ ਸਕੇ? ਇੰਨੀ ਛੇਤੀ ਭੁੱਲ ਗਏ ਹੋ? ਵਾਤਰਕ ਨਦੀ ਦੇ ਕਿਨਾਰੇ ਉਸ ਝਾੜੀ ਕੋਲ ਰਾਤ ਵੇਲੇ ਬੰਦੂਕ ਵਾਲਾ ਵਿਅਕਤੀ.................."

"ਹਾਂ! ਹਾਂ ! ਬਿਲਕੁਲ।" ਉਸ ਨੂੰ ਉਹ ਰਾਤ ਯਾਦ ਆ ਗਈ ਜਦੋਂ ਉਹ ਡਾਕੂਆਂ ਨੂੰ ਮਿਲਿਆ ਸੀ। ਉਸ ਨੇ ਕਿਹਾ, "ਅੱਛਾ ਤੁਸੀਂ ਹੋ?"

"ਹਾਂ ਜੀ, ਉਹੀ ਬੰਦੂਕਧਾਰੀ ਮੋਤੀ - ਡਾਕੂ! ਮੈਂ ਇੱਥੇ ਹਾਜ਼ਰ ਹਾਂ।"

"ਹਾਂ ਠੀਕ ਹੈ ਮੋਤੀ! ਇਹ ਗੱਲ ਤੱਕਰੀਬਨ ਵੀਹ ਸਾਲ ਪੁਰਾਣੀ ਹੈ।"

"ਵੀਹ ਲੰਘ ਗਏ ਹਨ ਅਤੇ ਬੱਤੀ ਸਾਲ ਹੋਰ ਰਹਿੰਦੇ ਹਨ।"

"ਠੀਕ ਹੈ ਮੋਤੀ! ਤੈਨੂੰ ਕੁੱਲ ਬਵੰਜਾ ਸਾਲ ਦੀ ਸਜ਼ਾ ਹੋਈ ਸੀ।"

ਇਹ ਖ਼ਿਆਲ ਆਉਂਦਿਆਂ ਹੀ ਨਵੇਂ ਕੈਦੀ ਦਾ ਮਨ ਉਦਾਸੀ ਵਿੱਚ ਡੁੱਬ ਗਿਆ। ਅਗਸਤ 1942 ਵਿੱਚ ਬਰਤਾਨਵੀ ਹਕੂਮਤ ਦੇ ਖ਼ਿਲਾਫ਼ ਇਕ ਨਵੀਂ ਬਗ਼ਾਵਤ ਦੇਸ਼ ਵਿੱਚ ਚੱਲੀ ਸੀ। ਮਹਾਰਾਜ ਨੂੰ ਨਜ਼ਰਬੰਦ ਕੀਤਾ ਗਿਆ ਅਤੇ ਸਾਬਰਮਤੀ ਜੇਲ੍ਹ ਵਿੱਚ ਕਈ ਵਾਰੀ ਰੱਖਿਆ ਗਿਆ ਸੀ। ਪਹਿਲੇ ਦੋ ਦਹਾਕਿਆਂ ਵਿੱਚ ਮਹਾਰਾਜ ਨੂੰ ਇਸ ਜੇਲ੍ਹ ਵਿੱਚ ਕਈ ਵਾਰੀ ਰੱਖਿਆ ਗਿਆ ਸੀ, ਪਰ ਇਸ ਅਰਸੇ ਦੇ ਦੌਰਾਨ ਕਦੇ ਵੀ ਉਸ ਨੂੰ ਮੋਤੀ ਨਹੀਂ ਸੀ ਮਿਲਿਆ। 1922 ਦੀ ਹਨ੍ਹੇਰੀ ਰਾਤ ਨੂੰ, ਜੋ ਵਿਅਕਤੀ ਬੰਦੂਕ ਹੱਥਾਂ ਵਿੱਚ ਫੜੀ ਝਾੜੀ ਦੇ ਪਿਛਵਾੜਿਓਂ ਉਸ ਨੂੰ ਮਿਲਿਆ ਸੀ, ਉਸ ਦੀ ਜਵਾਨੀ ਅੰਗ-ਅੰਗ ਵਿੱਚੋਂ ਫਰਕ ਰਹੀ ਸੀ, ਪਰ ਅੱਜ ਉਹ ਉਹ ਵਿਅਕਤੀ ਨਹੀਂ ਸੀ; ਅੱਜ ਉਹ ਬੁੱਢਾ ਆਦਮੀ ਸੀ। ਲਗਦਾ ਜਿਵੇਂ ਉਹ ਨੌਜਵਾਨ ਮੋਤੀ ਬਹੁਤ ਚਿਰ ਪਹਿਲਾਂ ਮਰ ਚੁੱਕਾ ਸੀ। ਇਹ ਸੁੰਗੜਿਆ ਹੋਇਆ, ਬੁੱਢਾ ਆਦਮੀ ਉਹ ਹੁੰਦੜਹੇਲ ਨੌਜਵਾਨ ਨਹੀਂ ਸੀ ਹੋ ਸਕਦਾ। ਮਹਾਰਾਜ ਨੂੰ ਯਕੀਨ ਨਹੀਂ ਸੀ ਆ ਰਿਹਾ ਮੋਤੀ ਨੂੰ ਵੇਖ ਕੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਲਾਲ-ਸੁਰਖ ਹੋਈ ਵਰਮੀ ਉਸ ਦੇ ਦਿਲ ਨੂੰ ਛੇਕ ਗਈ ਹੋਵੇ। ਇਸ ਦਾ ਕਾਰਨ ਇਹ ਸੀ ਕਿ ਭਾਵੇਂ ਪਿਛਲੇ ਵੀਹ ਸਾਲਾਂ ਵਿੱਚ ਉਸ ਨੇ ਮੋਤੀ ਨੂੰ ਕਦੇ ਵੇਖਿਆ ਨਹੀਂ ਸੀ, ਅਤੇ ਨਾ ਹੀ ਚੇਤਨਾ ਵਿੱਚ ਉਸ ਦਾ ਪੁਰਾਣਾ ਰੂਪ ਲਿਆ ਸਕਿਆ ਸੀ, ਫੇਰ ਵੀ ਮੋਤੀ ਦੀ ਸਾਰੀ ਕਹਾਣੀ ਦਾ ਉਸ ਨੂੰ ਪੂਰਾ ਪਤਾ ਸੀ। ਕਹਾਣੀ ਕੁਝ ਇਸ ਤਰ੍ਹਾਂ ਸੀ :

ਮੋਤੀ ਬੜਈ ਜਾਤ ਵਿੱਚੋਂ ਸੀ ਅਤੇ ਮੇਹਮਦਾਬਾਦ ਜ਼ਿਲ੍ਹੇ ਦੇ ਪਿੰਡ ਦੇਵਕੀ ਵਨਸੋਲ ਵਿੱਚ ਰਹਿੰਦਾ ਸੀ। ਉਹ ਖੇਤੀ-ਮਜ਼ਦੂਰ ਦੇ ਤੌਰ ਤੇ ਕੰਮ ਕਰਦਾ ਸੀ। ਇਕ ਛੋਟੇ ਜਿਹੇ ਘਰ ਵਿੱਚ ਉਹ ਆਪ, ਉਸ ਦੀ ਪਤਨੀ ਅਤੇ ਇਕ ਛੋਟਾ ਜਿਹਾ ਲੜਕਾ ਸੁਖੀ ਪਰਵਾਰ ਰਹਿੰਦਾ ਸੀ। ਪਿੰਡ ਦਾ ਮੁਖੀ ਗ੍ਰਾਸੀਆ ਸੀ। ਇਕ ਤਾਂ ਗ੍ਰਾਸੀਆ ਹੋਣ ਕਰਕੇ ਅਤੇ ਦੂਜੇ ਪਿੰਡ ਦਾ ਮੁਖੀ ਹੋਣ ਦੇ ਕਾਰਨ ਉਸ ਦੇ ਪੁੱਤਰ ਦੀ ਸ਼ਾਦੀ ਆਮ ਨਾਲੋਂ ਵੱਧ ਧੂਮ-ਧਾਮ ਨਾਲ ਹੋਈ ਸੀ। ਸ਼ਾਮ ਵੇਲੇ ਜਦੋਂ ਉਸ ਦੀ ਬਰਾਤ ਚੜ੍ਹੀ ਸੀ ਤਾਂ ਉਸ ਵੇਲੇ ਆਪਣੇ ਪੁੱਤਰ ਨੂੰ ਆਤਸ਼ਬਾਜ਼ੀ ਵਿਖਾਉਣ ਲਈ ਮੋਤੀ ਦੀ ਪਤਨੀ ਆਪਣੀ ਝੁੱਗੀ ਵਿੱਚੋਂ ਬਾਹਰ ਆ

ਖੜੋਤੀ ਸੀ। ਇਕ ਆਤਸ਼ਬਾਜ਼ੀ ਗਲਤ ਪਾਸੇ ਚਲ ਗਈ ਅਤੇ ਮੋਤੀ ਦੀ ਝੁੱਗੀ ਦੀ ਛੱਤ ਉੱਤੇ ਆਣ ਡਿੱਗੀ। ਛੱਤ ਦੇ ਛੱਪਰ ਨੂੰ ਇਕਦਮ ਅੱਗ ਲੱਗ ਪਈ, ਅਤੇ ਇਸ ਤੋਂ ਪਹਿਲਾਂ ਕਿ ਉਸ ਤੇ ਕਾਬੂ ਪਾਇਆ ਜਾ ਸਕੇ, ਕਾਲਖ ਨਾਲ ਪੋਤੇ ਹੋਏ ਡਰਾਉਣੇ ਢਾਂਚੇ ਤੋਂ ਬਿਨਾਂ ਘਰ ਦਾ ਕੁਝ ਵੀ ਬਾਕੀ ਨਾ ਰਿਹਾ। ਮੋਤੀ ਤੇ ਉਸ ਦਾ ਟੱਬਰ ਟੱਡੇ ਮੂੰਹ ਠਠੰਬਰੇ ਹੋਏ ਖੰਡਰਾਂ ਨੂੰ ਵੇਖ ਰਹੇ ਹਨ।

ਅਗਲੀ ਭਲਕ ਜਦੋਂ ਮੁਖੀ ਨੂੰ ਪਤਾ ਲੱਗਿਆ ਕਿ ਰਿਪੋਟ ਲਿਖਵਾਉਣ ਲਈ ਮੋਤੀ ਮੇਹਮਦਾਬਾਦ ਜਾ ਰਿਹਾ ਹੈ ਤਾਂ ਉਸ ਨੇ ਬੰਦੇ ਭੇਜ ਕੇ ਉਸ ਨੂੰ ਬੁਲਵਾ ਭੇਜਿਆ। ਮੋਤੀ ਵਾਪਸ ਆ ਗਿਆ ਅਤੇ ਮਾਮਲਾ ਇਸ ਗੱਲ ਤੇ ਨਿੱਬੜ ਗਿਆ ਸਮਝਿਆ ਗਿਆ ਕਿ ਆਉਂਦੀ ਦੀਵਾਲੀ ਤੋਂ ਪਹਿਲਾਂ ਪਹਿਲਾਂ ਮੁਖੀ ਮੋਤੀ ਨੂੰ ਨਵਾਂ ਘਰ ਬਣਵਾ ਦੇਵੇਗਾ। ਪਰ ਮੋਤੀ ਇਹ ਗੱਲ ਮੰਨਣ ਤੋਂ ਝਿਜਕ ਰਿਹਾ ਸੀ, ਉਸ ਨੂੰ ਮੁਖੀ ਦੇ ਕਹਿਣ ਤੇ, ਵਿਸ਼ਵਾਸ ਨਹੀਂ ਸੀ ਆ ਰਿਹਾ। ਕਾਠੀਆਵਾੜ ਦਾ ਇਕ 'ਬਾਣੀਆਂ', ਜਿਸ ਨੂੰ ਲੱਤ ਅੜਾਉਣ ਦੀ ਆਦਤ ਸੀ, ਇਸ ਮੌਕੇ ਅੱਗੇ ਹੋ ਕੇ ਬੋਲਿਆ, "ਮੈਂ ਗਰੰਟੀ ਦਿੰਦਾ ਹਾਂ, ਜੇ ਮੁਖੀ ਨੇ ਆਪਣਾ ਵਾਅਦਾ ਪੂਰਾ ਨਾ ਕੀਤਾ ਤਾਂ ਮੈਂ ਤੇਰਾ ਘਰ ਬਣਵਾਵਾਂਗਾ, ਮੋਤੀ। ਹੁਣ ਹੌਸਲਾ ਰੱਖ ਤੇ ਘਰ ਜਾ।"

ਤਿੰਨ ਜੀਆਂ ਦੇ ਇਸ ਟੱਬਰ ਨੇ ਕਿਵੇਂ ਨਾ ਕਿਵੇਂ ਖੁੱਲ੍ਹੇ ਆਸਮਾਨ ਥੱਲੇ ਆਪਣੇ ਆਪ ਨੂੰ ਜ਼ਿੰਦਾ ਰੱਖਿਆ। ਮੀਂਹ ਤੇ ਧੁੱਪ ਦੀ ਸਖ਼ਤੀ ਤੋਂ ਬਚਣ ਲਈ ਉਨ੍ਹਾਂ ਕੁਦਰਤੀ ਓਟਾਂ ਦੀ ਵਰਤੋਂ ਕੀਤੀ। ਦੀਵਾਲੀ ਕਦੋਂ ਦੀ ਲੰਘ ਗਈ ਸੀ, ਪਰ ਉਨ੍ਹਾਂ ਦਾ ਘਰ ਉਸੇ ਤਰ੍ਹਾਂ ਖੰਡਰ ਬਣਿਆ ਖੜ੍ਹਾ ਸੀ। ਕਦੇ-ਕਦਾਈਂ ਹੌਸਲਾ ਕਰਕੇ ਮੋਤੀ ਮੁਖੀ ਕੋਲ ਜਾਂਦਾ ਪਰ ਉਹ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਉਸ ਨੂੰ ਤੋਰ ਦੇਂਦਾ।

"ਹਾਂ, ਮੋਤੀ! ਅਸੀਂ ਛੇਤੀ ਘਰ ਬਣਾ ਦਿਆਂਗੇ।”

"ਹਾਂ, ਮੋਤੀ! ਜ਼ਰਾ ਹੋਰ ਠਹਿਰ ਜਾ। ਘਰ ਬਣਾਉਣ ਲਈ ਲੋੜੀਂਦਾ ਸਾਮਾਨ ਸ਼ਹਿਰੋਂ ਬੈਲ-ਗੱਡੀ ਤੇ ਆ ਰਿਹਾ ਹੈ।"

“ਆਹੋ, ਮੋਤੀ।"

ਮੋਤੀ ਹਰ ਵਾਰੀ ਦਿਲਾਸਾ ਲੈ ਕੇ ਘਰ ਮੁੜ ਆਉਂਦਾ ਅਤੇ ਇਉਂ ਸਮਝਦਾ ਕਿ ਜਿਵੇਂ ਸੱਚਮੁੱਚ ਘਰ ਬਣਨਾ ਸ਼ੁਰੂ ਹੋ ਗਿਆ ਹੋਵੇ। ਕਈ ਮਹੀਨੇ ਲੰਘ ਗਏ; ਮਕਾਨ ਸੜਨ ਦੇ ਸਾਲ ਤੋਂ ਅਗਲੇ ਸਾਲ ਦੇ ਇਹ ਮਹੀਨੇ ਸਨ, ਪਰ ਅਜੇ ਤੱਕ ਸ਼ਹਿਰੋਂ ਸਾਮਾਨ ਲੈ ਕੇ ਬੈਲ-ਗੱਡੀ ਨਾ ਪਹੁੰਚੀ। ਇਉਂ ਲਗਦਾ ਜਿਵੇਂ ਮਾਮਲਾ ਖ਼ਤਮ ਹੋ ਗਿਆ ਹੋਵੇ। ਮੁਖੀ ਬਿਲਕੁਲ ਨਿਸ਼ਚਿੰਤ ਸੀ। ਹੁਣ ਫਿਰ ਧਰਤੀ ਸੂਰਜ ਦੇ ਦੇ ਨੇੜੇ ਹੋ ਗਈ (ਗਰਮੀਆਂ ਆ ਗਈਆਂ) ਅਤੇ ਫਿਰ ਸੂਰਜ ਤੋਂ ਦੂਰ ਹੁੰਦੀ ਗਈ। ਮੌਨਸੂਨ ਦੇ ਦਿਨਾਂ ਵਿੱਚ ਚਾਰੇ ਪਾਸੇ ਹੁੰਮਸ ਹੀ ਹੁੰਮਸ ਹੋ ਗਿਆ। ਮੋਹਲੇਧਾਰ ਮੀਂਹ ਪੈਣ ਪਿੱਛੋਂ ਕੜਾਕੇ ਦੀ ਧੁੱਪ ਸਾਹ ਗੁੰਮ ਕਰਨ ਲੱਗੀ। ਇਕ ਵਾਰੀ ਫਿਰ ਦੀਵਾਲੀ ਨੇੜੇ ਆ ਗਈ। ਮੁਖੀ ਦੀ ਜ਼ਬਾਨ ਨੇ ਸਖਤ ਭਾਸ਼ਾ ਬੋਲਣੀ ਸ਼ੁਰੂ ਕਰ ਦਿੱਤੀ।

"ਜੇ ਤੂੰ ਇੰਨਾ ਕਾਹਲਾ ਹੈਂ ਤਾਂ ਜਾ, ਜਾ ਕੇ ਸ਼ਿਕਾਇਤ ਕਰ ਦੇ, ਮੈਂ ਆਪਣੀ ਵਿਹਲ ਵੀ ਤਾਂ ਵੇਖਣੀ ਹੈ।”

ਮੋਤੀ ਬੜਈ ਦੀਆਂ ਰਗਾਂ ਵਿੱਚ ਜਵਾਨ ਖ਼ੂਨ ਸੀ। ਉਹ 18 ਮਹੀਨਿਆਂ ਤੋਂ ਬਿਨਾਂ ਛੱਤ ਦੇ ਰਹਿ ਰਿਹਾ ਸੀ। ਹੋਰ ਖੇਤੀ-ਮਜ਼ਦੂਰਾਂ ਵਾਂਗ ਉਸ ਕੋਲ ਵੀ ਇਕ ਗੰਡਾਸੀ ਸੀ। ਉਸ ਦਾ ਗ਼ੁੱਸੇ ਵਿੱਚ ਭੜਕ ਪੈਣਾ ਜਾਇਜ਼ ਸੀ, ਫਿਰ ਵੀ ਉਸ ਨੇ ਆਪਣੇ ਆਪ ਤੇ ਕਾਬੂ ਰੱਖਿਆ। ਉਹ ਗਰੰਟੀ ਦੇਣ ਵਾਲੇ ਬਾਣੀਏ ਕੋਲ ਗਿਆ - ਜਿੱਥੇ ਕਿ ਉਸ ਨੂੰ ਜਾਣਾ ਚਾਹੀਦਾ ਸੀ।

“ਮੇਰੀ ਗਰੰਟੀ ਦਾ ਇਹ ਮਤਲਬ ਨਹੀਂ ਕਿ ਮੈਂ ਆਪਣੇ ਖਰਚ ਤੇ ਤੇਰਾ ਘਰ ਬਣਵਾਂਗਾ। ਜੇ ਮੁਖੀ ਪੈਸੇ ਦੇਵੇ ਤਾਂ ਹੀ ਮੈਂ ਤੇਰਾ ਘਰ ਬਣਾਉਣ ਦਾ ਜ਼ਿੰਮੇਵਾਰ ਹਾਂ।" ਬਾਣੀਏ ਨੇ ਆਪਣੀ ਜ਼ਾਮਨੀ ਦਾ ਮਤਲਬ ਉਸ ਨੂੰ ਸਮਝਾਇਆ। ਮੋਤੀ ਇਹ ਸੁਣ ਕੇ ਬਹੁਤ ਦੁਖੀ ਹੋਇਆ ਕਿ ਇਹ ਗੱਲ ਬਾਣੀਏ ਨੇ ਉਦੋਂ ਕਿਉਂ ਨਾ ਸਪਸ਼ਟ ਕੀਤੀ।

"ਤੂੰ ਇਸ ਤਰ੍ਹਾਂ ਮੁੱਕਰ ਨਹੀਂ ਸਕਦਾ।" ਮੋਤੀ ਨੇ ਕਿਹਾ।

"ਜਾ ਢੱਠੇ ਖੂਹ 'ਚ ਪਓ। ਮੈਂ ਕੁਝ ਨਹੀਂ ਕਰ ਸਕਦਾ।"

"ਜੋ ਮਰਜ਼ੀ ਆਵੇ ਕਰ ਲੈ।" ਬਾਣੀਏ ਨੇ ਉਹੀ ਸ਼ਬਦ ਕਹੇ ਜਿਹੜੇ ਉਸ ਦੀ ਜਾਤ ਦੀਆਂ ਕਈ ਪੀੜ੍ਹੀਆਂ ਕਹਿੰਦੀਆਂ ਆਈਆਂ ਹਨ ਅਤੇ ਮਗਰੋਂ ਸਮਾਂ ਵਿਹਾ ਜਾਣ ਤੇ ਪਛਤਾਉਂਦੀਆਂ ਰਹੀਆਂ ਹਨ। ਫਿਰ ਵੀ, ਮੋਤੀ ਨੇ ਆਪਣੇ ਗ਼ੁੱਸੇ ਦੇ ਹੜ੍ਹ ਨੂੰ ਦੰਦ ਪੀਹ ਕੇ ਰੋਕ ਛੱਡਿਆ।

ਇਕ ਦਿਨ ਸਵੇਰ ਵੇਲੇ ਦੋਵੇਂ ਪਿੰਡ ਦੀ ਜੂਹ ਵਿੱਚ ਇਕ ਦੂਜੇ ਦੇ ਸਾਹਮਣੇ ਹੋ ਗਏ। ਕੁਦਰਤੀ ਤੌਰ ਤੇ ਮੋਤੀ ਨੇ ਉਸ ਨੂੰ ਆਪਣਾ ਘਰ ਬਣਾਉਣ ਲਈ ਕਿਹਾ। ਬਾਣੀਏ ਨੇ ਇਸ ਨੂੰ ਦੂਜੇ ਅਰਥਾਂ ਵਿੱਚ ਲੈ ਲਿਆ। ਸਵੇਰੇ ਸਵੇਰੇ ਕਿਸੇ ਤੋਂ ਕੋਈ ਚੀਜ਼ ਮੰਗਣਾ, ਭਾਵੇਂ ਉਹ ਕਿੰਨੀ ਵੀ ਜਾਇਜ਼ ਕਿਉਂ ਨਾ ਹੋਵੇ, ਠੀਕ ਨਹੀਂ ਸਮਝਿਆ ਜਾਂਦਾ। ਮੋਤੀ ਨੇ ਕਈ ਵਾਰੀ ਉਸ ਚੀਜ਼ ਦੀ ਮੰਗ ਕੀਤੀ ਸੀ ਜਿਹੜੀ ਉਸ ਨੇ ਉਸ ਦੀ ਦੇਣੀ ਨਹੀਂ ਸੀ ਅਤੇ ਫਿਰ ਜਦੋਂ ਅਜੇ ਸੂਰਜ ਚੜ੍ਹ ਹੀ ਰਿਹਾ ਸੀ, ਉਸ ਨੇ ਉਹ ਮੰਗ ਫਿਰ ਦੁਹਰਾ ਦਿੱਤੀ। ਬਾਣੀਏ ਨੇ ਸਮਝਿਆ ਕਿ 18 ਮਹੀਨੇ ਚੁੱਪ ਰਹਿਣ ਵਾਲਾ ਮੋਤੀ ਬੁਜ਼ਦਿਲ ਹੈ। ਕੁਝ ਵੀ ਕਾਰਨ ਹੋਵੇ, ਉਸ ਨੇ ਮੋਤੀ ਨੂੰ ਲਲਕਾਰਾ ਦੇਣ ਵਾਲੇ ਇਹ ਸ਼ਬਦ ਕਹਿ ਦਿੱਤੇ, "ਜਹੰਨਮ 'ਚ ਜਾ, ਜੋ ਮਰਜ਼ੀ ਕਰ ਲੈ।"

ਅਗਲੇ ਪਲ ਮੋਤੀ ਦੇ ਟਕੂਏ ਨਾਲ ਧੜ ਨਾਲੋਂ ਲੱਥੇ ਬਾਣੀਏ ਦੇ ਸਿਰ ਵਿੱਚੋਂ ਉਸ ਦੀਆਂ ਅੱਖਾਂ ਡਬਡਬਾ ਰਹੀਆਂ ਸਨ। ਮੋਤੀ ਦੌੜ ਗਿਆ ਅਤੇ ਲਗਾਤਾਰ ਢਾਈ ਸਾਲ ਲੁਕਿਆ ਰਿਹਾ। ਜਦੋਂ ਨਾਮ ਦਰਿਆਉ ਨੇ ਆਪਣਾ ਟੋਲਾ ਕਾਇਮ ਕੀਤਾ ਤਾਂ ਮੋਤੀ ਵੀ ਉਸ ਵਿੱਚ ਸ਼ਾਮਲ ਹੋ ਗਿਆ। ਵੀਹ ਸਾਲ ਪਹਿਲਾਂ ਵਾਤਰਕ ਨਦੀ ਦੇ ਕਿਨਾਰੇ ਮੋਤੀ ਨੇ ਝਾੜੀ ਵਿੱਚੋਂ ਖੜ੍ਹੇ ਹੋ ਕੇ ਆਪਣੀ ਦੁਨਾਲੀ ਦਾ ਮੂੰਹ ਮਹਾਰਾਜ ਵੱਲ ਕੀਤਾ ਸੀ। ਜਿਹੜਾ ਡਾਕੂ ਨਾਮ ਦਰਿਆਉ ਨੂੰ ਮਿਲਣ ਲਈ ਕਹਿ ਰਿਹਾ ਸੀ। ਮਹਾਰਾਜ ਨੂੰ ਮੋਤੀ ਦੇ ਕਹਿਣ ਤੇ ਇਹ ਪਤਾ ਲੱਗਿਆ ਕਿ ਝਾੜੀ ਵਿੱਚੋਂ ਨਿਕਲਣ ਵਾਲਾ ਮਨੁੱਖ ਮੋਤੀ ਹੀ ਸੀ। ਕਈ ਸਾਲ ਮਗਰੋਂ

ਉਸ ਨੇ ਸੁਣਿਆ ਸੀ ਕਿ ਮੋਤੀ ਬੱੜਈ ਦੇ ਨਾਂ ਦਾ ਇੱਕ ਆਦਮੀ ਜਿਸ ਨੇ ਕਤਲ ਕੀਤਾ ਸੀ ਅਤੇ ਨਾਮ ਦਰਿਆਉ ਦੇ ਗਰੋਹ ਵਿੱਚ ਸ਼ਾਮਲ ਹੋ ਗਿਆ ਸੀ, ਫੜਿਆ ਗਿਆ ਸੀ ਅਤੇ ਉਸ ਨੂੰ ਬਵੰਜਾ ਸਾਲ ਦੇ ਕੈਦ ਹੋ ਗਈ ਸੀ। ਹੁਣ ਜੇਲ੍ਹ ਵਿੱਚੋਂ ਮਹਾਰਾਜ ਨੂੰ ਕਹਾਣੀ ਦਾ ਬਾਕੀ ਭਾਗ ਪਤਾ ਲੱਗਿਆ। ਜੇਲ੍ਹ ਵਿੱਚ ਆਉਣ ਤੋਂ ਬਾਅਦ ਮੋਤੀ ਦੀ ਸਭ ਤੋਂ ਪਹਿਲੀ ਸ਼ੁਹਰਤ ਇਹ ਸੀ ਕਿ ਉਸ ਨੇ ਕੋਈ ਵੀ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ।

"ਹਲਕਾ ਕੰਮ”

"ਨਹੀਂ"

“ਦਰਮਿਆਨੀ ਮੁਸ਼ੱਕਤ ਵਾਲਾ ਕੰਮ?”

"ਬਿਲਕੁਲ ਨਹੀਂ"

“ਭਾਰੀ ਮੁਸ਼ੱਕਤ?"

“ਨਹੀਂ, ਨਹੀਂ, ਨਹੀਂ,”

“ਕੀ ਤੂੰ ਸੀਮਿੰਟ ਦੀ ਚੱਕੀ ਚਲਾਵੇਂਗਾ? ਜੇ ਨਹੀਂ ਤਾਂ ਫੇਰ ਕੋਹਲੂ? ਜਾਂ ਘੱਟੋ ਘੱਟ

ਝਾੜੂ ਦੇਣ ਦਾ ਸੌਖਾ ਕੰਮ?"

"ਬਿਲਕੁਲ ਨਹੀਂ।"

ਕੰਮ ਤੋਂ ਇਨਕਾਰ ਕਾਰਨ ਉਸ ਦੀ ਸਜ਼ਾ ਵਧਦੀ ਗਈ। ਮੋਤੀ ਨੇ ਉਸ ਨੂੰ ਚੁੱਪ-ਚਾਪ ਪਰਵਾਨ ਕਰ ਲਿਆ। ਹੱਥ ਕੜੀਆਂ, ਬੇੜੀਆਂ, ਕਾਠ-ਬੇੜੀਆਂ ਆਦਿ। ਜੇਲ੍ਹ ਮੈਨੂਅਲ ਵਿੱਚ ਸਜ਼ਾਵਾਂ ਦੀ ਕੋਈ ਕਮੀ ਨਹੀਂ ਸੀ ਪਰ ਮੋਤੀ ਦੀ ਸਹਿਣ-ਸ਼ਕਤੀ ਦੀ ਵੀ ਕੋਈ ਥਾਹ ਨਹੀਂ ਸੀ। ਆਖ਼ਰ ਦੋ ਹਫ਼ਤਿਆਂ ਲਈ ਉਸ ਨੂੰ ਬਹੁਤ ਹੀ ਥੋੜ੍ਹੇ ਰਾਸ਼ਨ ਤੇ ਭੁੱਖਿਆਂ ਰੱਖਣ ਦੀ ਸਜ਼ਾ ਦਿੱਤੀ ਗਈ। ਯਾਰ੍ਹਵੇਂ ਦਿਨ ਮੋਤੀ ਦੇ ਹੋਸ਼ ਗੁੰਮ ਹੋ ਗਏ ਅਤੇ ਉਹ ਡਿੱਗ ਪਿਆ। ਡਾਕਟਰ ਨੇ ਉਸ ਨੂੰ ਭੋਜਨ ਦੇਣ ਦਾ ਹੁਕਮ ਦਿੱਤਾ।

ਡਾਕਟਰ ਨੇ ਉਸ ਨੂੰ ਪੁੱਛਿਆ, "ਹੁਣ ਤੂੰ ਕੰਮ ਕਰੇਂਗਾ ਜਾਂ ਨਹੀਂ?"

"ਮੈਂ ਨਹੀਂ ਕਰਾਂਗਾ, "ਆਵਾਜ਼ ਮੱਧਮ ਪੈ ਗਈ ਸੀ, ਪਰ ਸ਼ਬਦ ਉਹੀ ਸਨ। ਮੋਤੀ ਨੂੰ ਖਿੜਕੀ ਤੋਂ ਬਿਨਾ ਹਨ੍ਹੇਰੀ ਕੋਠੜੀ ਵਿੱਚ ਡੱਕ ਦਿੱਤਾ ਗਿਆ। ਮੋਤੀ, 'ਬੜਈ' ਕਬਰ ਵਿੱਚ ਪਿਆ ਜਿਊਂਦਾ ਮਨੁੱਖ ਬਣ ਗਿਆ। ਦਿਨ, ਮਹੀਨੇ ਤੇ ਸਾਲ ਲੰਘਦੇ ਗਏ। ਉਸ ਹਨੇਰੀ ਇਕੱਲੀ ਕੋਠੜੀ ਵਿੱਚ ਰਹਿੰਦਿਆਂ, ਛੇ ਸਾਲ ਦਾ ਸਮਾਂ ਬਿਨਾਂ ਸੂਰਜ ਦੀ ਕਿਰਨ ਵੇਖੇ ਬੀਤ ਗਿਆ। ਇਸ ਵੇਲੇ ਜ਼ਿਲ੍ਹਾ ਜੇਲ੍ਹ ਸੁਪਰਡੈਂਟ ਕਰਨਲ ਭੰਡਾਰੀ ਨੇ ਜੇਲ੍ਹ ਦਾ ਮੁਆਇਨਾ ਕੀਤਾ। ਉਹ ਇਕੱਲੀ ਕੋਠੜੀ ਦੇ ਲੋਹੇ ਦੇ ਗੇਟ ਵੱਲ ਵਧਿਆ ਅਤੇ ਉਸ ਨੂੰ ਖੋਲ੍ਹਣ ਦਾ ਹੁਕਮ ਦਿੱਤਾ। ਗੇਟ ਖੋਲ੍ਹਿਆ ਗਿਆ। ਹਨੇਰੇ ਤੇ ਰੌਸ਼ਨੀ ਦੇ ਅਣਮੁੱਲੇ ਸੰਗਮ ਵਿੱਚ ਮੋਤੀ ਕਫ਼ਨ ਵਰਗੀ ਗੁਫ਼ਾ ਵਿੱਚ ਜ਼ਿੰਦਾ ਖੜੋਤਾ ਸੀ।

"ਕੰਮ ਕਰਨ ਦੀ ਮਰਜ਼ੀ ਹੈ?"

"ਨਹੀਂ" ਮੋਤੀ ਨੇ ਜਵਾਬ ਦਿੱਤਾ ਅਤੇ ਅਹਿੱਲ ਖੜੋਤ ਰਿਹਾ।

"ਚੱਲ ਠੀਕ ਹੈ, ਕਰਨਲ ਨੇ ਹੁਕਮ ਦਿੱਤਾ। ਇਸ ਨੂੰ ਬਾਹਰ ਕੱਢੋ ਅਤੇ ਜੋ ਚਾਹੇ ਇਸ ਨੂੰ ਕਰਨ ਦਿਓ। ਇਸ ਨੂੰ ਤੰਗ ਨਾ ਕਰੋ। ਆਪਣੇ ਆਪ ਤੇ ਛੱਡ ਦਿਓ।"

ਛੇ ਸਾਲਾਂ ਦੇ ਵਕਫ਼ੇ ਮਗਰੋਂ ਮੋਤੀ ਬੈਰਕ ਵਿੱਚ ਰਹਿਣ ਲਈ ਮੁੜ ਚਲਾ ਗਿਆ। ਬੈਰਕ ਵਿੱਚ ਤਿੰਨ ਦਿਨ ਰਹਿਣ ਮਗਰੋਂ ਉਸ ਨੇ ਸੁਪਰਡੈਂਟ ਨਾਲ ਮੁਲਾਕਾਤ ਮੰਗੀ।

"ਸਾਹਿਬ! ਮੇਰੀ ਇੱਕ ਅਰਜ਼ ਹੈ।"

"ਹਾਂ, ਕੀ ਗੱਲ ਹੈ?"

"ਮੈਂ ਕੰਮ ਕਰਨਾ ਚਾਹੁੰਦਾ ਹਾਂ।"

"ਕਿਉਂ"

"ਮੈਂ ਨਿਕੰਮੇ ਰਹਿ ਕੇ ਔਖ ਮਹਿਸੂਸ ਕਰਦਾ ਹਾਂ। ਮੈਂ ਕੰਮ ਕਰਨਾ ਚਾਹੁੰਨਾ।"

"ਤੇਰੀ ਮਰਜ਼ੀ, "ਕਰਨਲ ਨੇ ਹੋਰ ਕੋਈ ਪੁੱਛ ਨਾ ਕੀਤੀ। ਉਸ ਨੇ ਇਤਨਾ ਹੀ ਕਿਹਾ "ਜੀਅ ਕਰੇ ਕੰਮ ਕਰ, ਜੀਅ ਕਰੇ ਨਾ ਕਰ।" ਮੋਤੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਹ ਵਧੀਆ ਕਿਸਮ ਦਾ ਇੱਕ ਮਿਹਨਤੀ ਕਾਮਾ ਸਾਬਤ ਹੋਇਆ। ਪੀਲੀ ਦਸਤਾਰ ਦੇ ਕੇ ਉਸ ਨੂੰ ਵਾਰਡਰ ਦੀ ਤਰੱਕੀ ਦਿੱਤੀ ਗਈ। ਕਈ ਸਾਲਾਂ ਵਿੱਚ ਉਸ ਨੂੰ ਕਈ ਜੇਲ੍ਹਾਂ ਵਿੱਚ ਬਦਲਿਆ ਗਿਆ। ਰਤਨਾਗਿਰੀ ਜੇਲ੍ਹ ਵਿੱਚ ਉਸ ਨੇ ਕਿਸੇ ਨੂੰ ਇਹ ਕਹਿੰਦੇ ਸੁਣਿਆ ਕਿ ਗਾਂਧੀ ਭਗਤਾਂ ਦੇ ਨਵੇਂ ਆਏ ਜਥੇ ਵਿੱਚ ਇੱਕ ਔਰਤ ਕੈਦੀ ਵੀ ਹੈ ਅਤੇ ਉਹ ਮਹਾਰਾਜ ਨਾਮੀ ਕਿਸੇ ਵਿਅਕਤੀ ਦੀ ਧੀ ਹੈ।

"ਮਹਾਰਾਜ ਦੀ ਧੀ?" ਪਵਿੱਤਰ ਨਾਂ ਵਾਲੇ ਆਦਮੀ ਦੀ? ਜਿਹੜਾ ਨਾਂ ਉਸ ਨੇ ਦੋ ਦਹਾਕੇ ਪਹਿਲਾਂ ਵਾਤਰਕ ਨਦੀ ਦੇ ਕਿਨਾਰੇ ਫਾਰਮ ਉੱਤੇ ਸੁਣਿਆ ਸੀ ਅਤੇ ਜਿਸ ਨੇ ਉਸ ਨੂੰ ਹਲੂਣ ਦਿੱਤਾ ਸੀ। ਉਹ ਔਰਤਾਂ ਦੇ ਵਾਰਡ ਵੱਲ ਦੌੜਦਾ ਹੋਇਆ ਗਿਆ। ਉਸ ਨੇ ਉਸ ਔਰਤ ਨੂੰ ਲੱਭ ਕੇ ਦੋ ਹੱਥ ਜੋੜ ਕੇ ਮੱਥਾ ਟੇਕਿਆ।

"ਭੈਣ! ਤੇਰੇ ਪਿਤਾ ਮੇਰੇ ਗੁਰੂ ਹਨ। ਤੂੰ ਕੋਈ ਚਿੰਤਾ ਨਾ ਕਰ। ਤੂੰ ਬਸ ਮੈਨੂੰ ਹੁਕਮ ਕਰ ਕਿ ਤੈਨੂੰ ਕੀ ਚਾਹੀਦਾ ਹੈ। ਮੇਰੀਏ ਭੈਣੇ। ਯਾਦ ਰੱਖੀਂ ਚਿੰਤਾ ਵਾਲੀ ਕੋਈ ਗੱਲ ਨਹੀਂ।"

ਇਸ ਤਰ੍ਹਾਂ ਸਾਲਾਂ ਦੇ ਸਾਲ ਬੀਤ ਗਏ। ਬਦਲੀਆਂ ਰੁਕ ਗਈਆਂ ਜਵਾਨੀ ਅੱਖ ਪਲਕਾਰੇ ਵਿੱਚ ਬੀਤ ਗਈ। ਵਿੱਚਕਾਰਲੀ ਉਮਰ ਵੀ ਹੁਣ ਦੁਰੇਡੀ ਗੱਲ ਹੋ ਗਈ। ਮੋਤੀ ਇਕ ਬੁੱਢਾ ਆਦਮੀ ਸੀ। ਉਸ ਨੂੰ ਹੁਣ ਸਾਬਰਮਤੀ ਜੇਲ੍ਹ ਵਿੱਚ ਲਿਆਂਦਾ ਗਿਆ ਸੀ। ਇੱਥੇ ਉਹ ਮਹਾਰਾਜ ਨੂੰ ਮਿਲਿਆ ਸੀ ਅਤੇ ਉਸ ਦੀ ਯਾਦਦਾਸ਼ਤ ਨੂੰ ਉਸ ਨੇ ਕੁਰੇਦਿਆ ਸੀ। ਅੱਜ ਤੋਂ ਦੋ ਦਹਾਕੇ ਪਹਿਲਾਂ ਵਾਤਰਕ ਨਦੀ ਦੇ ਕਿਨਾਰੇ ਵਾਪਰੀ ਘਟਨਾ ਝਾੜੀ ਵਿੱਚੋਂ ਨਿਕਲੇ ਬੰਦੂਕਧਾਰੀ ਦੀ ਯਾਦ ਕਰਾਉਣ ਲਈ।

ਮੋਤੀ ਨੂੰ ਰਾਜਨੀਤੱਕ ਕੈਦੀਆਂ ਨਾਲ ਮਿਲਣ-ਜੁਲਣ ਦੀ ਖੁੱਲ੍ਹ ਸੀ। ਉਹ ਕਈ ਵਾਰੀ ਉੱਥੇ ਜਾਂਦਾ ਤੇ ਕਿੰਨਾ ਕਿੰਨਾ ਚਿਰ ਉਨ੍ਹਾਂ ਦੀ ਵਾਰਤਾਲਾਪ ਸੁਣਦਾ ਰਹਿੰਦਾ। ਇਹੋ

ਜਿਹੇ ਮਿਲਾਪਾਂ ਦੇ ਸਮੇਂ ਜਦੋਂ ਵਿਸਲ ਵੱਜਦੀ ਤਾਂ ਉਹ ਕਹਿੰਦਾ, “ਹੁਣ ਮੈਨੂੰ ਜਾਣਾ ਚਾਹੀਦਾ ਹੈ। ਮੇਰੀ ਮਾਂ ਮੈਨੂੰ ਬੁਲਾ ਰਹੀ ਹੈ। “ਮਾਂ?" ਰਾਜਨੀਤੱਕ ਕੈਦੀ ਹੈਰਾਨੀ ਨਾਲ ਪੁੱਛਦੇ ਤਾਂ ਮੋਤੀ ਕਹਿੰਦਾ, "ਇਹ ਮੈੱਸ ਵਿੱਚੋਂ ਖਾਣੇ ਦਾ ਬੁਲਾਵਾ ਹੈ। ਇਹ ਸਾਡੀ ਮਾਂ ਹੈ ਕਿਉਂਕਿ ਸਾਡੇ ਸਰੀਰ ਦੀ ਸੱਤਿਆ ਨੂੰ ਇਹ ਕਾਇਮ ਰੱਖਦੀ ਹੈ। ਹਾਂ, ਇਹ ਮੇਰੀ ਬੜੀ ਪਿਆਰੀ ਮਾਂ ਹੈ।”

ਇਕ ਵਾਰੀ ਜੇਲ੍ਹ ਦੇ ਬਾਹਰੋਂ ਕਿਸੇ ਨੇ ਰਾਜਨੀਤੱਕ ਕੈਦੀਆਂ ਵਾਸਤੇ ਮਹਾਰਾਜ ਨੂੰ ਛੱਲੀਆਂ ਭੇਜੀਆਂ। ਮਹਾਰਾਜ ਨੇ ਉਨ੍ਹਾਂ ਵਿੱਚੋਂ ਇੱਕ ਮੋਤੀ ਨੂੰ ਦੇ ਦਿੱਤੀ। ਉਸ ਦੀਆਂ ਅੱਖਾਂ ਕੁਝ ਪਲਾਂ ਲਈ ਛੱਲੀ ਤੇ ਟਿਕੀਆਂ ਅਤੇ ਫਿਰ ਅੱਥਰੂਆਂ ਨਾਲ ਛਲਕ ਪਈਆਂ। ਉਹ ਕੋਈ ਸ਼ਬਦ ਨਾ ਬੋਲ ਸਕਿਆ। ਉਸ ਨੇ ਬੜੇ ਆਰਾਮ ਨਾਲ ਛੱਲੀ ਫ਼ਰਸ਼ ਤੇ ਰੱਖ ਦਿੱਤੀ, ਉਸ ਦੇ ਦੁਆਲੇ ਇੱਕ ਪਰਿਕਰਮਾ ਕੀਤੀ ਅਤੇ ਹੱਥ ਜੋੜੇ ਮੱਥਾ ਟੇਕਿਆ।

“ਮਾਂ” ਉਸ ਨੇ ਗੱਚ ਭਰ ਕੇ ਕਿਹਾ? "ਮੈਂ ਬਹੁਤ ਬਦਕਿਸਮਤ ਹਾਂ, ਤੈਨੂੰ ਵੇਖਿਆਂ ਨੂੰ ਵੀਹ ਸਾਲ ਹੋ ਗਏ।" ਸਾਰੇ ਕੈਦੀ ਚੁੱਪ-ਚਾਪ ਮੋਤੀ ਦੀਆਂ ਹਰਕਤਾਂ ਵੇਖ ਰਹੇ ਸਨ। ਉਨ੍ਹਾਂ ਨੇ ਉਸ ਦੇ ਸ਼ਬਦ ਵੀ ਸੁਣੇ ਸਨ। ਇਹ ਕੋਈ ਹਸਾਉਣਾ ਦ੍ਰਿਸ਼ ਨਹੀਂ ਸੀ। ਉਨ੍ਹਾਂ ਦੇ ਚਿਹਰਿਆਂ ਉੱਤੇ ਸੰਜੀਦਗੀ ਛਾ ਗਈ। ਧਰਤੀ ਦੇ ਇੱਕ ਸਪੂਤ ਨੇ ਮੱਕੀ ਦੇ ਕੁਝ ਦਾਣਿਆਂ ਨੂੰ ਵੇਖ ਕੇ ਵੀਹ ਸਾਲਾਂ ਦੇ ਲੰਮੇ ਅੰਤਰਾਲ ਪਿੱਛੋਂ ਆਪਣੇ ਆਪ ਨੂੰ ਪੁਨਰ-ਸੁਰਜੀਤ ਹੋਇਆ ਮਹਿਸੂਸ ਕੀਤਾ।

"ਦੋਸਤੋ" ਮਹਾਰਾਜ ਨੇ ਰਾਜਨੀਤੱਕ ਕੈਦੀਆਂ ਅਤੇ ਆਪਣੇ ਸਾਥੀਆਂ ਨੂੰ ਸੰਬੋਧਿਤ ਕੀਤਾ, "ਜੋ ਕੁਝ ਅਸਾਂ ਵੇਖਿਆ ਕੀ ਉਸ ਤੋਂ ਬਾਅਦ ਅਸੀਂ ਇਹ ਛੱਲੀਆਂ ਚੱਬ ਸਕਦੇ ਹਾਂ?" ਸਾਰਿਆਂ ਨੇ ਨਾਂਹ ਵਿੱਚ ਸਿਰ ਹਿਲਾ ਦਿੱਤੇ?"

"ਮੋਤੀ" ਉਸ ਨੇ ਕਿਹਾ ਇਹ ਸਾਰੀਆਂ ਤੂੰ ਲੈ ਲੈ। ਇਨ੍ਹਾਂ ਨੂੰ ਭੁੰਨ ਲੈ ਤੇ ਆਪਣੇ ਦੋਸਤਾਂ ਨਾਲ ਖਾ ਲੈ"।

"ਨਹੀਂ ਮਹਾਰਾਜ ਜੀ! ਅਸੀਂ ਕਿਥੇ ਇਨ੍ਹਾਂ ਨੂੰ ਭੁੰਨਾਂਗੇ।" ਉਸ ਨੇ ਉਦਾਸੀ ਵਿੱਚ ਇਹ ਸ਼ਬਦ ਕਹੇ ਤੇ ਚਲਾ ਗਿਆ।

ਇੱਕ ਦਿਨ ਮਹਾਰਾਜ ਨੇ ਆਪਣੇ ਸਾਥੀ ਗਣੇਸ਼ ਵਾਸਦੇਵ ਮਾਵਲੰਕਰ ਨੂੰ ਮੋਤੀ ਦਾ ਸਾਰਾ ਹਾਲ ਖੋਲ੍ਹ ਕੇ ਸੁਣਾਇਆ। ਇਸ ਦੇਸ਼ ਭਗਤ, ਜੋ ਕਿੱਤੇ ਵਜੋਂ ਇੱਕ ਵਕੀਲ ਸੀ, ਦਾ ਦਿਲ ਪਿਘਲ ਗਿਆ। ਉਸ ਨੇ ਮੋਤੀ ਵੱਲੋਂ ਰਹਿਮ ਦੀ ਅਰਜ਼ੀ ਤਿਆਰ ਕੀਤੀ ਅਤੇ ਉਚਿਤ ਅਧਿਕਾਰੀਆਂ ਕੋਲ ਭੇਜੀ। ਇਸ ਅਰਜ਼ੀ ਵਿੱਚ ਉਸ ਨੇ ਉਹ ਹਾਲਾਤ ਤੇ ਕਾਰਨ ਦੱਸੇ ਜਿਨ੍ਹਾਂ ਨੇ ਮੋਤੀ ਨੂੰ ਜੁਰਮ ਦੇ ਰਸਤੇ ਪੈਣ ਤੇ ਮਜਬੂਰ ਕੀਤਾ, ਅਤੇ ਇਹ ਵੀ ਲਿਖਿਆ ਕਿ ਉਸ ਦੀ ਪਤਨੀ ਤੇ ਪੁੱਤਰ ਬਾਈਆਂ ਸਾਲਾਂ ਤੋਂ ਉਸ ਦੀ ਵਾਪਸੀ ਦੀ ਉਡੀਕ ਕਰ ਰਹੇ ਹਨ। ਉਸ ਨੇ ਲਿਖਿਆ ਕਿ ਮੋਤੀ ਦੀ ਜਵਾਨੀ ਬਰਬਾਦ ਹੋ ਚੁੱਕੀ ਹੈ, ਉਸ ਨੂੰ ਆਪਣੇ ਪਿਛਲੇ ਸਾਲ ਆਪਣੇ ਪਰਿਵਾਰ ਵਿੱਚ ਬਿਤਾਉਣ ਦੀ ਆਗਿਆ ਮਿਲਣੀ ਚਾਹੀਦੀ ਹੈ।

ਅਰਜ਼ੀ ਉੱਤੇ ਛੇਤੀ ਹੀ ਅਮਲ ਕੀਤਾ ਗਿਆ। ਇੱਕ ਸ਼ਾਨਦਾਰ ਦਿਨ ਆਪਣੀ ਬਾਕੀ ਰਹਿੰਦੀ ਕੈਦ ਦੀ ਮੁਆਫ਼ੀ ਪਾ ਕੇ ਮੋਤੀ ਸਾਬਰਮਤੀ ਜੇਲ੍ਹ ਦੇ ਗੇਟ ਤੋਂ ਬਾਈਆਂ ਸਾਲਾਂ ਬਾਅਦ ਨਿਕਲਿਆ। ਪਰ ਅਜੇ ਘਰ ਪਹੁੰਚਣਾ ਇਤਨੀ ਆਸਾਨੀ ਨਾਲ ਨਸੀਬ ਨਹੀਂ ਸੀ। ਮੋਤੀ ਨੂੰ ਵਡੋਦਰਾ ਰਿਆਸਤ ਦੇ ਹਵਾਲੇ ਕਰ ਦਿੱਤਾ ਗਿਆ ਜਿੱਥੇ ਕਈ ਜੁਰਮਾਂ ਲਈ ਉਸ ਨੂੰ ਦਸ ਸਾਲਾਂ ਦੀ ਕੈਦ ਹੋਈ ਸੀ। ਉੱਥੇ ਵੀ ਉਸ ਦੀ ਸੱਤ ਸਾਲ ਦੀ ਸਜ਼ਾ ਮੁਆਫ਼ ਕੀਤੀ ਗਈ ਤਿੰਨਾਂ ਸਾਲਾਂ ਮਗਰੋਂ, ਇਤਨੇ ਲੰਮੇ ਸਮੇਂ, ਪਿੱਛੋਂ ਮੋਤੀ ਆਪਣੇ ਘਰ ਆ ਸਕਿਆ।

******

## ਹਾਜਰੀ

ਰਾਤ ਦੇ ਕਰੀਬ 9 ਵਜੇ ਇੱਕ ਢੋਲ ਦੀ ਆਵਾਜ਼ ਸੁਣੀ ਗਈ। ਛੇਤੀ ਹੀ ਪਿੰਡ ਵਾਸੀ ਟੋਲੀਆਂ ਵਿੱਚ ਥੜ੍ਹੇ ਤੇ ਇਕੱਠੇ ਹੋ ਗਏ ਅਤੇ ਥੋੜ੍ਹੇ ਦੇ ਸਾਹਮਣੇ ਜ਼ਮੀਨ ਤੇ ਬੈਠ ਗਏ। ਇੱਕ ਪਾਸੇ ਆਦਮੀ, ਦੂਜੇ ਪਾਸੇ ਤੀਵੀਆਂ ਬੈਠੀਆਂ ਸਨ। ਹਰ ਆਉਣ ਵਾਲਾ ਵਿਅਕਤੀ ਪਹਿਲਾਂ ਥੜ੍ਹੇ ਤੇ ਬੈਠੇ ਵਿਅਕਤੀਆਂ ਨੂੰ ਬੜੇ ਸਤਿਕਾਰ ਨਾਲ ਰਾਮਸਤ ਕਹਿੰਦਾ। ਮਿੱਟੀ ਦੇ ਤੇਲ ਦੀ ਲਾਲਟੈਨ ਜੋ ਇਕ ਆਦਮੀ ਦੇ ਕੋਲ ਪਈ ਸੀ, ਉਸ ਦੇ ਦੁਆਲੇ ਇਕ ਦਾਇਰੇ ਵਿੱਚ ਪੀਲਾ ਜਿਹਾ ਚਾਨਣ ਸੁੱਟ ਰਹੀ ਸੀ। ਇਕ ਨਿੱਬ ਵਾਲੀ ਕਲਮ ਤੇ ਡੱਬੇ ਵਾਲੀ ਦਵਾਤ ਉਸ ਦੇ ਸਾਹਮਣੇ ਪਏ ਸਨ। ਉਹ ਪਿੰਡ ਵਾਸੀਆਂ ਦੀ ਰਾਮਸਤ ਦਾ ਕੋਈ ਉੱਤਰ ਨਹੀਂ ਸੀ ਦੇ ਰਿਹਾ। ਉਸ ਦੀਆਂ ਅੱਖਾਂ ਬਾਰ ਬਾਰ ਇਕ ਹੋਰ ਆਦਮੀ ਤੇ ਗੱਡੀਆਂ ਜਾਂਦੀਆਂ ਸਨ ਜੋ ਮਹਿਮਾਨ ਸੀ ਅਤੇ ਕੁਰਸੀ ਤੇ ਬੈਠਾ ਹੋਇਆ ਸੀ। ਆਦਮੀ ਉਸ ਪ੍ਰਾਹੁਣੇ ਦੇ ਚਿਹਰੇ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਸ ਦੀ ਸ਼ਕਤੀ ਦੇ ਇਸ ਦਿਖਾਵੇ ਤੋਂ ਉਹ ਪ੍ਰਾਹੁਣਾ ਕਿੰਨਾ ਕੁ ਪ੍ਰਭਾਵਿਤ ਹੋਇਆ ਸੀ। ਪ੍ਰਾਹੁਣੇ ਦੀ ਕੁਰਸੀ ਦੇ ਕੋਲ ਹੀ ਇੱਕ ਮੰਜੀ ਡੱਠੀ ਹੋਈ ਸੀ, ਜਿਸ ਉਪਰ ਇੱਕ ਚੌੜਾ ਨਰਮ ਗਦੇਲਾ ਤੇ ਚਿੱਟੀ ਦੁੱਧ ਚਾਦਰ ਵਿਛੀ ਹੋਈ ਸੀ। ਇੱਕ ਮੋਟਾ ਨਰਮ ਸਿਰ੍ਹਾਣਾ ਵੀ ਪਿਆ ਸੀ।

ਕਲਮ ਤੇ ਦਵਾਤ ਵਾਲਾ ਆਦਮੀ ਪਿੰਡ ਦਾ ਮੁਖੀ ਸੀ। ਉਹ ਗ੍ਰਾਸੀਆ ਜਾਤ ਦਾ ਸੀ। ਜਦੋਂ ਸਾਰੇ ਬੈਠ ਗਏ ਤਾਂ ਉਸ ਨੇ ਰਜਿਸਟਰ ਵਿੱਚੋਂ ਉਨ੍ਹਾਂ ਦੇ ਨਾਂ ਬੋਲਣੇ ਸ਼ੁਰੂ ਕਰ ਦਿੱਤੇ। ਜਵਾਬ ਵਿੱਚ ਹਰੇਕ ਆਦਮੀ ਆਪਣੀ ਹਾਜ਼ਰੀ ਲੁਆਉਂਦਾ :

"ਕਰਸਨ ਪੰਜਾ"

“ਹਾਜ਼ਰ”

“ਮੋਤੀ ਦੇਵਾ”

“ਹਾਜ਼ਰ”

"ਗੁਲਾਬ ਕਾਲਾ"

“ਹਾਜ਼ਰ"

ਰਜਿਸਟਰ ਵਿੱਚ ਹਾਜ਼ਰੀ ਲਾ ਚੁੱਕਣ ਉਪਰੰਤ ਉਸ ਨੇ ਹਾਜ਼ਰ ਵਿਅਕਤੀਆਂ ਨੂੰ ਆਪਣੀ ਮਰਜ਼ੀ ਨਾਲ ਬੈਠੇ ਰਹਿਣ ਜਾਂ ਚਲੇ ਜਾਣ ਲਈ ਕਿਹਾ। ਵਿੱਚ ਵਿੱਚ ਇਸਤਰੀਆਂ ਦੇ ਨਾਂ ਸੁਣੇ ਗਏ।

"ਜੀਵੀ ਸ਼ਾਨੀਓ"

“ਹਾਜ਼ਰ"

“ਮਾਨੀ ਗਾਲਬ”

“ਹਾਜ਼ਰ"

ਇਹੀ ਆਖਰੀ ਆਵਾਜ਼ ਸੁਣਦੇ ਹੀ ਮੁਖੀ ਨੇ ਆਪਣੀਆਂ ਅੱਖਾਂ ਰਜਿਸਟਰ ਵੱਲੋਂ ਉਠਾ ਕੇ ਤੀਵੀਆਂ ਵਾਲੇ ਪਾਸੇ ਖੋਜਵੀਂ ਨਜ਼ਰ ਸੁੱਟੀ।

ਉਸ ਨੇ ਮੋਟੀ ਆਵਾਜ਼ ਵਿੱਚ ਕਿਹਾ, “ਇਹ ਕੌਣ ਹੈ?"

ਇੱਕ ਜਨਾਨਾ ਆਵਾਜ਼ ਨੇ ਜਵਾਬ ਦਿੱਤਾ, “ਮਾਨੀ ਗਾਲਬ ਹਾਂ”

“ਝੂਠੀ ਕਿਤੋਂ ਦੀ, ਤੂੰ ਮੈਨੂੰ ਧੋਖਾ ਦੇਣਾ ਚਾਹੁੰਦੀ ਹੈਂ?" ਐਧਰ ਆ ਤੇ ਆਪਣਾ ਸੁੰਦਰ

ਚਿਹਰਾ ਮੈਨੂੰ ਵਿਖਾ, ਮਨਕੀ।

“ਚੰਗੀ ਤਰ੍ਹਾਂ ਵੇਖ ਲੈ, ਮੈਂ ਹੀ ਹਾਂ" ਤੀਵੀਂ ਨੇ ਖੜ੍ਹੇ ਹੁੰਦਿਆਂ, ਅੱਗੇ ਵਧਦਿਆਂ ਅਤੇ ਲਾਲਟੈਨ ਦੇ ਚਾਨਣ ਕੋਲ ਆਉਂਦਿਆਂ ਕਿਹਾ।

“ਠੀਕ ਹੈ, ਜਾ ਆਪਣੀ ਥਾਂ ਬੈਠ ਜਾ। ਮੁਖੀ ਨੇ ਹੁਕਮ ਦਿੱਤਾ। ਉਸ ਨੇ ਤਦ ਪ੍ਰਾਹੁਣੇ ਵੱਲ ਪਰਤ ਕੇ ਉਸ ਨੂੰ ਦੱਸਿਆ, "ਕਈ ਵਾਰ ਇਹ ਕੁੱਤੀਆਂ ਗੈਰਹਾਜ਼ਰਾਂ ਦੀ ਹਾਜ਼ਰੀ ਝੂਠਾ ਨਾਂ ਬੋਲ ਕੇ ਲੁਆ ਜਾਂਦੀਆਂ ਹਨ। ਇਹ ਮੈਨੂੰ ਬੁੱਧੂ ਸਮਝਦੀਆਂ ਹਨ। ਮੈਂ ਹਰੇਕ ਨੂੰ ਉਸ ਦੀ ਆਵਾਜ਼ ਤੋਂ ਪਛਾਣਦਾ ਹਾਂ। ਮੈਂ ਕੋਈ ਬੱਚਾ ਨਹੀਂ।”

ਇਤਨਾ ਕਹਿ ਕੇ ਮੁਖੀ ਨੇ ਮੁੜ ਹਾਜ਼ਰੀ ਬੋਲਣੀ ਸ਼ੁਰੂ ਕਰ ਦਿੱਤੀ। ਪ੍ਰਾਹੁਣੇ ਦੇ ਝੁਰੜੀ ਰਹਿਤ ਅਤੇ ਸ਼ਾਂਤ ਚਿਹਰੇ ਉੱਤੇ ਹਲਕੀ ਜਿਹੀ ਲਾਲੀ ਫਿਰ ਗਈ। ਉਸ ਦੇ ਚਿਹਰੇ ਨੇ ਭਵਿੱਖ ਸਬੰਧੀ ਉਸ ਦੀ ਨੀਰਸਤਾ, ਬੇਉਮੀਦੀ, ਖਿਝ ਤੇ ਤੌਖਲੇ ਨੂੰ ਪ੍ਰਗਟ ਕੀਤਾ। ਹਾਜ਼ਰੀ ਮੁੱਕਣ ਪਿੱਛੋਂ, ਰਜਿਸਟਰ ਬੰਦ ਕਰਨ ਤੋਂ ਬਾਅਦ ਮੁਖੀ ਨੇ ਪ੍ਰਾਹੁਣੇ ਨੂੰ ਕਿਹਾ, “ਹਾਲ ਦੀ ਘੜੀ ਤਾਂ ਸਭ ਕੁਝ ਠੀਕ ਹੈ ਪਰ ਕੋਈ ਕੀ ਕਹਿ ਸਕਦਾ ਹੈ। ਸਾਨੂੰ ਇਨ੍ਹਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜੇ ਇਹ ਅੱਜ ਹੀ ਜਾ ਕੇ ਕੋਈ ਵਾਰਦਾਤ ਨਾ ਕਰ ਦੇਣ। ਇਹ ਸਹੁਰੇ ਆਪਣੀ ਹਾਜ਼ਰੀ ਲੁਆਉਂਦੇ ਹਨ ਅਤੇ ਉਸੇ ਰਾਤ ਚੋਰੀ ਕਿਧਰੇ 50 ਮੀਲ ਦੂਰ ਜਾ ਕਰਦੇ ਹਨ।”

ਪ੍ਰਾਹੁਣੇ ਤੋਂ ਮੱਲੋ ਮੱਲੀ ਇਹ ਪੁੱਛਿਆ ਗਿਆ, “ਕੀ ਔਰਤਾਂ ਵੀ ਇਹ ਕੁਝ ਕਰ ਲੈਂਦੀਆਂ ਹਨ?"

ਔਰਤਾਂ ਇਨ੍ਹਾਂ ਦੀ ਤਾਂ ਗੱਲ ਹੀ ਰਹਿਣ ਦਿਓ। ਤੀਵੀਆਂ ਤੇ ਲੜਕੀਆਂ ਆਖ਼ਰ ਚੋਰਾਂ ਦੀਆਂ ਹੀ ਤਾਂ ਅੰਗ ਸ਼ਰੀਕ ਹਨ। ਜੇ ਇਹ ਗੱਲ ਨਾ ਹੁੰਦੀ ਤਾਂ ਗਾਇਕਵਾੜ ਸਰਕਾਰ ਜਰਾਇਮ-ਪੇਸ਼ਾ ਕਬੀਲਿਆਂ ਵਾਲੇ ਕਾਨੂੰਨ ਇੱਥੇ ਕਿਉਂ ਲਾਉਂਦੀ?" ਜ਼ਰਾ ਇਨ੍ਹਾਂ ਵੱਲ ਵੇਖੋ ਤਾਂ ਸਹੀ। ਇਹ ਉੱਪਰੋਂ ਕਿੰਨੇ ਸ਼ਰੀਫ਼ਜ਼ਾਦੇ ਬਣਦੇ ਹਨ-ਜਿਵੇਂ ਇਹ ਸ਼ਾਹੀ ਘਰਾਣੇ ਵਿੱਚੋਂ ਹੋਣ ਪਰ ਇਹ ਸਾਰੇ ਚੋਰ ਹਨ : ਅੰਦਰੋਂ ਬਾਹਰੋਂ, ਤੀਵੀਆਂ ਆਦਮੀ ਸਾਰੇ ਦੇ ਸਾਰੇ ਆਖਰ ਕੋਲ ਹੀ ਤਾਂ ਹਨ।”

"ਕੀ ਤੁਸੀਂ ਇਨ੍ਹਾਂ ਨੂੰ ਥੋੜ੍ਹਾ ਚਿਰ ਹੋਰ ਬੈਠਣ ਲਈ ਕਹੋਗੇ? ਮੈਂ ਇਨ੍ਹਾਂ ਨਾਲ ਗੱਲਾਂ ਕਰਨੀਆਂ ਚਾਹੁੰਦਾ ਹਾਂ," ਪ੍ਰਾਹੁਣੇ ਨੇ ਉਸੇ ਸ਼ਾਂਤ ਤੇ ਨੱਪੀ-ਤੁਲੀ ਆਵਾਜ਼ ਵਿੱਚ ਕਿਹਾ।

“ਹਾਂ ! ਹਾਂ !! ਕਿਉਂ ਨਹੀਂ ! ਓਏ ! ਸੂਰੋ ਕਿੱਥੇ ਜਾਂਦੇ ਹੋ? ਬੈਠੇ ਰਹੋ। ਉਸ ਨੇ ਉਨ੍ਹਾਂ ਨੂੰ ਤਾੜਿਆ," ਤੁਹਾਨੂੰ ਦਿਖਦਾ ਨਹੀਂ ਤੁਹਾਡਾ ਇਹ ਪਿਓ ਤੁਹਾਡੇ ਨਾਲ ਗੱਲਾਂ ਕਰਨ ਲਈ ਆਇਆ ਹੈ?" ਉਸ ਨੇ ਪ੍ਰਾਹੁਣੇ ਵੱਲ ਇਸ਼ਾਰਾ ਕਰਦਿਆਂ ਕਿਹਾ। “ਬਹਿ ਜਾਓ ਤੇ ਉਨ੍ਹਾਂ ਦੀਆਂ ਸਿਆਣੀਆਂ ਗੱਲਾਂ ਸੁਣੋ।”

ਔਰਤਾਂ ਪਹਿਲਾਂ ਜੀ ਜਾ ਚੁੱਕੀਆਂ ਸਨ। ਮਰਦ ਸਰਕਸ ਦੇ ਕੈਦੀ ਜਾਨਵਰਾਂ ਵਾਂਗ ਬਹਿ ਗਏ।

“ਮੇਰੇ ਭਰਾਓ!” ਪ੍ਰਾਹੁਣੇ ਨੇ ਬੜੀ ਨਰਮ ਤੇ ਮਿੱਠੀ ਆਵਾਜ਼ ਵਿੱਚ ਗੱਲ ਸ਼ੁਰੂ ਕੀਤੀ। “ਕੀ ਇਹ ਹਾਜਰੀ ਰੋਜ਼ਾਨਾ ਨੇਮ ਹੈ?"

ਇਸ ਤੋਂ ਪਹਿਲਾਂ ਕਿ ਹੋਰ ਕੋਈ ਜਵਾਬ ਦਿੰਦਾ ਮੁਖੀ ਬੋਲ ਉੱਠਿਆ, “ਦਿਨ ਵਿੱਚ ਦੋ ਵਾਰੀ।” ਪ੍ਰਾਹੁਣੇ ਦੀ ਗੱਲ ਕੱਟਦਿਆਂ ਉਸ ਨੇ ਆਕੜਦੇ ਹੋਏ ਮੁੱਛਾਂ ਨੂੰ ਹੱਥ ਫੇਰਿਆ। ਪਰ ਪ੍ਰਾਹੁਣੇ ਨੇ ਉਸ ਦੀ ਗੱਲ ਅਣਸੁਣੀ ਕਰਕੇ ਬੈਠੇ ਲੋਕਾਂ ਨੂੰ ਪੁੱਛਿਆ, “ਕੀ ਤੁਹਾਨੂੰ ਇਹ ਹਾਜਰੀ ਦਾ ਤਰੀਕਾ ਪਸੰਦ ਹੈ?"

ਪਹਿਲੇ ਤਾਂ ਹਰ ਪਾਸੇ ਚੁੱਪ ਰਹੀ ਕੁਝ ਚਿਰ ਪਿੱਛੋਂ ਸਰੋਤਿਆਂ ਵਿੱਚੋਂ ਇਕ ਬੋਲਿਆ, "ਸਾਡੀ ਪਸੰਦ ਜਾਂ ਨਾਪਸੰਦ ਨਾਲ ਕੀ ਫ਼ਰਕ ਪੈਂਦਾ ਹੈ। ਪਸੰਦ ਨਾ ਕਰਨ ਤੇ ਅਸੀਂ ਕਰ ਵੀ ਕੀ ਸਕਦੇ ਹਾਂ?"

"ਅਤੇ ਕੀ ਤੁਸੀਂ ਆਪਣੀਆਂ ਤੀਵੀਆਂ ਦੀ ਵੀ ਇਸ ਤਰ੍ਹਾਂ ਹਾਜਰੀ ਲਾਈ ਜਾਣੀ ਪਰਵਾਨ ਕਰਦੇ ਹੋ?”

"ਬਿਲਕੁਲ ! ਅਸੀਂ ਬਹੁਤ ਖੁਸ਼ੀ ਨਾਲ ਕਰਦੇ ਹਾਂ।”

ਜਵਾਬ ਨੇ ਪ੍ਰਾਹੁਣੇ ਨੂੰ ਚੌਂਕਾ ਦਿੱਤਾ, ਪਰ ਉਸ ਨੇ ਆਪਣੀ ਸ਼ਾਂਤੀ ਬਣਾਈ ਰੱਖੀ। "ਤੁਸੀਂ ਇਸ ਨੂੰ ਕਿਉਂ ਪਸੰਦ ਕਰਦੇ ਹੋ?" ਉਸ ਨੇ ਪੁੱਛਿਆ।

"ਅਸੀਂ ਕਰੀਏ ਵੀ ਕਿਉਂ ਨਾ? ਪਹਿਲਾਂ ਜਦੋਂ ਹਾਜਰੀ ਨਹੀਂ ਸੀ ਹੁੰਦੀ, ਅਸੀਂ ਜਦੋਂ ਕੁੱਤੀਆਂ ਦੀ ਕੁਟਾਈ ਕਰਦੇ, ਇਹ ਸਾਲ਼ੀਆਂ ਹੌਂਕਣ ਲੱਗ ਪੈਂਦੀਆਂ ਅਤੇ ਪੇਕਿਆਂ ਵੱਲ ਨੱਸ ਉੱਠਦੀਆਂ। ਹੁਣ? ਭਾਵੇਂ ਮਾਰ ਮਾਰ ਕੇ ਅਸੀਂ ਇਨ੍ਹਾਂ ਦੀ ਚਮੜੀ ਉਧੇੜ ਦੇਈਏ, ਇਹ ਭੱਜਣ ਦਾ ਹੀਆ ਨਹੀਂ ਕਰਦੀਆਂ ? ਕਦੇ ਨਹੀਂ । ਕਿਉਂਕਿ ਜੋ ਇਹ ਹਾਜਰੀ ਵਿੱਚ ਨਾ ਆਉਣ ਤਾਂ ਇਨ੍ਹਾਂ ਦੀ ਖੇਡ ਵਧੀਆ ਹੋ ਜਾਏ। ਹੁਣ ਭਾਵੇਂ ਅਸੀਂ ਇਨ੍ਹਾਂ ਦੀਆਂ ਹੱਡੀਆਂ ਵੀ ਤੋੜ ਕੇ ਰੱਖ ਦੇਈਏ, ਇਹ ਚੂੰ ਨਹੀਂ ਕਰਦੀਆਂ। ਇਹ ਹਾਜਰੀ ਜ਼ਾਲਮ ਇੰਨੀ ਚੰਗੀ ਹੈ, ਮੇਰਾ ਕਹਿਣ ਦਾ ਇਹੀ ਮਤਲਬ ਹੈ ।"

ਉਸ ਦੀ ਗੱਲ ਤੇ ਕੁਝ ਲੋਕ ਹੱਸ ਪਏ। ਕੁਝ ਨੇ ਉਸ ਨੂੰ ਝਾੜ ਪਾਈ ਤੇ ਕੁਝ ਚੁੱਪ ਹੀ ਰਹੇ ।

"ਚੁੱਪ ਕਰ ਕੇ ਬਹੁ"
"ਜਨੌਰ ਜਿਹਾ ਨਾ ਹੋਵੇ ਕਿਤੋਂ ਦਾ"
"ਇਹ ਵੀ ਕੋਈ ਬੋਲਣ ਦਾ ਤਰੀਕਾ ਹੈ ?"
"ਪਾਗਲ ਕੁੱਤਾ ਜਿਹਾ ਕਿਤੋਂ ਦਾ"
"ਤੈਨੂੰ ਗੱਲ ਕਰਨ ਦੀ ਵੀ ਅਕਲ ਨਹੀਂ ?"
ਮੁਖੀ ਨੇ ਪ੍ਰਾਹੁਣੇ ਵੱਲ ਤੱਕਿਆ ਤੇ ਆਪਣੀ ਬਤੀਸੀ ਵਿਖਾਈ।

ਪਰ ਪ੍ਰਾਹੁਣੇ ਦਾ ਦਿਲ ਸ਼ਰਮ ਨਾਲ ਵਿੰਨ੍ਹਿਆ ਗਿਆ ਸੀ। ਕੁਝ ਚਿਰ ਦੀ ਚੁੱਪ ਪਿੱਛੋਂ, ਪ੍ਰਾਹੁਣੇ ਨੇ ਫਿਰ ਗੱਲ ਤੋਰੀ, "ਕੀ ਤੁਹਾਡੇ ਵਿੱਚੋਂ ਕੋਈ ਮੈਨੂੰ ਆਪਣੇ ਘਰ ਰਾਤ ਕੱਟਣ ਲਈ ਥਾਂ ਦੇ ਸਕਦਾ ਹੈ ?"

ਹੈਰਾਨ ਹੋਏ ਮੁਖੀ ਨੇ ਇਕਦਮ ਕਿਹਾ। "ਨਹੀਂ, ਤੁਸੀਂ ਇਨ੍ਹਾਂ ਦੇ ਘਰ ਕਿਉਂ ਜਾਓਗੇ, ਮੈਂ ਤੁਹਾਡੇ ਲਈ ਇਹ ਬਿਸਤਰਾ ਉਚੇਚੇ ਤੌਰ ਤੇ ਮੰਗਵਾਇਆ ਹੈ। ਤੁਸੀਂ ਇੱਥੇ ਬਿਰਾਜੋਗੇ।"

ਨਹੀਂ, ਮੈਂ ਇੱਥੇ ਨਹੀਂ ਸੌਂ ਸਕਾਂਗਾ" ਪ੍ਰਾਹੁਣੇ ਨੇ ਆਪਣਾ ਖੱਦਰ ਦਾ ਝੋਲਾ ਚੁੱਕਿਆ ਜਿਸ ਵਿੱਚ ਕੁਝ ਕੱਪੜੇ ਸਨ ਅਤੇ ਅਚਾਨਕ ਉੱਠ ਖੜੋਤਾ। ਇਸ ਤੋਂ ਪਹਿਲਾਂ ਕਿ ਮੁਖੀ ਆਪਣੀ ਬੇਯਕੀਨੀ ਤੇ ਕਾਬੂ ਪਾਵੇ, ਪ੍ਰਾਹੁਣਾ ਜਾਂਦੇ ਆਦਮੀਆਂ ਵਿੱਚੋਂ ਜਿਹੜਾ ਆਪਣੀਆਂ ਹਨ੍ਹੇਰੀਆਂ ਝੁੱਗੀਆਂ ਵੱਲ ਜਾ ਰਿਹਾ ਸੀ, ਇਕ ਬ੍ਰਾਹਮਣ ਕੋਲੀ ਜਾਤ ਦੇ ਚੋਰਾਂ ਤੇ ਡਾਕੂਆਂ ਦੀਆਂ ਝੁੱਗੀਆਂ ਵਿੱਚ ਜਾ ਕੇ ਰਹੇ। ਇਹ ਬ੍ਰਾਹਮਣ ਕੁਝ ਮਹੀਨੇ ਪਹਿਲਾਂ ਤਾਵਾਨ (ਵਿਸ਼ੇਸ਼ਕਰ) ਦੇਵ ਦੇ ਵਿਰੁੱਧ ਖੇੜਾ ਜ਼ਿਲ੍ਹੇ ਵਿੱਚ ਛਿੜੇ ਲੋਕ ਅੰਦੋਲਨ ਦੇ ਦੌਰਾਨ ਉਸ ਨੂੰ ਮਿਲਿਆ ਸੀ ਅਤੇ ਉਸ ਨੇ ਆਪਣੇ ਪਿੰਡ ਆਉਣ ਲਈ ਉਸ ਨੂੰ ਸੱਦਾ ਦਿੱਤਾ ਸੀ। ਅੱਜ ਸ਼ਾਮੀ ਉਸ 'ਬ੍ਰਾਹਮਣ ਨੂੰ ਅਚਾਨਕ ਉਸ ਨੇ ਕਿੱਤੋਂ ਪ੍ਰਗਟ ਹੁੰਦਿਆਂ ਵੇਖਿਆ ਅਤੇ ਪਿੰਡ ਵਿੱਚ ਰਾਤ ਗੁਜ਼ਾਰਨ ਲਈ ਕਿਹਾ। ਉਹ ਉਸ ਨੂੰ ਪਿੰਡ ਉੱਤੇ ਅਤੇ ਇਨ੍ਹਾਂ ਸੈਂਕੜੇ ਖ਼ੌਫ਼ਨਾਕ ਮਰਦ ਤੀਵੀਆਂ ਉੱਤੇ ਆਪਣਾ ਰੋਹਬ ਵਿਖਾਉਣਾ ਚਾਹੁੰਦਾ ਸੀ। ਇਸ ਨਾ-ਸ਼ੁਕਰੇ ਬ੍ਰਾਹਮਣ ਨੂੰ ਪ੍ਰਾਹੁਣਾਚਾਰੀ ਦੀ ਪੇਸ਼ਕਸ਼ ਕਰਕੇ ਉਹ ਪਛਤਾ ਰਿਹਾ ਸੀ। ਉਸ ਨੇ ਆਪਣੇ ਸਾਥੀ ਨੂੰ ਗ਼ੁੱਸੇ ਨਾਲ ਕਿਹਾ ਲਾਲਟੈਨ ਚੁੱਕੇ ਤੇ ਘਰ ਚਲਾ ਜਾਵੇ।

ਅੱਧੀ ਰਾਤ ਵਲੋਂ ਟੱਪਰੀਵਾਸ ਬਿਨਾਂ ਬੁਲਾਏ ਉਸ ਝੁੱਗੀ ਵਿੱਚ ਆ ਜੁੜ ਜਿੱਥੇ ਉਹ ਪਾਹੁਣਾ ਠਹਿਰਿਆ ਸੀ। ਉਹ ਉਨ੍ਹਾਂ ਵੱਲ ਮੂੰਹ ਕਰੀ ਮੰਜੀ ਤੇ ਬੈਠਿਆਂ ਹਾਜਰੀ ਬਾਰੇ ਸੋਚਦਾ ਖੋਲ ਰਿਹਾ ਸੀ। ਹੇ ਪ੍ਰਮਾਤਮਾ। ਇਹ ਹਾਜਰੀ ਏਦਾਂ ਦੀ ਹੁੰਦੀ ਹੈ ? ਹਾਜਰੀ ਜਿਹੜੀ ਮਨੁੱਖ ਨੂੰ ਇੰਨੀ ਘਟੀਆ ਸ਼੍ਰੇਣੀ ਵਿੱਚ ਧੱਕ ਦੇਂਦੀ ਹੈ, ਜਿਹੜੀ ਜਾਤੀ ਦੇ ਹਰ ਮੈਂਬਰ ਨੂੰ ਹਰ ਮਰਦ, ਹਰ ਔਰਤ ਨੂੰ ਮਾਂ ਦੀ ਕੁੱਖ ਤੋਂ ਬਾਹਰ ਨਿਕਲਦਿਆਂ ਹੀ ਜ਼ਰਾਇਮ-ਪੇਸ਼ਾ ਬਣਾ ਦਿੰਦੀ ਹੈ। ਨਿਰਾ ਮਰਦਾਂ ਨੂੰ ਹੀ ਨਹੀਂ, ਔਰਤਾਂ ਨੂੰ ਵੀ: ਅਤੇ ਮੁਖੀ ਵਰਗੇ ਝੁੱਡੂ ਔਰਤ ਦੀ ਆਵਾਜ਼ ਉੱਤੇ ਸ਼ੱਕ ਕਰਦੇ ਹੋਏ ਉਨ੍ਹਾਂ ਦਾ

ਘੁੰਡ ਲੁਹਾ ਕੇ ਉਨ੍ਹਾਂ ਨੂੰ ਵੇਖਣ ਦਾ ਦੁਸਾਹਸ ਕਰਦੇ ਹਨ ਅਤੇ ਸਭ ਤੋਂ ਅਫ਼ਸੋਸਨਾਕ ਗੱਲ ਇਹ ਹੈ ਕਿ ਇਹ ਲੋਕ ਆਪਣੀਆਂ ਤੀਵੀਆਂ ਦੀ ਹਾਜਰੀ ਤੇ ਖਿੜ ਖਿੜ ਕਰਕੇ ਹੱਸਦੇ ਹਨ।

ਉਨ੍ਹਾਂ ਨੂੰ ਇਕੱਠੇ ਹੁੰਦਿਆਂ ਵੇਖ ਕੇ ਉਸ ਦਾ ਕ੍ਰੋਧ ਕੁਝ ਠੰਢਾ ਹੋਇਆ। ਉਸ ਨੂੰ ਇਹ ਮਹਿਸੂਸ ਹੋਇਆ ਕਿ ਇਹ ਉਸ ਦੇ ਆਪਣੇ ਲੋਕ ਹਨ, ਉਸ ਦੇ ਆਪਣੇ ਭਾਈਬੰਧ। ਇਸ ਨਾਲ ਉਸ ਨੂੰ ਠੰਢਕ ਜਿਹੀ ਪਈ। ਉਹ ਜਾਣਦਾ ਸੀ ਕਿ ਇਨ੍ਹਾਂ ਵਿੱਚੋਂ ਬਹੁਤੇ ਲੋਕ ਚੋਰ ਹਨ। ਉਹ ਰੱਬ ਨੂੰ ਕੁਝ ਨਹੀਂ ਸੀ ਜਾਣਦੇ, ਧਰਮ, ਚੰਗਿਆਈ ਅਤੇ ਹੱਕ ਨਿਆਂ ਬਾਰੇ ਬਿਲਕੁਲ ਅਣਭਿੱਜ ਹਨ, ਜਿਨ੍ਹਾਂ ਨੂੰ ਸਮਾਜ ਇੰਨਾ ਉੱਚਾ ਸਮਝਦਾ ਹੈ। ਫਿਰ ਵੀ ਉਸ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਨੇੜੇ ਮਹਿਸੂਸ ਕੀਤਾ ਜਿਵੇਂ ਉਹ ਖੁਦ ਉਨ੍ਹਾਂ ਵਿੱਚੋਂ ਇੱਕ ਹੋਵੇ। ਉਸ ਨੇ ਭਾਸ਼ਣ ਦੇਣ ਦੀ ਬਜਾਇ ਸਿੱਧਾ ਸਵਾਲ ਕੀਤਾ, “ਕੀ ਤੁਹਾਨੂੰ ਹਾਜਰੀ ਪਸੰਦ ਹੈ ?”

“ਸ੍ਰੀਮਾਨ ਜੀ! ਅਸੀਂ ਇਸ ਨੂੰ ਬਿਲਕੁਲ ਪਸੰਦ ਨਹੀਂ ਕਰਦੇ, ਪਰ ਅਸੀਂ ਕੀ ਕਰ ਸਕਦੇ ਹਾਂ। ਦਿਨ ਵਿੱਚ ਦੋ ਵਾਰੀ ਅਸੀਂ ਆਪਣੇ ਖੇਤਾਂ ਵਿੱਚ ਆਪਣੇ ਰੋਂਦੇ ਬੱਚਿਆਂ ਤੇ ਲਾਚਾਰ ਮਾਪਿਆਂ ਨੂੰ ਬੀਮਾਰਾਂ ਨੂੰ, ਬਿਨਾਂ ਸੇਵਾ ਛੱਡ ਕੇ, ਪਿੰਡ ਵੱਲ ਨੂੰ ਆਉਂਦੇ ਹਾਂ।”

“ਅਤੇ ਤੁਹਾਡੀਆਂ ਤੀਵੀਆਂ ਦੀ ਜੋ ਬੇਪਤੀ ਹੁੰਦੀ ਹੈ ਉਸ ਨੂੰ ਤੁਸੀਂ ਕਿਵੇਂ ਸਮਝਦੇ ਹੋ ?”

ਇਸ ਦਾ ਉਹ ਕੋਈ ਜਵਾਬ ਨਹੀਂ ਦੇ ਸਕੇ, ਸ਼ਰਮ ਨਾਲ ਸਿਰ ਝੁਕਾਈ ਬੈਠੇ ਰਹੇ। ਐਤਕੀਂ ਕਿਸੇ ਨੇ ਵੀ ਕੋਈ ਬੇਸ਼ਰਮੀ ਵਾਲੀ ਗੱਲ ਮੂੰਹੋਂ ਨਾ ਕੱਢੀ। ਪ੍ਰਾਹੁਣੇ ਦੇ ਦਿਲ ਵਿੱਚ ਆਸ ਦੀ ਇੱਕ ਕਿਰਨ ਜਾਗੀ। ਹੁਣ ਤੱਕ ਇਨ੍ਹਾਂ ਦਾ ਵਿਹਾਰ ਬਹੁਤ ਸਾਊ ਸੀ।

"ਜੇ ਇਹ ਗੱਲ ਹੈ ਤਾਂ ਹਾਜਰੀ ਵਿੱਚ ਜਾਣਾ ਬੰਦ ਕਰ ਦਿਓ ।"

ਇਹ ਨਸੀਹਤ ਕਰ ਕੇ ਉਹ ਸੌਂ ਗਿਆ, ਪਰ ਉਸ ਦੇ ਧੁਰ ਅੰਦਰ ਵਿੱਚੋਂ ਇੱਕ ਆਵਾਜ਼ ਆਈ ਕਿ ਉਸ ਦੀ ਨਸੀਹਤ ਠੀਕ ਨਹੀਂ ਸੀ, ਕਿ ਉਹ ਭਾਵੇਂ ਉਨ੍ਹਾਂ ਨੂੰ ਅੱਗੇ ਵਧਾਉਣਾ ਚਾਹੁੰਦਾ ਸੀ ਪਰ ਉਨ੍ਹਾਂ ਦਾ ਭਲਾ ਹਾਜਰੀ ਵਿੱਚ ਸ਼ਾਮਲ ਨਾ ਹੋਣ ਨਾਲ ਨਹੀਂ ਸੀ। ਉਸ ਨੂੰ ਉਹ ਉਤਨੇ ਹੀ ਭੋਲੇ ਭਾਲੇ ਲੱਗੇ ਜਿੰਨੇ ਕਿ ਬੱਚੇ।

ਅਗਲੀ ਭਲਕ ਉਸ ਨੇ ਤੁਰਨਾ ਸ਼ੁਰੂ ਕਰ ਦਿੱਤਾ। ਉਸ ਨੇ ਪ੍ਰਣ ਕੀਤਾ ਹੋਇਆ ਸੀ ਕਿ ਉਹ ਗੱਡੀ ਵਿੱਚ ਕਦੇ ਵੀ ਨਹੀਂ ਚੜ੍ਹੇਗਾ। ਉਹ ਹਮੇਸ਼ਾ ਪੈਦਲ ਚਲਿਆ ਕਰਦਾ ਸੀ। ਇਸ ਤਰ੍ਹਾਂ ਉਹ ਤੁਰਦਾ ਗਿਆ, ਥਕਾਵਟ, ਗਰਮੀ, ਭੁੱਖ, ਪਿਆਸ ਦੀ ਚਿੰਤਾ ਕੀਤੇ ਬਿਨਾਂ। ਅਖੀਰ ਉਹ ਵਡੋਦਰਾ ਕੋਲ ਪਹੁੰਚ ਕੇ ਰੁਕਿਆ। ਉਹ ਸ਼ਹਿਰ ਦੇ ਕੋਤਵਾਲ ਨੂੰ ਜਾਣਦਾ ਸੀ। ਉਹ ਜਾਣਦਾ ਸੀ ਕਿ ਕੋਤਵਾਲ ਇੱਕ ਸਮਝਦਾਰ ਵਿਅਕਤੀ ਹੈ। ਵਰਦੀ ਪਹਿਨੇ ਅਫਸਰ ਨੂੰ ਮਿਲਣ ਤੇ ਮਹਾਰਾਜ ਨੇ ਉਸ ਨੂੰ ਸਾਰੀ ਵਿਥਿਆ ਸੁਣਾਈ ਅਤੇ ਹਾਜਰੀ ਬੰਦ ਕਰਨ ਦਾ ਹੁਕਮ ਜਾਰੀ ਕਰਨ ਲਈ ਕਿਹਾ। ਇੱਕ ਸਮਾਜ ਸੇਵਕ ਵਾਲੀ ਬੇਸਬਰੀ ਉੱਤੇ ਹੱਸਦੇ ਹੋਏ ਉਸ ਨੇ ਕਿਹਾ "ਇਹ ਹੁਕਮ ਤਾਂ ਮੈਂ ਫੌਰਨ ਜਾਰੀ ਕਰ ਸਕਦਾ ਹਾਂ ਪਰ ਇਸਦਾ ਲਾਭ ਕੋਈ ਨਹੀਂ ਹੋਣਾ।"

"ਫਿਰ ਤੁਸੀਂ ਇਸਦੀ ਥਾਂ ਕੀ ਕਰਨ ਦਾ ਸੁਝਾਅ ਦੇਂਦੇ ਹੋ?"

"ਆਪਾਂ ਨੂੰ ਇਵੇਂ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਤੁਹਾਡੇ ਰਿਣੀ ਮਹਿਸੂਸ ਕਰਨ। ਇਸ ਤਰ੍ਹਾਂ ਉਹ ਹੋਰ ਚੰਗੇਰਾ ਬਣਨ ਲਈ ਤੁਹਾਡੇ ਅਹਿਸਾਨ ਥੱਲੇ ਹੋਣਗੇ ।

ਉਨ੍ਹਾਂ ਨੂੰ ਇਹ ਕਿਹਾ ਜਾਵੇ ਕਿ ਉਨ੍ਹਾਂ ਨੂੰ ਹਾਜਰੀ ਤੋਂ ਮੁਆਫ਼ੀ ਤਦ ਮਿਲੇਗੀ ਜੇ ਤੁਸੀਂ ਇਸ ਦੀ ਪਰਵਾਨਗੀ ਦਿਓਗੇ ਅਤੇ ਸਿਫਾਰਸ਼ ਕਰੋਗੇ। ਮੈਨੂੰ ਸ਼ੁਰੂ ਵਿੱਚ ਕੁਝ ਨਾਂ ਦਿਓ, ਬਾਕੀ ਦੇ ਛੇਤੀ ਹੀ ਤੁਹਾਡੇ ਕੋਲ ਸਿਫਾਰਸ਼ ਲਈ ਪਹੁੰਚਣਗੇ ।"

ਨੰਗੇ ਪੈਰਾਂ ਵਾਲਾ ਬ੍ਰਾਹਮਣ ਇਹ ਸਿਫਾਰਸ਼ ਕਰਕੇ ਅਤੇ ਆਪਣੀ ਸਫਲਤਾ ਦਾ ਭਰੋਸਾ ਲੈ ਕੇ ਪਿਛਾਂਹ ਵੱਲ ਪਰਤਿਆ। ਉਸ ਨੂੰ ਸਰਦੀ ਗਰਮੀ ਜਾਂ ਥਕੇਵੇਂ ਦੀ ਪਰਵਾਹ ਨਹੀਂ ਸੀ। ਉਸ ਨੇ ਪੰਜ ਪਿੰਡ ਚੁਣ ਲਏ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਉਸ ਦਾ ਆਪਣਾ ਪਿੰਡ ਵਟਾਦਰਾ ਸੀ। ਉਸ ਨੇ ਆਪਣੀ ਪਤਨਵਾਦੀਆਂ ਨੂੰ ਛੂਣ ਕੇ ਜਗਾਇਆ ਅਤੇ ਕਿਹਾ, "ਮੇਰੇ ਨਾਲ ਪੇਟਲਾਦ ਆਉ। ਮੈਂ ਤੁਹਾਨੂੰ ਹਾਜਰੀ ਤੋਂ ਮੁਆਫੀ ਦਿਵਾਵਾਂਗਾ।"

ਪਰ ਉਹ ਟੱਸ ਤੋਂ ਮੱਸ ਨਾ ਹੋਏ ਉਨ੍ਹਾਂ ਨੇ ਉਸ ਤੇ ਇਤਬਾਰ ਨਾ ਕੀਤਾ। ਭਾਵੇਂ 'ਹਾਜਰੀ ਦਾ ਦੁੱਖ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਸੀ, ਪਰ ਉਨ੍ਹਾਂ ਮਹਾਰਾਜ ਦੀ ਨਸੀਹਤ ਵੱਲ ਕੰਨ ਨਾ ਧਰੇ। ਉਹ ਹੁੱਕੇ ਦੀ ਗੁੜਗੁੜੀ ਪੀਂਦੇ ਬੈਠੇ ਰਹੇ। ਉਹ ਉਸ ਨੂੰ ਜਾਣਦੇ ਵੀ ਨਹੀਂ ਸਨ। ਜੇ ਉਹ ਉਸ ਦਾ ਯਕੀਨ ਕਰ ਵੀ ਲੈਂਦੇ ਤਾਂ ਵੀ ਉਨ੍ਹਾਂ ਉਸ ਦੀ ਪਰਵਾਹ ਨਹੀਂ ਸੀ ਕਰਨੀ ਕਿਉਂਕਿ ਹਾਜਰੀ ਉਨ੍ਹਾਂ ਦੇ ਰੋਜ਼ਾਨਾਂ ਜੀਵਨ ਦਾ ਅੰਗ ਬਣ ਗਈ ਸੀ। ਬਹੁਤ ਜ਼ੋਰ ਲਾ ਕੇ ਉਸ ਨੇ ਆਪਣੇ ਪੱਤੀਦਾਰਾਂ ਵਿੱਚੋਂ ਸੱਤਾਂ ਨੂੰ ਮਨਾ ਲਿਆ ਅਤੇ ਪੇਟਲਾਦ ਵੱਲ ਉਨ੍ਹਾਂ ਨੂੰ ਲੈ ਤੁਰਿਆ। ਪੇਟਲਾਦ ਵਿੱਚ ਥਾਣੇ ਪਹੁੰਚ ਕੇ ਉਸ ਨੇ ਉਨ੍ਹਾਂ ਦੀਆਂ ਅਰਜ਼ੀਆਂ ਫੌਜਦਾਰ ਨੂੰ ਦਿੱਤੀਆਂ। ਫੌਜਦਾਰ ਉਨ੍ਹਾਂ ਦੀ ਹਿੰਮਤ ਦੇਖ ਕੇ ਭੜਕ ਉੱਠਿਆ। ਉਹ ਗੁੱਸੇ ਵਿੱਚ ਗੁੱਰਾਇਆ, "ਇਹ ਕਾਹਦੀਆਂ ਅਰਜ਼ੀਆਂ ਹਨ ! ਹਾਜਰੀ ਤੋਂ ਮੁਆਫ਼ੀ! ਇਨ੍ਹਾਂ ਸੂਰਾਂ ਨੂੰ ?" ਫੌਜਦਾਰ ਨੇ ਆਪਣੇ ਲਫਜ਼ਾਂ ਨਾਲ ਭੱਦੀ ਹਰਕਤ ਵੀ ਕੀਤੀ ਜੋ ਉਹ ਕਰ ਸਕਦਾ ਸੀ, ਜਦਕਿ ਨੰਗੇ ਪੈਰਾਂ ਵਾਲਾ ਬ੍ਰਾਹਮਣ ਖੜ੍ਹੋਤਾ ਚੁਪ-ਚਾਪ ਵੇਖਦਾ ਗਿਆ। ਜਦੋਂ ਫੌਜਦਾਰ ਆਪਣਾ ਸਾਰਾ ਗੋਲੀ ਸਿੱਕਾ ਮੁਕਾ ਚੁੱਕਿਆ ਤਾਂ ਪ੍ਰਾਹੁਣੇ ਨੇ ਕਿਹਾ ਫੌਜਦਾਰ ਸਾਹਿਬ! ਸੁਣੋ, ਤੁਹਾਨੂੰ ਮੀਨ ਮੇਖ ਕਰਨ ਦੀ ਲੋੜ ਨਹੀਂ ਮੈਂ ਜਿਵੇਂ ਕਹਿੰਦਾ ਹਾਂ ਕਰੋ। ਇਹ ਅਰਜ਼ੀਆਂ ਲੈ ਕੇ ਅਫ਼ਸਰਾਂ ਨੂੰ ਭੇਜ ਦਿਓ। ਫੈਸਲਾ ਉਨ੍ਹਾਂ ਤੇ ਛੱਡ ਦਿਓ।

ਕੁਝ ਦਿਨ ਲੰਘ ਜਾਣ ਤੋਂ ਬਾਅਦ ਵਡੋਦਰਾ ਦੇ ਸੱਤ ਆਦਮੀਆਂ ਅਤੇ ਤੀਵੀਆਂ ਦੋ ਹਾਜਰੀ ਤੋਂ ਮੁਆਫ਼ੀ ਦੇ ਹੁਕਮ ਪ੍ਰਾਪਤ ਕਰਨ ਤੇ ਫੌਜਦਾਰ ਹੱਕਾ ਬੱਕਾ

ਰਹਿ ਗਿਆ। ਉਸ ਦੀ ਹੈਰਾਨੀ ਦੀ ਤਾਂ ਕਿਸੇ ਹੱਦ ਤੱਕ ਸਮਝ ਆ ਸਕਦੀ ਸੀ, ਪਰ ਪੰਚਾਇਤ ਵਾਲਿਆਂ ਓਦੀ ਹੈਰਾਨੀ ਦੀ ਕੋਈ ਸੀਮਾ ਨਹੀਂ ਸੀ। ਉਹ ਸਮਝਣ ਲੱਗੇ ਕਿ ਪੱਤੀਦਾਰਾਂ ਨੂੰ ਹਾਜਰੀ ਤੋਂ ਮੁਆਫ਼ੀ ਦੇਣੀ ਉਨ੍ਹਾਂ ਨੂੰ ਲੁੱਟਮਾਰ ਦੀ ਆਗਿਆ ਦੇਣ ਦੇ ਬਰਾਬਰ ਹੈ।

ਬਾਣੀਏ ਵੀ ਗ੍ਰਾਮ ਪੰਚਾਇਤਾਂ ਵਿੱਚ ਸ਼ਾਮਲ ਸਨ। ਹਾਜਰੀ ਤੋਂ ਮੁਕਤੀ ਦੇਣੀ ਉਨ੍ਹਾਂ ਆਦੇ ਹਿਤਾਂ ਦੇ ਖਿਲਾਫ਼ ਸੀ। ਉਦੋਂ ਤੱਕ ਪਿੰਡ ਦੇ ਸ਼ਾਹੂਕਾਰ ਵੀ ਆਪਣੀਆਂ ਵਹੀਆਂ ਲੈ ਕੇ ਤੇ ਹਾਜਰੀ ਵਾਲੇ ਥੜ੍ਹੇ ਤੇ ਆ ਬੈਠਦੇ ਸਨ ਤਾਂ ਕਿ ਉਹ ਆਪਣੀਆਂ ਵਿਆਜ ਅਤੇ ਕਰਜ਼ੇ ਦੀਆਂ ਕਿਸ਼ਤਾਂ ਗ਼ਰੀਬ ਅਨਪੜ੍ਹ ਪੇਂਡੂਆਂ ਤੋਂ ਵਸੂਲ ਕਰ ਸਕਣ, ਜਿਵੇਂ ਗਿੱਧ ਮੁਰਦਿਆਂ ਦਾ ਮਾਸ ਚੂੰਡਦੇ ਹਨ। ਹਾਜਰੀ ਤੋਂ ਮੁਆਫ਼ੀ ਦਾ ਇਹ ਭਾਵ ਸੀ ਕਿ ਆਪਣੇ ਕਰਜ਼ਿਆਂ ਤੇ ਵਿਆਜ ਦੀ ਵਸੂਲੀ ਲਈ ਉਨ੍ਹਾਂ ਨੂੰ ਆਪਣੀਆਂ ਸਾਮੀਆਂ ਦੀ ਭਾਲ ਵਿੱਚ ਪਿੰਡਾਂ ਦੀ ਖ਼ਾਕ ਛਾਣਨੀ ਪਵੇਗੀ। ਇਸ ਲਈ ਗ੍ਰਾਮ-ਪੰਚਾਇਤ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਪੇਂਡੂਆਂ ਨੂੰ ਪਿੰਡ ਦੀ ਹੱਦ ਤੱਕ ਰਹਿਣ ਲਈ ਮਜਬੂਰ ਕੀਤਾ ਜਾਵੇ। ਹਾਜਰੀ ਤੋਂ ਮੁਆਫੀ ਵਾਪਸ ਲੈ ਲਈ ਗਈ।

ਇੱਕ ਹੋਰ ਪਾਸੇ ਦੇ ਪਿੰਡਾਂ ਵਿੱਚ ਜਾਂਦਿਆਂ ਮਹਾਰਾਜ ਨੂੰ ਹਾਜਰੀ ਦੇ ਮੁੜ ਸ਼ੁਰੂ ਹੋ ਜਾਣ ਦਾ ਪਤਾ ਲੱਗਿਆ। ਉਸ ਨੇ ਝੱਟ ਹੀ ਆਪਣੇ ਨੰਗੇ ਪੈਰ ਵਟਾਦਰਾ ਵੱਲ ਮੋੜ ਲਏ। ਉਹ ਸਿੱਧਾ ਪੁਲਿਸ ਸੁਪਰਡੈਂਟ ਦੇ ਬੰਗਲੇ ਵੱਲ ਗਿਆ। ਸੁਪਰਡੈਂਟ ਨੇ ਆਪਣੇ ਸਹਾਇਕ ਨੂੰ ਕਿਹਾ ਕਿ ਮਹਾਰਾਜ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਕੋਲ ਲੈ ਜਾਵੇ।

"ਠੀਕ ਹੈ? ਅੰਦਰ ਆ ਜਾਓ ।" ਸਹਾਇਕ ਨੇ ਮਹਾਰਾਜ ਨੂੰ ਆਪਣੀ ਘੋੜਾ ਗੱਡੀ ਵਿੱਚ ਬੈਠਣ ਲਈ ਆਖਿਆ।

"ਧੰਨਵਾਦ! ਮੈਂ ਗੱਡੀ ਵਿੱਚ ਬੈਠਣ ਦਾ ਆਦੀ ਨਹੀਂ।"

“ਪਰ ਤੁਸੀਂ ਪਹੁੰਚੋਗੇ ਕਿਵੇਂ?”

"ਮੈਂ ਪੈਦਲ ਪਹੁੰਚ ਜਾਵਾਂਗਾ, ਤੁਸੀਂ ਕਿਰਪਾ ਕਰਕੇ ਚਲੋ।"

"ਤੁਸੀਂ ਕਦੋਂ ਪਹੁੰਚੋਗੇ?"

"ਮੈਂ ਦੌੜ ਕੇ ਆ ਰਿਹਾ ਹਾਂ।"

ਸਹਾਇਕ ਸੁਪਰਡੈਂਟ ਨੇ ਉਸ ਆਦਮੀ ਨੂੰ ਨਿਪਟ ਮੂਰਖ ਸਮਝਿਆ, ਜਿਹੜਾ ਸ਼ਹਿਰ ਦੀ ਸੜਕ ਤੇ ਦੌੜਨ ਦਾ ਇਰਾਦਾ ਰੱਖ ਰਿਹਾ ਸੀ। ਆਪਣੀ ਜ਼ਬਾਨ ਪਾਲਦਾ ਮਹਾਰਾਜ ਅਸਿਸਟੈਂਟ ਸਾਹਿਬ ਦੀ ਘੋੜਾ ਗੱਡੀ ਦੇ ਐਨ ਪਿੱਛੇ ਪਿੱਛੇ ਦੌੜਦਾ ਚਲਾ ਗਿਆ। ਜਦੋਂ ਗੱਡੀ ਜ਼ਿਲ੍ਹਾ ਮੈਜਿਸਟੇਟ ਦੇ ਬੰਗਲੇ ਦੇ ਬਾਹਰਵਾਰ ਰੁਕੀ ਤਾਂ ਮਹਾਰਾਜ ਨੇ ਸਾਹਿਬ ਨੂੰ ਬੰਗਲੇ ਦੇ ਅੰਦਰ ਵੜਦਿਆਂ ਵੇਖਿਆ, ਉਨ੍ਹਾਂ ਦੇ ਪਹੁੰਚਣ ਵਿੱਚ ਸਿਰਫ ਅੱਧੇ ਮਿੰਟ ਦਾ ਫਰਕ ਪਿਆ ਸੀ। ਗੇਟ ਤੇ ਖੜ੍ਹੇ ਸਿਪਾਹੀ ਨੇ ਭਿਖਾਰੀ ਲਗਦੇ ਬ੍ਰਾਹਮਣ ਨੂੰ ਅੰਦਰ ਜਾਣ ਤੋਂ ਰੋਕਿਆ।

"ਭਾਈ ਸਾਹਿਬ, ਉਨ੍ਹਾਂ ਨੂੰ ਇਤਨਾ ਤਾਂ ਦੱਸ ਦਿਉ ਕਿ ਮੈਂ ਬਾਹਰ ਇੰਤਜ਼ਾਰ ਕਰ ਰਿਹਾ ਹਾਂ। ਸਾਹਿਬ ਨੇ ਹੀ ਮੈਨੂੰ ਬੁਲਾਇਆ ਹੈ ਅਤੇ ਹੁਣ ਮਿਲਣਾ ਚਾਹੁੰਦੇ ਹਨ। ਉਸ ਨੇ ਸਿਪਹੀ ਨੂੰ ਸਮਝਾਇਆ।

"ਪਰ੍ਹਾਂ ਹੱਟ। ਜਦ ਤੱਕ ਸਹਾਇਕ ਸੁਪਰਡੈਂਟ ਅੰਦਰ ਹਨ, ਕੋਈ ਵੀ ਅੰਦਰ ਨਹੀਂ ਜਾ ਸਕਦਾ।" ਸਿਪਾਹੀ ਨੇ ਉਸ ਨੂੰ ਬਾਂਹ ਤੋਂ ਫੜ੍ਹ ਕੇ ਬਾਹਰ ਧੱਕਿਆ ।

ਆਖ਼ਰ ਦੋਨੋਂ ਅਫ਼ਸਰ ਬੰਗਲੇ ਦੇ ਬਾਹਰ ਆਉਂਦੇ ਦਿਖਾਈ ਦਿੱਤੇ। ਉਨ੍ਹਾਂ ਗੇਟ ਕੋਲ ਬੁੱਤ ਵਾਂਗ ਖਲੋਤੇ ਬ੍ਰਾਹਮਣ ਨੂੰ ਦੇਖਿਆ।

ਉਨ੍ਹਾਂ ਵਿੱਚੋਂ ਇੱਕ ਨੇ ਪੁੱਛਿਆ, "ਉੱਥੇ ਕਿਉਂ ਖੜ੍ਹੇ ਹੋ ?"

ਸਿਪਾਹੀ ਵੱਲ ਇਸ਼ਾਰਾ ਕਰਦਿਆਂ ਮਹਾਰਾਜ ਨੇ ਕਿਹਾ, "ਇਹ ਮੈਨੂੰ ਅੰਦਰ ਨਹੀਂ ਆਉਣ ਦਿੰਦਾ।"

"ਇਸ ਨੂੰ ਅੰਦਰ ਆਉਣ ਦਿਓ" ਹੁਕਮ ਹੋਇਆ।

“ਤੇਰੀ ਵਿੱਦਿਅਕ ਯੋਗਤਾ ਕੀ ਹੈ" ਉਸ ਦੇ ਅੰਦਰ ਪਹੁੰਚਣ ਤੇ ਮੈਜਿਸਟ੍ਰੇਟ ਨੇ ਅੱਖਾਂ ਸੁੰਗੇੜ ਕੇ ਘ੍ਰਿਣਾ-ਭਰਪੂਰ ਆਵਾਜ਼ ਵਿੱਚ ਉਸ ਨੂੰ ਪੁੱਛਿਆ।

“ਕੁਝ ਵੀ ਨਹੀਂ"

“ਕੀ ਤੂੰ ਇਨ੍ਹਾਂ 'ਠਾਕਰਦਾ' ਨੂੰ ਜਾਣਦਾ ਹੈਂ? ਤੈਨੂੰ ਇਹ ਪਤਾ ਹੈ ਕਿ ਇਹ ਮਨੁੱਖ ਜਾਤੀ ਦੇ ਸਭ ਤੋਂ ਗੰਦੇ ਕੀੜੇ ਹਨ ?

"ਮੈਨੂੰ ਇਹ ਨਹੀਂ ਪਤਾ।"

"ਫਿਰ ਤੂੰ ਉਨ੍ਹਾਂ ਵਿੱਚ ਕਿਵੇਂ ਸੁਧਾਰ ਕਰੇਂਗਾ?"

"ਮੈਂ ਅਜੇ ਕੁਝ ਨਹੀਂ ਕਹਿ ਸਕਦਾ।"

“ਜਦੋਂ ਤੋਂ ਤੂੰ ਉਨ੍ਹਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਹੈ ਉਨ੍ਹਾਂ ਦੀ ਦਾਰੂ ਦੀ ਖਪਤ ਵੱਧ ਗਈ ਹੈ।"

“ਜੇ ਇਹ ਠੀਕ ਹੈ ਤਾਂ ਇਸ ਨਾਲ ਤਾਂ ਸਰਕਾਰ ਨੂੰ ਤਾਂ ਵਧੇਰੇ ਮਾਲੀਆ ਪ੍ਰਾਪਤ ਹੁੰਦਾ ਹੋਵੇਗਾ।"

ਇਹੋ ਜਿਹੇ ਬੇਹੂਦਾ ਜਵਾਬਾਂ ਤੋਂ ਖਿਝ ਕੇ ਮੈਜਿਸਟ੍ਰੇਟ ਨੇ ਕਿਹਾ "ਕਚਹਿਰੀ ਆ ਜਾ।" ਦਿਨ ਢਲੇ ਜਦੋਂ ਉਹ ਕਚਹਿਰੀ ਵਿੱਚ ਪਹੁੰਚਿਆ ਤਾਂ ਸਾਹਿਬ ਨੇ ਕਾਗਜ਼ਾਂ ਤੋਂ ਅੱਖਾਂ ਉਠਾ ਕੇ ਉਸ ਨੂੰ ਪੁੱਛਿਆ, “ਘੜੀ ਵੱਲੇ ਵੇਖ ! ਕੀ ਵਕਤ ਹੋਇਆ ਹੈ ?"

“1-15" ਮਹਾਰਾਜ ਨੇ ਵਕਤ ਵੇਖ ਕੇ ਦੱਸਿਆ ।

“ਅਤੇ ਮੈਂ ਤੈਨੂੰ ਇੱਥੇ ਕਿਸ ਵਕਤ ਆਉਣ ਲਈ ਕਿਹਾ ਸੀ ?"

"ਮੈਂ ਮਜਬੂਰ ਸਾਂ, ਮੇਰਾਂ ਖਾਣਾ ਕਿਸੇ ਦੇ ਘਰ ਸੀ ਅਤੇ ਖਾਣਾ ਲੇਟ ਹੋ ਗਿਆ।"

"ਤੂੰ ਜਾ ਸਕਦਾ ਹੈ। ਹੁਕਮ ਜਾਰੀ ਕਰ ਦਿੱਤਾ ਗਿਆ ਹੈ ।"

ਬ੍ਰਾਹਮਣ ਨੇ ਅੰਦਾਜ਼ਾ ਲਾਇਆ ਕਿ ਹਾਜਰੀ ਨੂੰ ਰੋਕਣ ਦਾ ਹੁਕਮ ਜਾਰੀ ਕੀਤਾ ਗਿਆ ਸੀ। ਇਸ ਲਈ ਉਹ ਦੁਗਣੇ ਜੋਸ਼ ਨਾਲ ਵਾਪਸੀ ਸਫ਼ਰ ਤੇ ਤੁਰ ਪਿਆ। ਵਡੋਦਰਾ ਪਹੁੰਚ ਕੇ ਉਸ ਨੇ ਜਿੱਤ ਦੇ ਲਹਿਜੇ ਵਿੱਚ ਐਲਾਨ ਕੀਤਾ " ਹਾਜਰੀ ਖ਼ਤਮ ਹੋ ਗਈ ਹੈ। ਕੀ ਹੁਕਮ ਅਜੇ ਨਹੀਂ ਪਹੁੰਚਿਆ ?"

ਜਿਨ੍ਹਾਂ ਸੱਤ ਬਿਨੈਕਾਰਾਂ ਨੇ ਸਭ ਤੋਂ ਪਹਿਲਾਂ ਮੁਆਫ਼ੀ ਲਈ ਅਰਜ਼ੀ ਦਿੱਤੀ ਸੀ ਦਰ ਉਨ੍ਹਾਂ ਨੇ ਰੋਣੀ ਆਵਾਜ਼ ਵਿੱਚ ਕਿਹਾ, "ਸ੍ਰੀਮਾਨ ਇਹ ਠੀਕ ਨਹੀਂ ਹੈ। ਹੁਕਮ ਸਾਡੇ ਨਾਵਾਂ ਨੂੰ ਮੁੜ ਹਾਜਰੀ ਵਿੱਚ ਸ਼ਾਮਲ ਕਰਨ ਦਾ ਹੋਇਆ ਹੈ ।"

ਉਸ ਕੋਲ ਇਸ ਦੁਰਘਟਨਾ ਬਾਰੇ ਸੋਚਣ ਜਾਂ ਪ੍ਰਸ਼ਾਸਨ ਨਾਲ ਚਿੱਠੀ ਪੱਤਰ ਕਰਨ ਦਾ ਸਮਾਂ ਨਹੀਂ ਸੀ। ਅਗਲੀ ਸਵੇਰੇ ਉਹ ਫੇਰ ਵਡੋਦਰਾ ਵੱਲ ਰਵਾਨਾ ਹੋ ਪਿਆ ਤੇ ਅਠਤਾਲੀ ਮੀਲਾਂ ਦਾ ਪੈਂਡਾ ਉਸਦੇ ਮਜ਼ਬੂਤ ਕਦਮਾਂ ਨੇ ਇੱਕ ਵਾਰੀ ਫਿਰ ਮੁਕਾ ਲਿਆ ਅਤੇ ਉਹ ਪੁਲਿਸ ਸੁਪਰਡੈਂਟ ਜਾ ਖੜ੍ਹਾ ਹੋਇਆ। ਇੱਕ ਦਿਲ ਢਾਊ ਖ਼ਬਰ ਉਸ ਦੀ ਉਡੀਕ ਕਰ ਰਹੀ ਸੀ ।

ਉਸ ਨੂੰ ਦੱਸਿਆ ਕਿ "ਮੈਜਿਸਟ੍ਰੇਟ ਨੇ ਤੁਹਾਡਾ ਸੁਝਾਅ ਪਰਵਾਨਗੀ ਦੇ ਯੋਗ ਨਹੀਂ ਸਮਝਿਆ ਅਤੇ ਹਾਜਰੀ ਮੁੜ ਸ਼ੁਰੂ ਕਰਨ ਦੇ ਆਦੇਸ਼ ਜਾਰੀ ਕੀਤੇ ਹਨ ।

ਉਹ ਸ਼ਹਿਰ ਵਿੱਚ ਹੀ ਠਹਿਰ ਗਿਆ। ਹਰ ਰੋਜ਼ ਸਵੇਰੇ ਉਹ ਮੈਜਿਸਟ੍ਰੇਟ ਦੇ ਦਫ਼ਤਰ ਵਿੱਚ ਜਾਂਦਾ, ਪਰ ਉਸ ਨੂੰ ਸਾਹਿਬ ਨੂੰ ਮਿਲਣ ਦਾ ਮੌਕਾ ਨਾ ਮਿਲਦਾ। ਇੱਕ ਦਿਨ ਮੈਜਿਸਟ੍ਰੇਟ ਦੇ ਮੁਨਸ਼ੀ ਨੇ ਆਪਣੀ ਉਤਸੁਕਤਾ ਤੇ ਕਾਬੂ ਨਾ ਪਾਉਂਦੇ ਹੋਏ ਉਸ ਨੂੰ ਪੁੱਛ ਲਿਆ।"ਤੂੰ ਕੌਣ ਹੈਂ, ਕੀ ਤੂੰ ਕੋਈ ਵਕੀਲ ਹੈਂ ।"

“ਨਹੀਂ”

“ਫਿਰ ਹਾਜਰੀ ਬੰਦ ਕਰਾਉਣ ਵਿੱਚ ਤੈਨੂੰ ਕੀ ਫਾਇਦਾ ਹੈ ।”

“ਮੈਨੂੰ ਇਹ ਤਾਂ ਪਤਾ ਨਹੀਂ ਪਰ ਮੈਂ ਇਹ ਜ਼ਰੂਰ ਜਾਣਦਾਂ ਕਿ ਮੈਂ ਹਾਜਰੀ ਖ਼ਤਮ ਜ਼ਰੂਰ ਕਰਾਉਣੀ ਹੈ ।”

ਮੁਨਸ਼ੀ ਨੇ ਬ੍ਰਾਹਮਣ ਨੂੰ ਨੀਝ ਲਾ ਕੇ ਤੱਕਣ ਲਈ ਆਪਣੀ ਐਨਕ ਠੀਕ ਕੀਤੀ। ਇਹ ਉਸਦੇ ਮੰਨਣ ਵਿੱਚ ਨਹੀਂ ਸੀ ਆਉਂਦਾ ਕਿ ਕੋਈ ਆਦਮੀ ਖੁਦਗਰਜ਼ੀ ਤੋਂ ਬਿਨਾਂ ਹਰ ਰੋਜ਼ ਮੈਜਿਸਟ੍ਰੇਟ ਦੇ ਦਫਤਰ ਦੇ ਗੇੜੇ ਮਾਰੇ, ਅਠਤਾਲੀ ਮੀਲ ਦਾ ਪੈਂਡਾ ਬਿਨਾਂ ਕਿਸ ਨਿੱਜੀ ਲਾਭ ਦੇ ਬਾਰ ਬਾਰ ਤੈਅ ਕਰੇ। ਉਹ ਨਾ ਤਾਂ ਇਸ ਨੂੰ ਕਰਾਮਾਤ ਹੀ ਅਤੇ ਨਾ ਹੀ ਵਾਸਤਵਿਕਤਾ ਸਮਝਦਾ ਸੀ। ਇਹ ਆਦਮੀ ਹਰ ਰੋਜ਼ ਦਫ਼ਤਰ ਵਿੱਚ ਸਿਰਫ਼ ਖੜੋਤੇ ਰਹਿਣ ਲਈ ਅਤੇ ਦੁਪਹਿਰ ਵੇਲੇ ਜਦੋਂ ਦਫ਼ਤਰ ਬੰਦ ਹੁੰਦਾ ਹੈ ਚੁਪ ਚਾਪ ਚਲੇ ਜਾਣ ਲਈ ਕਿਉਂ ਆਉਂਦਾ ਹੈ। ਇਕ ਦਿਨ ਲਈ ਨਹੀਂ, ਦੋ ਦਿਨ ਲਈ ਨਹੀਂ ਬਾਰ ਬਾਰ ਆਉਣ ਲਈ.........ਅਤੇ ਇਹ ਸਭ ਕੁਝ ਬਿਨਾਂ ਕਿਸੇ ਨਿੱਜੀ ਸੁਆਰਥ ਦੇ। ......... ਮੁਨਸ਼ੀ ਦੀ ਦੁਨੀਆ ਇਹੋ ਜਿਹੇ ਵਿਚਾਰ ਅੱਗੇ ਹਾਰ ਮੰਨਣ ਨੂੰ ਤਿਆਰ ਨਹੀਂ ਸੀ । .

ਇਸ ਦੇ ਬਾਵਜੂਦ ਉਹ ਆਦਮੀ ਉਸੇ ਜਗ੍ਹਾ, ਹਰ ਰੋਜ਼ ਸਵੇਰੇ ਜਦੋਂ ਸਾਹਿਬ ਦਫਤਾ ਆਉਂਦਾ, ਆ ਕੇ ਖੜੋਂਦਾ। ਜਦੋਂ ਸਾਹਿਬ ਦੁਪਹਿਰ ਨੂੰ ਵਾਪਸ ਜਾਂਦਾ ਉਦੋਂ ਵੀ ਉਹ ਆਦਮੀ ਉੱਥੇ ਹੀ ਖੜ੍ਹਾ ਹੁੰਦਾ; ਉਹ ਸਾਹਿਬ ਨੂੰ ਮਿਲਣ ਜਾਂ ਬੇਨਤੀ ਕਰਨ ਲਈ ਅੱਗੇ ਨਾ ਵਧਦਾ; ਉਹ ਮੂੰਹੋਂ ਕੋਈ ਸ਼ਬਦ ਵੀ ਨਾ ਕਹਿੰਦਾ, ਉਹ ਸਾਹਿਬ ਵੱਲ ਨਜ਼ਰ ਵੀ ਉਠਾ ਕੇ ਨਾ ਵੇਖਦਾ। ਇਕ ਦਿਨ ਸਵੇਰੇ ਆਪਣੇ ਕਮਰੇ ਵਿੱਚ ਆਉਣ ਤੋਂ ਬਾਅਦ ਸਾਹਿਬ ਨੇ ਚਪੜਾਸੀ ਨੂੰ ਭੇਜ ਕਿ ਬ੍ਰਾਹਮਣ ਨੂੰ ਅੰਦਰ ਬੁਲਾਇਆ ।

" ਤੂੰ ਕਿੰਨਾ ਪੜ੍ਹਿਆ ਹੋਇਆ ਹੈਂ?” ਉਸ ਨੇ ਬ੍ਰਾਹਮਣ ਤੋਂ ਪੁੱਛਿਆ।

ਮਹਾਰਾਜ ਨੇ ਜਵਾਬ ਦਿੱਤਾ “ਨਾ ਪੜ੍ਹੇ ਵਰਗਾ ਹੀ ਹਾਂ ਜੀ।”

"ਤੂੰ ਇਨ੍ਹਾਂ ਜਾਤੀਆਂ ਵਿੱਚ ਜਾ ਕੇ ਕੀ ਕਰਨਾ ਚਾਹੁੰਦਾ ਹੈ?"

"ਮੈਨੂੰ ਅਜੇ ਇਸ ਦਾ ਪਤਾ ਨਹੀਂ।”

"ਠੀਕ ਹੈ। ਤੂੰ ਜਾ। ਮੈਂ ਹਾਜਰੀ ਬੰਦ ਕਰਨ ਦੇ ਹੁਕਮ ਜਾਰੀ ਕਰ ਰਿਹਾ ਹਾਂ।"

ਬ੍ਰਾਹਮਣ ਕਮਰੇ ਵਿੱਚੋਂ ਬਾਹਰ ਚਲਾ ਗਿਆ ਤੇ ਕਲਰਕ ਦੀ ਮੇਜ਼ ਕੋਲ ਖੜੋ ਗਿਆ।

ਛੇਤੀ ਹੀ ਸਾਹਿਬ ਦੇ ਹੁਕਮ ਕਲਰਕ ਕੋਲ ਪਹੁੰਚ ਗਏ।

"ਚੰਗਾ ਹੈ ਜੇ ਤੂੰ ਚਲਾ ਜਾਵੇਂ। ਅਸੀਂ ਹੁਕਮ ਆਪੇ ਪਿੰਡ ਭੇਜ ਦਿਆਂਗੇ ।” ਕਲਰਕ ਨੇ ਕਿਹਾ।

"ਤੁਸੀਂ ਕਿਵੇਂ ਭੇਜੋਗੇ?”

ਦਫ਼ਤਰ ਦੀ ਮਰਯਾਦਾ ਅਨੁਸਾਰ ਇਹ ਅਧੀਨ ਦਫ਼ਤਰਾਂ ਵਿੱਚ ਰਜਿਸਟਰ ਤੇ ਚਾੜ੍ਹ ਕੇ ਤੇਰੇ ਪਿੰਡ ਭੇਜਿਆ ਜਾਵੇਗਾ।

“ਨਹੀਂ ... ਨਹੀਂ ... ਇਸ ਤਰ੍ਹਾਂ ਨਹੀਂ ।" ਮਹਾਰਾਜ ਨੇ ਬੜੀ ਸ਼ਾਂਤੀ ਨਾਲ ਕਿਹਾ।

"ਤਦ ਫੇਰ ਤੂੰ ਹੀ ਦੱਸ ਕਿਵੇਂ ਭੇਜਿਆ ਜਾਵੇ ।” ਕਲਰਕ ਜ਼ਰਾ ਬੇਚੈਨੀ ਮਹਿਸੂਸ ਕਰ ਰਿਹਾ ਸੀ ।

"ਕਿਰਪਾ ਕਰਕੇ ਆਪਣੇ ਰਜਿਸਟਰ ਵਿੱਚ ਦਰਜ ਕਰ ਲਵੋ ਅਤੇ ਮੈਨੂੰ ਦੇ ਦਿਓ"

"ਅਤੇ ਆਪ ਇਸ ਨੂੰ ਕੀ ਕਰੋਗੇ?" ਮੁਨਸ਼ੀ ਉਸਦੇ ਹੁਕਮੀਆਂ ਲਹਿਜੇ ਦਾ ਮੌਜੂ ਉਡਾਉਣ ਲਈ ਬੋਲਿਆ।

"ਮੈਂ ਹਰ ਅਧੀਨ ਦਫ਼ਤਰ ਵਿੱਚ ਲਿਜਾ ਕੇ ਇਸ ਨੂੰ ਦਰਜ ਕਰਵਾਵਾਂਗਾ।"

ਮੁਨਸ਼ੀ ਹੈਰਾਨ ਸੀ ਕਿ ਕਾਗਜ਼ ਦੇ ਇਸ ਟੁਕੜੇ ਨੂੰ ਬ੍ਰਾਹਮਣ ਇਤਨੀ ਅਹਿਮੀਅਤ ਦੇ ਰਿਹਾ ਹੈ। ਖਿੱਝ ਕੇ ਉਸ ਨੇ ਹੁਕਮ ਉਸ ਦੇ ਹਵਾਲੇ ਕੀਤਾ ਤੇ ਆਪਣੀ ਜਾਨ ਛੁਡਵਾਈ। ਬ੍ਰਾਹਮਣ ਅਧੀਨ ਦਫ਼ਤਰ ਵਿੱਚ ਗਿਆ।

"ਤੂੰ ਹੁਣ ਜਾ ਸਕਦਾ ਹੈਂ।" ਛੋਟੇ ਦਫਤਰ ਦੇ ਅਫ਼ਸਰ ਨੇ ਕਿਹਾ। "ਨਹੀਂ, ਸ੍ਰੀਮਾਨ ਜੀ, ਮੈਂ ਇੱਦਾਂ ਨਹੀਂ ਜਾਵਾਂਗਾ। ਇਸ ਨੂੰ ਆਪਣੇ ਰਜਿਸਟਰ ਵਿੱਚ ਦਰਜ ਕਰ ਲਵੋ ਅਤੇ ਮੈਨੂੰ ਵਾਪਸ ਦੇ ਦਿਓ।"

"ਅਤੇ ਤੁਸੀਂ ਇਸ ਨੂੰ ਕੀ ਕਰੋਗੇ?"

"ਜਿੱਥੇ ਆਪ ਹੁਕਮ ਕਰੋਗੇ ਉਸ ਦਫ਼ਤਰ ਵਿੱਚ ਮੈਂ ਇਸ ਨੂੰ ਲੈ ਜਾਵਾਂਗਾ ਅਤੇ ਦਰਜ ਕਰਵਾਵਾਂਗਾ।"

ਉਹ ਇੱਕ ਦਫ਼ਤਰ ਤੋਂ ਦੂਜੇ ਦਫ਼ਤਰ ਮਰਯਾਦਾ ਅਨੁਸਾਰ ਹੁਕਮ ਰਜਿਸਟਰਾਂ ਵਿੱਚ ਦਰਜ ਕਰਵਾਉਣ ਲਈ ਗਿਆ। ਇਕੋ ਦਿਨ ਵਿੱਚ ਉਸ ਨੇ ਇਹ ਕਰ ਲਿਆ। ਤਦ ਹੁਕਮ ਲੈ ਕੇ, ਜਿਸ ਨੂੰ ਦਰਜ ਕਰਵਾਉਣ ਵਿੱਚ ਘੱਟੋ ਘੱਟ ਇਕ ਮਹੀਨਾ ਲੱਗਣਾ ਸੀ ਉਹ 48 ਮੀਲ ਦੂਰ ਵਟਾਦਰਾ ਦੇ ਇਕੱਲ-ਮੁਕੱਲ ਰਾਹ ਤੇ ਪੈ ਗਿਆ। ਉਹ ਰਾਤ ਨੂੰ ਭਾਂਡਰਾ-ਪਹੁੰਚਿਆ ਅਤੇ ਫੌਜਦਾਰ ਦੇ ਰਜਿਸਟਰ ਵਿੱਚ ਦਰਜ ਕਰਵਾਉਣ ਲਈ ਉਸ ਨੂੰ ਜਾ ਜਗਾਇਆ। ਜਦੋਂ ਉਹ ਹੁਕਮ ਲੈ ਕੇ ਆਪਣੇ ਪਿਆਰੇ ਪਿੰਡ ਵਡੋਦਰਾ ਪਹੁੰਚਿਆ ਉਹ ਦੌੜ ਵਿੱਚ ਸੂਰਜ ਤੋਂ ਬਾਜ਼ੀ ਲੈ ਗਿਆ ਸੀ।

******

# ਕੁਰਾਹੇ ਪਿਆ ਜਾਨਵਰ

ਮਹੀਨੇ ਲੰਘ ਗਏ। ਬ੍ਰਾਹਮਣ ਨੇ ਵਡੋਦਰਾ ਵਿੱਚ ਜੋ ਕੁਝ ਸਾਹਿਬ ਨੂੰ ਕਿਹਾ ਸੀ, ਉਹ ਸਹੀ ਨਿਕਲਿਆ। ਇਹ ਜਾਣੇ ਬਿਨਾਂ ਕਿ ਪਤਨਵਾਦੀਆਂ ਕੋਲੋਂ ਕੀ ਕੰਮ ਲਿਆ ਜਾ ਸਕਦਾ ਹੈ, ਅਤੇ ਬਿਨਾਂ ਕਿਸੇ ਯੋਜਨਾ ਜਾਂ ਸੰਗਠਿਤ ਜਥੇਬੰਦੀ ਦੇ ਬ੍ਰਾਹਮਣ ਸਵੇਰ ਤੋਂ ਲੈ ਕੇ ਸ਼ਾਮ ਤੱਕ ਪੂਰੇ ਮਨ ਨਾਲ ਇਕੋ ਕੰਮ ਕਰੀ ਜਾਂਦਾ। ਪਿੰਡ ਵਿੱਚ ਉਹ ਹਰ ਪਿੰਡ ਵਾਸੀ ਦੇ ਘਰ ਜਾਂਦਾ ਅਤੇ ਉਨ੍ਹਾਂ ਦੇ ਬੱਚਿਆਂ ਤੇ ਤੀਵੀਆਂ ਦੀ ਖ਼ੈਰ ਖ਼ੈਰੀਅਤ ਬਾਰੇ ਪੁੱਛਦਾ ਦੁਪਹਿਰ ਵੇਲੇ ਜਿਸ ਪਿੰਡ ਵਿੱਚ ਹੁੰਦਾ ਉੱਥੇ ਠਹਿਰ ਜਾਂਦਾ। ਉਹ ਫਿਰ ਕਿਸੇ ਕੋਲੋਂ ਲੱਜ ਤੇ ਬਾਲਟੀ ਲੈ ਆਉਂਦਾ। ਖੂਹ ਤੋਂ ਪਾਣੀ ਦੀ ਬਾਲਟੀ ਕੱਢਦਾ ਅਤੇ ਨਹਾਉਂਦਾ। ਫਿਰ ਉਹ ਇਕ ਹੋਰ ਬਾਲਟੀ ਪਾਣੀ ਦੀ ਭਰਦਾ। ਨਾਲ ਹੀ ਕਿਸੇ ਦੇ ਘਰ ਜਾਂਦਾ ਅਤੇ ਉਸ ਤੋਂ ਥੋੜ੍ਹੇ ਜਿਹੇ ਚੌਲ ਤੇ ਸੁੱਕਾ ਲੋਬੀਆ ਮੰਗਦਾ। ਤਿੰਨ ਪੱਥਰਾਂ ਦਾ ਇਕ ਚੁੱਲ੍ਹਾ ਜਿਹਾ ਬਣਾਉਂਦਾ। ਟਹਿਣੀਆਂ ਛਟੀਆਂ ਬਾਲਣ ਦਾ ਕੰਮ ਕਰਦੀਆਂ। ਉਹ ਦਾਲ ਤੇ ਚੌਲਾਂ ਨੂੰ ਰਲਾ ਕੇ ਖਿਚੜੀ ਬਣਾਉਂਦਾ, ਸਾਰੇ ਦਿਨ ਦੀ ਉਹ ਉਹੀ ਆਪਣੀ ਖੁਰਾਕ ਖਾਂਦਾ, ਪਾਣੀ ਦਾ ਇਕ ਲੋਟਾ ਪੀ ਕੇ ਮੁੜ ਸਫ਼ਰ ਤੇ ਤੁਰ ਪੈਂਦਾ। ਰਾਤ ਪੈਂਦੇ ਉਹ ਨਾਲ ਦੇ ਕਿਸੇ ਪਿੰਡ ਵਿੱਚ ਜਾ ਕੇ ਖੇਤ ਵਿੱਚ ਹੀ ਅਟਕ ਜਾਂਦਾ। ਜੇ ਪਿੰਡ ਹੁੰਦਾ ਤਾਂ ਕਿਸੇ ਪਤਨਵਾਦੀ ਦੇ ਘਰ ਪੈ ਜਾਂਦਾ। ਜੇ ਮੰਜੀ ਬਿਸਤਰਾ ਮਿਲ ਜਾਂਦਾ ਤਾਂ ਹਰੀ ਇੱਛਾ, ਨਹੀਂ ਤਾਂ ਉਹ ਭੁੰਜੇ ਹੀ ਨੀਂਦ ਪੂਰੀ ਕਰ ਲੈਂਦਾ। ਜੇ ਉਹ ਫਾਰਮ ਵਿੱਚ ਹੁੰਦਾ ਤਾਂ ਘਾਹ ਜਾਂ ਤੂੜੀ ਦਾ ਵਿਛੌਣਾ ਵਧੀਆ ਰਹਿੰਦਾ। ਸਰਦੀਆਂ ਵਿੱਚ ਵੀ ਇਵੇਂ ਹੀ ਕਰਦਾ। ਉਹ ਘਰ ਵਾਲਿਆਂ ਨੂੰ ਕਦੇ ਨਾ ਜਗਾਉਂਦਾ। ਉਹ ਉਪਦੇਸ਼ ਵਿੱਚ ਵੀ ਇਵੇਂ ਹੀ ਕਰਦਾ। ਉਹ ਘਰ ਵਾਲਿਆਂ ਨੂੰ ਕਦੇ ਨਾ ਜਗਾਉਂਦਾ। ਉਹ ਉਪਦੇਸ਼ ਕਰਨ ਤੋਂ ਸੰਕੋਚ

ਕਰਦਾ ਉਹ ਸਿਰਫ਼ ਸੱਚਾ ਤੇ ਸੁੱਚਾ ਪਿਆਰ ਕਰਦਾ। ਉਹਨਾਂ ਤੋਂ ਵੀ ਉਹ ਕੇਵਲ ਪਿਆਰ ਦੇ ਰਿਸ਼ਤੇ ਦੀ ਆਸ ਰੱਖਦਾ। ਹਰ ਕਸਬੇ ਵਿੱਚ ਉਹ 'ਹਾਜਰੀ' ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦਾ। ਹਰ ਪਿੰਡ ਵਿੱਚ ਉਹ ਵਸਨੀਕਾਂ ਨੂੰ ਹਾਜਰੀ ਤੋਂ ਮੁਆਫ਼ੀ ਲਈ ਅਰਜ਼ੀ ਦੇਣ ਲਈ ਪ੍ਰੇਰਦਾ। ਜਦ ਕਦੇ ਕਿਸੇ ਪਿੰਡ ਵਿੱਚ ਉਸ ਨੂੰ ਜ਼ਿਆਦਾ ਦੇਰ ਤੱਕ ਠਹਿਰਨਾ ਹੁੰਦਾ ਉਹ ਬੈਠ ਕੇ ਚਰਖੇ ਉੱਤੇ ਸੂਤ ਕੱਤਣ ਲੱਗ ਜਾਂਦਾ। ਬ੍ਰਾਹਮਣ ਹੋਣ ਕਰਕੇ ਸਾਰੇ ਉਸ ਨੂੰ ਸਤਿਕਾਰ ਦੀ ਨਜ਼ਰ ਨਾਲ ਵੇਖਦੇ ਤੇ ਮਾਣਯੋਗ ਮਹਿਮਾਨ ਵਾਂਗ ਪੇਸ਼ ਆਉਂਦੇ। ਪਰ ਉਸ ਨੇ ਆਪਣੀ ਸੀਮਾ ਰੇਖਾ ਬਣਾਈ ਹੋਈ ਸੀ ਜਿਸ ਦੀ ਉਹ ਹਮੇਸਾਂ ਪਾਲਣਾ ਕਰਦਾ ਸੀ। ਜੇ ਕਦੇ ਕੋਈ ਆਪਣੇ ਜੁਰਮ ਦਾ ਇਕਬਾਲ ਕਰਦਾ ਤਾਂ ਉਹ ਉਸ ਨੂੰ ਬੋਰਸਦ ਦੇ ਪੁਲਿਸ ਥਾਣੇ ਲੈ ਜਾਂਦਾ ਅਤੇ ਉਸ ਨੂੰ ਕਾਨੂੰਨ ਦੇ ਹਵਾਲੇ ਕਰ ਦੇਂਦਾ। ਮਹਾਰਾਜ ਦੀ ਕਿਰਪਾ ਨਾਲ ਭਿਆਨਕ ਅਤੇ ਦੁਖਦਾਈ ਰਾਹ ਨੂੰ ਛੱਡ ਕੇ ਸਿੱਧੇ ਰਾਹ ਤੇ ਪੈ ਜਾਣ ਕਰਕੇ ਉਸ ਨੂੰ ਥੋੜ੍ਹਾ ਬਹੁਤ ਜੁਰਮਾਨਾ ਜਾਂ ਸਜ਼ਾ ਦੇ ਕੇ ਛੱਡ ਦਿੱਤਾ ਜਾਂਦਾ।

ਇਸੇ ਤਰ੍ਹਾਂ ਦੀ ਇਕ ਯਾਤਰਾ ਦੇ ਦੌਰਾਨ ਉਹ ਬੋਰਸਦ ਜ਼ਿਲ੍ਹੇ ਦੇ ਕਠਾਣਾ ਨਾਮੀਂ ਇਕ ਪਿੰਡ ਵਿੱਚ ਇਕ ਘਰ ਵਿੱਚ ਚੌਕੜੀ ਮਾਰ ਕੇ ਚਰਖਾ ਚਲਾ ਰਿਹਾ ਸੀ ਇੱਕ ਪਤਨਵਾਦੀ ਆਇਆ ਅਤੇ ਚੁਪ-ਚਾਪ ਬਰਾਂਡੇ ਦੀ ਇਕ ਨੁਕਰੇ ਬੈਠ ਗਿਆ। ਚਰਖਾ ਕੱਤਦੇ ਕੱਤਦੇ ਹੀ ਮਹਾਰਾਜ ਨੇ ਉਸ ਤੋਂ ਖ਼ਦੋਲ ਪਿੰਡ ਦੇ ਲੋਕਾਂ ਦਾ ਹਾਲ-ਚਾਲ ਪੁੱਛਿਆ। ਮਹਾਰਾਜ ਨੇ ਪਛਾਣ ਲਿਆ ਸੀ ਕਿ ਉਹ ਖ਼ਦੋਲ ਪਿੰਡ ਦਾ ਰਹਿਣ ਵਾਲਾ ਸੀ । ਸੁੱਖ ਸਾਂਦ ਪੁੱਛਣ ਪਿੱਛੋਂ ਦੋਨੋਂ ਚੁਪ-ਚਾਪ ਹੋ ਗਏ। ਚੁੱਪ ਕੁਝ ਚਿਰ ਜਾਰੀ ਰਹੀ। ਮਹਾਰਾਜ ਸਮਝ 'ਗਿਆ ਸੀ ਕਿ ਉਹ ਆਦਮੀ ਕਿਸੇ ਕੰਮ ਆਇਆ ਸੀ। ਉਹ ਚੁੱਪ ਚਾਪ ਸੂਤ ਕੱਤਦਾ ਰਿਹਾ। ਮਹਾਰਾਜ ਕਿਸੇ ਨੂੰ ਕੁਰੇਦਣ ਦਾ ਆਦੀ ਨਹੀਂ ਸੀ। ਉਹ ਵੇਖ ਰਿਹਾ ਸੀ ਕਿ ਉਹ ਆਦਮੀ ਬੇਚੈਨੀ ਮਹਿਸੂਸ ਕਰ ਰਿਹਾ ਸੀ ।

ਆਖ਼ਰ ਆਦਮੀ ਦਾ ਸਬਰ ਖਤਮ ਹੋ ਗਿਆ ਅਤੇ ਉਹ ਬੋਲਿਆ, “ਮਹਾਰਾਜ! ਕੀ ਤੁਸੀਂ ਕਿਰਪਾ ਕਰਕੇ ਮੇਰੇ ਘਰ ਕਦੀ ਚਰਨ ਪਾਓਗੇ ?"

ਮਹਾਰਾਜ ਨੇ ਪੂਣੀ ਤੋਂ ਲੰਬੀ ਤੰਦ ਕੱਢਦਿਆਂ ਬੜੇ ਆਰਾਮ ਨਾਲ ਪੁੱਛਿਆ "ਕਿਉਂ ਕੀ ਗੱਲ ਹੈ ?"

"ਤੁਹਾਡੀ ਸਹਾਇਤਾ ਦੀ ਲੋੜ ਹੈ! ਤੁਸੀਂ ਖੋਦੀਆ ਨੂੰ ਜਾਣਦੇ ਹੋ, ਜਾਣਦੇ ਹੋ ਨਾ? ਉਸ ਦੇ ਸਿਰ ਵਿੱਚ ਫੋੜਾ ਹੋ ਗਿਆ ਹੈ ।"

ਸਿਆਣਾ ਬ੍ਰਾਹਮਣ ਸਮਝ ਗਿਆ ਕਿ ਸਿਰ ਤੇ ਫੋੜਾ ਹੋ ਜਾਣ ਦਾ ਕੀ ਮਤਲਬ ਹੈ ।

"ਤੂੰ ਕਿਹੜੇ ਖੋਦੀਏ ਦੀ ਗੱਲ ਕਰਦਾ ਹੈ?"

"ਖੋਦੀਆ ਕਾਵਿਠਾ ਵਾਲਾ"

"ਠੀਕ ਹੈ ਤੂੰ ਜਾ, ਮੈਥੋਂ ਅੱਜ ਤਾਂ ਨਹੀਂ ਆ ਹੋਣਾ ਮੈਂ ਇੱਕ ਦੋ ਦਿਨਾਂ ਤੱਕ ਆ ਜਾਵਾਂਗਾ ।"

ਜਦੋਂ ਖੋਡੀਏ ਦਾ ਭਣੋਈਆ ਚਲਾ ਗਿਆ ਤਾਂ ਮਹਾਰਾਜ ਨੇ ਪੂਣੀਆਂ ਇਕੱਠੀਆਂ ਕਰ ਲਈਆਂ ਅਤੇ ਚਰਖੇ ਨੂੰ ਠੱਪ ਕੇ ਇੱਕ ਪਾਸੇ ਰੱਖ ਦਿੱਤਾ। ਮਿੰਟਾਂ ਵਿੱਚ ਹੀ ਵਡੋਦਰਾ ਵੱਲ ਚੱਲ ਪਿਆ। ਸ਼ਹਿਰ ਵਿੱਚ ਉਹ ਇੱਕ ਪੁਲਿਸ ਸੁਪਰਡੈਂਟ ਜੋ ਇੱਕ ਹਮਦਰਦ ਮਰਾਸੀ ਨੂੰ ਮਿਲਿਆ ਅਤੇ ਉਸ ਨੂੰ ਖੋਡੀਆ ਕਾਵਿਠਾ ਵਾਲਾ ਬਾਰੇ ਦੱਸਿਆ। ਮਹਾਰਾਜ ਨੂੰ ਪਤਾ ਸੀ ਕਿ ਖੇਡੀਆ ਨੇ ਕੁਝ ਚੋਰੀਆਂ ਤੇ ਕੁਝ ਲੁੱਟ ਦੀਆਂ ਵਾਰਦਾਤਾਂ ਕੀਤੀਆਂ ਹਨ। ਉਸ ਨੇ ਸੁਪਰਡੈਂਟ ਨੂੰ ਕਿਹਾ ਕਿ ਜੇ ਉਸ ਨਾਲ ਨਰਮੀ ਵਰਤੀ ਜਾ ਸਕਦੀ ਹੋਵੇ ਤਾਂ ਉਹ ਖੋਡੀਏ ਨੂੰ ਲਿਆ ਸਕਦਾ ਹੈ। ਪਰ ਉਸ ਦਿਨ ਸੁਪਰਡੈਂਟ ਕਿਸੇ ਹੋਰ ਰੌਂ ਵਿੱਚ ਸੀ।

"ਨਹੀਂ! ਨਹੀਂ ! ਇਹ ਨਹੀਂ ਹੋ ਸਕਦਾ ।" ਸੁਪਰਡੈਂਟ ਨੇ ਕਾਟਵੀਂ ਆਵਾਜ਼ ਵਿੱਚ ਕਿਹਾ। ਉਸ ਨੂੰ ਦਿਲ ਭਰ ਕੇ ਚੋਰੀਆਂ, ਡਾਕੇ ਮਾਰਨ ਦਿਓ। ਮੈਂ ਆਪੇ ਇਸ ਨੂੰ

ਸਿੱਧਾ ਕਰ ਦਿਆਂਗਾ। " ਉਸ ਨੇ ਮੇਜ਼ ਤੇ ਪਏ ਆਪਣੇ ਰਿਵਾਲਵਰ ਨਾਲ ਖੇਡਦੇ ਹੋਏ ਕਿਹਾ ।

ਮਹਾਰਾਜ ਚੁੱਪ ਚਾਪ ਨੀਵੀਂ ਸੁੱਟੀ ਬੈਠਾ ਰਿਹਾ।

"ਜੋ ਕੁਝ ਮੈਂ ਕਿਹਾ ਹੈ ਤੈਨੂੰ ਚੰਗਾ ਨਹੀਂ ਲੱਗਾ?" ਸਾਹਿਬ ਨੇ ਕੁਝ ਨਰਮ ਹੋ ਕੇ ਕਿਹਾ।

“ਮੈਂ ਕੀ ਕਹਾਂ? ਮੇਰੇ ਕੋਲ ਕੁਝ ਵੀ ਕਹਿਣ ਨੂੰ ਨਹੀਂ" ਮਹਾਰਾਜ ਨੇ ਦੁਖੀ ਆਵਾਜ਼' ਵਿੱਚ ਕਿਹਾ ।

“ਪਰ ਕਿਉਂ?”

“ਕਿਉਂ ਨਹੀਂ, ਤੁਹਾਡੇ ਕੋਲ ਤੁਹਾਡੀਆਂ ਬੰਦੂਕਾਂ ਹਨ, ਗੋਲੀਆਂ ਹਨ, ਹਨ ਨਾ?” ਮਹਾਰਾਜ ਦੀ ਆਵਾਜ਼ ਕੰਬਣ ਲੱਗ ਪਈ ਜਦੋਂ ਉਸ ਨੇ ਕਿਹਾ, "ਜਦੋਂ ਬਾਬਰ ਦੇਵਾ ਤਬਾਹੀ ਮਚਾ ਰਿਹਾ ਸੀ, ਉਸ ਵੇਲੇ ਤੁਹਾਡੀਆਂ ਬੰਦੂਕਾਂ ਕਿੱਥੇ ਸਨ ?"

ਸਾਹਿਬ ਦਾ ਆਕੜਿਆ ਹੋਇਆ ਸਰੀਰ ਕੁਝ ਢਿੱਲਾ ਪੈ ਗਿਆ, ਜਦੋਂ ਉਸ ਦੇ ਮਨ ਵਿੱਚ ਪੁਲਿਸ ਦੀ ਹੋਈ ਬਦਨਾਮੀ ਦਾ ਵਿਚਾਰ ਆਇਆ, ਜਿਹੜੀ ਇਸ ਡਾਕੂ ਉੱਤੇ ਕਾਬੂ ਨਾ ਪਾ ਸਕਣ ਕਾਰਨ ਹੋਈ ਸੀ ।

ਮਹਾਰਾਜ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ, "ਜਦੋਂ ਇਹ ਆਦਮੀ ਪੂਰਾ ਡਾਕੂ ਬਣ ਜਾਵੇਗਾ ਅਤੇ ਲੋਕਾਂ ਨੂੰ ਤਹਿਸ ਨਹਿਸ ਕਰੇਗਾ ਉਦੋਂ ਤੁਹਾਡੀਆਂ ਬੰਦੂਕਾਂ ਕੁਝ ਨਹੀਂ ਕਰ ਸਕਣਗੀਆਂ। ਮੈਂ ਤੁਹਾਨੂੰ ਇਹੀ ਕੁਝ ਦੱਸਣ ਲਈ ਇੱਥੇ ਆਇਆ ਹਾਂ - ਇਸ ਤੋਂ ਵੱਧ ਕੁਝ ਨਹੀਂ। ਖੋਦੀਆ ਅਜੇ ਪੂਰੀ ਤਰ੍ਹਾਂ ਪਸ਼ੂ ਨਹੀਂ ਬਣਿਆ ਅਤੇ ਉਹ ਆਤਮ- ਸਮਰਪਣ ਕਰਨ ਲਈ ਤਿਆਰ ਹੈ। ਆਉ! ਅਸੀਂ ਉਸ ਦੀ ਸਹਾਇਤਾ ਕਰੀਏ।"

“ਚਲੋ! ਠੀਕ ਹੈ। ਉਸ ਨੂੰ ਲੈ ਆਉ। ਅਸੀਂ ਉਸ ਨੂੰ ਮਾਮੂਲੀ ਜੁਰਮਾਨਾ ਕਰਾ ਕੇ ਛੁਡਾਉਣ ਦੀ ਕੋਸ਼ਿਸ਼ ਕਰਾਂਗੇ।"

ਫੌਲਾਦੀ ਲੱਤਾਂ ਇਕ ਵਾਰ ਫਿਰ ਸੜਕ ਤੇ ਤੁਰਨ ਲ੍ਹਗੀਆਂ। ਮਜ਼ਬੂਤ ਕਦਮਾਂ ਵਿੱਚ ਆਸ਼ਾ ਨੇ ਨਵੀਂ ਫੁਰਤੀ ਭਰ ਦਿੱਤੀ। ਜਿਹੜੀ ਆਤਮਾ ਉਸ ਦੇ ਸਰੀਰ ਨੂੰ ਸਜੀਵ ਬਣਾ ਰਹੀ ਸੀ, ਉਹ ਇਸ ਗੱਲ ਤੇ ਖੁਸ਼ ਹੋ ਰਹੀ ਸੀ ਕਿ ਛੇਤੀ ਹੀ ਇਕ ਨੌਜਵਾਨ ਡਾਕੂ ਬਣਨ ਤੋਂ ਬਚ ਜਾਵੇਗਾ ਅਤੇ ਇਨਸਾਨੀ ਦਾਇਰੇ ਵਿੱਚ ਪਰਤ ਆਵੇਗਾ। ਉਸ ਨੇ ਖਡੌਲ ਪਿੰਡ ਪਹੁੰਚ ਕੇ ਹੀ ਦਮ ਲਿਆ। ਪਿੰਡ ਦੇ ਬਾਹਰਵਾਰ ਉਹ ਰੁਕ ਗਿਆ ਅਤੇ ਖੋਦੀਏ ਦੇ ਸਾਲੇ ਨੂੰ ਸੁਨੇਹਾ ਭੇਜਿਆ। ਉਸ ਵੇਲੇ ਸ਼ਾਮ ਪੈ ਚੁੱਕੀ ਸੀ। ਮਿੰਟ ਲੰਘ ਗਏ, ਘੰਟੇ, ਲੰਘ ਗਏ - ਪਰ ਕੋਈ ਪਰਤ ਕੇ ਨਾ ਆਇਆ। ਉਹ ਆਦਮੀ ਪਿੰਡ ਦੇ ਵਿੱਚ ਹੀ ਸੀ ਪਰ ਸਮਝ ਨਹੀਂ ਸੀ ਆ ਰਹੀ ਕਿ ਉਹ ਕਿਉਂ ਨਹੀਂ ਸੀ ਪਰਤਿਆ। ਸਵੇਰ ਵੇਲੇ ਉਦਾਸ ਮਨ ਨਾਲ ਮਹਾਰਾਜ ਬੋਰਸਦ ਵੱਲ ਤੁਰ ਪਿਆ। ਜਦੋਂ ਉਹ ਐਨ ਬੋਰਸਦ ਕੋਲ ਪਹੁੰਚ ਗਿਆ ਤਾਂ ਉਸ ਨੂੰ ਆਪਣੇ ਪਿੱਛੋਂ ਕਾਫੀ, ਫਾਸਲੇ ਤੋਂ ਆਵਾਜ਼ਾਂ ਸੁਣਾਈ ਦਿੱਤੀਆਂ ਜੋ ਉਸ ਨੂੰ ਰੁਕ ਜਾਣ ਲਈ ਕਹਿ ਰਹੀਆਂ ਸਨ। ਇਕ ਕਾਰ ਉਸ ਵੱਲ ਦੌੜੀ ਆ ਰਹੀ ਸੀ। ਜਦੋਂ ਗੱਡੀ ਉਸਦੇ ਕੋਲ ਪਹੁੰਚ ਗਈ, ਖੋਦੀਆ ਦਾ ਸਾਲਾ ਕਾਰ ਵਿੱਚੋਂ ਛਾਲ ਮਾਰ ਕੇ ਬਾਹਰ ਨਿਕਲ ਆਇਆ ਅਤੇ ਉਸ ਵੱਲ ਦੌੜਿਆ ।

"ਆਉ! ਆਪਾਂ ਚੱਲੀਏ। ਖੋਦੀਆ ਆਤਮ-ਸਮਰਪਣ ਕਰਨ ਲਈ ਤਿਆਰ ਹੈ, ਇਹ ਕਾਰ ਹਾਜ਼ਰ ਹੈ ।” ਉਸ ਨੇ ਮਹਾਰਾਜ ਨੂੰ ਕਿਹਾ ।

"ਉਹ ਕਿੱਥੇ ਹੈ?”

“ਇੱਥੋਂ ਲਗਭਗ ਛੇ ਮੀਲ ਤੇ ।”

“ਨਹੀਂ, ਪਹਿਲਾਂ ਕੁਝ ਰਿੰਨ੍ਹ ਪਕਾ ਕੇ ਖਾ ਲਈਏ ।”

ਮਹਾਰਾਜ ਨੇ ਖਾਣਾ ਪਕਾਇਆ ਅਤੇ ਪਹਿਲਾਂ ਖੋਦੀਏ ਦੇ ਸਾਲੇ ਨੂੰ ਖੁਆਇਆ, ਫਿਰ ਉਸ ਨੇ ਆਪ ਖਾਧਾ ।

ਪਾਮੋਲ ਪਿੰਡ ਦੇ ਬਾਹਰਵਾਰ ਇਕ ਪੈਲੀ ਦੇ ਵਿੱਚਕਾਰ ਇਕ ਦਰਖਤ ਸੀ। ਦਰਖਤ ਦੇ ਉੱਤੇ ਚੜ੍ਹਿਆ ਇਕ ਮਨੁੱਖੀ ਆਕਾਰ ਦਿਸਹੱਦੇ ਨੂੰ ਨਿਹਾਰ ਰਿਹਾ ਸੀ। ਮਹਾਰਾਜ ਸਮਝ ਗਿਆ ਕਿ ਇਹ ਕੋਈ ਔਰਤ ਸੀ। ਮਹਿਮਾਨਾਂ ਨੂੰ ਵੇਖ ਕੇ ਉਹ ਔਰਤ ਹੇਠਾਂ ਉਤਰ ਆਈ। ਕਾਰ ਆ ਕੇ ਰੁਕ ਗਈ ਅਤੇ ਮਹਾਰਾਜ ਉਸ ਪੈਲੀ ਦੇ ਵਿੱਚਕਾਰ ਪਹੁੰਚ ਗਿਆ। ਨਾਲ ਹੀ ਇਕ ਝੁੱਗੀ ਸੀ। ਝੁੱਗੀ ਦੇ ਬਾਹਰ ਇਕ ਮੰਜੀ ਪਈ ਸੀ ਜਿਸ ਉਰਤੇ ਇਕ ਗੱਭਰੂ ਸੁੱਤਾ ਪਿਆ ਸੀ। ਉਸ ਨੇ ਆਪਣਾ ਮੂੰਹ ਕਿਸੇ ਲਾਲ ਰੰਗ ਦੇ ਕੱਪੜੇ ਨਾਲ ਕੱਜਿਆ ਹੋਇਆ ਸੀ। ਇਕ ਨੌਜਵਾਨ ਤੀਵੀਂ ਮੰਜੀ ਦੇ ਕੋਲ ਖਲੋਤੀ ਸੀ। ਇਕ ਸਮਝਦਾਰ ਅੱਖ ਜਾਣ ਸਕਦੀ ਸੀ ਕਿ ਉਸ ਔਰਤ ਨੇ ਉਸ ਆਦਮੀ ਨੂੰ ਸੌਣ ਦਾ ਬਹਾਨਾ ਕਰਕੇ ਲੰਮੇ ਪੈ ਜਾਣ ਲਈ ਕਿਹਾ ਹੋਇਆ ਸੀ। ਆਦਮੀ ਇਸ ਤਰ੍ਹਾਂ ਉੱਠਿਆ ਜਿਵੇਂ ਉਹ ਡੂੰਘੀ ਨੀਂਦਰ ਤੋਂ ਉੱਠਿਆ ਹੋਵੇ।

“ਆਖ਼ਰ ਆਪਾਂ ਮਿਲਣ ਵਿੱਚ ਸਫ਼ਲ ਹੋ ਹੀ ਗਏ ਹਾਂ" ਮਹਾਰਾਜ ਨੇ ਥੋੜ੍ਹਾ ਲਾ ਕੇ ਕਿਹਾ, “ਹੁਣ ਜਦ ਸਾਡਾ ਮੇਲ ਹੋ ਗਿਆ ਹੈ ਤਾਂ ਦੱਸ ਤੂੰ ਕੀ ਕਰਨਾ ਚਾਹੁੰਦਾ ਹੈਂ?"

ਨੌਜਵਾਨ ਨੇ ਮੋਢਿਆਂ ਤੱਕ ਪੈਂਦੇ ਵਾਲਾਂ ਨੂੰ ਛੱਡ ਦੇ ਹੋਏ ਅਪਣੀਆਂ ਲਹੂ-ਰੰਗੀਆਂ ਅੱਖਾਂ ਮਹਾਰਾਜ ਵੱਲ ਕੀਤੀਆਂ ਅਤੇ ਅਧੀਨਗੀ ਨਾਲ ਕਿਹਾ, "ਸ੍ਰੀਮਾਨ ਜਿਵੇਂ ਆਪ ਹੁਕਮ ਕਰੋ ।”

“ਮੈਂ ਤੈਨੂੰ ਆਤਮ-ਸਮਰਪਣ ਕਰਨ ਦੀ ਸਲਾਹ ਦੇਂਦਾ ਹਾਂ। ਤੈਨੂੰ ਥੋੜ੍ਹਾ ਜਿਹਾ ਜੁਰਮਾਨਾ ਹੋ ਜਾਵੇਗਾ, ਕੀ ਤੈਨੂੰ ਮਨਜ਼ੂਰ ਹੈ ?"

"ਹਾਂ! ਹਾਂ ! ਬਿਲਕੁਲ ਮਨਜ਼ੂਰ ਹੈ ।”

“ਆ ਫਿਰ ਚੱਲੀਏ ।”

ਖੋਦੀਏ ਦੀ ਨਜ਼ਰ ਆਪਣੀ ਤੀਵੀਂ ਦੀ ਨਜ਼ਰ ਨਾਲ ਟਕਰਾਈ। ਚੌਂਹ ਅੱਖਾਂ ਵਿੱਚ ਚੁੱਪ-ਚਪੀਤੇ ਕੋਈ ਐਸੀ ਗੱਲ ਹੋ ਗਈ ਜਿਸ ਨੇ ਖੋਡੀਏ ਦਾ ਜੀਵਨ ਬਦਲ ਕੇ ਰੱਖ ਦਿੱਤਾ। ਉਸ ਦੀ ਤੀਵੀਂ ਦੀਆਂ ਨਸ਼ੀਲੀਆਂ ਅੱਖਾਂ ਉਸ ਦੀ ਆਤਮਾ, ਮਨ ਤੇ ਸਰੀਰ ਦੇ ਦੁਆਲੇ ਅਜੇ ਵੀ ਇਕ ਅਜਿੱਤ ਘੇਰਾ ਪਾਈ ਖੜ੍ਹੀਆਂ ਸਨ।

ਖੋਦੀਆ ਨੇ ਕਿਹਾ, “ਮੈਂ ਅੱਜ ਨਹੀਂ ਜਾਵਾਂਗਾ। ਕੱਲ੍ਹ ਮੈਂ ਕਾਵਿਠਾ ਆ ਜਾਵਾਂਗਾ।" ਗੱਲ ਨਿਪਟਾਉਣ ਉਪਰੰਤ, ਮਹਾਰਾਜ ਵਾਪਸ ਤੁਰ ਪਿਆ ਅਤੇ ਕਾਵਿਠਾ ਵਿੱਚ ਉਡੀਕਨਣ ਲੱਗਾ।

"ਸ੍ਰੀਮਾਨ ਜੀ। ਤੁਸੀਂ ਇੱਥੇ ਕਿਉਂ ਬੈਠੇ ਹੋ?"

ਹਰ ਪੁੱਛਣ ਵਾਲੇ ਨੂੰ ਚਮਕਦੀਆਂ ਅੱਖਾਂ ਅਤੇ ਮਿਠਾਸ ਭਰੇ ਬੋਲਾਂ ਵਿੱਚ ਉਸ ਨੇ ਜਵਾਬ ਦਿੱਤਾ, "ਮੈਂ ਕਿਸੇ ਦੀ ਉਡੀਕ ਕਰ ਰਿਹਾ ਹਾਂ ।”

ਕਾਵਿਠਾ ਪਿੰਡ ਦੇ ਬਾਹਰਵਾਰ ਹੀ ਮਹਾਰਾਜ ਬੈਠਿਆ ਸੀ ਅਤੇ ਸੜਕ ਉੱਤੇ ਹੀ ਇੰਤਜ਼ਾਰ ਕਰ ਰਿਹਾ ਸੀ। ਸੂਰਜ ਨਿਕਲਣ ਤੋਂ ਪਹਿਲਾਂ ਕੰਮਾਂ-ਕਾਰਾਂ ਨੂੰ ਜਾਂਦੇ ਕਿਸਾਨਾਂ ਨੇ ਹੱਥ ਜੋੜ ਕੇ ਉਸ ਤੋਂ ਇਹ ਸਵਾਲ ਪੁੱਛਿਆ ਸੀ ।

ਸੂਰਜ ਉੱਚਾ ਉੱਚਾ ਹੋਇਆ ਅਤੇ ਐਨ ਸਿਖਰ ਤੱਕ ਪੁੱਜ ਗਿਆ। ਛੇਤੀ ਹੀ ਇਹ ਮਧਿਆਂਤਰ ਰੇਖਾ ਤੋਂ ਢਲਣ ਲੱਗਿਆ ਅਤੇ ਕਿਸਾਨ ਖੇਤਾਂ ਤੋਂ ਵਾਪਸ ਆਉਣ ਲੱਗੇ। ਉਨ੍ਹਾਂ ਨੇ ਉਸ ਨੂੰ ਉਸੇ ਥਾਂ ਤੇ ਬੈਠਿਆ ਵੇਖਿਆ ।

'ਕੀ ਹੋਇਆ ਹੈ? ਤੁਸੀਂ ਅਜੇ ਇੱਥੇ ਹੀ ਹੋ ? ਉਨ੍ਹਾਂ ਪੁੱਛਿਆ ।

“ਮੈਂ ਸਵੇਰ ਤੋਂ ਇਤਜ਼ਾਰ ਕਰ ਰਿਹਾ ਹਾਂ ।”

“ਕੀ ਤੁਹਾਡਾ ਖ਼ਿਆਲ ਹੈ ਕਿ ਉਹ ਆਵੇਗਾ?"

ਆਪਣੀ ਮਾਯੂਸੀ ਤੇ ਉਦਾਸੀ ਨੂੰ ਲੁਕਾਉਣ ਲਈ ਉਸ ਨੇ ਸਿਰ ਹਿਲਾਇਆ। ਆਖਰ ਉਹ ਉੱਠ ਖਲੋਤਾ। ਚੋਰੀ ਚੋਰੀ ਉਹ ਪਿੰਡ ਦੀ ਉਸ ਗਲੀ ਵਿੱਚ ਗਿਆ ਜਿੱਥੇ ਖੋਡੀਆ ਰਹਿੰਦਾ ਸੀ। ਉਹ ਕਿਸੇ ਐਸੇ ਵਿਅਕਤੀ ਨੂੰ ਨਾ ਮਿਲ ਸਕਿਆ ਜੋ ਉਸ ਦੀ ਪੁੱਛ ਦਾ ਉੱਤਰ ਦੇ ਸਕਦਾ। ਜਿਹੜਾ ਕੋਈ ਉਸ ਨੂੰ ਮਿਲਿਆ ਉਹ ਵੀ ਬਿਨਾਂ ਉੱਤਰ ਦਿੱਤੇ ਅੱਗੇ ਲੰਘ ਗਿਆ।

"ਖੋਦੀਆ ਕਿੱਥੇ ਗਿਆ ਹੈ?" ਉਸ ਨੇ ਔਰਤਾਂ ਨੂੰ ਪੁੱਛਿਆ ।

" ਜਾਓ ਤੇ ਆਪੇ ਵੇਖ ਲਵੋ। ਸਾਨੂੰ ਕੀ ਪਤਾ ਕਿ ਉਹ ਕਿੱਥੇ ਗਿਆ" ਉਨ੍ਹਾਂ ਨੇ ਬੜੇ ਗੁਸਤਾਖ਼ੀ ਭਰੇ ਲਹਿਜੇ ਵਿੱਚ ਕਿਹਾ ।

ਉਨ੍ਹਾਂ ਦਾ ਇਹ ਵਤੀਰਾ ਉਸ ਲਈ ਅਪਰਿਚਿਤ ਸੀ ਪਰ ਉਹ ਸਮਝ ਗਿਆ ਕਿ ਗੱਲ ਕੀ ਹੈ। ਉਹ ਖੋਦੀਆ ਦੇ ਨਾਂ ਤੋਂ ਵੀ ਸੰਕੋਚ ਕਰ ਰਹੀਆਂ ਸਨ। ਉਹ ਉਸ ਦੇ ਪਾਪਾਂ ਦੇ ਪਰਛਾਵੇਂ ਤੋਂ ਵੀ ਡਰ ਰਹੀਆਂ ਸਨ। ਉਨ੍ਹਾਂ ਨੇ ਉਸ ਨੂੰ ਬੈਠਣ ਲਈ ਥਾਂ ਨਾ ਦਿੱਤੀ, ਨਾ ਹੀ ਉਨ੍ਹਾਂ ਨੇ ਉਸ ਤੋਂ ਪੁੱਛਿਆ ਕਿ ਉਸ ਨੂੰ ਭੁੱਖ ਜਾਂ ਪਿਆਸ ਲੱਗੀ ਸੀ। ਪਿੰਡ ਉੱਤੇ ਮਨਹੂਸ ਜਿਹਾ ਵਾਤਾਵਰਣ ਛਾਇਆ ਹੋਇਆ ਸੀ। ਲੋਕਾਂ ਦੇ ਦਿਲਾਂ ਨੇ ਜਿਵੇਂ ਹਵਾ ਵਿੱਚ ਧੜਕਣਾ ਹੀ ਬੰਦ ਕਰ ਦਿੱਤਾ ਹੋਵੇ; ਕਬਰਸਤਾਨ ਦੇ ਸਨਾਟੇ ਵਾਂਗ।

ਬਿਨਾਂ ਬੁਲਾਏ ਉਹ ਇਕ ਵਿਹੜੇ ਦੇ ਅੰਦਰ ਡੱਠੀ ਹੋਈ ਮੰਜੀ ਤੇ ਜਾ ਕੇ ਬੈਠ ਗਿਆ। ਛੇਤੀ ਹੀ ਇਕ ਪਤਨਵਾਦੀ ਆਦਮੀ ਕੋਲੋਂ ਦੀ ਲੰਘਿਆ ।

"ਉਹ! ਇਹ ਤੁਸੀਂ ਹੋ ਮਹਾਰਾਜ ਜੀ ? ਕੀ ਹੇਠਾਂ ਕੋਈ ਤਲਾਈ ਵੀ ਨਹੀਂ ਵਿਛਾਈ ਗਈ?" ਉਸ ਨੇ ਹੈਰਾਨੀ ਵਿੱਚ ਪੁੱਛਿਆ ।

"ਮੈਂ ਆਪਣੇ ਨਾਲ ਤਲਾਈ ਨਹੀਂ ਚੁੱਕੀ ਫਿਰਦਾ, ਮੇਰੇ ਦੋਸਤ" ਮਹਾਰਾਜ ਦੀ ਆਵਾਜ਼ ਥੋੜ੍ਹੀ ਜਿਹੀ ਕਾਟਵੀਂ ਸੀ। "ਖੋਦੀਆ ਕਿੱਥੇ ਹੈ ?"

"ਮੈਨੂੰ ਇਸ ਦਾ ਪਤਾ ਨਹੀਂ ਜੀ ।"

"ਚੰਗਾ ਠੀਕ ਹੈ। ਉਸ ਨੂੰ ਕਹਿ ਦਿਉ ਕਿ ਮੈਂ ਵਾਅਦੇ ਮੁਤਾਬਕ ਆ ਗਿਆ ਹਾਂ।" ਉਹ ਹੋਰ ਕੁਝ ਨਾ ਬੋਲ ਸਕਿਆ। ਉਸ ਨੂੰ ਪਤਾ ਸੀ ਕਿ ਇਕ ਵੱਡੀ ਮੁਸੀਬਤ ਆਉਣ ਵਾਲੀ ਹੈ, ਪਰ ਉਹ ਕਿਸੇ ਵੀ ਕੀਮਤ ਤੇ ਆਪਣੀ ਘਬਰਾਹਟ ਪ੍ਰਗਟ ਨਹੀਂ ਸੀ ਹੋਣ ਦੇਣਾ ਚਾਹੁੰਦਾ। ਲਗਦਾ ਜਿਵੇਂ ਆਜੜੀ ਦਾ ਸਭ ਤੋਂ ਪਿਆਰਾ ਲੇਲਾ ਰਾਹੋਂ ਭਟਕ ਗਿਆ ਹੋਵੇ। ਇਕ ਪਸ਼ੂ ਅਵਾਰਾ ਹੋ ਗਿਆ ਸੀ। ਹੁਣ ਸਵਾਲ ਇਹ ਸੀ ਕਿ ਕੀ ਉਹ ਉਸ ਨੂੰ ਭੇੜੀਆਂ ਤੋਂ ਬਚਾ ਸਕੇਗਾ?

ਉਸ ਦੇ ਡਰ ਠੀਕ ਸਾਬਤ ਹੋਏ। ਕੁਝ ਦਿਨਾਂ ਬਾਅਦ ਮਹਾਰਾਜ ਨੂੰ ਪਤਾ ਲੱਗਿਆ ਕਿ ਖੋਦੀਆ ਨੂੰ ਇਕ ਪੱਤੀਦਾਰ ਮਿਲ ਗਿਆ ਸੀ ਜਿਸ ਨੇ ਉਸ ਨੂੰ ਇਹ ਕਹਿ ਕੇ ਵਰਗਲਾਇਆ ਸੀ, "ਇਨ੍ਹਾਂ ਚਿੱਟੀ ਟੋਪੀ ਵਾਲਿਆਂ ਤੇ ਇਤਬਾਰ ਨਾ ਕਰ। ਤੂੰ ਮੇਰੇ ਨਾਲ ਸਾਹਿਬ ਕੋਲ ਚੱਲ, ਮੈਂ ਤੈਨੂੰ ਮੁਆਫ਼ੀ ਦਿਵਾਵਾਂਗਾ।"

ਸਾਹਿਬ ਉੱਚ ਪਦਵੀ ਦਾ ਪੁਲਿਸ ਅਧਿਕਾਰੀ ਸੀ। ਸਾਹਿਬ ਨੇ ਪੱਤੀਦਾਰ ਨੂੰ ਅਠਾਰਾਂ ਰੁਪਏ ਦੀ ਦਸਤਾਰ ਦੇ ਕੇ ਸਨਮਾਨਤ ਕੀਤਾ। ਖੋਦੀਆ ਨੂੰ ਲਾਲਚ ਦਿੱਤਾ ਗਿਆ ਕਿ ਨਾਹਪਾ ਨਾਂ ਦੇ ਪਿੰਡ ਦੇ ਇਕ ਹੋਰ ਚੋਰ ਨੂੰ ਫੜਾਉਣ ਬਦਲੇ ਉਸ ਨੂੰ ਇਨਾਮ ਦਿੱਤਾ ਜਾਵੇਗਾ। ਇਕ ਵਾਰੀ ਫਿਰ ਖੋਦੀਆ ਨੇ ਲੁੱਟਮਾਰ ਤੇ ਚੋਰੀ ਕਰਨੀ ਸ਼ੁਰੂ ਕਰ ਦਿੱਤੀ। ਇਸ ਵਾਰੀ ਬੇਖ਼ੌਫ ਹੋ ਕੇ ਕਿਉਂਕਿ ਉਸ ਨੂੰ ਪੁਲਿਸ ਵੱਲੋਂ ਸੁਰੱਖਿਆ ਮਿਲ ਗਈ ਸੀ।

*******

## ਇਕ ਅਫ਼ਸਰ ਦਾ ਹੌਸਲਾ

ਬਾਮਣ ਨਾਂ ਦੇ ਪਿੰਡ ਦੇ ਬਾਹਰਵਾਰ ਇਕ ਦਾਅਵਤ ਚੱਲ ਰਹੀ ਸੀ। ਇਸ ਵਿੱਚ ਸ਼ਾਮਲ ਹੋਣ ਲਈ ਆਪਣੇ ਸਹਿਯੋਗੀਆਂ ਸਮੇਤ ਦਰਬਾਨ ਗੋਪਾਲਦਾਸ ਵੀ ਬੋਰਸਦ ਤੋਂ ਆਇਆ ਹੋਇਆ ਸੀ। ਇਸ ਪਾਰਟੀ ਵਿੱਚ ਮਹਾਰਾਜ ਵੀ ਸ਼ਾਮਲ ਸੀ। ਅਜੇ ਖਾਣਾ ਚਲ ਹੀ ਰਿਹਾ ਸੀ ਕਿ ਇਕ ਪੱਤੀਦਾਰ ਮੁੰਡੇ ਨੂੰ ਖੋਡੀਆ ਦੁਆਰਾ ਅਗਵਾਹ ਕਰ ਲਏ ਜਾਣ ਦੀ ਖਬਰ ਆਈ ਅਤੇ ਉਸ ਦੁਆਰਾ ਇਹ ਧਮਕੀ ਦਿੱਤੀ ਗਈ ਕਿ ਜੇ ਪੰਜ ਸੌ ਦੀ ਰਕਮ ਉਸ ਨੂੰ ਵਕਤ ਸਿਰ ਨਾ ਪਹੁੰਚਾਈ ਗਈ ਤਾਂ ਮੁੰਡੇ ਨੂੰ ਕਤਲ ਕਰ ਦਿੱਤਾ ਜਾਵੇਗਾ। ਮਹਾਰਾਜ ਨੇ ਆਪਣੀ ਥਾਲੀ ਇਕ ਪਾਸੇ ਧੱਕ ਦਿੱਤੀ ਅਤੇ ਤੁਰ ਪਿਆ। ਰਸਤੇ ਵਿੱਚ ਉਸ ਨੂੰ ਪਤਾ ਲੱਗਿਆ ਕਿ ਮੁੰਡੇ ਨੂੰ ਰਾਜ਼ੀ ਖੁਸ਼ੀ ਵਾਪਸ ਕਰ ਦਿੱਤਾ ਗਿਆ ਹੈ ਅਤੇ ਮਾਮਲਾ ਠੀਕ ਨਿਪਟ ਗਿਆ ਹੈ, ਪਰ ਮਹਾਰਾਜ ਇਸ ਨੂੰ ਨਿਪਟ ਗਿਆ ਨਹੀਂ ਸੀ ਸਮਝਦਾ।

ਉਸ ਨੇ ਪੁੱਛਿਆ “ਕੀ ਇਹ ਸਾਰੀਆਂ ਵਾਰਦਾਤਾਂ ਖੁਦ ਖੁਡੀਆ ਦੀ ਵਿਉਂਤ ਹਨ?"

ਉਸ ਦੇ ਸੂਚਕ ਨੇ ਕਿਹਾ "ਨਹੀਂ ਮਹਾਰਾਜ! ਉਸ ਦਾ ਇਕ ਸਾਥੀ ਭਿੱਖਾ ਹੈ।” “ਭਿੱਖਾ ਡਿਡਰਾਡਾ ਪਿੰਡ ਦਾ ਰਹਿਣ ਵਾਲਾ ਹੈ”

“ਉਸ ਦੀ ਉਮਰ ਕੀ ਹੈ”

“ਉਹ ਵੀ ਨੌਜਵਾਨ ਹੈ।”

ਇਹ ਜਾਣ ਕਿ ਦੋਵੇਂ ਮੁਜਰਮ ਨੌਜਵਾਨ ਹਨ ਮਹਾਰਾਜ ਚੈਨ ਨਾਲ ਨਾ ਬੈਠ ਸਕਿਆ। ਉਸ ਦੇ ਅਣਥੱਕ ਪੈਰ ਡਿਡਰਾਡਾ ਵੱਲ ਨੂੰ ਹੋ ਪਏ। ਭਿੱਖਾ ਆਪਣੀਆਂ ਪੈਲੀਆਂ ਵਿੱਚ ਨਹੀਂ ਸੀ। ਪਰ ਉਸ ਦਾ ਪਿਤਾ ਫਾਰਮ ਦੀ ਦੇਖਭਾਲ ਕਰ ਰਿਹਾ ਸੀ। ਕਿਸੇ ਨੂੰ ਪਤਾ ਨਹੀਂ ਕਿ ਮਹਾਰਾਜ ਤੇ ਭਿੱਖਾ ਦੇ ਪਿਤਾ ਦੇ ਵਿੱਚਕਾਰ ਗੱਲਬਾਤ ਹੋਈ, ਪਰ ਅਗਲੇ ਦਿਨ ਭਿੱਖੇ ਦਾ ਪਿਉ ਉਸ ਨੂੰ ਬੋਰਸਦ ਕੈਂਪ ਵਿੱਚ ਲੈ ਆਇਆ ਅਤੇ ਉਸ ਨੂੰ ਮਹਾਰਾਜ ਦੇ ਸਪੁਰਦ ਕਰ ਦਿੱਤਾ। ਮਹਾਰਾਜ ਨੇ ਇਹ ਨਹੀਂ ਸੋਚਿਆ ਸੀ ਕਿ ਭਿੱਖੇ ਨੂੰ ਲੁਕਾਇਆ ਜਾਵੇ ਜਾਂ ਉਸ ਨੂੰ ਮਾਫ਼ੀ ਦਿਵਾਉਣ ਲਈ ਵਡੋਦਰਾ ਵਿੱਚ ਪੁਲਿਸ ਦੇ ਹਵਾਲੇ ਕੀਤਾ ਜਾਵੇ। ਉਸ ਦਾ ਪਹਿਲਾ ਕੰਮ ਇਹ ਸੀ ਕਿ ਉਹ ਭਿੱਖ ਨੂੰ ਫੌਜਦਾਰ ਕੋਲ ਲੈ ਗਿਆ ਅਤੇ ਉਸ ਨੂੰ ਹਿਰਾਸਤ ਵਿੱਚ ਲੈਣ ਲਈ ਕਿਹਾ ਫੌਜਦਾਰ ਨੇ ਉਸ ਨੂੰ ਮੁਨਸਫ ਦੇ ਪੇਸ਼ ਕੀਤਾ ਅਤੇ ਮੁਨਸਫ ਨੇ ਉਸ ਨੂੰ ਹਵਾਲਾਤ ਵਿੱਚ ਰੱਖਣ ਦਾ ਹੁਕਮ ਦਿੱਤਾ। ਮਹਾਰਾਜ ਹਵਾਲਾਤ ਤੱਕ ਭਿੱਖ ਦੇ ਨਾਲ ਰਿਹਾ। ਵਿਛੜਨ ਵੇਲੇ ਜਦੋਂ ਉਨ੍ਹਾਂ ਦੀਆਂ ਅੱਖਾਂ ਮਿਲੀਆਂ ਤਾਂ ਭਿੱਖੇ ਨੇ ਉਨ੍ਹਾਂ ਵਿੱਚੋਂ ਹੌਸਲਾ ਰੱਖਣ ਅਤੇ ਵਿਸ਼ਵਾਸ ਦਾ ਪ੍ਰਣ ਲੈਣ ਦਾ ਸੰਦੇਸ਼ ਪੜ੍ਹਿਆ। ਉਸ ਆਦਮੀ ਦੀਆਂ ਅੱਖਾਂ, ਜਿਹੜਾ ਪਿਛਲੀ ਰਾਤ ਤੱਕ ਇਕ ਖੌਫ਼ਨਾਕ ਆਦਮਖੋਰ ਵਾਂਗ ਲੋਕਾਂ ਵਿੱਚ ਸਹਿਮ ਦਾ ਕਾਰਨ ਬਣਿਆ ਹੋਇਆ ਸੀ ਉਸ ਨੂੰ ਸ਼ਾਂਤ ਰਹਿਣ ਦਾ ਸੰਦੇਸ਼ ਦੇ ਰਹੀਆਂ ਸਨ। ਮਹਾਰਾਜ ਅਜੇ ਤੁਰਨ ਹੀ ਲੱਗਿਆ ਸੀ, ਕਿ ਉਸ ਨੇ ਪਿਛੋਂ ਭਿੱਖ ਦੀ ਆਵਾਜ਼ ਸੁਣੀ, "ਕੀ ਆਪ ਇਕ ਮਿੰਟ ਲਈ ਵਾਪਸ ਆਉਗੇ ?"

"ਦੱਸ ਕੀ ਗੱਲ ਹੈ" ਮਹਾਰਾਜ ਨੂੰ ਥੋੜ੍ਹਾ ਡਰ ਲੱਗਿਆ ਕਿ ਸ਼ਾਇਦ ਭਿੱਖ ਦਾ ਮਨ ਡੋਲ ਨਾ ਗਿਆ ਹੋਵੇ।

ਪਰ ਭਿੱਖੇ ਨੇ ਮੁਸਕਰਾਉਂਦੇ ਹੋਏ ਕਿਹਾ। " ਸ੍ਰੀ ਮਾਨ ਜੀ ! ਕੀ ਆਪ ਖੋਡੀਆ ਨੂੰ ਵੀ ਇੱਥੇ ਲਿਆਉਣਾ ਚਾਹੁੰਦੇ ਹੋ ?"

"ਹਾਂ, ਬਿਲਕੁਲ।"

"ਮੈਂ ਉਸ ਨੂੰ ਤੁਹਾਡੇ ਕੋਲ ਲਿਆ ਸਕਦਾ ਹਾਂ ।"

"ਤੂੰ ਉਸ ਨੂੰ ਕਿੱਥੋਂ ਲਿਆਵੇਂਗਾ?"

"ਉਹ ਬਹੁਤੀ ਦੂਰ ਨਹੀਂ। ਉਹ ਵਾਸਣਾ ਵਿੱਚ ਇਕ ਪਤਨਵਾਦੀ ਦੇ ਘਰ ਵਿੱਚ ਲੁਕਿਆ ਹੋਇਆ ਹੈ। ਆਉ ਆਪਾਂ ਚੱਲ ਕੇ ਉਸ ਨੂੰ ਲੈ ਆਈਏ ।"

"ਕੀ ਉਹ ਆ ਜਾਵੇਗਾ?"

"ਇਕ ਲੇਲੇ ਵਾਂਗ ਆ ਜਾਵੇਗਾ ਜੀ ।"

"ਤੂੰ ਇਹ ਗੱਲ ਜ਼ਰਾ ਪਹਿਲੋਂ ਨਹੀਂ ਸੀ ਕਹਿ ਸਕਦਾ? ਹੁਣ ਮੈਂ ਤੈਨੂੰ ਹਵਾਲਾਤ ਵਿੱਚੋਂ ਬਾਹਰ ਕਿਵੇਂ ਕਢਵਾ ਸਕਦਾ ਹਾਂ ?"

"ਅਸੀਂ ਹੁਣੇ ਵਾਪਸ ਆ ਜਾਵਾਂਗੇ ।" ਭਿੱਖੇ ਦਾ ਚਿਹਰਾ ਉਮੀਦ ਤੇ ਜੋਸ਼ ਨਾਲ ਚਮਕ ਰਿਹਾ ਸੀ। ਜਦੋਂ ਉਹ ਸਲਾਖਾਂ ਵਿੱਚੋਂ ਦੀ ਇਹ ਗੱਲ ਕਹਿ ਰਿਹਾ ਸੀ।

ਮਹਾਰਾਜ ਬੇਚੈਨ ਹੋ ਉੱਠਿਆ। ਪੁਲਿਸ ਅਫ਼ਸਰ ਦੇ ਘਰ ਵੱਲ ਮੁੜਦਿਆਂ ਉਸ ਦੇ ਪੈਰ ਹਰ ਕਦਮ ਤੇ ਰੁਕ ਰਹੇ ਸਨ ਅਤੇ ਕਈ ਵਾਰੀ ਵਾਪਸ ਵੀ ਮੁੜੇ ਸਨ। ਆਖ਼ਰ ਉਹ ਪੁਲਿਸ ਦਫ਼ਤਰ ਦੇ ਘਰ ਗਿਆ ਅਤੇ ਉਸ ਨੂੰ ਬੇਨਤੀ ਕੀਤੀ। "ਇਸ ਕੈਦੀ ਨੂੰ ਮੇਰੇ ਨਾਲ ਜਾਣ ਦਿਉ। ਖੋਡੀਆ ਵੀ ਸਮਝੋ ਪਕੜਿਆ ਗਿਆ। ਮੈਂ ਉਸ ਨੂੰ ਵੀ ਨਾਲ ਲਈ ਆਵਾਂਗਾ।"

ਉਹ ਅਫ਼ਸਰ ਜਿਸ ਦੇ ਬਾਲ ਬੱਚੇ ਸਨ, ਜਿਨ੍ਹਾਂ ਦਾ ਉਹ ਪੇਟ ਪਾਲਦਾ ਸੀ, ਪਹਿਲਾਂ ਤਾਂ ਉਸ ਦੀ ਗੱਲ ਤੇ ਹੱਸਿਆ, "ਕੀ ਇਹ ਸੰਭਵ ਹੈ ਕਿ ਜਿਸ ਮੁਜਰਮ ਦਾ ਨਾਂ ਕਚਹਿਰੀ ਵਿੱਚ ਦਰਜ ਹੋਵੇ ਉਸ ਨੂੰ ਹਿਰਾਸਤ ਵਿੱਚੋਂ ਛੱਡਿਆ ਜਾਵੇ ?"

"ਜੇ ਸੰਭਵ ਨਹੀਂ ਤਾਂ ਕਿਰਪਾ ਕਰਕੇ ਸੰਭਵ ਬਣਾ ਦਿਉ" ਮਹਾਰਾਜ ਨੇ ਜ਼ੋਰ ਪਾ ਕੇ ਕਿਹਾ।

"ਮੇਰੀ ਇੰਨੀ ਲੰਮੀ ਸਰਕਾਰੀ ਸੇਵਾ ਦਾ ਕੀ ਬਣੇਗਾ? ਕੀ ਤੁਸੀਂ ਚਾਹੁੰਦੇ ਹੋ ਕਿ ਉਸ ਨੂੰ ਖਤਰੇ ਵਿੱਚ ਪਾ ਦਿਆਂ ? ਕੀ ਤੁਸੀਂ ਜਾਣਦੇ ਹੋ ਤੁਸੀਂ ਕੀ ਕਹਿ ਰਹੇ ਹੋ ?"

"ਪੱਕੇ ਸਬੂਤ ਹਮੇਸ਼ਾਂ ਘੱਟ ਹੋਇਆ ਕਰਦੇ ਹਨ।"

"ਪਰ..........................."

"ਸਾਹਿਬ ਜ਼ਰਾ ਸੋਚੋ। ਖੋਡੀਆ ਇਕ ਖ਼ੂੰਖਾਰ ਡਾਕੂ ਬਣ ਜਾਵੇਗਾ। ਉਹ ਲੁੱਟਮਾਰ ਕਰੇਗਾ। ਲੋਕਾਂ ਨੂੰ ਅਜਿਹੇ ਜ਼ੁਲਮ ਤੋਂ ਬਚਾਉਣ ਲਈ ਕੀ ਤੁਸੀਂ ਇਕ ਵਾਰ ਵੀ ਬਾਜ਼ੀ ਨਹੀਂ ਲਾ ਸਕਦੇ?"

"ਮੇਰੇ ਬੱਚਿਆਂ............... ਮੇਰੀ ਪਤਨੀ............... ਦਾ ਕੀ ਬਣੇਗਾ?"

"ਮੈਂ ਵੀ ਉਨ੍ਹਾਂ ਬਾਰੇ ਸੋਚਿਆ ਹੈ। ਜੇ ਅਸੀਂ ਬਾਜ਼ੀ ਹਾਰ ਗਏ ਤਾਂ ਇਸ ਦੇ ਨਤੀਜੇ ਸੋਚ ਕੇ ਕੰਬਣੀ ਛਿੜਦੀ ਹੈ ਪਰ ਤਾਂ ਵੀ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ।"

ਪੁਲਿਸ ਅਫ਼ਸਰ ਉਸ ਰਾਤ ਸੌਂ ਨਾ ਸਕਿਆ। ਉਸ ਦਾ ਸਰੀਰ ਬਿਸਤਰੇ ਵਿੱਚ ਕਰਵਟਾਂ ਬਦਲ ਰਿਹਾ ਸੀ। ਉਸ ਦਾ ਮਨ ਇਕ ਪਲ ਲਈ ਆਪਣੇ ਪਰਵਾਰ ਵੱਲ ਭੱਜਦਾ ਸੀ ਅਤੇ ਦੂਜੇ ਪਲ ਮਹਾਰਾਜ ਵੱਲ। ਡਾਕਾ ਮਾਰਨ ਦੇ ਇਲਜ਼ਾਮ ਵਿੱਚ ਫੜੇ ਇਕ ਮੁਲਜਮ ਨੂੰ ਰਿਹਾ ਕਰਨ ਦਾ ਮਤਲਬ ਆਪਣੇ ਹੱਥਾਂ ਨੂੰ ਹਥਕੜੀਆਂ ਲੁਆਉਣਾ ਸੀ ਅਤੇ ਜੇ ਕਦੇ ਰੱਬ ਨਾ ਕਰੇ ਭਿੱਖਾ ਭੱਜ ਗਿਆ ਤਾਂ ਉਸ ਦਾ ਵੀ ਉਹ ਅੰਤ ਹੋਵੇਗਾ। ਇਸ ਦੀ ਸੋਚ ਵੀ ਉਸਦੇ ਦਿਮਾਗ ਨੂੰ ਚਕਰਾ ਜਾਂਦੀ ਸੀ। ਨਹੀਂ, ਨਹੀਂ, ਉਸ ਨੂੰ ਇਹ ਖਤਰਾ ਨਹੀਂ ਸਹੇੜਨਾ ਚਾਹੀਦਾ। ਇਹ ਕਰਨ ਦਾ ਫਾਇਦਾ ਵੀ ਕੀ ਹੈ ? ਕੀ ਉਸ ਦਾ ਜਾਮਨ ਇਤਬਾਰ ਯੋਗ ਹੈ ? ਜੇ ਉਸ ਨੂੰ ਕੁਝ ਹੋ ਗਿਆ ਤਾਂ ਇਹ ਬ੍ਰਾਹਮਣ ਇਕ ਸਮਾਜ ਸੇਵਕ, ਉਸ ਦੀ ਪਤਨੀ ਤੇ ਬੱਚਿਆਂ ਦੀ ਕਿਵੇਂ ਸੰਭਾਲ ਕਰ ਸਕੇਗਾ। ਬ੍ਰਾਹਮਣ ਲਈ ਜੇਲ੍ਹ ਜਾਣਾ, ਕੋਈ ਨਵੀਂ ਗੱਲ ਨਹੀਂ ਹੋਵੇਗੀ, ਪੇਟ ਪਾਲਣ ਲਈ ਉਸ ਦਾ ਕੋਈ ਬਾਲ-ਬੱਚਾ ਨਹੀਂ। ਉਹ ਇਕ ਇਕੱਲਾ ਆਦਮੀ ਹੈ। ਉਹ, ਇਕ ਛੋਟਾ

ਜਿਹਾ ਸਰਕਾਰੀ ਕਰਮਚਾਰੀ, ਕਿਸ ਕੋਲ ਮਦਦ ਲਈ ਫਰਿਆਦ ਕਰੇਗਾ? ਉਸ ਦੇ ਅਫ਼ਸਰ ਉਸ ਦੇ ਸਾਥੀ ਅਤੇ ਮਗਰੋਂ ਬ੍ਰਾਹਮਣ ਵੀ ਉਸ ਨੂੰ ਮੂਰਖ ਸਮਝਣਗੇ।

ਉਸ ਦੇ ਮਨ ਦਾ ਝੁਕਾਅ ਬਿਲਕੁਲ ਦੂਸਰੇ ਪਾਸੇ ਸੀ। ਉਸ ਨੇ ਸੋਚਿਆ ਮਹਾਰਾਜ ਇਕ ਹੀਰਾ ਬੰਦਾ ਹੈ। ਕੀ ਉਹ ਉਸ ਨੂੰ ਕਦੇ ਧੋਖਾ ਦੇ ਸਕਦਾ ਹੈ ? ਕੀ ਉਹ ਉਸ ਨੂੰ ਜਾਣ ਬੁੱਝ ਕੇ ਪਹਾੜੀ ਦੇ ਹੇਠ ਰੇੜ੍ਹ ਸਕਦਾ ਹੈ ? ਮਹਾਰਾਜ ਖੁਦ ਆਪਣੇ ਜੀਵਨ ਨੂੰ ਬਾਜ਼ੀ ਤੇ ਲਾ ਰਿਹਾ ਹੈ। ਕੀ ਇਹੋ ਜਿਹੇ ਮਹਾਂਪੁਰਸ਼ ਉੱਤੇ ਘੱਟੋ ਘੱਟ ਇਕ ਵਾਰੀ ਵੀ ਵਿਸ਼ਵਾਸ ਨਹੀਂ ਕਰਨਾ ਚਾਹੀਦਾ? ਉਹ ਕਈ ਸਾਲ ਇਕ ਅਧਿਕਾਰੀ ਰਹਿ ਚੁੱਕਿਆ ਹੈ। ਕੀ ਹੁਣ ਸਮਾਂ ਨਹੀਂ ਆਇਆ ਕਿ ਉਹ ਇਕ ਖਤਰੇ ਨੂੰ ਮੁੱਲ ਲੈਣ ਤੇ ਉਸ ਦਾ ਬਹਾਦਰੀ ਨਾਲ ਮੁਕਾਬਲਾ ਕਰਨ ਦੀ ਖੁਸ਼ੀ ਪ੍ਰਾਪਤ ਕਰੇ। ਜਦੋਂ ਉਸ ਦਾ ਸਰੀਰ ਕਮਜ਼ੋਰ ਹੋ ਜਾਵੇਗਾ ਅਤੇ ਉਸ ਦਾ ਅੰਤ ਹੋਣ ਵਾਲਾ ਹੋਵੇਗਾ ਤਾਂ ਕੀ ਉਸ ਦੀ ਆਤਮਾ ਜੇਤੂ ਦੇ ਲਹਿਜੇ ਵਿੱਚ ਇਹ ਨਹੀਂ ਕਹਿ ਸਕੇਗੀ 'ਰੋਟੀ ਲਈ ਤਾਂ ਤੂੰ ਭਾਵੇਂ ਅਨੇਕਾਂ ਵਾਰੀ ਛਲ-ਫ਼ਰੇਬ ਕੀਤੇ, ਪਰ ਬਹਾਦਰੀ ਦਾ ਤੇਰਾ ਇਕ ਇਕ ਇਹ ਕਾਰਨਾਮਾ ਤੇਰੇ ਸਾਰੇ ਹਿਸਾਬ ਬਰਾਬਰ ਕਰ ਗਿਆ ਹੈ ।

ਸਵੇਰ ਤੱਕ ਉਹ ਅਜੇ ਵੀ ਵਿਸਵਸੇ ਵਿੱਚ ਸੀ ਕਿ ਕੀ ਕਰੇ। ਉਸ ਦਾ ਮਨ ਅਜੇ ਸਥਿਰ ਨਹੀਂ ਸੀ ਹੋਇਆ। ਬਿਨਾਂ ਭੁੱਖ ਦੇ ਉਸ ਨੇ ਖਾਣਾ ਢਿੱਡ ਵਿੱਚ ਪਾ ਲਿਆ। ਉਹ ਦਫ਼ਤਰ ਦੇ ਕੰਮ ਲਈ ਵੀ ਮਨ ਨਾ ਲਾ ਸਕਿਆ। ਜਦੋਂ ਸੂਰਜ ਛਿਪਿਆ ਤਾਂ ਮਹਾਰਾਜ ਉੱਤਰ ਲੈਣ ਲਈ ਆ ਗਿਆ। ਕੋਈ ਗੱਲ ਕਰਨ ਵਾਲੀ ਬਾਕੀ ਨਹੀਂ ਸੀ ਰਹਿ ਗਈ। ਕੰਮ ਕਰਨ ਦਾ ਸਮਾਂ ਆ ਗਿਆ ਸੀ।

ਹਨ੍ਹੇਰੇ ਦੀ ਪਹਿਲੀ ਪਰਤ ਅਜੇ ਧਰਤੀ ਨੂੰ ਛੂਹ ਰਹੀ ਸੀ ਕਿ ਹਵਾਲਾਤ ਦੇ ਗੇਟ ਦੀ ਚਾਬੀ ਘੁੰਮੀ, ਗੇਟ ਦੇ ਪਟ ਬਿਨਾਂ ਚਿਰਕੇ ਖੁੱਲ੍ਹ ਗਏ। ਪੁਲਿਸ ਅਫ਼ਸਰ ਨੇ ਕੇਵਲ ਇਕ ਵਾਕ ਮਹਾਰਾਜ ਨੂੰ ਕਿਹਾ;

"ਮੇਰੇ ਕੋਲ ਜੋ ਕੁਝ ਵੀ ਹੈ, ਮੇਰਾ ਧਨ, ਮੇਰਾ ਪਰਿਵਾਰ, ਮੇਰੀ ਆਪਣੀ ਹੋਂਦ, ਮੇਰਾ ਸਭ ਕੁਝ, ਮਹਾਰਾਜ! ਤੁਹਾਡੇ ਹਵਾਲੇ ਹੈ ।"

ਤਦ ਉਹ ਆਪਣੇ ਕੁਆਟਰ ਵੱਲ ਪਰਤ ਗਿਆ ਅਤੇ ਦਹਿਲੀਜ਼ ਤੇ ਖੜ੍ਹਾ ਵਧਦੇ ਹਨ੍ਹੇਰੇ ਵਿੱਚ ਗੁੰਮ ਹੋ ਰਹੇ ਦੋ ਆਕਾਰਾਂ ਨੂੰ ਵੇਖਦਾ ਰਿਹਾ।

*******

# ਵਿਸ਼ਵਾਸ ਦਾ ਪ੍ਰਤੀਉੱਤਰ

ਰਾਤ ਜਿਉਂ ਜਿਉਂ ਵਧਦੀ ਗਈ ਅਤੇ ਹਨ੍ਹੇਰਾ ਸੰਘਣਾ ਤੇ ਡਰਾਉਣਾ ਹੁੰਦਾ ਗਿਆ ਤਿਉਂ ਤਿਉਂ ਤਾਰੇ ਆਲੇ-ਦੁਆਲੇ ਦੀਆਂ ਬਿਪਤਾਵਾਂ ਤੋਂ ਬੇਪਰਵਾਹ ਸਾਊਆਂ ਵਾਂਗ ਚਮਕਦੇ ਰਹੇ। ਹਨ੍ਹੇਰੇ ਅਤੇ ਆਸ ਪਾਸ ਦੀ ਇਕੱਲ ਨੇ ਬਿਲਕੁਲ ਹੀ ਚੁੱਪ ਵਰਤਾ ਦਿੱਤੀ। ਨਿਡਰ ਤੋਂ ਨਿਡਰ ਆਦਮੀ ਵੀ ਇਹ ਸ਼ੱਕ ਕਰਦੇ ਹੋਏ ਕਿ ਝਾੜੀਆਂ ਵਿੱਚੋਂ ਕੋਈ ਸੁਣ ਰਿਹਾ ਜਾਂ ਨਿਕਲ ਰਿਹਾ ਹੈ, ਚੁੱਪ ਰਹਿੰਦਾ ਮਹਾਰਾਜ ਰਵੀ ਸ਼ੰਕਰ ਸਾਹਸ ਦੀ ਜੀਉਂਦੀ ਜਾਗਦੀ ਮੂਰਤ ਸੀ, ਪਰ ਭਿੱਖਾ ਇਕ ਅਜਿਹਾ ਜ਼ਬਰਦਸਤ ਵਿਸਫੋਟਕ ਸੀ ਜਿਸ ਲਈ ਜਵਾਬ ਦੇਹ ਮਹਾਰਾਜ ਸੀ। ਉਹ ਬੋਰਸਦ ਤੋਂ ਕਵਿਠਾ ਦੇ ਬਾਹਰਵਾਰ ਤੱਕ ਬੜੇ ਚੁੱਪ-ਚਾਪ ਤੁਰਦੇ ਗਏ। ਉਦੋਂ ਤੱਕ ਨੀਂਦ ਵਿੱਚ ਗੜੂੰਦ ਦੁਨੀਆਂ ਉੱਤੇ ਰਾਤ ਨੇ ਪੂਰਾ ਕਬਜ਼ਾ ਜਮਾ ਲਿਆ ਸੀ।

ਜਦੋਂ ਉਹ ਕਾਵਿਠਾ ਦੇ ਬਾਹਰਵਾਰ ਪਹੁੰਚੇ ਤਾਂ ਭਿੱਖਾ ਨੇ ਕਿਹਾ, "ਸ੍ਰੀਮਾਨ ! ਆਪ ਇੱਥੇ ਠਹਿਰੋ ਅਤੇ ਮੇਰੀ ਉਡੀਕ ਕਰੋ। ਮੈਂ ਖੋਡੀਏ ਨੂੰ ਲੈ ਕੇ ਆਉਂਦਾ ਹਾਂ।"

ਇਕ ਮਿੰਟ ਲਈ ਤਾਂ ਮਹਾਰਾਜ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਇਹ ਨੌਜਵਾਨ ਇਕੱਲਿਆਂ ਜਾਣਾ ਚਾਹੁੰਦਾ ਹੈ- ਉਸ ਇਕ ਮਿੰਟ ਦੇ ਦੌਰਾਨ ਮਹਾਰਾਜ ਦੇ ਮਨ ਵਿੱਚ ਕਈ ਖ਼ਿਆਲ ਪੈਦਾ ਹੋਏ- ਹਵਾਲਾਤ-ਬ੍ਰਾਹਮਣ-ਫੌਜਦਾਰ ਅਤੇ ਉਹ ਸਭ ਕੁਝ ਜਿਸ ਦੀ ਉਸ ਨੇ ਬਾਜ਼ੀ ਲਾਈ ਸੀ- ਉਸ ਦਾ ਟੱਬਰ, ਉਸ ਦੀ ਧਨ-ਦੌਲਤ............. ਅਤੇ ਇਹ ਡਾਕੂ ਜਵਾਨ ਜਿਸਦਾ ਜੀਵਨ ਤੇ ਪਰਵਰਿਸ਼ ਇਕ

ਕਲੰਕ ਸੀ ਅਣਜਾਣ ਸੀ............ਜਿਸ ਦੇ ਸੋਚਣ ਢੰਗ ਤੋਂ ਮਹਾਰਾਜ ਇਨ੍ਹਾਂ ਖ਼ਿਆਲਾਂ ਨੇ ਇਕ ਨਿਰਣੇ ਦਾ ਰੂਪ ਧਾਰ ਲਿਆ।

"ਚੱਲ ਜਾ!" ਮਹਾਰਾਜ ਨੇ ਮਿੰਟ ਕੁ ਮਗਰੋਂ ਕਿਹਾ।

ਬਿਨਾਂ ਕੋਈ ਸ਼ਬਦ ਮੂੰਹੋਂ ਬੋਲੇ ਭਿੱਖਾ ਰਾਤ ਦੇ ਹਨ੍ਹੇਰੇ ਵਿੱਚ ਚਲਾ ਗਿਆ, ਜਦ ਕਿ ਬ੍ਰਾਹਮਣ ਖਲੋਤਾ ਰਿਹਾ। ਮਹਾਰਾਜ ਜਾਣਦਾ ਸੀ ਕਿ ਅੱਜ ਦੀ ਰਾਤ ਉਸ ਆਦਮੀ ਲਈ ਲੁਕ ਜਾਣ ਤੇ ਉਸ ਨੂੰ ਚਕਮਾ ਦੇ ਕੇ ਹਨ੍ਹੇਰੇ ਵਿੱਚ ਗਾਇਬ ਹੋ ਜਾਣ ਲਈ ਵਧੀਆ ਰਾਤ ਸੀ, ਫਿਰ ਵੀ ਉਸ ਨੇ ਭਿੱਖੇ ਨੂੰ ਇਕੱਲਿਆਂ ਜਾਣ ਦੀ ਆਗਿਆ ਦੇ ਦਿੱਤੀ। ਉਹ ਬੈਠ ਗਿਆ ਅਤੇ ਸ਼ੰਕਾਂ ਨੂੰ ਆਪਣਾ ਮਨ ਧੁੰਦਲਾ ਕਰਨ ਤੋਂ ਰੋਕਦਾ ਹੋਇਆ ਇੰਤਜ਼ਾਰ ਕਰਨ ਲੱਗਾ। ਆਕਾਸ਼ ਵਿੱਚ ਚਮਕਦੇ ਦੁਮਦਾਰ ਤਾਰੇ ਨੇ ਉਸ ਦੇ ਵਿਚਾਰਾਂ ਨੂੰ ਸੰਜਮ ਵਿੱਚ ਰੱਖਣ ਵਿੱਚ ਉਸ ਦੀ ਮਦਦ ਕੀਤੀ।

ਭਿੱਖਾ ਇਸ ਤਰ੍ਹਾਂ ਚੁੱਪ-ਚਾਪ ਜ਼ਾਹਰ ਹੋਇਆ ਜਿਵੇਂ ਉਹ ਧਰਤੀ ਵਿੱਚੋਂ ਨਿਕਲਿਆ ਹੋਵੇ। ਉਹ ਪੇਸ਼ਵਰਾਨਾ ਚੋਰ ਸੀ, ਉਹ ਕੈਦੀ ਵੀ ਸੀ; ਉਹ ਇਕ ਪੋਸ਼ੀਦਾ ਕੰਮ ਤੇ ਗਿਆ ਸੀ: ਜੇ ਉਹ ਚੋਰੀ ਨਾ ਜਾ ਸਕਦਾ ਹੁੰਦਾ ਤਾਂ ਉਹ ਪਤਨਵਾਦੀਆ ਨਹੀਂ ਸੀ ਹੋਣਾ ਉਹ ਇਕੱਲਾ ਵਾਪਸ ਆਇਆ ਸੀ। ਜਦੋਂ ਭਿੱਖਾ ਗਿਆ ਸੀ ਤਾਂ ਮਹਾਰਾਜ ਨੂੰ ਚਿੰਤਾ ਨੇ ਨਹੀਂ ਸੀ ਘੇਰਿਆ, ਇਸ ਲਈ ਉਸ ਦੇ ਆਉਣ ਤੇ ਉਸ ਨੂੰ ਕੋਈ ਰਾਹਤ ਮਹਿਸੂਸ ਨਾ ਹੋਈ। ਮਹਾਰਾਜ ਨੇ ਉਸ ਨੂੰ ਕੋਈ ਸਵਾਲ ਪੁੱਛਿਆ।

ਭਿੱਖੇ ਨੇ ਕਿਹਾ, "ਜਾਪਦਾ ਹੈ ਖੋਦੀਆ ਮੇਰੇ ਪਿੰਡ ਡਿਡਰਾਡਾ ਚਲਾ ਗਿਆ ਹੈ।"

"ਕੀ ਆਪਾਂ ਉਹਦੇ ਪਿੱਛੇ ਚਲੀਏ? ਭਿੱਖੇ ਨੇ ਕਿਹਾ ।"

"ਹਾਂ! ਆਪਾਂ ਚਲੀਏ ।"

ਮਹਾਰਾਜ ਨੇ ਤੁਰਨਾ ਸ਼ੁਰੂ ਕਰ ਦਿੱਤਾ। ਬ੍ਰਾਹਮਣ ਇੱਕ ਪੁਤਲੇ ਵਾਂਗ ਡਾਕੂ ਦੇ ਇਸ਼ਾਰੇ ਤੇ ਚਲ ਰਿਹਾ ਸੀ। ਉਸ ਨੇ ਆਪਣੇ ਆਪ ਨੂੰ ਇਕ ਡਾਕੂ ਦੇ ਸਾਜ਼ਸ਼ੀ ਮਨ ਦੇ 'ਹਵਾਲੇ ਕੀਤਾ ਹੋਇਆ ਸੀ। ਫਿਰ ਵੀ ਉਸ ਦੀ ਆਤਮਾ ਉੱਚੇ ਆਸਮਾਨ ਵਿੱਚ ਉਡਾਰੀਆਂ ਮਾਰਦੇ ਇਕ ਪੰਛੀ ਵਾਂਗ ਅਨੰਦ ਦੇ ਸੁਖਾਵੇਂ ਮੰਡਲਾਂ ਵਿੱਚ ਵਿਚਰ ਰਹੀ ਸੀ। ਭਿੱਖਾ ਮਹਾਰਾਜ ਦੇ ਪਿੱਛੇ ਪਿੱਛੇ ਇਕ ਕਦਮ ਤੇ ਤੁਰ ਰਿਹਾ ਸੀ, ਪਰ ਬ੍ਰਾਹਮਣ ਨੇ ਇਕ ਵਾਰੀ ਵੀ ਪਿਛਾਂਹ ਵੇਖਣ ਦਾ ਖ਼ਿਆਲ ਨਾ ਕੀਤਾ। ਦੋਵੇਂ ਨੰਗੇ ਪੈਰੀਂ ਸਨ। ਦੋਵੇਂ ਚੁੱਪ ਸਾਧੀ ਰੱਖਣ ਵਿੱਚ ਪੂਰਾ ਅਬੂਰ ਰੱਖਦੇ ਸਨ। ਮੂੰਹ ਤੋਂ ਵੀ ਪੈਰਾਂ ਤੋਂ ਵੀ। ਇਕ ਦੇਵਤਾ ਸੀ ਦੂਜਾ ਚੋਰ- ਦੋਵੇਂ ਅਨੁਸ਼ਾਸਨ ਵਿੱਚ ਬੱਝੇ ਹੋਏ ਸਨ। ਅਜੇ ਹਨ੍ਹੇਰਾ ਹੀ ਸੀ ਜਦੋਂ ਡਿਡਰਾਡਾ ਦੇ ਗੁਆਂਢ ਵਿੱਚ ਪਹੁੰਚ ਗਏ। ਇਹ ਭਿੱਖਾ ਦਾ ਆਪਣਾ ਪਿੰਡ ਸੀ, ਇਸ ਲਈ ਮਹਾਰਾਜ ਨੂੰ ਬਾਹਰ ਰੁਕਣ ਜਾਂ ਭਿੱਖੇ ਨੂੰ ਉਡੀਕਣ ਦੀ ਲੋੜ ਨਹੀਂ ਸੀ। ਇਹ ਸੋਚਦੇ ਹੋਏ ਮਹਾਰਾਜ ਪਿੰਡ ਵੱਲ ਅੱਗੇ ਵਧੀ ਗਿਆ।

“ਮਹਾਰਾਜ!” ਭਿੱਖੇ ਨੇ ਲਗਭਗ ਹੁਕਮੀਆਂ ਲਹਿਜੇ ਵਿੱਚ ਕਿਹਾ।

"ਹਾਂ" ਮਹਾਰਾਜ ਰੁਕ ਗਿਆ ਅਤੇ ਪਿਛਾਂਹ ਵੱਲ ਝਾਕ ਕੇ ਬੋਲਿਆ।

"ਕਿਰਪਾ ਕਰਕੇ ਮੇਰੇ ਨਾਲ ਮੇਰੇ ਘਰ ਨਾ ਚੱਲੋ”

“ਮੈਥੋਂ ਫਿਰ ਕੀ ਕਰਵਾਉਣਾ ਚਾਹੁੰਦਾ ਹੈ?”

“ਚੰਗਾ ਹੋਵੇ ਜੇ ਤੁਸੀਂ ਇੱਥੇ ਇੰਤਜ਼ਾਰ ਕਰੋ"

“ਠੀਕ ਹੈ! ਤੂੰ ਜਾ,”

“ਇਹ ਵੀ ਠੀਕ ਰਹੀ! ਚੰਗਾ ਤੂੰ ਚਲ,"

ਮਹਾਰਾਜ ਦੀਆਂ ਅੱਖਾਂ ਸਾਹਮਣੇ ਹਵਾਲਾਤ ਦੀਆਂ ਪੌੜੀਆਂ ਉੱਤੇ ਡੁੱਬਦੇ ਸੂਰਜ ਦੀ ਰੌਸ਼ਨੀ ਵਿੱਚ ਖਲੋਤੇ ਫੌਜਦਾਰ ਦੀ ਸ਼ਕਲ ਘੁੰਮ ਗਈ। “ਮੈਂ ਆਪਣਾ ਸਾਰਾ

ਕੁਝ ਜੋ ਕੁਝ ਮੇਰੇ ਪਾਸ ਹੈ - ਆਪਣੀ ਧਨ ਦੌਲਤ, ਆਪਣਾ ਪਰਵਾਰ............. ਹਵਾਲੇ ਕਰਦਾ ਹਾਂ।”

ਮਹਾਰਾਜ ਦੇ ਦਿਲ ਦੀ ਹਰਕਤ ਮਾੜੀ ਘਟਨਾ ਦੇ ਕਿਆਸ ਮਾਤਰ ਤੋਂ ਰੁਕ ਗਏ ਪਰ ਉਸ ਦੇ ਉੱਪਰ ਵਸ਼ਿਸ਼ਟ ਅਤੇ ਅਰੁੰਧਤੀ ਨਾਂ ਦੇ ਦੋ ਲਿਸ਼ ਲਿਸ਼ ਕਰਦੇ ਤਾਰੇ ਉਹ ਹੌਸਲਾ ਦੇ ਰਹੇ ਸਨ। ਮਹਾਰਾਜ ਇਕ ਟੁੱਟੀ ਫੁੱਟੀ ਚੋਪਾਲ ਦੇ ਪੌੜਾਂ ਤੇ ਭੁੰਜ ਬੈਠ ਗਿਆ ਅਤੇ ਆਪਣੀ ਕਿਸਮਤ ਦੀ ਅਗਲੀ ਕਰਵਟ, ਜੋ ਵੀ ਉਹ ਲੈਂਦੀ ਹੈ, ਦਾ ਇੰਤਜ਼ਾਰ ਕਰ ਲੱਗਾ। ਥੋੜ੍ਹੀ ਦੇਰ ਪਿੱਛੋਂ ਭਿੱਖਾ ਇਕੱਲਾ ਵਾਪਸ ਪਰਤਿਆ। ਮਹਾਰਾਜ ਨੇ ਫਿਰ ਮਹਿਮ ਕੀਤਾ ਕਿ ਜੀਵਨ ਸਚਮੁਚ ਜਿਊਣ-ਯੋਗ ਹੈ। ਪਰ, ਜੋ ਸ਼ਬਦ ਉਸ ਨੇ ਸੁਣੇ ਉਹ ਕਿਸੇ ਦਾ ਵੀ ਵਿਸ਼ਵਾਸ ਭੁਲਾ ਸਕਦੇ ਸਨ।

"ਮਹਾਰਾਜ! ਜਾਪਦਾ ਹੈ, ਖੋਡੀਆ ਮੇਰੇ ਖੇਤਾਂ ਵਿੱਚ ਚਲਾ ਗਿਆ ਹੈ। ਉਹ ਘਰ

ਨਹੀਂ ਹੈ ।”

"ਤਦ ਖੇਤਾਂ ਵਿੱਚ ਜਾ ਤੇ ਉਹਨੂੰ ਲੈ ਕੇ ਆ ।”

ਮਹਾਰਾਜ ਨੇ ਅਜੇ ਇਹ ਸ਼ਬਦ ਕਹੇ ਹੀ ਸਨ, ਕਿ ਭਿੱਖਾ ਤੁਰ ਗਿਆ। ਬ੍ਰਾਹਮਣ ਦੇ ਆਤਮਾ ਖਿੜ ਉੱਠੀ ਕਿ ਉਹ ਕਿਤਨਾ ਵੱਡਾ ਜੁਆ ਖੇਡ ਸਕਦਾ ਹੈ। ਹੁਣ ਉਸ ਨੇ ਆਪਣਾ ਆਖਰੀ ਸਭ ਕੁਝ ਦਾਅ ਤੇ ਲਾ ਦਿੱਤਾ ਸੀ; ਜੇ ਹੁਣ ਭਿੱਖਾ ਉਸ ਨੂੰ ਧੋਖਾ ਦੇ ਗਿਆ ਤਾਂ ਉਹ ਦੁਨੀਆਂ ਨੂੰ ਮੂੰਹ ਨਹੀਂ ਵਿਖਾ ਸਕੇਗਾ। ਪਰ ਉਹ ਡਾਕੂ ਇਕ ਵਾਰੀ ਫਿਰ ਪਰਤ ਆਇਆ।

ਭਿੱਖੇ ਨੇ ਬੁੱਝੇ ਹੋਏ ਮਨ ਨਾਲ ਕਿਹਾ, "ਜਾਪਦਾ ਹੈ ਉਹ ਭੱਜ ਗਿਆ ਹੈ ।"

“ਮੈਂ ਸਮਝ ਗਿਆ” ਕੇਵਲ ਇਤਨਾ ਹੀ ਮਹਾਰਾਜ ਕਹਿ ਸਕਿਆ।

“ਅਸੀਂ ਹੁਣ ਇੱਥੇ ਕੁਝ ਨਹੀਂ ਕਰ ਸਕਦੇ। ਇਸ ਲਈ ਸਾਨੂੰ ਵਾਪਸ ਬੋਰਸਦ ਚਲੇ ਜਾਣਾ ਚਾਹੀਦਾ ਹੈ।" ਭਿੱਖੇ ਨੇ ਸਲਾਹ ਦਿੱਤੀ।

ਇਸ ਵੇਲੇ ਸਵੇਰ ਦੇ ਦੋ ਵਜੇ ਸਨ, ਮਹਾਰਾਜ ਨੇ ਹਿਸਾਬ ਲਾਇਆ ਜੇਕਰ ਉਹ ਪੰਜ ਵਜੇ ਵੀ ਤੁਰਨ ਤਾਂ ਪਹੁਫੁੱਟੀ ਤੋਂ ਪਹਿਲੋਂ ਬੋਰਸਦ ਪਹੁੰਚ ਸਕਦੇ ਹਨ।

ਮਹਾਰਾਜ ਨੇ ਸਲਾਹ ਦਿੱਤੀ, “ਤੂੰ ਥੱਕ ਗਿਆ ਹੋਵੇਂਗਾ। ਚੱਲ ਆਪਾਂ ਘੜੀ ਕੁ ਅੱਖ ਲਾ ਲਈਏ।”

"ਕਿੱਥੇ ਆਰਾਮ ਕਰਾਂਗੇ?"

“ਤੂੰ ਆਪਣੇ ਘਰ ਜਾ ਤੇ ਸੌਂ। ਮੈਂ ਫਲਾਣੇ ਦੇ ਘਰ ਸੌਂ ਜਾਵਾਂਗਾ। ਸਵੇਰੇ ਪੰਜ ਵਜੇ

ਆ ਜਾਵੀਂ।"

"ਬਹੁਤ ਅੱਛਾ ਜੀ।”

ਮਹਾਰਾਜ ਨੇ ਤਿੰਨ ਘੰਟ ਲਈ ਕਿਸੇ ਦੇ ਘਰ ਜੋ ਆਰਾਮ ਕੀਤਾ ਉਸ ਬਾਰੇ ਕੋਈ ਵਿਸ਼ੇਸ਼ ਗੱਲ ਨਹੀਂ। ਉਹ ਗੂੜ੍ਹੀ ਨੀਂਦ ਸੁੱਤਾ। ਸੁਪਨੇ ਉਸ ਨੂੰ ਕਦੇ ਤੰਗ ਨਹੀਂ ਸਨ। ਕਰਦੇ। ਉਸ ਦਾ ਸਿਰ ਵਿਸ਼ਵਾਸ ਦੇ ਤਕੀਏ ਉੱਤੇ ਸੌਂਦਾ ਸੀ, ਉਸ ਦੀਆਂ ਅੱਖਾਂ ਕਿਰਤੱਗਤਾ ਭਾਵ ਨਾਲ ਮੁੰਦੀਆਂ ਗਈਆਂ ਕਿ ਉਹ ਭਿੱਖੇ ਨੂੰ ਕੁਝ ਘੜੀਆਂ ਆਪਣੇ ਟੱਬਰ ਕੋਲ ਬਿਤਾਉਣ ਲਈ ਦੇ ਸਕਿਆ ਹੈ ਜਿਹੜੀਆਂ ਉਸ ਨੂੰ ਸ਼ਾਇਦ ਕਾਫੀ ਲੰਮਾ ਸਮਾਂ ਨਸੀਬ ਨਾ ਹੋਣ। ਸਵੇਰ ਦਾ ਸੂਰਜ ਉੱਗਣ ਤੋਂ ਅਤੇ ਇਸਦੀਆਂ ਕਿਰਨਾ ਪਸਰਨ ਤੋਂ ਪਹਿਲਾਂ ਬੋਰਸਦ ਵਿਚਲਾ ਪੁਲਿਸ ਅਫਸਰ ਆਪਣੇ ਦਰਵਾਜ਼ੇ ਤੇ ਖੜ੍ਹਾ ਉਨ੍ਹਾਂ ਦੋਹਾਂ ਦੀ ਇੰਤਜ਼ਾਰ ਕਰ ਰਿਹਾ ਸੀ। ਉਸ ਦੀ ਕਿਸਮਤ ਤੱਕੜੀ ਦੇ ਛਾਬਿਆਂ ਵਿੱਚ ਤੁਲ ਰਹੀ ਸੀ। ਜਦੋਂ ਉਸ ਨੇ ਦੂਰ ਦੋ ਆਦਮੀਆਂ ਦਾ ਆਕਾਰ ਉੱਭਰਦਾ ਵੇਖਿਆ, ਉਸ ਨੂੰ ਖੁਦ ਰੱਬ ਦੇ ਦਰਸ਼ਨ ਹੋ ਗਏ। ਅਚਾਨਕ ਦੋ ਆਕਾਰ ਤਿੰਨਾਂ ਵਿੱਚ ਵੰਡੇ ਗਏ। ਕੀ ਇਹ

ਖੋਡੀਆ ਸੀ ? ਨਹੀਂ ਬੇਸ਼ੱਕ ਇਹ ਖੋਡੀਆ ਨਹੀਂ ਸੀ। ਇਹ ਉਸ ਦਾ ਇੱਕ ਸਾਥੀ ਸੁੰਦਰੀਆ ਸੀ। ਜੋ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰਨ ਲਈ ਇਕੱਲਾ ਆ ਗਿਆ ਸੀ। ਆਪਣੇ ਕੈਦੀ ਨੂੰ ਮੁੜ ਪਾ ਕੇ ਫੌਜਦਾਰ ਕਿੰਨਾ ਖੁਸ਼ ਹੋਇਆ ? ਉਹ ਦੌੜ ਕੇ ਆਪਣੇ ਘਰ ਵੜ ਗਿਆ ਅਤੇ ਪਤਨੀ ਨੂੰ ਕਹਿਣ ਲੱਗਾ, “ਚੌਂਹਾਂ ਲਈ ਚਾਹ ਬਣਾ ਤੇ ਜਲਦੀ ਕਰ ।"

ਉਸ ਨੇ ਕੈਦੀਆਂ ਨੂੰ ਆਪਣੇ ਨਾਲ ਬਿਠਾ ਕੇ ਉਨ੍ਹਾਂ ਨੂੰ ਹੱਥੀਂ ਚਾਹ ਪੇਸ਼ ਕੀਤੀ।

ਉਸ ਨੇ ਆਪਣੀ ਚਾਹ ਪੀਤੀ ਉਸ ਨੇ ਮਹਿਸੂਸ ਕੀਤਾ ਜਿਵੇਂ ਉਸ ਦਾ ਪੁਨਰਜਨਮ ਹੋਇਆ ਹੋਵੇ। ਤਦ ਉਹ ਉਨ੍ਹਾਂ ਨੂੰ ਨਾਲ ਲੈ ਕੇ ਹਵਾਲਾਤ ਵਿੱਚ ਗਿਆ।

“ਕਿਰਪਾ ਕਰਕੇ ਇਨ੍ਹਾਂ ਨੂੰ ਮਾਰਨਾ ਨਾ ਜਾਂ ਤਸੀਹੇ ਨਾ ਦੇਣਾ। ਮਹਾਰਾਜ ਨੇ ਬੇਨਤੀ ਕੀਤੀ ਜੋ ਫੌਜਦਾਰ ਨੇ ਖਿੜੇ ਮੱਥੇ ਮੰਨ ਲਈ ।"

ਮਹਾਰਾਜ ਨੇ ਦੋਨਾਂ ਕੈਦੀਆਂ ਨੂੰ ਹੌਸਲਾ ਦਿੱਤਾ, "ਮੈਂ ਕੋਸ਼ਿਸ਼ ਕਰਾਂਗਾ ਤੁਹਾਨੂੰ ਤਿੰਨ ਸਾਲ ਤੋਂ ਵੱਧ ਸਜ਼ਾ ਨਾ ਮਿਲੇ"।

*********

# ਜਾਤੀ ਦਾ ਨਾਂ

"ਯਾਦ ਰੱਖੋ! ਸਰਕਾਰ ਦੀਆਂ ਬਾਹਾਂ ਬਹੁਤ ਲੰਮੀਆਂ ਹੁੰਦੀਆਂ ਹਨ ਉਸ ਕੋਲ ਬੰਦੂਕਾਂ ਹਨ, ਤੋਪਾਂ ਹਨ" ਤਕਰੀਰ ਸਿਖਰ ਵੱਲ ਵਧ ਰਹੀ ਸੀ। ਸਰੋਤੇ ਥੜ੍ਹੇ ਦੇ ਸਾਹਮਣੇ ਪੂਰੀ ਖਾਮੋਸ਼ੀ ਵਿੱਚ ਧਮਕੀ ਭਰੀ ਤਕਰੀਰ ਨੂੰ ਸੁਣ ਰਹੇ ਸਨ, ਸਰੋਤੇ ਜੋ ਸਖ਼ਤ ਜਾਨ ਜੁੱਸੇ ਵਾਲਾ 'ਠਾਕਰਦਾ' ਸਨ।

ਸਾਹਿਬ ਦੇ ਸ਼ਬਦ ਕੋੜਿਆਂ ਵਾਂਗ ਉਨ੍ਹਾਂ ਦੇ ਜੁੱਸੇ ਤੇ ਲਾਸਾਂ ਪਾ ਰਹੇ ਸਨ, "ਯਾਦ ਰੱਖੋ ! ਮਤਾਂ ਕੋਈ ਭੁੱਲ ਜਾਵੇ, ਤੁਸੀਂ ਡਾਕੂਆਂ ਦੇ ਸਾਥੀ ਹੋ। ਤੁਸੀਂ, ਤੇ ਤੁਸੀਂ ਸਾਰੇ, ਸਾਰੇ ਪਿੰਡਾਂ ਦੇ ਤੁਸੀਂ ਸਾਰੇ ਲੋਕ, ਸਾਰਾ ਲਾਣਾ, ਧੜੱਲੇ ਅਤੇ ਪਤਨਵਾਦੀ ਸਾਰੇ........."

ਸਰੋਤਿਆਂ ਵਿੱਚੋਂ ਇਕ ਉਦਾਸ ਪਰ ਰੋਹ ਭਰੀ ਆਵਾਜ਼ ਆਈ

"ਸਾਹਿਬ ਹਜ਼ੂਰ! ਆਪਣੀ ਲਿਸਟ ਵਿੱਚ ਇਕ ਹੋਰ ਨਾਂ ਵੀ ਸ਼ਾਮਲ ਕਰ ਲਵੋ। ਆਪਦੇ ਪੁਲਸੀਏ ਵੀ !"

"ਕੋਣ ਕੰਬਖਤ ਹੈ! ਇਹ ਕਹਿਣ ਦਾ ਹੌਸਲਾ ਕਰਨ ਵਾਲਾ ?" ਸਾਹਿਬ ਗੁੱਸੇ ਵਿੱਚ ਇਸ ਤਰ੍ਹਾਂ ਭਬਕਿਆ ਜਿਵੇਂ ਕਿਸੇ ਸ਼ਹਿਨਸ਼ਾਹ ਦੀ ਬੇਪਤੀ ਕਰ ਦਿੱਤੀ ਗਈ ਹੋਵੇ।

"ਹਜ਼ੂਰ ਇਹ ਅਰਜ਼ ਮੈਂ ਕੀਤੀ ਹੈ ।" ਇੱਕ ਪਤਲਾ, ਲੰਬਾ ਆਦਮੀ, ਧੋਤੀ ਤੇ ਬਿਨਾਂ ਬਾਂਹ ਦੀ ਜੈਕਟ ਵਾਲਾ, ਟੋਪੀਧਾਰੀ ਆਦਮੀ ਖੜੋਂਦਿਆਂ ਹੋਇਆਂ ਬੋਲਿਆ।

"ਉਹ! ਇਹ ਤੁਸੀਂ ਹੋ.........ਮੇਰਾ........ਖ਼ਿਆਲ ਨਹੀਂ ਸੀ ਕਿ ਤੁਸੀਂ ਇੱਥੇ ਬੈਠੇ ਹੋ।"

ਬ੍ਰਾਹਮਣ ਨੂੰ ਪਛਾਣ ਲੈਣ ਤੋਂ ਮਗਰੋਂ ਸਾਹਿਬ ਦੀ ਆਵਾਜ਼ ਕਮਜ਼ੋਰ ਪੈ ਗਈ ਅਤੇ ਉਸ ਨੇ ਬਿਨਾਂ ਰੰਗ-ਜਮਾਏ ਆਪਣੀ ਤਕਰੀਰ ਛੇਤੀ ਛੇਤੀ ਖ਼ਤਮ ਕਰ ਦਿੱਤੀ। ਸਾਹਿਬ ਛੇਤੀ ਹੀ ਉੱਥੋਂ ਚਲਾ ਗਿਆ ਅਤੇ ਮੀਟਿੰਗ ਵੀ ਖ਼ਤਮ ਹੋ ਗਈ। ਉਹ ਬੜੀ ਤਫ਼ਸੀਲ ਨਾਲ ਬੋਲਣ ਦੀ ਸੋਚ ਕੇ ਆਇਆ ਸੀ, ਪਰ ਇਸ ਰੁਕਾਵਟ ਨੇ ਉਸ ਦੀ ਯੋਜਨਾ ਨੂੰ ਸੁੰਗੇੜ ਦਿੱਤਾ ਸੀ। ਚੰਗਾ ਹੋਇਆ ਕਿ ਸਾਹਿਬ ਛੇਤੀ ਹੀ ਚਲਾ ਗਿਆ। ਨਹੀਂ ਤਾਂ ਧੋਤੀ ਵਾਲੇ ਉਸ ਆਦਮੀ ਨੇ ਉਸ ਨੂੰ ਹੋਰ ਵੀ ਬਹੁਤ ਸਾਰੀਆਂ ਤੁਰਸ਼ ਗੱਲਾਂ ਸੁਣਾਉਣੀਆਂ ਸਨ, ਜਿਨ੍ਹਾਂ ਨੂੰ ਉਹ ਕਦੇ ਪਸੰਦ ਨਾ ਕਰਦਾ। ਮਹਾਰਾਜ ਨਾਲ ਦੇ ਪਿੰਡ ਵਿੱਚ ਸੀ ਜਦੋਂ ਉਸ ਨੂੰ ਮੀਟਿੰਗ ਦਾ ਪਤਾ ਲੱਗਾ। ਉਹ ਰਾਤ ਨੂੰ ਤੁਰ ਕੇ ਆ ਗਿਆ ਸੀ ਤਾਂ ਜੋ ਉਹ ਚੁਪਕੇ ਜਿਹੇ ਸਰੋਤਿਆਂ ਵਿੱਚ ਆ ਕੇ ਬੈਠ ਸਕੇ। ਖੋਡੀਆ ਜ਼ਿਲ੍ਹੇ ਵਿੱਚ ਤਬਾਹੀ ਮਚਾ ਰਿਹਾ ਸੀ, ਅਤੇ ਇਹ ਮੀਟਿੰਗ ਉਸਦੇ ਵਿਰੁੱਧ ਅੰਦੋਲਨ ਛੇੜਣ ਲਈ ਪਿੰਡ ਵਾਸੀਆਂ ਨੂੰ ਨਸੀਹਤ ਦੇਣ ਲਈ ਬੁਲਾਈ ਗਈ ਸੀ। ਬ੍ਰਾਹਮਣ ਦਾ ਦਿਲ ਖੋਡੀਆ ਦੇ ਜ਼ੁਲਮਾਂ ਨਾਲ ਪੋਟਾ-ਪੋਟਾ ਵਿੰਨ੍ਹਿਆ ਜਾ ਰਿਹਾ ਸੀ। ਖੋਡੀਆ ਨੇ ਬ੍ਰਾਹਮਣ ਨੂੰ ਚਕਮਾ ਦਿੱਤਾ ਅਤੇ ਇਸ ਤਰ੍ਹਾਂ ਇਨਸਾਨੀਅਤ ਨਾਲ ਧੋਖਾ ਕੀਤਾ ਸੀ। ਉਹ ਇਨਸਾਨ ਨਹੀਂ ਸੀ ਰਿਹਾ। ਜ਼ਿਲ੍ਹੇ ਦੀ ਪੁਲਿਸ ਖੋਡੀਆ ਨੂੰ ਇੱਕ ਬਰਬਰ ਜ਼ਾਲਮ ਬਨਾਉਣ ਦੀ ਦੋਸ਼ੀ ਸੀ। ਦਿਲ ਦੀ ਇਹ ਕਸੀਸ ਸੀ ਜਿਹੜੀ ਮੀਟਿੰਗ ਵਿੱਚ ਬ੍ਰਾਹਮਣ ਦੇ ਮੂੰਹੋਂ ਤਿੱਖੇ ਸ਼ਬਦ ਬਣ ਕੇ ਨਿਕਲ ਗਈ; ਵਰਨਾ ਅਜਿਹਾ ਬੋਲਣਾ ਉਸ ਲਈ ਅਸਾਧਾਰਣ ਸੀ।

ਇਹ ਉਹੀ ਸਾਹਿਬ ਸੀ ਜਿਸ ਨੇ ਦੂਜੇ ਡਾਕੂਆਂ ਦੀ ਮੁਖ਼ਬਰੀ ਦਾ ਵਾਅਦਾ ਲੈ ਕੇ ਖੋਡੀਆ ਨੂੰ ਕਾਨੂੰਨ ਤੋਂ ਛੁੱਟੀ ਦਿੱਤੀ ਸੀ। ਉਸ ਦਿਨ ਤੋਂ ਖੋਡੀਆ ਮਹਾਰਾਜ ਦੀ ਪਕੜ ਤੋਂ ਬਾਹਰ ਹੋ ਗਿਆ ਸੀ। ਅਖੀਰ ਵਿੱਚ ਅਸਲੀ ਸਮੱਸਿਆ ਇਹ ਹੋ ਗਈ ਸੀ ਕਿ ਲੋਕਾਂ ਨੂੰ ਖੋਡੀਆ ਦੇ ਸਹਿਮ ਤੋਂ ਕਿਵੇਂ ਬਚਾਇਆ ਜਾਵੇ। ਸਾਹਿਬ ਦਾ ਤਰੀਕਾ ਇਹ ਸੀ ਕਿ ਪੇਂਡੂਆਂ ਨੂੰ ਡਰਾਇਆ ਤੇ ਧਮਕਾਇਆ ਜਾਵੇ ਅਤੇ ਉਨ੍ਹਾਂ ਨੂੰ ਬਹੁਤ ਹੀ ਗੰਦੀ

ਭਾਸ਼ਾ ਵਿੱਚ ਮੁਜਰਿਮ ਠਹਿਰਾਉਂਦੇ ਹੋਏ ਸਾਰਾ ਬੋਝ ਉਨ੍ਹਾਂ ਤੇ ਪਾ ਦਿੱਤਾ ਜਾਵੇ। ਇਹ ਗੱਲ ਸੀ ਜਿਸ ਕਰਕੇ ਬ੍ਰਾਹਮਣ ਨੇ ਆਪਣਾ ਫਰਜ਼ ਸਮਝਦੇ ਹੋਏ, ਉਹ ਕੁਝ ਕਰਨ ਦਾ ਫ਼ੈਸਲਾ ਕੀਤਾ ਜਿਹੜਾ ਉਸ ਵਰਗੇ ਨੂੰ ਸ਼ੋਭਦਾ ਨਹੀਂ ਸੀ।

ਉਸ ਨੇ ਲੋਕਾਂ ਨੂੰ ਕਿਹਾ, "ਕੋਈ ਸਮਾਜ, ਕੋਈ ਬਰਾਦਰੀ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਹੈ; ਸਾਨੂੰ ਖੋਡੀਆ ਦੀ ਬਰਬਰਤਾ ਖ਼ਤਮ ਕਰਨੀ ਚਾਹੀਦੀ ਹੈ। ਉਸ ਨੂੰ ਠੀਕ ਕਰੀਏ ਜਾਂ ਖਤਮ ਕਰੀਏ ਇਹ ਸਾਡਾ ਕਰਤੱਵ ਹੈ ।"

ਬਰਾਦਰੀ ਨੇ ਸਲਾਹ ਮਸ਼ਵਰਾ ਕੀਤਾ। ਇਸ ਗੱਲ ਤੇ ਸਹਿਮਤੀ ਹੋਈ ਕਿ ਜੇ ਕਾਵਿਠਾ ਦੇ ਪਤਨਵਾਦੀ ਲੋਕ ਖੋਡੀਆ ਦੀਆਂ ਕਰਤੂਤਾਂ ਬੰਦ ਨਹੀਂ ਕਰਵਾ ਸਕਦੇ ਤਾਂ ਬਰਾਦਰੀ ਨੂੰ ਸਾਰੇ ਪਿੰਡਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਕਾਵਿਠਾ ਦੇ ਲੋਕਾਂ ਨੂੰ ਹੋਏ ਫੈਸਲੇ ਬਾਰੇ ਸੂਚਿਤ ਕੀਤਾ ਗਿਆ। ਉਨ੍ਹਾਂ ਨੂੰ ਵੀ ਖੋਡੀਏ ਨਾਲ ਕੋਈ ਹਮਦਰਦੀ ਨਹੀਂ ਸੀ, ਕਿਉਂਕਿ ਉਹ ਉਨ੍ਹਾਂ ਦੇ ਦਿਲ ਵਿੱਚ ਖੁੱਭੇ ਖੰਜਰ ਵਾਂਗ ਉਨ੍ਹਾਂ ਨੂੰ ਵੀ ਦੁਖ ਦੇ ਰਿਹਾ ਸੀ।

ਇੱਕ ਵਾਰੀ ਕਾਵਿਠਾ ਦੇ ਲੋਕ ਭਜਨ ਕੀਰਤਨ ਦਾ ਸਪਤਾਹ ਮਨਾ ਰਹੇ ਸਨ। ਪਤਨਵਾਦੀ ਲੋਕਾਂ ਨੂੰ ਪਰਮਾਤਮਾ ਦਾ ਇਹ ਸ਼ਬਦ ਕੀਰਤਨ ਸੁਣਨ ਦੇ ਹੱਕਦਾਰ ਨਹੀਂ ਸੀ ਸਮਝਿਆ ਜਾਂਦਾ ਅਤੇ ਉਨ੍ਹਾਂ ਨੂੰ ਬਹੁਤ ਨੀਵਾਂ ਮੰਨਿਆ ਜਾਂਦਾ ਸੀ। ਇੱਕ ਪਤਨਵਾਦੀ ਮੁੰਡਾ ਛੁਪ ਕੇ ਅੰਦਰ ਜਾਣ ਲੱਗਿਆ ਪਰ ਉਹ ਫੜਿਆ ਗਿਆ ਅਤੇ ਉਸ ਨੂੰ ਬਾਹਰ ਕੱਢ ਦਿੱਤਾ। ਉਹ ਮੁੰਡਾ ਬਾਹਰ ਬੈਠਾ ਭਜਨ ਸੁਣਦਾ ਰਿਹਾ। ਜਦਕਿ ਉਹ ਬਾਹਰ ਨਵੀਂ ਬਣੀ ਮਠਿਆਈ ਦੀ ਦੁਕਾਨ ਤੇ ਪਈਆਂ ਜਲੇਬੀਆਂ ਤੇ ਮਠਿਆਈ ਨੂੰ ਤਰਸਦੀਆਂ ਨਜ਼ਰਾਂ ਨਾਲ ਵੇਖਦਾ ਰਿਹਾ। ਉਸ ਦੇ ਮੂੰਹ ਵਿੱਚ ਇਨ੍ਹਾਂ ਪਾਣੀ ਭਰ ਆਇਆ ਕਿ ਬੁੱਲ੍ਹਾਂ ਤੇ ਜੀਭ ਫੇਰਨ ਦੀ ਥਾਂ ਉਸ ਨੂੰ ਲੁਆਬ ਅੰਦਰ ਲੰਘਾਉਣਾ ਪਿਆ। ਉਸ ਦੀ ਨਜ਼ਰ ਇੱਕੋ ਦੁਕਾਨ ਤੇ ਜੰਮੀ ਹੋਈ ਸੀ ਜਿੱਥੇ ਇਕ ਅਛੂਤ ਆਦਮੀ ਕਾਫੀ ਸਾਰੀ ਮਠਿਆਈ ਖਰੀਦ ਰਿਹਾ ਸੀ। ਦੁਕਾਨਦਾਰ ਨੇ ਮਠਿਆਈ ਤੋਲੀ ਅਤੇ ਅਛੂਤ ਦੇ

ਥੈਲੇ ਨੂੰ ਛੋਹੇ ਬਿਨਾਂ ਹੀ ਉਸ ਵਿੱਚ ਪਾ ਦਿੱਤੀ। ਮੁੰਡੇ ਦਾ ਮਨ ਮਠਿਆਈ ਖਾਣ ਨੂੰ ਕਰ ਰਿਹਾ ਸੀ। ਭਾਵੇਂ ਇਸ ਲਈ ਉਸ ਨੂੰ ਕੁੱਤਾ, ਭੂੰਡ ਜਾਂ ਮੱਖੀ ਹੀ ਕਿਉਂ ਨਾ ਬਣਨਾ ਪਵੇ। ਉਦੋਂ ਤੱਕ ਅਛੂਤ ਨੇ ਥੈਲਾ ਬੰਦ ਕਰ ਲਿਆ ਅਤੇ ਬੀੜੀਆਂ ਦਾ ਇਕ ਬੰਡਲ ਦੇਣ ਲਈ ਦੁਕਾਨਦਾਰ ਨੂੰ ਕਹਿ ਰਿਹਾ ਸੀ। ਜਦੋਂ ਮਾਲ ਲੈ ਕੇ ਉਹ ਬੰਦਾ ਚਲਾ ਗਿਆ ਤਾਂ ਮੁੰਡੇ ਦੀਆਂ ਆਂਦਰਾਂ ਦੀ ਕੁਰਲਾਹਟ ਕੁਝ ਮੱਠੀ ਪੈ ਗਈ ਅਤੇ ਉਸ ਦੀ ਸੋਚ ਸ਼ਕਤੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਬਹੁਤ ਅਜੀਬ ਲੱਗਿਆ ਕਿ ਕੋਈ ਅਛੂਤ ਪੂਰੀਆਂ ਇੱਕ ਸੇਰ ਜਲੇਬੀਆਂ ਅਤੇ ਬੀੜੀਆਂ ਦਾ ਇੱਕ ਪੂਰਾ ਬੰਡਲ ਖਰੀਦ ਸਕੇ। ਉਸ ਅਛੂਤ ਨੂੰ ਇੰਨੇ ਜ਼ਿਆਦਾ ਪੈਸੇ ਕਿੱਥੋਂ ਮਿਲ ਗਏ ? ਕਾਵਿਰਾ ਵਿੱਚ ਕੋਈ ਅਜਿਹਾ ਟੱਬਰ ਨਹੀਂ ਸੀ ਜੋ ਇੰਨੀਆਂ ਸਾਰੀਆਂ ਚੀਜ਼ਾਂ ਇਕੱਠੀਆਂ ਖਰੀਦਣ ਦੀ ਹਿੰਮਤ ਰੱਖਦਾ ਹੋਵੇ। ਪਰ ਇਹ ਅਛੂਤ ਸੀ ਜੋ ਇਹ ਸਭ ਕੁਝ ਲੈ ਗਿਆ ਉਸ ਦੀ ਦਿਮਾਗੀ ਹਰਕਤ ਨੇ ਉਸ ਦੀਆਂ ਲੱਤਾਂ ਨੂੰ ਵੀ ਹਰਕਤ ਵਿੱਚ ਲੈ ਆਂਦਾ ਅਤੇ ਉਹ ਆਪਣੇ ਘਰ ਵੱਲ ਦੌੜਿਆ।

"ਬਾਪੂ ਇਕ ਅਛੂਤ ਨੇ ਪੂਰੀ ਇੱਕ ਸੇਰ ਮਠਿਆਈ ਖਰੀਦੀ ਹੈ ਅਤੇ ਬੀੜੀਆਂ ਦਾ ਇੱਕ ਬੰਡਲ ਵੀ। ਉਹ ਉੱਧਰ ਜਾ ਰਿਹਾ ਹੈ। ਹੋਵੇ ਨਾ ਤਾਂ ਉਸ ਨੂੰ ਖੋ.......... ਭੇਜਿਆ ਹੋਵੇ ।"

"ਚੁੱਪ ਕਰ!" ਉਸ ਦੇ ਪਿਉ ਨੇ ਉਸ ਨੂੰ ਵਿੱਚੋਂ ਟੋਕ ਕੇ ਕਿਹਾ। ਉਹ ਆਪਣੇ ਵਿਹੜੇ ਵਿੱਚ ਲੱਗੀ ਨਿੰਮ ਉੱਤੇ ਚੜ੍ਹ ਗਿਆ ਅਤੇ ਆਸੇ ਪਾਸੇ ਵੇਖਣ ਲੱਗਾ। ਉਸ ਨੇ ਅਛੂਤ ਨੂੰ ਮੋਢੇ ਉੱਤੇ ਥੈਲਾ ਲਿਜਾਂਦੇ ਵੇਖਿਆ। ਉਹ ਪੈਲੀਆਂ ਵਿੱਚ ਖੜ੍ਹੋਤੀ ਉੱਚੀ ਫ਼ਸਲ ਵਿੱਚੋਂ ਇੱਕ ਸੱਪ ਵਾਂਗ ਛੁਪ ਕੇ ਜਾ ਰਿਹਾ ਸੀ ।

"ਸਾਰੇ ਦੌੜੋ! ਖੋਡੀਆ ਦਾ ਪਿੱਛਾ ਕਰੋ ।" ਉਸ ਨੇ ਦਰਖਤ ਤੋਂ ਉਤਰਦਿਆਂ ਰੌਲਾ ਪਾ ਦਿੱਤਾ ਅਤੇ ਹਰੇਕ ਨੂੰ ਜਗਾਉਂਦਾ ਹੋਇਆ ਪਿੰਡ ਵਿੱਚੋਂ ਦੀ ਦੌੜਦਾ ਲੰਘ ਗਿਆ। ਪਿੰਡ ਵਾਲੇ ਉਸ ਦੇ ਨਾਲ ਹੋ ਤੁਰੇ ਉਨ੍ਹਾਂ ਵਿੱਚ ਇਕ ਆਦਮੀ ਖੋਡੀਏ ਦਾ

ਰਿਸ਼ਤੇ ਵਿੱਚੋਂ ਭਰਾ ਲਗਦਾ ਸੀ। ਰਸਤੇ ਵਿੱਚ ਕਿਸੇ ਨੇ ਪੁਲਿਸ ਨੂੰ ਵੀ ਖਬਰ ਕਰ ਦਿੱਤੀ। ਉੱਥੇ ਚੌਕੀ ਵਿੱਚ ਇੱਕ ਸਿਪਾਹੀ ਸੀ। ਪਰ ਮੋਟਾ ਹੋਣ ਕਰਕੇ ਉਹ ਦੌੜ ਵਿੱਚ ਪਿੱਛੇ ਰਹਿ ਗਿਆ। ਉਸ ਦਾ ਸਾਹ ਫੁੱਲ ਗਿਆ ਅਤੇ ਉਸ ਨੇ ਪਿੱਛਾ ਕਰਨਾ ਛੱਡ ਦਿੱਤਾ। ਪਤਨਵਾਦੀ ਲੋਕ ਸ਼ਿਕਾਰੀ ਕੁੱਤਿਆਂ ਵਾਂਗ ਦੌੜ ਰਹੇ ਸਨ। ਫਾਰਮ ਤੇ ਪਹੁੰਚ ਕੇ ਉਨ੍ਹਾਂ ਵੇਖਿਆ ਕਿ ਖੋਡੀਆ ਵੀ ਭੱਜਿਆ ਜਾ ਰਿਹਾ ਸੀ। ਉਸ ਦੇ ਇੱਕ ਹੱਥ ਵਿੱਚ ਰਫਲ ਫੜੀ ਹੋਈ ਸੀ। ਪਰ ਪਿੱਛਾ ਕਰਨ ਵਾਲੇ ਫਿਰ ਵੀ ਅੱਗੇ ਵੱਧ ਰਹੇ ਸਨ। ਉਹ ਦੌੜਦੇ ਦੌੜਦੇ ਤਿੰਨ ਮੀਲ ਦੂਰ ਸੰਤੋਕਗੜ੍ਹ ਪਿੰਡ ਦੀ ਜੂਹ ਤੱਕ ਪਹੁੰਚ ਗਏ। ਅੱਗੇ ਅੱਗ ਖੋਡੀਆ ਸੀ ਅਤੇ ਉਸ ਦੇ ਪਿੱਛੋਂ ਸਭ ਤੋਂ ਅੱਗ ਉਸ ਦਾ ਭਰਾ ਸੀ ਅਤੇ ਬਾਕੀ ਸਾਰੇ ਉਸ ਦੇ ਪਿੱਛੇ ਸਨ। ਖੋਡੀਆ ਇੱਕ ਦਰਖਤ ਕੋਲ ਰੁਕ ਗਿਆ ਅਤੇ ਉਸ ਦੇ ਤਨ ਦੀ ਓਟ ਵਿੱਚ ਖੜ੍ਹਾ ਹੋ ਗਿਆ। ਲੋਕਾਂ ਲਈ ਇਹ ਬਹੁਤਾ ਵੱਡਾ ਖਤਰਾ ਸੀ। ਕਿਉਂਕਿ ਦਰਖਤ ਦੇ ਪਿੱਛੇ ਖਲੋਤੇ ਖੋਡੀਏ ਨੇ ਆਪਣੀ ਬੰਦੂਕ ਦਾ ਨਿਸ਼ਾਨਾ ਉਨ੍ਹਾਂ ਵੱਲ ਸਾਧ ਲਿਆ ਸੀ। ਉਹ ਹਰੇਕ ਨੂੰ ਵਾਰੀ ਵਾਰੀ ਫੁੰਡ ਸਕਦਾ ਸੀ। ਫਿਰ ਵੀ ਉਹ ਸਪਾਟ ਦੌੜਦੇ ਆਏ ਅਤੇ ਉਸ ਦਾ ਭਰਾ ਹੋਣ ਵੀ ਸਾਰਿਆਂ ਤੋਂ ਅੱਗੇ ਸੀ। ਬੰਦੂਕ ਉਨ੍ਹਾਂ ਵੱਧ ਸਧੀ ਰਹੀ, ਪਰ ਇਸ ਵਿੱਚੋਂ ਕੋਈ ਗੋਲੀ ਨਾ ਚੱਲੀ, ਇਸ ਵਿੱਚੋਂ ਧੂੰਏ ਦਾ ਕੋਈ ਨਿਸ਼ਾਨ ਵੀ ਨਾ ਨਿਕਲਿਆ।

ਕਿਸੇ ਨੇ ਉੱਚੀ ਸਾਰੀ ਕਿਹਾ, "ਡਰੋ ਨਾ ਇਸ ਨੂੰ ਫੜ ਲਓ, ਇਸ ਕੋਲ ਕੋਈ ਕਾਰਤੂਸ ਨਹੀਂ ।"

ਉਸ ਦਾ ਭਰਾ ਉਸ ਨੂੰ ਫੜਨ ਵਾਲਾ ਸਭ ਤੋਂ ਪਹਿਲਾ ਆਦਮੀ ਸੀ। ਉਹ ਦੋਵੇਂ ਗੁਥਮ-ਗੁੱਥਾ ਹੋ ਗਏ। ਉਨ੍ਹਾਂ ਦੇ ਲੰਮੇ ਵਾਲ ਹਵਾ ਵਿੱਚ ਲਹਿਰਾ ਰਹੇ ਸਨ ਅਤੇ ਉਨ੍ਹਾਂ ਦੇ ਮੂੰਹ ਦੀਆਂ ਬੂੰਦਾਂ ਨਿਕਲ ਨਿਕਲ ਕੇ ਉਨ੍ਹਾਂ ਦੇ ਸਰੀਰ ਤੇ ਪੈ ਰਹੀਆਂ ਸਨ। ਉਹ ਵਾਰੋ ਵਾਰੀ ਇਕ ਦੂਜੇ ਨੂੰ ਜ਼ਮੀਨ ਤੇ ਸੁੱਟ ਰਹੇ ਸਨ, ਪਰ ਦੋਵੇਂ ਮੁੜ ਆਪਣੇ ਪੈਰਾਂ ਤੇ ਖੜੋ ਕੇ ਭੇੜੀਏ ਵਾਂਗ ਆਪਣੀ ਜਾਨ ਬਚਾਉਣ ਲਈ ਲੜਨ ਲੱਗ ਪੈਂਦੇ। ਡਾਕੂ ਆਪਣੇ ਭੱਜਣ ਲਈ ਰਾਹ ਬਣਾਉਣਾ ਚਾਹੁੰਦਾ ਸੀ ਪਰ ਉਸ ਦਾ ਭਰਾ ਆਪਣੀ

ਬਹਾਦਰੀ ਦੇ ਚਿੱਟੇ ਨਾਂ ਨੂੰ ਬਚਾਉਣਾ ਚਾਹੁੰਦਾ ਸੀ। ਫੈਸਲੇ ਦੀ ਘੜੀ ਨੇੜੇ ਪਹੁੰਚ ਰਹੀ ਸੀ। ਖੋਡੀਆ ਆਪਣੇ ਭਰਾ ਦੀ ਪਕੜ ਵਿੱਚੋਂ ਨਿਕਲਣ ਹੀ ਵਾਲਾ ਸੀ ਜਦੋਂ ਕਿ ਬਾਕੀ ਦੇ ਲੋਕ ਵੀ ਪਹੁੰਚ ਗਏ। ਉਨ੍ਹਾਂ ਨੇ ਖੋਡੀਏ ਨੂੰ ਕਾਬੂ ਕਰ ਲਿਆ ਅਤੇ ਉਸ ਨੂੰ ਕਾਵਿਠਾ ਦੇ ਪੁਲਿਸ ਸਟੇਸ਼ਨ ਤੇ ਲੈ ਆਏ। ਉਸਦੇ ਜ਼ੁਲਮਾਂ  ਦਾ ਅੰਤ ਹੋ ਗਿਆ ਸੀ। ਹਰੇਕ ਨੇ ਸੁੱਖ ਦਾ ਸਾਹ ਲਿਆ ਕਿ ਹੁਣ ਉਹ ਆਪਣੀ ਜਾਤ-ਬਰਾਦਰੀ ਵਿੱਚ ਉੱਚਾ ਸਿਰ ਕਰਕੇ ਚੱਲ ਸਕਣਗੇ ਅਤੇ ਉਹ ਆਪਣੇ ਮਹਾਰਾਜ ਦਾ ਮੁਸਕਰਾਉਂਦੀਆਂ ਅੱਖਾਂ ਨਾਲ ਸੁਆਗਤ ਕਰ ਸਕਣਗੇ।

ਮਹਾਰਾਜ ਦੌੜਿਆ ਦੌੜਿਆ ਪਿੰਡ ਪਹੁੰਚਿਆ, ਪਰ ਉਸ ਨੇ ਹੱਸਦੇ ਹੋਏ ਚਿਹਰਿਆਂ ਤੇ ਉੱਚੇ ਸਿਰਾਂ ਦੀ ਥਾਂ ਔਰਤਾਂ ਦੇ ਚਿਹਰਿਆਂ ਨੂੰ ਸੁੱਕੇ ਅੱਥਰੂਆਂ ਥੱਲੇ ਤਮਤਮਾਂਉਂਦੇ ਤੱਕਿਆ। ਪੁਲਿਸ ਨੇ ਕਾਵਿਠਾ ਦੇ ਮੁਖੀ ਆਦਮੀ ਨੂੰ ਫੜ ਲਿਆ ਸੀ ਅਤੇ ਸਾਰਿਆਂ ਨੂੰ ਪੇਟਲਾਡ ਵੱਲ ਹੱਕ ਦਿੱਤਾ ਸੀ।

ਹੱਕੇ ਬੱਕੇ ਹੋਏ ਮਹਾਰਾਜ ਨੇ ਪੁੱਛਿਆ, " ਪਰ ਹੋਇਆ ਕੀ ?"

ਸੁੰਨ ਹੋਏ ਲੋਕ ਬੋਲੇ, "ਸਾਨੂੰ ਕੁਝ ਪਤਾ ਨਹੀਂ। ਬਸ ਪੁਲਿਸ ਉਨ੍ਹਾਂ ਸਾਰਿਆਂ ਨੂੰ ਫੜ ਕੇ ਲੈ ਗਈ ਹੈ। ਜਿਨ੍ਹਾਂ ਨੇ ਖੋਡੀਆ ਨੂੰ ਫੜਨ ਵਿੱਚ ਆਪਣੀ ਜਾਨ ਦੀ ਪਰਵਾਹ ਨਹੀਂ ਸੀ ਕੀਤੀ ਉਹ ਵੀ ਹੱਕ ਲਿਜਾਏ ਗਏ ਹਨ ।"

ਬਾਲਾਂ ਨੂੰ ਕੁੱਛੜ ਚੁੱਕੀ ਤੀਵੀਆਂ ਡੁਸਕ ਰਹੀਆਂ ਸਨ। ਉਨ੍ਹਾਂ ਦੇ ਕਹਿਣ ਤੋਂ ਬਿਨਾਂ ਮਹਾਰਾਜ ਉਨ੍ਹਾਂ ਦੇ ਅੱਥਰੂ ਭਿੱਜ ਚਿਹਰਿਆਂ ਤੋਂ ਸਾਫ਼ ਪੜ੍ਹ ਰਿਹਾ ਸੀ। ਜੇ ਸਾਨੂੰ ਪਤਾ ਹੁੰਦਾ ਕਿ ਇਹ ਕੁਝ ਹੋਣਾ ਸੀ ਤਾਂ ਉਹ ਖੋਡੀਏ ਨੂੰ ਫੜਨ ਲਈ ਉਂਗਲ ਤੱਕ ਨਾ ਉੂਠਾਉਂਦੇ। ਉਨ੍ਹਾਂ ਤੇ ਇਹ ਆਫ਼ਤ ਇਸ ਲਈ ਆਈ ਸੀ ਕਿ ਉਨ੍ਹਾਂ ਨੇ ਉਹਨੂੰ ਫੜਨ ਵਿੱਚ ਮੱਦਦ ਕੀਤੀ ਸੀ; ਜੇ ਉਹ ਡਾਕੂ ਖੱਲ੍ਹਿਆ ਰਹਿੰਦਾ ਤਾਂ ਪੁਲਿਸ ਕਿਸਨੂੰ ਹੱਥਕੜੀਆਂ ਲਾਉਂਦੀ ? ਇਸ ਨਾਲੋਂ ਡਾਕੂ ਨੂੰ ਪਨਾਹ ਦੇਣੀ ਚੰਗੀ ਸੀ।

ਮਹਾਰਾਜ ਉੱਥੇ ਇੱਕ ਖਿਣ ਵੀ ਨਾ ਰੁਕਿਆ। ਉਹ ਉਸ ਵੇਲੇ ਪੇਟਲਾਡ ਵੱਲ ਤੁਰ ਪਿਆ। ਉਸ ਨੂੰ ਡਰ ਸੀ ਮਤਾ ਮਨੁੱਖਤਾ ਦੇ ਦੀਵੇ ਮੁੜ ਨਾ ਬੁਝਾ ਦਿੱਤੇ ਜਾਣ ।

ਪੈਟਲਾਡ ਦੇ ਥਾਣੇ ਪਹੁੰਚ ਕੇ ਉਸ ਨੇ ਪੁੱਛਿਆ, "ਇਨ੍ਹਾਂ ਨੂੰ ਕਿਉਂ ਬੰਨ੍ਹ ਲਿਆਂਦਾ ਗਿਆ ਹੈ ?"

"ਇਨ੍ਹਾਂ ਉੱਤੇ ਇਲਜ਼ਾਮ ਹੈ"

"ਕਿਸ ਜੁਰਮ ਦਾ?"

"ਤਿੰਨ ਦਿਨ ਪਹਿਲਾਂ ਖੇਡੀਆ ਨੇ ਇਕ ਔਰਤ ਦੇ ਗਹਿਣੇ ਚੁਰਾਏ ਸਨ। ਇਹ ਲੋਕ ਉਸ ਚੋਰੀ ਦੇ ਮਾਲ ਨੂੰ ਲਕਾਉਣ ਦੇ ਦੋਸ਼ੀ ਹਨ ।"

"ਵਾਕਈ! ਇਹ ਕੋਣ ਕਹਿੰਦਾ ਹੈ ?"

"ਖੇਡੀਆ ਆਪ ਇਹ ਕਹਿੰਦਾ ਹੈ?"

"ਉਹ ਕੀ ਕਹਿੰਦਾ ਹੈ?"

"ਉਹ ਇਨ੍ਹਾਂ ਦੇ ਘਰ ਵਿੱਚ ਗਹਿਣੇ ਛੁਪਾਉਣ ਦਾ ਇਕਬਾਲ ਕਰਦਾ ਹੈ ।"

ਮਹਾਰਾਜ ਸਿਰ ਤੋਂ ਪੈਰ ਤੱਕ ਗੁੱਸੇ ਨਾਲ ਕੰਬ ਉੱਠਿਆ। ਖੋਡੀਆ ਇਕ ਮਫ਼ਰੂਰ ਮੁਜਰਮ ਹੁਣ ਫੜਿਆ ਗਿਆ ਸੀ ਅਤੇ ਉਹ ਆਪਣੇ ਪਕੜਨ ਵਾਲਿਆਂ ਨੂੰ ਆਪਣੇ ਜੁਰਮਾਂ ਵਿੱਚ ਭਾਗੀ ਬਣਾ ਰਿਹਾ ਹੈ ਅਤੇ ਕਿੰਨਾ ਇਤਬਾਰਯੋਗ ਗਵਾਹ ਪੁਲਿਸ ਨੇ ਖੜ੍ਹਾ ਕਰ ਦਿੱਤਾ ਸੀ। ਖੋਡੀਆ ਜੋ ਆਪ "ਸਚਾਈ" ਦਾ "ਫਰਿਸ਼ਤਾ" ਸੀ। ਕਿਸੇ ਤਰ੍ਹਾਂ ਆਪਣੇ ਗੁੱਸੇ ਨੂੰ ਕਾਬੂ ਵਿੱਚ ਰੱਖਦੇ ਹੋਏ ਮਹਾਰਾਜ ਨੇ ਕਿਹਾ "ਕੀ ਤੁਹਾਨੂੰ ਪਤਾ ਹੈ ਤੁਸੀਂ ਉਨ੍ਹਾਂ ਬੱਚਿਆਂ ਨੂੰ ਫੜ ਲਿਆਂਦਾ ਹੈ, ਜਿਨ੍ਹਾਂ ਨੇ ਖੋਡੀਆ ਨੂੰ ਤੁਹਾਡੇ ਲਈ ਫੜਿਆ ਹੈ ?

“ ਉਸ ਮੋਟੇ ਸਿਪਾਹੀ ਦਾ ਤਾਂ ਖੋਦੀਆ ਦੇ ਮਗਰ ਭੱਜਣ ਤੋਂ ਪਹਿਲਾਂ ਹੀ ਸਾਹ ਫੁੱਲ ਗਿਆ ਸੀ। ਤੁਸਾਂ ਫੜੇ ਹੋਏ ਮੁਜਰਮ ਦੇ ਕਹਿਣ ਤੇ ਉਸਦੇ ਫੜਨ ਵਾਲਿਆਂ ਨੂੰ ਫੜਿਆ ਹੈ। ਇਨ੍ਹਾਂ ਨੂੰ ਇਕਦਮ ਰਿਹਾਅ ਕਰੋ ਨਹੀਂ ਤਾਂ ਮੈਂ ਵਟਾਦਰਾ ਕਮਿਸ਼ਨਰ ਕੋਲ ਜਾ ਰਿਹਾ ਹਾਂ। ਬੇਇਨਸਾਫ਼ੀ ਦੀ ਵੀ ਕੋਈ ਹੱਦ ਹੋਣੀ ਚਾਹੀਦੀ ਹੈ।"

ਉਹ ਰਿਹਾਏ ਕੀਤੇ ਪੇਂਡੂਆਂ ਨੂੰ ਨਾਲ ਲੈ ਕੇ ਪਿੰਡ ਆਇਆ।

ਦ੍ਰਿਸ਼ ਬਦਲ ਜਾਂਦਾ ਹੈ। ਸਾਬਰਮਤੀ ਜੇਲ੍ਹ। ਸਾਲ 1928, ਮਹਾਰਾਜ ਨੂੰ ਹੁਣੇ ਜਿਹੇ ਲਿਆਂਦਾ ਗਿਆ ਸੀ। ਇਕ ਸਵੇਰੇ ਕੰਦੀਆਂ ਨੂੰ ਖਾਣਾ ਦਿੱਤਾ ਜਾ ਰਿਹਾ ਸੀ। ਖਾਣ ਵਿੱਚ ਜੁਆਰ ਦੀਆਂ ਛੋਟੀਆਂ ਅਤੇ ਦਾਲ ਸੀ। ਮੈੱਸ ਮੈਨ ਨੇ ਇਕੱਲੇ ਮਹਾਰਾਜ ਨੂੰ ਕਣਕ ਦੇ ਆਟੇ ਦੀਆਂ ਰੋਟੀਆਂ ਦਿੱਤੀਆ।

ਉਸ ਨੇ ਮੈੱਸਮੈਨ ਨੂੰ ਪੁੱਛਿਆ, "ਮੇਰੇ ਵਾਸਤੇ ਐਸਾ ਕਿਉਂ ?"

"ਤੂੰ ਰੌਲਾ ਪਾਏ ਬਿਨਾਂ ਖਾ ਕਿਉਂ ਨਹੀਂ ਲੈਂਦਾ?"

"ਮੈਨੂੰ ਅਸਲੀ ਗੱਲ ਦਾ ਪਤਾ ਲੱਗਣਾ ਚਾਹੀਦਾ ਹੈ।"

"ਇਹ ਤੇਰੇ ਲਈ ਵੱਖਰੀਆਂ ਭੇਜੀਆਂ ਗਈਆਂ ਹਨ।”

"ਕਿਸਨੇ ਭੇਜੀਆਂ ਹਨ?"

"ਸ਼ੰਕਰੀਆ ਮੁਕੱਦਮ ਨੇ।”

"ਸ਼ੰਕਰੀਆ? ਹਾਂ ਮੈਨੂੰ ਯਾਦ ਹੈ, ਇਹ ਉਹੀ ਹੈ ਜਿਸਨੂੰ ਭਿੱਖਾ ਵਾਪਸ ਲਿਆਇਆ ਸੀ। ਉਸ ਨੇ ਵੀ ਉਸੇ ਦਿਨ ਆਤਮ ਸਮਰਪਣ ਕੀਤਾ ਸੀ ਜਿਸ ਦਿਨ ਮੈਂ ਭਿੱਖੇ ਨੂੰ ਲਿਆਇਆ ਸਾਂ। ਪਰ ਉਸ ਨੂੰ ਇਹ ਰੋਟੀਆਂ ਕਿੱਥੋਂ ਮਿਲੀਆਂ ?"

"ਚਿੰਤਾ ਨਾ ਕਰ, ਉਸ ਨੇ ਚੁਰਾਈਆਂ ਨਹੀਂ”

“ਫਿਰ ਕਿਵੇਂ ਲਈਆਂ ਹਨ?”

"ਹੁਣ ਉਹ ਮੁਕੱਦਮ ਹੈ, ਕਾਮਿਆਂ ਦਾ ਮੇਟ। ਉਸ ਨੂੰ ਕਣਕ ਦੇ ਆਟੇ ਦੀਆਂ ਰੋਟੀਆਂ ਮਿਲਦੀਆਂ ਹਨ। ਉਸ ਨੇ ਆਪਣੇ ਹਿੱਸੇ ਦੀਆਂ ਤੈਨੂੰ ਭੇਜ ਦਿੱਤੀਆਂ ਹਨ ।”

"ਅਤੇ ਮੇਰੇ ਹਿੱਸੇ ਦੀਆਂ ਜੁਆਰ ਦੀਆਂ ਰੋਟੀਆਂ ਦਾ ਕੀ ਬਣਿਆਂ?”

"ਉਹ ਉਸ ਨੇ ਖਾ ਲਈਆਂ ।”"

ਉਸ ਨੇ ਐਸਾ ਕਿਉਂ ਕੀਤਾ ?”

“ਉਸ ਨੇ ਕਿਹਾ ਕਿ ਸਾਡੇ ਮਹਾਰਾਜ ਜੀ ਹੁਣੇ ਹੁਣੇ ਆਏ ਹਨ ਉਨ੍ਹਾਂ ਲਈ ਇਹ ਰੋਟੀਆਂ ਵਧੇਰੇ ਠੀਕ ਰਹਿਣਗੀਆਂ ।”

ਕੈਦੀ ਜਦੋਂ ਰੋਟੀ ਖਾ ਚੁੱਕੇ ਤਾਂ ਉਨ੍ਹਾਂ ਵੇਖਿਆ ਕਿ ਬੋਰਸਦ ਜ਼ਿਲ੍ਹੇ ਤੋਂ ਆਏ ਇਸ ਨਵੇਂ ਕੈਦੀ ਨੇ ਆਪਣੀ ਰੋਟੀ ਨੂੰ ਛੋਹਿਆ ਤੱਕ ਨਹੀਂ ਅਤੇ ਆਟੇ ਦੀਆਂ ਰੋਟੀਆਂ ਇਕ ਪਾਸੇ ਰੱਖ ਦਿੱਤੀਆਂ ਹਨ। ਰਾਤ ਦੇ ਭੋਜਨ ਵੇਲੇ ਫਿਰ ਮਹਾਰਾਜ ਨੂੰ ਕਣਕ ਦੀਆਂ ਰੋਟੀਆਂ ਦਿੱਤੀਆਂ ਗਈਆਂ। ਇਕ ਵਾਰੀ ਫਿਰ ਬਾਵਰਚੀਏ ਨੇ ਉਸ ਨੂੰ ਦੱਸਿਆ ਕਿ ਸ਼ੰਕਰੀਆ ਨੇ ਆਪਣੀਆਂ ਕਣਕ ਦੀਆਂ ਰੋਟੀਆਂ ਜੁਆਰ ਦੀਆਂ ਰੋਟੀਆਂ ਨਾਲ ਵਟਾਈਆਂ ਹਨ। ਮਹਾਰਾਜ ਨੇ ਰਾਤ ਦਾ ਖਾਣਾ ਵੀ ਨਾ ਖਾਧਾ। ਤੁਰਦੀ ਤੁਰਦੀ ਗੱਲ ਸ਼ੰਕਰੀਆ ਤੱਕ ਪਹੁੰਚ ਗਈ। ਉਹ ਮਹਾਰਾਜ ਨੂੰ ਮਿਲਣ ਵਾਸਤੇ ਆਇਆ, ਉਨ੍ਹਾਂ ਦੇ ਚਰਨ ਛੂਹੇ ਅਤੇ ਦੁਖਿਤ ਦਿਲ ਨਾਲ ਪੁੱਛਿਆ, “ਮਹਾਰਾਜ ! ਆਪ ਨੇ ਮੇਰੀਆਂ ਰੋਟੀਆਂ ਕਿਉਂ ਨਹੀਂ ਖਾਧੀਆਂ ?"

“ਸ਼ੰਕਰ! ਮੈਂ ਨਹੀਂ ਖਾ ਸਕਦਾ। ਇਹ ਜੇਲ੍ਹ ਦੇ ਕਾਇਦੇ ਦੇ ਖਿਲਾਫ਼ ਹੈ ।”

ਜੇਲ੍ਹ ਦੇ ਕਾਇਦੇ। ਸ਼ੰਕਰੀਆ ਜੇਲ੍ਹ ਦੇ ਕਾਇਦਿਆਂ ਦੀ ਕੀ ਪਰਵਾਹ ਕਰਦਾ ਸੀ। ਉਸ ਲਈ ਤਾਂ ਇੱਕੋ ਕਾਨੂੰਨ ਸੀ ਜਿਹੜਾ ਉਸ ਦੀ ਆਤਮਾ ਕਹਿੰਦੀ ਸੀ। ਭਾਵੇਂ

ਪੰਜ ਸਾਲ ਪਹਿਲੋਂ ਉਹ ਬਹੁਤਿਆਂ ਦੀ ਰੋਟੀ ਖੋਂਹਦਾ ਸੀ ਅਤੇ ਇਕ ਹੁਣ ਹੈ ਜਦ ਉਹ ਆਪਣੀ ਚੰਗੀ ਰੋਟੀ ਮਹਾਰਾਜ ਨੂੰ ਦੇ ਰਿਹਾ ਹੈ। ਉਹ ਜ਼ਮੀਰ ਦੇ ਇਸ ਕਾਨੂੰਨ ਦੇ ਹੱਕ ਵਿੱਚ ਮਹਾਰਾਜ ਨਾਲ ਤਰਕ ਕਰਦਾ ਰਿਹਾ, ਪਰ ਮਹਾਰਾਜ ਨੇ ਬੜੇ ਸਬਰ ਨਾਲ ਉਸ ਨੇ ਸਮਾਜਕ ਨੈਤਿਕਤਾ ਦੀ ਲੋੜ ਬਾਰੇ ਦੱਸਿਆ। ਕਾਫੀ ਲੰਮੀ ਬਹਿਸ ਪਿੱਛੋਂ ਸ਼ੰਕਰੀਆ ਮੰਨ ਗਿਆ ਜਾਪਿਆ।

ਉਸ ਨੇ ਕਿਹਾ, "ਜਿਵੇਂ ਆਪ ਕਹਿੰਦੇ ਹੋ ਇੱਦਾਂ ਹੀ ਠੀਕ ਲਗਦਾ ਹੈ। ਹੁਣ ਕਣਕ ਦੀਆਂ ਰੋਟੀਆਂ ਨਹੀਂ ਭੇਜਾਂਗਾ ।"

"ਸ਼ੰਕਰ!" ਮਹਾਰਾਜ ਦੀ ਆਵਾਜ਼ ਵਿੱਚ ਹੋਰ ਮਿਠਾਸ ਭਰ ਗਈ ਸੀ, "ਮੈਂ ਡਿਡਰਾਡਾ ਦੇ ਭਿੱਖਾ ਨੂੰ ਮਿਲਣਾ ਚਾਹੁੰਦਾ ਹਾਂ,"

"ਮੈਂ ਉਸ ਨੂੰ ਆਪ ਪਾਸ ਭੇਜ ਦਿਆਂਗਾ। ਉਹ ਆਪ ਹੀ ਮਿਲਣਾ ਚਾਹੁੰਦਾ ਸੀ।" ਅਗਲੀ ਸਵੇਰ ਇਕ ਕੈਦੀ ਨੇ ਮਹਾਰਾਜ ਨੂੰ ਸੁਨੇਹਾ ਦਿੱਤਾ; ਨਾਲੀ ਦੇ ਹੌਜ਼ ਨੇੜੇ ਕੰਧ ਕੋਲ ਚਲੇ ਜਾਉ?

"ਕਿਉਂ; ਕਾਹਦੇ ਲਈ?"

"ਇਕ ਆਦਮੀ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ। ਉਹ ਕੰਧ ਦੇ ਦੂਜੇ ਪਾਸੇ ਹੈ। ਤੁਹਾਨੂੰ ਝੀਥ ਵਿੱਚੋਂ ਉਸ ਨਾਲ ਗੱਲ ਕਰਨੀ ਪਵੇਗੀ ।"

"ਕੌਣ ਹੈ ਉਹ?"

"ਭਿੱਖਾ - ਇਕ ਸਜ਼ਾ ਯਾਫ਼ਤਾ ਕੈਦੀ"

"ਉਸ ਨੂੰ ਦੱਸ ਦਿਓ ਕਿ ਮੈਂ ਇਕ ਚੋਰ ਦੀ ਤਰ੍ਹਾਂ ਉਸ ਨਾਲ ਗੱਲ ਨਹੀਂ ਕਰਨਾ ਚਾਹੁੰਦਾ।"

ਇਕ ਦਿਨ ਹੋਰ ਲੰਘ ਗਿਆ। ਮਹਾਰਾਜ ਜੇਲ੍ਹ ਦੀ ਆਟਾ ਚੱਕੀ ਉੱਤੇ ਆਪਣੀ ਡਿਊਟੀ ਦੇ ਕੇ ਹਟਿਆ ਸੀ। ਉਹ ਮੂੰਹ ਹੱਥ ਧੋਣ ਵਾਲੇ ਕਮਰੇ ਵਿੱਚ ਜਾ ਰਿਹਾ ਸੀ। ਉਸਦੇ ਸਰੀਰ ਉੱਤੇ ਆਟੇ ਦੀ ਧੂੜ ਜੰਮੀ ਹੋਈ ਸੀ। ਇਕ ਕੈਦੀ ਦੌੜਦਾ ਦੌੜਦਾ ਆਇਆ ਅਤੇ ਉਸ ਦੇ ਪੈਰਾਂ ਤੇ ਡਿੱਗ ਪਿਆ। ਮਹਾਰਾਜ ਨੇ ਉਸ ਨੂੰ ਖੜ੍ਹਾ ਕਰਕੇ ਵੇਖਿਆ। ਉਹ ਭਿੱਖਾ ਸੀ। ਉਹੀ ਜਿਹੜਾ ਪੰਜ ਸਾਲ ਪਹਿਲਾਂ ਬੋਰਸਦ ਦੀ ਹਵਾਲਾਤ ਦੀਆਂ ਸੀਖਾਂ ਪਿੱਛੇ ਖਲੋਤਿਆਂ, ਜਿਸ ਦੇ ਚਿਹਰੇ ਉੱਤੇ ਉਸ ਨੇ ਮਾਸੂਮ ਮੁਸਕਰਾਹਟ ਦਾ ਜਲਾਲ ਵੇਖਿਆ ਸੀ, ਜੋ ਅੱਜ ਵੀ ਵੇਖ ਰਿਹਾ ਸੀ। ਮਹਾਰਾਜ ਵੀ ਮੁਸਕਰਾਂਉਂਦਾ ਹੋਇਆ ਉਸ ਵੱਲ ਵੇਖ ਰਿਹਾ ਸੀ, ਜਿਵੇਂ ਮਾਂ ਦੀਆਂ ਪਿਆਰੀਆਂ ਅੱਖਾਂ ਆਪਣੇ ਪੁੱਤਰ ਨੂੰ ਵੇਖਦੀਆਂ ਹਨ। ਅਖ਼ੀਰ ਵਿੱਚ ਉਸ ਨੇ ਭਿੱਖੇ ਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ ਅਤੇ ਮੁਆਫ਼ੀ ਲਹਿਜੇ ਵਿੱਚ ਕਿਹਾ, "ਭਿਖਿਆ ! ਤੈਨੂੰ ਬਹੁਤ ਬੁਰਾ ਲੱਗਿਆ ਹੋਵੇਗਾ ? ਲੱਗਿਆ ਸੀ ਨਾ ?”

“ਕਿਸ ਗੱਲ ਵਾਸਤੇ ਜੀ"

"ਮੈਂ ਤੈਨੂੰ ਤਿੰਨ ਸਾਲ ਦੀ ਸਜ਼ਾ ਦੀ ਆਸ ਦਿਵਾਈ ਸੀ। ਅਤੇ ਤੂੰ ਅਜੇ ਵੀ ਇੱਥੇ ਹੈਂ..........."

“ਅੱਛਾ ਇਸ ਗੱਲ ਲਈ! ਨਹੀਂ ਮਹਾਰਾਜ।” ਭਿੱਖੇ ਨੇ ਉਸ ਦੀ ਗੱਲ ਵਿੱਚੇ . ਟੋਕਦਿਆਂ ਕਿਹਾ, “ਸਗੋਂ ਸਾਨੂੰ ਆਪਦੇ ਚਰਨਾਂ ਦੀ ਪੂਜਾ ਕਰਨੀ ਚਾਹੀਦੀ ਹੈ। ਖੋਡੀਆ ਨੂੰ 32 ਸਾਲਾਂ ਦੀ ਕਾਲਕੋਠੜੀ ਮਿਲੀ ਹੈ, ਜਦ ਕਿ ਆਪ ਦੀ ਕਿਰਪਾ ਨਾਲ ਮੈਂ ਸੱਤਾਂ ਸਾਲਾਂ ਦੀ ਸਜ਼ਾ ਨਾਲ ਹੀ ਛੁੱਟ ਜਾਵਾਂਗਾ। ਹੋਰ ਦੋ ਸਾਲਾਂ ਨੂੰ ਅਸੀਂ ਘਰ ਚਲੇ ਜਾਵਾਂਗੇ। ਨਹੀਂ ਤਾਂ ਕਿਸ ਨੂੰ ਪਤਾ ਹੈ ਕਿ ਅਸੀਂ ਫਾਂਸੀ ਦੇ ਤਖ਼ਤੇ ਤੇ ਹੋਣਾ ਸੀ। ਬੁਰੀ ਲੱਗਣ ਵਾਲੀ ਕੋਈ ਗੱਲ ਨਹੀਂ।”

ਭਿੱਖੇ ਦੇ ਸ਼ਬਦਾਂ ਵਿੱਚੋਂ ਮਹਾਰਾਜ ਨੂੰ ਇਕ ਨਵੀਂ ਆਸ ਦਿਖਾਈ ਦਿੱਤੀ। ਇਕ ਨਵੀਂ ਲੋਅ ਜੋ ਇਨਸਾਨੀਅਤ ਨਾਲ ਜੁੜੇ ਇਸ ਦੀਵੇ ਵਿੱਚੋਂ ਜਗ ਰਹੀ ਸੀ। ਭਿੱਖੇ

ਨੇ ਜਾਣ ਦੀ ਆਗਿਆ ਮੰਗੀ ਅਤੇ ਖਿੜੇ ਹੋਏ ਮਨ ਨਾਲ ਆਪਣੇ ਵਾਰਡ ਵਿੱਚ ਚਲਾ ਗਿਆ।

*******

# ਚੋਰ

"ਕੀ ਤੁਹਾਨੂੰ ਇਕ ਤਾਜ਼ੀ ਗੱਲ ਦਾ ਪਤਾ ਹੈ?”

"ਕਿਸ ਗੱਲ ਦਾ?"

“ਕਾਂਭਾ ਪਿੰਡ ਵਿੱਚ ਇਕ ਚੋਰੀ ਹੋਈ ਹੈ; ਲੁਬਾਣੇ ਦੀ ਦੁਕਾਨ ਤੋਂ ਘਿਓ ਦੇ ਦੋ ਟੀਨ ਚੋਰੀ ਹੋ ਗਏ ਹਨ ।”

ਇਕ ਦਿਨ ਕਠਾਣਾ ਪਿੰਡ ਵਿੱਚ ਸਵੇਰੇ ਸਵੇਰੇ ਇਕ ਆਦਮੀ ਦੂਜੇ ਨੂੰ ਦੱਸ ਰਿਹਾ' ਸੀ। ਜਿਸ ਨੂੰ ਦੱਸਿਆ ਜਾ ਰਿਹਾ ਸੀ, ਉਹ ਪੁਲਿਸ ਸਟੇਸ਼ਨ ਦਾ ਥਾਣੇਦਾਰ ਨਹੀਂ ਸੀ ਸਗੋਂ ਉਹ ਮਹਾਤਮਾ ਗਾਂਧੀ ਦਾ ਥਾਣੇਦਾਰ ਰਵੀਸ਼ੰਕਰ ਮਹਾਰਾਜ ਸੀ।

“ਓ ਗੋਂਧੀ, ਛੋਟੇ ਗੋਂਧ ਜੀ! ਅੱਜਕਲ੍ਹ ਵੱਡੇ ਗੋਂਧੀ ਜੀ ਕਿੱਥੇ ਹਨ?" ਆਮ ਤੌਰ ਤੇ ਪਿੰਡ ਦੇ ਲੋਕ ਉਸ ਨੂੰ ਇਸ ਤਰ੍ਹਾਂ ਬੁਲਾਇਆ ਕਰਦੇ ਸਨ। ਇਸ ਤਰ੍ਹਾਂ ਸਤਿਕਾਰਿਆ ਜਾਣ ਵਾਲਾ ਆਦਮੀ ਚੋਰਾਂ ਦੀ ਖਬਰ ਸੁਣ ਕੇ ਬਹੁਤਾ ਨਹੀਂ ਸੀ ਚੌਂਕਿਆ। ਆਖਰ ਚੋਰੀ ਦੀ ਘਟਨਾ ਕੋਈ ਖਾਸ ਗੱਲ ਨਹੀਂ ਸੀ, ਪਰ ਜਿਹੜੀ ਗੱਲ ਉਸ ਨੇ ਅੱਗੋਂ ਸੁਣੀ ਉਸ ਨੇ ਉਸ ਦਾ ਹਿਰਦਾ ਚੀਰ ਸੁੱਟਿਆ।

“ਲੁਬਾਣੇ ਨੇ ਥਾਣੇ ਜਾ ਕੇ ਰਪਟ ਲਿਖਵਾ ਦਿੱਤੀ ਹੈ ਅਤੇ ਥਾਣੇਦਾਰ ਕਾਂਭੇ ਵੱਲ ਨੂੰ ਚੱਲ ਪਿਆ ਹੈ ।”

ਉਸ ਨੂੰ ਇਕ ਚਿੰਤਾ ਨੇ ਘੇਰ ਲਿਆ। ਇਕ ਆਸ਼ੰਕਾ ਉਸ ਦੇ ਮਨ ਵਿੱਚ ਬੈਠ ਗਈ। ਇਲਾਕੇ ਦੇ ਲੋਕਾਂ ਨੇ ਉਸ ਨਾਲ ਕੀਤੇ ਮੁਆਇਦੇ ਨੂੰ ਤੋੜਿਆ ਸੀ। ਇਹ ਉਦੋਂ

ਹੋਇਆ ਸੀ ਜਦੋਂ ਪ੍ਰਸ਼ਾਸਨ ਸਾਰੇ ਪਿੰਡ ਉੱਤੇ ਬਾਬਰ ਦੇਵਾ ਡਾਕੂ ਦੀ ਸਹਾਇਤਾ ਕਰਨ ਦਾ ਸ਼ੱਕ ਕਰਦਾ ਸੀ ਅਤੇ ਜ਼ਿਲ੍ਹੇ ਦੇ ਸਾਰੇ ਪਿੰਡਾਂ ਤੋਂ ਜਬਰੀ ਹਰਜਾਨਾ ਅਰਥਾਤ ਤਾਵਾਨ ਵਸੂਲ ਕਰਦਾ ਸੀ। ਇਸ ਤਾਵਾਨ ਵਿਰੁੱਧ ਗਾਂਧੀਵਾਦੀ ਤਰੀਕੇ ਨਾਲ ਅੰਦੋਲਨ ਕੀਤਾ ਗਿਆ ਸੀ। ਡੇਢ ਮਹੀਨੇ ਦੀ ਜਦੋ-ਜਹਿਦ ਮਗਰੋਂ ਤਾਵਾਨ ਦਾ ਹੁਕਮ ਵਾਪਸ ਲੈ ਲਿਆ ਗਿਆ ਸੀ। ਮੋਰਚੇ ਦੇ ਦੌਰਾਨ ਜਿਸ ਵਿਅਕਤੀ ਨੇ ਲੋਕਾਂ ਦੇ ਦਿਲ ਵਿੱਚ ਜੋਸ਼ ਭਰਿਆ ਉਹ ਗਾਂਧੀ ਦਾ ਇਹ ਥਾਣੇਦਾਰ ਅਰਥਾਤ ਛੋਟਾ 'ਗੋਂਧੀ' ਸੀ। ਮੋਰਚਾ ਖ਼ਤਮ ਹੋਣ ਤੋਂ ਮਗਰੋਂ, ਮਹਾਰਾਜ ਕਾਲੂ ਪਿੰਡ ਦੇ ਵਾਸੀਆਂ ਤੋਂ ਵਿਦਾ ਲੈ ਕੇ ਆਪਣੇ ਸ਼ਹਿਰ ਵੱਲ ਨੂੰ ਜਾਣ ਲੱਗਾ ਸੀ ਕਿ ਪਿੰਡ ਵਾਸੀਆਂ ਨੇ ਉਸ ਦਾ ਰਾਹ ਆਣ ਰੋਕਿਆ।

ਉਨ੍ਹਾਂ ਬੜੇ ਸਰਲ ਜਿਹੇ ਲਹਿਜੇ ਵਿੱਚ ਕਿਹਾ, "ਅਸੀਂ ਤੁਹਾਨੂੰ ਨਹੀਂ ਜਾਣ ਦੇਣਾ।"

"ਮੈਂ ਹੋਰ ਨਹੀਂ ਠਹਿਰ ਸਕਦਾ" ਉਸ ਨੇ ਉਨ੍ਹਾਂ ਨੂੰ ਕਿਹਾ ਸੀ।

"ਕਿਉਂ ਨਹੀਂ ਠਹਿਰ ਸਕਦੇ?" ਉਨ੍ਹਾਂ ਪੁੱਛਿਆ।

"ਤੁਸੀਂ ਤੇ ਮੈਂ ਇਕ ਦੂਜੇ ਨਾਲ ਡੂੰਘੇ ਪਿਆਰ ਦੇ ਬੰਧਨ ਵਿੱਚ ਬੱਝ ਚੁੱਕੇ ਹਾਂ, ਮੇਰੇ ਕੋਲੋਂ ਤੁਹਾਨੂੰ ਦੁੱਖ ਭੋਗਦਿਆਂ ਨਹੀਂ ਵੇਖਿਆ ਜਾਂਦਾ"

"ਤੁਸੀਂ ਕਿਹੜੇ ਦੁੱਖ ਭੋਗਣ ਦੀ ਗੱਲ ਕਰ ਰਹੇ ਹੋ?"

"ਤੁਸੀਂ ਚੋਰੀ ਕਰੋਗੇ, ਸ਼ਰਾਬ ਪੀਓਗੇ। ਪੁਲਿਸ ਤੁਹਾਨੂੰ ਫੜੇਗੀ, ਮਾਰੇਗੀ, ਗਾਲ੍ਹ- ਮੰਦਾ ਕਢੇਗੀ। ਮੈਂ ਇਹ ਸਭ ਕੁਝ ਨਹੀਂ ਸਹਾਰ ਸਕਦਾ।"

"ਠੀਕ ਹੈ। ਛੋਟੇ ਗਾਧੀ ਜੀ; ਅਸੀਂ ਚੋਰੀ ਨਹੀਂ ਕਰਾਂਗੇ, ਸ਼ਰਾਬ ਵੀ ਨਹੀਂ ਪੀਵਾਂਗੇ, ਅਸੀਂ ਤੁਹਾਨੂੰ ਨਹੀਂ ਜਾਣ ਦੇਣਾ।"

ਇਸ ਮਗਰੋਂ ਦੇਸੀ ਸ਼ਰਾਬ ਦੀਆਂ ਹੋਲੀਆਂ ਹਰ ਪਿੰਡ ਵਿੱਚ ਬਾਲੀਆਂ ਗਈਆਂ ਅਤੇ ਮਹਾਰਾਜ ਨੂੰ ਉਨ੍ਹਾਂ ਨੂੰ ਅੱਗ ਵਿਖਾਉਣ ਦਾ ਮਾਣ ਦਿੱਤਾ ਗਿਆ। ਉਸ ਨੂੰ ਉਹ ਹੋਲੀਆਂ ਯਾਦ ਸਨ ਜਿਸ ਦੀਆਂ ਲਾਟਾਂ ਜ਼ਮੀਨ ਤੋਂ ਕਈ ਫੁੱਟ ਉੱਚੀਆਂ ਉੱਠਦੀਆਂ ਸਨ। ਉਸ ਨੂੰ ਇਹ ਵੀ ਯਾਦ ਸੀ ਕਿ ਬਲਦੀਆਂ ਲਾਟਾਂ ਨੂੰ ਸਾਖੀ ਮੰਨ ਕੇ ਸਾਰੀ ਬੜਈਆ ਬਰਾਦਰੀ ਨੇ ਚੋਰੀ ਨਾ ਕਰਨ ਦੀ ਸਹੁੰ ਚੁੱਕੀ ਸੀ। ਇਹ ਵੀ ਸਾਰਿਆਂ ਨੇ, ਵਪਾਰੀਆਂ ਸਮੇਤ, ਇਕਰਾਰ ਕੀਤਾ ਸੀ ਕਿ ਜੇ ਕੋਈ ਚੋਰੀ ਹੋ ਜਾਵੇ ਤਾਂ ਪੀੜਤ ਵਿਅਕਤੀ ਉਸ ਦੀ ਸ਼ਿਕਾਇਤ ਪੁਲਿਸ ਪਾਸ ਨਹੀਂ ਮਹਾਰਾਜ ਪਾਸ ਕਰੇ।

ਹੁਣ ਜਦ ਕਿ ਰਪਟ ਕੀਤੀ ਜਾ ਚੁੱਕੀ ਸੀ, ਤਾਂ ਥਾਣੇਦਾਰ ਨੂੰ ਸਾਰੇ ਪਿੰਡ ਨੂੰ ਕੇਵਲ ਸ਼ੱਕ ਦੇ ਆਧਾਰ ਤੇ ਡਰਾਉਣਾ ਧਮਕਾਉਣ ਤੇ ਮਾਰਨ ਕੁੱਟਣ, ਉਨ੍ਹਾਂ ਨੂੰ ਬੁਰਾ ਭਲਾ ਕਹਿਣ ਦੀ ਖੁੱਲ੍ਹ ਮਿਲ ਗਈ ਸੀ। ਅਸਲ ਮੁਜਰਮ ਖੁੱਲ੍ਹਾ ਫਿਰਦਾ ਰਹੇਗਾ ਅਤੇ ਹੋਰ ਜੁਰਮ ਕਰੇਗਾ; ਅਤੇ ਜੇ ਉਹ ਫੜਿਆ ਗਿਆ ਤਾਂ ਪੁਲਿਸ ਦੇ ਹੱਥਕੰਡਿਆਂ ਸਦਕਾ ਉਹ ਅਣਮਨੁੱਖੀ ਬਦਮਾਸ਼ਾਂ ਦੀ ਗੰਦੀ ਦੁਨੀਆਂ ਵਿੱਚ ਚਲਾ ਜਾਵੇਗਾ। ਜੇ ਕੋਈ ਬੇਕਸੂਰ ਪੁਲਿਸ ਦੇ ਚੁੰਗਲ ਵਿੱਚ ਫਸ ਗਿਆ ਤਾਂ ਉਸ ਦੀ ਜਾਨ ਦੀ ਖ਼ੈਰ ਨਹੀਂ ।

ਇਹ ਗੱਲ ਨਹੀਂ ਕਿ ਜੁਰਮ ਨਾ ਕਰਨ ਦੀ ਸਹੁੰ ਚੁੱਕਣ ਤੋਂ ਬਾਅਦ ਜੁਰਮ ਹੋਣੇ ਬੰਦ ਹੋ ਗਏ ਹਨ। ਕਦੇ ਕਦਾਈਂ ਚੋਰੀਆਂ ਹੁੰਦੀਆਂ ਸਨ। ਪਰ ਉਨ੍ਹਾਂ ਦੀ ਤਫ਼ਤੀਸ਼, ਗਰਿਫ਼ਤਾਰੀ, ਸਜ਼ਾ, ਅਤੇ ਹੋਏ ਨੁਕਸਾਨ ਦੀ ਪ੍ਰਤੀਪੂਰਤੀ ਬਿਲਕੁਲ ਵੱਖਰੇ ਤਰੀਕੇ ਨਾਲ ਹੁੰਦੀ ਸੀ। ਵਧੇਰੇ ਕਰਕੇ ਚੋਰੀ ਕਰਨ ਵਾਲਾ ਮਨੁੱਖ-ਇਕ ਭੁੱਲੜ ਬੱਚੇ ਵਾਂਗ ਆਪਣਾ ਕਸੂਰ ਮੰਨ ਲੈਂਦਾ, ਸ਼ਰਮ ਮਹਿਸੂਸ ਕਰਦਾ ਅਤੇ ਆਪਣੀ ਗਲਤੀ ਮੰਨਣ ਤੋਂ ਸੰਕੋਚ ਕਰਦਾ ਪਰ ਮਹਾਰਾਜ ਹਮੇਸ਼ਾਂ ਉਸ ਨੂੰ ਆਪਣਾ ਕਸੂਰ ਮੰਨਣ ਅਤੇ ਅੱਗੇ ਤੋਂ ਇਹ ਭੈੜੀ ਆਦਤ ਛੱਡਣ ਲਈ ਮਨਾ ਲੈਂਦਾ; ਇਹ ਇਕ ਆਦਤ ਹੀ ਸੀ ਜਿਹੜੀ ਉਸ ਨੂੰ ਐਸਾ ਕਰਨ ਤੋਂ ਮਜਬੂਰ ਕਰਦੀ ਸੀ। ਅਕਸਰ, ਔਰਤਾਂ ਮਹਾਰਾਜ ਪਾਸ ਆਇਆ ਕਰਦੀਆਂ, ਅਤੇ ਸ਼ਿਕਾਇਤ ਕਰਿਆ ਕਰਦੀਆਂ, “ਤੁਹਾਡਾ ਇਹ ਚੇਲਾ

ਰਾਤ ਨੂੰ ਆਰਾਮ ਨਾਲ ਸੌਣ ਦੀ ਬਜਾਏ, ਚੋਰੀ ਕਰਨ ਲਈ ਭੱਜ ਜਾਂਦਾ ਹੈ। ਕਿਰਪਾ ਕਰਕੇ ਇਹ ਨੂੰ ਕੋਈ ਮੱਤ ਦਿਓ।"

"ਮਹਾਰਾਜ!" ਪਤੀ ਆਪਣਾ ਪੱਖ ਪੇਸ਼ ਕਰਦਾ, "ਇਸ ਨੂੰ ਪੁੱਛੋ ਜੀ ! ਜੇ ਮੈਂ ਚੋਰੀ ਕਰਨ ਨਹੀਂ ਜਾਂਦਾ ਤਾਂ ਇਹ ਮੈਨੂੰ ਬੁਜ਼ਦਿਲ ਤੇ ਨਪੁੰਸਕ ਨਹੀਂ ਕਹਿੰਦੀ ਏ ?" ਚੋਰੀ ਕਰਨਾ ਉਨ੍ਹਾਂ ਦੀ ਆਦਤ ਬਣ ਗਈ ਸੀ ਜਿਵੇਂ ਤਮਾਕੂ ਦੀ ਜਾਂ ਨਸਵਾਰ ਦੀ ਆਦਤ ਸੀ। ਕੀ ਇਨ੍ਹਾਂ ਭੋਲੇ ਭਾਲੇ ਤੇ ਪਿਆਰ ਵਾਲੇ ਲੋਕਾਂ ਨੂੰ ਤਫ਼ਤੀਸ਼ ਦੇ ਭੱਦੇ ਤਰੀਕਿਆਂ ਨਾਲ ਕੱਟੜ ਮੁਜਰਮ ਬਣਾਉਣਾ ਜ਼ਰੂਰੀ ਸੀ ? ਇਸੇ ਲਈ ਮਹਾਰਾਜ ਨੇ ਲੋਕਾਂ ਨੂੰ ਮਨਾਇਆ ਸੀ ਕਿ ਪੁਲਿਸ ਕੋਲ ਕਦੇ ਰਪਟ ਨਾ ਲਿਖਵਾਇਆ ਕਰਨ। ਇਸ ਦਾ ਇਕ ਹੋਰ ਨਤੀਜਾ ਇਹ ਹੋਇਆ ਸੀ ਕਿ ਦਰਜ ਕੀਤੇ ਜੁਰਮਾਂ ਦੀ ਗਿਣਤੀ ਘੱਟ ਜਾਣ ਕਰਕੇ ਪੁਲਿਸ ਦੇ ਕੁੱਝ ਲੋਕਾਂ ਦੀ ਰਿਸ਼ਵਤ ਵੀ ਬੰਦ ਹੋ ਗਈ ਸੀ। ਇਸ ਨਾਲ ਉਹ ਮਹਾਰਾਜ ਦੇ ਵਿਰੁੱਧ ਦਵੇਸ਼ ਰੱਖਣ ਲੱਗ ਗਏ ਸਨ ਅਤੇ ਜੁਰਮ ਨਾਲ ਨਿਪਟਣ ਲਈ ਉਸ ਵੱਲੋਂ ਬਣਾਏ ਨਿਯਮਾਂ ਦੇ ਖਿਲਾਫ਼ ਹੋ ਗਏ ਸਨ।

ਇਨਸਾਨੀਅਤ ਦੇ ਇਸ ਸੱਚੇ ਪੁਜਾਰੀ ਨੂੰ ਦੁੱਖ ਹੋਇਆ ਕਿ ਲੁਬਾਣੇ ਨੇ ਪੁਲਿਸ ਕੋਲ ਬਾਕਾਇਦਾ ਰਪਟ ਦਰਜ ਕਰਵਾ ਦਿੱਤੀ ਸੀ। ਕਿਉਂਕਿ ਥਾਣੇਦਾਰ ਕਾਂਭਾ ਲਈ ਪਹਿਲੇ ਹੀ ਚਲ ਪਿਆ ਸੀ, ਇਸ ਲਈ ਮਹਾਰਾਜ ਨੇ ਉਸ ਦੇ ਪਿੱਛੇ ਪਿੱਛੇ ਪਿੰਡ ਵਿੱਚ ਜਾਣਾ ਠੀਕ ਨਾ ਸਮਝਿਆ। ਮਹਾਰਾਜ ਕਠਾਣਾਂ ਵਿੱਚ ਹੀ ਬੈਠਾ ਸਾਰਾ ਦਿਨ ਉਡੀਕਦਾ ਰਿਹਾ। ਰਾਤ ਹੁੰਦੇ ਹੀ, ਉਸ ਦੀ ਬੇਚੈਨੀ ਵਧ ਗਈ ਅਤੇ ਉਹ ਨੌ ਵਜੇ ਦੇ ਕਰੀਬ ਕਾਂਭੇ ਵੱਲ ਤੁਰ ਪਿਆ। ਰਸਤੇ ਵਿੱਚ ਉਸ ਨੂੰ ਦੂਜੇ ਪਾਸਿਉਂ ਘੋੜੇ ਤੇ ਚੜ੍ਹਿਆ ਆਉਂਦਾ ਥਾਣੇਦਾਰ ਮਿਲਿਆ।

ਥਾਣੇਦਾਰ ਨੇ ਪੁੱਛਿਆ, " ਕਿਧਰ ਨੂੰ ? ਕਾਂਭੇ ਨੂੰ ਜਾ ਰਹੇ ਹੋ ?"

ਨਮੋਸ਼ੀ ਭਰੀ ਆਵਾਜ਼ ਵਿੱਚ ਮਹਾਰਾਜ ਨੇ ਕਿਹਾ, "ਹਾਂ ਜੀ"

ਆਪਣੇ ਦਿਲ ਦਾ ਗੁਬਾਰ ਕੱਢਣ ਲਈ ਹੱਥ ਆਇਆ ਮੌਕਾ ਨਾ ਗੁਆਉਣ ਦੇ ਵਿਚਾਰ ਨਾਲ ਥਾਣੇਦਾਰ ਨੇ ਕਿਹਾ, " ਜੇ ਆਪ ਇਕ ਮਿੰਟ ਲਈ ਰੁਕ ਸਕੋ ! ਤੁਸੀਂ ਹਮੇਸ਼ਾ ਬੜਈਆਂ ਦੀ ਤਾਰੀਫ਼ ਕਰਦੇ ਰਹਿੰਦੇ ਹੋ, ਠੀਕ ਹੈ ਨਾ ? ਮੇਰਾ ਵਿਸ਼ਵਾਸ਼ ਕਰੋ ਮਹਾਰਾਜ ! ਗੜਵੀ ਸੋਨੇ ਦੀ ਬਣੀ ਹੋਈ ਹੈ ਪਰ ਉਸ ਦੇ ਥੱਲੇ ਵੱਲ ਵੀ ਵੇਖੋ। ਉਹ ਪਿੱਤਲ ਦਾ ਬਣਿਆ ਹੋਇਆ ਹੈ। ਉਹ ਅਸਲੋਂ ਹੀ ਖੋਟ ਹੈ ਮਹਾਰਾਜ : ਸਾਨੂੰ ਤਾਂ ਇਹ ਪਤਾ ਹੈ, ਪਰ ਚੰਗਾ ਹੈ ਕਿ ਤੁਸੀਂ ਵੀ ਆਪਣੇ ਤਜਰਬੇ ਤੋਂ ਹੁਣ ਜਾਣ ਜਾਉਗੇ ।"

ਸੋਨੇ ਦੀ ਗੜਵੀ ਖੋਟ ਭਰਿਆ ਪਿੱਤਲ। ਥਾਣੇਦਾਰ ਦੀ ਟੋਕ ਉਸ ਦਾ ਸੀਨਾ ਸਲ੍ਹ ਗਈ ਸੀ। ਜਿਹੜਾ ਆਦਮੀ ਸਰਕਾਰੀ ਕਰਮਚਾਰੀਆਂ ਨੂੰ ਕਦੇ ਵੀ ਠੀਕ ਸਬਕ ਸਿਖਾਉਣ ਤੋਂ ਨਹੀਂ ਸੀ ਡਰਦਾ ਇਸ ਵੇਲੇ ਨਿਰੁੱਤਰ ਹੋ ਗਿਆ। ਥਾਣੇਦਾਰ ਨੂੰ ਜਵਾਬ ਦਿੱਤੇ ਬਿਨਾਂ, ਉਹ ਅੱਗੇ ਤੁਰਦਾ ਗਿਆ ਅਤੇ ਕਾਂਭਾ ਪਹੁੰਚ ਕੇ ਉਸ ਨੇ ਧਰਮਸ਼ਾਲਾ ਵਿੱਚ ਡੇਰਾ ਲਾ ਲਿਆ। ਉਸ ਦੇ ਆਉਣ ਦੀ ਖਬਰ ਪਿੰਡ ਵਿੱਚ ਫੈਲ ਗਈ। ਕੁਝ ਲੋਕ ਉਸ ਨੂੰ ਨਮਸਕਾਰ ਕਰਨ ਲਈ ਆਏ। ਆਪਣੇ ਆਮ ਤਰੀਕੇ ਅਨੁਸਾਰ ਉਸ ਨੇ ਚੁੱਪ ਸਾਧੀ ਰੱਖੀ। ਉਹ ਆਉਣ ਵਾਲਿਆਂ ਦੀਆਂ ਗੱਲਾਂ ਧਿਆਨ ਨਾਲ ਸੁਣਦਾ ਰਿਹਾ ਪਰ ਉਸ ਨੂੰ ਗੱਲ ਦੀ ਸਮਝ ਨਾ ਆਈ। ਅਖੀਰ ਇਕ ਬੰਦਾ ਉਸ ਦੀ ਚੁੱਪ ਨਾ ਸਹਾਰ ਸਕਿਆ ਅਤੇ ਬੋਲ ਉੱਠਿਆ, "ਪਿਆਰੇ ਮਹਾਰਾਜ ਜੀ; ਤੁਹਾਨੂੰ ਰੱਬ ਦੀ ਸਹੁੰ। ਕਿਉਂ ਇੰਨਾ ਕਸ਼ਟ ਸਹਾਰ ਰਹੇ ਹੋ? ਤੁਹਾਡਾ ਚੋਰ ਗੋਕਲੀਆ ਹੈ ।"

"ਉਹ ਕਿੱਥੇ ਰਹਿੰਦਾ ਹੈ?" ਮਹਾਰਾਜ ਨੇ ਆਪਣੇ ਚਰਖੇ ਤੋਂ ਨਜ਼ਰ ਚੁੱਕ ਕੇ ਉਸ ਵੱਲ ਵੇਖਿਆ ਅਤੇ ਪੁੱਛਿਆ।

"ਉਹ ਖੇਤਾਂ ਵਿੱਚ ਰਹਿੰਦਾ ਹੈ ।"

"ਠੀਕ ਹੈ ।"

ਅਗਲੇ ਦਿਨ ਉਹ ਇਕੱਲਿਆਂ ਗੋਕਲ ਦੇ ਖੇਤਾਂ ਵਿੱਚ ਗਿਆ।

"ਆਓ ਬਾਪੂ। ਆਓ। ਮੈਂ ਕਿੰਨਾ ਖੁਸ਼ਕਿਸਮਤ ਹਾਂ ਕਿ ਤੁਸਾਂ ਚਰਨ ਪਾਏ ਹਨ" ਗੋਕਲ ਨੇ ਮੰਜੀ ਉੱਤੇ ਮਹਾਰਾਜ ਦੇ ਬੈਠਣ ਲਈ ਤਲਾਈ ਵਿਛਾਉਂਦੇ ਹੋਏ ਕਿਹਾ। ਤਦ, ਕੁਝ ਚਿਰ ਲਈ ਖਾਮੋਸ਼ੀ ਰਹੀ। ਕੁਝ ਮਿੰਟਾ ਦੀ ਚੁੱਪ ਮਗਰੋਂ ਕਿਸਾਨ ਨੇ ਹੀ ਉਸ ਨੂੰ ਤੋੜਿਆ।

"ਮਹਾਰਾਜ! ਹੁਣ ਤੁਹਾਨੂੰ ਯਕੀਨ ਹੋ ਗਿਆ ਹੈ ਨਾ ? ਤੁਸੀਂ ਸਾਡੀ ਬਹੁਤ ਮਦਦ ਕੀਤੀ; ਪ੍ਰਸ਼ਾਸਨ ਵੱਲੋਂ ਕੀਤੇ ਜਾਂਦੇ ਧੱਕੇ ਤੋਂ ਤੁਸੀਂ ਸਾਨੂੰ ਬਚਾਇਆ; ਤੁਸੀਂ ਸਾਨੂੰ ਚੰਗੇ ਜੀਵਨ ਦੀ ਸਿੱਖਿਆ ਦਿੱਤੀ; ਫਿਰ ਵੀ ਅਸੀਂ ਅਖੀਰ ਵਿੱਚ ਤੁਹਾਨੂੰ ਧੋਖਾ ਦਿੱਤਾ। ਅਸੀਂ ਮਾੜੇ ਤੇ ਨਾਸ਼ੁਕਰੇ ਜੋ ਹੋਏ, ਮਹਾਰਾਜ !"

ਮਹਾਰਾਜ ਚੁੱਪ ਰਿਹਾ। ਉਸ ਨੂੰ ਗੋਕਲ ਤੋਂ ਹੋਰ ਕੁਝ ਪਤਾ ਨਹੀਂ ਸੀ ਲੱਗ ਸਕਦਾ।

"ਅੱਛਾ! ਮੈਂ ਹੁਣ ਚਲਦਾ ਹਾਂ" ਮਹਾਰਾਜ ਉੱਠ ਖੜੋਤਾ ਤੇ ਜਾਣ ਲਈ ਤਿਆਰ ਹੋ ਗਿਆ।

ਮਹਾਰਾਜ ਨੂੰ ਖੇਤ ਤੋਂ ਬਾਹਰ ਲਿਜਾਂਦੇ ਹੋਏ ਗੋਕਲ ਨੇ ਪੁੱਛਿਆ; ਹੁਣ ਕਿੱਥੇ ਜਾਣ ਦੀ ਸੋਚ ਰਹੇ ਹੋ?" ਉਸ ਦੇ ਬੁੱਲ੍ਹ ਆਪਣੇ ਜੁਰਮ ਦਾ ਸਪਾਟ ਇਕਬਾਲ ਕਰਨ ਦੀ ਉਸ ਦੀ ਇੱਛਾ ਨੂੰ ਰੋਕਣ ਲਈ ਕੰਬ ਰਹੇ ਸਨ।

"ਮੈਂ ਹੁਣ ਪਿੰਡ ਵਾਪਸ ਜਾਵਾਂਗਾ ।"

"ਬਹੁਤ ਅੱਛਾ ਬਾਪੂ ਜੀ; ਫਿਰ ਵੀ ਜ਼ਰੂਰ ਦਰਸ਼ਨ ਦੇਣਾ ।"

ਬਾਹਰ ਪਹੁੰਚ ਕੇ ਗੋਕਲ ਨੇ ਉਸ ਨੂੰ ਵਿਦਾ ਕੀਤਾ ਅਤੇ ਆਪਣੇ ਕੰਮ ਤੇ ਮੁੜ ਗਿਆ। ਮਹਾਰਾਜ ਲਗਭਗ ਇਸ ਯਕੀਨ ਨਾਲ ਪਿੰਡ ਪਰਤਿਆ ਕਿ ਗੋਕਲ ਬੇਕਸੂਰ ਹੈ। ਉਸ ਨੇ ਸੋਚਿਆ ਗੋਕਲ ਤੇ ਝੂਠਾ ਇਲਜ਼ਾਮ ਲਾਇਆ ਗਿਆ ਹੈ; ਉਹ

ਇੰਨਾ ਸਿੱਧੜ ਜਿਹਾ ਕਿਸਾਨ ਹੈ; ਚੋਰ ਨਹੀਂ ਹੋ ਸਕਦਾ; ਇਸ ਤਰ੍ਹਾਂ ਉਹ ਆਪਣੇ ਆਪ ਨਾਲ ਬਹਿਸ ਕਰਦਾ ਰਿਹਾ।

ਧਰਮਸ਼ਾਲਾ ਪਹੁੰਚ ਕੇ ਮਹਾਰਾਜ ਨੇ ਚੁੱਪ-ਚਾਪ ਕੱਤਣਾ ਫਿਰ ਸ਼ੁਰੂ ਕਰ ਦਿੱਤਾ। ਲੋਕ ਇਕੱਠੇ ਹੁੰਦੇ ਗਏ ਅਤੇ ਕਾਨਾਫੂਸੀ ਹੋਣ ਲੱਗੀ। ਫਿਰ ਵੀ ਮਹਾਰਾਜ ਨੇ ਕਿਸੇ ਤੋਂ ਕੋਈ ਪੁੱਛ-ਗਿੱਛ ਨਾ ਕੀਤੀ; ਨਾ ਹੀ ਉਨ੍ਹਾਂ ਨੂੰ ਆਪਣਾ ਦੁਖ ਦੱਸਿਆ। ਜੋ ਕੁਝ ਉਹ ਕਹਿੰਦੇ ਉਹ ਸੁਣਦਾ ਗਿਆ। ਇਤਨੇ ਨੂੰ ਦੁਪਹਿਰ ਦੇ ਖਾਣੇ ਦਾ ਵਕਤ ਹੋ ਗਿਆ।

ਪਿੰਡ ਵਾਲਿਆਂ ਕਿਹਾ, “ਮਹਾਰਾਜ ਖਾਣਾ ਤਿਆਰ ਕਰੋ ਤੇ ਛਕੋ ।”

ਬ੍ਰਾਹਮਣ ਨੇ ਕਦੇ ਵੀ ਪਾਪਾਂ ਦੇ ਪ੍ਰਾਸਚਿਤ ਲਈ ਵਰਤ ਨੂੰ ਠੀਕ ਨਹੀਂ ਸੀ ਸਮਝਿਆ। ਨਾ ਹੀ ਆਪਣਾ ਨਿਸ਼ਾਨਾ ਪੂਰਾ ਕਰਨ ਲਈ ਅੰਨ-ਤਿਆਗ ਨੂੰ ਸਾਧਨ ਬਣਾਉਣ ਦੇ ਹੱਕ ਵਿੱਚ ਸੀ। ਪਰ ਉਸ ਦੇ ਅੰਦਰ ਇਕ ਅਜੀਬ ਜਿਹੀ ਨਿਰਾਸਤਾ ਸੀ; ਉਹ ਕਿਵੇਂ ਖਾ ਸਕਦਾ ਸੀ। ਛੇਤੀ ਹੀ ਪੁਲਿਸ ਆ ਕੇ ਜੁਰਮ ਦਾ ਪਤਾ ਲਾਉਣ ਲਈ ਲੋਕਾਂ ਨੂੰ ਕੁੱਟਣਾ ਸ਼ੁਰੂ ਕਰ ਦੇਵੇਗੀ।

ਪ੍ਰਮਾਤਮਾ ! ਉਹ ਜਿਵੇਂ ਉੱਥੋਂ ਨੱਸ ਜਾਣਾ ਚਾਹੁੰਦਾ ਸੀ।

"ਮੈਂ ਨਹੀਂ ਖਾਵਾਂਗਾ” ਇਕ ਡੂੰਘੇ ਦੁਖ ਵਿੱਚ ਉਸ ਦੀ ਆਤਮਾ ਕੁਰਲਾ ਉੱਠੀ।

“ਪਰ ਤੁਸੀਂ ਕਿਉਂ ਨਹੀਂ ਖਾਉਗੇ?”

"ਮੈਂ ਖਾ ਵੀ ਕਿਵੇਂ ਸਕਾਂਗਾ ।" ਉਹ ਹੋਰ ਕੁਝ ਨਾ ਸਮਝਾ ਸਕਿਆ।

ਦਾਅ ਜੀ, ਜੋ ਇਕ ਮੁਸਲਮਾਨ ਕਿਸਾਨ ਸੀ, ਉੱਠ ਖਲੋਤਾ ਅਤੇ ਜੋਸ਼ ਵਿੱਚ ਪਿੰਡ ਵਾਲਿਆਂ ਨੂੰ ਕਹਿਣ ਲੱਗਾ, “ਸਾਰੇ ਮੇਰੀ ਗੱਲ ਸੁਣ ਲਵੋ। ਸਾਡਾ ਇਹ ਬਾਪੂ ਹੈ ਜੋ ਸਾਡੇ ਪਿੰਡ ਵਿੱਚ ਆਇਆ ਹੋਇਆ ਹੈ ਅਤੇ ਇਹ ਖਾਣ ਤੋਂ ਇਨਕਾਰ ਕਰਦਾ ਹੈ।

ਧਰਮਸ਼ਾਲਾ ਨੂੰ ਬਾਹਰੋਂ/ਜਿੰਦਰਾ ਲਾ ਦੇਉ| ਸਾਡੇ ਵਿੱਚੋਂ ਕੋਈ ਵੀ ਖਾਣਾ ਨਹੀਂ ਖਾਵੇਗਾ।"

“ਨਹੀਂ ਸੱਜਣੋ! ਬਿਲਕੁਲ ਨਹੀਂ" ਬ੍ਰਾਹਮਣ ਨੇ ਆਪਣੀ ਸਫਾਈ ਵਿੱਚ ਕਿਹਾ, "ਮੈਂ ਇਸ ਕਰਕੇ ਨਹੀਂ ਖਾਦਾ ਕਿਉਂਕਿ ਮੇਰੀ ਜ਼ਮੀਰ ਮੈਨੂੰ ਨਾ ਖਾਣ ਲਈ ਕਹਿੰਦੀ ਹੈ। ਤੁਹਾਡਾ ਫ਼ਰਜ਼ ਮੇਰੇ ਨਾਲੋਂ ਵੱਖਰੀ ਕਿਸਮ ਦਾ ਹੈ। ਤੁਹਾਨੂੰ ਆਪਣਾ ਨਿਤਾਪ੍ਰਤੀ ਦਾ ਕੰਮ ਜਾਰੀ ਰੱਖਣਾ ਚਾਹੀਦਾ ਹੈ ਅਤੇ ਖਾਣਾ ਵੀ ਖਾਣਾ ਚਾਹੀਦਾ ਹੈ।"

ਭਾਵੇਂ ਉਸ ਨੇ ਉਨ੍ਹਾਂ ਨੂੰ ਰੋਟੀ ਖਾਣ ਲਈ ਤੋਰ ਦਿੱਤਾ ਫਿਰ ਵੀ ਉਹ ਸਾਰਾ ਦਿਨ ਆਉਂਦੇ ਜਾਂਦੇ ਰਹੇ। ਕੇਵਲ ਚੋਰ ਹੀ ਸੀ ਜੋ ਸਾਹਮਣੇ ਨਹੀਂ ਸੀ ਆਇਆ। ਜਦੋਂ ਹਨੇਰਾ ਪੈਣ ਲੱਗਾ ਉਹ ਨਿਰਨੇ ਕਾਲਜੇ ਹੀ ਉਸ ਕੱਲਮ-ਕੱਲੀ ਧਰਮਸ਼ਾਲਾ ਵਿੱਚ ਪੈ ਗਿਆ। ਉਹ ਬਿਲਕੁਲ ਇਕੱਲਾ ਸੀ।

ਅੱਧੀ ਰਾਤ ਉਸ ਨੂੰ ਲੱਗਿਆ ਜਿਵੇਂ ਕੋਈ ਉਸ ਦੇ ਪੈਰਾਂ ਨੂੰ ਛੂਹ ਰਿਹਾ ਹੋਵੇ। ਉਹ ਉੱਠ ਕੇ ਬੈਠ ਗਿਆ ਅਤੇ ਇੱਧਰ ਉੱਧਰ ਵੇਖਣ ਲੱਗ ਪਿਆ। ਹਨ੍ਹੇਰੇ ਵਿੱਚ ਉਸ ਨੂੰ ਆਪਣੇ ਵੱਲ ਪਿੱਠ ਕੀਤੀ ਖੜ੍ਹੇ ਇਕ ਮਨੁੱਖੀ ਆਕਾਰ ਦਾ ਝਾਉਲਾ ਪਿਆ। ਉਸ ਆਦਮੀ ਨੇ ਕੋਈ ਗੱਲ ਨਾ ਕੀਤੀ। ਜਦੋਂ ਮਹਾਰਾਜ ਉਠ ਖਲੋਤਾ ਤਾਂ ਉਸ ਆਕਾਰ ਨੇ ਚੱਲਣਾ ਸ਼ੁਰੂ ਕਰ ਦਿੱਤਾ। ਉਹ ਨੱਸੀ ਜਾਂਦਾ ਸੀ ਪਰ ਇਉਂ ਜਾਪਦਾ ਸੀ ਜਿਵੇਂ ਉਹ ਚਾਹੁੰਦਾ ਹੋਵੇ ਕਿ ਮਹਾਰਾਜ ਉਸ ਦਾ ਪਿੱਛਾ ਕਰੇ। ਮਹਾਰਾਜ ਉਸ ਦੇ ਪਿੱਛੇ ਚਲਦਾ ਗਿਆ। ਉਹ ਰਾਤ ਦੇ ਹਨੇਰੇ ਵਿੱਚ ਚਲਦੇ ਗਏ ਅਤੇ ਪਿੰਡ ਪਿੱਛੇ ਛੱਡ ਗਏ ਸਨ। ਉਹ ਇਕ ਪਥਰੀਲੇ ਤੇ ਉੱਚੇ ਨੀਵੇਂ ਖੇਤ ਵਿੱਚ ਪਹੁੰਚ ਗਏ। ਇੱਥੋਂ ਉਸ ਆਦਮੀ ਨੇ ਅਚਾਨਕ ਦੌੜਨਾ ਸ਼ੁਰੂ ਕਰ ਦਿੱਤਾ ਅਤੇ ਛੇਤੀ ਹੀ ਹਨੇਰੇ ਵਿੱਚ ਗੁੰਮ ਹੋ ਗਿਆ। ਪਰ ਤਾਂ ਵੀ ਉਸ ਦੀ ਆਵਾਜ਼, ਸਾਫ ਤੇ ਉੱਚੀ, ਮਹਾਰਾਜ ਨੂੰ ਸੁਣਾਈ ਦੇਂਦੀ ਰਹੀ।

"ਇੱਧਰ, ਇੱਧਰ।”

ਇਹ ਕੀ ਸੀ ? ਕੀ ਇਹ ਚੋਰੀ ਦਾ ਮਾਲ ਸੀ ? ਇਸ ਉਜਾੜ ਵਿੱਚ, ਐਡੇ ਹਨ੍ਹੇਰੇ ਵਿੱਚ ਇਹ ਇੱਥੇ ਮਿਲ ਸਕਦਾ ਸੀ ? ਕਿਹੜੇ ਪਾਸਿਓਂ ਆਵਾਜ਼ ਆ ਰਹੀ ਸੀ। ਹਨ੍ਹੇਰੀ ਰਾਤ ਵਿੱਚ ਪਥਰੀਲੇ ਖੇਤਾਂ ਤੇ, ਕੰਡਿਆਲੀਆਂ ਝਾੜੀਆਂ ਵਿੱਚ ਮਹਾਰਾਜ ਨੰਗੇ ਪੈਰੀਂ ਤੁਰ ਰਿਹਾ ਸੀ। ਮਹਾਰਾਜ ਹਨੇਰੇ ਵਿੱਚ ਰਾਹ ਟਟੋਲ ਟਟੋਲ ਕੇ ਚੱਲ ਰਿਹਾ ਸੀ। ਉਸ ਦੇ ਪੈਰ ਹਰ ਕਦਮ ਤੇ ਕੰਡਿਆਂ ਨਾਲ ਪੁੱਛੇ ਜਾ ਰਹੇ ਸਨ। ਉਹ ਆਵਾਜ਼ ਦੀ ਸੇਧ ਤੇ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਅਸਲ ਵਿੱਚ ਉਹ ਉਲਟੇ ਪਾਸੇ ਜਾ ਰਿਹਾ ਸੀ। ਜਿਹੜਾ ਆਦਮੀ ਮਹਾਰਾਜ ਨੂੰ ਧਰਮਸ਼ਾਲਾ ਤੋਂ ਰਾਹ ਵਿਖਾਉਂਦਾ ਲਿਆਇਆ ਸੀ ਉਹ ਹਨ੍ਹੇਰੇ ਵਿੱਚ ਅਲੋਪ ਹੋ ਚੁੱਕਿਆ ਸੀ, ਪਰ ਉਹ ਵੇਖ ਰਿਹਾ ਸੀ ਕਿ ਮਹਾਰਾਜ ਗਲਤ ਪਾਸੇ ਵੱਲ ਜਾ ਰਿਹਾ ਹੈ।

ਛੇਤੀ ਹੀ ਮਹਾਰਾਜ ਨੂੰ ਦੂਰੋਂ ਇਕ ਧੁੰਦਲਾ ਆਕਾਰ ਨਜ਼ਰ ਆਇਆ। ਇਸ ਨੇ ਆਪਣਾ ਸਿਰ ਲੁਕੋਇਆ ਹੋਇਆ ਸੀ ਜਿਵੇਂ ਇਸਤਰੀਆਂ ਸਾੜੀ ਨਾਲ ਘੁੰਡ ਕਢਦੀਆਂ ਹਨ। ਉਹ ਆਪਣੇ ਆਪ ਨੂੰ ਇਸਤਰੀ ਜ਼ਾਹਰ ਕਰਨਾ ਚਾਹੁੰਦਾ ਸੀ ਪਰ ਉਸ ਦੀ ਆਵਾਜ਼ ਨੇ ਕੋਈ ਭਰਮ ਨਾ ਰਹਿਣ ਦਿੱਤਾ।

ਆਵਾਜ਼ ਨੇ ਕਿਹਾ, "ਤੁਸੀਂ ਐਵੇਂ ਹੀ ਇੱਥੇ ਟੱਕਰਾਂ ਮਾਰ ਰਹੇ ਹੋ। ਐਸ ਪਾਸੇ ਆਓ।" .

ਇਹ ਪਾਸਾ ਕਿਧਰ ਸੀ, ਮਹਾਰਾਜ ਨੂੰ ਬਿਲਕੁਲ ਪਤਾ ਨਹੀਂ ਲਗ ਰਿਹਾ ਸੀ। ਉਸ ਦੀ ਦਿਸ਼ਾ ਸੂਝ ਖ਼ਤਮ ਹੋ ਗਈ ਸੀ। ਐਨ ਇਸ ਵੇਲੇ ਉਸ ਨੇ ਦੋ ਟੀਨਾਂ ਦੇ ਖੜਕਣ ਦੀ ਆਵਾਜ਼ ਸੁਣੀ। ਕਿੰਨੀ ਤੱਕੜੀ ਆਵਾਜ਼ ਸੀ। ਉਹ ਟੀਨਾਂ ਦੀ ਆਵਾਜ਼ ਵੱਲ ਨੂੰ ਹੋ ਤੁਰਿਆ। ਛੇਤੀ ਹੀ ਉਸ ਨੂੰ ਟੀਨ ਲੱਭ ਪਏ। ਇਸਤਰੀ ਦੇ ਭੇਸ ਵਾਲਾ ਆਦਮੀ ਅਲੋਪ ਹੋ ਗਿਆ ਸੀ।

ਦੋ ਟੀਨ ਪੂਰੇ ਵਜ਼ਨ ਦੇ ਮਹਾਰਾਜ ਦੇ ਸਾਹਮਣੇ ਪਏ ਸਨ। ਬ੍ਰਾਹਮਣ, ਜਿਸ ਨੇ ਦਿਨੇ ਰੋਟੀ ਨਹੀਂ ਸੀ ਖਾਧੀ ਨੇ ਇਕ ਟੀਨ ਮੋਢਿਆਂ ਤੇ ਅਤੇ ਦੂਜਾ ਸੱਜੇ ਹੱਥ ਵਿੱਚ

ਚੁੱਕ ਲਿਆ। ਹਨ੍ਹੇਰੇ ਵਿੱਚ ਰਾਹ ਟਟੋਲਦਾ, ਕੰਡਿਆਲੀਆਂ ਝਾੜੀਆਂ ਅਤੇ ਉੱਚੇ ਨੀਵੇਂ ਖੇਤਾਂ ਵਿੱਚੋਂ ਦੀ ਲੰਘਦਾ ਹੋਇਆ ਉਹ ਪਿੰਡ ਪਹੁੰਚਿਆ ਅਤੇ ਲੁਬਾਣੇ ਦੇ ਘਰ ਗਿਆ, ਜਿਸ ਦੀ ਚੋਰੀ ਹੋਈ ਸੀ। ਮਹਾਰਾਜ ਨੇ ਉਸ ਨੂੰ ਪੁੱਛਿਆ, "ਕੀ ਇਹੀ ਤੇਰੇ ਟੀਨ ਹਨ?"

ਲੁਬਾਣੇ ਨੇ ਟੀਨਾਂ ਅਤੇ ਉਨ੍ਹਾਂ ਵਿੱਚ ਪਏ ਮਾਲ ਨੂੰ ਨਿਰਖਿਆ ਅਤੇ ਕਿਹਾ, "ਇਨ੍ਹਾਂ ` ਵਿੱਚੋਂ ਇਕ ਮੇਰਾ ਹੈ, ਦੂਜਾ ਕਿਸੇ ਹੋਰ ਦਾ ਹੈ, ਇਸ ਵਿੱਚ ਘਿਉ ਦੀ ਥਾਂ ਤੇਲ ਭਰਿਆ ਹੈ।"

ਮਹਾਰਾਜ ਧਰਮਸ਼ਾਲਾ ਵਾਪਸ ਆ ਗਿਆ ਅਤੇ ਸੌਂ ਗਿਆ। ਸਵੇਰ ਵੇਲੇ ਖ਼ਬਰ ਸੁਣਦਿਆਂ ਹੀ ਪਿੰਡ ਵਾਲੇ ਧਰਮਸ਼ਾਲਾ ਵਿੱਚ ਇਕੱਠੇ ਹੋ ਗਏ।

ਉਨ੍ਹਾਂ ਨੇ ਖੁਸ਼ੀ ਵਿੱਚ ਇਕ ਦੂਜੇ ਨੂੰ ਦੱਸਿਆ, "ਟੀਨ ਲੱਭ ਪਏ ਹਨ। ਹੁਣ ਮਹਾਰਾਜ ਖਾਣਾ ਖਾਣਗੇ ।"

"ਇਹ ਠੀਕ ਹੈ ਕਿ ਟੀਨ ਲੱਭ ਪਏ ਹਨ," ਮਹਾਰਾਜ ਨੇ ਕਿਹਾ, "ਪਰ ਜਿਹੇ ਲੱਭੇ ਜਿਹੇ ਨਾ ਲੱਭੇ। ਚੋਰ ਨੇ ਆਪਣੀ ਚੋਰੀ ਨੂੰ ਵਧਾ ਲਿਆ ਹੈ ।"

ਪਿੰਡ ਵਾਲਿਆਂ ਦੇ ਮੂੰਹ ਹੈਰਾਨੀ ਵਿੱਚ ਖੁੱਲ੍ਹੇ ਰਹਿ ਗਏ। ਚੋਰ ਨੇ ਨਕਲੀ ਮਾਲ ਦੇ ਕੇ ਧੋਖਾ ਕੀਤਾ ਸੀ ਅਤੇ ਆਪ ਸਾਹਮਣੇ ਵੀ ਨਹੀਂ ਸੀ ਆਇਆ। ਮਹਾਰਾਜ ਨੇ ਦੂਜੇ ਦਿਨ ਵੀ ਆਪਣਾ ਵਰਤ ਜਾਰੀ ਰੱਖਿਆ ਜਦ ਕਿ ਲੋਕ ਬੇਵੱਸ ਹੋਏ ਉਸ ਦੇ ਦੁਆਲੇ ਬੈਠੇ ਰਹੇ। ਸ਼ਾਮ ਵੇਲੇ ਇਕ ਮੁੰਡਾ ਆਇਆ ਅਤੇ ਮਹਾਰਾਜ ਨੂੰ ਕਹਿਣ ਲੱਗਾ, "ਮੇਰਾ ਬਾਪੂ ਆਪ ਨੂੰ ਸਾਡੇ ਘਰ ਆਉਣ ਦੀ ਬੇਨਤੀ ਕਰਦਾ ਹੈ ।"

ਮਹਾਰਾਜ ਖੜ੍ਹਾ ਹੋ ਗਿਆ ਅਤੇ ਤੁਰਨ ਲੱਗ ਪਿਆ। ਇਹ ਵੇਖ ਕੇ ਉਸ ਦੇ ਮਗਰ ਸਾਰੇ ਲੋਕ ਵੀ ਆ ਰਹੇ ਸਨ ਉਹ ਰੁਕ ਗਿਆ।

"ਜੇ ਤੁਸਾਂ ਸਾਰਿਆਂ ਨੇ ਜਾਣਾ ਹੈ ਤਾਂ ਮੈਂ ਨਹੀਂ ਜਾਂਦਾ," ਉਸ ਨੇ ਕਿਹਾ, "ਤੁਸੀਂ ਉੱਥੇ ਕੀ ਕਰੋਗੇ, ਮੈਨੂੰ ਇਕੱਲਿਆਂ ਹੀ ਜਾਣ ਦਿਉ।"

ਇਸ ਤੋਂ ਪਹਿਲਾਂ ਕਿ ਭੀੜ ਮਹਾਰਾਜ ਦੇ ਹੁਕਮ ਬਾਰੇ ਕੋਈ ਪ੍ਰਤੀਕਿਰਿਆ ਕਰਦੀ, ਗਲੀ ਦੇ ਦੂਜੇ ਪਾਸੇ ਆਪਣੇ ਘਰ ਦੇ ਬਾਹਰ ਖੜ੍ਹੇ ਗੋਕਲ ਨੇ ਕਿਹਾ, "ਮਹਾਰਾਜ ਜੀ ! ਇਨ੍ਹਾਂ ਸਾਰਿਆਂ ਨੂੰ ਆਉਣ ਦਿਉ। ਮੈਨੂੰ ਕੋਈ ਇਤਰਾਜ਼ ਨਹੀਂ ।"

ਆਪਣੇ ਬਰਾਂਡੇ ਵਿੱਚ ਉਸ ਨੇ ਮਹਾਰਾਜ ਨੂੰ ਬਿਠਾਇਆ, ਅਤੇ ਬੜੀ ਅਣਭੋਲਤਾ -ਨਾਲ ਬੋਲਿਆ, "ਮਹਾਰਾਜ ! ਆਪਦੇ ਇਸ ਸ਼ਰਧਾਲੂ ਕੋਲੋਂ ਭੁੱਲ ਹੋਈ ਹੈ।"

ਗੋਕਲ ਦੇ ਇਨ੍ਹਾਂ ਸਾਧਾਰਨ ਲਫ਼ਜ਼ਾਂ ਨੇ ਮਹਾਰਾਜ ਨੂੰ ਇਕ ਪਲ ਵਾਸਤੇ ਤਾਂ ਖਾਮੋਸ਼ - ਕਰ ਦਿੱਤਾ। ਗੋਕਲ ਦੇ ਮਨ ਵਿੱਚ ਜੋ ਵੀ ਹਲਚਲ ਸੀ ਇਨ੍ਹਾਂ ਸ਼ਬਦਾਂ ਨਾਲ ਲੁਕ ਗਈ।

"ਨਹੀਂ ਗੋਕਲ ਇਹ ਕੰਮ ਤੂੰ ਨਹੀਂ ਕਰ ਸਕਦਾ ।"

"ਮਹਾਰਾਜ! ਮੇਰੇ ਤੇ ਯਕੀਨ ਕਰੋ। ਇਹ ਗੱਲ ਹੋ ਹੀ ਗਈ ਹੈ, ਆਪ ਇਸ ਨੂੰ ਭੁੱਲ ਜਾਓ ।" ਉਹ ਇਕ ਬੱਚੇ ਵਾਂਗ ਬੋਲਿਆ।

"ਅਤੇ ਹੁਣ ਤੂੰ ਉਸ ਚੋਰੀ ਦਾ ਇਕਬਾਲ ਕਿਉਂ ਕਰ ਰਿਹਾ ਹੈ?"

"ਮੈਨੂੰ ਪਤਾ ਸੀ ਪਤਾ ਕਿ ਆਪ ਇਸ ਹੱਦ ਤੱਕ ਚਲੇ ਜਾਉਗੇ ।"

ਮਹਾਰਾਜ ਨੂੰ ਆਪਣਾ ਹਾਸਾ ਰੋਕਣ ਅਤੇ ਉਸ ਸਿੱਧਰੇ ਜਿਹੇ ਗੋਕਲ ਵਾਸਤੇ ਆਪਣੇ ਪਿਆਰ ਤੇ ਕਾਬੂ ਪਾਉਣ ਲਈ ਕਾਫ਼ੀ ਕੋਸ਼ਿਸ਼ ਕਰਨੀ ਪਈ।

"ਲੁਬਾਣਾ ਕਹਿੰਦਾ ਹੈ ਕਿ ਉਨ੍ਹਾਂ ਵਿੱਚੋਂ ਕੇਵਲ ਇਕ ਟੀਨ ਉਸ ਦਾ ਹੈ" ਮਹਾਰਾਜ ਨੇ ਸਫ਼ਾਈ ਮੰਗੀ।

ਗੋਕਲ ਨੇ ਕਿਹਾ, “ਲੁਬਾਣਾ ਠੀਕ ਕਹਿੰਦਾ ਹੈ"

"ਫਿਰ ਤੂੰ ਮੇਰੇ ਤੋਂ ਇੰਨੀ ਵਾਟ ਉਹ ਦੋਵੇਂ ਟੀਨ ਕਿਉਂ ਚੁਕਵਾਏ?”

"ਮੇਰੇ ਪਾਸ ਹੋਰ ਕੋਈ ਚਾਰਾ ਨਹੀਂ ਸੀ ।”

“ਇਸਦਾ ਕੀ ਮਤਲਬ?”

“ਥਾਣੇਦਾਰ ਕੱਲ੍ਹ ਇੱਥੇ ਆਇਆ ਸੀ। ਉਸ ਨੂੰ ਕਿਸੇ ਤਰ੍ਹਾਂ ਸੂਹ ਲੱਗ ਗਈ ਸੀ, ਕਿ ਚੋਰੀ ਮੈਂ ਕੀਤੀ ਹੈ। ਉਸ ਨੇ ਮੈਨੂੰ ਬੈਂਤਾਂ ਨਾਲ ਕੁੱਟਿਆ ਅਤੇ ਰਿਸ਼ਵਤ ਵਿੱਚ 40 ਰੁਪਏ ਮੰਗੇ। ਮੈਂ ਕੀ ਕਰਦਾ? ਮੈਂ ਰਸ ਪਿੰਡ ਵਿੱਚ ਗਿਆ ਅਤੇ ਇਕ ਟੀਨ 30 ਰੁਪਏ ਦਾ ਵੇਚਿਆ। ਤਦ ਦਸ ਰੁਪਏ ਮੈਂ ਉਧਾਰ ਫੜੇ ਤਾਂ ਜੋ ਥਾਣੇਦਾਰ ਦੇ ਮੰਗੇ ਚਾਲੀ ਪੂਰੇ ਹੋ ਜਾਣ। ਦਸ ਰੁਪਏ ਦਾ ਇਹ ਕਰਜ਼ਾ ਉਤਾਰਨ ਲਈ ਮੈਂ ਇਹ ਦੂਜਾ ਟੀਨ ਵੀ ਵੇਚਣ ਵਾਲਾ ਸੀ ਕਿ ਆਪ ਨੇ ਆ ਕੇ ਗੜਬੜ ਕਰ ਦਿੱਤੀ। ਆਪਣੇ ਇਸ ਨੁਕਸਾਨ ਤੋਂ ਇਲਾਵਾ ਮੈਨੂੰ ਆਪਣੇ ਘਰੋਂ ਪੰਜ ਸੇਰ ਘਿਉ ਵੇਚਣਾ ਪਿਆ ਤਾਂ ਜੋ ਤੇਲ ਲੈ ਕੇ ਖਾਲੀ ਟੀਨ ਨੂੰ ਭਰਿਆ ਜਾ ਸਕੇ ।” ਵਾਰਤਾ ਦੇ ਦੌਰਾਨ ਗੋਕਲ ਦੇ ਬੁੱਲ੍ਹਾਂ ਉੱਤੇ ਨਿੰਮ੍ਹੀ ਜਿਹੀ ਹਾਸੀ ਖੇਲਦੀ ਰਹੀ। ਉਹ ਕਿਸੇ ਪਾਪ ਜਾਂ ਜੁਰਮ ਦਾ ਇਕਬਾਲ ਨਹੀਂ ਸੀ ਕਰ ਰਿਹਾ। ਸਗੋਂ ਆਪਣਾ ਇਕ ਅਨੁਭਵ ਬਿਆਨ ਕਰ ਰਿਹਾ ਸੀ। ਜੋ ਕੁਝ ਉਸ ਨੇ ਕੀਤਾ ਸੀ ਉਸ ਤੇ ਉਸ ਨੂੰ ਕੋਈ ਹੈਰਾਨੀ ਨਹੀਂ ਸੀ। ਉਸ ਨੇ ਚੋਰੀ ਬਾਰੇ ਦੱਸਿਆ ਸੀ, ਥਾਣੇਦਾਰ ਦੀ ਮਕਾਰੀ ਦੱਸੀ ਸੀ ਅਤੇ ਇਹ ਵੀ ਦੱਸਿਆ ਸੀ ਕਿ ਉਸ ਨੂੰ ਰਿਸ਼ਵਤ ਦੇਣ ਲਈ ਉਸ ਨੇ ਰੁਪਏ ਕਿਵੇਂ ਇਕੱਠੇ ਕੀਤੇ ਸਨ ਅਤੇ ਘਿਓ ਦੀ ਥਾਂ ਟੀਨ ਨੂੰ ਤੇਲ ਨਾਲ ਭਰਨ ਲਈ ਉਸ ਨੂੰ ਕੀ ਕੁਝ ਕਰਨਾ ਪਿਆ ਸੀ। ਉਸ ਨੇ ਇਹ ਸਾਰਾ ਕੁਝ ਕੇਵਲ ਇਸ ਕਰਕੇ ਦੱਸ ਦਿੱਤਾ ਸੀ ; ਮੈਨੂੰ ਨਹੀਂ ਸੀ ਪਤਾ ਕਿ ਮਹਾਰਾਜ ਇਸ ਹੱਦ ਤੱਕ ਚਲਾ ਜਾਵੇਗਾ।

ਮਹਾਰਾਜ ਨੂੰ ਦੋ ਦਿਨ ਪਹਿਲਾਂ ਦੀ ਘਟਨਾ ਮੱਲੋ-ਮੱਲੀ ਚੇਤੇ ਆ ਗਈ। ਘੋੜੀ ਉੱਤੇ ਚੜ੍ਹਿਆ ਅਤੇ ਚਾਲੀ ਰੁਪਏ ਦੀ ਰਿਸ਼ਵਤ ਆਰਾਮ ਨਾਲ ਬੋਝੇ ਵਿੱਚ ਪਾਈ

ਥਾਣੇਦਾਰ ਉਸ ਨੂੰ ਸਿੱਖਿਆ ਦੇ ਰਿਹਾ ਸੀ "ਮਹਾਰਾਜ ! ਮੇਰੇ ਤੇ ਯਕੀਨ ਕਰੋ। ਇਨ੍ਹਾਂ ਦੇ ਅੰਦਰ ਖੋਟ ਹੀ ਖੋਟ ਭਰਿਆ ਹੋਇਆ ਹੈ। ਸੋਨੇ ਦੀ ਗੜਵੀ ਦਾ ਥੱਲਾ ਪਿੱਤਲ ਦਾ ਬਣਿਆ ਹੋਇਆ ਹੈ।"

ਗੋਕਲ ਦੀ ਕਹਾਣੀ ਸੁਣਕੇ ਸਰੋਤੇ ਹੱਸ ਪਏ, ਉਨ੍ਹਾਂ ਲਈ ਇਹ ਗੱਲ ਰਹੱਸ ਬਣੀ ਰਹੀ ਕਿ ਅਸਲੀ ਚੋਰ ਕੌਣ ਸੀ : ਗੋਕਲ ਜਾਂ ਥਾਣੇਦਾਰ ! ਪਰ ਮਹਾਰਾਜ ਨੂੰ ਕੋਈ ਹਾਸਾ ਨਾ ਆਇਆ। ਉਹ ਇਹ ਜਾਣਨਾ ਚਾਹੁੰਦਾ ਸੀ ਕਿਹੜੀ ਗੱਲ ਨੇ ਉਸ ਨੂੰ ਆਪਣਾ ਜੁਰਮ ਮੰਨਣ ਲਈ ਪ੍ਰੇਰਿਆ ਸੀ। ਉਹ ਕਿਹੜਾ ਤੇਲ ਸੀ ਜਿਸ ਨੇ ਉਸ ਦੇ ਅੰਦਰਲੇ ਮਨੁੱਖਤਾ ਦੇ ਬੁਝ ਚੁੱਕੇ ਦੀਵੇ ਨੂੰ ਮੁੜ ਜਗਾਇਆ ਸੀ ?"

"ਤੂੰ ਚੋਰੀ ਕਿਉਂ ਕੀਤੀ?"

ਮਹਾਰਾਜ ਨੇ ਗੋਕਲ ਨੂੰ ਪੁੱਛਿਆ।

"ਹੁਣ ਤੁਸੀਂ ਮੈਨੂੰ ਇਕੱਲਿਆਂ ਕਿਉਂ ਨਹੀਂ ਛੱਡ ਦਿੰਦੇ? ਗੋਕਲ ਨੇ ਦੱਬੀ ਹੋਈ ਆਵਾਜ਼ ਵਿੱਚ ਖਿਝ ਕੇ ਕਿਹਾ।

"ਕੀ ਤੂੰ ਇਕੱਲੇ ਨੇ ਚੋਰੀ ਕੀਤੀ ਸੀ?"

"ਨਹੀਂ, ਅਸੀਂ ਦੋ ਸਾਂ। ਇਸ ਇਲਾਕੇ ਵਿੱਚ ਤੁਹਾਡੇ ਆਉਣ ਤੋਂ ਪਹਿਲਾਂ ਮੈਂ ਕਦੇ ਚੋਰੀ ਨਹੀਂ ਸੀ ਕੀਤੀ। ਇਸ ਵਾਰੀ, ਇਹ ਐਵੇਂ ਹੀ ਹੋ ਗਈ। ਇੱਕ ਸ਼ਾਮ ਅਸੀਂ ਝੀਲ ਕੋਲ ਬੈਠੇ ਸਾਂ ਜਦੋਂ ਇਹ ਲੁਬਾਣਾ ਉੱਥੋਂ ਲੰਘ ਰਿਹਾ ਸੀ। ਇਹ ਦਾਹੇਵਨ ਵਿੱਚ ਕਿਸੇ ਮਹਿਫਲ ਤੇ ਜਾ ਰਿਹਾ ਸੀ। ਮੇਰੇ ਦੋਸਤ ' ਨੇ ਲੁਬਾਣੇ ਨੂੰ ਵੇਖਿਆ ਅਤੇ ਕਿਹਾ, "ਇਹ ਬਦਮਾਸ਼ ਲੁਬਾਣੇ ਦਿਨੇ ਸਾਡਾ ਖੂਨ ਪੀਂਦੇ ਹਨ ਅਤੇ ਰਾਤ ਨੂੰ ਮਹਿਫਲਾਂ ਕਰਦੇ ਹਨ, ਸੂਰ ਦੇ ਬੱਚੇ। ਆ, 'ਆਪਾਂ ਇਨ੍ਹਾਂ ਨੂੰ ਮਜ਼ਾ ਚਖਾਈਏ। ਆ ਗੋਕਲ ਚੱਲੀਏ।" ਮੈਂ ਉਸ ਨੂੰ ਬਥੇਰਾ ਸਮਝਾਉਣ ਦਾ ਯਤਨ ਕੀਤਾ ਪਰ ਮੇਰੀ ਕੋਈ ਵਾਹ ਨਾ ਗਈ। ਮੈਂ ਸਿਰਫ ਉਸ ਦੇ ਨਾਲ ਤੁਰ ਪਿਆ। ਅਸੀਂ ਲੁਬਾਣੇ ਦੀ ਦੁਕਾਨ ਤੇ ਗਏ, ਦਰਵਾਜ਼ੇ ਤੇ

ਲੱਗਾ ਤਾਲਾ ਤੋੜਿਆ। ਅਸੀਂ ਘਿਉ ਦੇ ਦੋ ਟੀਨ ਲੈ ਆਏ, ਪਰ ਮੈਨੂੰ ਨਹੀਂ ਸੀ ਪਤਾ ਕਿ ਮਹਾਰਾਜ, ਤੁਸੀਂ ਇਸ ਹੱਦ ਤੱਕ ਚਲੇ ਜਾਉਗੇ ।"

ਮਹਾਰਾਜ ਦਾ ਚਿਹਰਾ ਖੁਸ਼ੀ ਨਾਲ ਖਿੜ ਗਿਆ ਜਦ ਕਿ ਉਸ ਦਾ ਦਿਲ ਅੰਦਰੋਂ ਰੋ ਰਿਹਾ ਸੀ। ਕੀ ਕੋਈ ਆਦਮੀ ਇਤਨੀ ਵੱਡੀ ਉਮਰ ਵਿੱਚ ਵੀ ਬੱਚੇ ਵਾਂਗ ਮਾਸੂਮ ਹੋ ਸਕਦਾ ਹੈ ? ਕਾਸ਼ ਕੋਈ ਬੱਚਾ ਹਮੇਸਾਂ ਬੱਚਾ ਰਹਿ ਕੇ ਸਮਾਜ ਵਿੱਚ ਜਿਉਂਦਾ ਰਹਿ ਸਕਦਾ? ਬੱਚਿਆਂ ਨੂੰ ਬਰਾਬਰ ਬਣਾਉਣ ਵਾਲੀ ਫੈਕਟਰੀ ਪੂਰੀ ਜ਼ੋਰ ਨਾਲ ਚੱਲ ਰਹੀ ਹੈ।

"ਗੋਕਲ ਤੈਨੂੰ ਲੁਬਾਣੇ ਦਾ ਨੁਕਸਾਨ ਪੂਰਾ ਕਰਨਾ ਪਵੇਗਾ ।"

"ਕਿਉਂ ਨਹੀਂ? ਮੈਂ ਪੂਰਾ ਕਰਾਂਗਾ। ਤੁਸੀਂ ਮੈਨੂੰ ਰਕਮ ਦਸ ਦਿਓ ।"

"ਕੀ ਦਸ ਰੁਪਏ ਦਾ ਹਰਜਾਨਾ ਠੀਕ ਹੈ?"

"ਠੀਕ ਹੈ, ਮੈਂ ਆਪਣੀ ਮੱਝ ਦੇ ਦੁੱਧ ਦਾ ਘਿਓ ਵੇਚ ਕੇ ਇੱਕ ਮਹੀਨੇ ਦੇ ਵਿੱਚ ਹਰਜਾਨਾ ਭਰ ਦਿਆਂਗਾ ।"

"ਤੇਰੀ ਜ਼ਮਾਨਤ ਕੌਣ ਦੇਵੇਗਾ?"

ਗੋਕਲ ਦੀ ਜ਼ਮਾਨਤ ਦੇਣ ਦਾ ਕਿਸੇ ਨੂੰ ਹੌਸਲਾ ਨਾ ਹੋਇਆ ਆਖਰ ਮੁਸਲਮਾਨ ਵਪਾਰੀ ਦਾਅ-ਜੀ ਨੇ ਇਹ ਖਤਰਾ ਆਪਣੇ ਜ਼ਿੰਮੇ ਲੈ ਲਿਆ। ਸ਼ਾਮ ਦੇ ਪਰਛਾਵੇਂ ਲੰਮੇ ਹੋ ਗਏ ਸਨ ਜਦੋਂ ਮਹਾਰਾਜ ਲੁਬਾਣੇ ਦੀ ਦੁਕਾਨ ਤੇ ਗਿਆ ਅਤੇ ਉਸ ਨੂੰ ਹੋਏ ਫੈਸਲੇ ਬਾਰੇ ਰਾਜ਼ੀ ਕੀਤਾ। ਲੋਕਾਂ ਨੇ ਕਿਹਾ, "ਮਹਾਰਾਜ ! ਹੁਣ ਤਾਂ ਭੋਜਨ ਪਕਾ ਕੇ ਖਾਉ ।"

"ਨਹੀਂ ਹਨ੍ਹੇਰਾ ਹੋ ਚੁੱਕਿਆ ਹੈ, ਨਾਲੇ ਮੈਨੂੰ ਭੁੱਖ ਵੀ ਨਹੀਂ ।"

“ਤੁਹਾਨੂੰ ਆਪਣਾ ਵਰਤ ਖੋਲ੍ਹਣਾ ਪਵੇਗਾ। ਕਹਿੰਦੇ ਹਨ ਖਾਲੀ ਪੇਟ ਖਜੂਰਾਂ ਖਾਣੀਆਂ ਠੀਕ ਰਹਿੰਦੀਆਂ ਹਨ। ਥੋੜ੍ਹੀਆਂ ਜਿਹੀਆਂ ਖਜੂਰਾਂ ਖਾ ਲਉ ।”

"ਜਿਵੇਂ ਤੁਸੀਂ ਕਹਿੰਦੇ ਹੋ। ਲੈ ਆਓ ਕੁਝ ਖਜੂਰਾਂ ।"

ਪੁੱਛ ਗਿੱਛ ਕੀਤੀ ਗਈ ਕਿ ਪਿੰਡ ਵਿੱਚ ਖਜੂਰਾਂ ਕੌਣ ਰੱਖਦਾ ਹੈ। ਕੁਝ ਚਿਰ ਪਿੱਛੋਂ ਲੁਬਾਣਾ ਮੰਨ ਗਿਆ ਕਿ ਉਸ ਕੋਲ ਦੁਕਾਨ ਵਿੱਚ ਥੋੜ੍ਹੀਆਂ ਜਿਹੀਆਂ ਖਜੂਰਾਂ ਪਈਆਂ ਹਨ।

ਮਹਾਰਾਜ ਨੇ ਕਿਹਾ, "ਸਿਰਫ਼ ਇੱਕ ਪਾ ਖਜੂਰਾਂ ਦੇਈਂ ।”

“ਨਹੀਂ ਨਹੀਂ, ਅੱਧਾ ਸੇਰ ਤੋਂ ਵੱਧ ਹੋਣ ।” ਪਿੰਡ ਵਾਲਿਆਂ ਨੇ ਜ਼ੋਰ ਪਾਇਆ। ਲੁਬਾਣੇ ਨੇ ਅੱਧਾ ਸੇਰ ਖਜੂਰਾਂ ਤੋਲ ਕੇ ਪੁੜੀ ਵਿੱਚ ਪਾਈਆਂ ਅਤੇ ਪੁੱਛਿਆ, "ਇਨ੍ਹਾਂ ਦੇ ਚਾਰ ਆਨੇ ਕਿਸ ਦੇ ਖਾਤੇ ਵਿੱਚ ਪਾਵਾਂ?"

ਉਨ੍ਹਾਂ ਨੇ ਮਹਿਸੂਸ ਕੀਤਾ ਜਿਵੇਂ ਉਨ੍ਹਾਂ ਉੱਤੇ ਕੋਈ ਰੇਤ ਦੀ ਬੋਰੀ ਪਾਈ ਹੋਵੇ। ਉਨ੍ਹਾਂ ਦੇ ਚਿਹਰੇ ਮੁਰਝਾ ਗਏ। ਮਹਾਰਾਜ ਨਾਲ ਅੱਖਾਂ ਮਿਲਾਉਣ ਦਾ ਉਨ੍ਹਾਂ ਵਿੱਚ ਸਾਹਸ ਨਹੀਂ ਸੀ। ਮਹਾਰਾਜ ਖੁਦ ਬਹੁਤ ਹੱਕਾ ਬੱਕਾ ਰਹਿ ਗਿਆ ਸੀ ਪਰ ਛੇਤੀ ਉਸ ਨੇ ਆਪਣੇ ਆਪ ਤੇ ਕਾਬੂ ਪਾ ਲਿਆ।

“ਕੁੱਤੀ ਦਿਆ ਪੁੱਤਰਾ ਇਹ ਪੈਸੇ ਮੇਰੇ ਨਾਂ ਲਿੱਖ ਲੈ?" ਇਹ ਦਾਅ-ਜੀ ਸੀ ਜਿਸ ਨੇ ਭੜਕ ਕੇ ਕਿਹਾ ਸੀ। ਇਨ੍ਹਾਂ ਨੂੰ ਚਾਰ ਦੀ ਥਾਂ ਛੇ ਆਨੇ ਕਰ ਲੈ ਅਤੇ ਹੁਣ ਆਪਣੇ ਦਸ ਰੁਪਏ ਲੈਣ ਵੀ ਆਵੀਂ ਮੇਰੇ ਕੋਲ ।”

ਮਹਾਰਾਜ ਨੇ ਉਨ੍ਹਾਂ ਨੂੰ ਸ਼ਾਂਤ ਕੀਤਾ। ਉਸ ਨੇ ਲੁਬਾਣੇ ਨੂੰ ਇੱਕ ਸ਼ਬਦ ਤੱਕ ਨਾ ਕਿਹਾ। ਹਰ ਕੋਈ ਖੜ੍ਹਾ ਹੋ ਗਿਆ ਅਤੇ ਧਰਮਸ਼ਾਲਾ ਵੱਲ ਤੁਰ ਪਿਆ। ਦਾਅ ਜੀ ਨੇ ਆਪਣਾ ਗੁੱਸਾ ਕੱਢਦੇ ਹੋਏ ਕਿਹਾ, "ਮਹਾਰਾਜ ! ਇਹ ਬਾਣੀਏ ਸਾਡੇ ਵੱਲ ਨਹੀਂ ਹਨ, ਮੈਂ ਤੁਹਾਨੂੰ ਦੱਸਦਾ ਹਾਂ, ਇਹ ਸਰਕਾਰ ਦੇ ਪਿੱਠੂ ਹਨ। ਸਰਕਾਰ ਨੇ ਇਨ੍ਹਾਂ ਨੂੰ

ਵਿਸ਼ਵਾਸ ਦਿਵਾਇਆ ਹੈ ਕਿ ਸਾਨੂੰ ਨਿਡਰ ਹੋ ਕੇ ਲੁੱਟਣ, ਕਾਨੂੰਨ ਇਨ੍ਹਾਂ ਦੀ ਰੱਖਿਆ ਕਰੇਗਾ। ਇਹ ਸੂਰ ਬਾਣੀਏ ਸਾਡੇ ਵੱਲ ਨਹੀਂ ਹਨ ।"

ਪਿੰਡ ਵਾਲੇ ਹੱਸ ਪਏ ਅਤੇ ਮਹਾਰਾਜ ਵੀ ਹਲਕੀ ਜਿਹੀ ਮੁਸਕਰਾਹਟ ਨਾਲ ਹਾਸੇ ਵਿੱਚ ਸ਼ਾਮਲ ਹੋਇਆ। ਕਹਾਣੀ ਇੱਥੇ ਨਹੀਂ ਸੀ ਮੁੱਕੀ। ਥਾਣੇਦਾਰ ਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ ਸੀ ਅਤੇ ਉਸ ਨੇ ਅਗਲਾ ਕਦਮ ਗ਼ਲਤ ਚੁੱਕ ਲਿਆ। ਉਹ ਪਿੰਡ ਆਇਆ ਤਾਂ ਟੀਨਾਂ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਮਹਾਰਾਜ ਤੋਂ ਚੋਰਾਂ ਦੇ ਨਾਂ ਪੁੱਛੇ

ਮਹਾਰਾਜ ਨੇ ਕਿਹਾ, "ਮੈਂ ਉਨ੍ਹਾਂ ਦੇ ਨਾਂ ਤੈਨੂੰ ਨਹੀਂ ਦੱਸ ਸਕਦਾ ।"

"ਕੀ ਤੁਹਾਨੂੰ ਪਤਾ ਹੈ ਕਿ ਪੁਲਿਸ ਤੋਂ ਨਾਂ ਲੁਕਾਉਣੇ ਜੁਰਮ ਹੈ?" ਥਾਣੇਦਾਰ ਦੀ ਜ਼ਿੰਦਗੀ ਇਸੇ ਵਾਕ ਨਾਲ ਸ਼ੁਰੂ ਹੋਈ ਸੀ ਅਤੇ ਕਈ ਦਿਹਾੜੇ ਗੁਜ਼ਰ ਜਾਣ ਤੇ ਵੀ ਇਸੇ ਨਾਲ ਖਤਮ ਹੋਈ।

"ਚਲੋ! ਇਸ ਨੂੰ ਜੁਰਮ ਹੀ ਸਮਝ ਲਓ ।" ਮਹਾਰਾਜ ਨੇ ਬਹੁਤ ਸ਼ਾਂਤ ਭਾਵ ਨਾਲ ਕਿਹਾ, "ਮੈਂ ਇਨ੍ਹਾਂ ਨੂੰ ਡਰ ਤੋਂ ਮੁਕਤੀ ਦਿਵਾਉਣ ਦਾ ਵਾਇਦਾ ਕੀਤਾ ਹੈ ।"

ਥਾਣੇਦਾਰ ਨੇ ਮਹਾਰਾਜ ਦੇ ਵਿਰੁੱਧ ਕੇਸ ਦਰਜ ਕਰ ਲਿਆ ਅਤੇ ਫਾਈਲ ਖੇੜਾ ਦੇ ਪੁਲੀਸ ਸੁਪਰਡੈਂਟ ਨੂੰ ਪੇਸ਼ ਕੀਤੀ। ਉਹ ਇੱਕ ਅੰਗਰੇਜ਼ ਸੀ। ਸੁਪਰਡੈਂਟ ਨੇ ਥਾਣੇਦਾਰ ਨੂੰ ਬੁਲਾ ਕੇ ਉਸ ਦੀ ਚੰਗੀ ਝੰਡ ਕੀਤੀ। "ਤੈਨੂੰ ਪਤਾ ਹੈ ਤੂੰ ਕਿਸ ਵਿਰੁੱਧ ਕੇਸ ਚਲਾ ਰਿਹਾ ਹੈਂ ਜਿਹੜਾ ਮੁਜਰਮਾਂ ਨੂੰ ਆਪਣੇ ਜੁਰਮ ਦਾ ਇਕਬਾਲ ਕਰਾਉਣ ਲਈ ਖੁਦ ਭੁੱਖਾ ਰਹਿ ਰਿਹਾ ਹੈ। ਖਬਰਦਾਰ ! ਅਜਿਹੇ ਮੂਰਖਤਾ ਭਰੇ ਕਾਗਜ਼ ਮੇਰੇ ਕੋਲ ਕਦੇ ਨਾ ਪੇਸ਼ ਕਰੀਂ ।"

*******

# ਮੇਰੇ ਰਿਸ਼ਤੇਦਾਰ

ਇਹ ਮੁਖੀ ਦੀ ਕਿਸਮਤ ਹੀ ਸੀ ਜਿਹੜੀ ਉਸ ਨੂੰ ਵਘਾਲਾ ਪਤਨਵਾਦੀਆਂ ਦੇ ਖੇਤਾਂ ਵੱਲ ਲੈ ਆਈ। ਉਹ ਆਪਣੇ ਰਿਸ਼ਤੇਦਾਰ ਨੂੰ ਜਿਹੜੇ ਅਫਰੀਕਾ ਜਾ ਰਹੇ ਸਨ, ਅਲਵਿਦਾ ਕਹਿਣ ਜਾ ਰਿਹਾ ਸੀ, ਉਸ ਦੀ ਹੋਣੀ ਨੇ ਹੀ ਉਸ ਦੇ ਕਦਮਾਂ ਨੂੰ ਪਤਨਵਾਦੀਆਂ ਦੇ ਖੇਤਾਂ ਵੱਲ ਮੋੜਿਆ ਸੀ।

ਉਹ ਤਿੰਨੇ ਪਤਨਵਾਦੀਏ ਸਨ। ਉਨ੍ਹਾਂ ਵਿੱਚੋਂ ਇੱਕ ਖੂਹ ਵਿੱਚੋਂ ਪਾਣੀ ਕੱਢਣ ਲਈ ਬਲਦਾਂ ਨੂੰ ਅੱਗੇ ਪਿੱਛੇ ਕਰਦਾ ਸੀ। ਪਾਣੀ ਇੱਕ ਘੱਟ ਡੂੰਘੇ ਤਲਾਅ ਵਿੱਚ ਪੈਂਦਾ ਸੀ। ਦੂਜਾ ਇਸ ਪਾਣੀ ਨੂੰ ਪੈਲੀਆਂ ਵਿੱਚ ਲਾਉਂਦਾ ਸੀ ਅਤੇ ਤੀਜਾ ਵਿਹਲਾ ਬੈਠਾ ਸੀ।

ਵਘਾਲੇ ਨੇ ਮੁਖੀ ਦਾ ਸੁਆਗਤ ਕਰਦਿਆਂ ਕਿਹਾ, "ਆਓ ! ਮੁਖੀ ਜੀ"।

ਮੁਖੀ ਨੇ ਇਸ ਸੁਆਗਤ ਦਾ ਉੱਤਰ ਗਾਲੀਆਂ ਦੀ ਬੁਛਾੜ ਨਾਲ ਦਿੱਤਾ ਜਿਸ ਦਾ ਕੋਈ ਵਾਜਬ ਕਾਰਨ ਨਹੀਂ ਸੀ, "ਤੁਸੀਂ ਹਰਾਮ ਦੇ ਕੋਲੀਓ ਮੈਨੂੰ ਪਤਾ ਲੱਗੈ ਅੱਜਕੱਲ੍ਹ ਬੜੇ ਆਕੜੇ ਫਿਰਦੇ ਹੋ" ਉਸ ਨੇ ਗਾਲ੍ਹਾਂ ਕੱਢ ਕੇ ਆਪਣੀ ਗੱਲ ਖਤਮ ਕੀਤੀ। ਉਸ ਨੇ ਉਨ੍ਹਾਂ ਨੂੰ ਫਿਰ ਕਿਸੇ ਗੱਲ ਦੀ ਯਾਦਦਹਾਨੀ ਕਰਵਾਈ ਅਤੇ ਧਮਕੀਆਂ ਦਿੱਤੀਆਂ। ਇਹ ਵੇਖ ਕੇ ਕਿ ਵਘਾਲਾ ਉਸ ਦੀਆਂ ਲਾਹਨਤਾਂ ਨੂੰ ਚੁੱਪ-ਚਾਪ ਸੁਣਦਾ ਜਾ ਰਿਹਾ ਹੈ, ਮੁਖੀ ਨੇ ਕਿਹਾ, "ਐਧਰ ਆ ਕੇ ਮੈਨੂੰ ਕੁਝ ਛੱਲੀਆਂ ਛੇਤੀ ਦੇਣੇ ਤੋੜ ਦੇ।"

ਵਘਾਲੇ ਨੇ ਝੱਟਪਟ ਚੋਖੀਆਂ ਸਾਰੀਆਂ ਛੱਲੀਆਂ ਤੋੜ ਕੇ ਮੁਖੀ ਨੂੰ ਫੜਾ ਦਿੱਤੀਆਂ ਅਤੇ ਉਹ ਸਟੇਸ਼ਨ ਵੱਲ ਤੁਰ ਪਿਆ। ਜਦੋਂ ਉਸ ਨੇ ਪਿੱਠ ਕੀਤੀ ਤਾਂ ਤਿੰਨੇ ਪਤਨਵਾਦੀ ਗੁੱਸੇ ਵਿੱਚ ਉੱਬਲ ਰਹੇ ਸਨ।

ਉਨ੍ਹਾਂ ਵਿੱਚੋਂ ਇੱਕ ਬੋਲਿਆ, "ਕੁੱਤੀ ਦੇ ਪੁੱਤ ਨੇ ਗਾਲ੍ਹਾਂ ਕੱਢੀਆਂ ਅਤੇ ਉਹ ਵੀ ਬੇਵਜ੍ਹਾ ।" ਦੂਜਾ ਬੋਲਿਆ। " ਕੀ ਉਹ ਨੂੰ ਸੁੱਕਿਆਂ ਜਾਣ ਦੇਣਾ ਚਾਹੀਦਾ ਹੈ ?"

ਵਘਾਲੇ ਨੇ ਗੱਲ ਮੁਕਾਈ, "ਨਹੀਂ ਇਸ ਤਰ੍ਹਾਂ ਨਹੀਂ ।" ਇਹ ਕਹਿ ਕੇ ਉਸ ਨੇ ਬੱਲਦਾਂ ਦੀਆਂ ਵਾਗਾਂ ਛੱਡ ਦਿੱਤੀਆਂ, ਇੱਕ ਭਾਲਾ ਚੁੱਕਿਆ ਅਤੇ ਮੁਖੀ ਦੇ ਮਗਰ ਦੌੜ ਪਿਆ।

ਦੂਰੋਂ ਹੀ ਉਸ ਨੇ ਲਲਕਾਰਾ ਮਾਰਿਆ, "ਉਹ.............ਦਿਆ ਪੁੱਤਰਾ। ਠਹਿਰ ਜਾ। ਮੁਖੀ ਰੁਕ ਕੇ ਪਿਛਾਂਹ ਵੱਲ ਵੇਖਣ ਹੀ ਲੱਗਾ ਸੀ ਕਿ ਤਿੱਖਾ ਬਰਛਾ ਉਸ ਦੇ ਆਰ ਪਾਰ ਹੋ ਗਿਆ। ਉਹ ਧੜੰਮ ਕਰਕੇ ਜ਼ਮੀਨ ਤੇ ਡਿੱਗ ਪਿਆ ਅਤੇ ਵਘਾਲਾ ਨੱਸ ਗਿਆ। ਬਾਕੀ ਦੇ ਦੋ ਵੀ ਰਫੂਚੱਕਰ ਹੋ ਗਏ। ਸਕੂਲ ਦੇ ਬੱਚਿਆਂ ਨੇ ਜਿਹੜੇ ਧਰਮਜ ਤੋਂ ਵਾਪਸ ਆ ਰਹੇ ਸਨ, ਮੁਖੀ ਨੂੰ ਖ਼ੂਨ ਦੇ ਤਲਾਅ ਵਿੱਚ ਪਏ ਵੇਖਿਆ ਅਤੇ ਵਡਾਦਲੇ ਆ ਕੇ ਉਨ੍ਹਾਂ ਖ਼ਬਦ ਕਰ ਦਿੱਤੀ। ਲੋਕ ਦੌੜ ਕੇ ਉਸ ਥਾਂ ਪਹੁੰਚ ਗਏ ਅਤੇ ਮੁਖੀ ਨੂੰ ਸ਼ਹਿਰ ਲੈ ਗਏ ।"

ਪੱਤੀਦਾਰ ਲੋਕਾਂ ਨੇ ਜਦੋਂ ਖ਼ਬਰ ਸੁਣੀ ਤਾਂ ਉਨ੍ਹਾਂ ਦਾ ਖ਼ੂਨ ਉੱਬਲ ਪਿਆ। ਉਨ੍ਹਾਂ ਦੀ ਜਾਤ-ਬਰਾਦਰੀ ਦੇ ਮੁਖੀ ਨੂੰ, ਜਿਸ ਨੇ ਸੁਤੰਤਰਤਾ ਦੀ ਲੜਾਈ ਵਿੱਚ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦਿੱਤਾ ਸੀ, ਪਤਨਵਾਦੀਆਂ ਦੇ ਹੱਥੋਂ ਕੋਹਿਆ ਗਿਆ ਸੀ। ਪਤਨਵਾਦੀਏ ਜਿਨ੍ਹਾਂ ਨੂੰ ਕਾਂਗਰਸ ਦੇ ਹਮਾਇਤੀ ਇਨ੍ਹਾਂ ਪੱਤੀਦਾਰਾਂ ਦੀਆਂ ਬਰਤਾਨਵੀ ਸਰਕਾਰ ਵੱਲੋਂ ਜ਼ਬਤ ਕੀਤੀਆਂ ਜ਼ਮੀਨਾਂ ਸਾਂਭਣ ਵਿੱਚ ਕੋਈ ਸ਼ਰਮ ਨਹੀਂ ਸੀ ਮਹਿਸੂਸ ਕੀਤੀ। ਇਸ ਘਟਨਾ ਨੇ ਦੋਨਾਂ ਬਰਾਦਰੀਆਂ ਵਿਚਕਾਰ ਲੰਮੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਵਿੱਚ ਬਲਦੀ ਤੇ ਤੇਲ ਦਾ ਕੰਮ ਕੀਤਾ। ਮੁਖੀ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਲਟਕ ਰਿਹਾ ਸੀ, ਜਦੋਂ ਭਾਈ ਪਹੁੰਚ ਗਿਆ। ਉਹ ਬੜੀ ਵੱਡੀ ਡੀਲ ਡੋਲ ਵਾਲਾ ਅਤੇ ਡਰਾਉਣੀ ਸ਼ਕਲ ਵਾਲਾ ਮਨੁੱਖ ਸੀ। ਪੱਤੀਦਾਰਾਂ ਦੇ ਇਸ ਵੱਡੇ ਪਹਿਲਵਾਨ ਦਾ ਨਾਂ ਸੁਣ ਕੇ ਵੱਡੇ ਵੱਡੇ ਖੱਬੀਖਾਨ ਕੰਬ ਜਾਂਦੇ ਸਨ। ਜਦੋਂ ਮੁਖੀ ਨੇ

ਆਪਣੇ ਮਰਨ ਵੇਲੇ ਦੇ ਬਿਆਨ ਵਿੱਚ ਦੋ ਹਮਲਾ ਕਰਨ ਵਾਲਿਆਂ ਦਾ ਨਾਂ ਲਿਆ ਤਾਂ ਭਾਈ ਨੇ ਅੱਖਾਂ ਨਾਲ ਘੂਰ ਕੇ ਉਸ ਨੂੰ ਝਿੜਕਿਆ " ਤੂੰ ਵੀ ਬੁੱਧੂ ਹੈਂ। ਉਨ੍ਹਾਂ ਬਾਰੇ ਸੋਚ ਜਿਹੜੇ ਬਾਕੀ ਰਹਿ ਗਏ ਹਨ। ਮੁਜਰਮਾਂ ਦੇ ਨਾਂ ਵਿੱਚ ਇਹ ਨਾਂ ਵੀ ਸ਼ਾਮਲ ਕਰ, “ਭਾਈ ਨੇ ਮੁਖੀ ਦੇ ਮਰਨ ਵੇਲੇ ਦੇ ਬਿਆਨ ਵਿੱਚ ਮਾਰਨ ਵਾਲੇ ਪਤਨਵਾਦੀਆਂ ਵਿੱਚ ਪੰਜ ਹੋਰ ਨਾਂ ਲਿਖਵਾ ਦਿੱਤੇ। ਇਸ ਤੋਂ ਪਹਿਲਾਂ ਕਿ ਮੁਖੀ ਕੋਈ ਉਜਰ ਕਰ ਸਕਦਾ ਉਸ ਦੇ ਪ੍ਰਾਣ ਉੱਡ ਗਏ। ਇਸ ਐਕਟ ਸਬੂਤ ਦੇ ਆਧਾਰ ਤੇ ਸਰਕਾਰੀ ਵਕੀਲ ਦੀ ਲਿਆਕਤ ਸਦਕਾ ਇਹ ਸੱਤੇ ਮੁਲਜ਼ਮ ਦੇਸ਼ ਭਗਤ ਮੁਖੀ ਨੂੰ ਕਤਲ ਕਰਨ ਦੇ ਕਸੂਰਵਾਰ ਪਾਏ ਗਏ। ਵਡੋਦਰਾ ਦੀ ਸੈਸ਼ਨ ਅਦਾਲਤ ਨੇ ਸਜ਼ਾਵਾਂ ਸੁਣਾਈਆਂ; ਇੱਕ ਨੂੰ ਮੌਤ ਦੀ ਸਜ਼ਾ; ਦੂਜੇ ਨੂੰ ਉਮਰ ਕੈਦ ਅਤੇ ਬਾਕੀਆਂ ਨੂੰ ਪੰਜ ਤੋਂ ਦਸ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ। ਜਿਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਉਹ ਬਰਛਾ ਮਾਰਨ ਵਾਲਾ ਵਿਅਕਤੀ ਨਹੀਂ ਸੀ ਤੇ ਨਾ ਹੀ ਉਹ ਉਨ੍ਹਾਂ ਦੋ ਵਿੱਚੋਂ ਸੀ ਜਿਹੜੇ ਘਟਨਾ ਵੇਲੇ ਮੌਕੇ ਤੇ ਹਾਜ਼ਰ ਸਨ। ਉਸ ਦਾ ਨਾਂ ਵੀ ਬੇਸ਼ੱਕ ਵਘਾਲਾ ਸੀ, ਪਰ ਉਸ ਦਾ ਇਸ ਕਤਲ ਨਾਲ ਕੋਈ ਸਬੰਧ ਨਹੀਂ ਸੀ। ਉਹ ਵਘਾਲਾ ਸੀ, ਜਿਸ ਨੇ ਅੰਗਰੇਜ਼ਾਂ ਵੇਲੇ ਚੱਲੀ ਨਾ ਮਿਲਵਰਤਣ ਲਹਿਰ ਦੇ ਦੌਰਾਨ ਮੁਖੀ ਵੱਲੋਂ ਤਿਆਗੀ ਨੌਕਰੀ ਪਰਵਾਨ ਕਰ ਲਈ ਸੀ। ਇਸ ਲਈ ਬਹੁਤੇ ਸੋਚਦੇ ਸਨ, ਉਸ ਨੂੰ ਮੌਤ ਦੀ ਸਜ਼ਾ ਮਿਲਣੀ ਹੀ ਚਾਹੀਦੀ ਸੀ। ਸਬੂਤ ਬਹੁਤ ਪੱਕੇ ਸਨ, ਸਰਕਾਰੀ ਵਕੀਲ ਬੜਾ ਸ਼ਾਤਰ ਸੀ; ਅਤੇ ਇਸ ਤਰ੍ਹਾਂ ਇਕ ਬੇਗੁਨਾਹ ਆਦਮੀ ਕਾਤਲ ਗਰਦਾਨਿਆਂ ਗਿਆ ਸੀ; ਚਾਨਣ ਹਨ੍ਹੇਰੇ ਵਿੱਚ ਬਦਲ ਗਿਆ ਸੀ।

ਅਸਲੀ ਕਾਤਲ ਵਘਾਲੇ ਨੂੰ ਉਮਰ ਕੈਦ ਮਿਲੀ ਸੀ। ਉਹ ਸੋਚਦੇ ਸਨ ਇਹ ਠੀਕ ਹੀ ਹੈ। ਉਸ ਨੇ ਕਦੇ ਕਾਂਗਰਸ ਦਾ ਬੁਰਾ ਤਾਂ ਨਹੀਂ ਸੀ ਕੀਤਾ। ਬਾਕੀ ਦੇ ਮੁਜਰਮ ਅਸਲੋਂ ਹੀ ਬੇਕਸੂਰ ਸਨ, ਇਸ ਨਾਲ ਕੀ ਫਰਕ ਪੈਂਦਾ ਸੀ; (ਕਈ ਸੋਚਦੇ) ਉਹ ਆਖਰ ਪਤਨਵਾਦੀਏ ਤਾਂ ਸਨ ਹੀ, ਕੀ ਨਹੀਂ ਸਨ ? ਵਡਾਦਲੇ ਸ਼ਹਿਰ ਵਿੱਚ ਪੱਤੀਦਾਰਾਂ ਨੇ ਫੈਸਲੇ ਵਾਲੇ ਦਿਨ ਖੁਸ਼ੀਆਂ ਮਨਾਈਆਂ ਸਨ............. ਭਾਈ ਨੇ

ਸੁਣਿਆ ਕਿ ਮਹਾਰਾਜ ਨੇ ਜਿਹੜਾ ਹੁਣੇ ਜੇਲ੍ਹੋਂ ਛੁਟ ਕੇ ਆਇਆ ਸੀ, ਮਾਮਲਾ ਅਪਰਾਧੀਆਂ ਵੱਲੋਂ ਉਚੇਰੀ ਅਦਾਲਤ ਆਪਣੇ ਹੱਥ ਵਿੱਚ ਲੈ ਲਿਆ ਹੈ ਅਤੇ ਸੱਤਾਂ ਵਿੱਚ ਅਪੀਲ ਕਰਨ ਦਾ ਬੀੜਾ ਚੁੱਕ ਲਿਆ ਹੈ। ਭਾਈ ਇਹ ਖਬਰ ਸੁਣਦਿਆਂ ਹੀ ਕੱਪੜਿਆਂ ਤੋਂ ਬਾਹਰ ਹੋ ਗਿਆ ਸੀ। ਉਸ ਨੇ ਮਹਾਰਾਜ ਨੂੰ ਆਪਣੇ ਘਰ ਬੁਲਾਇਆ ਅਤੇ ਉਸ ਉੱਤੇ ਵਰ੍ਹ ਪਿਆ, "ਸੋ ਤੂੰ ਉਨ੍ਹਾਂ ਹਰਾਮਜ਼ਾਦੇ ਕੋਲੀਆਂ ਨੂੰ ਚੁੱਕ ਰਿਹਾ ਹੈਂ ?"

" ਕੀ ਸਜ਼ਾ ਮਿਲੇ ਅਪਰਾਧੀਆਂ ਦੇ ਲਾਚਾਰ ਪਰਵਾਰਾਂ ਦੀ ਮਦਦ ਕਰਨੀ ਗ਼ਲਤ ਗੱਲ ਹੈ? ਉਨ੍ਹਾਂ ਦੇ ਪਰਵਾਰਾਂ ਨੇ ਕੀ ਜੁਰਮ ਕੀਤਾ ਹੈ ?"

"ਰਵੀਸ਼ੰਕਰ! ਇਹ ਮੈਨੂੰ ਨਹੀਂ ਪਤਾ। ਪਰ ਜੇ ਤੂੰ ਇਸ ਸ਼ਹਿਰ ਵਿੱਚ ਆਉਣਾ ਜਾਣਾ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਸਿੱਧੀ ਤਰ੍ਹਾਂ ਰਹੁ। ਜੇ ਤੂੰ ਹੋਰ ਪਾਸੇ ਲੱਤਾਂ ਅੜਾਉਣੀਆਂ ਹਨ ਤਾਂ ਇੱਥੇ ਨਾ ਆਇਆ ਕਰ। ਇਹ ਗੱਲ ਚੰਗੀ ਤਰ੍ਹਾਂ ਸਮਝ ਲੈ।"

ਇਨ੍ਹਾਂ ਸ਼ਬਦਾਂ ਪਿੱਛੇ ਲੁਕੀ ਧਮਕੀ ਤੋਂ ਨਾ ਡਰਨ ਵਾਲਾ ਇਨਸਾਨ ਅਜੇ ਪੈਦਾ ਨਹੀਂ ਸੀ ਹੋਇਆ।................ਭਾਈ ਦੇ ਘਰੋਂ ਪੌੜੀ ਤੇ ਉਤਰਦਿਆਂ ਮਹਾਰਾਜ ਨੇ ਸਾਰੇ ਖਤਰਿਆਂ ਨੂੰ ਸੋਚਿਆ। ਉਸ ਦਾ ਵਿਸ਼ਵਾਸ ਸੀ ਕਿ ਸੱਤਾਂ ਵਿੱਚੋਂ ਜਿਨ੍ਹਾਂ ਛੇਆਂ ਨੂੰ ਮੁੱਖੀ ਦੇ ਕਤਲ ਦਾ ਦੋਸ਼ੀ ਠਹਿਰਾਇਆ ਗਿਆ ਸੀ ਉਨ੍ਹਾਂ ਵਿੱਚੋਂ ਛੇ ਆਦਮੀ ਬੇਕਸੂਰ ਸਨ।

ਜੇ ਬੇਕਸੂਰ ਵਘਾਲਾ ਫਾਹੇ ਲੱਗ ਗਿਆ ਤਾਂ ਮਹਾਰਾਜ ਦਾ ਸਾਰਾ ਕੀਤਾ ਕਰਾਇਆ ਖਤਮ ਹੋ ਜਾਵੇਗਾ। ਗਾਂਧੀ ਜੀ ਉਸ ਸਮੇਂ ਗੁਜਰਾਤ ਵਿੱਚ ਹੀ ਸਨ। ਮਹਾਰਾਜ ਉਨ੍ਹਾਂ ਕੋਲ ਗਿਆ। ਮਾਮਲੇ ਦੇ ਸਾਰੇ ਵਾਕਿਆਤ ਉਨ੍ਹਾਂ ਨੂੰ ਦੱਸੇ ਅਤੇ ਉਨ੍ਹਾਂ ਤੋਂ ਪੁੱਛਿਆ, "ਕੀ ਮੈਂ ਉਨ੍ਹਾਂ ਦੀ ਸਫਾਈ ਲਈ ਯਤਨ ਕਰਾਂ ?"

ਗਾਂਧੀ ਜੀ ਨੇ ਕਿਹਾ, ਹਾਂ ਠੀਕ ਹੈ, ਕਰੋ ।"

“ਬਹੁਤ ਸਾਰੇ ਪੱਤੀਦਾਰ ਨਾਰਾਜ਼ ਹੋ ਜਾਣਗੇ ।” ਮਹਾਰਾਜ ਨੇ ਗਾਂਧੀ ਜੀ ਨੂੰ ਚਿਤਾਵਨੀ ਕਰਾਈ।

" ਸਾਨੂੰ ਇਹ ਖਤਰਾ ਲੈਣਾ ਹੀ ਪਵੇਗਾ ।”

“ਇਨ੍ਹਾਂ ਸੱਤਾਂ ਨੇ ਹੋਰ ਹੁਕਮ ਜਾਰੀ ਕੀਤੇ ਹਨ ।”

“ਇਹ ਗੱਲ ਅਸੰਗਤ ਹੈ। ਜੇ ਉਹ ਇਸ ਜੁਰਮ ਦੇ ਦੋਸ਼ੀ ਨਹੀਂ ਹਨ ਤਾਂ ਸਾਨੂੰ ਉਨ੍ਹਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੁਸੀਂ ਅਗਲੀ ਕਾਰਵਾਈ ਕਰੋ। ਜੇ ਲੋੜ ਪਈ ਤਾਂ ਮੈਂ ਮਹਾਰਾਜ ਗਾਇਕਵਾੜ ਨੂੰ ਰਹਿਮ ਦੀ ਅਪੀਲ ਵੀ ਕਰ ਦਿਆਂਗਾ ।”

“ਉਏ ਬੌਣਿਆਂ। ਬ੍ਰਾਹਮਣ ਦਿਆ ਪੁੱਤਰਾ ।" ਕਿਸੇ ਦੀ ਉਡੀਕ ਵਿੱਚ ਸਟੇਸ਼ਨ ਤੇ ਖਲੋਤੇ ਮਹਾਰਾਜ ਨੂੰ ਆਪਣੇ ਪਿਛਲੇ ਪਾਸਿਓਂ ਇਹ ਭੱਦੀ ਜਿਹੀ ਆਵਾਜ਼ ਸੁਣਾਈ ਦਿੱਤੀ ਉਸ ਨੇ ਘੁੰਮ ਕੇ ਵੇਖਿਆ, ਉਸ ਦੇ ਨੇੜੇ ਹੀ ਇੱਕ ਆਦਮੀ ਘੋੜੇ ਤੇ ਖੜ੍ਹਾ ਸੀ । ਘੋੜ ਸਵਾਰ ਦੇ ਸੱਜੇ ਖੱਬੇ ਦੇ ਅੰਗ ਰੱਖਿਅਕ ਸਨ ਜਿਨ੍ਹਾਂ ਦੇ ਟਕੂਟੇ ਧੁੱਪ ਵਿੱਚ ਚਮਕ ਰਹੇ ਸਨ। ਸਵਾਰ ਚਿਹਰਾ ਸਖ਼ਤੀ ਨਾਲ ਤਣਿਆ ਹੋਇਆ ਸੀ। ਉਹ.........ਭਾਈ ਅਤੇ ਉਸ ਦੇ ਸਾਥੀ ਸਨ। ਉਸ ਦੇ ਬੋਲਣ ਦੀ ਕਰੜਾਈ ਤੋਂ ਮਹਾਰਾਜ ਘਬਰਾ ਗਿਆ ਸੀ ।

"ਐਧਰ ਆ"..............ਭਾਈ ਨੇ ਹੁਕਮ ਦਿੱਤਾ।

................ਭਾਈ ਤੱਕ ਚਲਕੇ ਮਹਾਰਾਜ ਨੇ ਪੁੱਛਿਆ ਸਾਫ ਸਾਫ ਬੋਲ। ਤੈਨੂੰ ਕੀ ਚਾਹੀਦਾ ਹੈ ?"

"ਕੀ ਤੂੰ ਕੌਲੀਆਂ ਦੀ ਸਫਾਈ ਦਾ ਪ੍ਰਬੰਧ ਕਰ ਲਿਆ ਹੈ?”

“ਮੈਂ ਕਰ ਰਿਹਾ ਹਾਂ ।”

“ਤਾਂ ਫਿਰ ਛੇਤੀ ਕਰ। ਹੋ ਸਕਦਾ ਹੈ ਗਾਇਕਵਾੜ ਬਾਹਰ ਚਲੇ ਜਾਣ ।”

"ਇਸ ਗੱਲ ਦਾ ਵੀ ਮੈਨੂੰ ਖਿਆਲ ਹੈ। ਭਾਈ ।”

ਇਸ ਲਹਿਜੇ ਵਿੱਚ ਗੱਲਬਾਤ ਹੁੰਦੀ ਰਹੀ ਜਦ ਕਿ ਅਖੀਰ ਭਾਈ ਮਹਾਰਾਜ ਦੇ ਸ਼ਾਂਤ ਤੇ ਠੰਢੇ ਉੱਤਰਾਂ ਤੋਂ ਛਿੱਥਾ ਪੈ ਕੇ ਆਪਣਾ ਸੰਤੁਲਨ ਗੁਆ ਬੈਠਾ ਅਤੇ ਊਟ ਪਟਾਂਗ ਧਮਕੀਆਂ ਦੇਣ ਲੱਗਾ।

ਮਹਾਰਾਜ ਸਿਰਫ਼ ਮੁਸਕਰਾਇਆ ਅਤੇ ਉਸ ਨੇ ਕਿਹਾ, “ਮੇਰੀ ਗੱਲ ਸੁਣੋ ਭਾਈ! ਜਿਸ ਸਥਿਤੀ ਵਿੱਚ ਮੈਂ ਤੇ ਤੂੰ ਹਾਂ ਉਸ ਦਾ ਫਰਕ ਸਮਝਣ ਦੀ ਕੋਸ਼ਿਸ਼ ਕਰ। ਤੂੰ ਸਿਰ ਤੋਂ ਪੈਰਾਂ ਤੱਕ ਸ਼ਸਤਰ-ਬੱਧ ਹੈਂ ਅਤੇ ਮੇਰੇ ਕੋਲ ਇਕ ਸੋਟੀ ਵੀ ਨਹੀਂ। ਹਰ ਪਲ ਤੇਰਾ ਦਿਲ ਡਰ ਨਾਲ ਧੜਕਦਾ ਹੈ, ਤੂੰ ਭਰੇ ਹੋਏ ਪਿਸਤੌਲ, ਘੋੜੇ ਅਤੇ ਅੰਗ-ਰੱਖਿਅਕ ਲੈ ਕੇ ਫਿਰਦਾ ਹੈਂ ਅਤੇ ਮੈਂ ਦਿਨ ਰਾਤ ਇਕੱਲਿਆਂ ਫਿਰਦਾ ਹਾਂ, ਕਿਉਂਕਿ ਮੈਨੂੰ ਕੋਈ ਡਰ ਨਹੀਂ। ਮੁਕਾਬਲੇ ਵਿੱਚ ਮੇਰੀ ਹਾਲਤ ਕਿੰਨੀ ਚੰਗੀ ਹੈ ? ਜ਼ਰਾ ਸੋਚ ਤਾਂ ਸਹੀ ਅਤੇ ਇਕ ਹੋਰ ਗੱਲ ਵੀ ਸੋਚ ਲੈ ਤੂੰ ਜੇ ਤੂੰ ਨਾ ਸੋਚੀ ਹੋਵੇ।

ਜੇ ਤੂੰ ਮੈਨੂੰ ਛੋਹਣ ਦੀ ਕੋਸ਼ਿਸ਼ ਵੀ ਕੀਤੀ ਤਾਂ ਕੀ ਤੈਨੂੰ ਪਤਾ ਹੈ ਇਹ ਤੇਰੇ ਸਾਥੀ ਕੀ ਕਰਨਗੇ ? ਉਨ੍ਹਾਂ ਵੱਲ ਇਕ ਵਾਰੀ ਵੇਖ। ਇਹ ਪਤਨਵਾਦੀਏ ਹਨ। ਜੇ ਤੂੰ ਮੇਰੇ ਤੇ ਵਾਰ ਕੀਤਾ ਤਾਂ ਇਹ ਸਿਰਫ ਤਮਾਸ਼ਾਈ ਬਣਕੇ ਨਹੀਂ ਖੜ੍ਹੇ ਰਹਿਣਗੇ। ਇਹ ਮੇਰੀ ਹੀ ਮਦਦ ਕਰਨਗੇ...............ਭਾਈ ਚੰਗੀ ਤਰ੍ਹਾਂ ਸੋਚ ਸਮਝ ਕੇ ਮੈਨੂੰ ਹੱਥ ਲਾਵੀਂ; ਮੈਨੂੰ ਛੱਡ ਦੇ ਅਤੇ ਆਪਣੀ ਸੁੱਖ ਮੰਗ ।”

................ਭਾਈ ਦੇ ਮੂੰਹ ਦੀਆਂ ਹਵਾਈਆਂ ਉੱਡ ਗਈਆਂ ਅਤੇ ਉਹ ਬਿਨਾਂ ਕੋਈ ਸ਼ਬਦ ਬੋਲੇ ਚਲਿਆ ਗਿਆ ਪਰ ਮਹਾਰਾਜ ਨੂੰ ਪਤਾ ਸੀ ਕਿ ਉਹ ਸਮਾਜ ਦੇ ਗੁੱਸੇ ਦਾ ਪ੍ਰਤੀਕ ਸੀ।

ਇਕ ਹੋਰ ਪਿੰਡ ਵਿੱਚ ਜਦੋਂ ਮਹਾਰਾਜ ਪੱਤੀਦਾਰਾਂ ਦੀ ਚੌਪਾਲ ਕੋਲੋਂ ਲੰਘ ਰਿਹਾ ਸੀ ਤਾਂ ਉਸ ਉੱਤੇ ਇਕ ਆਦਮੀ ਨੇ ਹਮਲਾ ਕੀਤਾ। ਮਹਾਰਾਜ ਨੇ ਬੜੇ ਧੀਰਜ ਨਾਲ ਉਸ ਦਾ ਮੁਕਾਬਲਾ ਕੀਤਾ। ਜਦੋਂ ਹੋਰ ਲੋਕ ਆ ਕੇ ਉਸ ਭੜਕੇ ਹੋਏ ਆਦਮੀ ਨੂੰ ਝਾੜ-ਝਪਟ ਕਰਨ ਲੱਗੇ ਤਾਂ ਮਹਾਰਾਜ ਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਇਸ ਨੂੰ ਕਿਉਂ ਰੋਕਣਾ ਚਾਹੁੰਦੇ ਹੋ ? ਇਸ ਨੂੰ ਮੇਰੇ ਉੱਤੇ ਆਪਣਾ ਗੁੱਸਾ ਕੱਢ ਲੈਣ ਦਿਉ। ਇਹ ਮੇਰੇ ਵਤੀਰੇ ਨੂੰ ਗ਼ਲਤ ਸਮਝਦਾ ਹੈ ਇਸ ਲਈ ਮੈਨੂੰ ਸਜ਼ਾ ਦੇਣ ਦਾ ਇਸ ਨੂੰ ਹੱਕ ਹੈ ।"

ਸਰਦੇ ਪੁੱਜਦੇ ਘਰਾਂ ਦੇ ਕੁਝ ਸ਼ੁਭਚਿੰਤਕਾਂ ਨੇ ਮਹਾਰਾਜ ਨੂੰ ਚੇਤਵਾਨੀ ਦਿੱਤੀ, "ਮਹਾਰਾਜ ! ਤੁਸੀਂ ਆਪਣੇ ਆਪ ਨੂੰ ਮਾਮਲੇ ਵਿੱਚ ਕਿਉਂ ਫਸਾ ਰਹੇ ਹੋ ? ਇਹ ਪਤਨਵਾਦੀ ਹਨ ਜੋ ਕਾਂਗਰਸ ਦੇ ਕੱਟੜ ਦੁਸ਼ਮਣ ਹਨ। ਇਹ ਨਿਰਦਈ ਕਤਲ ਕਰਾਉਣ ਵਾਲੇ ਹਨ। ਇਹ ਜਮਾਂਦਰੂ ਚੋਰ ਤੇ ਕਾਤਲ ਹਨ। ਤੁਸੀਂ ਇਨ੍ਹਾਂ ਨੂੰ ਕਿਉਂ ਬਚਾਉਣਾ ਚਾਹੁੰਦੇ ਹੋ?"

ਇਨ੍ਹਾਂ ਸ਼ੁਭਚਿੰਤਕਾਂ ਵਾਸਤੇ ਮਹਾਰਾਜ ਕੋਲ ਇਕੋ ਜਵਾਬ ਹੁੰਦਾ ਸੀ। "ਜੇ ਤੁਹਾਡੇ ਕਿਸੇ ਰਿਸ਼ਤੇਦਾਰ ਉੱਤੇ ਇਹੋ ਜਿਹੀ ਮੁਸੀਬਤ ਆ ਪੈਂਦੀ, ਅਤੇ ਉਸ ਨੂੰ ਫਾਹੇ ਲਾਇਆ ਜਾਂਦਾ, ਤਾਂ ਕੀ ਤੁਸੀਂ ਉਸ ਦੀ ਮਦਦ ਨਾਂ ਕਰਦੇ ? ਇਸੇ ਤਰ੍ਹਾਂ, ਇਹ ਭਾਵੇਂ ਕਿਹੋ ਜਿਹੇ ਅਤੇ ਕੋਈ ਵੀ ਹਨ - ਮੇਰੇ ਆਪਣੇ - ਮੇਰੇ ਰਿਸ਼ਤੇਦਾਰ ਹਨ। ਮੈਂ ਇਨ੍ਹਾਂ ਦੀ ਮਦਦ ਕਰਨੋਂ ਨਹੀਂ ਰਹਿ ਸਕਦਾ।"

ਉਚੇਰੀ ਅਦਾਲਤ ਵਿੱਚ ਅਪੀਲ ਦੀ ਸੁਣਵਾਈ ਦਾ ਦਿਨ ਨੇੜੇ ਆ ਰਿਹਾ ਸੀ। ਵਕੀਲ ਕਰ ਲਏ ਗਏ ਸਨ ਅਤੇ ਉਹ ਸਫਾਈ ਬਾਰੇ ਕੇਸ ਤਿਆਰ ਕਰ ਰਹੇ ਸਨ। ਵਟਾਦਰਾ ਵਿੱਚ ਇਨ੍ਹਾਂ ਬੇਗੁਨਾਹਾਂ ਨੂੰ ਸੁਣਾਈ ਗਈ ਸਜ਼ਾ ਨੇ ਵਕੀਲਾਂ ਵਿਚਕਾਰ ਜ਼ਮੀਰ ਦਾ ਸੰਘਰਸ਼ ਪੈਦਾ ਕਰ ਦਿੱਤਾ ਸੀ। ਦੂੱਜੇ ਪਾਸੇ ਗਾਂਧੀ ਜੀ ਸਰਕਾਰ ਵੱਲੋਂ ਨਾ-ਮਿਲਵਰਤਣ ਲਹਿਰ ਦੇ ਦੌਰਾਨ ਲੋਕਾਂ ਤੋਂ ਖੋਹੀ ਜ਼ਮੀਨ ਵਾਪਸ ਕਰਾਉਣ ਦੇ ਯਤਨ ਕਰ ਰਹੇ ਸਨ। ਸਰਕਾਰ ਨੇ ਇਹ ਜ਼ਮੀਨ ਖੋਹ ਕੇ ਜਿਨ੍ਹਾਂ ਲੋਕਾਂ ਨੂੰ ਅਲਾਟ ਕੀਤੀ ਸੀ

ਉਨ੍ਹਾਂ ਵਿੱਚ ਇਕ ਨਾਂ ਵਘਾਲਾ ਪਤਨਵਾਦੀਏ ਦਾ ਸੀ ਜੋ ਕਤਲ ਤੋਂ ਬੇਗੁਨਾਹ ਸੀ, ਪਰ ਜਿਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਗਾਂਧੀ ਜੀ ਦੇ ਨਿੱਜੀ ਸਕੱਤਰ ਮਹਾਂਦੇਵ ਡੇਸਾਈ ਨੇ ਮਹਾਰਾਜ ਨੂੰ ਪੁੱਛਿਆ, “ਕੀ ਇਸੇ ਆਦਮੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ ?”

"ਹਾਂ, ਇਹ ਉਹੀ ਆਦਮੀ ਹੈ ।”

“ਤਦ, ਰਵੀ ਸ਼ੰਕਰ ਮਹਾਰਾਜ!” ਡੇਸਾਈ ਨੇ ਕਿਹਾ, “ਕੀ ਤੂੰ ਉਸ ਕੋਲ ਜੇਲ੍ਹ ਵਿੱਚ ਜਾਏਂਗਾ ਅਤੇ ਉਸ ਤੋਂ ਇਹ ਜ਼ਮੀਨ ਸਾਨੂੰ ਦਿਵਾਏਂਗਾ ।”

"ਇਹੋ ਜਿਹੀ ਹਾਲਤ ਵਿੱਚ ਉਸ ਨੂੰ ਅਜਿਹਾ ਕਰਨਾ ਮੁਨਾਸਬ ਵੀ ਹੈ 'ਮਹਾਰਾਜ ਨੇ ਡੂੰਘਾ ਸਾਹ ਲੈਂਦਿਆਂ ਸੋਚਿਆ- ਕੀ ਇਹ ਮੁਨਾਸਬ ਹੈ। ਇਕ ਪਤਨਵਾਦੀਏ ਨੂੰ ਸਰਕਾਰ ਨੇ ਪੱਤੀਦਾਰ ਤੋਂ ਖੋਹੀ ਜ਼ਮੀਨ ਦਿੱਤੀ ਸੀ, ਜਿਹੜੀ ਉਸ ਨੇ ਲੈਣੀ ਮੰਨ ਲਈ ਸੀ। ਇਸ ਤਨਵਾਦੀਏ ਨੂੰ ਝੂਠੇ ਇਲਜ਼ਾਮ ਵਿੱਚ ਫਾਹੇ ਲਾਇਆ ਜਾ ਰਿਹਾ ਸੀ; ਹੁਣ ਇਸ ਸਟੇਜ ਤੇ ਉਸ ਨੂੰ ਜ਼ਮੀਨ ਛੱਡ ਦੇਣ ਲਈ ਕਹਿਣਾ ਅਤੇ ਇਹ ਕਹਿਣਾ ਕਿ ਜਿਨ੍ਹਾਂ ਨੇ ਉਸ ਨੂੰ ਇਹ ਸਜ਼ਾ ਦਿਵਾਈ ਸੀ, ਉਨ੍ਹਾਂ ਦੇ ਹੱਕ ਵਿੱਚ ਉਹ ਇਹ ਜ਼ਮੀਨ ਛੱਡ ਦੇਵੇ, ਕੀ ਠੀਕ ਸੀ?

“ਹਾਂ, ਇਹ ਠੀਕ ਮੌਕਾ ਹੈ” ਮਹਾਂਦੇਵ ਡਸਾਈ ਨੇ ਜ਼ੋਰ ਦੇਕੇ ਕਿਹਾ ਅਤੇ ਵਘਾਲੇ ਤੋਂ ਦਸਖ਼ਤ ਕਰਾਉਣ ਲਈ ਉਸ ਨੇ ਇਕਰਾਰਨਾਮੇ ਦਾ ਮਸੌਦਾ ਫੜਾਇਆ।

“ਉਸਦੇ ਦਸਖ਼ਤਾਂ ਦੀ ਤਸਦੀਕ ਜੇਲ੍ਹ ਦੇ ਸੁਪਰਡੰਟ ਤੋਂ ਕਰਾਉਣੀ ਨਾ ਭੁੱਲੀਂ।” ਉਸ ਨੇ ਗੱਲ ਪੂਰੀ ਕੀਤੀ।

ਇਹ ਉਸ ਲਈ ਬਹੁਤ ਵੱਡਾ ਇਮਤਿਹਾਨ ਸੀ। ਉਸ ਦੀਆਂ ਅਣਥੱਕ ਲੱਤਾਂ, ਜਿਹੜੀਆਂ ਅਨੇਕਾਂ ਵਾਰ ਉਸ ਰਸਤੇ ਤੇ ਤੁਰ ਚੁੱਕੀਆਂ ਸਨ, ਹੁਣ ਡਾਵਾਂ-ਡੋਲ ਹੋ ਰਹੀਆਂ ਸਨ। ਮੌਤ ਦੀ ਸਜ਼ਾ ਪਾਉਣ ਵਾਲਿਆਂ ਨੂੰ ਜਿਸ ਹਨ੍ਹੇਰੀ ਕੋਠੜੀ ਵਿੱਚ

ਰੱਖਿਆ ਜਾਂਦਾ ਹੈ, ਜਦੋਂ ਉਸ ਦਾ ਦਰਵਾਜ਼ਾ ਖੁੱਲ੍ਹਿਆ ਤਾਂ ਉਸ ਨੂੰ ਦੋ ਵਘਾਲੇ ਦਿਸੇ, ਜਿਨ੍ਹਾਂ ਦੇ ਮੂੰਹ ਤੇ ਵੱਡੀ ਵੱਡੀ ਦਾੜ੍ਹੀ ਉੱਗ ਆਈ ਸੀ ਅਤੇ ਜਿਨ੍ਹਾਂ ਦੀਆਂ ਗੱਲ੍ਹਾਂ ਮੌਤ ਦੇ ਸਹਿਮ ਤੋਂ ਅੰਦਰ ਧੱਸ ਗਈਆਂ ਸਨ। ਮਹਾਰਾਜ ਨੇ ਫੈਸਲਾ ਕੀਤਾ ਕਿ ਉਨ੍ਹਾਂ ਨੂੰ ਉਚੇਰੀ ਅਦਾਲਤ ਵਿੱਚ ਕੀਤੀ ਅਪੀਲ ਅਤੇ ਉਨ੍ਹਾਂ ਨੂੰ ਛੁਡਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਨਾ ਦੱਸਿਆ ਜਾਵੇ।

"ਵਘਾਲੇ! ਗਾਂਧੀ ਜੀ ਨੇ ਪੁੱਛਿਆ ਹੈ ਕਿ ਜਿਹੜੀ ਜ਼ਮੀਨ ਤੈਨੂੰ ਨਾ-ਮਿਲਵਰਤਣ ਲਹਿਰ ਵੇਲੇ ਸਰਕਾਰ ਨੇ ਦਿੱਤੀ ਸੀ, ਕੀ ਤੂੰ ਉਹ ਵਾਪਸ ਕਰਨ ਲਈ ਤਿਆਰ ਹੈਂ ?" ਮਹਾਰਾਜ ਨੇ ਉਸ ਨੂੰ ਪੁੱਛਿਆ ।

"ਬਿਲਕੁਲ! ਕਿਉਂ ਨਹੀਂ ?" ਉਸ ਮੰਦ ਭਾਗੇ ਮਨੁੱਖ ਨੇ ਕਿਹਾ, "ਹੁਣ ਤੋਂ ਹੀ ਉਹ ਜ਼ਮੀਨ ਗਾਂਧੀ ਜੀ ਦੀ ਹੋ ਗਈ ਸਮਝੋ। ਮੈਨੂੰ ਇਕਰਾਰਨਾਮੇ ਤੇ ਅੰਗੂਠਾ ਲਾ ਲੈਣ ਦਿਉ ।"

ਅੰਗੂਠਾ ਲਾਉਣ ਅਤੇ ਜੇਲ੍ਹ ਸੁਪਰਡੰਟ ਦੁਆਰਾ ਉਸ ਦੀ ਤਸਦੀਕ ਹੋ ਜਾਣ ਪਿੱਛੋਂ ਵਘਾਲੇ ਨੇ ਮਹਾਰਾਜ ਵੱਲ ਵੇਖ ਕੇ ਪੁੱਛਿਆ, "ਮਹਾਰਾਜ! ਕੀ ਤੁਸੀਂ ਮੇਰੀ ਇਕ ਬੇਨਤੀ ਗਾਂਧੀ ਜੀ ਤੱਕ ਪਹੁੰਚਾ ਦਿਉਗੇ ? ਅਸੀਂ ਮੌਤ ਵੱਲ ਨੂੰ ਜਾ ਰਹੇ ਹਾਂ। ਸਾਡੀ ਕਿਸਮਤ ਵੱਲ ਵੇਖੋ। ਅਸੀਂ ਗਾਂਧੀ ਜੀ ਨਾਲ ਜੋ ਜ਼ਿਆਦਤੀਆਂ ਕੀਤੀਆਂ ਹਨ ਉਨ੍ਹਾਂ ਲਈ ਸਜ਼ਾ ਭੋਗ ਰਹੇ ਹਾਂ, ਭਾਵੇਂ ਅਸੀਂ ਇਸ ਕੇਸ ਵਿੱਚ ਬੇਗੁਨਾਹ ਹਾਂ। ਕੀ ਉਹ ਸਾਨੂੰ ਹੁਣ ਮਾਫ਼ ਨਹੀਂ ਕਰਨਗੇ ਅਤੇ ਅਸ਼ੀਰਵਾਦ ਨਹੀਂ ਦੇਣਗੇ ? ਕੀ ਤੁਸੀਂ ਸਾਡੀ ਇਹ ਬੇਨਤੀ ਉਨ੍ਹਾਂ ਤੱਕ ਪਹੁੰਚਾ ਦੇਉਗੇ?"

ਮਹਾਰਾਜ ਕੋਲੋਂ ਹੋਰ ਨਾ ਸਹਿਣ ਹੋਇਆ, ਉਸ ਨੇ ਭਰੇ ਹੋਏ ਗਲੇ ਨਾਲ ਕਿਹਾ, "ਵਘਾਲਿਆ, ਮੈਂ ਤੇਰੀ ਗੱਲ ਜ਼ਰੂਰ ਉਨ੍ਹਾਂ ਤੱਕ ਪਹੁੰਚਾ ਦਿਆਂਗਾ ਅਤੇ ਉਹ ਤੈਨੂੰ ਅਸ਼ੀਰਵਾਦ ਦੇਣਗੇ ।"

ਮਹਾਰਾਜ ਵਿੱਚ ਉਨ੍ਹਾਂ ਵੱਲ ਤੱਕਣ ਦੀ ਹਿੰਮਤ ਨਹੀਂ ਸੀ। ਛੇਤੀ ਨਾਲ ਉਹ ਪਿੱਠ ਮੋੜ ਕੇ ਪਰਤ ਗਿਆ। ਹਨੇਰ ਕੋਠੜੀ ਦੇ ਦਰ ਠਾਹ ਕਰਕੇ ਬੰਦ ਹੋ ਗਏ ਅਤੇ ਮਨੁੱਖੀ ਲਾਸ਼ਾਂ ਉੱਤੇ ਪੈਂਦੀ ਰੋਸ਼ਨੀ ਨੂੰ ਉਨ੍ਹਾਂ ਬਾਹਰ ਹੀ ਰੋਕ ਦਿੱਤਾ, ਜਿਵੇਂ ਕਿਸੇ ਸਮੁੰਦਰੀ ਜਹਾਜ਼ ਦੇ ਤੂਫਾਨ ਵਿੱਚ ਗਰਕ ਹੋ ਜਾਣ ਪਿੱਛੋਂ ਚੁੱਪ ਛਾ ਜਾਵੇ।

ਅਪੀਲ ਦੇ ਫੈਸਲੇ ਵਾਲੇ ਦਿਨ ਮਹਾਰਾਜ ਸਫ਼ਾਈ ਦੇ ਵਕੀਲਾਂ ਅਤੇ ਦੋਸ਼ੀਆਂ ਦੇ ਪਰਿਵਾਰਾਂ ਨਾਲ ਅਦਾਲਤ ਵਿੱਚ ਬੈਠਾ ਸੀ। ਦੋਸ਼ੀ ਜੇਲ੍ਹ ਦੀ ਕੋਠੜੀ ਵਿੱਚ ਬਿਲਕੁਲ ਬੇਖਬਰ ਬੈਠੇ ਸਨ ਕਿ ਉਨ੍ਹਾਂ ਦੀ ਕਿਸਮਤ ਇਕ ਵਾਰੀ ਫਿਰ ਤੱਕੜੀ ਵਿੱਚ ਤੁਲ ਰਹੀ ਸੀ। ਉਨ੍ਹਾਂ ਨੂੰ ਕੋਈ ਉਮੀਦ ਨਹੀਂ ਸੀ। ਉਨ੍ਹਾਂ ਦੀ ਕੋਈ ਇੱਛਾ ਨਹੀਂ ਸੀ। ਵਘਾਲਾ, ਜਿਸ ਨੂੰ ਮੌਤ ਦੀ ਸਜ਼ਾ ਮਿਲੀ ਸੀ ਹਰ ਵੇਲੇ ਕਦਮਾਂ ਦੀ ਆਹਟ ਤੋਂ ਸਹਿਮਿਆਂ ਰਹਿੰਦਾ ਸੀ, ਜਿਹੜੇ ਉਸ ਨੂੰ ਜੇਲ੍ਹ ਦਾ ਦਰਵਾਜ਼ਾ ਖੋਲ੍ਹ ਕੇ ਇਕਲਾਪੀ ਕੋਠੜੀ ਦੇ ਹਨ੍ਹੇਰੇ ਵਿੱਚੋਂ ਕੱਢ ਕੇ ਇਕ ਸਦੀਵੀ ਹਨ੍ਹੇਰੇ ਦੇ ਖੂਹ ਵਿੱਚ ਸੁੱਟ ਦੇਣਗੇ।

ਦੁਪਹਿਰ ਤੱਕ ਬਹਿਸ ਚਲਦੀ ਰਹੀ। ਜੱਜ ਆਪਣੇ ਕਮਰਿਆਂ ਵਿੱਚ ਚਲੇ ਗਏ ਦੋਸ਼ੀਆਂ ਦੇ ਰਿਸ਼ਤੇਦਾਰ ਮਹਾਰਾਜ ਵੱਲ ਤੱਕਦੇ ਰਹੇ। ਮਹਾਰਾਜ ਦੀਆਂ ਅੱਖਾਂ ਕਮਰੇ ਦੇ ਬੰਦ ਦਰਵਾਜ਼ਿਆਂ ਉੱਤੇ ਜੰਮੀਆਂ ਹੋਈਆਂ ਹਨ। ਅਦਾਲਤ ਵਿੱਚ ਲੱਗੀ ਕਲਾਕ ਉੱਤੇ ਸੈਕਿੰਡ, ਮਿੰਟ ਅਤੇ ਘੰਟਿਆਂ ਦੀਆਂ ਸੂਈਆਂ ਸੁਸਤ ਰਫ਼ਤਾਰ ਨਾਲ ਚੱਲ ਰਹੀਆਂ ਸਨ। ਕਮਰੇ ਦੇ ਦਰਵਾਜ਼ਿਆਂ ਪਿੱਛੇ ਕਿਸੇ ਹਿਲਜੁਲ ਦਾ ਕੋਈ ਅਸਰ ਤੱਕ ਨਹੀਂ ਸੀ। ਅਖੀਰ ਵਿੱਚ ਮਹਾਰਾਜ ਨੇ ਪਿੰਡ ਵਾਲਿਆਂ ਨੂੰ ਕਿਹਾ, “ਤੁਸੀਂ ਜਾਓ ਤਾਂ ਜੋ ਗੱਡੀ ਫੜ ਸਕੋ ।”

ਉਹ ਸਮਝ ਗਏ। ਕੋਈ ਉਮੀਦ ਨਹੀਂ ਸੀ ਅਤੇ ਉਨ੍ਹਾਂ ਦੇ ਉੱਥੇ ਬੈਠਣਾ ਬੇਕਾਰ ਸੀ। ਉਨ੍ਹਾਂ ਨੇ ਅਘੋਸ਼ ਫੈਸਲਾ ਸਵੀਕਾਰ ਕਰ ਲਿਆ ਅਤੇ ਵਡਾਦਲਾ ਲਈ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਪਿੱਛੋਂ, ਸਫ਼ਾਈ ਵਕੀਲ ਆਇਆ ਅਤੇ ਕਹਿਣ ਲੱਗਾ, "ਜੱਜਾਂ ਨੇ ਫੈਸਲਾ ਸੁਣਾ ਦਿੱਤਾ ਹੈ ਅਤੇ ਫੈਸਲਾ ਲਿਖਵਾਇਆ ਜਾ ਚੁੱਕਾ ਹੈ ਅਤੇ ਇਸ

ਉੱਤੇ ਜੱਜਾਂ ਦੇ ਦਸਖ਼ਤ ਹੋ ਚੁੱਕੇ ਹਨ। ਸਾਰੇ ਸੱਤਾਂ ਨੂੰ ਕਤਲ ਦੇ ਦੋਸ਼ ਤੋਂ ਬੇਕਸੂਰ ਪਾਇਆ ਗਿਆ ਹੈ।"

ਮਹਾਰਾਜ ਉੱਥੇ ਇਕ ਪਲ ਨਾ ਠਹਿਰਿਆ। ਉਸ ਨੇ ਹੋਰ ਕੁਝ ਜਾਨਣ ਦੀ ਪਰਵਾਹ ਨਾ ਕੀਤੀ। ਉਹ ਦੌੜਦਾ ਜੇਲ੍ਹ ਵੱਲ ਗਿਆ।

ਕਿਰਪਾ ਕਰਕੇ ਮੈਨੂੰ ਉਨ੍ਹਾਂ ਨੂੰ ਮਿਲਣ ਦਿਓ। ਜੇਲ੍ਹ ਪਹੁੰਚਕੇ ਉਸ ਨੇ ਸੁਪਰਡੰਟ ਨੂੰ ਬੇਨਤੀ ਕੀਤੀ।

"ਅਜੇ ਹੁਕਮ ਨਹੀਂ ਆਇਆ" ਸੁਪਰਡੰਟ ਨੇ ਕਿਹਾ ।

"ਛੇਤੀ ਹੀ ਪਹੁੰਚ ਜਾਵੇਗਾ। ਮੈਂ ਇਹ ਖਬਰ ਆਪਣੇ ਅੰਦਰ ਨਹੀਂ ਰੱਖ ਸਕਦਾ ਮੇਰੇ ਤੇ ਮਿਹਰਬਾਨੀ ਕਰੋ ਅਤੇ ਉਨ੍ਹਾਂ ਨਾਲ ਮਿਲਾ ਦਿਓ। ਮੈਨੂੰ ਫੈਸਲੇ ਬਾਰੇ ਉਨ੍ਹਾਂ ਨੂੰ ਦੱਸ ਲੈਣ ਦਿਓ।"

ਸੁਪਰਡੰਟ ਦੇ ਕਮਰੇ ਵਿੱਚ ਸੱਤਾਂ ਨੂੰ ਇਕ ਕਤਾਰ ਵਿੱਚ ਖੜ੍ਹਾ ਕੀਤਾ ਗਿਆ। ਉਨ੍ਹਾਂ ਦੇ ਚਿਹਰੇ ਮੌਤ ਦੀ ਜ਼ਰਦੀ ਨਾਲ ਪੋਤੇ ਹੋਏ ਸਨ 'ਤੌਰ ਬਤੌਰੇ' ਹੋਏ ਉਹ ਆਲੇ-ਦੁਆਲੇ ਖ਼ਿਲਾਅ ਵਿੱਚ ਵੇਖ ਰਹੇ ਸਨ। ਇਸ ਤੋਂ ਪਹਿਲਾਂ ਕਿ ਮਹਾਰਾਜ ਨੇ ਆਪਣੀ ਮੱਧਮ ਤੇ ਸਧੀ ਹੋਈ ਆਵਾਜ਼ ਵਿੱਚ ਉਨ੍ਹਾਂ ਨੂੰ ਸ਼ੁਭ ਸਮਾਚਾਰ ਸੁਣਾਇਆ ਉਸ ਦੀਆਂ ਅੱਖਾਂ ਨੇ ਹਰੇਕ ਦੇ ਚਿਹਰੇ ਨੂੰ ਪਿਆਰ ਕੀਤਾ; ਪਹਿਲਾਂ ਤਾਂ ਉਹ ਕੋਈ ਪ੍ਰਤੀਕਰਮ ਨਾ ਪ੍ਰਗਟ ਕਰ ਸਕੇ; ਉਨ੍ਹਾਂ ਦੇ ਚਿਹਰੇ ਦੀਆਂ ਮਾਸਪੇਸ਼ੀਆਂ ਨਾ ਫਰਕੀਆਂ। ਉਨ੍ਹਾਂ ਦੀ ਜੀਭ ਤਾਲੂ ਨਾਲ ਚੰਬੜੀ ਰਹੀ। ਉਨ੍ਹਾਂ ਦੇ ਬੁੱਲ੍ਹ ਬਿਲਕੁਲ ਨਾ ਫਰਕੇ; ਉਨ੍ਹਾਂ ਦੀਆਂ ਪਲਕਾਂ ਬੇਹਿਸ ਰਹੀਆਂ। ਤਦ ਸਾਰੇ ਦੇ ਸਾਰੇ ਇੱਕੋ ਵਾਰ ਉਸ ਦੇ ਪੈਰਾਂ ਵਿੱਚ ਲੰਮੇ ਪੈ ਗਏ। ਇਸ ਤਰ੍ਹਾਂ ਲਗਦਾ ਸੀ ਜਿਵੇਂ ਸੱਤ ਮਸ਼ੀਨੀ ਮਨੁੱਖਾਂ ਨੂੰ ਬਟਨ ਦਬਾ ਕੇ ਉਸ ਦੇ ਸਾਹਮਣੇ ਮੂੰਹ ਭਾਰ ਲਿਟਾ ਦਿੱਤਾ ਗਿਆ ਹੋਵੇ।

ਜਦੋਂ ਉਹ ਖੜ੍ਹੇ ਹੋਏ- ਅਜੇ ਬੇਆਵਾਜ਼ - ਮਹਾਰਾਜ ਨੇ ਬੇਚੈਨੀ ਨਾਲ ਕਿਹਾ, "ਹਾਲੇ ਤੱਕ ਹੁਕਮ ਨਹੀਂ ਪਹੁੰਚਿਆ, ਮੈਂ ਜਾ ਕੇ ਲੈ ਆਉਂਦਾ ਹਾਂ ।"

ਉਹ ਅਦਾਲਤ ਵੱਲ ਦੌੜਦਾ ਗਿਆ। ਅੱਧੇ ਰਾਹ ਵਿੱਚ ਉਸ ਨੂੰ ਇਕ ਸਾਈਕਲ ਸਵਾਰ ਲਿਫ਼ਾਫ਼ਾ ਹੱਥ ਲਈ ਮਿਲਿਆ।

ਸਾਈਕਲ ਸਵਾਰ ਨੇ ਜ਼ੋਰ ਨਾਲ ਕਿਹਾ, "ਹੁਕਮ ? ਆਹ ਮੇਰੇ ਕੋਲ ਹੈ ।"

ਮਹਾਰਾਜ ਨੇ ਦੌੜਨਾ ਬੰਦ ਕਰ ਦਿੱਤਾ ਅਤੇ ਸਾਈਕਲ ਵਾਲਾ ਵੀ ਰੁਕ ਗਿਆ।"

"ਕੀ ਤੁਸੀਂ ਮੈਨੂੰ ਇਨਾਮ ਨਹੀਂ ਦਿਓਗੇ?" ਸਾਈਕਲ ਸਵਾਰ ਨੇ ਮਹਾਰਾਜ ਦੀਆਂ ਅੱਖਾਂ ਵਿੱਚ ਹੱਸਦਿਆਂ ਕਿਹਾ। ਮਹਾਰਾਜ ਨੇ ਬੜੇ ਤੇਜ਼ੀ ਨਾਲ ਆਪਣੀਆਂ ਜੇਬਾਂ ਫੋਲੀਆਂ। ਉਸ ਨੂੰ ਕੇਵਲ 2 ਪੈਸੇ ਲੱਭੇ। "ਅਪਰਗ੍ਰਹ" ਦੇ ਪਾਬੰਦ ਉਸ ਫਕੀਰ ਨੂੰ ਆਪਣੇ ਜੀਵਨ ਵਿੱਚ ਪਹਿਲੀ ਵਾਰੀ ਪੈਸੇ ਨਾ ਹੋਣ ਦਾ ਪਛਤਾਵਾ ਹੋਇਆ। ਜੀਵਨ ਵਿੱਚ ਪਹਿਲੀ ਵਾਰੀ ਉਸ ਬ੍ਰਾਹਮਣ ਨੇ ਦੁਖ ਮਹਿਸੂਸ ਕੀਤਾ ਕਿ ਜੇ ਉਸ ਵੇਲੇ ਉਸ ਪਾਸ ਦਸ ਰੁਪਏ ਹੁੰਦੇ ਤਾਂ ਉਹ ਸਾਰੇ ਦੇ ਸਾਰੇ ਇਸ ਵੇਲੇ ਦੇ ਦੇਣ ਵਿੱਚ ਕਿਤਨੀ ਖੁਸ਼ੀ ਹੁੰਦੀ ।" ਪਰ ਅਫਸੋਸ ! ਉਸ ਕੋਲ ਸਿਰਫ ਦੋ ਪੈਸੇ ਹੀ ਸਨ।

"ਕਿਰਪਾ ਕਰਕੇ ਇਹ ਲੈ ਲਵੋ। ਮੇਰੇ ਪਾਸ ਹੋਰ ਨਹੀਂ ਹਨ ।" ਉਸ ਨੇ ਹਲੀਮੀ ਨਾਲ ਸਾਈਕਲ ਸਵਾਰ ਨੂੰ ਕਿਹਾ।

ਉਸ ਦਾ ਹੱਥ ਹਵਾ ਵਿੱਚ ਫੈਲਿਆ ਰਿਹਾ; ਉਸ ਦਾ ਚਿਹਰਾ ਮੁਰਝਾ ਗਿਆ ਜਦੋਂ ਕਿ ਉਸ ਦਾ ਇਨਾਮ ਲਏ ਬਿਨਾਂ ਸਾਈਕਲ - ਸਵਾਰ ਪੈਡਲ ਮਾਰਦਾ ਹੋਇਆ ਜੇਲ੍ਹ ਵੱਲ ਚਲਾ ਗਿਆ। ਉਸ ਦੀ-ਮਾਯੂਸ ਹਥੇਲੀ ਵਾਪਸ ਜੇਬ ਵਿੱਚ ਚਲੀ ਗਈ, ਅਤੇ ਦੋ ਪੈਸੇ ਬੜੀ ਉਦਾਸੀ ਵਿੱਚ ਜੈਕਟ ਦੀ ਜੇਬ ਵਿੱਚ ਬਿਨਾਂ ਕੋਈ ਖੱੜਕਾ ਪੈਦਾ ਕੀਤੇ ਚਲੇ ਗਏ। ਹਤਾਸ਼ ਮਨੁੱਖ ਮੁੜ ਵਾਪਸ ਜੇਲ੍ਹ ਵੱਲ ਹੋ ਗਿਆ।

ਅਗਲੇ ਦਿਨ ਦੁਪਹਿਰ ਵੇਲੇ ਵਡਾਦਲਾ ਨੂੰ ਜਾਂਦੀ ਸੜਕ ਕਿਨਾਰੇ ਇਕ ਫ਼ਾਰਮ ਵਿੱਚ ਮਸਾਂ ਪੰਜਾਂ ਕੁ ਸਾਲਾਂ ਦਾ ਇਕ ਲੜਕਾ ਖਲੋਤਾ ਸੀ। ਉਸ ਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਉਸੇ ਸਵੇਰ ਉਸ ਦਾ ਚਾਚਾ ਤੇ ਹੋਰ ਸਾਥੀ ਸ਼ਹਿਰ ਤੋਂ ਵਾਪਸ ਆਏ ਸਨ। ਰੱਬ ਸੀ ਜਾਣੇ ਉਨ੍ਹਾਂ ਨੇ ਮਾਂ ਨੂੰ ਕੀ ਦੱਸਿਆ ਸੀ ਕਿ ਉਸ ਦੀਆਂ ਅੱਖੀਆਂ ਵਿੱਚੋਂ ਲਹੂ ਦੇ ਹੰਝੂ ਵਹਿ ਤੁਰੇ ਸਨ। ਘਰ ਵਿੱਚ ਛਾ ਗਏ ਸੋਗੀ ਵਾਤਾਵਰਨ ਵਿੱਚ ਘੁਟਣ ਤੋਂ ਬਚਣ ਲਈ ਉਹ ਇੱਥੇ ਬਾਹਰ ਆ ਗਿਆ ਸੀ। ਘਰੋਂ ਬਾਹਰ ਉਸ ਨੂੰ ਕਿਸੇ ਨੇ ਦੱਸਿਆ ਸੀ ਕਿ ਉਸ ਦਾ ਪਿਉ ਰੱਬ ਕੋਲ ਪਹੁੰਚ ਗਿਆ ਸੀ ਅਤੇ ਉਹ ਕਦੇ ਵਾਪਸ ਨਹੀਂ ਆਵੇਗਾ। ਇਸ ਤਰ੍ਹਾਂ ਉਹ ਆਸਮਾਨ ਵੱਲ ਵੇਖਦਾ ਉਡੀਕਦਾ ਖੜ੍ਹਾ ਸੀ। ਜਦੋਂ ਉਸ ਨੇ ਸੜਕ ਉੱਤੇ ਪੈਰਾਂ ਦਾ ਖੜਾਕ ਸੁਣਿਆ। ਅਵਾਜ਼ ਬਹੁਤ ਦੂਰ ਤੋਂ ਆ ਰਹੀ ਸੀ। ਪਰ ਉਹ ਹੌਲੀ ਹੌਲੀ ਵਧ ਰਹੀ ਸੀ। ਉਸ ਨੇ ਆਪਣੀਆਂ ਅੱਖਾਂ ਦਿਸਹੱਦੇ ਤੇ ਗੱਡ ਦਿੱਤੀਆਂ ਅਤੇ ਕੁਝ ਲੋਕਾਂ ਨੂੰ, ਸ਼ਾਇਦ ਉਹ ਅੱਠ ਆਦਮੀ ਸਨ, ਆਉਂਦੇ ਵੇਖਿਆ ? ਜਦੋਂ ਉਹ ਨੇੜੇ ਆ ਗਏ ਤਾਂ ਉਸ ਨੇ ਉਨ੍ਹਾਂ ਨੂੰ ਉਨ੍ਹਾਂ ਵਿੱਚੋਂ ਘੱਟੋ ਘੱਟ ਇਕ ਨੂੰ ਪਛਾਣਿਆ। ਉਹ ਬੜਾ ਹੈਰਾਨ, ਪਰ ਖੁਸ਼ ਹੋਇਆ। ਜੋ ਕੁਝ ਉਸ ਨੇ ਵੇਖਿਆ ਸੀ ਉਸ ਤੇ ਇਤਬਾਰ ਨਾ ਕਰਦੇ ਹੋਏ ਵੀ ਉਹ ਆਪਣੇ ਘਰ ਮਾਂ ਵੱਲ ਦੌੜਿਆ।

ਮਹਾਰਾਜ ਨੇ ਕਿਹਾ, "ਮੈਨੂੰ ਸਮਝ ਨਹੀਂ ਆਈ ਕਿ ਸਾਨੂੰ ਵੇਖਦਿਆਂ ਸਾਰ ਮੁੰਡਾ ਦੌੜ ਕਿਉਂ ਗਿਆ ਹੈ ?"

ਵਘਾਲੇ ਨੇ, ਜੋ ਮੌਤ ਦੇ ਜਬਾੜੇ ਵਿੱਚੋਂ ਨਿਕਲ ਕੇ ਆਇਆ ਸੀ ਦੱਸਿਆ। "ਇਹ ਮੇਰਾ ਪੁੱਤਰ ਹੈ ।" ਉਹ ਨਾ ਆਪਣੇ ਪੁੱਤਰ ਨੂੰ ਅਤੇ ਨਾ ਹੀ ਉਸ ਦਾ ਪੁੱਤਰ ਉਸ ਨੂੰ ਪੁਕਾਰ ਸਕਿਆ ਸੀ ਕਿਉਂਕਿ ਸ਼ਾਇਦ ਉਹ ਇਸ ਨੂੰ ਇਕ ਛਲਾਵਾ ਹੀ ਸਮਝਦੇ ਸਨ।

"ਆਉ ਆਪਾਂ ਇੱਥੇ ਹੀ ਹੁਣੇ ਹੀ ਖੁਸ਼ੀ ਮਨਾਈਏ ।" ਜਦੋਂ ਉਹ ਪਿੰਡ ਦੇ ਨੇੜੇ ਪੁੱਜ ਗਏ ਤਾਂ ਸੱਤਾਂ ਵਿੱਚੋਂ ਇਕ ਨੇ ਖੁਸ਼ੀ ਨਾਲ ਪ੍ਰਸਤਾਵ ਦਿੱਤਾ ।" ਆਉ ਆਪਾਂ ਮਠਿਆਈ ਖਾਈਏ ।"

ਮਹਾਰਾਜ ਨੇ ਬੜੀ ਕਰੜਾਈ ਨਾਲ ਕਿਹਾ, "ਤੁਸੀਂ ਕਿਹੜੇ ਕਾਰਨਾਮੇ ਕਰਕੇ ਆਏ ਹੋ। ਉਸ ਦੀ ਖੁਸ਼ੀ ਮਨਾਉਣੀ ਚਾਹੁੰਦੇ ਹੋ ? ਖਬਰਦਾਰ ! ਇੱਕੋ ਥਾਂ ਤੇ ਬੈਠੇ ਰਹੋ ਜਦ ਤੱਕ ਮੈਂ ਤੁਹਾਨੂੰ ਉੱਥੋਂ ਜਾਣ ਲਈ ਨਹੀਂ ਕਹਿੰਦਾ ।"

ਉਸ ਨੇ ਉਨ੍ਹਾਂ ਦੇ ਮਨ ਅੰਦਰ ਦੀ ਗੱਲ ਸਮਝ ਲਈ ਸੀ। ਜਦੋਂ ਉਨ੍ਹਾਂ ਨੂੰ ਸਜ਼ਾ ਹੋਈ ਸੀ ਤਾਂ ਪੱਤੀਦਾਰਾਂ ਨੇ ਫ਼ੀਸਟ ਕੀਤੀ ਸੀ। ਹੁਣ ਉਹ ਜਵਾਬ ਵਿੱਚ ਫੀਸਟ ਕਰਨਾ ਚਾਹੁੰਦੇ ਸਨ। ਪਰ ਉਹ ਉਨ੍ਹਾਂ ਨੂੰ ਕਦੇ ਵੀ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਦੇ ਸਕਦਾ। ਉਸ ਨੇ ਤਦ ਤੱਕ ਉਨ੍ਹਾਂ ਨੂੰ ਬਾਹਰ ਨਾ ਨਿਕਲਣ ਦਿੱਤਾ ਜਦ ਤੱਕ ਗੱਲ ਮੱਠੀ ਨਾ ਪੈ ਗਈ। ਤਦ, ਇਕ ਦਿਨ ਉਸ ਨੇ ਸਾਰਿਆਂ ਨੂੰ ਬੁਲਾਇਆ ਅਤੇ ਕਿਹਾ, "ਆਉ ਚੱਲੀਏ।"

"ਕਿੱਥੇ? ਮਹਾਰਾਜ ਜੀ ।"

"ਅਸੀਂ...........ਭਾਈ ਨੂੰ ਮਿਲਣ ਜਾਵਾਂਗੇ ।"

"ਅਸੀਂ ਉੱਥੇ ਕੀ ਕਰਨਾ ਹੈ?"

"ਅਸੀਂ ਉਸ ਤੋਂ ਮੁਆਫ਼ੀ ਮੰਗਾਗੇ?"

"ਮਹਾਰਾਜ! ਮਾਫ਼ੀ ਅਸੀਂ ਮੰਗਾਂਗੇ - ਉਸ ਨੇ ਸਾਡੇ ਨਾਲ ਕੀ ਕੀਤਾ ਹੈ ? ਕੀ ਅਸੀਂ ਉਸ ਕੋਲ ਜਾ ਕੇ ਮੁਆਫ਼ੀ ਮੰਗਾਂਗੇ ?" ਉਨ੍ਹਾਂ ਦੇ ਚਿਹਰੇ ਮੁਆਫ਼ੀ ਦੇ ਖ਼ਿਆਲ ਤੋਂ ਹੀ ਮੁਰਝਾ ਗਏ।

"ਹਾਂ, ਇਹੀ ਕੁਝ ਤੁਹਾਨੂੰ ਕਰਨਾ ਪਵੇਗਾ ।"

“ਪਰ ਇਸ ਦਾ ਮਤਲਬ ਤਾਂ ਆਪਣੀ ਪਿੱਠ ਵਿੱਚ ਛੁਰਾ ਮਾਰਨ ਦੇ ਬਰਾਬਰ ਹੈ।”

“ਤਾਂ ਫਿਰ ਮਾਰੋ ਛੁਰਾ। ਮੈਂ ਜੋ ਕੁਝ ਕਹਿ ਰਿਹਾ ਹਾਂ ਤੁਹਾਨੂੰ ਕਰਨਾ ਹੀ ਪਵੇਗਾ।”

ਉਹ ਮਹਾਰਾਜ ਨਾਲ ਚਲੇ ਗਏ। ਮਹਾਰਾਜ ਦੇ ਨਾਲ ਉਹ...........ਭਾਈ ਦੇ ਘਰ ਪੌੜੀਆਂ ਉੱਪਰ ਚੜ੍ਹੇ। ਮਹਾਰਾਜ ਬੜੇ ਚਿਰ ਤੋਂ ਦੋਨਾਂ ਬਰਾਦਰੀਆਂ ਵਿੱਚ ਚਲੀ ਆ ਰਹੀ ਦੁਸ਼ਮਣੀ ਨੂੰ ਖਤਮ ਕਰਨ ਦੇ ਮੌਕੇ ਦੀ ਤਲਾਸ਼ ਵਿੱਚ ਸੀ। ਪਰ............ ਭਾਈ ਨੇ ਸਤ ਪਤਨਵਾਦੀਆਂ ਅਤੇ ਮਹਾਰਾਜ ਨੂੰ ਵੇਖ ਕੇ ਮੂੰਹ ਭੂਆ ਲਿਆ।

“ਭਾਈ! ਮੈਂ ਆਪ ਤੋਂ ਮੁਆਫ਼ੀ ਮੰਗਣ ਆਇਆ ਹਾਂ। ਜੇਕਰ ਆਪ ਸਮਝਦੇ ਹੋਵੇ ਕਿ ਮੈਂ ਆਪ ਨੂੰ ਕੋਈ ਨੁਕਸਾਨ ਪਹੁੰਚਾਇਆ ਹੈ।” ਮਹਾਰਾਜ ਨੇ ਬੜੀ ਨਿਮਰਤਾ ਨਾਲ ਕਿਹਾ। “ਇਹ ਸੱਤ ਆਦਮੀ ਵੀ ਇਸੇ ਲਈ ਆਏ ਹਨ।”

ਭਾਈ ਵੱਲੋਂ ਕੋਈ ਜਵਾਬ ਨਾ ਆਇਆ। ਉਸ ਨੇ ਨਜ਼ਰ ਉਠਾ ਕੇ ਵੇਖਿਆ ਵੀ ਨਾ। ਅੱਠੇ ਆਦਮੀ ਕੁਝ ਚਿਰ ਉਡੀਕਦੇ ਰਹੇ ਅਤੇ ਫਿਰ ਚੁਪ-ਚਾਪ ਚਲ ਪਏ।

ਇਕ ਦਿਨ ਮਹਾਰਾਜ ਮਾਹੀ ਤੱਟ ਅਤੇ ਖੱਡਾਂ ਵਿੱਚੋਂ ਦੀ ਲੰਘਦੀ ਸੜਕ ਤੇ ਜਾ ਰਿਹਾ ਸੀ ਕਿ ਉਸ ਨੂੰ ਦੂਰ ਤੋਂ ਕੁਝ ਆਵਾਜ਼ਾਂ ਸੁਣਾਈ ਦਿੱਤੀਆਂ।

"ਠਹਿਰ ਜਾਉ। ਕਿਰਪਾ ਕਰਕੇ ਠਹਿਰ ਜਾਉ।”

ਦੋ ਆਦਮੀ ਉਸ ਵੱਲ ਦੌੜੇ। ਮਹਾਰਾਜ ਰੁਕ ਗਿਆ ਅਤੇ ਵੇਖਿਆ ਕਿ ਉਨ੍ਹਾਂ ਦੋਨਾਂ ਕੋਲ ਹਥਿਆਰ ਸਨ। ਉਨ੍ਹਾਂ ਵਿੱਚੋਂ ਇਕ ਨੇ ਆਪਣੀ ਪੱਗ ਉਤਾਰ ਕੇ ਜ਼ਮੀਨ ਤੇ ਵਿਛਾ ਦਿੱਤੀ।

"ਕਿਰਪਾ ਕਰਕੇ ਬੈਠ ਜਾਉ।” ਉਸ ਨੇ ਮਹਾਰਾਜ ਨੂੰ ਕਿਹਾ।

"ਤੁਸੀਂ ਕੀ ਚਾਹੁੰਦੇ ਹੋ? ਛੇਤੀ ਬੋਲੋ ।"

"ਪਹਿਲਾਂ ਤੁਸੀਂ ਬੈਠ ਜਾਉ। ਮੈਂ ਤੁਹਾਨੂੰ ਕੁਝ ਦਸਣਾ ਚਾਹੁੰਦਾ ਹਾਂ ।"

"ਅੱਛਾ! ਹੁਣ ਦੱਸੋ ਕੀ ਗੱਲ ਹੈ ?" ਮਹਾਰਾਜ ਬੈਠ ਗਿਆ ਤੇ ਬੋਲਿਆ ।

ਉਸ ਨੇ ਇਕ ਨੂੰ ਪਛਾਣ ਲਿਆ ਜੋ ਇਕ ਨੌਜਵਾਨ ਮੁਜਰਮ ਸੀ ਅਤੇ ਜਿਸ ਦੇ ਵਰੰਟ ਨਿਕਲੇ ਹੋਏ ਸਨ ।

"ਗੱਲ ਇਸ ਤਰ੍ਹਾਂ ਹੈ, ਅਸੀਂ ਉਸ ਸਾਲੇ ਨੌਜਵਾਨ ਨੇ ਬੜੇ ਜੋਸ਼ ਨਾਲ ਕਿਹਾ । ਭਾਈ ਦਾ ਖ਼ੂਨ ਕਰਨ ਚੱਲੇ ਹਾਂ।"

"......................ਕਿਸ ਦਾ ਖ਼ੂਨ ਕਰਨੇ ਚੱਲੇ ਹੋ?"

"ਵਡਾਦਲੇ ਦੇ................ਭਾਈ ਦਾ"

"ਪਰ! ਕਿਉਂ, ਉਸ ਨੇ ਕੀ ਕੀਤਾ ਹੈ ?"

"ਉਹ ਨੂੰ ਗਾਲ੍ਹਾਂ ਕੱਢਦਾ ਹੈ ।"

"ਕਿਸ ਨੂੰ ਗਾਲ੍ਹਾ ਕੱਢਦਾ ਹੈ?"

"ਉਹ ਤੁਹਾਨੂੰ ਗਾਲ੍ਹਾਂ ਕੱਢਦਾ ਹੈ। ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ। ਅਸੀਂ ਉਸ ਦਾ ਸਿਰ ਲਾਹ ਦਿਆਂਗੇ ।"

"ਚੁੱਪ ਕਰੋ! ਵੱਡੇ ਆਏ ਸਿਰ ਲਾਹੁਣ ਵਾਲੇ। ਜੇ ਉਹ ਮੈਨੂੰ ਗਾਲ੍ਹਾਂ ਕੱਢਦੇ ਹਨ ਤਾਂ ਤੁਹਾਨੂੰ ਕੀ ? ਉਹ ਨੂੰ ਕੱਢੀ ਜਾਣ ਦਿਉ। ਆਪਣੀ ਗੱਲ ਕਰੋ। ਤੇਰੇ ਖਿਲਾਫ਼ ਵਾਰੰਟ ਨਿਕਲੇ ਹੋਏ ਹਨ। ਤੂੰ ਅਜੇ ਤੱਕ ਆਪਣੇ ਆਪ ਨੂੰ ਮੇਰੇ ਹਵਾਲੇ ਨਹੀਂ ਕੀਤਾ। ਜਾਓ, ਕੋਈ ਬੇਵਕੂਫੀ ਨਾ ਕਰੋ ।"

ਮਹਾਰਾਜ ਸਿੱਧਾ..............ਭਾਈ ਨੂੰ ਮਿਲਣ ਲਈ ਵਡਾਦਲੇ ਗਿਆ।

"..................ਭਾਈ ਮੈਂ ਤੁਹਾਨੂੰ ਇਕ ਗੱਲ ਕਹਿਣ ਲਈ ਆਇਆ ਹਾਂ ਜਦੋਂ ਤੁਸੀਂ ਇਕੱਲੇ ਹੋਵੇ ਤਾਂ ਬੇਸ਼ੱਕ ਜੀਅ ਭਰ ਕੇ ਮੈਨੂੰ ਗਾਲ੍ਹਾਂ ਕੱਢੋ। ਮੈਂ ਤੁਹਾਨੂੰ ਇਕ ਸ਼ਬਦ ਵੀ ਨਹੀਂ ਕਹਾਂਗਾ। ਪਰ ਸ੍ਰੀਮਾਨ ਦੂਜਿਆਂ ਦੇ ਸਾਹਮਣੇ ਅਜਿਹਾ ਨਾ ਕਰੋ। ਪਤਨਵਾਦੀਏ ਛੇਤੀ ਗੁੱਸੇ ਵਿੱਚ ਆ ਜਾਂਦੇ ਹਨ ਅਤੇ ਮੈਨੂੰ ਡਰ ਹੈ ਮਤੇ ਉਹ ਤੁਹਾਨੂੰ ਕੋਈ ਨੁਕਸਾਨ ਪਹੁੰਚਾਉਣ" ਉਸ ਨੇ..............ਭਾਈ ਨੂੰ ਕਿਹਾ ।

(ਨੋਟ : ........... ਭਾਈ ਕਾਫ਼ੀ ਦੇਰ ਤੋਂ ਸੁਰਗ ਸਿਧਾਰ ਗਏ ਹਨ।)

*********

# ਇਕ ਦਾਰਸ਼ਨਿਕ ਚੋਰ

ਸ਼ਹਿਰ ਤੋਂ ਲਗਭਗ 4 ਮੀਲ ਬਾਹਰ ਇਕ ਮੁਸਲਮਾਨ ਪੀਰ ਦਾ ਮਕਬਰਾ ਸੀ। ਜ਼ਿਲ੍ਹੇ ਦਾ ਫ਼ੌਜਦਾਰ ਉਸ ਦੀ ਬਖਸ਼ੀਸ਼ ਪ੍ਰਾਪਤ ਕਰਨ ਲਈ ਉੱਥੇ ਆਇਆ ਸੀ ।

ਫ਼ੌਜਦਾਰ ਸਾਹਿਬ ਨੇ ਇਕ ਵਿਅਕਤੀ ਨੂੰ, ਜਿਸ ਤੇ ਚੋਰੀ ਦਾ ਸ਼ੁਬ੍ਹਾ ਸੀ, ਇਸ਼ਾਰਾ ਕਰਕੇ ਆਪਣੇ ਕੋਲ ਬੁਲਾਇਆ ਅਤੇ ਮੂੰਹ ਵਿੱਚ ਚੌਲਾਂ ਦੇ ਦਾਣੇ ਚਬਾਉਣ ਲਈ ਕਿਹਾ। ਉਸ ਵਿਅਕਤੀ ਨੇ ਚੌਲ ਮੂੰਹ ਵਿੱਚ ਪਾ ਲਏ ਅਤੇ ਜਦ ਤੱਕ ਫ਼ੌਜਦਾਰ ਨੇ ਉਸ ਨੂੰ ਬਾਹਰ ਥੁੱਕਣ ਲਈ ਨਾ ਕਿਹਾ, ਉਹ ਉਨ੍ਹਾਂ ਨੂੰ ਚਿੱਥਦਾ ਰਿਹਾ। ਥੱਕੇ ਹੋਏ ਚੌਲਾਂ ਦਾ ਮੁਆਇਨਾ ਕਰਨ ਲਈ ਫੌਜਦਾਰ ਤੇ ਉਸ ਦੇ ਸਾਥੀ ਚੁੱਕੇ। ਚੰਗੀ ਤਰ੍ਹਾਂ ਨਿਰੀਖਣ ਕਰਨ ਉਪਰੰਤ ਸਾਹਿਬ ਨੇ ਕਿਹਾ, “ਨਹੀਂ, ਨਹੀਂ; ਇਹ ਆਦਮੀ ਚੋਰ ਨਹੀਂ ਇਸ ਦੇ ਸੁੱਟੇ ਹੋਏ ਚੌਲਾਂ ਵਿੱਚ ਥੁੱਕ ਦੀ ਮਾਤਰਾ ਕਾਫ਼ੀ ਜ਼ਿਆਦਾ ਹੈ। ਚਲੋ ਅਗਲੇ ਨੂੰ ਬੁਲਾਉ ।”

ਉਸ ਨੇ ਅਗਲੇ ਵਿਅਕਤੀ ਨੂੰ ਬੁਲਾਇਆ, “ਅੱਗੇ ਆ ਕੇ ਚੌਲਾਂ ਨੂੰ ਚਿੱਥ ਭਈ।” ਇਕ ਹੋਰ ਸ਼ੱਕੀ ਵਿਅਕਤੀ ਅੱਗੇ ਵਧਿਆ ਅਤੇ ਚੌਲ ਚਿੱਥਣ ਤੇ ਥੁੱਕੇ ਹੋਏ ਚੌਲਾਂ ਦਾ ਨਰੀਖਣ ਕਰਨ ਦਾ ਇਹ ਸਿਲਸਿਲਾ ਚਲਦਾ ਰਿਹਾ। ਇਕ ਵਾਰੀ ਫੇਰ ਸਾਹਿਬ ਨੇ ਆਪਣਾ ਸਿਰ ਨਾਂਹ ਵਿੱਚ ਹਿਲਾਉਂਦਿਆਂ ਉਸ ਵਿਅਕਤੀ ਨੂੰ ਨਿਰਦੋਸ਼ ਕਰਾਰ ਦਿੱਤਾ।

ਅਗਲਾ ਸ਼ੱਕੀ ਆਦਮੀ ਝੱਲਾ ਸੀ ਜਿਹੜਾ ਕਿ ਪਤਨਵਾਦੀ ਸੀ। ਚੌਲ ਫੜਨ ਵੇਲੇ ਉਸ ਦੇ ਹੱਥ ਕੰਬ ਰਹੇ ਸਨ; ਮੂੰਹ ਵਿੱਚ ਪਾਉਣ ਵੇਲੇ ਉਸ ਦੇ ਬੁੱਲ੍ਹ ਕੰਬ ਰਹੇ

ਸਨ। ਉਸ ਨੇ ਚੌਲ ਚੱਬ ਕੇ ਥੁੱਕ ਦਿੱਤੇ। ਅੱਧ-ਚੱਬੇ ਚੌਲਾਂ ਨੂੰ ਵੇਖ ਕੇ ਸਾਹਿਬ ਦਾ ਚਿਹਰਾ ਚਮਕ ਉੱਠਿਆ।

"ਕੀ ਤੁਹਾਨੂੰ ਪਤਾ ਹੈ ਕਿ ਮੈਂ ਕੀ ਵੇਖਿਆ ਹੈ।" ਉਸ ਨੇ ਆਪਣੇ ਸਾਥੀਆਂ ਨੂੰ ਦੱਸਿਆ। "ਚੌਲ ਬਿਲਕੁਲ ਖੁਸ਼ਕ ਹਨ। ਬੱਚੂ ਆਖਰ ਅਸਾਂ ਤੈਨੂੰ ਫੜ ਹੀ ਲਿਆ ਨਾ! ਬਾਕੀ ਦੇ ਸਭ ਰਫੂ ਹੋ ਜਾਉ। ਝੱਲਿਆ ! ਤੂੰ ਐਧਰ ਆ।"

ਡਰ ਨਾਲ ਕੰਬਦਾ ਤੇ ਸੁੰਗੜਦਾ ਝੱਲਾ ਹੋਰ ਨੇੜੇ ਹੋ ਗਿਆ। ਛੋਟੇ ਛੋਟੇ ਕਦਮ ਪੁਟਦਿਆਂ ਉਸ ਨੇ ਮਰੇ ਹੋਏ ਪੀਰ ਨੂੰ ਦਿਲ ਵਿੱਚ ਗਾਲ੍ਹਾਂ ਕੱਢੀਆਂ। "ਉਹ ਮਰਦੂਦ ਪੀਰਾ ਤੂੰ ਕਦੋਂ ਤੋਂ ਪੁਲਸ ਦਾ ਸੂਹੀਆ ਬਣ ਗਿਆ ਏਂ ? ਤੂੰ ਇਸ ਧੋਖਾ-ਦਿਹੀ ਵਿੱਚ ਕਿਵੇਂ ਸ਼ਾਮਲ ਹੋ ਗਿਆ ਹੈ ? ਕੀ ਤੂੰ ਵੀ ਇਨ੍ਹਾਂ ਆਦਮ-ਖਾਣਿਆਂ ਦੀ ਸਾਜ਼ਸ਼ ਵਿੱਚ ਸ਼ਰੀਕ ਏਂ? ਆਪਣੇ ਪੀਰ ਦੇ ਬਾਣੇ ਵਿੱਚ ਤੂੰ ਵੀ ਇਹ ਜ਼ੁਲਮ ਕਰ ਰਿਹੈਂ?"

ਝੱਲੇ ਦੀ ਸੋਚ ਦੀ ਤਾਰ ਜੋ ਪੀਰ ਨਾਲ ਜੁੜੀ ਹੋਈ ਸੀ, ਉਦੋਂ ਟੁੱਟੀ ਜਦੋਂ ਫੌਜਦਾਰ ਦਾ ਬੂਥਾ ਭੰਨਣ ਵਾਲਾ ਥੱਪੜ ਉਸ ਦੇ ਮੂੰਹ ਤੇ ਪਿਆ। ਫੌਜਦਾਰ ਨੇ ਘਿਰਣਤ ਹਾਸਾ ਹੱਸਦਿਆਂ ਉਸ ਤੋਂ ਇਕਬਾਲੀਆ ਸਵਾਲ ਪੁੱਛਿਆ, "ਚੋਰੀ ਕੀਤਾ ਕੱਪੜਾ ਕਿੱਥੇ ਈ ?"

"ਸਾਹਿਬ! ਕਿਹੜਾ ਕੱਪੜਾ ?"

"ਉਏ! ਮੈਂ ਕਿਹਾ ਉਹੀ ਕੱਪੜਾ ਜਿਹੜਾ ਨੂੰ ਕਿੰਖਲੋਡ ਪਿੰਡ ਦੇ ਪੱਤੀਦਾਰ ਦਾ ਚੁਰਾਇਆ ਹੈ।" ਹੁਣ ਬਹੁਤਾ ਚਤਰ ਬਣਨ ਦੀ ਕੋਸ਼ਿਸ਼ ਨਾ ਕਰ ਅਤੇ ਕੱਪੜਾ ਸਾਡੇ ਹਵਾਲੇ ਕਰ ਦੇ। ਹੁਣ ਤੂੰ ਪੀਰ ਦੀ ਪਕੜ ਤੋਂ ਭੱਜ ਨਹੀਂ ਸਕਦਾ।"

"ਸਾਹਿਬ! ਮੈਨੂੰ ਕੱਪੜੇ ਦਾ ਕੁਝ ਪਤਾ ਨਹੀਂ

"ਫਿਰ ਸਾਨੂੰ ਝੱਲੇ ਭਾਈ ਨੂੰ ਠੀਕ ਤਰ੍ਹਾਂ ਸਮਝਾਉਣਾ ਪਵੇਗਾ" ਸਾਹਿਬ ਨੇ ਆਪਣੇ ਸਾਥੀਆਂ ਵੱਲ ਘੂਰਦੇ ਹੋਏ ਕਿਹਾ। ਉਨ੍ਹਾਂ ਨੇ ਉਸ ਨੂੰ ਫੰਡ ਚਾੜ੍ਹਨੀ ਸ਼ੁਰੂ ਕਰ

ਦਿੱਤੀ। ਜਦੋਂ ਫ਼ੌਜਦਾਰ ਨੇ ਉਸ ਨੂੰ ਮਾਰਨ ਲਈ ਆਪਣਾ ਚਾਬਕ ਉਲਾਰਿਆ ਹੀ ਸੀ ਕਿ ਉਸ ਦਾ ਹੱਥ ਕਿਸੇ ਨੇ ਫੜ ਲਿਆ। ਹੱਕੇ ਬੱਕੇ ਫੌਜਦਾਰ ਨੇ ਪਿੱਛੇ ਮੁੜ ਕੇ ਵੇਖਿਆ। ਇਕ ਲੰਬੇ ਆਦਮੀ ਨੇ ਉਸ ਦਾ ਹੱਥ ਆਪਣੀ ਫੌਲਾਦੀ ਪਕੜ ਵਿੱਚ ਲਿਆ ਹੋਇਆ ਸੀ।

"ਇਸ ਨੂੰ ਕਿਉਂ ਮਾਰ ਰਹੇ ਹੋ? ਕਿਰਪਾ ਕਰਕੇ ਨਾ ਮਾਰੋ ।" ਲੰਬੇ ਆਦਮੀ ਨੇ ਬੜੀ ਹਲੀਮੀ ਵਿੱਚ ਫ਼ੌਜਦਾਰ ਨੂੰ ਕਿਹਾ ।

"ਰਵੀ ਸ਼ੰਕਰ ਮਹਾਰਾਜ! ਫ਼ੌਜਦਾਰ ਗੁੱਸੇ ਵਿੱਚ ਚੀਕਿਆ" ਕੀ ਤੁਹਾਨੂੰ ਪਤਾ ਨਹੀਂ ਕਿ ਇਸ ਨੇ ਕਿੰਖਲੋਡ ਤੋਂ ਕੱਪੜਾ ਚੁਰਾਇਆ ਹੈ ?"

"ਨਹੀਂ ਉਸ ਦੀਆਂ ਅੱਖਾਂ ਹੰਝੂਆਂ ਦੀ ਤਾਰ ਨਾਲ ਚਮਕ ਰਹੀਆਂ ਸਨ, "ਝੱਲਾ ਇਹ ਕੰਮ ਨਹੀਂ ਕਰ ਸਕਦਾ ।"

"ਜ਼ਰਾ ਇਹ ਦੇਖੋ" ਫੌਜਦਾਰ ਨੇ ਅਧ-ਚੱਬੇ ਚੌਲਾਂ ਵੱਲ ਇਸ਼ਾਰਾ ਕਰਦਿਆਂ ਕਿਹਾ, " ਹਾਲੇ ਵੀ ਕੋਈ ਸ਼ੱਕ ਹੈ?

"ਕਿਹੜਾ ਸ਼ੱਕ"

"ਮਹਾਰਾਜ! ਤੁਸੀਂ ਐਵੇਂ ਕਿਉਂ ਬਹਿਸ ਕਰੀ ਜਾਂਦੇ ਓ। ਤੁਸੀਂ ਵੇਖ ਦੇ ਨਹੀਂ ਚੋਲ ਸੁੱਕੇ ਦੇ ਸੁੱਕੇ ਪਏ ਹਨ, ਥੁੱਕ ਦੀ ਲੇਸ ਮਾਤਰ ਵੀ ਨਹੀਂ; ਸਰਬ ਸ਼ਕਤੀਮਾਨ ਪੀਰ ਨੇ ਇਕ ਵਾਰੀ ਆਪਣੀ ਸ਼ਕਤੀ ਜ਼ਾਹਰ ਕੀਤੀ ਹੈ। ਚੋਰ ਸੁੱਕੇ ਚੌਲ ਹੀ ਚੱਬ ਕੇ ਸੁੱਟ ਸਕਦਾ ਹੈ ।"

ਫ਼ੌਜਦਾਰ ਦੇ ਵਹਿਮ ਨੇ ਮਹਾਰਾਜ ਦੇ ਦੁਖ ਨਾਲ ਤੜਪਦੇ ਦਿਲ ਵਿੱਚ ਹਾਸੀ ਪੈਦਾ ਕੀਤੀ ਅਤੇ ਉਸ ਨੇ ਇਕ ਹਿੰਦੂ ਫੌਜਦਾਰ ਦੀ ਮੂਰਖਤਾ ਉੱਤੇ ਹੱਸਣਾ ਚਾਹਿਆ ਜਿਹੜਾ ਇਕ ਮਰੇ ਹੋਏ ਪੀਰ ਬੇਕਸੂਰ ਮੁਸਲਮਾਨ ਮਹਾਤਮਾ ਨੂੰ ਇਕ ਝੂਠੇ ਸਬੂਤ ਵੱਜੋਂ ਵਰਤਣ ਦੀ ਕੋਸ਼ਿਸ਼ ਕਰ ਰਿਹਾ ਸੀ। ਮਹਾਰਾਜ ਨੇ ਕਿਸੇ ਤਰ੍ਹਾਂ ਆਪਣਾ ਹਾਸਾ

ਰੋਕਿਆ ਅਤੇ ਕਿਹਾ "ਫੌਜਦਾਰ ਸਾਹਿਬ! ਮੈਨੂੰ ਪੀਰ ਦਾ, ਜਾਂ ਚੌਲਾਂ ਦਾ ਜਾਂ ਥੁੱਕ ਦੀ ਸਾਇੰਸ ਦਾ ਕੁਝ ਪਤਾ ਨਹੀਂ, ਪਰ ਮੈਂ ਇਸ ਆਦਮੀ ਦੀਆਂ ਮਨੁੱਖੀ ਖੂਬੀਆਂ ਭਲੀ ਭਾਂਤ ਜਾਣਦਾ ਹਾਂ। ਮੈਂ ਇਸ ਨੂੰ ਸ਼ੁਰੂ ਤੋਂ ਜਾਣਦਾ ਹਾਂ। ਜਦੋਂ ਵੀ ਮੈਂ ਸ਼ਹਿਰ ਆਉਂਦਾ ਹਾਂ ਹਮੇਸ਼ਾਂ ਇਸ ਦੇ ਫ਼ਾਰਮ ਤੇ ਇਸ ਦੇ ਘਰ ਠਹਿਰਦਾ ਹਾਂ। ਇਹ ਚੋਰ ਨਹੀਂ, ਇਸ ਨੂੰ ਹੱਥ ਲਾਉਣ ਦੀ ਕੋਸ਼ਿਸ਼ ਨਾ ਕਰਨਾ ਨਹੀਂ ਤਾਂ ਮੈਂ ਵਡੋਦਰਾ ਜਾ ਕੇ ਤੁਹਾਡੇ ਵੱਡੇ ਅਫਸਰਾਂ ਨੂੰ ਸ਼ਿਕਾਇਤ ਕਰਾਂਗਾ ।"

"ਅੱਛਾ ਠੀਕ ਹੈ। ਜਿਵੇਂ ਤੁਸੀਂ ਕਹਿੰਦੇ ਹੋ ।" ਫੌਜਦਾਰ ਨੇ ਮਕਬਰੇ ਨੂੰ ਸਲਾਮ ਕੀਤੀ ਅਤੇ ਚਲਾ ਗਿਆ। ਸ਼ਰਮਿੰਦਾ ਹੋਇਆ ਪੀਰ ਕਬਰ ਦੇ ਪੱਥਰਾਂ ਥੱਲੇ ਅਹਿੱਲ ਪਿਆ ਰਿਹਾ।

ਛੱਲੇ ਨੂੰ ਨਾਲ ਲੈ ਕੇ ਮਹਾਰਾਜ ਸੋਮ ਦੇ ਘਰ ਰਿਹਾ। ਮਹਾਰਾਜ ਦਾ ਮਨ ਕਿੰਪਲੋਡ ਦੇ ਪਿੰਡ ਦੇ ਪਤੀਦਾਰ ਦੇ ਚੁਰਾਏ ਕੱਪੜੇ ਬਾਰੇ ਲਗਾਤਾਰ ਸੋਚ ਰਿਹਾ ਸੀ। ਪੁਲਿਸ ਨੇ ਪੀਰ ਦੀ ਮਦਦ ਲਈ ਸੀ; ਹੋ ਸਕਦਾ ਹੈ ਅਗਲੀ ਵਾਰੀ ਉਹ ਚੋਰ ਲੱਭਣ ਦਾ ਇਸ ਤੋਂ ਵੱਧ ਹਾਸੋਹੀਣਾ ਪੁਰਾਤਨ ਤਰੀਕਾ ਲੱਭੇ। ਐਤਕਾਂ ਇਕ ਬੇਕਸੂਰ ਆਦਮੀ ਛੱਲੇ ਦੀ ਪਿਟਾਈ ਹੋਈ ਸੀ। ਹੁਣ ਕਿਸੇ ਹੋਰ ਪਤਨਵਾਦੀਏ ਨੂੰ ਪਿੰਜਣ ਦੀ ਵਾਰੀ ਆ ਸਕਦੀ ਹੈ। ਜੇ ਪੀਰ ਨੂੰ ਮੰਨਣ ਵਾਲੇ ਫੌਜਦਾਰ ਨੂੰ ਤਬਦੀਲ ਕੀਤਾ ਜਾਂਦਾ ਤਾਂ ਹੋ ਸਕਦਾ ਹੈ ਕਿ ਨਵਾਂ ਫੌਜਦਾਰ ਜਿੰਨ-ਭੂਤਾਂ ਦੀ ਮਦਦ ਲੈਣ ਵਾਲਾ ਹੋਵੇ। ਮੁਹਾਰਾਜ ਹੈਰਾਨ ਸੀ, ਉਹ ਚੋਰੀ ਦਾ ਪਤਾ ਕਿਸ ਤੋਂ ਕਰੇ। ਹਰ ਕੋਈ ਫੂਲਾ ਵਾਵੇਚਾ ਦਾ ਨਾਂ ਲੈ ਰਿਹਾ ਸੀ। ਫੂਲਾ ਇਕ ਡਰਾਉਣਾ ਚੋਰ ਸੀ। ਉਸ ਨੂੰ ਹਰ ਕੋਈ ਜਾਣਦਾ ਸੀ। ਲੋਕਾਂ ਦਾ ਖਿਆਲ ਸੀ ਕਿ ਜੇ ਫੂਲੇ ਦੇ ਘਰ ਦੀ ਤਲਾਸ਼ੀ ਲਈ ਜਾਵੇ ਤਾਂ ਉੱਥੋਂ ਚੋਰੀ ਦਾ ਬਹੁਤ ਸਾਰਾ ਮਾਲ ਨਿਕਲੇਗਾ। ਪਰ ਫੂਲੇ ਦੇ ਘਰ ਵਿੱਚ ਜਾਣਾ ਸ਼ੇਰ ਦੇ ਘੁਰਨੇ ਵਿੱਚ ਜਾਣ ਦੇ ਬਰਾਬਰ ਸੀ। ਫੌਜਦਾਰ ਵਿੱਚ ਇਹੋ ਜਿਹਾ ਕੰਮ ਕਰਨ ਦੀ ਹਿੰਮਤ ਨਹੀਂ ਸੀ। ਮਹਾਰਾਜ ਵਿੱਚ ਹਿੰਮਤ ਭਾਵੇਂ ਸੀ ਪਰ ਉਹ ਇਸ ਕਿਸਮ ਦੀ ਕਾਰਵਾਈ ਨੂੰ ਉਤਸ਼ਾਹ ਦੇਣ ਦੇ ਹੱਕ ਵਿੱਚ ਨਹੀਂ ਸੀ। ਉਸ ਦਾ ਖਿਆਲ ਸੀ ਇਸ ਤਰੀਕੇ ਉਸ ਨੂੰ ਸ਼ਾਂਤੀ

ਪ੍ਰਾਪਤ ਨਹੀਂ ਹੋਵੇਗੀ। ਜੇ ਉਹ ਤਰੀਕੇ ਨਾਲ ਚੋਰ ਤੇ ਚੋਰੀ ਦੇ ਮਾਲ ਨੂੰ ਨਾ ਲਭ ਸਕਿਆ ਤਾਂ ਉਸ ਦੀ ਹੋਂਦ ਅਰਥਹੀਣ ਹੋ ਜਾਵੇਗੀ। ਨਵਾਂ ਫੌਜਦਾਰ ਫੂਲੇ ਦੇ ਘਰ ਦੀ ਤਲਾਸ਼ੀ ਲੈਣ ਲਈ ਤਿਆਰ ਸੀ, ਜੇ ਕਰ ਮਹਾਰਾਜ ਉਸ ਦੇ ਨਾਲ ਚਲੇ। ਮਹਾਰਾਜ ਨੇ ਨਾਂਹ ਕਰ ਦਿੱਤੀ ।

"ਨਹੀਂ, ਮੇਰਾ ਤਰੀਕਾ ਇਹ ਨਹੀਂ, ਮੈਨੂੰ ਤਲਾਸ਼ੀ ਤੋਂ ਕੁਝ ਨਹੀਂ ਲੱਭਣਾ, ਜੇ ਫੂਲਾ ਆਪਣੇ ਆਪ ਚੋਰੀ ਦਾ ਇਕਬਾਲ ਨਹੀਂ ਕਰਦਾ ਤਾਂ ਮੇਰੇ ਯਤਨਾਂ ਦਾ ਕੀ ਲਾਭ?"

ਮਹਾਰਾਜ ਦੇ ਕੰਨਾਂ ਵਿੱਚ ਲੋਕਾਂ ਦੀ ਕਾਨਾਫੂਸੀ ਲਗਾਤਾਰ ਪੈ ਰਹੀ ਸੀ ਕਿ ਇਹ ਕੰਮ ਫੂਲੇ ਦਾ ਹੀ ਹੋ ਸਕਦਾ ਹੈ। ਕੋਈ ਹੋਰ ਨਹੀਂ ਕਰ ਸਕਦਾ। ਜਿਉਂ ਜਿਉਂ ਸਮਾਂ ਗੁਜਰਦਾ ਗਿਆ ਫੂਲੇ ਦਾ ਚਿੱਤਰ ਕਾਲੇ ਤੋਂ ਸ਼ਾਹ ਕਾਲਾ ਹੁੰਦਾ ਗਿਆ। ਹਰ ਕੋਈ ਇਹ ਕਹਿੰਦਾ ਪ੍ਰਤੀਤ ਹੋ ਰਿਹਾ ਸੀ ਕਿ ਜਦ ਤੱਕ ਫੂਲਾ ਸੀ, ਜ਼ਿਲ੍ਹੇ ਵਿੱਚੋਂ ਚੋਰੀਆਂ ਦਾ ਖਾਤਮਾ ਨਹੀਂ। ਕੀਤਾ ਜਾ ਸਕਦਾ। ਪਰ ਮਹਾਰਾਜ ਇਸ ਤਰ੍ਹਾਂ ਨਹੀਂ ਸੀ ਸੋਚਦਾ। ਉਹ ਫੂਲੇ ਨੂੰ ਕਦੇ ਨਹੀਂ ਸੀ ਮਿਲਿਆ ਅਤੇ ਨਾ ਹੀ ਉਸ ਦੇ ਕੱਦ-ਕਾਠ ਦਾ ਉਸ ਨੂੰ ਕੋਈ ਅੰਦਾਜ਼ਾ ਸੀ। ਪਿੰਡ ਦੇ ਲੋਕ ਸੁਣਨਾ ਵੀ ਨਹੀਂ ਸਨ ਚਾਹੁੰਦੇ ਕਿ ਮਹਾਰਾਜ ਫੂਲੇ ਨੂੰ ਮਿਲਣ ਲਈ ਅੱਗੇ ਵਧੇ ਉਹ ਉਸ ਨੂੰ ਕਿਵੇਂ ਮਿਲੇ ? ਫੂਲਾ ਉਸ ਨੂੰ ਕਿੱਥੇ ਮਿਲ ਸਕੇਗਾ ? ਮਿਲਣ ਲਈ ਉਸ ਨੂੰ ਕਿਹੜਾ ਬਹਾਨਾ ਦੱਸੇਗਾ। ਚੋਰੀ ਦੇ ਇਨ੍ਹਾਂ ਖ਼ਿਆਲਾਂ ਵਿੱਚ ਡੁੱਬਿਆ ਹੋਇਆ ਉਹ ਅੱਧੀ ਰਾਤ ਤੱਕ ਝੱਲੇ ਦੇ ਫ਼ਾਰਮ ਵਿੱਚ ਬੈਠਾ ਰਿਹਾ।

ਤਿੰਨ ਦਿਨ ਲੰਘ ਗਏ। ਤੀਜੇ ਦਿਨ ਅੱਧੀ ਰਾਤ ਨੂੰ ਕਿਸੇ ਨੇ ਉਸ ਨੂੰ ਜਗਾਇਆ। ਇਹ ਝੱਲਾ ਸੀ ।

"ਮਹਾਰਾਜ!" ਝੱਲੇ ਨੇ ਕਿਹਾ, "ਰਾਤੀਂ ਇਕ ਘਰ ਦੀ ਤਲਾਸ਼ੀ ਲਈ ਜਾਵੇਗੀ ਪਰ ਪਤਾ ਨਹੀਂ ਕਿ ਉਹ ਘਰ ਕਿਸ ਦਾ ਅਤੇ ਕਿਹੜਾ ਹੋਵੇਗਾ। ਇਸ ਗੱਲ ਦਾ ਫੌਜਦਾਰ ਨੂੰ ਵੀ ਪਤਾ ਨਹੀਂ ।"

"ਕਿਸ ਦੇ ਘਰ ਦੀ ਤਲਾਸ਼ੀ ਹੋਣ ਵਾਲੀ ਹੈ?"

“ਫੂਲੇ ਦੇ ਘਰ ਤੇ ਛਾਪਾ ਵੱਜਣ ਵਾਲਾ ਹੈ ।”

"ਕੀ ਚੋਰ ਉਹ ਹੈ?"

"ਨਹੀਂ ਜੀ !”

"ਤਾਂ ਤੈਨੂੰ ਛਾਪੇ ਦਾ ਕਿਵੇਂ ਪਤਾ ਲੱਗਾ ਹੈ ?”

"ਚੋਰੀ ਦਾ ਮਾਲ ਉਸਦੇ ਘਰੋਂ ਬਰਾਮਦ ਕੀਤਾ ਜਾਵੇਗਾ।"

"ਇਹ ਕਿਵੇਂ ਹੋ ਸਕਦਾ ਹੈ?" ਮਹਾਰਾਜ ਦਾ ਦਿਲ ਧੱਕ ਕਰਕੇ ਰੁਕ ਗਿਆ।

"ਚੋਰੀ ਦਾ ਮਾਲ ਉਸਦੇ ਘਰ ਪਹਿਲੋਂ ਹੀ ਰਖ ਦਿੱਤਾ ਜਾਵੇਗਾ ਅਤੇ ਫਿਰ ਫੌਜਦਾਰ ਨੂੰ ਦੱਸ ਦਿੱਤਾ ਜਾਵੇਗਾ ।”

"ਇਸ ਸਭ ਕਾਸੇ ਦੇ ਪਿੱਛੇ ਮਨਸ਼ਾ ਕੀ ਹੈ?"

"ਤਾਂ ਜੋ ਫੁਲਾ ਉਹ ਸਾਲਾ ਮਾਲ ਹਵਾਲੇ ਕਰ ਦੇਵੇ ਜੋ ਉਸ ਨੇ ਇੰਨੇ ਸਾਲਾਂ ਵਿੱਚ ਚੁਰਾਇਆ ਹੈ ।”

"ਮਾਲ ਰੱਖਣ ਕੌਣ ਜਾਵੇਗਾ?"

"ਇਕ ਚੋਰ ਨੂੰ ਇਹ ਕੰਮ ਦਿੱਤਾ ਗਿਆ ਹੈ ।”

"ਉਹ ਕੌਣ ਹੈ?”

"ਇਛਾਲਾ ਪਤਨਵਾਦੀਆ ।”

“ਠੀਕ ਹੈ ।” ਮਹਾਰਾਜ ਨੇ ਆਪਣਾ ਸਾਹ ਰੋਕਿਆ ਅਤੇ ਹੌਲੀ ਜਿਹੀ ਪੁੱਛਿਆ, "ਮਾਲ ਇਸ ਵੇਲੇ ਕਿਥੇ ਹੈ?”

"ਮਾਲ ਸਾਡੇ ਕੋਲ ਹੈ ।"

"ਜਾ। ਤੇ ਜਾ ਕੇ ਲੈ ਆ ।"

"ਕਿਉਂ?"

“ਤੂੰ ਹਾਲੇ ਵੀ ਮੈਨੂੰ ਪੁੱਛਦਾ ਹੈ ਕਿਉਂ? ਲਾਹਨਤ ਹੈ ਤੇਰੇ ਤੇ। ਜੇ ਫੂਲਾ ਬਦਮਾਸ਼ ਵੀ ਹੋਵੇ ਤਾਂ ਤੂੰ ਉਸ ਨਾਲ ਕਿਵੇਂ ਧੋਖਾ ਕਰ ਸਕਦਾ ਹੈਂ? ਜਾ! ਤੇ ਜਾ ਕੇ ਸਾਰਾ ਮਾਲ ਇੱਕ ਲੈ ਆ।”

ਹਾਰੇ ਹੋਏ ਸਾਜ਼ਸ਼ੀਆਂ ਤੋਂ ਮਾਲ ਇਕੱਠਾ ਕਰਕੇ ਮਹਾਰਾਜ ਨੇ ਸਾਰਾ ਮਾਲ ਪੁਲਿਸ ਥਾਣੇ ਪਹੁੰਚਾ ਦਿੱਤਾ। ਮਹਾਰਾਜ ਨੇ ਸਾਰੀ ਘਟਨਾ ਦਾ ਵੇਰਵਾ ਫੌਜਦਾਰ ਨੂੰ ਦੱਸ ਦਿੱਤਾ ਪਰ ਇਛਾਲਾ ਦਾ ਨਾਂ ਨਾ ਦੱਸਿਆ ।

ਫੌਜਦਾਰ ਨੇ ਕਿਹਾ, "ਆਪਾਂ ਮਾਮਲਾ ਇੱਥੇ ਹੀ ਛੱਡ ਦਿੰਦੇ ਹਾਂ। ਮੈਂ ਘਰ ਦੀ ਤਲਾਸ਼ੀ ਨਹੀਂ ਲੈਣਾ ਚਾਹੁੰਦਾ ।" ਫੌਜਦਾਰ ਨੇ ਗੱਲ ਸਮਾਪਤ ਕੀਤੀ ।

ਮਹਾਰਾਜ ਨੇ ਮਾਲ ਪੁਲਿਸ ਦੇ ਹਵਾਲੇ ਨਹੀਂ ਸੀ ਕੀਤਾ ਸਗੋਂ ਘਰ ਵਿੱਚ ਇਕ ਥਾਂ ਰੱਖ ਦਿੱਤਾ ਸੀ। ਉਸ ਨੇ ਪਿੰਡ ਦੇ ਮੁਖੀ ਪਤਨਵਾਦੀਆਂ ਦੀ ਮੀਟਿੰਗ ਬੁਲਾਈ।

ਮੀਟਿੰਗ ਵਿੱਚ ਮਹਾਰਾਜ ਨੇ ਐਲਾਨ ਕੀਤਾ ਕਿ ਕਿੰਖਲੋਡ ਵਿੱਚ ਚੁਰਾਏ ਗਏ ਕੱਪੜੇ ਦਾ ਦੋਸ਼ੀ ਇਛਾਲਾ ਹੈ ।

ਇਛਾਲਾ ਨੂੰ ਬੁਲਾਇਆ ਗਿਆ। ਉਹ ਆਉਂਦਿਆਂ ਹੀ ਮਹਾਰਾਜ ਦੇ ਪੈਰੀਂ ਡਿੱਗ ਪਿਆ ।

ਉਸ ਨੇ ਕਿਹਾ, "ਮਹਾਰਾਜ। ਇਹ ਠੀਕ ਹੈ ਕਿ ਕੱਪੜਾ ਚੁਰਾਇਆ ਹੈ, ਪਰ ਕਿੰਖਲੋਡ ਤੋਂ ਨਹੀਂ ਚੁਰਾਇਆ ਸੀ ।”

"ਫਿਰ ਕਿੱਥੋਂ ਚੁਰਾਇਆ ਸੀ?"

"ਮੈਂ ਇਹ ਅਲਾਰਸਾ ਤੋਂ ਚੁਰਾਇਆ ਸੀ ।"

" ਤੂੰ ਝੂਠ ਬੋਲ ਰਿਹਾ ਹੈਂ। ਅਲਾਰਸਾ ਤੋਂ ਕੋਈ ਕੱਪੜਾ ਚੋਰੀ ਨਹੀਂ ਹੋਇਆ।" ਮਹਾਰਾਜ ਨੂੰ ਚੋਰੀ ਦੀ ਹਰ ਵਾਰਦਾਤ ਦਾ ਪੁਲੀਸ ਨਾਲੋਂ ਪਹਿਲੋਂ ਪਤਾ ਹੁੰਦਾ ਸੀ "

"ਹਾਂ ਜੀ। ਚੋਰੀ ਹੋਈ ਸੀ, ਭਾਵੇਂ ਇਸ ਨੂੰ ਹਾਜ਼ਰ ਨਹੀਂ ਸੀ ਕੀਤਾ ਗਿਆ। ਇਸ ਦੇ ਵੀ ਕਾਰਨ ਹਨ ।" ਇਛਾਲਾ ਆਪਣੀ ਗੱਲ ਜ਼ੋਰ ਨਾਲ ਕਹਿ ਰਿਹਾ ਸੀ ।"

"ਕੀ ਤੂੰ ਸਹੁੰ ਖਾ ਕੇ ਕਹਿੰਦਾ ਹੈਂ?"

" "ਜੇ ਤੁਹਾਨੂੰ ਮੇਰੇ ਤੇ ਯਕੀਨ ਨਹੀਂ ਤਾਂ ਤੁਸੀਂ ਅਲਾਰਸਾ ਤੋਂ ਪੁਸ਼ਟੀ ਕਰਵਾ ਸਕਦੇ ਹੋ।"

ਰਾਤੀਂ ਮਹਾਰਾਜ ਉਹ ਕੱਪੜਾ ਚੁੱਕ ਕੇ ਕਿੰਖਲੋਡ ਗਿਆ। ਉਸ ਨੇ ਕੱਪੜਾ ਪੱਤੀਦਾਰ ਨੂੰ ਵਿਖਾਇਆ ਅਤੇ ਪੁੱਛਿਆ, "ਕੀ ਇਹੀ ਤੇਰੀ ਕੱਪੜਾ ਹੈ ?""

ਪੱਤੀਦਾਰ ਨੇ ਕੱਪੜਾ ਚੰਗੀ ਤਰ੍ਹਾਂ ਵੇਖਿਆ ਤੇ ਕਿਹਾ, "ਇਹ ਕੱਪੜਾ ਮੇਰੇ ਕੱਪੜੇ ਵਰਗਾ ਜ਼ਰੂਰ ਲਗਦਾ ਹੈ, ਪਰ ਇਹ ਮੇਰਾ ਨਹੀਂ ।"

ਕਿੰਖਲੋਡ ਤੋਂ ਮਹਾਰਾਜ ਅਲਾਰਸਾ ਗਿਆ। ਉਸ ਨੇ ਸ਼ਹਿਰ ਦੇ ਮੁਖੀ ਤੋਂ ਪੁੱਛਿਆ ਕੀ ਐਧਰ ਕੋਈ ਚੋਰੀ ਹੋਈ ਦੱਸੀ ਗਈ ਹੈ? "

"ਹਾਂ ।" ਮੁਖੀ ਨੇ ਕਿਹਾ, ਇਕ ਆਦਮੀ ਦੇ ਕੱਪੜੇ ਦਾ ਥਾਨ ਚੁਰਾਇਆ ਗਿਆ ਹੈ। ਪਰ ਇਸ ਘਟਨਾ ਨੂੰ ਦਬਾ ਦਿੱਤਾ ਗਿਆ ਹੈ ।

"ਤੇਰਾ ਕਹਿਣ ਦਾ ਮਤਲਬ ਕੀ ਹੈ?"

"ਤੁਹਾਨੂੰ ਪਤਾ ਹੈ ਚੱਕਰ ਵਿੱਚ ਚੱਕਰ ਹੁੰਦੇ ਹਨ। ਜਿਸ ਆਦਮੀ ਨੇ ਸ਼ਿਕਾਇਤ ਕੀਤੀ ਸੀ ਉਸ ਦਾ ਕਹਿਣਾ ਸੀ ਕਿ ਉਹ ਇਹ ਕੱਪੜਾ ਇੱਕ ਅਜਿਹੇ ਦੁਕਾਨਦਾਰ ਤੋਂ ਲਿਆਇਆ ਸੀ, ਜਿਸ ਨੇ ਕਿਹਾ ਸੀ ਕਿ ਕੱਪੜਾ ਰੇਲਵੇ ਤੋਂ ਚੁਰਾਇਆ ਗਿਆ ਹੈ ।"

ਇਛਾਲਾ ਨੇ ਠੀਕ ਕਿਹਾ ਸੀ। ਮਹਾਰਾਜ ਕੱਪੜੇ ਸਮੇਤ ਵਾਪਸ ਪਿੰਡ ਆ ਗਿਆ ਅਤੇ ਇਛਾਲਾ ਨੂੰ ਬੁਲਾਇਆ।

ਮਹਾਰਾਜ ਨੇ ਇਛਾਲਾ ਨੂੰ ਪੁੱਛਿਆ, "ਮੈਨੂੰ ਦੱਸ, ਤੂੰ ਇਹ ਕੰਮ ਕਿਵੇਂ ਕੀਤਾ ?" ਇੱਕ ਤੋਤੇ ਦੀ ਤਰ੍ਹਾਂ ਇਛਾਲਾ ਨੇ ਸਾਰੀ ਕਹਾਣੀ ਉਗਲ ਦਿੱਤੀ। "ਹੋਇਆ ਇਸ ਤਰ੍ਹਾਂ ਕਿ ਅਸੀਂ ਵਾਸਨਾ ਗਏ। ਉੱਥੇ ਅਸੀਂ ਇਕ ਪੱਤੀਦਾਰ ਦੇ ਵਿਹੜੇ ਵਿੱਚ ਖੜ੍ਹੇ ਸਾਂ ਜਦੋਂ ਉਸ ਦੀ ਪਤਨੀ ਪਿਸ਼ਾਬ ਕਰਨ ਲਈ ਉੱਠੀ। ਅਸੀਂ ਉਸ ਦੇ ਗਲੇ ਤੋਂ ਸੋਨੇ ਦਾ ਹਾਰ ਉਤਾਰ ਲਿਆ ਅਤੇ ਭੱਜ ਗਏ। ਮਗਰੋਂ ਸ਼ੋਰ ਪੈ ਗਿਆ। ਇਸ ਨਾਲ ਪੁਲਿਸ ਵੀ ਜਾਗ ਪਈ ਤੇ ਸਾਡਾ ਪਿੱਛਾ ਕਰਨ ਲੱਗੀ। ਪਿੱਛਾ ਕਰ ਰਹੇ ਸਿਪਾਹੀਆਂ ਵਿੱਚੋਂ ਇੱਕ ਨੂੰ ਤਾਂ ਅਸਾਂ ਖਤਮ ਕਰ ਦਿੱਤਾ ਪਰ ਬਾਕੀ ਦੇ ਚਾਰ ਐਨ ਸਾਡੇ ਕੋਲ ਅੱਪੜ ਗਏ। ਅਸੀਂ ਨੈਕਲਸ ਸੁੱਟ ਦਿੱਤਾ ਅਤੇ ਜਾਨ ਬਚਾਉਣ ਲਈ ਭੱਜ ਆਏ। ਨੈਕਲਸ ਮਿਲ ਜਾਣ ਤੋਂ ਬਾਅਦ ਪੁਲਿਸ ਨੇ ਪਿੱਛਾ ਕਰਨਾ ਛੱਡ ਦਿੱਤਾ। ਅਸੀਂ ਖਾਲੀ ਹੱਥੀਂ ਘਰ ਮੁੜਨ ਨੂੰ ਅਪਸ਼ਗਨ ਸਮਝਿਆ। ਫਿਰ ਅਸੀਂ ਅਲਾਰਸਾ ਜਾ ਕੇ ਇੱਕ ਘਰ ਤੋੜਿਆ ਉੱਥੇ ਕੱਪੜੇ ਦੀ ਇੱਕ ਗੰਢੜੀ ਪਈ ਹੋਈ ਸੀ। ਜਿਵੇਂ ਚੋਰੀ ਕੀਤੇ ਜਾਣ ਲਈ ਪਈ ਹੋਏ। ਅਸੀਂ ਉਹ ਚੁੱਕੀ ਤੇ ਤਿੱਤਰ ਹੋ ਗਏ।"

ਮਹਾਰਾਜ ਨੇ ਚੋਰ ਦੀ ਬੇਬਾਕੀ ਤੇ ਸੱਚ ਬੋਲਣ ਦੀ ਤਾਰੀਫ਼ ਕੀਤੀ ਅਤੇ ਕਪੜੇ ਦੀ ਗੰਢੜੀ ਉਸ ਨੂੰ ਵਾਪਸ ਦੇ ਦਿੱਤੀ। ਅਗਲੇ ਦਿਨ ਉਸ ਨੇ ਸਿਆਣਿਆਂ ਦੀ ਫਿਰ ਮੀਟਿੰਗ ਬੁਲਾਈ। ਉਨ੍ਹਾਂ ਨੇ ਫੈਸਲਾ ਕੀਤਾ ਕਿ ਇਹ ਚੋਰੀ ਭਾਵੇਂ ਕਿਸੇ ਤਰ੍ਹਾਂ ਵੀ ਹੋਈ ਸੀ ਫੂਲੇ ਦਾ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਉਹ ਇੱਕ ਬਦਮਾਸ਼

ਸੀ ਅਤੇ ਜਦ ਤੱਕ ਉਸ ਨੂੰ ਕਾਬੂ ਨਹੀਂ ਕੀਤਾ ਜਾਂਦਾ ਇਲਾਕੇ ਵਿੱਚ ਅਮਨ ਨਹੀਂ ਹੋ ਸਕਦਾ। ਤਦ ਫੂਲੇ ਨੂੰ ਮੀਟਿੰਗ ਵਿੱਚ ਬੁਲਾਇਆ ਗਿਆ। ਪੰਜਾਹ ਸਾਲਾਂ ਦਾ ਫੂਲਾ ਮੀਟਿੰਗ ਵਿੱਚ ਆਇਆ ਅਤੇ ਸਿਆਣਿਆਂ ਦੇ ਸਾਹਮਣੇ ਖੜੋ ਗਿਆ। ਉਹ ਅੱਗੇ ਵੱਧ ਕੇ ਮਹਾਰਾਜ ਦੇ ਪੈਰ ਛੋਹਣਾ ਚਾਹੁੰਦਾ ਸੀ, ਪਰ ਲੋਕਾਂ ਨੇ ਉਸ ਨੂੰ ਅਜਿਹਾ ਨਾ ਕਰਨ ਦਿੱਤਾ।

"ਪਰ੍ਹਾਂ ਰਹੁ। ਮਹਾਰਾਜ ਨੂੰ ਨਾ ਛੂਹ। ਪਰ੍ਹਾਂ ਹੀ ਰਹੁ।" ਉਨ੍ਹਾਂ ਨੇ ਉਸ ਨੂੰ ਰੋਕਿਆ।

ਆਪਣੇ ਹੀ ਸਾਥੀਆਂ ਦਾ ਤ੍ਰਿਸਕਾਰਿਆ ਫੂਲਾ ਜ਼ਰਾ ਵਿੱਥ ਉੱਤੇ ਖੜੋਤਾ ਰਿਹਾ। ਮਹਾਰਾਜ ਨੇ ਉਸ ਦਾ ਕਾਲਾ ਸਿਆਹ ਸਰੀਰ ਅਤੇ ਨਰੋਏ ਪੱਠੇ ਧਿਆਨ ਨਾਲ ਵੇਖੇ। ਉਸ ਨੇ ਉਸ ਦਾ ਚਿਹਰਾ ਪੜ੍ਹਿਆ ਅਤੇ ਉਸ ਦੀ ਸ਼ਕਤੀ ਦਾ ਅੰਦਾਜ਼ਾ ਲਾਇਆ, ਜਦੋਂ ਕਿ ਉਹ ਚੁੱਪ-ਚਾਪ ਖੜੋਤਾ ਸੀ।

ਮਹਾਰਾਜ ਨੇ ਵਾਰਤਾਲਾਪ ਸ਼ੁਰੂ ਕੀਤੀ, "ਫੂਲਾ ਵਾਵੇਚਾ। ਇਹ ਚੰਗੀ ਗੱਲ ਹੈ ਕਿ ਤੂੰ ਚੋਰੀਆਂ ਕਰੇਂ ?"

ਫੂਲੇ ਨੇ ਬੜੀ ਸ਼ਾਂਤੀ ਨਾਲ ਉੱਤਰ ਦਿੱਤਾ, "ਕੌਣ ਕਹਿੰਦਾ ਹੈ ਕਿ ਮੈਂ ਚੋਰੀ ਕਰਦਾ ਹਾਂ?"

ਕਿਉਂ ਤੂੰ..................ਪਿੰਡ............ਦੇ ਘਰ ਅਤੇ...........ਪਿੰਡ...ਚੋਰੀ ਘਰ ਨਹੀਂ ਸੀ ਕੀਤੀ ?" ਮਹਾਰਾਜ ਨੇ ਉਸ ਦੇ ਨਾਂ ਲੱਗੀਆਂ ਪਿੰਡ ਚੋਰੀਆਂ ਦੀ ਸੂਚੀ ਬੋਲ ਦਿੱਤੀ।

ਫੂਲੇ ਨੇ ਉਸ ਦੀ ਗੱਲ ਟੋਕਦਿਆਂ ਕਿਹਾ, "ਮਹਾਰਾਜ। ਕੀ ਤੁਸੀਂ ਮੇਰੇ ਘਰ ਕਦੇ ਆਏ ਹੋ ? ਕੀ ਤੁਸੀਂ ਮੈਨੂੰ ਕਦੇ ਕੋਈ ਸਿੱਖ-ਮਤ ਦਿੱਤੀ ਹੈ। ਕਿਰਪਾ ਕਰਕੇ ਘੱਟੋ

ਘੱਟ ਇੱਕ ਵਾਰੀ ਤਾਂ ਮੇਰੇ ਘਰ ਆਓ। ਮੈਂ ਬੜੇ ਸਤਿਕਾਰ ਨਾਲ ਆਪ ਦੀਆਂ ਗੱਲਾਂ ਸੁਣਾਂਗਾ।"

ਮਹਾਰਾਜ ਚੋਰ ਦੀ ਦਲੀਲ ਸੁਣ ਕੇ ਚੁੱਪ ਹੋ ਗਿਆ। ਉਤਸੁਕਤਾ ਦੀ ਤੀਬਰਤਾ ਉਸ ਵਿੱਚ ਜਾਗ ਪਈ। ਅਗਲੇ ਦਿਨ ਮਹਾਰਾਜ ਫੂਲੇ ਦੇ ਘਰ ਗਿਆ। ਇਹ ਖੇਤਾਂ ਦੇ ਐਨ ਵਿਚਕਾਰ ਸੀ। ਫੂਲੇ ਦੀਆਂ ਦੋਵੇਂ ਤੀਵੀਆਂ ਅੱਗੇ ਵਧੀਆਂ ਅਤੇ ਲੰਮੇ ਪੈ ਕੇ ਉਨ੍ਹਾਂ ਨੇ ਮਹਾਰਾਜ ਨੂੰ ਮੱਥਾ ਟੇਕਿਆ। ਤਦ ਉਨ੍ਹਾਂ ਨੇ ਆਪਣੀ ਸਾੜ੍ਹੀ ਦਾ ਪੱਲਾ ਇਸ ਤਰ੍ਹਾਂ ਫੈਲਾਇਆ ਜਿਵੇਂ ਉਹ ਉਸ ਦੀ ਰਹਿਮਤ ਮੰਗ ਰਹੀਆਂ ਹੋਣ। ਤਦ ਫੂਲੇ ਦੇ ਪੰਜ ਪੁੱਤਰ ਅੱਗੇ ਵਧੇ ਅਤੇ ਵਾਰੀ ਵਾਰੀ ਉਨ੍ਹਾਂ ਨੇ ਮਹਾਰਾਜ ਨੂੰ ਪ੍ਰਣਾਮ ਕੀਤਾ। ਤਦ ਫੂਲਾ ਘਰ ਵਿੱਚੋਂ ਨਿਕਲਿਆ ਅਤੇ ਆ ਕੇ ਕੁਝ ਚਿਰ ਬਿਲਕੁਲ ਚੁੱਪ ਰਿਹਾ। ਫਿਰ ਉਹ ਬੋਲਿਆ, "ਮਹਾਰਾਜ । ਇਹ ਦੋਵੇਂ ਵੱਡੇ ਪੁੱਤਰ ਠੀਕ ਹਨ। ਇਨ੍ਹਾਂ ਨੂੰ ਨਸੀਹਤ ਦੀ ਲੋੜ ਨਹੀਂ। ਛੋਟੇ ਦੋ ਮਾਟੀ ਅਕਲ ਵਾਲੇ ਹਨ ਅਤੇ ਇਹ ਚੰਗੇ ਚੋਰ ਨਹੀਂ ਬਣ ਸਕਦੇ। ਵਿਚਕਾਰਲਾ ਮੁੰਡਾ ਮੇਰੇ ਨਾਲ ਕਈ ਵਾਰੀ ਬਾਹਰ ਗਿਆ ਹੈ ਅਤੇ ਮੇਰਾ ਵਿਸ਼ਵਾਸ ਹੈ ਕਿ ਆਪਦੀ ਸਿੱਖਿਆ ਉਸ ਲਈ ਕੁਝ ਅਰਥ ਰੱਖਦੀ ਹੈ ? "

ਮਹਾਰਾਜ ਬੜਾ ਖੁਸ਼ ਸੀ। ਬੜੇ ਖੁੱਲ੍ਹੇ ਲਹਿਜੇ ਵਿੱਚ ਉਸ ਨੇ ਕਿਹਾ, "ਫੂਲਾ !

ਮੈਂ ਬਹੁਤ ਹੈਰਾਨ ਹਾਂ ! ਤੂੰ ਜ਼ਰੂਰ ਪਿਛਲੇ ਜਨਮਾਂ ਵਿੱਚ ਕੋਈ ਚੰਗੇ ਕਰਮ ਕੀਤੇ ਹਨ ਕਿ ਤੈਨੂੰ ਇਹੋ ਜਿਹੀਆਂ ਦੋ ਬੀਵੀਆਂ ਮਿਲੀਆਂ ਹਨ, ਪੰਜ ਪੁੱਤਰ ਅੱਗੇ ਇਨ੍ਹਾਂ ਦੀਆਂ ਪਤਨੀਆਂ ਅਤੇ ਮਾਲ ਡੰਗਰ ਮਿਲਿਆ ਹੈ ।"

"ਮਹਾਰਾਜ!" ਚੋਰ ਨੇ ਆਪਣੀ ਸਫਾਈ ਬੜੀ ਗੰਭੀਰਤਾ ਤੇ ਈਮਾਨਦਾਰੀ ਨਾਲ ਦੇਂਦੇ ਹੋਏ ਕਿਹਾ, "ਮੈਂ ਆਪਣੀਆਂ ਪਤਨੀਆਂ ਤੋਂ ਬਿਨਾਂ ਕਿਸੇ ਔਰਤ ਵੱਲ ਅੱਖ ਉੱਚੀ ਕਰਕੇ ਨਹੀਂ ਵੇਖਿਆ ਅਤੇ ਕਿਸੇ ਭੁੱਖੇ ਆਦਮੀ ਨੂੰ ਆਪਣੇ ਬੂਹੇ ਤੋਂ ਭੁੱਖਾ ਨਹੀਂ ਜਾਣ ਦਿੱਤਾ।"

ਮਹਾਰਾਜ ਇੱਕ ਪਲ ਲਈ ਠਠੰਬਰ ਗਿਆ। ਚੰਗੇ ਤੇ ਬੁਰੇ ਕਰਮਾਂ ਅਤੇ ਉਨ੍ਹਾਂ ਦੇ ਨਤੀਜਿਆਂ ਬਾਰੇ ਉਸ ਦੇ ਵਿਚਾਰ ਇੱਕ ਵਾਰੀ ਤਾਂ ਬੁਰੀ ਤਰ੍ਹਾਂ ਉਲਟ ਪੁਲਟ ਹੋ ਕੇ ਰਹਿ ਗਏ।

ਕੁਝ ਚਿਰ ਪਿਛੋਂ ਉਸ ਨੇ ਕਿਹਾ, ਫੌਜਦਾਰ ਨੇ ਮੈਨੂੰ ਦੱਸਿਆ ਹੈ ਕਿ ਜ਼ਿਆਦਾ ਨਹੀਂ ਤਾਂ ਘੱਟੋ-ਘੱਟ 2 ਹਜ਼ਾਰ ਚੋਰੀਆਂ ਤੂੰ ਕੀਤੀਆਂ ਹਨ। ਕੀ ਚੋਰੀ ਕਰਨਾ ਬੁਰਾ ਕੰਮ ਨਹੀਂ?”

"ਹੋ ਸਕਦਾ ਹੈ ਕਿ ਫੌਜਦਾਰ ਨੇ ਗਿਣਤੀ ਰੱਖੀ ਹੋਵੇ; ਮੈਂ ਕੋਈ ਨਹੀਂ ਰੱਖੀ। ਪਰ ਮਹਾਰਾਜ! ਦੱਸੋ ਚੋਰੀ ਕਰਨਾ ਸਚਮੁਚ ਹੀ ਪਾਪ ਹੈ ?"

"ਹੋਰ ਨਹੀਂ?"

"ਮੈਂ ਨਹੀਂ ਸਮਝਦਾ। ਜ਼ਰਾ ਸੋਚੋ। ਤੁਹਾਡੀਆਂ ਵੀ ਮੇਰੀ ਤਰ੍ਹਾਂ ਦੋ ਅੱਖਾਂ ਵੇਖਣ ਲਈ ਹਨ। ਫਿਰ ਵੀ ਕਈ ਵਾਰੀ ਤੁਹਾਨੂੰ ਦਿਨ ਦੇ ਚਾਨਣੇ ਵਿੱਚ ਵੀ ਕਈ ਚੀਜ਼ਾਂ ਨਹੀਂ ਦਿਸਦੀਆਂ ਜਦ ਕਿ ਅਸੀਂ ਹਨ੍ਹੇਰੇ ਵਿੱਚ ਵੀ ਉਨ੍ਹਾਂ ਨੂੰ ਲੱਭ ਲੈਂਦੇ ਹਾਂ। ਕੀ ਤੁਹਾਡੇ ਖ਼ਿਆਲ ਵਿੱਚ ਇਸ ਦੇ ਪਿੱਛੇ ਕੋਈ ਛੁਪੇ ਹੋਏ ਅਰਥ ਨਹੀਂ ਹਨ?”

“ਕੀ ਛੁਪੇ ਹੋਏ ਅਰਥ ਹੋ ਸਕਦੇ ਹਨ?”

"ਇਸ ਦੇ ਇਹ ਅਰਥ ਹਨ, ਧਨ ਸਾਨੂੰ ਬੁਲਾਉਂਦਾ ਹੈ।”

ਇਹ ਵੇਖਦੇ ਹੋਏ ਕਿ ਦਾਰਸ਼ਨਿਕ ਕਿਸਮ ਦੀ ਇੱਕ ਚਰਚਾ ਸ਼ੁਰੂ ਹੋਣ ਵਾਲੀ ਹੈ। ਮਹਾਰਾਜ ਨੇ ਬੜੀ ਸਾਵਧਾਨੀ ਨਾਲ ਕਿਹਾ, "ਮੈਨੂੰ ਮੁਆਫ਼ ਕਰਨਾ ।”

“ਮਹਾਰਾਜ! ਖੁਦ ਲਕਸ਼ਮੀ, ਜਿਹੜੀ ਕਿਸੇ ਘਰ ਵਿੱਚ, ਜਿਸ ਤੇ ਉਸ ਦੇ ਅਧਿਕਾਰ ਨਹੀਂ ਹੁੰਦੇ, ਦੱਬੀ ਪਈ ਹੁੰਦੀ ਹੈ ਸਾਨੂੰ ਪੁਕਾਰਦੀ ਹੈ ਕਿ ਉਸ ਨੂੰ ਆਜ਼ਾਦ ਕਰਾਈਏ। ਮੈਂ ਉਸ ਦੀ ਪੁਕਾਰ ਮੀਲਾਂ ਤੋਂ ਸੁਣ ਸਕਦਾ ਹਾਂ। ਇਸ ਤਰ੍ਹਾਂ ਮੈਂ ਉਸ ਦੀ

ਪੁਕਾਰ ਸੁਣਕੇ ਇਸ ਤਰ੍ਹਾਂ ਬੰਧਨ ਵਿੱਚ ਪਈ ਲਕਸ਼ਮੀ ਨੂੰ ਮੁਕਤੀ ਦਿਵਾਉਣ ਲਈ ਉਸ ਨੂੰ ਵੰਡਣ ਅਤੇ ਵਿਸਥਾਰ ਕਰਨ ਲਈ ਇਹ ਕਰਦਾ ਹਾਂ। ਇਸ ਦਾ ਇਕ ਹਿੱਸਾ ਮੁਖੀ ਨੂੰ ਜਾਂਦਾ ਹੈ, ਇਕ ਫ਼ੌਜਦਾਰ ਨੂੰ, ਅਤੇ ਇਕ ਹਿੱਸਾ, ਉੱਪਰਲੇ ਅਫ਼ਸਰਾਂ ਨੂੰ ਜਾਂਦਾ ਹੈ। ਸਾਡੇ ਗਰੀਬਾਂ ਲਈ ਕੀ ਬਚਦਾ ਹੈ ਸਰਕਾਰ ! ਉਹ ਤਾਂ ਅਸੀਂ ਜਿੰਨੇ ਕੰਢੇ ਪੈਰਾਂ ਹੇਠ ਮਿੱਧ ਛੱਡਦੇ ਹਾਂ ਉਨ੍ਹਾਂ ਦੀ ਕੀਮਤ ਦੇ ਬਰਾਬਰ ਵੀ ਨਹੀਂ ਹੁੰਦਾ ।"

'ਮਹਾਰਾਜ ਹੱਕਾ ਬੱਕਾ ਰਹਿ ਗਿਆ। ਉਸ ਦੀਆਂ ਗੰਭੀਰ ਅੱਖਾਂ ਫੂਲੇ ਦੇ ਚਿਹਰੇ ਤੇ ਜੰਮ ਗਈਆਂ ਜਿਹੜਾ ਆਪਣੀ ਵਿਥਿਆ ਜਾਰੀ ਰੱਖ ਰਿਹਾ ਸੀ ।

"ਮਹਾਰਾਜ! ਮੇਰੀ ਗੱਲ ਸੁਣਨਾ। ਇਕ ਵਾਰੀ ਮੈਂ ਚੋਰੀ ਕਰਨ ਲਈ ਦਰਿਆਉਂ ਪਾਰ ਗਿਆ। ਮੈਂ ਇਕ ਘਰ ਤੋੜਿਆ ਅਤੇ ਗਹਿਣਿਆਂ ਦਾ ਡੱਬਾ ਇਕ ਰੁਮਾਲ ਵਿੱਚ ਉਲਟਾ ਕੇ ਖਾਲੀ ਕੀਤਾ। ਜਦੋਂ ਮੈਂ ਇਸ ਪੋਟਲੀ ਨੂੰ ਬੰਨ੍ਹ ਰਿਹਾ ਸੀ ਤਾਂ ਘਰ ਵਾਲੀ ਜਾਗ ਪਈ ਤੇ ਉਸ ਨੇ ਮੈਨੂੰ ਵੇਖ ਲਿਆ। ਉਹ ਚੀਕ ਮਾਰਨ ਲੱਗੀ। ਮੈਂ ਆਪਣਾ ਖੰਜਰ ਵਿਖਾ ਕੇ ਉਸ ਨੂੰ ਚੁੱਪ ਕਰਾਇਆ। ਉਸ ਦੀ ਚੀਕ ਪਿਛਾਂਹ ਅੰਦਰ ਹੀ ਦਬ ਗਈ ਅਤੇ ਉਹ ਹਤਾਸ਼ ਖਲੋਤੀ ਰਹੀ। ਇਕਦਮ ਪਤਾ ਨਹੀਂ ਮੈਨੂੰ ਕੀ ਹੋਇਆ ਕਿ ਮੈਂ ਉਹ ਪੋਟਲੀ ਖੋਲ੍ਹੀ ਅਤੇ ਇਕ ਇਕ ਕਰਕੇ ਉਸ ਵਿੱਚੋਂ ਗਹਿਣੇ ਕੱਢ ਕੇ ਉਸ ਵੱਲ ਸੁੱਟਣ ਲੱਗ ਪਿਆ। ਆਖਰੀ ਗਹਿਣਾ ਉਸ ਵੱਲ ਸੁੱਟ ਕੇ ਮੈਂ ਬਾਹਰ ਆ ਗਿਆ ।

ਵਾਪਸ ਆਉਂਦਿਆਂ ਰਸਤੇ ਵਿੱਚ ਮੈਂ ਆਪਣੇ ਆਪ ਨੂੰ ਝਾੜ ਪਾਈ।

"ਫੂਲਿਆ। ਬੇਵਕੂਫਾ ।" ਇਹ ਧਨ ਠੀਕ ਤੌਰ ਤੇ ਉਸੇ ਘਰ ਦਾ ਹੀ ਹੋਣਾ ਹੈ; ਤੂੰ ਉਸ ਦੀ ਪੁਕਾਰ ਗ਼ਲਤ ਸੁਣੀ ਹੋਣੀ ਹੈ ਅਤੇ ਤੈਨੂੰ ਥਾਂ ਦਾ ਭੁਲੇਖਾ ਲੱਗਾ ਹੋਣਾ ਹੈ ।" ਇਸ ਤਰ੍ਹਾਂ ਮਹਾਰਾਜ ਸਾਡੇ ਅੰਦਰਲੇ ਨੂੰ ਪਤਾ ਲੱਗ ਜਾਂਦਾ ਹੈ। ਅਸੀਂ ਕਦੇ ਵੀ ਉਸ ਦੇ ਘਰ ਨਹੀਂ ਜਾਂਦੇ ਜਿੱਥੇ ਅਸੀਂ ਮਹਿਸੂਸ ਕਰੀਏ ਕਿ ਧਨ ਠੀਕ ਤੌਰ ਤੇ ਉਸ ਦਾ ਆਪਣਾ ਹੈ। ਪ੍ਰਮਾਤਮਾ ਨੇ ਚੋਰਾਂ ਨੂੰ ਸਮਾਜ ਦੀ ਸਫਾਈ ਕਰਨ ਲਈ ਬਣਾਇਆ ਹੈ।

ਜਿਵੇਂ ਉਸ ਨੇ ਤਰਖਾਣ, ਲੁਹਾਰ ਅਤੇ ਸਫਾਈ ਸੇਵਕ ਵੱਖ ਵੱਖ ਕੰਮਾਂ ਲਈ ਪੈਦਾ ਕੀਤੇ ਹਨ। ਫਿਰ ਵੀ, ਜੇਕਰ ਆਪ ਮੈਨੂੰ ਚੋਰੀ ਤੇ ਵਰਜੋਗੇ ਤਾਂ ਮੈਂ ਨਹੀਂ ਕਰਾਂਗਾ ।"

ਹੁਣ ਵੀ ਮਹਾਰਾਜ ਜਦੋਂ ਫੂਲੇ ਦਾ ਜ਼ਿਕਰ ਕਰਦਾ ਹੈ ਉਸ ਦੀ ਆਵਾਜ਼ ਕੋਮਲ ਹੋ ਜਾਂਦੀ ਹੈ ਉਸ ਨੇ ਦੱਸਿਆ ਕਿ ਫੂਲੇ ਨੇ ਉਸ ਦਿਨ ਉਸ ਨੂੰ ਅੱਗੇ ਤੋਂ ਚੋਰੀ ਨਾ ਕਰਨ ਦਾ ਪ੍ਰਣ ਦਿੱਤਾ ਅਤੇ ਸੱਚਮੁੱਚ ਉਸ ਨੇ ਚੋਰੀ ਕਰਨੀ ਬੰਦ ਕਰ ਦਿੱਤੀ। ਫੂਲੇ ਦੀ ਕਹਾਣੀ ਮਹਾਰਾਜ ਨੂੰ ਯਜੁਰਵੇਦ ਦੇ ਇਕ ਮੰਤਰ ਦੀ ਯਾਦ ਦਵਾਉਂਦੀ ਹੈ :-

ਅਸੀਂ ਡਾਕੂਆਂ ਨੂੰ, ਚੋਰਾਂ ਨੂੰ ਪ੍ਰਣਾਮ ਕਰਦੇ ਹਾਂ,

ਚੋਰਾਂ ਦੇ ਭਗਵਾਨ। ਤੈਨੂੰ ਸਾਡਾ ਪ੍ਰਣਾਮ।

ਫੂਲੇ ਦੀ ਮੌਤ ਬਹੁਤ ਦੁਖਾਂਤਕ ਸੀ। ਉਸ ਦੀ ਲੜਕੀ ਬੋਰਸਦ ਦੇ ਇਕ ਆਦਮੀ ਨਾਲ ਵਿਆਹੀ ਹੋਈ ਸੀ। ਉਹ ਆਦਮੀ ਬੜਾ ਜਾਲਮ ਸੀ ਅਤੇ ਆਪਣੀ ਪਤਨੀ ਨੂੰ ਬੁਰੀ ਤਰ੍ਹਾਂ ਮਾਰਿਆ ਕਰਦਾ ਸੀ। ਇਕ ਦਿਨ ਉਸ ਦੀ ਖੂਬ ਕੁਟਾਈ ਹੋਈ ਸੀ। ਉਹ ਇਸ ਬਦਸਲੂਕੀ ਤੋਂ ਤੰਗ ਆ ਗਈ ਸੀ। ਉਹ ਆਪਣੇ ਪਤੀ ਨੂੰ ਛੱਡ ਕੇ ਆਪਣੇ ਬਾਪ ਕੋਲ ਰਹਿਣ ਲਈ ਆ ਗਈ। ਸ਼ਰਾਬ ਨਾਲ ਅੰਨ੍ਹਾ ਹੋਇਆ ਉਸ ਦਾ ਪਤੀ ਉਸ ਦਾ ਪਿੱਛਾ ਕਰਦਾ ਆਇਆ ਅਤੇ ਫੂਲੇ ਨਾਲ ਲੜ ਪਿਆ। ਫੂਲੇ ਨੇ ਆਪਣੀ ਕੁੜੀ ਨੂੰ ਉਸ ਨਾਲ ਭੇਜਣ ਤੋਂ ਇਨਕਾਰ ਕਰ ਦਿੱਤਾ ਅਤੇ ਦੋਵੇਂ ਇੱਕ ਦੂਜੇ ਨੂੰ ਗਾਲ੍ਹਾਂ ਕੱਢਦੇ ਹੋਏ ਸਾਹਨਾਂ ਵਾਂਗ ਲੜ ਪਏ। ਜਵਾਈ ਨੇ ਫੂਲੇ ਨੂੰ ਛੁਰਾ ਮਾਰ ਕੇ ਖਤਮ ਕਰ ਦਿੱਤਾ। ਫੂਲੇ ਦੇ ਵਿਚਕਾਰਲੇ ਮੁੰਡੇ ਦੇਸ਼ਾਲਾ ਨੇ ਉਸ ਦੇ ਖੂਨ ਦਾ ਬਦਲਾ ਲੈਣ ਦਾ ਨਿਸ਼ਚਾ ਕੀਤਾ ਉਹ ਆਪਣੇ ਪਿਓ ਦੇ ਧੰਦੇ ਵਿੱਚ ਉਸ ਨੂੰ ਵੀ ਮਾਤ ਪਾ ਗਿਆ ਅਤੇ ਬੜੀ ਬੇਰਹਿਮੀ ਨਾਲ ਧੰਦਾ ਕਰਨ ਲੱਗਾ।

ਸਾਲੇ-ਭਣਵਈਏ ਵਿੱਚਕਾਰ ਦੁਸ਼ਮਣੀ ਖਤਮ ਕਰਨ ਲਈ ਮਹਾਰਾਜ ਨੇ ਦੇਸ਼ਾਲਾ ਨੂੰ ਮਿਲਣ ਲਈ ਬੁਲਾਇਆ। ਨਵਾਖਲ ਦੇ ਕੋਲ ਇੱਕ ਖੱਡ ਵਿੱਚ ਮਹਾਰਾਜ

ਉਸ ਦੀ ਇੰਤਜ਼ਾਰ ਕਰ ਰਿਹਾ ਸੀ। ਸ਼ਰਾਬ ਨਾਲ ਰੱਜਿਆ ਦੇਸ਼ਾਲਾ ਟਿਕਾਣੇ ਤੇ ਆ ਪਹੁੰਚਿਆ ਅਤੇ ਮਹਾਰਾਜ ਨੂੰ ਖ਼ੂਨ ਭਰੀਆਂ ਅੱਖਾਂ ਨਾਲ ਘੂਰਨ ਲੱਗਾ। ਉਸ ਦੇ ਇੱਕ ਹੱਥ ਵਿੱਚ ਕਮਾਨ ਅਤੇ ਦੂਜੇ ਹੱਥ ਵਿੱਚ ਤੀਰ ਸੀ ਜੋ ਕਮਾਨ ਉੱਤੇ ਚਾੜ੍ਹ ਕੇ ਉਸ ਨੇ ਮਹਾਰਾਜ ਵੱਲ ਸਾਧਿਆ ਹੋਇਆ ਸੀ।

ਦੇਸ਼ਾਲਾ ਗਰਜਿਆ, " ਤੂੰ ਕੀ ਚਾਹੁੰਦਾ ਹੈਂ?"

"ਦੇਸ਼ਾਲਾ! ਤੂੰ ਆਪਣੀ ਕੀ ਹਾਲਤ ਬਣਾ ਰੱਖੀ ਹੈ ?" ਮਹਾਰਾਜ ਨੇ ਬਿਨਾਂ ਅੱਖਾਂ ਝਮਕੇ ਉਸ ਨੂੰ ਝਾੜ ਪਾਈ ? "ਨਸ਼ੇ ਵਿੱਚ ਮਸਤ ਹੋ ਕੇ ਮੇਰੇ ਕੋਲ ਆਉਣ ਦੀ ਹਿੰਮਤ ਤੂੰ ਕਿਵੇਂ ਕੀਤੀ। ਬਦਤਮੀਜ਼ੀ ਦੀ ਹੱਦ ਹੀ ਕੋਈ ਨਹੀਂ ਕਿ ਤੂੰ ਮੇਰੇ ਵੱਲ ਤੀਰ ਸਾਧੀ ਬੈਠਾ ਹੈ?" ਤੈਨੂੰ ਪਤਾ ਹੈ ਇਕ ਥੱਪੜ ਮਾਰ ਕੇ ਮੈਂ ਤੇਰੇ ਕਮਜ਼ੋਰ ਹੱਥਾਂ ਵਿੱਚੋਂ ਤੀਰ ਖੋਹ ਸਕਦਾ ਹਾਂ। ਜਾਹ ਦਫਾ ਹੋ ਜਾਹ। ਮੈਂ ਤੇਰੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ ।"

ਮਸਤਿਆ ਮਨੁੱਖ ਜੋ ਸ਼ੇਰ ਵਾਂਗ ਤੁਲ ਕੇ ਆਇਆ ਸੀ, ਇੱਕ ਦਮ ਨਿੰਮੋਝੂਣਾ ਹੋ ਗਿਆ ਅਤੇ ਲੜਖੜਾਂਉਦਾ ਹੋਇਆ ਚਲਾ ਗਿਆ। ਮਗਰੋਂ ਜਦੋਂ ਉਹ ਇੱਕ ਡਾਕੇ ਵਿੱਚ ਮੌਕੇ ਤੇ ਫੜਿਆ ਗਿਆ ਅਤੇ ਜੇਲ੍ਹ ਵਿੱਚ ਭੇਜਿਆ ਗਿਆ ਤਾਂ ਮਹਾਰਾਜ ਉਸ ਨੂੰ ਮਿਲਣ ਲਈ ਗਿਆ।

ਮਹਾਰਾਜ ਨੇ ਪੁੱਛਿਆ, "ਕੀ ਤੂੰ ਮੈਨੂੰ ਪਛਾਣਦਾ ਹੈਂ ?"

ਦੇਸ਼ਾਲਾ ਨੇ ਆਪਣਾ ਸਿਰ ਨਾਂਹ ਵਿੱਚ ਹਿਲਾਇਆ।

"ਕੀ ਤੇਰਾ ਮਤਲਬ ਹੈ ਕਿ ਤੂੰ ਮੈਨੂੰ ਨਹੀਂ ਜਾਣਦਾ ?"

ਦੇਸ਼ਾਲਾ ਨੇ ਅਜੇ ਵੀ ਜ਼ੋਰ ਦੇ ਕੇ ਕਿਹਾ, "ਨਹੀਂ ! ਮੈਂ ਨਹੀਂ ਜਾਣਦਾ ।"

"ਹਾਂ ਠੀਕ ਹੈ। ਤੂੰ ਜਾਣਦਾ ਹੈਂ, ਪਰ ਤੇਰੇ ਵਿੱਚ ਇਹ ਮੰਨਣ ਦਾ ਸਾਹਸ ਨਹੀਂ ਕਿ ਤੂੰ ਮੈਨੂੰ ਜਾਣਦਾ ਹੈਂ; ਤੈਨੂੰ ਯਾਦ ਹੈ ਜਦੋਂ ਮੈਂ ਪਹਿਲੀ ਵਾਰ ਤੁਹਾਡੇ ਫਾਰਮ ਤੇ ਆਇਆ ਸਾਂ, ਤਾਂ ਤੂੰ ਕਿਹੋ ਜਿਹਾ ਸੀ? ਅਤੇ ਤੈਨੂੰ ਸ਼ਰਾਬ ਵਿੱਚ ਧੁੱਤ ਹੋਏ ਨੂੰ ਵੇਖ ਕੇ ਮੈਨੂੰ ਕਿੰਨੀ ਹੈਰਾਨੀ ਹੋਈ ਸੀ। ਅੱਜ ਤੂੰ ਇੱਕ ਬਦਨਾਮ ਡਾਕੂ ਬਣ ਚੁੱਕਾ ਹੈਂ। ਤੇਰੇ ਵਿੱਚ ਇੰਨੀ ਹਿੰਮਤ ਨਹੀਂ ਕਿ ਤੂੰ ਕਹਿ ਸਕੇਂ ਕਿ ਮੈਨੂੰ ਜਾਣਦਾ ਹੈਂ ? ਜੇ ਤੂੰ ਮੈਨੂੰ ਪਹਿਲਾਂ ਅਤੇ ਵਧੇਰੇ ਚੰਗੀ ਤਰ੍ਹਾਂ ਜਾਣਨ ਦੀ ਕੋਸ਼ਿਸ਼ ਕਰਦਾ ਤਾਂ ਇਸ ਸਥਿਤੀ ਵਿੱਚ ਨਾ ਹੁੰਦਾ ਜਿਸ ਵਿੱਚ ਅੱਜ ਹੈਂ।"

ਉਹ ਚੁੱਪ-ਚਪੀਤੇ ਮੁਲਾਕਾਤ ਵਾਲੇ ਕਮਰੇ ਤੋਂ ਚਲਾ ਗਿਆ। ਉਸ ਤੇ ਮੁਕੱਦਮਾ ਚਲਾਇਆ ਗਿਆ ਅਤੇ ਉਸ ਨੂੰ ਪੰਝੱਤਰ ਸਾਲ ਦੀ ਕੈਦ ਸੁਣਾਈ ਗਈ। ਆਪਣਾ ਹੱਠ ਨਾ ਛੱਡਦੇ ਹੋਏ ਮਹਾਰਾਜ ਇਕ ਵਾਰੀ ਫਿਰ ਉਸ ਨੂੰ ਵਦੋਦਰਾ ਦੀ ਸੈਂਟਰਲ ਜੇਲ੍ਹ ਵਿੱਚ ਮਿਲਣ ਗਿਆ।

ਮਹਾਰਾਜ ਨੇ ਉਸ ਨੂੰ ਪੁੱਛਿਆ, "ਮੈਂ ਪਿਛਲੀ ਵਾਰੀ ਜਦੋਂ ਤੈਨੂੰ ਮਿਲਿਆ ਸੀ ਤਾਂ ਤੂੰ ਮੈਨੂੰ ਪਛਾਣਨ ਤੋਂ ਇਨਕਾਰ ਕਿਉਂ ਕੀਤਾ ?"

"ਮਹਾਰਾਜ! ਇਹ ਮੈਂ ਜਾਣ ਕੇ ਕੀਤਾ ਸੀ,"

"ਕਿਉਂ?"

"ਅਸੀਂ ਚੋਰ ਹੁੰਦੇ ਹਾਂ। ਫੜੇ ਜਾਣ ਤੋਂ ਬਾਅਦ ਅਸੀਂ ਕਿਸੇ ਨਾਲ ਆਪਣੀ ਜਾਣ- ਪਛਾਣ ਸਵੀਕਾਰ ਨਹੀਂ ਕਰਦੇ। ਜੇ ਅਸੀਂ ਅਜਿਹਾ ਕਰੀਏ ਤਾਂ ਹੋ ਸਕਦਾ ਹੈ ਉਸ ਨੂੰ ਵੀ ਤੰਗ ਕੀਤਾ ਜਾਵੇ।"

ਦਾਰਸ਼ਨਿਕ ਚੋਰ ਫੂਲਾ ਵਾਵੇਚਾ ਦੇ ਉਸ ਪੁੱਤਰ ਲਈ ਮਹਾਰਾਜ ਦੇ ਦਿਲ ਵਿੱਚ ਉਸੇ ਤਰ੍ਹਾਂ ਦਾ ਪਿਆਰ ਉਮਡ ਆਇਆ ਜਿਹੋ ਜਿਹਾ ਕਿਸੇ ਰਿਸ਼ਤੇਦਾਰ ਦੇ ਪੁੱਤਰ ਵਾਸਤੇ ਉਮਡ ਆਉਂਦਾ ਹੈ। ਮਹਾਰਾਜ ਜੇਲ੍ਹ ਵਿੱਚੋਂ ਹੌਲੀ ਹੌਲੀ ਵਾਪਸ ਆ

ਗਿਆ। ਮਨ ਉੱਤੇ ਇਹ ਬੋਝ ਲਈ ਕਿ ਉਹ ਇਸ ਗੁਨਾਹਗਾਰ ਦਾ ਵਕਤ ਸਿਰ ਕਿਉਂ ਨਾ ਸੁਧਾਰ ਕਰ ਸਕਿਆ।

ਮਗਰੋਂ ਕੁਝ ਬੀਮਾਰੀ ਪਿੱਛੋਂ ਦੇਸ਼ਾਲਾ ਜੇਲ੍ਹ ਵਿੱਚ ਹੀ ਮਰ ਗਿਆ।

********

# ਇੱਕ ਸੱਚਾ ਖੱਤਰੀ

ਸ਼ਾਸਨ ਨੇ ਖੇੜਾ ਜ਼ਿਲ੍ਹੇ ਵਿੱਚ ਸਾਰੀ ਵਸੋਂ ਉੱਤੇ ਇਹ ਇਲਜ਼ਾਮ ਲਾ ਕੇ ਕਿ ਉਹ ਬਾਬਰ ਦੇਵਾ ਅਤੇ ਉਸ ਵਰਗੇ ਹੋਰ ਡਾਕੂਆਂ ਦੀ ਸਹਾਇਤਾ ਕਰਦੀ ਤੇ ਉਨ੍ਹਾਂ ਨੂੰ ਪਨਾਹ ਦੇਂਦੀ ਹੈ, ਇੱਕ ਜਬਰੀ ਟੈਕਸ ਤਾਵਾਨ ਲਾ ਦਿੱਤਾ। ਉਦੋਂ ਮਹਾਰਾਜ ਮਾਹੀ ਦੇ ਇਲਾਕੇ ਵਿੱਚ ਸੰਘਰਸ਼ ਨੂੰ ਜਥੇਬੰਦ ਕਰ ਰਿਹਾ ਸੀ। ਉਸ ਵੇਲੇ ਇਸ ਜਬਰੀ ਟੈਕਸ ਦੇ ਵਿਰੁੱਧ ਇਕ ਜਨਤਕ ਅੰਦੋਲਨ ਹੋਂਦ ਵਿੱਚ ਆ ਰਿਹਾ ਸੀ। ਉਹ ਹਮੇਸ਼ਾ ਚੁਕੰਨਾ ਰਹਿੰਦਾ ਕਿ ਜਿਸ ਆਦਮੀ ਨੇ ਇਹ ਟੈਕਸ ਭਰਿਆ ਨਾ ਹੋਵੇ ਉਸ ਦਾ ਕੋਈ ਵੀ ਮਾਲ ਅਸਬਾਬ ਜਾਂ ਡੰਗਰ- ਵੱਛਾ ਪ੍ਰਸ਼ਾਸਨ ਵੱਲੋਂ ਕੁਰਕ ਜਾਂ ਜ਼ਬਤ ਨਾ ਕੀਤਾ ਜਾਵੇ।

ਇਕ ਦਿਨ ਕਾਲੂ ਨਾਂ ਦੇ ਇਕ ਪਿੰਡ ਵਿੱਚ ਮਹਾਰਾਜ ਨੂੰ ਗ੍ਰਾਸੀਆ ਜਾਤੀ ਦਾ ਇੱਕ ਆਦਮੀ ਮਿਲਿਆ ਉਸ ਆਦਮੀ ਦੇ ਕੰਨਾਂ ਵਿੱਚ ਸੋਨੇ ਦੀਆਂ ਮੁਰਕੀਆਂ ਪਈਆਂ ਵੇਖ ਕੇ ਮਹਾਰਾਜ ਨੇ ਉਸ ਨੂੰ ਚੁਕੰਨਾ ਕੀਤਾ, “ਹੇਮੰਤ ਠਾਕੁਰ ! ਤੂੰ ਆਪ ਦੀਆਂ ਮੁਰਕੀਆਂ ਕੰਨਾਂ ਵਿੱਚ ਪਾਈ ਲੋਕਾਂ ਨੂੰ ਕਿਉਂ ਵਿਖਾਉਂਦਾ ਫਿਰਦਾ ਏਂ। ਜੇ ਸਰਕਾਰੀ ਆਦਮੀਆਂ ਨੇ ਵੇਖ ਲਿਆ ਤਾਂ ਤੇਰੇ ਕੋਲੋਂ ਖੋਹ ਲੈਣਗੇ ।”

ਗ੍ਰਾਸੀਆ ਨੇ ਬੇਫਿਕਰੀ ਵਿੱਚ ਹੱਸਦੇ ਹੋਏ ਕਿਹਾ, "ਮਹਾਰਾਜ! ਜੇ ਉਹ ਖੋਹ ਲੈਣਗੇ ਤਾਂ ਕੀ ਹੋ ਜਾਵੇਗਾ ? ਸੱਚ ਗੱਲ ਤਾਂ ਇਹ ਵੇ ਕਿ ਇਹ ਮੁਰਕੀਆਂ ਮੇਰੇ ਖ਼ੂਨ ਪਸੀਨੇ ਦੀ ਕਮਾਈ ਨਹੀਂ ਹਨ ।”

“ਤਾਂ ਫਿਰ ਤੂੰ ਇਹ ਕਿੱਥੋਂ ਲਈਆਂ ਹਨ? ਕੀ ਅਸਮਾਨ ਤੋਂ ਡਿੱਗੀਆਂ ਹਨ ?"

ਗ੍ਰਾਸੀਆ ਨੇ ਆਪਣੇ ਸਿਰ ਤੇ ਲਪੇਟਿਆ ਕੱਪੜਾ ਠੀਕ ਕੀਤਾ, ਆਪਣੇ ਟਕੂਏ ਉੱਤੇ ਜਿਸ ਦਾ ਇਕ ਸਿਰਾ ਜ਼ਮੀਨ ਉੱਤੇ ਟਿਕਿਆ ਹੋਇਆ ਸੀ, ਭਾਰ

ਪਾਉਂਦਿਆਂ ਉਹ ਬੜੀ ਤੀਬਰਤਾ ਨਾਲ ਆਪਣੀ ਕਹਾਣੀ ਕਹਿਣ ਲੱਗਾ। "ਮਹਾਰਾਜ ! ਇਕ ਰਾਤ ਏਦਾਂ ਹੋਇਆ ਕਿ ਮੈਂ ਇੱਕ ਵਾਰੀ ਇਕ ਆਦਮੀ ਨੂੰ ਉਸ ਦੇ ਘਰ ਮਿਲਣ ਗਿਆ ।" ਉਸ ਨੇ ਇਕ ਐਸੇ ਪਿੰਡ ਤੇ ਵਿਅਕਤੀ ਦਾ ਨਾਂ ਲਿਆ ਜੋ ਇਲਾਕੇ ਵਿੱਚ ਬਹੁਤ ਹੀ ਮਸ਼ਹੂਰ ਸਨ। ਮੈਂ ਵੇਖਿਆ ਕਿ ਮਕਾਨ ਦੀ ਪਹਿਲੀ ਮੰਜ਼ਲ ਉੱਤੇ ਦੂਜੀ ਮੰਜ਼ਲ ਦੀ ਉਸਾਰੀ ਦਾ ਕੰਮ ਅਚਾਨਕ ਰੁਕਿਆ ਖੜ੍ਹਾ ਹੈ, ਜਿਵੇਂ ਕੰਮ ਵਿਚੇ ਹੀ ਕੁਝ ਚਿਰ ਵਾਸਤੇ ਛੱਡ ਦਿੱਤਾ ਗਿਆ ਹੋਵੇ।

ਮੈਂ ਉਸ ਸੱਜਣ ਨੂੰ ਪੁੱਛਿਆ, "ਸ੍ਰੀਮਾਨ । ਕੰਮ ਵਿੱਚੇ ਕਿਉਂ ਛੱਡ ਦਿੱਤਾ ਜੇ?" ਉਸ ਨੇ ਕਿਹਾ, "ਹੇਮੰਤ ਠਾਕਰ ! ਤੁਸੀਂ ਐਨ ਲੋੜ ਵੇਲੇ ਬਹੁੜੇ ਹੋ। ਮਕਾਨ ਮੁਕੰਮਲ ਕਰਨਾ ਹੈ, ਪਰ ਮੇਰੇ ਕੋਲ ਪੈਸੇ ਮੁੱਕ ਗਏ ਹਨ। ਕੀ ਤੁਸੀਂ ਕੁਝ ਮਦਦ ਨਹੀਂ ਕਰ ਸਕਦੇ? ਕੀ ਤੁਸੀਂ ਇਨ੍ਹਾਂ ਦਿਨਾਂ ਵਿੱਚ ਬਾਹਰ ਨਹੀਂ ਨਿਕਲੇ ?"

ਮੈਂ ਉਸ ਨੂੰ ਦੱਸਿਆ ਕਿ ਮੈਂ ਕੁਝ ਚਿਰ ਤੋਂ ਬਾਹਰ ਚੋਰੀ ਕਰਨੀ ਛੱਡ ਦਿੱਤੀ ਹੈ।" "ਤਾਂ ਫਿਰ ਮੇਰੇ ਲਈ ਤੁਸੀਂ ਬਾਹਰ ਨਹੀਂ ਜਾਓਗੇ ?" ਉਹ ਬੜੀ ਅਪਣੱਤ ਭਰੀ ਆਵਾਜ਼ ਵਿੱਚ ਕਹਿ ਰਿਹਾ ਸੀ। " ਤੁਸੀਂ ਵੇਖ ਹੀ ਰਹੇ ਹੋ ਕਿ ਮੇਰਾ ਘਰ ਅਧੂਰਾ ਪਿਆ ਹੈ ਤੇ ਇਸ ਨੂੰ ਪੂਰਾ ਕਰਨਾ ਹੈ ?"

"ਉਸ ਦੀ ਤਜਵੀਜ਼ ਬਾਰੇ ਮੇਰੇ ਮਨ ਨੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਜਿੱਥੇ ਅਸੀਂ ਬੈਠੇ ਸਾਂ, ਉੱਥੋਂ ਅੰਦਰ ਜਾਣ ਵਾਲਾ ਇਕ ਦਰਵਾਜ਼ਾ ਖੁੱਲ੍ਹਿਆ ਅਤੇ ਇਕ ਆਦਮੀ ਕਮਰੇ ਦੇ ਅੰਦਰ ਦਾਖਲ ਹੋਇਆ। ਮੈਂ ਉਸ ਨੂੰ ਪਛਾਣ ਲਿਆ। ਉਹ ਨਾਲ ਦੇ ਪਿੰਡ ਦਾ ਇੱਕ ਬਜ਼ੁਰਗ ਬ੍ਰਾਹਮਣ ਸੀ।"

ਬ੍ਰਾਹਮਣ ਨੇ ਮੈਨੂੰ ਪੁੱਛਿਆ, "ਕੀ ਤੂੰ ਸੱਚਾ ਖੱਤਰੀ ਹੈਂ ?" ਬੜਾ ਖੁਸ਼ ਹੋ ਕੇ ਮੈਂ ਉੱਤਰ ਦਿੱਤਾ, "ਬਿਲਕੁਲ"। ਇਸ ਵਿੱਚ ਕੀ ਸ਼ੱਕ ਹੈ ?" ਉਸ ਨੇ ਕਿਹਾ, "ਜੇ ਤੂੰ ਸੱਚਾ ਖੱਤਰੀ ਹੈਂ ਤਾਂ ਇੰਨੀ ਡਰੀ ਹੋਈ ਆਵਾਜ਼ ਵਿੱਚ ਕਿਉਂ ਬੋਲਦਾ ਹੈਂ ? ਆ। ਚੱਲ ਆਪਾਂ ਅੱਜ ਰਾਤ ਬਾਹਰ ਚੱਲੀਏ ।"

"ਮੈਂ ਮੰਨ ਗਿਆ। ਉਸ ਰਾਤ ਜਦੋਂ ਹਨ੍ਹੇਰਾ ਪੈ ਗਿਆ ਤਾਂ ਉਨ੍ਹਾਂ ਮੈਨੂੰ ਖਾਣਾ ਖੁਆਇਆ ਅਤੇ ਮਾਹੀ ਦੇ ਕੰਡੇ ਇਕ ਥਾਂ ਤੇ ਲੈ ਗਏ ਜਿੱਥੇ ਇਕ ਬੇੜੀ ਸਾਡੀ ਉਡੀਕ ਕਰ ਰਹੀ ਸੀ। ਅਸੀਂ ਬੇੜੀ ਤੇ ਚੜ੍ਹ ਕੇ ਦਰਿਆ ਦੇ ਉਸ ਪਾਰ ਚਲੇ ਗਏ। ਉੱਥੇ ਪਹੁੰਚ ਕੇ ਉਹ ਬ੍ਰਾਹਮਣ ਅਤੇ ਮੈਂ ਬੇੜੀ ਵਿੱਚੋਂ ਉਤਰੇ। ਉਹ ਮੈਨੂੰ ਇਕ ਪਿੰਡ ਲੈ ਗਿਆ ਅਤੇ ਇਕ ਘਰ ਕੋਲ ਜਾ ਕੇ ਅਸੀਂ ਰੁਕ ਗਏ। ਇਹ ਇੱਕ ਲੁਬਾਣੇ ਦਾ ਘਰ ਸੀ। ਦਰਵਾਜ਼ੇ ਨੂੰ ਬਾਹਰੋਂ ਜੰਦਰਾ ਲੱਗਾ ਹੋਇਆ ਸੀ ਅਤੇ ਆਸੇ ਪਾਸੇ ਘੁੱਪ ਹਨ੍ਹੇਰਾ ਸੀ। ਵਿਹੜੇ ਵਿੱਚ ਇੱਕ ਮੰਜੀ ਪਈ ਸੀ, ਪਰ ਇਹ ਖ਼ਾਲੀ ਸੀ। ਲੁਬਾਣਾ ਤੀਵੀਆਂ ਦਾ ਸ਼ੋਕੀਨ ਸੀ ਅਤੇ ਅਸਾਂ ਸੋਚਿਆ ਕਿ ਉਹ ਰਾਤੀਂ ਕਿਸੇ ਮਾਰ ਤੇ ਗਿਆ ਹੋਵੇਗਾ। ਬ੍ਰਾਹਮਣ ਨੇ ਮੰਜੀ ਵੱਲ ਇਸ਼ਾਰਾ ਕਰਕੇ ਮੈਨੂੰ ਸਮਝਾਇਆ, “ਅੱਗੇ ਜਾਏਂਗਾ ਤਾਂ ਤੈਨੂੰ ਸਰ੍ਹਾਣੇ ਦੇ ਥੱਲੇ ਚਾਬੀ ਮਿਲੇਗੀ। ਇਹ ਜੰਦਰੇ ਨੂੰ ਖੋਲ੍ਹ ਦੇਵੇਗੀ। ਜਦੋਂ ਤੂੰ ਅੰਦਰ ਜਾਏਂਗਾ ਤਾਂ ਖੱਬੇ ਹੱਥ ਇਕ ਅਲਮਾਰੀ ਮਿਲੇਗੀ। ਇਸ ਨੂੰ ਖੋਲ੍ਹਕੇ ਜੋ ਕੁਝ ਮਿਲੇ ਲੈ ਆਵੀਂ। ਅਲਮਾਰੀ ਦੇ ਸਭ ਤੋਂ ਉੱਪਰਲੇ ਖਾਨੇ ਵਿੱਚ ਇਕ ਡੱਬਾ ਪਿਆ ਹੋਵੇਗਾ ਇਸ ਨੂੰ ਵੀ ਖਾਲੀ ਕਰ ਲਵੀਂ। ਹੋਰ ਪਾਸੇ ਝਾਕਣ ਦੀ ਲੋੜ ਨਹੀਂ ।"

ਮੈਂ ਇਹ ਸਾਰਾ ਕੰਮ ਇੰਨੀ ਜਲਦੀ ਕਰ ਲਿਆ ਜਿੰਨੀ ਜਲਦੀ ਕਿ ਹੁੱਕਾ ਵੀ ਨਹੀਂ ਪੀਤਾ ਜਾ ਸਕਦਾ। ਮੈਂ ਸਾਰਾ ਮਾਲ ਇਕ ਥੈਲੇ ਵਿੱਚ ਬੰਨ੍ਹ ਲਿਆ ਅਤੇ ਦਰਿਆ ਦੇ ਕੰਢੇ ਵੱਲ ਪਰਤ ਆਇਆ। ਤਦ ਮੈਂ ਮਾਚਸ ਦੀ ਤੀਲੀ ਬਾਲ ਕੇ ਬੇੜੀ ਨੂੰ ਇਸ਼ਾਰਾ ਕੀਤਾ। ਉਹ ਮੇਰੇ ਕੋਲ ਆ ਗਈ।

ਬੇੜੀ ਤੋਂ ਇੱਕ ਆਵਾਜ਼ ਨੇ ਪੁੱਛਿਆ, "ਹਾਂ ਬਈ ! ਕਿਵੇਂ ਰਿਹਾ ?" "ਇਹ ਉਸੇ ਦੀ ਆਵਾਜ਼ ਸੀ। ਜਦੋਂ ਮੈਂ ਉਸ ਨੂੰ ਦੱਸਿਆ ਕਿ ਕਾਰਜ ਸਿਰੇ ਚੜ੍ਹ ਗਿਆ ਹੈ ਤਾਂ ਉਸ ਨੇ ਬੇੜੀ ਨੂੰ ਕਿਨਾਰੇ ਦੇ ਹੋਰ ਨੇੜੇ ਕਰਨ ਲਈ ਕਿਹਾ। ਥਾਲੇ ਪਾਣੀ ਵਿੱਚ ਬੇੜੀ ਖੜ੍ਹੀ ਹੋ ਗਈ ਤੇ ਮਲਾਹ ਨੇ ਮੈਨੂੰ ਆਪਣੀਆਂ ਬਾਹਵਾਂ ਵਿੱਚ ਚੁੱਕ ਕੇ ਬੇੜੀ ਵਿੱਚ ਬਿਠਾ ਦਿੱਤਾ। ਛੇਤੀ ਹੀ, ਬੇੜੀ ਘਰ ਵੱਲ ਰਵਾਨਾ ਹੋ ਪਈ। ਉਨ੍ਹਾਂ ਨੇ ਖਾਣੇ ਤੇ ਸ਼ਰਾਬ ਨਾਲ ਮੇਰੀ ਆਓ ਭਗਤ ਕੀਤੀ। ਮੈਂ ਜ਼ਰਾ ਜ਼ਿਆਦਾ ਹੀ ਪੀ ਗਿਆ ਅਤੇ ਉਨ੍ਹਾਂ ਨੇ ਮੇਰੇ ਪਾਸੋਂ

ਸਾਰਾ ਕੁਝ ਲੈ ਲਿਆ। ਸਿਵੇ ਚਾਂਦੀ ਦੀ ਇੱਕ ਪਤਲੀ ਜਿਹੀ ਤਾਰ ਦੇ ਜਿਹੜੀ ਮੁਸ਼ਕਲ ਨਾਲ ਮੇਰੀ ਚਿਲਮ ਦੇ ਦੁਆਲੇ ਵਲੀ ਜਾ ਸਕਦੀ ਸੀ। ਇਹ ਮੇਰਾ ਇਨਾਮ ਸੀ। ਪਰ ਮਹਾਰਾਜ ਮੈਂ ਇੰਨਾ ਬੁੱਧੂ ਨਹੀਂ ਸਾਂ। ਜਦੋਂ ਉਨ੍ਹਾਂ ਦਾ ਧਿਆਨ ਕਿਸੇ ਹੋਰ ਪਾਸੇ ਸੀ ਤਾਂ ਮੈਂ ਇਹ ਮੁਰਕੀਆਂ ਉੱਥੋਂ ਚੁੱਕ ਲਈਆਂ ਸਨ। ਇਹ ਉਹੀ ਮੁਰਕੀਆਂ ਹਨ ਜਿਹੜੀਆਂ ਮੈਂ ਕੰਨਾਂ ਵਿੱਚ ਪਾਈ ਫਿਰਦਾ ਹਾਂ। ਜੇ ਸਰਕਾਰ ਇਹ ਲੈ ਲਵੇ ਤਾਂ ਮੈਨੂੰ ਕੀ ਹੈ ? ਮੈਂ ਕਿਹੜਾ ਮੁਸ਼ੱਕਤ ਕੀਤੀ ਹੀ ਇਨ੍ਹਾਂ ਵਾਸਤੇ? ਹੈ ਨਾ ।"

ਉਸ ਨੇ ਆਪਣਾ ਟਕੂਆ ਮੋਢੇ ਤੇ ਰੱਖ ਲਿਆ ਅਤੇ ਹੱਸਦਾ ਹੋਇਆ ਮੌਜ ਨਾਲ ਤੁਰ ਗਿਆ।

********

# ਸੜੀ ਹੋਈ ਰੋਟੀ

ਜ਼ਮੀਨ ਚੀਕ ਉੱਠਦੀ ਜੇ ਕਰ ਉਹ ਅਜਿਹਾ ਕਰ ਸਕਦੀ।

ਮੋਤੀ ਬਰਿਆਓ ਧਰਤੀ ਦਾ ਬੇਟਾ ਇਕ ਕਿਸਾਨ ਸੀ। ਉਹ ਜੋਸ਼ੀ ਕੂੰਵਾਂ ਨਾਂ ਦੇ ਪਿੰਡ ਵਿੱਚ ਰਹਿੰਦਾ ਸੀ। ਉਸ ਦੀ ਪਤਨੀ ਉਸੇ ਪਿੰਡ ਦੇ ਇੱਕ ਹੋਰ ਬਰਿਆਓ ਨਾਲ ਪਿਆਰ ਕਰਦੀ ਸੀ, ਜਿਹੜਾ ਇਕ ਸਿਪਾਹੀ ਸੀ। ਜੇ ਗੱਲ ਇੱਥੇ ਹੀ ਖਤਮ ਹੋ ਜਾਂਦੀ ਤਾਂ ਮੋਤੀ ਸ਼ਾਇਦ ਬਰਦਾਸ਼ਤ ਕਰ ਜਾਂਦਾ ਪਰ ਉਸ ਦੀ ਪਤਨੀ ਉਸ ਨੂੰ ਛੱਡ ਕੇ ਆਪਣੇ ਪ੍ਰੇਮੀ ਕੋਲ ਰਹਿਣ ਲੱਗ ਪਈ। ਜੇ ਕਰ ਉਹ ਮੋਤੀ ਦੀਆਂ ਅੱਖਾਂ ਤੋਂ ਦੂਰ ਪਿੰਡ ਦੇ ਕਿਸੇ ਹੋਰ ਮੁਹੱਲੇ ਵਿੱਚ ਰਹਿੰਦੇ ਤਾਂ ਮੋਤੀ ਉਸ ਦੀ ਬੇਵਫਾਈ ਨੂੰ ਵੀ ਸਹਿ ਜਾਂਦਾ। ਪਰ ਉਹ ਨਾ ਕੇਵਲ ਉਸੇ ਮੁਹੱਲੇ ਸਗੋਂ ਉਸੇ ਗਲੀ ਵਿੱਚ, ਮੋਤੀ ਦੇ ਘਰ ਦੇ ਸਾਹਮਣੇ ਰਹਿਣ ਲੱਗੇ ਸਨ। ਜੇਕਰ ਇਹ ਜੋੜਾ ਆਪਣੀ ਪ੍ਰੇਮ ਕ੍ਰੀੜਾ ਵਿੱਚ ਰੁੱਝਿਆ ਰਹਿੰਦਾ ਤਾਂ ਸ਼ਾਇਦ ਮੋਤੀ ਇਸ ਦੁਖ ਨੂੰ ਵੀ ਝੱਲ ਲੈਂਦਾ, ਪਰ ਕਿਸਮਤ ਨੂੰ ਇਹ ਮਨਜ਼ੂਰ ਨਹੀਂ ਸੀ। ਪ੍ਰੇਮੀ ਮੁੰਡਾ ਮੋਤੀ ਨੂੰ ਵੇਖ ਨਹੀਂ ਸੀ ਸੁਖਾਂਦਾ। ਮੋਤੀ ਉਸ ਇਕੱਲੇ ਘਰ ਵਿੱਚ ਰਹਿੰਦਾ, ਸਵੇਰੇ ਉੱਠ ਕੇ ਸਿੱਧਾ ਆਪਣੇ ਖੇਤਾਂ ਨੂੰ ਜਾਂਦਾ, ਦਿਨੇ ਘਰ ਆ ਕੇ ਆਪਣੀ ਰੋਟੀ ਪਕਾਉਂਦਾ ਅਤੇ ਇਕੱਲਿਆਂ ਖਾਂਦਾ। ਸਕਰਾਰੀ ਮੁਲਾਜ਼ਮ ਹੋਣ ਦੀ ਆਕੜ ਵਿੱਚ ਪ੍ਰੇਮੀ ਹਰ ਵੇਲੇ ਮੋਤੀ ਦੀ ਬੇਇੱਜ਼ਤੀ ਕਰਦਾ ਅਤੇ ਧਮਕੀਆਂ ਦੇਂਦਾ ਰਹਿੰਦਾ। ਮੋਤੀ ਇਨ੍ਹਾਂ ਧਮਕੀਆਂ ਨੂੰ ਵੀ ਜਰ ਜਾਂਦਾ। ਪਰ ਉਸ ਦੀ ਔਰਤ, ਜੋ ਉਸ ਨੂੰ ਛੱਡ ਗਈ ਸੀ, ਉਹ ਵੀ ਉਸ ਨੂੰ ਬੁਰਾ ਭਲਾ ਕਹਿਣ ਤੇ ਤਾਹਨੇ ਮੇਹਣੇ ਮਾਰਨ ਵਿੱਚ ਸ਼ਰੀਕ ਹੋਣ ਲੱਗ ਪਈ। ਉਸ ਦੀਆਂ ਹਰਕਤਾਂ ਤੋਂ ਮੋਤੀ ਨੂੰ ਬਹੁਤ ਦੁਖ ਹੋਇਆ। ਇਸ ਤੋਂ ਵੀ ਵੱਧ ਇਹ ਹੋਇਆ ਕਿ ਸਿਪਾਹੀ ਨੇ ਕਿਸੇ ਨਾ ਕਿਸੇ ਤਰ੍ਹਾਂ ਮੋਤੀ ਦਾ ਨਾਂ ਹਾਜ਼ਰੀ

ਲੁਆਉਣ ਵਾਲੇ ਬਦਮਾਸ਼ਾਂ ਦੀ ਸੂਚੀ ਵਿੱਚ ਦਰਜ ਕਰਵਾ ਦਿੱਤਾ। ਇਸ ਉੱਤੇ ਵੀ ਸਬਰ ਨਾ ਕਰਦੇ ਹੋਏ ਸਿਪਾਈ ਨੇ ਮੋਤੀ ਉੱਤੇ ਆਪਣਾ ਨਾਜ਼ਾਇਜ਼ ਰੋਹਬ ਵਿਖਾਉਣਾ ਸ਼ੁਰੂ ਕਰ ਦਿੱਤਾ।

ਇਹੋ ਜਿਹੀ ਹਾਲਤ ਵਿੱਚ ਮੋਤੀ ਨੇ ਇਕੱਲਾਪਣ ਮਹਿਸੂਸ ਕੀਤਾ ਜਿਹੜਾ ਉਸ ਨੂੰ ਬਹੁਤ ਨਾ ਪਸੰਦ ਸੀ। ਉਹ ਆਪਣੇ ਅੰਦਰ ਘੁਟਿਆ-ਘੁਟਿਆ ਮਹਿਸੂਸ ਕਰਦਾ ਸੀ। ਉਹ ਆਪਣੇ ਖੇਤਾਂ ਵਿੱਚ ਵੀ ਇਕੱਲਾ ਹੋਣ ਕਰਕੇ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਸੀ ਕਰ ਸਕਦਾ। ਇਸ ਲਈ ਮੋਤੀ ਨੇ ਇੱਕ ਹੋਰ ਸ਼ਾਦੀ ਕਰ ਲਈ ਪਰ ਉਸ ਦੇ ਰਕੀਬ ਜੋੜੇ ਨੇ ਨਵੇਂ ਜੋੜੇ ਨੂੰ ਤੰਗ ਕਰਨਾ ਬੰਦ ਨਾ ਕੀਤਾ।

ਇਕ ਦਿਨ ਦੁਪਹਿਰ ਮਗਰੋਂ ਮੋਤੀ ਖੇਤਾਂ ਵਿੱਚੋਂ ਵਾਪਸ ਆ ਰਿਹਾ ਸੀ। ਉਹ ਆਪਣੇ ਨਾਲ ਕੁਝ ਮੂਲੀਆਂ ਪੁੱਟ ਕੇ ਲਿਆਇਆ ਸੀ। ਉਸ ਨੇ ਸਬਜ਼ੀ ਆਪਣੀ ਨਵੀਂ ਪਤਨੀ ਨੂੰ ਫੜਾ ਦਿੱਤੀ ਅਤੇ ਕਿਹਾ, “ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ ਜਿੰਨੀ ਛੇਤੀ ਹੋ ਸਕੇ ਮੈਨੂੰ ਰੋਟੀ ਪਕਾ ਕੇ ਦੇ। ਭੁੱਖ ਨਾਲ ਮੇਰਾ ਬੁਰਾ ਹਾਲ ਹੈ।”

ਉਸ ਦੀ ਪਤਨੀ ਨੇ ਕਿਹਾ, "ਹਾਂ ਪਿਆਰੇ। ਥੋੜ੍ਹਾ ਚਿਰ ਬੈਠੇ, ਹੁਣੇ ਰੋਟੀ ਪੱਕ ਜਾਂਦੀ ਹੈ।”

ਉਸ ਨੇ ਚੁੱਲ੍ਹੇ ਵਿੱਚ ਅੱਗ ਬਾਲੀ ਮਿੱਟੀ ਦਾ ਤਵਾ ਉੱਪਰ ਚੜ੍ਹਾਇਆ ਤੇ ਆਟਾ ਗੁੰਨ੍ਹਣ ਲੱਗ ਪਈ। ਮੋਤੀ ਉਸ ਦੇ ਸਾਹਮਣੇ ਭੁੱਖਾ ਬੈਠਾ ਸੀ। ਉਹ ਚੁੱਲ੍ਹੇ ਵਿੱਚ ਤਵੇ ਦੇ ਥੱਲੇ ਬਲਦੀਆਂ ਅੱਗ ਦੀਆਂ ਲਾਟਾਂ ਨੂੰ ਵੇਖ ਰਿਹਾ ਸੀ। ਤਦੇ ਹੀ ਇਕ ਵੋਹਾਰਾ ਕਿਸਾਨ ਦੌੜਦਾ ਦੌੜਦਾ ਅੰਦਰ ਆਇਆ ਅਤੇ ਉੱਚੀ ਉੱਚੀ ਬੋਲਿਆ, “ਮੋਤੀ, ਓ ਮੋਤੀ, ਕੀ ਤੂੰ ਘਰੇਂ ਈ ਏਂ ?”

"ਹਾਂ ਕੀ ਗੱਲ ਹੈ? ਤੈਨੂੰ ਕੀ ਚਾਹੀਦਾ ਹੈ ?" ਡਿਉੜੀ ਵਿੱਚ ਆ ਕੇ ਮੋਤੀ ਨੇ ਪੁੱਛਿਆ। ਉਹ ਭੁੱਖ ਨਾਲ ਮਰ ਰਿਹਾ ਸੀ ਅਤੇ ਇਸ ਵੇਲੇ ਕਿਸੇ ਵੀ ਦਖਲਅੰਦਾਜ਼ੀ ਨੂੰ ਪਸੰਦ ਨਹੀਂ ਸੀ ਕਰਦਾ।

"ਮੋਤੀ! ਜਲਦੀ ਕਰ। ਮੇਰੀਆਂ ਮੱਝਾਂ ਖੁੱਲ੍ਹ ਗਈਆਂ ਹਨ ਅਤੇ ਮੈਂ ਉਨ੍ਹਾਂ ਨੂੰ ਨਹੀਂ ਰੋਕ ਸਕਦਾ ।" ਉਸ ਨੇ ਮੋਤੀ ਨੂੰ ਕਿਹਾ, "ਉਹ ਭੱਜੀਆਂ ਜਾ ਰਹੀਆਂ ਹਨ ਅਤੇ ਜੇ ਤੂੰ ਦੌੜ ਕੇ ਉਨ੍ਹਾਂ ਨੂੰ ਨਾ ਫੜਿਆ ਤਾਂ ਉਨ੍ਹਾਂ ਨੂੰ ਕੋਈ ਹੋਰ ਹੱਕ ਕੇ ਲੈ ਜਾਵੇਗਾ। ਮੈਂ ਬਰਬਾਦ ਹੋ ਜਾਵਾਂਗਾ। ਵੀਰ ਮੋਤੀ ! ਭਰਾ ਬਣ ਕੇ। ਛੇਤੀ ਨਾਲ ਚੱਲ ।"

"ਮੈਨੂੰ ਕੁਝ ਖਾ ਤਾਂ ਲੈਣ ਦੇ। ਮੇਰੀਆਂ ਆਂਦਰਾਂ ਭੁੱਖ ਨਾਲ ਕੁਰਲਾ ਰਹੀਆਂ ਹਨ ।" ਖਿਝੇ ਹੋਏ ਮੋਤੀ ਨੇ ਕਿਹਾ।" ਮੈਂ ਭੁੱਖ ਨਹੀਂ ਬਰਦਾਸ਼ਤ ਕਰ ਸਕਦਾ ਅਤੇ ਬਿਨਾਂ ਕੁਝ ਖਾਧੇ ਮੈਂ ਬਾਹਰ ਨਹੀਂ ਜਾਵਾਂਗਾ ।"

ਮੋਤੀ। ਪਿਆਰੇ ਇੱਕ ਮਿੰਟ ਵੀ ਸਾਡੇ ਕੋਲ ਵਕਤ ਨਹੀਂ। ਮੇਰੇ ਡੰਗਰ ਮੇਰੇ ਹੱਥੋਂ ਨਿਕਲ ਜਾਣਗੇ ।" ਮੋਤੀ ਦੀ ਭੁੱਖ ਦੇ ਦੁਖ ਨੂੰ ਮਹਿਸੂਸ ਨਾ ਕਰਦੇ ਹੋਏ ਉਹ ਬੇਸਬਰੀ ਨਾਲ ਬੋਲਿਆ ।

ਮੋਤੀ ਨੇ ਆਪਣਾ ਭਾਲਾ ਚੁੱਕ ਲਿਆ ਅਤੇ ਡਿਊਢੀ ਵਿੱਚੋਂ ਹੀ ਆਪਣੀ ਪਤਨੀ ਨੂੰ ਬੋਲਿਆ, "ਰੋਟੀ ਅਤੇ ਮੂਲੀ ਤਿਆਰ ਰੱਖੀਂ ਮੈਂ ਆਇਆ ਕਿ ਆਇਆ।"

ਰਸੋਈ ਵਿੱਚ ਉਸ ਦੀ ਤੀਂਵੀਂ ਨੇਂ ਕਿਹਾ, "ਜ਼ਰਾ ਛੇਤੀ ਵਾਪਸ ਆ ਜਾਣਾ।"

ਭੁੱਖਾ ਮੋਤੀ ਭਾਲਾ ਹੱਥ ਵਿੱਚ ਫੜੀ ਪਿੰਡ ਵਿੱਚੋਂ ਬਾਹਰ ਨਿਕਲ ਗਿਆ ਅਤੇ ਮੱਝਾਂ ਦੇ ਵੱਗ ਪਿੱਛੇ ਦੌੜਿਆ, ਜਿਹੜੀਆਂ ਪੂਰੀ ਰਫ਼ਤਾਰ ਨਾਲ ਭੱਜ ਰਹੀਆਂ ਸਨ। ਸਾਹਮਣੇ ਪਾਸੇ ਤੋਂ ਦੋ ਆਦਮੀ ਆ ਰਹੇ ਸਨ ਪਰ ਮੋਤੀ ਨੇ ਉਨ੍ਹਾਂ ਨੂੰ ਨਾ ਵੇਖਿਆ ਉਹ ਉਨ੍ਹਾਂ ਨਾਲ ਰੁਕ ਕੇ ਗੱਲ ਵੀ ਨਹੀਂ ਸੀ ਕਰਨਾ ਚਾਹੁੰਦਾ।

ਉਸ ਦਾ ਸਾਰਾ ਧਿਆਨ ਦੌੜ ਰਹੀਆਂ ਮੱਝਾਂ ਵੱਲ ਸੀ। ਇਸ ਵੇਲੇ ਉਸ ਨੇ ਦੋਹਾਂ ਵਿੱਚੋਂ ਇੱਕ ਨੂੰ ਗਾਲ੍ਹਾਂ ਕੱਢਦੇ ਸੁਣਿਆ। ਗਾਲ੍ਹਾਂ ਜੋ ਵੱਧ ਤੋਂ ਵੱਧ ਭੱਦੀਆਂ ਤੇ ਗੰਦੀਆਂ ਸਨ।

ਗਾਲ੍ਹਾ ਸੁਣ ਕੇ ਮੋਤੀ ਦੇ ਪੈਰ, ਜੋ ਮੱਝਾਂ ਦਾ ਪਿੱਛਾ ਕਰ ਰਹੇ ਸਨ ਅਤੇ ਜਿਸ ਦਾ ਢਿੱਡ ਭੁੱਖ ਨਾਲ ਕੁਰਲਾ ਰਿਹਾ ਸੀ, ਰੁਕ ਗਏ, ਉਸ ਨੇ ਪਛਾਣ ਲਿਆ ਕਿ ਉਨ੍ਹਾਂ ਵਿੱਚੋਂ ਇੱਕ ਉਸ ਦੀ ਪਤਨੀ ਦਾ ਪ੍ਰੇਮੀ ਸੀ ਜਿਹੜਾ ਸ਼ਰਾਬੀ ਹੋਇਆ ਹੋਇਆ ਸੀ ਅਤੇ ਨਸ਼ੇ ਵਿੱਚ ਆਇਆ ਉਸ ਨੂੰ ਗਾਲ੍ਹਾਂ ਕੱਢ ਰਿਹਾ ਸੀ। ਬੇਇੱਜ਼ਤੀ ਨੇ ਭੁੱਖ ਦੀ ਬਲਦੀ ਅੱਗ ਉੱਤੇ ਤੇਲ ਦਾ ਕੰਮ ਕੀਤਾ ਅਤੇ ਮੋਤੀ ਦੀ ਸਹਿਨਸ਼ਕਤੀ ਦਾ ਕੜ ਟੁੱਟ ਗਿਆ। ਇੱਕ ਸਕਿੰਟ ਵਿੱਚ ਮੋਤੀ ਨੇ ਉਛਲ ਕੇ ਸਿਪਾਹੀ ਦੇ ਜਿਸਮ ਨੂੰ ਨੇਜ਼ੇ ਨਾਲ ਵਿੰਨ੍ਹ ਸੁੱਟਿਆ। ਕੁਝ ਪਲ ਮੋਤੀ ਪਿੰਡ ਤੋਂ ਬਾਹਰ ਉਜਾੜ ਵਿੱਚ ਸਨਾਟੇ ਦੀ ਹਾਲਤ ਵਿੱਚ ਖੜ੍ਹਾ ਰਿਹਾ ਜਦ ਕਿ ਉਸ ਦੇ ਸਾਹਮਣੇ ਸੂਰਜ ਦੀਆਂ ਤੇਜ਼ ਕਿਰਨਾਂ ਵਿੱਚ ਲਾਸ਼ ਧਰਤੀ ਉੱਤੇ ਚੌਫਾਲ ਵਿਛੀ ਪਈ ਸੀ। ਹੌਲੀ ਹੌਲੀ ਉਸ ਨੂੰ ਸਮਝ ਆਈ ਕਿ ਕੀ ਹੋ ਗਿਆ ਹੈ।

“ਹਾਇ ਰੱਬਾ। ਇਹ ਕੀ ਹੋ ਗਿਆ।” ਉਸ ਨੇ ਆਪਣੇ ਆਪ ਨੂੰ ਕਿਹਾ, "ਮੈਂ ਅਜੇ ਤੱਕ ਰੋਟੀ ਨਹੀਂ ਖਾਧੀ ਅਤੇ ਮੇਰੀ ਘਰ ਵਾਲੀ ਮੇਰੀ ਉਡੀਕ ਵਿੱਚ ਬੈਠੀ ਹੋਵੇਗੀ। ਖੇਤ ਤੋਂ ਪੁੱਟੀਆਂ ਮੂਲੀਆਂ ਕਿੰਨੀਆਂ ਨਰਮ ਸਨ। ਕੀ ਇਹ ਖਸਮਾਂ ਖਾਣੀਆਂ ਮੱਝਾਂ ਜ਼ਰਾ ਦੇਰ ਨਾਲ ਨਹੀਂ ਸਨ ਦੌੜ ਸਕਦੀਆਂ? ਅਤੇ ਮੈਨੂੰ ਕੀ ਪਤਾ ਸੀ ਕਿ ਇਸ ਸ਼ਰਾਬੀ ਕੁੱਤੇ ਨੇ ਸੜਕ ਉੱਤੇ ਮੇਰੇ ਮੱਥੇ ਲੱਗਣਾ ਸੀ ? ਜੇ ਉਹ ਸ਼ਰਾਬੀ ਨਾ ਹੁੰਦਾ ਤਾਂ ਭਾਵੇਂ ਮੈਨੂੰ ਗਾਲ੍ਹ ਵੀ ਕੱਢਦਾ ਤਾਂ ਮੇਰੇ ਕੋਲ ਹਥਿਆਰ ਵੇਖ ਕੇ ਕਿਸੇ ਹੱਦ ਵਿੱਚ ਰਹਿੰਦਾ। ਘੱਟੋ ਘੱਟ ਭੱਜ ਜਾਣ ਦੀ ਹਾਲਤ ਵਿੱਚ ਤਾਂ ਹੁੰਦਾ ਪਰ ਹੁਣ ਕੀ ਹੋਵੇ। ਗਜ਼ਬ ਹੋ ਗਿਆ ਹੈ ।”

ਮੋਤੀ ਕੋਲ ਕੋਈ ਚਾਰਾ ਨਹੀਂ ਸੀ ਉਹ ਭੱਜ ਗਿਆ। ਘਰ ਵਿੱਚ ਚੁੱਲ੍ਹੇ ਅੱਗ ਬਲ ਰਹੀ ਸੀ। ਤਵੇ ਉੱਤੇ ਪਿਆ ਫੁਲਕਾ ਫੁੱਲ ਗਿਆ ਸੀ। ਉਸ ਦੀ ਤੀਵੀਂ ਦੂਜੇ ਫੁਲਕੇ ਦਾ ਪੇੜਾ ਬਣਾ ਰਹੀ ਸੀ ਕਿ ਕਿਸੇ ਨੇ ਉਸ ਨੂੰ ਦੱਸਿਆ, ਕੀ ਵਾਪਰ ਗਿਆ ਸੀ। ਉਸ ਨੇ ਇਕ ਮਿੰਟ ਵੀ ਜ਼ਾਇਆ ਨਾ ਕੀਤਾ। ਆਟੇ ਨਾਲ ਲਿੱਬੜੇ ਹੱਥਾਂ ਨਾਲ ਦਰਵਾਜ਼ੇ ਦੀ ਕੁੰਡੀ ਅੜਾ ਕੇ ਉਹ ਵੀ ਦੌੜ ਗਈ।

ਮੋਤੀ ਦਾ ਘਰ ਖੋਲ੍ਹਣ ਤੇ ਪੁਲੀਸ ਨੂੰ ਚੁੱਲ੍ਹੇ ਉੱਤੇ ਪਏ ਤਵੇ ਤੇ ਇੱਕ ਰੋਟੀ ਪਈ ਮਿਲੀ। ਰੋਟੀ ਸੜ ਕੇ ਕੋਲਾ ਹੋ ਚੁੱਕੀ ਸੀ ਪਰ ਇਹ ਅਜੇ ਗਰਮ ਸੀ। ਮੂਲੀ ਦੇ ਪੱਤਰ ਮੁਰਝਾਏ ਪਏ ਸਨ। ਰੋਟੀ ਅਤੇ ਮੂਲੀ ਇਸ ਤਰ੍ਹਾਂ ਪਏ ਸਨ ਜਿਵੇਂ ਉਨ੍ਹਾਂ ਦੇ ਪੈਰ ਹੁੰਦੇ ਤਾਂ ਉਹ ਵੀ ਦੌੜ ਜਾਂਦੇ। ਇਉਂ ਲਗਦਾ ਸੀ ਜਿਵੇਂ ਪੁਲੀਸ ਨੂੰ ਵੇਖਦੇ ਸਾਰ ਮੂਲੀ ਤੇ ਰੋਟੀ ਨੇ ਮੱਤੀ ਦੀ ਭੁੱਖ ਨੂੰ ਲਲਚਾਉਣਾ ਬੰਦ ਕਰ ਦਿੱਤਾ ਹੋਵੇ।

ਇਸ ਘਟਨਾ ਤੋਂ 15 ਕੁ ਦਿਨ ਮਗਰੋਂ ਮਹਾਰਾਜ ਵਡੋਦਰਾ ਦੇ ਸਟੇਸ਼ਨ ਉੱਤੇ ਗੱਡੀ ਤੇ ਆਉਣ ਦੀ ਉਡੀਕ ਕਰ ਰਿਹਾ ਸੀ। ਗੱਡੀ ਆ ਗਈ ਅਤੇ ਇਕ ਡੱਬੇ ਵਿੱਚੋਂ ਇਕ ਪੁਲੀਸ ਅਫਸਰ ਉਤਰਿਆ। ਮਹਾਰਾਜ ਉਸ ਦੇ ਕੋਲ ਗਿਆ, ਹੱਥ ਜੋੜ ਕੇ ਉਸ ਦਾ ਸੁਆਗਤ ਕੀਤਾ ਅਤੇ ਸਿੱਧਿਆਂ ਮਤਲਬ ਦੀ ਗੱਲ ਤੇ ਆ ਗਿਆ, "ਤੁਸੀਂ ਜੋਸ਼ੀਕੂਵਾ ਦੇ ਸਿਪਾਹੀ ਦੇ ਕਾਤਲ ਨੂੰ ਫੜਦੇ ਕਿਉਂ ਨਹੀਂ ?"

"ਅਸੀਂ ਬਿਨਾ ਲੱਭੇ ਉਸ ਨੂੰ ਕਿਵੇਂ ਫੜ ਸਕਦੇ ਹਾਂ?"

"ਕੀ ਤੁਸੀਂ ਇਸ ਆਦਮੀ ਨੂੰ ਜਾਣਦੇ ਹੋ? " ਮਹਾਰਾਜ ਨੇ ਆਪਣੀ ਉਂਗਲ ਉਸ ਆਦਮੀ ਵੱਲ ਕੀਤੀ ਜਿਹੜਾ ਉਸਦੇ ਨਾਲ ਖੜ੍ਹਾ ਸੀ।

"ਨਹੀਂ।"

"ਇਹ ਉਹ ਆਦਮੀ ਹੈ, ਜਿਸ ਨੂੰ ਤੁਸੀਂ ਲੱਭ ਨਹੀਂ ਸਕੇ।"

ਅਫਸਰ ਉਨ੍ਹਾਂ ਦੋਹਾਂ ਵੱਲ ਖੁੱਲ੍ਹੇ ਮੂੰਹ ਨਾਲ ਵੇਖਦਾ ਰਿਹਾ। ਉਹ ਆਦਮੀ ਜਿਸ ਨੇ ਕਤਲ ਕੀਤਾ ਸੀ ਅਤੇ ਜਿਹੜਾ 12 ਦਿਨਾਂ ਤੋਂ ਪੁਲੀਸ ਨੂੰ ਡਾਹ ਨਹੀਂ ਸੀ ਦੇ ਰਿਹਾ ਬੜੇ ਬੇਫਿਕਰੀ ਨਾਲ ਬਿਨਾਂ ਹਥਿਆਰ ਬਿਨਾਂ ਹੱਥਕੜੀਆਂ, ਬੇੜੀਆਂ ਦੇ ਉਸ ਦੇ ਸਾਹਮਣੇ ਖੜ੍ਹਾ ਸੀ।

ਸ਼ਰਮਿੰਦਗੀ ਵਿੱਚ ਡੁੱਬੇ ਅਫਸਰ ਨੇ ਪੁੱਛਿਆ, “ ਤੁਸੀਂ ਇਸ ਨੂੰ ਕਿੱਥੋਂ ਲੱਭ ਲਿਆਏ ਹੋ ?”

"ਮੈਂ ਇਸ ਨੂੰ ਨਹੀਂ ਲੱਭਿਆ, ਇਹ ਆਪੇ ਮੇਰੇ ਕੋਲ ਆ ਗਿਆ ਸੀ ।”

“ਤੁਹਾਨੂੰ ਇਹ ਕਿੱਥੇ ਮਿਲਿਆ ਸੀ ?”

"ਇਹ ਜੋਸ਼ੀਕੂਵਾ, ਆਇਆ ਸੀ, ਜਿੱਥੇ ਮੈਂ ਠਹਿਰਿਆ ਹੋਇਆ ਸਾਂ।” ਮੈਂ ਇਸ ਨੂੰ ਸਮਝਾਇਆ ਸੀ ਕਿ ਮੈਂ ਇਸਨੂੰ ਵਡੋਦਰਾ ਲੈ ਚਲਾਂਗਾ ਜਿੱਥੇ ਜਾ ਕੇ ਇਹ ਆਪਣੇ ਆਪਨੂੰ ਪੁਲੀਸ ਦੇ ਹਵਾਲੇ ਕਰ ਦੇਵੇਗਾ ।”

"ਹੁਣ ਜਦ ਤੁਸੀਂ ਮੈਨੂੰ ਮਿਲ ਪਏ ਹੋ ਤੁਸੀਂ ਦੱਸੋ ਅਸੀਂ ਕੀ ਕਰੀਏ?”

ਹੁਣ ਆਪਾਂ ਪੇਟਲਾਡ ਚੱਲੀਏ। ਉਥੇ ਮੈਂ ਇਸ ਨੂੰ ਤੁਹਾਡੇ ਹਵਾਲੇ ਕਰ ਦਿਆਂਗਾ।” ਚਲੋ ਚਲੀਏ ।

ਪੇਟਲਾਡ ਵਿੱਚ ਪੁਲੀਸ ਅਫਸਰ ਨੇ ਮੋਤੀ ਨੂੰ ਰੋਟੀ ਖੁਆਈ। ਉਸ ਨੂੰ ਹਵਾਲਾਤ ਵਿੱਚ ਭੇਜਣ ਤੋਂ ਪਹਿਲਾਂ ਮਹਾਰਾਜ ਨੂੰ ਮਿਲਣ ਦਿੱਤਾ ਗਿਆ ।

"ਮਹਾਰਾਜ। ਕੀ ਮੈਨੂੰ ਆਪਣੀ ਸਫਾਈ ਲਈ ਵਕੀਲ ਕਰਨਾ ਪਵੇਗਾ?"

“ਮੋਤੀ। ਤੇਰੇ ਕੋਲ ਦੋ ਰਸਤੇ ਹਨ। ਮੈਂ ਤਾਂ ਕਹਾਂਗਾ ਕਿ ਤੂੰ ਆਪਣੇ ਜੁਰਮ ਦਾ ਇਕਬਾਲ ਕਰ ਲੈ। ਜੇ ਤੂੰ ਅਜਿਹਾ ਕੀਤਾ ਤਾਂ ਤੈਨੂੰ ਬਰੀ ਤਾਂ ਨਹੀਂ ਕੀਤਾ ਜਾਵੇਗਾ, ਪਰ ਤੈਨੂੰ ਫਾਹੇ ਵੀ ਨਹੀਂ ਲਾਇਆ ਜਾਵੇਗਾ। ਤੈਨੂੰ ਇਕ ਸਾਲ, ਦੋ, ਚਾਰ, ਪੰਜ ਜਾਂ

ਜੀਵਨ ਭਰ ਦੀ ਕੈਦ ਹੋ ਸਕਦੀ ਹੈ। ਪਰ ਜੇ ਕੋਈ ਵਕੀਲ ਚਾਹਵੇ ਤਾਂ ਤੈਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ। ਚੋਣ ਤੇਰੀ ਆਪਣੀ ਹੈ।"

ਲਿਜਾਣ ਤੋਂ ਪਹਿਲਾਂ ਮਹਾਰਾਜ ਨੇ ਪੁਲੀਸ ਅਫਸਰ ਨੂੰ ਬੇਨਤੀ ਕੀਤੀ ਕਿ ਮੋਤੀ ਨੂੰ ਮਾਰ ਕੁਟਾਈ ਨਾ ਕੀਤੀ ਜਾਵੇ ।

ਮੋਤੀ ਨੇ ਵਕੀਲ ਕਰਕੇ ਸਫਾਈ ਪੇਸ਼ ਕਰਨ ਦਾ ਫੈਸਲਾ ਕੀਤਾ। ਉਸ ਨੂੰ ਅਠਾਰਾਂ ਮਹੀਨਿਆਂ ਦੀ ਸਜ਼ਾ ਹੋਈ। ਸਫਾਈ ਦੇ ਵਕੀਲ ਨੇ ਕਿਹਾ ਸੀ ਕਿ ਮਕਤੂਲ ਇਕ ਪਹਾੜੀ ਉੱਤੇ ਖੜ੍ਹਾ ਸੀ ਜਦੋਂ ਵਾਰਦਾਤ ਹੋਈ ਸੀ ਅਤੇ ਮੋਤੀ ਉਸ ਦੀ ਢਲਵਾਨ ਦੇ ਪੈਰਾਂ ਕੋਲ, ਤਦ ਮਕਤੂਲ ਜਦੋਂ ਮੋਤੀ ਤੇ ਹਮਲਾ ਕਰਨ ਲਈ ਉੱਤੋਂ ਹੇਠਾਂ ਵੱਲ ਨੂੰ ਦੌੜਿਆ ਤਾਂ ਮੋਤੀ ਨੇ ਸਵੈ ਰੱਖਿਆ ਵਿੱਚ ਆਪਣਾ ਨੇਜ਼ਾ ਸਾਮਹਣੇ ਕਰ ਦਿੱਤਾ। ਸ਼ਰਾਬੀ ਮਕਤੂਲ ਡਿਗ ਪਿਆ ਅਤੇ ਨੇਜ਼ਾ ਉਸ ਦੇ ਪਾਰ ਹੋ ਗਿਆ ।

ਮੋਤੀ ਅੱਜ ਤੱਕ ਜ਼ਿੰਦਾ ਹੈ। ਮਹਾਰਾਜ ਨੂੰ ਉਸ ਨਾਲ ਕੋਈ ਗਿਲਾ ਨਹੀਂ ਕਿ ਉਸ ਨੇ ਉਨ੍ਹਾਂ ਦੀ ਸਲਾਹ ਨਹੀਂ ਸੀ ਮੰਨੀ। ਮਹਾਰਾਜ ਖੁਸ਼ ਹੈ ਕਿ ਉਸ ਨੂੰ ਫਾਂਸੀ ਨਹੀਂ ਲਾਇਆ ਗਿਆ। ਇਸ ਵਾਰਤਾ ਵਿੱਚ ਇੱਕ ਸੀਨ ਐਸਾ ਹੈ ਜੋ ਪਾਠਕ ਦੀਆਂ ਅੱਖਾਂ ਦੇ ਸਾਹਮਣੇ ਬਾਰ ਬਾਰ ਆਉਂਦਾ ਹੈ। ਦਰਵਾਜ਼ਾ ਖੋਲ੍ਹਦਿਆਂ ਹੀ ਪੁਲੀਸ ਨੂੰ ਚੁੱਲ੍ਹੇ ਤੇ ਪਏ ਮਿੱਟੀ ਦੇ ਤਵੇ ਤੇ ਇਕ ਰੋਟੀ ਪਈ ਮਿਲੀ, ਜੋ ਸੜ ਕੇ ਕੋਲਾ ਹੋ ਚੁੱਕੀ ਸੀ, ਪਰ ਉਹ ਅਜੇ ਗਰਮ ਸੀ। ਮੂਲੀ ਦੇ ਪੱਤਰ ਕੁਮਲਾਏ ਪਏ ਸਨ ।

*********

# ਬਾਬੜੀਆ ਦਾ ਪਿਤਾ

ਮਾਹੀ ਦਰਿਆ ਦੇ ਪਾਰ ਸੰਪਾਰਾ ਸ਼ਹਿਰ ਵਿੱਚ ਚੜ੍ਹੋਤਰ ਦੇ ਪਤਨਵਾਦੀਆਂ ਦੇ ਰਿਸ਼ਤੇਦਾਰ ਰਹਿੰਦੇ ਸਨ। ਇੱਕ ਵਾਰੀ ਸੰਪਾਰਾ ਦੇ ਪਤਨਵਾਦੀਆਂ ਨੇ ਮਹਾਰਾਜ ਨੂੰ ਆਪਣੇ ਇਲਾਕੇ ਵਿੱਚ ਆਉਣ ਦੀ ਬੇਨਤੀ ਕਰ ਭੇਜੀ। ਮਹਾਰਾਜ ਉੱਥੇ ਗਿਆ ਅਤੇ ਉਸ ਨੂੰ ਪਤਾ ਲੱਗਿਆ ਕਿ ਬੇਨਤੀ ਬਿਨਾਂ ਮਤਲਬ ਦੇ ਨਹੀਂ ਸੀ ਕੀਤੀ ਗਈ। ਪਿੰਡ ਵਾਲੇ ਹਾਜ਼ਰੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ।

ਪਹਿਲੀ ਫੇਰੀ ਦੌਰਾਨ ਮਹਾਰਾਜ ਮਾਹੀ ਜੀ ਨਾਂ ਦੇ ਇੱਕ ਪਤਨਵਾਦੀ ਦੇ ਘਰ ਠਹਿਰਿਆ ਸੀ। ਸੰਪਾਰਾ ਤੋਂ ਮੁੜ ਆਉਣ ਮਗਰੋਂ ਉਸ ਨੇ ਸੰਪਾਰਾ ਅਤੇ ਦੋ ਹੋਰ ਗੁਆਂਢੀ ਪਿੰਡਾਂ ਨੂੰ ਹਾਜ਼ਰੀ ਤੋਂ ਮੁਆਫ਼ੀ ਦੇਣ ਲਈ ਅਧਿਕਾਰੀਆਂ ਨੂੰ ਮਨਾ ਲਿਆ। ਕੁਝ ਮਹੀਨਿਆਂ ਬਾਅਦ ਉਹ ਫਿਰ ਉੱਥੇ ਜਾਣ ਲਈ ਦਰਿਆ ਵਿੱਚ ਕਿਸ਼ਤੀ ਵਿੱਚ ਬੈਠਿਆ। ਉੱਥੇ ਪਹੁੰਚਣ ਤੇ ਮਾਹੀ ਜੀ ਦੀ ਪਤਨੀ ਨੇ ਉਸ ਦਾ ਸੁਆਗਤ ਕੀਤਾ। ਮਹਾਰਾਜ ਨੇ ਦੇਖਿਆ ਕਿ ਉਸ ਦੀ ਹਰ ਚੀਜ਼ ਬਿਲਕੁਲ ਬਦਲੀ ਹੋਈ ਸੀ। ਉਸ ਦਾ ਚਿਹਰਾ ਇੱਕ ਨਵੀਂ ਰੋਸ਼ਨੀ ਨਾਲ ਚਮਕ ਰਿਹਾ ਸੀ।

"ਮਹਾਰਾਜ।" ਉਸ ਨੇ ਪਰਣਾਮ ਕਰਦਿਆਂ ਕਿਹਾ, "ਆਖਰ ਤੁਹਾਡੇ ਭਗਤ ਨੇ ਤੁਹਾਡੀ ਕੁਝ ਨਾ ਕੁਝ ਸਿੱਖਿਆ ਗ੍ਰਹਿਣ ਕਰ ਹੀ ਲਈ ਹੈ।" ਤਦ ਉਹ ਅੰਦਰ ਚਲੀ ਗਈ ਅਤੇ ਆਪਣੇ ਝਿਜਕਦੇ ਪਤੀ ਨੂੰ ਨਾਲ ਲੈ ਕੇ ਬਾਹਰ ਆਈ। ਮਾਹੀ ਜੀ ਨਵਵਿਆਹੁਤਾ ਵਾਂਗ ਸ਼ਰਮਾਅ ਰਿਹਾ ਸੀ। ਉਸ ਨੇ ਮਹਾਰਾਜ ਨੂੰ ਮੱਥਾ ਟੇਕਿਆ।

"ਕੀ ਜੋ ਕੁਝ ਤੇਰੀ ਪਤਨੀ ਨੇ ਕਿਹਾ ਹੈ ਠੀਕ ਹੈ? ਮਾਹੀ ਜੀ ।" ਮਹਾਰਾਜ ਨੇ ਪੁੱਛਿਆ ।

"ਹਾਂ। ਮਹਾਰਾਜ। ਠੀਕ ਹੈ। ਆਪ ਦੇ ਪਹਿਲੀ ਵਾਰੀ ਆਉਣ ਤੋਂ ਪਹਿਲਾਂ ਮੈਂ ਇੱਕ ਕੁੱਤੇ ਦਾ ਜੀਵਨ ਬਿਤਾ ਰਿਹਾ ਸਾਂ । ਹੁਣ ਤੁਸੀਂ ਉਸ ਤੋਂ ਹੀ ਪੁੱਛ ਸਕਦੇ ਹੋ ਕੀ ਫ਼ਰਕ ਹੈ?" ਮਾਹੀ ਜੀ ਨੇ ਕਿਹਾ ।

ਹੁਣ ਗੱਲਬਾਤ ਦੀ ਤੰਦ ਪਤਨੀ ਨੇ ਸਾਂਭ ਲਈ ਸੀ, "ਮਹਾਰਾਜ। ਹੁਣ ਸਮਾਂ ਆ ਗਿਆ ਹੈ ਕਿ ਆਪਣੇ ਭਗਤ ਨੂੰ ਆਪ ਕੋਈ ਵਰਦਾਨ ਦਿਓ। "

"ਮੈਂ ਕੀ ਦੇ ਸਕਦਾ ਹਾਂ?"

"ਇਸ ਨੂੰ ਕੋਈ, 'ਸ਼ਬਦ' ਜਾਂ ਕਿਸੇ ਤਰ੍ਹਾਂ ਦੀ ਕੋਈ ਦਾਤ ਦਿਓ ।" ਹੌਲੀ ਹੌਲੀ ਮਹਾਰਾਜ ਨੂੰ ਸਮਝ ਆਈ ਕਿ ਲੋਕ ਉਸ ਨੂੰ ਕਰਾਮਾਤੀ ਸ਼ਕਤੀਆਂ ਵਾਲਾ ਸਮਝਣ ਲੱਗ ਪਏ ਹਨ ਅਤੇ ਉਸ ਤੋਂ ਇਸ ਸ਼ਕਤੀ ਦਾ ਕੁਝ ਹਿੱਸਾ ਪ੍ਰਾਪਤ ਕਰਨ ਦੀ ਆਸ ਰੱਖਦੇ ਹਨ।"

"ਮੈਂ ਕੀ ਦੇ ਸਕਦਾ ਹਾਂ। ਮੇਰੇ ਪਾਸ ਨਾ ਕੋਈ ਮੰਤਰ ਹੈ ਨਾ ਸਿੱਧੀ ।" ਮਹਾਰਾਜ ਨੇ ਦਲੀਲ ਦਿੱਤੀ।

"ਮਹਾਰਾਜ ਦੇਣਾ ਤਾਂ ਤੁਹਾਨੂੰ ਜ਼ਰੂਰ ਪਵੇਗਾ। ਤੁਸੀਂ ਇੰਨੀਂ ਕਰਨੀ ਵਾਲੇ ਮਹਾਂਪੁਰਸ਼ ਹੋ। ਜੋ ਚਾਹੋ ਦੇ ਸਕਦੇ ਹੋ ।"

ਅਨਪੜ੍ਹ ਔਰਤ ਨਾਲ ਬਹਿਸ ਕਰਨ ਦੀ ਬਜਾਏ ਮਹਾਰਾਜ ਨੇ ਆਪਣੇ ਗਲੇ ਵਿੱਚੋਂ ਮਾਲਾ ਉਤਾਰ ਲਈ ਅਤੇ ਮਾਹੀ ਜੀ ਨੂੰ ਦੇਂਦਿਆਂ ਕਿਹਾ, "ਇਸ ਨੂੰ ਆਪਣੇ ਕੋਲ ਰੱਖ ਲਏ। ਇਹ ਮੈਨੂੰ ਮੇਰੇ ਗੁਰੂ ਨੇ ਦਿੱਤੀ ਸੀ। ਸਵੇਰੇ ਨਹਾਉਣ ਤੋਂ ਪਿੱਛੋਂ ਘਿਓ ਦਾ ਦੀਵਾ ਜਗਾ ਕੇ ਰਾਮ ਨਾਮ ਦੀ ਮਾਲਾ ਫੇਰਿਆ ਕਰ। ਉਹੀ ਸਾਰਿਆਂ ਪਾਪੀਆਂ ਦਾ ਤਾਰਨਹਾਰ ਹੈ।"

ਦੋ ਸਾਲ ਲੰਘ ਗਏ ਜਦੋਂ ਮਹਾਰਾਜ ਤੀਜੀ ਵਾਰੀ ਪਿੰਡ ਵਿੱਚ ਆਇਆ। ਐਤਕੀਂ ਵੀ ਉਹ ਮਾਹੀ ਜੀ ਦੇ ਘਰ ਦਾ ਮਹਿਮਾਨ ਸੀ। ਮਾਹੀ ਜੀ ਦੀ ਪਤਨੀ ਫੁੱਲ ਵਾਂਗ ਖਿੜੀ ਹੋਈ ਸੀ। ਉਸ ਨੇ ਵਧੀਆ ਤੇ ਮਹਿੰਗੇ ਕੱਪੜੇ ਪਾਏ ਹੋਏ ਸਨ। ਡਿਉਢੀ ਵਿੱਚ ਮਹਾਰਾਜ ਲਈ ਮੰਜਾ ਵਿਛਾ ਕੇ ਉਸ ਨੇ ਆਪਣੇ ਪੁੱਤਰ ਨੂੰ ਅੰਦਰ ਭੇਜਿਆ ਕਿ ਆਪਣੇ ਪਿਤਾ ਮਾਹੀ ਜੀ ਨੂੰ ਸੱਦ ਲਿਆਏ। ਜਿੱਥੇ ਮਹਾਰਾਜ ਬੈਠਿਆ ਸੀ। ਉੱਥੋਂ ਉਹ ਪਿਛਵਾੜੇ ਦਾ ਕੁਝ ਭਾਗ ਵੇਖ ਸਕਦਾ ਸੀ। ਉਸ ਨੂੰ ਚਿਹਰੇ ਤਾਂ ਸਾਫ ਨਾ ਦਿਖਾਈ ਦਿੱਤੇ ਪਰ ਉਸ ਦਾ ਪੱਕਾ ਖਿਆਲ ਸੀ ਕਿ ਉਨ੍ਹਾਂ ਦੇ ਕੱਪੜੇ ਜ਼ਨਾਨਾ ਸਨ ਅਤੇ ਬਾੜ ਦੇ ਕੋਲੋਂ ਉਨ੍ਹਾਂ ਦੀ ਘੁਸਰ ਮੁਸਰ ਦੀ ਆਵਾਜ਼ ਆ ਰਹੀ ਸੀ। ਉਸ ਨੂੰ ਬਾੜ ਦੇ ਕੋਲ ਮਾਹੀ ਜੀ ਵੀ ਖੜੋਤਾ ਦਿਸਿਆ ਜੋ ਮਿੰਟ ਮਿੰਟ ਮਗਰੋਂ ਉਨ੍ਹਾਂ ਅਣਦਿਸਦੇ ਵਿਅਕਤੀਆਂ ਨਾਲ ਪੈਕਟਾਂ ਦਾ ਵਟਾਂਦਰਾ ਕਰ ਰਿਹਾ ਸੀ। ਮਹਾਰਾਜ ਦੀ ਉਤਸੁਕਤਾ ਜਾਗ ਉੱਠੀ ਕਿ ਪਿਛਵਾੜੇ ਵਿੱਚ ਕੀ ਹੋ ਰਿਹਾ ਹੈ। ਕੀ ਗੱਲ ਹੈ ਕਿ ਮਾਹੀ ਜੀ ਨੂੰ ਇਨ੍ਹਾਂ ਚਿਰ ਲੱਗ ਗਿਆ ਹੈ। ਮਹਾਰਾਜ ਹੈਰਾਨ ਸੀ ਕਿ ਉਸ ਦੇ ਆਉਣ ਦੀ ਖਬਰ ਹੋ ਜਾਣ ਤੇ ਵੀ ਉਸ ਨੇ ਇੰਨੀ ਦੇਰ ਲਾ ਦਿੱਤੀ ਸੀ ।

ਆਖਰ ਮਾਹੀ ਜੀ ਆ ਗਿਆ। ਉਹ ਆਪਣੇ ਆਪ ਵਿੱਚ ਬਹੁਤ ਖੁਸ਼ ਸੀ। ਮਗਰੋਂ ਜਦੋਂ ਉਹ ਨਹਾਉਣ ਲਈ ਪਿਛਵਾੜੇ ਵਿੱਚ ਗਿਆ ਤਾਂ ਉਸ ਨੇ ਹਜ਼ਾਰਾਂ ਲੱਖਾਂ ਮੱਖੀਆਂ ਸਾਰੇ ਪਾਸੇ ਭਿੰਣ-ਭਿੰਣਾਉਂਦੀਆਂ ਵੇਖੀਆਂ ਅਤੇ ਇੱਕ ਕੋਨੇ ਵਿੱਚ ਮਠਿਆਈ ਦਾ ਢੇਰ ਲੱਗਾ ਸੀ। ਜਿਸ ਵਿੱਚੋਂ ਤੇਜ਼ ਬਦਬੂ ਆ ਰਹੀ ਸੀ। ਨਹਾ ਚੁੱਕਣ ਤੋਂ ਬਾਅਦ ਉਹ ਬੈਠਿਆ ਅਤੇ ਮਾਹੀ ਜੀ ਨਾਲ ਗੱਲ ਬਾਤ ਸ਼ੁਰੂ ਹੋਈ ।

"ਮਾਹੀ ਜੀ। ਜ਼ਿੰਦਗੀ ਕਿਵੇਂ ਗੁਜ਼ਰ ਰਹੀ ਹੈ?" ਉਸ ਨੇ ਪੁੱਛਿਆ ।

ਮਹਾਰਾਜ। ਆਪ ਦੀ ਕਿਰਪਾ ਨਾਲ ਸਭ ਠੀਕ ਹੈ ? ਮੈਨੂੰ ਹੁਣ ਮਾੜਾ ਧੰਦਾ ਕਰਨ ਦੀ ਲੋੜ ਨਹੀਂ ਰਹੀ। ਜਿਹੜੀ ਮਾਲਾ ਆਪ ਨੇ ਮੈਨੂੰ ਬਖਸ਼ੀ ਸੀ ਉਸੇ ਦਾ ਹੀ ਇਹ ਸਾਰਾ ਕਮਾਲ ਹੈ ।

"ਹਾਂ। ਹਾਂ ਦੱਸ? ਕੀ ਕਮਾਲ ਹੈ ?"

"ਮੈਂ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ ਹੈ ।"

"ਤੂੰ ਕਿਸ ਚੀਜ਼ ਦਾ ਵਪਾਰ ਕਰਦਾ ਹੈਂ?"

"ਮੈਨੂੰ ਹਰ ਰੋਜ਼ ਮਠਿਆਈ ਤੋਂ ਕੁਝ ਰੁਪਏ ਮਿਲ ਜਾਂਦੇ ਹਨ। ਪਰ ਇਹ ਸਾਰੀ ਖੁਸ਼ਹਾਲੀ ਆਪ ਦੀ ਅਸੀਸ ਸਦਕਾ ਹੀ ਹੈ ।"

"ਪਰ ਤੇਰੇ ਕੋਲੋਂ ਮਠਿਆਈ ਕੌਣ ਖਰੀਦਦਾ ਹੈ?"

"ਬਹੁਤ ਸਾਰੇ ਲੈਂਦੇ ਹਨ। ਲੋਕ ਚੋਰੀ ਦੇ ਮਾਲ ਬਦਲੇ ਮੇਰੇ ਕੋਲੋਂ ਮਠਿਆਈ ਲੈ ਜਾਂਦੇ ਹਨ। ਬੱਚੇ ਖੇਤਾਂ ਵਿੱਚ ਚੋਰੀ ਕਰਕੇ ਮਾਲ ਮੇਰੇ ਕੋਲੋਂ ਵਟਾ ਲੈਂਦੇ ਹਨ ਅਤੇ ਔਰਤਾਂ ਵੀ ਅਕਸਰ ਆ ਜਾਂਦੀਆਂ ਹਨ ।"

"ਤੇ ਤੇਰੀ ਦੁਕਾਨ ਕਿੱਥੇ ਹੈ?"

"ਹਾਲੀ ਮੇਰੀ ਕੋਈ ਦੁਕਾਨ ਨਹੀਂ। ਮੈਂ ਇਸ ਦਾ ਖਰਚ ਬਰਦਾਰਸ਼ਤ ਨਹੀਂ ਕਰ ਸਕਦਾ। ਅਜੇ ਮੈਂ ਪਿਛਵਾੜੇ ਵਿੱਚ ਹੀ ਕੰਮ ਕਰਦਾ ਹਾਂ ।"

"ਔਰਤਾਂ ਤੇਰੇ ਕੋਲ ਕਿਵੇਂ ਪਹੁੰਚ ਜਾਂਦੀਆਂ ਹਨ?"

" ਖੂਹ ਤੋਂ ਪਾਣੀ ਭਰਨ ਜਾਂਦੀਆਂ ਉਹ ਵਾੜ ਕੋਲ ਆ ਜਾਂਦੀਆਂ ਹਨ। ਉਹ ਵਾੜ ਉੱਤੋਂ ਦੀ ਆਪਣਾ ਹੱਥ ਵਧਾ ਕੇ ਅਨਾਜ ਦੀਆਂ ਪੋਟਲੀਆਂ ਮੈਨੂੰ ਦੇ ਦੇਂਦੀਆਂ ਹਨ ਅਤੇ ਮੈਂ ਇਸ ਦੇ ਬਦਲੇ ਵਾੜ ਉੱਤੋਂ ਦੀ ਹੀ ਉਨ੍ਹਾਂ ਨੂੰ ਮਠਿਆਈ ਫੜਾ ਦਿੰਦਾ ਹਾਂ।"

"ਹਾਂ ਹੁਣ ਸਮਝਿਆ ।" ਮਸਾਂ ਇੰਨੇ ਕੁ ਸ਼ਬਦ ਹੀ ਮਹਾਰਾਜ ਕਹਿ ਸਕਿਆ। ਉਸ ਨੂੰ ਬਹੁਤ ਦੁਖ ਹੋਇਆ। ਬੜੀ ਮੁਸ਼ਕਲ ਨਾਲ ਉਸ ਨੇ ਮਾਹੀ ਜੀ ਤੋਂ ਚੋਰੀ ਛੁਡਾਈ। ਮਹਾਰਾਜ ਨੇ ਤਿਪਹਿਰਾ ਉਸੇ ਪਰਿਵਾਰ ਨਾਲ ਗੁਜ਼ਾਰਿਆ। ਆਪਣੀ ਖਿਚੜੀ ਪਕਾਈ, ਖਾਧੀ ਅਤੇ ਫਿਰ ਚੱਲਣ ਲਈ ਤਿਆਰ ਹੋ ਗਿਆ ।

“ਬਾਬੜੀਆ ਦੇ ਬਾਪੂ ।” ਮਾਹੀ ਜੀ ਦੀ ਪਤਨੀ ਨੇ ਉਸ ਨੂੰ ਕਿਹਾ, ਮਹਾਰਾਜ ਦੇ ਨਾਲ ਜਾ ਕੇ ਉਨ੍ਹਾਂ ਨੂੰ ਸਟੇਸ਼ਨ ਤੇ ਛੱਡ ਆ ਅਤੇ ਟਿਕਟ ਵੀ ਲੈ ਦੇਵੀਂ ।”

“ਹਾਂ ਕਿਉਂ ਨਹੀਂ, ਆਓ ਮਹਾਰਾਜ। ਚੱਲੀਏ ।"

“ਮੇਰਾ ਕਿਰਾਇਆ ਤੁਸੀਂ ਕਿਉਂ ਅਦਾ ਕਰੋ?” ਮਹਾਰਾਜ ਨੇ ਬੜੀ ਮੁਸ਼ਕਲ ਨਾਲ ਆਪਣੀ ਆਵਾਜ਼ ਸ਼ਾਂਤ ਰੱਖੀ ।

"ਮੈਂ ਆਪਦੀ ਹੀ ਕਿਰਪਾ ਨਾਲ ਚੰਗੀ ਕਮਾਈ ਕਰ ਰਿਹਾ ਹਾਂ। ਇਹ ਮੇਰਾ ਫਰਜ਼ ਬਣਦਾ ਹੈ ।"

“ਬੇਵਕੂਫੀ ਬਸ ਕਰ ਤੇ ਵਾਪਸ ਚਲਾ ਜਾ।"

“ਮੈਨੂੰ ਸਟੇਸ਼ਨ ਤੇ ਇੱਕ ਹੋਰ ਕੰਮ ਵੀ ਹੈ ਇਸ ਲਈ ਮੈਂ ਸਟੇਸ਼ਨ ਜਾ ਰਿਹਾ ਹਾਂ।"

"ਕੀ ਕੰਮ ਹੈ?”

"ਮੈਂ ਸ਼ਹਿਰ ਤੋਂ ਰੇਲ ਦੁਆਰਾ ਆਈ ਮਠਿਆਈ ਵੀ ਲਿਆਉਣੀ ਹੈ ।”

“ਮਾਹੀ ਜੀ! ਮੈਨੂੰ ਸਹੀ ਗੱਲ ਦਸ। ਮਠਿਆਈ ਕੌਣ ਖਰੀਦਦਾ ਹੈ ?”

“ਸਾਰੇ ਹੀ - ਮਰਦ, ਤੀਵੀਆਂ, ਬੱਚੇ, ਲੈਂਦੇ ਹਨ ।”

"ਨਹੀਂ! ਉਹ ਉਥੇ ਹੀ ਖਾ ਲੈਂਦੇ ਹਨ, ਵਾੜ ਦੇ ਪਿੱਛੇ ।”

"ਕੀ ਉਹ ਆਪਣੇ ਘਰ ਵਾਲਿਆਂ ਲਈ ਨਹੀਂ ਲਿਜਾਂਦੇ?"

"ਨਹੀਂ! ਆਪਣੇ ਖ਼ੂਨ ਦੇ ਰਿਸ਼ਤੇਦਾਰਾਂ ਵਾਸਤੇ ਵੀ ਨਹੀਂ ।”

“ਕਿਉਂ ਨਹੀਂ ਲਿਜਾਂਦੇ?”

“ਤੁਹਾਨੂੰ ਸਮਝ ਨਹੀਂ ਆਈ, ਮਹਾਰਾਜ? ਔਰਤਾਂ ਘਰੋਂ ਅਨਾਜ ਚੁਰਾ ਕੇ ਲਿਆਉਂਦੀਆਂ ਹਨ, ਮਠਿਆਈ ਲੈਣ ਵਾਸਤੇ ।”

ਮਹਾਰਾਜ ਕੁਝ ਚਿਰ ਲਈ ਚੁੱਪ ਹੋ ਗਿਆ। ਬੋਲਣ ਤੋਂ ਪਹਿਲਾਂ ਉਸ ਨੇ ਗਲੇ ਵਿੱਚੋਂ ਥੁੱਕ ਲੰਘਾਈ ਕਿਉਂਕਿ ਉਹ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ ਜਿਸ ਤਰ੍ਹਾਂ ਉਸ ਦੇ ਗਲੇ ਵਿੱਚ ਕੋਈ ਠੋਸ ਚੀਜ਼ ਫਸ ਗਈ ਹੋਵੇ ।

“ਮਾਹੀ ਜੀ! ਜੇ ਤੇਰੀ ਤੀਵੀਂ ਵੀ ਇਸੇ ਤਰ੍ਹਾਂ ਕਰਨਾ ਸ਼ੁਰੂ ਕਰ ਦੇਵੇ ਤਾਂ ਤੂੰ ਕੀ ਕਰੇਂਗਾ ? "

"ਮੈਂ ਮਾਰ ਮਾਰ ਕੇ ਉਸ ਦੀਆਂ ਅੱਖਾਂ ਕੱਢ ਦਿਆਂਗਾ” ਮਾਹੀ ਜੀ ਨੇ ਆਪਣਾ ਮਜ਼ਬੂਤ ਡੰਡਾ ਸੰਭਾਲਦਿਆਂ ਕਿਹਾ ।

“ਤੇ ਮਾਹੀ ਜੀ! ਤੇਰਾ ਮੁੰਡਾ ਬਾਬੜੀਆਂ ਇਹ ਕੰਮ ਕਰੇ ?”

"ਤਾਂ ਉਸ ਨੂੰ ਵੀ ਉਮਰ ਭਰ ਦਾ ਸਬਕ ਸਿਖਾ ਦਿਆਂਗਾ ।” ਮਾਹੀ ਜੀ ਨੇ ਜ਼ੋਰ ਦੇ ਕੇ ਕਿਹਾ ।

“ਫਿਰ ਪਿੰਡ ਦੀਆਂ ਇਨ੍ਹਾਂ ਔਰਤਾਂ ਤੇ ਬੱਚਿਆਂ ਬਾਰੇ ਤੇਰਾ ਕੀ ਖ਼ਿਆਲ ਹੈ?”

“ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ, ਜੋ ਕੁਝ ਉਹ ਕਰ ਰਹੇ ਹਨ; ਮਹਾਰਾਜ ।”

“ਮਾਹੀ ਜੀ! ਤੂੰ ਬਹੁਤੀ ਵੱਡੀ ਗ਼ਲਤੀ ਕਰ ਰਿਹਾ ਹੈਂ। ਤੂੰ ਪਾਪ ਕਰ ਰਿਹਾ ਹੈਂ? ਪਿੰਡ ਵਾਲੇ ਇਹ ਬੂ ਮਾਰਦੀ ਮਠਿਆਈ ਖਾਂਦੇ ਹਨ ਅਤੇ ਉਹ ਵੀ ਚੋਰੀ। ਔਰਤਾਂ ਆਪਣੇ ਮਰਦਾਂ ਤੋਂ ਅਤੇ ਮਾਵਾਂ ਆਪਣੇ ਬੱਚਿਆਂ ਤੋਂ ਚੋਰੀ ਕਰਦੀਆਂ ਹਨ। ਮਾਹੀ ਜੀ ! ਇਉਂ ਜਾਪਦਾ ਹੈ ਕਿ ਦੁਨੀਆਂ ਦਾ ਸਾਰਾ ਪਾਣੀ ਖ਼ਤਮ ਹੋ ਰਿਹਾ ਹੈ ਅਤੇ ਨਦੀਆਂ ਦਾ

ਪਾਣੀ ਪਾਤਾਲ ਵਿੱਚ ਚਲਾ ਗਿਆ ਹੈ: ਜਿਵੇਂ ਕੁਦਰਤ ਦੇ ਸਾਰੇ ਕਾਨੂੰਨ ਪੁੱਠੇ ਚੱਲ ਰਹੇ ਹੋਣ।"

ਮਹਾਰਾਜ ਦੇ ਦਿਲ ਤੇ ਛੁਰੀਆਂ ਚਲ ਰਹੀਆਂ ਸਨ। ਉਹ ਸੋਚ ਰਿਹਾ ਸੀ ਕੀ ਇਹ ਚੰਗਾ ਨਹੀਂ ਸੀ ਜੇ ਮਾਹੀ ਜੀ ਚੋਰ ਬਣਿਆ ਰਹਿੰਦਾ।

ਮਹਾਰਾਜ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਮਾਹੀ ਜੀ ਨੇ ਕਿਹਾ, "ਮੈਂ ਮਠਿਆਈਆਂ ਦੇਣੀਆਂ ਬੰਦ ਕਰਨ ਲਈ ਤਿਆਰ ਹਾਂ, ਪਰ ਇਸਦਾ ਕੋਈ ਲਾਭ ਨਹੀਂ ਹੋਣਾ।"

"ਕਿਉਂ ਨਹੀਂ ਹੋਣਾ?"

"ਪਿੰਡ ਵਿੱਚ ਦੋ ਹੋਰ ਵੀ ਹਨ - ਇਕ ਪੱਤੀਦਾਰ ਅਤੇ ਦੂਜਾ ਲੁਬਾਣਾ, ਜਿਹੜੇ ਇਹ ਧੰਦਾ ਕਰਦੇ ਹਨ।"

ਮਹਾਰਾਜ ਨੂੰ ਪਤਾ ਸੀ ਕਿ ਮਾਹੀ ਜੀ ਠੀਕ ਕਹਿ ਰਿਹਾ ਸੀ। ਉਸ ਦੀ ਆਤਮਾ ਵਿੱਚ ਕਈ ਪ੍ਰਸ਼ਨ - ਚਿੰਨ੍ਹ ਉੱਪਰ ਆਏ ਸਨ। ਪਿੰਡ ਦੇ ਇਖ਼ਲਾਈ ਜੀਵਨ ਦੀ ਗਿਰਾਵਟ ਲਿਆਉਣ ਵਾਲਾ ਕੌਣ ਸੀ। ਲੋਕ-ਜੀਵਨ ਵਿੱਚ ਬਦ-ਇਖ਼ਲਾਕੀ ਨੂੰ ਕੌਣ ਪ੍ਰਫੁਲਿਤ ਕਰ ਰਿਹਾ ਸੀ ? ਕੀ ਸਵੈ-ਪਾਲਣਾ ਦੀ ਰੁਚੀ ਨੂੰ ਹੀ ਜੀਵਨ ਢੰਗ ਵਜੋਂ ਨਹੀਂ ਸੀ ਅਪਣਾਇਆ ਜਾ ਰਿਹਾ। ਲੋਕ ਜੀਵਨ ਵਿੱਚ ਅਨੈਤਿਕਤਾ ਵਿਰੁੱਧ ਕੋਈ ਵੀ ਆਵਾਜ਼ ਨਹੀਂ ਸੀ ਉਠਾਉਂਦਾ ਕਿਉਂਕਿ ਹਰ ਕੋਈ ਇਸ ਨੂੰ ਵਿਅਕਤੀਗਤ ਮਾਮਲਾ ਸਮਝਦਾ ਸੀ। ਪਰ ਕੋਈ ਲਾਚਾਰਗੀ ਵਿੱਚ ਆਹ ਭਰ ਕੇ ਰਹਿ ਜਾਂਦਾ, ਕੇਵਲ ਆਪਣਾ ਬਚਾਅ ਕਰਨ ਦੀ ਸੋਚਦਾ, ਦੂਜਿਆ ਨੂੰ ਭਾਵੇਂ ਕੁਝ ਵੀ ਹੋ ਜਾਵੇ, ਉਸ ਨੂੰ ਕੀ ? ਇਹੋ ਜਿਹੀ ਅਵਸਥਾ ਨੇ ਸਾਨੂੰ ਕਿਤਨਾ ਕਮਜ਼ੋਰ ਬਣਾ ਦਿੱਤਾ ਸੀ। ਮਹਾਰਾਜ ਦਾ ਦਿਲ ਕਸ਼ਟ ਨਾਲ ਭਰ ਗਿਆ ਸੀ। ਉਹ ਚੁੱਪ ਕਰਕੇ ਗੱਡੀ ਦੇ ਡੱਬੇ ਵਿੱਚ ਬੈਠ ਗਿਆ।

**********

## ਸ਼ਾਨੀਆ ਦਾ ਪੁੱਤਰ

ਇੱਕ ਵਾਰੀ ਮਾਹੀ ਕੰਠ ਜ਼ਿਲ੍ਹੇ ਦੇ ਪਿੰਡ ਰਸ ਵਿੱਚ ਰਹਿੰਦੇ ਇਕ ਮੁੰਡੇ ਬਾਰੇ ਮਹਾਰਾਜ ਨੂੰ ਦੱਸਿਆ ਗਿਆ। ਮੁੰਡੇ ਨੂੰ ਕੁੱਤੇ ਨੇ ਕੱਟਿਆ ਸੀ ਤੇ ਉਸ ਦਾ ਜ਼ਖਮ ਜ਼ਹਿਰੀਲਾ ਹੋ ਗਿਆ ਸੀ, ਜਿਸ ਕਰਕੇ ਉਹ ਬੜੇ ਚਿਰ ਤੋਂ ਬਿਸਤਰੇ ਤੇ ਪਿਆ ਸੀ। ਜ਼ਖਮ ਵਿੱਚੋਂ ਬਹੁਤ ਗੰਦੀ ਬਦਬੂ ਆਉਣ ਲੱਗ ਪਈ ਸੀ। ਉਹ ਸ਼ਾਨੀਆਂ ਦਾ ਪੁੱਤਰ ਸੀ। ਮਹਾਰਾਜ ਤੁਰ ਕੇ ਰਸ ਪਹੁੰਚ ਗਿਆ ਅਤੇ ਸ਼ਾਨੀਆਂ ਦੇ ਦਰਵਾਜ਼ੇ ਉੱਤੇ ਦਸਤਕ ਦਿੱਤੀ। ਅੰਦਰ ਜਾ ਕੇ ਉਸ ਨੇ ਵੇਖਿਆ ਕਿ ਇਕ ਗੰਦੀ ਤੇ ਫਟੀ ਹੋਈ ਚਾਦਰ ਤੇ ਮੁੰਡਾ ਲੇਟਿਆ ਪਿਆ ਸੀ। ਉਸ ਦਾ ਸਰੀਰ ਗਲਿਆ ਪਿਆ ਸੀ ਅਤੇ ਉਸ ਵਿੱਚੋਂ ਏਨੀ ਸੜ੍ਹਿਆਂਦ ਆ ਰਹੀ ਸੀ ਕਿ ਕੋਈ ਵੀ ਉਸ ਦੇ ਨੇੜੇ ਜਾਣ ਨੂੰ ਤਿਆਰ ਨਹੀਂ ਸੀ।

ਮਹਾਰਾਜ ਨੇ ਉਸ ਦੇ ਪਿਓ ਨੂੰ ਕਿਹਾ, “ਸ਼ਾਨੀਆਂ! ਚਲ ਆਪਾਂ ਇਸ ਨੂੰ ਅਨੰਦ ਹਸਪਤਾਲ ਲੈ ਚਲੀਏ ।”

“ਮਹਾਰਾਜ! ਮੈਂ ਤੁਹਾਡੇ ਨਾਲ ਕਿਵੇਂ ਜਾ ਸਕਦਾ ਹਾਂ ?" ਸ਼ਾਨੀਆਂ ਨੇ ਜਵਾਬ ਦਿੱਤਾ।

"ਤੂੰ ਕਿਉਂ ਨਹੀਂ ਜਾ ਸਕਦਾ?"

“ਦਾਇਆਂ ਤੋਂ ਬਿਨਾਂ ਬੱਚੇ ਪਿੱਛੇ ਭੁੱਖੇ ਮਰ ਜਾਣਗੇ। ਘਰ ਕਮਾਉਣ ਵਾਲਾ ਹੀ ਕੋਈ ਨਹੀਂ ਰਹੇਗਾ ।”

“ਤੇਰੀ ਪਤਨੀ ਤੇਰੇ ਟੱਬਰ ਦੀ ਦੇਖਭਾਲ ਲਈ ਇੱਥੇ ਹੀ ਰਹੇਗੀ ।”

“ਉਸ ਨੇ ਵੀ ਹੁਣੇ ਜਿਹੇ ਬੱਚੇ ਨੂੰ ਜਨਮ ਦਿੱਤਾ ਹੈ, ਜਿਸ ਕਰਕੇ ਮੰਜੇ ਤੋਂ ਨਹੀਂ ਉੱਠੀ ।”

"ਜੇ ਅਸੀਂ ਇਨ੍ਹਾਂ ਲਈ ਲੋੜੀਂਦੇ ਦਾਣਿਆਂ ਦਾ ਪ੍ਰਬੰਧ ਕਰ ਦੇਈਏ ਤਾਂ ਕੀ ਤੂੰ ਚਲੇਂਗਾ?"

"ਹਾਂ! ਬਿਲਕੁਲ ਚਲਾਂਗਾ ।”

ਮਹਾਰਾਜ ਨੇ ਅੱਧ ਮਣ ਚਾਵਲ ਖਰੀਦੇ ਸ਼ਾਨੀਆਂ ਦੇ ਘਰ ਰਖ ਦਿੱਤੇ ਅਤੇ ਉਸ ਨੂੰ ਨਾਲ ਲੈ ਕੇ ਸਟੇਸ਼ਨ ਵੱਲ ਤੁਰ ਪਿਆ। ਮੁੰਡੇ ਦੇ ਸਰੀਰ 'ਚੋਂ ਪੱਸ ਨਿਕਲ ਰਹੀ ਸੀ, ਉਸ ਨੂੰ ਡੱਕ ਕੇ ਉਨ੍ਹਾਂ ਗਲੀ ਵਿੱਚ ਬਿਠਾਇਆ। ਦੂਜੇ ਮੁਸਾਫ਼ਰ ਦੂਰ ਭੱਜ ਗਏ ਕਿਉਂਕਿ ਮੁੰਡੇ ਦੇ ਜਗੀਰ 'ਚੋਂ ਨਿਕਲਦੀ ਬਦਬੂ ਉਨ੍ਹਾਂ ਨੂੰ ਜੀਉਂਦੇ ਨਰਕ ਵਰਗੀ ਲਗਦੀ ਸੀ। ਮਹਾਰਾਜ ਇਕੱਲਾ ਉਸ ਮੁੰਡੇ ਕੋਲ ਬੈਠਿਆ ਸੀ ਅਤੇ ਉਸ ਦੇ ਸਰੀਰ ਤੋਂ ਮੱਖੀਆਂ ਝੱਲ ਰਿਹਾ ਸੀ। ਬਾਨੀਆਂ ਨੂੰ ਆਪਣੇ ਬੱਚੇ ਦੇ ਆਰਾਮ ਦਾ ਕੋਈ ਫਿਕਰ ਨਹੀਂ ਸੀ। ਭਾਵੇਂ ਰਸ ਦਾ ਰੇਲਵੇ ਸਟੇਸ਼ਨ ਸੀ ਅਤੇ ਉੱਥੋਂ ਬਹੁਤ ਸਾਰੀਆਂ ਗੱਡੀਆਂ ਲੰਘਦੀਆਂ ਸਨ, ਪਰ ਸ਼ਾਨੀਆਂ ਇਸ ਤੋਂ ਪਹਿਲਾਂ ਕਦੀ ਵੀ ਗੱਡੀ ਵਿੱਚ ਨਹੀਂ ਸੀ ਚੜ੍ਹਿਆ। ਉਸ ਦੇ ਜੀਵਨ ਦਾ ਇਹ ਨਹਿਰੀ ਮੌਕਾ ਸੀ। ਉਹ ਦੌੜੇ ਜਾਂਦੇ ਦਰਖ਼ਤਾਂ ਨੂੰ ਵੇਖ ਕੇ ਬੜਾ ਖੁਸ਼ ਹੋ ਰਿਹਾ ਸੀ ਅਤੇ ਬੱਚੇ ਵਾਂਗ ਹੱਸ ਰਿਹਾ ਸੀ। ਮਹਾਰਾਜ ਨੇ ਉਸ ਨੂੰ ਕਈ ਵਾਰੀ ਉਸ ਦੀ ਕੁਤਾਹੀ ਲਈ ਝਾੜਿਆ ਅਤੇ ਮੁੰਡੇ ਦੇ ਕੋਲ ਬੈਠ ਕੇ ਉਸ ਦੀਆਂ ਮੱਖੀਆਂ ਝੱਲਣ ਵਿੱਚ ਮਦਦ ਕਰਨ ਲਈ ਕਿਹਾ। ਪਰ ਸ਼ਾਨੀਆਂ ਉਸ ਵੇਲੇ ਨਾ ਤੇ ਮੁੰਡੇ ਦਾ ਪਿਓ, ਨਾ ਭਰਾ ਅਤੇ ਨਾ ਹੀ ਪਰਿਵਾਰ ਦਾ ਕਮਾਉ ਜੀਅ ਰਿਹਾ ਸੀ; ਉਹ ਇਕ ਬੱਚਾ ਬਣ ਕੇ ਰਹਿ ਗਿਆ ਸੀ। ਆਪਣੇ ਜੀਵਨ ਵਿੱਚ ਪਹਿਲੀ ਵਾਰੀ ਉਸ ਨੂੰ ਇਕ ਖੁਸ਼ੀ, ਇਕ ਹੁਲਾਰਾ ਮਿਲ ਰਿਹਾ ਸੀ, ਹੁਣ ਤੱਕ ਉਸ ਦੀ ਜ਼ਿੰਦਗੀ ਬੇਰੰਗ, ਬੇਸੁਆਦੀ ਅਤੇ ਬੇਮਜ਼ਾ ਜੱਦੋ-ਜਹਿਦ ਬਣੀ ਰਹੀ ਸੀ।

ਉਹ ਅਨੰਦ ਉਤਰ ਗਏ। ਮੁੰਡੇ ਨੂੰ ਇਕ ਚਾਦਰ ਉੱਤੇ ਲਿਟਾ ਦਿੱਤਾ ਗਿਆ ਅਤੇ ਚਾਦਰ ਦੀਆਂ ਦੋ ਦੋ ਕੰਨੀਆਂ ਸ਼ਾਨੀਆਂ ਤੇ ਮਹਾਰਾਜ ਨੇ ਫੜ ਕੇ ਉਸ ਨੂੰ ਚੁੱਕ ਲਿਆ। ਸ਼ਾਨੀਆਂ ਵਾਲਾ ਪਾਸਾ ਮਸਾਂ ਹੀ ਫਰਸ਼ ਤੋਂ ਥੋੜ੍ਹਾ ਜਿਹਾ ਉੱਚਾ ਉੱਠ ਸਕਿਆ। ਜਦੋਂ ਮਹਾਰਾਜ ਨੇ ਉਸ ਨੂੰ ਆਪਣੇ ਵਾਲੇ ਪਾਸੇ ਤੋਂ ਧਿਆਨ ਨਾਲ ਚੁੱਕਣ ਲਈ ਕਿਹਾ ਤਾਂ ਸ਼ਾਨੀਆਂ ਬੁੜਬੁੜਾਇਆ, "ਇਹ ਪੱਥਰ ਜਿੰਨਾ ਭਾਰੀ ਹੈ ਮਹਾਰਾਜ।"

ਉਸ ਦੇ ਕਹੇ ਹੋਏ ਇਹ ਸ਼ਬਦ ਅੱਜ ਵੀ ਵੀਹ ਸਾਲਾਂ ਬਾਅਦ ਮਹਾਰਾਜ ਦੇ ਦਿਲ ਉੱਤੇ ਉਵੇਂ ਦੇ ਉਵੇਂ ਉੱਕਰੇ ਹੋਏ ਹਨ। ਬੱਚੇ ਦਾ ਗਲਿਆ ਸੜਿਆ ਸਰੀਰ ਕਿੰਨਾ ਭਾਰਾ ਹੋ ਸਕਦਾ ਸੀ। ਫਿਰ ਵੀ ਸ਼ਾਨੀਆਂ ਨੇ ਠੀਕ ਹੀ ਕਿਹਾ ਸੀ। ਅਸਲੀਅਤ ਸਗੋਂ ਇਹ ਸੀ ਕਿ ਸ਼ਾਨੀਆਂ ਨੂੰ ਪੂਰੀ ਖੁਰਾਕ ਨਹੀਂ ਸੀ ਮਿਲਦੀ ਜਿਸ ਕਰਕੇ ਉਹ ਇੰਨਾ ਭਾਰ ਚੁੱਕਣ ਦੇ ਸਮਰਥ ਵੀ ਨਹੀਂ ਸੀ।

"ਇਹ ਪੱਥਰ ਜਿੰਨਾ ਭਾਰੀ ਹੈ।" ਉਸ ਦੇ ਇਨ੍ਹਾਂ ਸ਼ਬਦਾਂ ਨੇ ਮਹਾਰਾਜ ਨੂੰ ਨਿਰੁੱਤਰ ਕਰ ਦਿੱਤਾ। ਹਸਪਤਾਲ ਵਿੱਚ ਉਨ੍ਹਾਂ ਨੂੰ ਦੱਸਿਆ ਗਿਆ ਕਿ ਬੱਚੇ ਦੇ ਇਲਾਜ ਉੱਤੇ ਇਕ ਰੁਪਿਆ ਰੋਜ਼ ਖਰਚ ਆਵੇਗਾ ਇਹ ਖਰਚਾ ਉਨ੍ਹਾਂ ਦੀ ਪੁੱਜਤ ਤੋਂ ਬਾਹਰ ਸੀ। ਰੇਲਵੇ ਸਟੇਸ਼ਨ ਵੱਲ ਵਾਪਸੀ ਵੇਲੇ ਮਹਾਰਾਜ ਨੇ ਬੱਚੇ ਨੂੰ ਆਪਣੀ ਗੋਦੀ ਚੁੱਕ ਲਿਆ ਜਦੋਂ ਉਹ ਬੈਠੇ ਗੱਡੀ ਦੀ ਇੰਤਜ਼ਾਰ ਕਰ ਰਹੇ ਸਨ, ਮਹਾਰਾਜ ਬੱਚੇ ਤੋਂ ਮੱਖੀਆਂ ਝੱਲ ਰਿਹਾ ਸੀ। ਉਸ ਦੇ ਪਾਸ ਸ਼ਾਨੀਆਂ ਬੈਠਾ ਸੀ ਜੋ ਬਿਲਕੁਲ ਚੁਪ-ਚਾਪ ਤੇ ਅਸਲੀਅਤ ਤੋਂ ਨਿਰਲੇਪ ਸੀ। ਗੱਡੀ ਅਜੇ ਆਉਣ ਵਾਲੀ ਸੀ। ਸਾਫ਼ ਕੱਪੜਿਆਂ ਵਾਲਾ ਇਕ ਅਜਨਬੀ ਦੂਰੋਂ ਖੜ੍ਹਾ ਇਹ ਨਜ਼ਾਰਾ ਵੇਖ ਰਿਹਾ ਸੀ, ਉਹ ਇਹ ਵੇਖਕੇ ਚਕ੍ਰਿਤ ਹੋ ਗਿਆ ਸੀ ਕਿ ਇਕ ਬ੍ਰਾਹਮਣ ਦੂਜੀ ਜਾਤੀ ਨਾਲ ਸਬੰਧ ਰੱਖਣ ਵਾਲੇ ਬੱਚੇ ਤੋਂ ਮੱਖੀਆਂ ਹਟਾ ਰਿਹਾ ਹੈ। ਗੱਡੀ ਸੀਟੀ ਵਜਾਉਂਦੀ ਪਲੇਟਫ਼ਾਰਮ ਉੱਤੇ ਆ ਗਈ। ਮਹਾਰਾਜ ਨੇ ਬੱਚੇ ਨੂੰ ਚੁੱਕ ਕੇ ਗੱਡੀ ਵਿੱਚ ਬਿਠਾਇਆ।

ਇਸ ਵੇਲੇ ਉਹ ਅਜਨਬੀ ਦੌੜਿਆ ਦੌੜਿਆ ਉਸ ਦੇ ਕੋਲ ਆਇਆ ਅਤੇ ਉਸ ਤੋਂ ਪੁੱਛਿਆ। "ਤੁਸੀਂ ਕੌਣ ਹੋ? ਇਹ ਮੁੰਡਾ ਕੌਣ ਹੈ ?"

ਮਹਾਰਾਜ ਨੇ ਸਾਰੀ ਵਾਰਤਾ ਦੱਸੀ। ਅਜਨਬੀ ਨੇ ਆਪਣੀਆਂ ਜੇਬਾਂ ਫਰੋਲੀਆਂ ਅਤੇ ਉਨ੍ਹਾਂ ਵਿੱਚੋਂ 4 ਕੁ ਰੁਪਿਆਂ ਦੇ ਸਿੱਕੇ ਕੱਢੇ। ਮਹਾਰਾਜ ਵੱਲੋਂ ਨਾਂਹ-ਨੁਕਰ ਕਰਨ ਤੇ ਵੀ ਉਸ ਨੇ ਉਹ ਰਕਮ ਮਹਾਰਾਜ ਨੂੰ ਦੇ ਦਿੱਤੀ ਅਤੇ ਇਸ ਨਾਲ ਮੁੰਡੇ ਦਾ ਇਲਾਜ ਕਰਾਉਣ ਲਈ ਕਿਹਾ। ਤਦ ਉਹ ਅਜਨਬੀ ਗੱਡੀ ਵਿੱਚ ਹੀ ਅਲੋਪ ਹੋ ਗਿਆ।

ਇਸ ਵੇਲੇ ਤੱਕ ਸ਼ਾਨੀਆਂ ਦੀ ਆਪਣੇ ਬੱਚੇ ਵਿੱਚ ਬਚੀ ਖੁਚੀ ਦਿਲਚਸਪੀ ਵੀ ਖਤਮ ਹੋ ਚੁੱਕੀ ਸੀ। ਉਹ ਮਹਾਰਾਜ ਦੇ ਨਾਲ ਆ ਗਿਆ ਕਿਉਂਕ ਉਹ ਉਸ ਦੀ ਇੱਜ਼ਤ ਕਰਦਾ ਸੀ ਅਤੇ ਉਸ ਦਾ ਆਖਾ ਨਹੀਂ ਸੀ ਮੋੜ ਸਕਦਾ। ਵਡੋਦਰਾ ਤੱਕ ਜਾਂਦਿਆਂ ਰਸਤੇ ਵਿੱਚ ਸ਼ਾਨੀਆਂ ਨੇ ਆਪਣੀ ਖੁਦਗਰਜ਼ੀ ਤੇ ਸ਼ਰਮ ਮਹਿਸੂਸ ਕੀਤੀ। ਉਹ ਮੱਖੀਆਂ ਝੱਲਣ ਦਾ ਬਹਾਨਾ ਕਰਦਾ ਰਿਹਾ। ਭਾਵੇਂ ਮਹਾਰਾਜ ਦੀ ਅੱਖ ਬਚਾ ਕੇ ਉਹ ਵਿੱਚ ਵਿੱਚ ਬਾਹਰ ਨਸੇ ਜਾਂਦੇ ਦਰਖਤਾਂ ਦੀ ਝਾਕੀ ਵੀ ਵੇਖ ਲੈਂਦਾ। ਸਮੇਂ ਸਮੇਂ ਉਹ ਬੱਚੇ ਵਿੱਚ ਆਪਣੀ ਦਿਲਚਸਪੀ ਜ਼ਾਹਰ ਕਰਦਾ, ਪਰ ਭਾਵੇਂ ਉਸ ਦਾ ਆਪਣਾ ਬੱਚਾ ਜ਼ਿੰਦਗੀ ਤੇ ਮੌਤ ਵਿਚਾਲੇ ਘੋਲ ਕਰ ਰਿਹਾ ਸੀ, ਉਸ ਦਾ ਮਨ ਗੱਡੀ ਦੀ ਰਫਤਾਰ ਨਾਲ ਧੜਕਦਾ ਮਹਿਸੂਸ ਕਰ ਰਿਹਾ ਸੀ। ਪਹੀਆਂ ਉੱਤੇ ਏਨੀ ਤੇਜ਼ ਰਫਤਾਰ ਨਾਲ ਭੱਜੀ ਜਾਂਦੀ ਗੱਡੀ ਵਿੱਚ ਸਫ਼ਰ ਕਰਨ ਦਾ ਜੋ ਮਜ਼ਾ ਉਸ ਨੂੰ ਆ ਰਿਹਾ ਸੀ ਉਹ ਹਮੇਸ਼ਾਂ ਲਈ ਉਸ ਨੂੰ ਯਾਦ ਰਿਹਾ। ਉਹ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਤੂਫ਼ਾਨੀ ਲਹਿਰਾਂ ਦੀ ਸਵਾਰੀ ਕਰ ਰਿਹਾ ਹੋਵੇ ਜਿਸ ਨੇ ਉਸ ਨੂੰ ਸਾਧਾਰਣ ਜੀਵਨ ਨਾਲੋਂ ਵੱਖ ਕਰ ਦਿੱਤਾ ਹੋਵੇ। ਉਸ ਦਾ ਦਿਲ ਖੁਸ਼ੀ ਨਾਲ ਝੂਮ ਰਿਹਾ ਸੀ।

"ਜੇ ਇਹ ਰਾਤ ਕੱਟ ਗਿਆ ਤਾਂ ਸ਼ਾਇਦ ਇਹ ਬਚ ਜਾਵੇਗਾ।" ਵਡੋਦਰਾ ਦੇ ਜਨਰਲ ਹਸਪਤਾਲ ਦੇ ਡਾਕਟਰ ਨੇ ਕਿਹਾ, ਜਿਸ ਨੇ ਬੱਚੇ ਦਾ ਮੁਆਇਨਾ ਕੀਤਾ ਸੀ,

"ਪਰ ਮੇਰਾ ਖਿਆਲ ਹੈ ਕਿ ਇਹ ਮੁਸ਼ਕਲ ਹੀ ਰਾਤ ਕੱਟੇਗਾ। ਜ਼ਹਿਰ ਇਸ ਦੇ ਸਾਰੇ ਸਿਸਟਮ ਵਿੱਚ ਫੈਲ ਚੁੱਕੀ ਹੈ ।”

ਸ਼ਾਨੀਆ ਨੇ ਹਾਲਤ ਦੀ ਨਜ਼ਾਕਤ ਨਾ ਸਮਝੀ; ਉਸ ਨੂੰ ਬਹੁਤੀ ਪ੍ਰਵਾਹ ਵੀ ਨਹੀਂ ਸੀ। ਉਸ ਨੂੰ ਸਿਰਫ਼ ਇਕੋ ਖਿਆਲ ਸੀ, ਉਹ ਸੀ ਉਸ ਦਾ ਟੱਬਰ ਤੇ ਚੌਲ ਜਿਹੜੇ ਉਹ ਪਿੱਛੇ ਛੱਡ ਆਇਆ ਸੀ। ਚਮਤਕਾਰ ਹੀ ਸਮਝੋ ਕਿ ਬੱਚਾ ਰਾਤ ਕੱਟ ਗਿਆ ਅਤੇ ਉਹ ਖਤਰੇ ਤੋਂ ਬਾਹਰ ਹੋ ਗਿਆ।

ਮਹਾਰਾਜ ਨੇ ਕਿਹਾ, “ਸ਼ਾਨੀਆਂ ! ਤੂੰ ਘਰ ਜਾ। ਖੇਤੀ ਦਾ ਬਹੁਤ ਕੰਮ ਕਰਨ ਵਾਲਾ ਇਕੱਠਾ ਹੋ ਗਿਆ ਹੋਵੇਗਾ। ਮੈਂ ਇੱਥੇ ਹੀ ਰਹਾਂਗਾ; ਜਦੋਂ ਮੁੰਡਾ ਠੀਕ ਹੋ ਜਾਵੇਗਾ ਇਸ ਨੂੰ ਲੈ ਆਵਾਂਗਾ ।"

ਸ਼ਾਨੀਆ ਜਾਣ ਲਈ ਉੱਠ ਖਲੋਤਾ। ਮਹਾਰਾਜ ਵੀ ਉਸ ਨੂੰ ਸਟੇਸ਼ਨ ਤੱਕ ਛੱਡਣ ਆਉਣ ਲਈ ਤਿਆਰ ਹੋ ਗਿਆ। ਆਪਣੇ ਬੱਚੇ ਨੂੰ ਪਿਆਰ ਦੀ ਤੱਕਣੀ ਨਾਲ ਵੇਖਣ ਅਤੇ ਕੋਈ ਸ਼ਬਦ ਕਹਿਣ ਤੋਂ ਬਿਨਾਂ ਹੀ ਸ਼ਾਨੀਆ ਕਮਰੇ ਵਿੱਚੋਂ ਬਾਹਰ ਨਿਕਲ ਤੁਰਿਆ। ਵਾਰਡ ਤੋਂ ਨਿਕਲ ਕੇ ਉਹ ਝਿਜਕਦਾ ਝਿਜਕਦਾ ਰੁਕ ਗਿਆ।

ਮਹਾਰਾਜ ਨੇ ਪੁੱਛਿਆ, “ਹੁਣ ਕੀ ਹੋ ਗਿਆ ਹੈ ?” ਪਹਿਲਾਂ ਉਹ ਉੱਤਰ ਦੇਣ ਤੋਂ ਝਿਜਕਿਆ ਅਤੇ ਮੁਸਕਰਾਇਆ। ਫਿਰ ਕੋਸ਼ਿਸ਼ ਕਰਕੇ ਉਹ ਬੋਲਿਆ "ਮੇਰਾ ਜਾਣ ਨੂੰ ਜੀਅ ਨਹੀਂ ਕਰਦਾ ।”

"ਕਿਉਂ ਨਹੀਂ ਕਰਦਾ?"

“ਮਹਾਰਾਜ! ਮੇਰੇ ਸਾਰਿਆਂ ਬੱਚਿਆਂ ਵਿੱਚੋਂ ਇਹ ਸਭ ਤੋਂ ਸਿਆਣਾ ਬੱਚਾ ਹੈ। ਜਦੋਂ ਕਿਸੇ ਦਿਨ ਸਾਨੂੰ ਭੁੱਖਿਆਂ ਰਹਿਣਾ ਪੈਂਦਾ ਹੈ ਤਾਂ ਬਾਕੀ ਦੇ ਸਾਰੇ ਰੋ ਰੋ ਕੇ ਅਤੇ ਸ਼ੋਰ ਕਰਕੇ ਊਧਮ ਮਚਾ ਦੇਂਦੇ ਹਨ। ਪਰ ਇਹ ਭੁੱਖਾ ਹੁੰਦਾ ਹੋਇਆ ਵੀ ਰੋਂਦਾ ਨਹੀਂ; ਸਭ ਕੁਝ ਸਮਝਦਾ ਹੈ। ਇਹ ਆਰਾਮ ਨਾਲ ਪਿਆ ਰਹਿੰਦਾ ਹੈ। ਇਸੇ ਕਰਕੇ ਇਸ ਨੂੰ

ਸਾਰੇ ਪਿਆਰ ਕਰਦੇ ਹਨ। ਇਸ ਨੂੰ ਇਥੇ ਛੱਡ ਕੇ ਮੇਰਾ ਜਾਣ ਨੂੰ ਜੀਅ ਨਹੀਂ ਕਰਦਾ।"

ਇਸ ਉਪਭਾਵਕਤਾ ਦੇ ਪ੍ਰਗਟਾਵੇ ਉੱਤੇ ਸੰਕੋਚ ਤੇ ਸ਼ਰਮ ਮਹਿਸੂਸ ਕਰਦਿਆਂ ਉਹ ਨਿੰਮ੍ਹਾ ਜਿਹਾ ਮੁਸਕਰਾਇਆ। ਇਹ ਸਮਝਦੇ ਹੋਏ ਕਿ ਉਸ ਦੇ ਮੂੰਹੋਂ ਆਪਮੁਹਾਰੇ ਕੋਈ ਗਲਤ ਗੱਲ ਨਿਕਲ ਗਈ ਹੈ ਉਹ ਜਾਣ ਲਈ ਮੁੜ ਤਿਆਰ ਹੋ ਪਿਆ। 15 ਦਿਨਾਂ ਬਾਅਦ ਜਦੋਂ ਮੁੰਡਾ ਪੂਰੀ ਤਰ੍ਹਾਂ ਠੀਕ ਹੋ ਗਿਆ ਤਾਂ ਮਹਾਰਾਜ ਉਸ ਨੂੰ ਨਾਲ ਲੈ ਕਿ ਪਿੰਡ ਆਇਆ। ਵਾਪਸ ਆਉਂਦਿਆਂ ਰਾਹ ਵਿੱਚ ਉਸ ਨੇ ਮੁੰਡੇ ਨੂੰ ਪੁੱਛਿਆ, "ਕੀ ਤੂੰ ਮੇਰੇ ਕੋਲ ਰਹੇਂਗਾ ? ਮੈਂ ਤੈਨੂੰ ਚੰਗਾ ਖਾਣਾ ਦੇਵਾਂਗਾ ਅਤੇ ਸਕੂਲ ਵੀ ਭੇਜਾਂਗਾ।"

ਮੁੰਡੇ ਨੇ ਹਾਂ ਵਿੱਚ ਸਿਰ ਹਿਲਾਇਆ। ਪਰ ਜਦੋਂ ਉਹ ਪਿੰਡ ਦੀ ਵੱਡੀ ਗਲੀ ਵਿੱਚ ਪਹੁੰਚੇ ਤਾਂ ਮੁੰਡਾ ਦੌੜ ਕੇ ਆਪਣੇ ਪਿਉ ਕੋਲ ਚਲਾ ਗਿਆ ਅਤੇ ਘਰ ਵੱਲ ਦੌੜਨ ਤੋਂ ਪਹਿਲਾਂ ਉਸ ਨੂੰ ਚੰਬੜ ਗਿਆ। ਆਪਣੇ ਇਸ ਸਾਦੇ ਤੇ ਸੁਹਿਰਦ ਇਸ਼ਾਰੇ ਨਾਲ ਉਸ ਨੇ ਆਪਣੇ ਗਰੀਬ ਟੱਬਰ ਨਾਲ ਰਹਿਣ ਦੀ ਚੋਣ ਪ੍ਰਗਟ ਕਰ ਦਿੱਤੀ। ਜਿੱਥੇ ਉਹ ਘਰ ਦੇ ਇਕ ਕੋਣੇ ਵਿੱਚ ਚੁੱਪ-ਚਾਪ ਬੈਠਾ ਰਹੇ, ਜਦੋਂ ਘਰ ਜੋਗਾ ਕੁਝ ਨਾ ਹੋਵੇ ਬਜਾਏ ਇਸ ਦੇ ਕਿ ਉਹ ਘਰੋਂ ਦੂਰ ਕਿਸੇ ਐਸੀ ਥਾਂ ਜਾਵੇ ਜਿੱਥੇ ਉਸ ਨੂੰ ਚੰਗਾ ਚੋਖਾ ਖਾਣ ਨੂੰ ਮਿਲੇ ਤੇ ਸਕੂਲ ਵੀ ਤੇ ਜਿਆ ਜਾਵੇ।

"ਸ਼ਾਨੀਆ! ਮੈਨੂੰ ਇਸਨੂੰ ਲਿਜਾਣ ਦੇ। ਮੈਂ ਇਸ ਦਾ ਪੂਰਾ ਪੂਰਾ ਖਿਆਲ ਰਖਾਂਗਾ। ਮਹਾਰਾਜ ਨੇ ਇਕ ਵਾਰ ਸ਼ਾਨੀਆ ਨੂੰ ਮਨਾਉਣ ਦਾ ਯਤਨ ਕੀਤਾ।"

ਸ਼ਾਨੀਆਂ ਨੇ ਸੱਚੇ ਦਿੱਲੋਂ ਕਿਹਾ। "ਇਹ ਤੁਹਾਡੇ ਨਾਲ ਨਹੀਂ ਜਾਵੇਗਾ। ਇਸ ਲਈ ਤੁਸੀਂ ਕਿਸੇ ਕੰਮ ਦਾ ਪ੍ਰਬੰਧ ਕਰ ਦੇਣਾ ਤਾਂ ਕਿ ਇਹ ਕਮਾਈ ਕਰਨੀ ਸ਼ੁਰੂ ਕਰ ਦੇਵੇ।"

ਮਹਾਰਾਜ ਨੂੰ ਦਿਲ ਤੋੜਨ ਵਾਲੀ ਇਕੱਲਤਾ ਬਰਦਾਸ਼ਤ ਕਰਨੀ ਪਈ।

*********

# ਦੂਰ ਅਤੀਤ ਵਿੱਚ

ਹੇਠ ਲਿਖੀ ਵਾਰਤਾ ਮਹਾਰਾਜ ਅਕਸਰ ਸੁਣਾਇਆ ਕਰਦੇ ਹਨ :-

ਲਗਭਗ 50 ਕੱਚੇ ਮਕਾਨਾਂ ਦੇ ਮੁਹੱਲੇ ਵਿੱਚ ਇਕ ਮੰਦਰ ਸੀ। ਮੰਦਰ ਪੱਥਰ ਦਾ ਬਣਿਆ ਹੋਇਆ ਸੀ। ਮੰਦਰ ਦੇ ਕੋਲ ਇਕ ਫੂਸ ਦੀ ਝੁੱਗੀ ਸੀ। ਜਦੋਂ ਅਸੀਂ 12 ਮੀਲ ਦੂਰ ਵਿਆਰਾਂ ਤੋਂ ਰਾਨੀਪਰਾਜ ਦੇ ਇਲਾਕੇ ਵਿੱਚ ਸਥਿਤ ਇਕ ਪਿੰਡ ਘਾਟਾ ਵੱਲ ਤੁਰੇ ਤਾਂ ਦੁਪਹਿਰ ਚੰਗੀ ਢਲ ਚੁੱਕੀ ਸੀ।

“ਇਹ ਥਾਂ ਹੈ ਜਿੱਥੇ ਭਗਤ ਰਹਿੰਦਾ ਹੈ" ਸਾਡੇ ਗਾਈਡ ਨੇ ਕੱਚਿਆਂ ਘਰਾਂ ਅਤੇ ਮੰਦਰ ਵੱਲ ਇਸ਼ਾਰਾ ਕਰਕੇ ਕਿਹਾ।

ਮੈਂ ਪਿੰਡ ਦੇ ਇਕ ਆਦਮੀ ਤੋਂ ਪੁੱਛਿਆ, "ਐਸ ਵੇਲੇ ਭਗਤ ਕਿੱਥੇ ਹੋਵੇਗਾ ?" ਮੈਨੂੰ ਦੱਸਿਆ ਗਿਆ ਕਿ ਉਹ ਖੇਤਾਂ ਵੱਲ ਗਿਆ ਹੈ।

ਖੇਤ ਨਾਲ ਹੀ ਸਨ। ਅਸੀਂ ਖੇਤਾਂ ਵੱਲ ਚਲ ਪਏ। ਬਲਦਾਂ ਦੀ ਇਕ ਜੋੜੀ ਖੂਹ ਵਿੱਚੋਂ ਪਾਣੀ ਕੱਢ ਰਹੀ ਸੀ ਅਤੇ ਇਕ ਆਦਮੀ ਖੂਹ ਦੇ ਕੋਲ ਖੜ੍ਹਾ ਸੀ। ਉਸ ਦੀਆਂ ਦੋਵੇਂ ਬਾਹਾਂ ਇਕ ਸੋਟੀ ਉੱਤੇ ਟਿਕੀਆਂ ਹੋਈਆਂ ਸਨ। ਉਸ ਨੇ ਸਿਰਫ਼ ਇਕ ਧੋਤੀ ਬੰਨੀ ਹੋਈ ਸੀ। ਉਸ ਦਾ ਜਿਸਮ ਮਾੜੂਆ ਜਿਹਾ ਅਤੇ ਰੰਗ ਬਿਲਕੁਲ ਕਾਲਾ ਸੀ। ਉਸ ਆਦਮੀ ਦੇ ਦੰਦ ਨਹੀਂ ਸਨ। ਉਸ ਦੀ ਉਮਰ ਦਾ ਅਨੁਮਾਨ ਲਾਉਣਾ ਮੁਸ਼ਕਲ ਸੀ।

ਗਾਈਡ ਨੇ ਹੌਲੀ ਜਿਹੀ ਕਿਹਾ, "ਇਹ ਭਗਤ ਹੈ ।”

ਕੀ ਸੱਚਮੁੱਚ ਉਹੀ ਭਗਤ ਸੀ ?

ਮੈਂ ਹੈਰਾਨ ਸਾਂ। ਮੇਰਾ ਮਨ ਪਿਛਾਂਹ ਅਤੀਤ ਵੱਲ ਚਲਾ ਗਿਆ। 1911 ਵਿੱਚ ਇਟੋਲਾ ਵਿੱਚ ਹੋਈ ਆਰੀਆ ਧਰਮ ਕਾਨਫਰੰਸ ਸਮੇਂ ਪੁਰਾਤਨ ਭਾਰਤੀ ਢੰਗ ਦਾ ਇਕ ਸਕੂਲ, ਗੁਰੂਕੁਲ, ਬਣਾਉਣ ਵਾਸਤੇ ਸਵਾਮੀ ਨਿਤਿਆਨੰਦ ਜੀ ਵੱਲੋਂ ਚੰਦਾ ਜਮ੍ਹਾਂ ਕੀਤਾ ਜਾ ਰਿਹਾ ਸੀ। ਇਕੱਠ ਵਿੱਚ ਬੈਠੇ ਸਰੋਤਿਆਂ ਵਿੱਚੋਂ ਇਕ ਆਦਮੀ ਨੇ ਉੱਠ ਕੇ ਆਪਣੇ ਚੰਦੇ ਦਾ ਐਲਾਨ ਕੀਤਾ ਸੀ। "ਮੇਰੇ ਨਾਂ ਸਾਹਮਣੇ ਹਰ ਸਾਲ ਇਕ ਸੌ ਪੱਚੀ ਮਣ ਚੌਲ ਦਾਨ ਵਜੋਂ ਲਿਖ ਲਵੋ ।"

ਚਕਿਤ ਹੋ ਕੇ ਮੈਂ ਪੁੱਛਿਆ ਸੀ, "ਇਹ ਆਦਮੀ ਕੌਣ ਹੈ ?" ਮੈਨੂੰ ਦੱਸਿਆ ਗਿਆ ਕਿ ਉਹ ਅਮਰ ਸਿੰਘ ਨਾਂ ਦਾ ਆਦਿਵਾਸੀ ਹੈ, ਵਿਆਰਾ ਜ਼ਿਲ੍ਹੇ ਦਾ ਹੈ ਅਤੇ ਉਸ ਦੇ ਪਿਤਾ ਖੜੇ ਮਹਾਤਮਾ ਪੁਰਖ ਸਨ, ਮੁਫ਼ਤ ਲੰਗਰ ਚਲਾਇਆ ਕਰਦੇ ਸਨ।

ਇਕ ਵਾਰੀ ਫਿਰ 1929 ਵਿੱਚ ਜਦੋਂ ਨਸ਼ਿਆਂ ਦੇ ਵਿਰੁੱਧ ਪ੍ਰਚਾਰ ਕਰਦਾ ਹੋਇਆ ਮੈਂ ਉਸ ਜ਼ਿਲ੍ਹੇ ਵਿੱਚੋਂ ਦੋਸਾਵੜਾ ਦੇ ਜਲਸੇ ਵਿੱਚ ਗਿਆ ਸਾਂ ਤਾਂ ਮੈਂ ਇਕ ਖ਼ੂਬਸੂਰਤ ਨੌਜਵਾਨ ਨੂੰ ਸਿਰ ਉੱਤੇ ਰੇਸ਼ਮੀ ਪੱਗ ਬੱਧੀ ਵੇਖਿਆ ਜੋ ਬਹੁਤ ਪ੍ਰਭਾਵਸ਼ਾਲੀ ਲੈਕਚਰ ਦੇ ਰਿਹਾ ਸੀ। ਮੇਰੇ ਪੁੱਛਣ ਤੇ ਮੈਨੂੰ ਦੱਸਿਆ ਗਿਆ ਕਿ ਉਹ ਰਾਨੀਪਰਾਜ ਦੇ ਆਦਿਵਾਸੀਆਂ ਦੇ ਇਕ ਮਹਾਤਮਾ ਪੁਰਸ਼ ਦਾ ਪੋਤਰਾ ਸੀ। ਇਸ ਪੁਰਸ਼ ਦਾ ਨਾਂ ਭਗਤ ਸੀ ਜਿਹੜਾ ਗਰੀਬਾਂ ਲਈ ਮੁਫ਼ਤ ਲੰਗਰ ਚਲਾਇਆ ਕਰਦਾ ਸੀ।

ਉਦੋਂ ਤੋਂ ਹੀ ਮੈਂ ਭਗਤ ਨੂੰ ਮਿਲਣ ਦਾ ਚਾਹਵਾਨ ਸਾਂ। ਕਈ ਸਾਲਾਂ ਮਗਰੋਂ ਮੇਰੀ ਇਹ ਇੱਛਾ ਹੁਣ ਪੂਰੀ ਹੋਣ ਲੱਗੀ ਸੀ।

ਆਖ਼ਰ ਮੇਰੀ ਉਸ ਨਾਲ ਮੁਲਾਕਾਤ ਹੋਈ; ਇਕ ਪਤਲੇ ਜਿਹੇ ਕਾਲੇ ਇਨਸਾਨ ਨਾਲ ਜੋ ਖ਼ੂਹ ਦੇ ਕੋਲ ਇਕ ਬਾਂਸ ਉੱਤੇ ਝੁਕਿਆ ਹੋਇਆ ਖੜ੍ਹਾ ਸੀ; ਜਿਸ ਦੇ ਮੂੰਹ ਵਿੱਚ ਦੰਦ ਕੋਈ ਨਹੀਂ ਸੀ ਅਤੇ ਜਿਸ ਦੇ ਸਰੀਰ ਤੇ ਕੇਵਲ ਇਕ ਧੋਤੀ ਸੀ। ਮੈਂ ਉਸ ਨੂੰ ਹੱਥ ਜੋੜ ਕੇ ਬੁਲਾਇਆ ਉਸ ਨੇ ਵੀ ਉਸੇ ਤਰ੍ਹਾਂ ਜਵਾਬ ਦਿੱਤਾ। ਮੈਂ ਵੇਖਿਆ

ਕਿ ਉਹ ਸਾਰਾ ਸਮਾਂ ਮੁਸਕਰਾਉਂਦਾ ਰਿਹਾ। ਇਕ ਮਿੰਟ ਲਈ ਵੀ ਉਸ ਦੇ ਚਿਹਰੇ ਤੋਂ ਮੁਸਕਰਾਹਟ ਨਾ ਹਟੀ।

ਮੁਢਲੀਆਂ ਗੱਲਾਂ ਤੋਂ ਬਾਦ ਮੈਂ ਉਸ ਨੂੰ ਪੁੱਛਿਆ, "ਭਗਤ ਜੀ ! ਤੁਹਾਡੀ ਉਮਰ ਕਿੰਨੀਂ ਹੈ ?"

"ਤੁਸੀਂ ਮੇਰੀ ਉਮਰ ਪੁੱਛ ਰਹੇ ਹੋ ।" ਕਾਲੇ ਤੇ ਝੁਰੜੀਆਂ ਵਾਲੇ ਹੋਠ ਮੁਸਕਰਾਹਟ ਵਿੱਚ ਹੋਰ ਖੁੱਲ੍ਹ ਗਏ ਅਤੇ ਪੋਪਲੇ ਮੂੰਹ ਵਿੱਚੋਂ ਸਿਧਰਾ ਜਿਹਾ ਜਵਾਬ ਆਇਆ, "ਮੈਂ ਕੀ ਕਹਿ ਸਕਦਾ ਹਾਂ। ਅਸਲ ਵਿੱਚ ਮੈਨੂੰ ਪਤਾ ਹੀ ਨਹੀਂ, ਪਰ ਮੈਂ ਇਕ ਗੱਲ ਜਾਣਦਾ ਹਾਂ ਕਿ ਮੈਂ ਦੂਰ ਅਤੀਤ ਤੱਕ, ਬਹੁਤ ਦੂਰ ਤੱਕ ਵੇਖ ਸਕਦਾ ਹਾਂ ।" ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਤੱਕ ਦੇ ਸਮੇਂ ਵਿੱਚ ਵੀ। ਆਉ! ਆਪਾਂ ਪਹਿਲਾਂ ਘਰ ਚਲੀਏ ।"

ਘਰ ਵੱਲ ਜਾਂਦਿਆਂ ਰਸਤੇ ਵਿੱਚ ਮੈਂ ਪੁੱਛਿਆ। "ਕੀ ਤੁਸੀਂ ਪੀਂਦੇ ਹੋ ?"

"ਨਹੀਂ! ਹੁਣ ਨਹੀਂ ! ਪਰ ਜਦੋਂ ਮੈਂ ਤੁਹਾਡੀ ਹੁਣ ਦੀ ਉਮਰ ਦਾ ਸਾਂ ਉਦੋਂ ਪੀ ਲਿਆ ਕਰਦਾ ਸਾਂ ।"

"ਕੀ ਤੁਹਾਡੇ ਪਿਤਾ ਪੀਆ ਕਰਦੇ ਸਨ?"

"ਹਾਂ ਉਹ ਪੀਆ ਕਰਦੇ ਸਨ, ਪਰ ਉਨ੍ਹਾਂ ਵੀ ਪੀਣੀ ਛੱਡ ਦਿੱਤੀ ਸੀ। ਇਕ ਸਾਧੂ ਨੇ ਉਨ੍ਹਾਂ ਨੂੰ ਛੱਡਣ ਲਈ ਕਿਹਾ ਸੀ। ਮੇਰੇ ਪਿਤਾ ਮੈਨੂੰ ਕਿਹਾ ਕਰਦੇ, "ਪੁੱਤਰ! ਦਾਰੂ ਸ਼ੈਤਾਨ ਹੁੰਦਾ ਹੈ ਅਤੇ ਇਸ ਨੂੰ ਨਹੀਂ ਪੀਣਾ ਚਾਹੀਦਾ, ਪਰ ਤੈਨੂੰ ਜ਼ਰੂਰ ਦਾਰੂ ਪੀਣੀ ਪਵੇਗੀ।"

ਕਿਉਂਕਿ ਉਨਾਂ ਮੈਨੂੰ ਪੀਣ ਲਈ ਮਜਬੂਰ ਕੀਤਾ ਇਸ ਲਈ ਜ਼ਿਦ ਵਿੱਚ ਆ ਕੇ ਮੈ ਪੀਣੀ ਛੱਡ ਦਿੱਤੀ।

"ਤੁਹਾਡੇ ਪਿਤਾ ਕਿਉਂ ਚਾਹੁੰਦੇ ਸਨ ਕਿ ਤੁਸੀਂ ਪੀਓ?"

“ਉਹ ਇਸ ਲਈ ਕਿਉਂਕਿ ਮੈਂ ਉਨ੍ਹਾਂ ਦਾ ਇਕੋ ਇਕ ਪੁੱਤਰ ਸਾਂ ਅਤੇ ਸ਼ਰਾਬ ਨਾਲ ਉਨ੍ਹਾਂ ਨੂੰ ਬਹੁਤ ਪਿਆਰ ਸੀ। ਉਨ੍ਹਾਂ ਨੂੰ ਮੇਰਾ ਸ਼ਰਾਬ ਛੱਡਣਾ ਪਸੰਦ ਨਹੀਂ ਸੀ। ਜ਼ਿੱਦੀ ਤਾਂ ਮੈਂ ਸਾਂ ਹੀ, ਇਸ ਲਈ ਕਿਉਂਕਿ ਉਹ ਮੇਰਾ ਸ਼ਰਾਬ ਨਾਲ ਪਿਆਰ ਪਾਉਣਾ ਚਾਹੁੰਦੇ ਸਨ, ਮੈਂ ਉਸ ਨੂੰ ਛੱਡ ਦਿੱਤਾ।

ਇਸ ਤਰ੍ਹਾਂ ਅਸੀਂ ਮਨੁੱਖੀ ਮਨ ਦੀਆਂ ਗੁੱਝੀਆਂ ਰਮਜ਼ਾਂ ਬਾਰੇ ਵਿਚਾਰ ਕਰਦੇ ਕਰਦੇ ਘਰ ਪਹੁੰਚ ਗਏ।

"ਇਹ ਮੇਰਾ ਘਰ ਹੈ”, ਡਕੋਰ ਤੋਂ ਨਾਸਕ ਵੱਲ ਜਾਂਦੇ ਸਾਧੂਆਂ ਲਈ ਰਸਤੇ ਵਿੱਚ ਭਗਤ ਨੇ ਲੰਮੀ ਮੁਸਕਾਨ ਨਾਲ ਕਿਹਾ।

ਇਕ ਵਾਰੀ ਉਨ੍ਹਾਂ ਦੀ ਇਕ ਵੱਡੀ ਭੀੜ ਇਸ ਸੜਕ ਤੇ ਆਈ ਸੀ। ਮੇਰੇ ਮਾਤਾ ਜੀ, ਭਾਵੇਂ ਪਿਤਾ ਜੀ ਨਹੀਂ ਸਨ ਕਰਿਆ ਕਰਦੇ ? ਉਨ੍ਹਾਂ ਵਿੱਚ ਚੌਲ ਜਾਂ ਆਟਾ ਵੰਡਿਆ ਕਰਦੇ ਸਨ। ਮੇਰੇ ਪਿਤਾ ਜੀ ਇਸ ਕਿਸਮ ਦੇ ਕੰਮਾਂ ਵਿੱਚ ਕੋਈ ਰੁਚੀ ਨਹੀਂ ਸਨ ਲੈਂਦੇ। “ਪੋਪਲੇ ਮੂੰਹ ਵਾਲੇ ਹੱਸੂੰ ਹੱਸੂੰ ਕਰਦੇ ਮਨੁੱਖ ਨੇ ਗੱਲ ਜਾਰੀ ਰੱਖੀ, " ਇਕ ਦਿਨ ਮੇਰੇ ਪਿਤਾ ਜੀ ਨੂੰ ਤਾਂਬੇ ਦਾ ਪੈਸਾ ਲੱਭਿਆ। ਉਹ ਇਸ ਲੱਭਤ ਉੱਤੇ ਬਹੁਤ ਪ੍ਰਸੰਨ ਸਨ। ਕਈ ਦਿਨ ਉਹ ਉਸ ਸਿੱਕੇ ਬਾਰੇ ਹੀ ਸੋਚਦੇ ਰਹੇ। ਉਨ੍ਹਾਂ ਨੂੰ ਸਮਝ ਨਾ ਆਵੇ ਕਿ ਉਹ ਇਸ ਦਾ ਕੀ ਕਰਨ, ਆਖ਼ਰ ਉਨ੍ਹਾਂ ਨੇ ਇਕ ਸਾਧੂ ਨੂੰ ਉਹ ਸਿੱਕਾ ਦੇ ਦਿੱਤਾ। ਇਸ ਦੇ ਬਦਲੇ ਸਾਧੂ ਨੇ ਝੁੱਗੀ ਦੀ ਛੱਤ ਤੱਕ ਆਪਣਾ ਹੱਥ ਉੱਚਾ ਕਰਕੇ ਵਿੱਚੋਂ ਕਾਨੇ ਕੱਢੇ ਅਤੇ ਮੇਰੇ ਪਿਤਾ ਜੀ ਨੂੰ ਫੜਾ ਕੇ ਕਹਿਣ ਲੱਗਾ, “ਮੇਰੇ ਬੱਚੇ ! ਇਹ ਲੈ ਲੈ ਅਤੇ ਸ਼ਰਾਬ ਛੱਡ ਦੇ। ਤੈਨੂੰ ਇਸ ਦਾ ਬਹੁਤ ਫਲ ਮਿਲੇਗਾ ਅਤੇ ਤੂੰ ਬਹੁਤ ਧਨੀ ਹੋ ਜਾਵੇਂਗਾ ।”

“ਫਿਰ ਕੀ ਤੁਸੀਂ ਧਨੀ ਹੋ ਗਏ?" ਮੈਂ ਹਾਸੇ ਨਾਲ ਪੁੱਛਿਆ।

"ਹੋ ਸਕਦਾ ਹੈ, ਪਰ ਅਸੀਂ ਕਦੀ ਮਹਿਸੂਸ ਨਹੀਂ ਕੀਤਾ ਕਿ ਅਸੀਂ ਧਨੀ ਹੋ ਗਏ ਹਾਂ।" ਉਸੇ ਮੁਸਕਰਾਹਟ ਨਾਲ ਉਸ ਨੇ ਜਵਾਬ ਦਿੱਤਾ। "ਉਸ ਸਾਲ ਧਾਨ ਦੀ ਫਸਲ ਸਾਡੀ ਬਹੁਤ ਉਮਦਾ ਹੋਈ। ਮੇਰੀ ਮਾਤਾ ਜੀ ਦੇ ਸੁਰਗਵਾਸ ਹੋ ਜਾਣ ਪਿੱਛੋਂ ਪਿਤਾ ਜੀ ਨੇ ਲੰਗਰ ਨੂੰ ਚਲਾਈ ਰੱਖਣਾ ਆਪਣਾ ਧਰਮ ਸਮਝਿਆ ਅਤੇ ਇਹ ਕੰਮ ਆਪਣੇ ਜ਼ਿੰਮੇ ਲੈ ਲਿਆ। ਕਈ ਸਾਲ ਪਿੱਛੋਂ ਜਦੋਂ ਉਨ੍ਹਾਂ ਦਾ ਵੀ ਦੇਹਾਂਤ ਹੋ ਗਿਆ, ਮੈਂ ਸੋਚਿਆ ਕਿ ਲੱਗ ਜ਼ਰੂਰ ਚਲਦਾ ਰਹਿਣਾ ਚਾਹੀਦਾ ਹੈ ਸੋ ਇਹ ਕੰਮ ਮੈਂ ਸੰਭਾਲ ਲਿਆ।" ਉਸ ਦੇ ਚਿਹਰੇ ਦੀ ਮੁਸਕਾਨ ਉਵੇਂ ਹੀ ਰਹੀ। ਤਦ ਉਹ ਸਾਹ ਲੈਣ ਲਈ ਰੁਕਿਆ ਅਤੇ ਉਸ ਦੀਆਂ ਅੱਖਾਂ ਕਿਸੇ ਦੁਰੇਡੀ ਦੁਨੀਆਂ ਤੇ ਜਾ ਟਿਕੀਆਂ ਜਿਵੇਂ ਉਹ ਕਿਸੇ ਅਣਦਿਸਦੀ ਕਿਤਾਬ ਵਿੱਚੋਂ ਕੁਝ ਪੜ੍ਹ ਰਿਹਾ ਹੋਵੇ। ਉਸ ਨੇ ਗੱਲ ਜਾਰੀ ਰੱਖੀ "ਅਸੀਂ ਹਮੇਸ਼ਾਂ ਆਪਣੇ ਪਿਛਵਾੜੇ ਵਿੱਚ, ਨਾ ਕਿ ਘਰ ਵਿੱਚ, ਆਪਣਾ ਅਨਾਜ ਰੱਖਿਆ ਕਦੇ, ਅਠਾਰਾਂ ਸੌ ਛਪੰਜਾ ਦਾ ਸਾਲ ਭਿਆਨਕ ਅਕਾਲ ਦਾ ਸਾਲ ਸੀ। ਮੇਰੇ ਪੁੱਤਰ, ਅਮਰ ਸਿੰਘ ਨੇ ਕਿਹਾ ਕਿ ਸਾਨੂੰ ਆਪਣਾ ਅਨਾਜ ਲੁਕਾ ਕੇ ਰੱਖਣਾ ਚਾਹੀਦਾ ਹੈ, ਪਰ ਮੈਂ ਉਸ ਨਾਲ ਸਹਿਮਤ ਨਾ ਹੋਇਆ। ਮੈਂ ਉਸ ਨੂੰ ਕਿਹਾ, "ਬੱਚੇ ! ਕੀ ਅਨਾਜ ਲੁਕਾਉਣਾ ਚੰਗੀ ਗੱਲ ਹੈ ?" ਪ੍ਰਮਾਤਮਾ ਨੇ ਸਾਨੂੰ ਅਨਾਜ ਖਾਣ ਲਈ; ਜ਼ਿੰਦਾ ਰਹਿਣ ਲਈ ਦਿੱਤਾ ਹੈ। ਸਾਨੂੰ ਇਸ ਨੂੰ ਲੁਕਾਉਣ ਦਾ ਕੋਈ ਅਧਿਕਾਰ ਨਹੀਂ - ਵਰਨਾ ਸਾਨੂੰ ਉਹ ਕਦੇ ਵੀ ਮੁੜ ਕੇ ਅਨਾਜ ਨਹੀਂ ਦੇਵੇਗਾ ।" ਅਮਰ ਸਿੰਘ ਉਨ੍ਹਾਂ ਲੋਕਾਂ ਤੋਂ ਡਰਦਾ ਸੀ ਜਿਹੜੇ ਜਬਰਦਸਤੀ ਘਰ ਵੜਕੇ, ਮਾਲ ਚੁੱਕ ਲੈਂਦੇ ਸਨ। ਮੈਂ ਕਿਹਾ "ਪੁੱਤਰ ! ਉਨ੍ਹਾਂ ਨੂੰ ਆ ਲੈਣ ਦੇ। ਆਖ਼ਰ ਇਹ ਅੰਨ ਖਾਣ ਲਈ ਹੀ ਤਾਂ ਹੈ। ਤੂੰ ਇਸ ਨੂੰ ਕੀ ਕਰੇਂਗਾ ? ਉਨ੍ਹਾਂ ਨੂੰ ਆਪਣੀ ਲੋੜ ਅਨੁਸਾਰ ਖਾ ਲੈਣ ਦੇ।"

ਮੇਰੀਆਂ ਅੱਖਾਂ ਦੇ ਸਾਹਮਣੇ ਇਕ ਦੂਰਦਰਸ਼ੀ ਇਨਸਾਨ ਖੜ੍ਹਾ ਸੀ ਜੋ ਅਨਾਜ ਦਾ ਫਲਸਫ਼ਾ ਸਮਝਾ ਰਿਹਾ ਸੀ।

ਮੈਂ ਪੁੱਛਿਆ, "ਫਿਰ ਕੀ ਹੋਇਆ ?"

" ਬਹੁਤ ਜ਼ੋਰਦਾਰ ਮੀਂਹ ਪਿਆ। ਚੌਲਾਂ ਦੀ ਬੜੀ ਜ਼ਿਆਦਾ ਫ਼ਸਲ ਹੋਈ। ਵਾਢੀ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਸਾਡਾ ਸਟਾਕ ਖਤਮ ਹੋਇਆ। ਇਕ ਸਵੇਰ ਅਸੀਂ ਵੇਖਿਆ ਕਿ ਸਾਡੇ ਕੋਲ ਮਸਾਂ ਆਪਣੇ ਟੱਬਰ ਲਈ ਇਕ ਡੰਗ ਜੋਗੇ ਜੌਂ ਜਿਹੇ ਹੀ ਬਚੇ ਸਨ। ਅਮਰ ਸਿੰਘ ਦੀ ਪਤਨੀ ਨੇ ਚੁੱਲ੍ਹੇ ਅੱਗ ਬਾਲੀ ਅਤੇ ਜੌਂ ਰਿੰਨ੍ਹਣ ਲੱਗੀ ਹੀ ਸੀ ਕਿ ਕੁਝ ਮੁੰਡੇ ਦੌੜਦੇ ਦੌੜਦੇ ਆਏ ਅਤੇ ਉਨ੍ਹਾਂ ਦੱਸਿਆ ਕਿ ਚਾਰ ਰਮਤੇ ਸਾਧੂ ਨਾਲ ਦੇ ਜੰਗਲ ਵਿੱਚੋਂ ਆਏ ਹਨ। "ਮੈਂ ਆਪਣੀ ਬਹੂ ਨੂੰ ਉਹ ਜੋ ਰਿੰਨ੍ਹਣ ਤੋਂ ਰੋਕ ਦਿੱਤਾ," ਪੋਪਲੇ ਮੂੰਹ ਦੀ ਮੁਸਕਾਨ ਹੋਰ ਚੌੜੀ ਹੋ ਗਈ ਅਤੇ ਉਹ ਕਹਿੰਦਾ ਗਿਆ, "ਮੈਂ ਉਹ ਦਾਣੇ ਫਕੀਰਾਂ ਨੂੰ ਦੇ ਦਿੱਤੇ। ਉਨ੍ਹਾਂ ਨੇ ਜੌਂ ਰਿੰਨ੍ਹ ਕੇ ਆਪਣਾ ਭੋਜਨ ਕੀਤਾ। ਉਹ ਟੱਬਰ ਰਾਤ ਬਿਨ੍ਹਾਂ ਕੁਝ ਖਾਧੇ ਰਿਹਾ। ਉਸੇ ਵੇਲੇ ਵਰਖਾ ਸ਼ੁਰੂ ਹੋ ਗਈ ਅਤੇ ਫਕੀਰ ਸਾਡੇ ਕੋਲ ਰਾਤ ਵਾਸਤੇ ਠਹਿਰ ਗਏ। ਮੈਂ ਸਾਰੀ ਰਾਤ ਪਲ ਭਰ ਵੀ ਨਾ ਸੌਂ ਸਕਿਆ। ਇਸ ਫਿਕਰ ਨਾਲ ਕਿ ਸਵੇਰੇ ਉਨ੍ਹਾਂ ਨੂੰ ਕੀ ਖੁਆਵਾਂਗੇ ।" ਮੇਰਾ ਧਿਆਨ ਇਸ ਵੇਲੇ ਇਕ ਹੋਰ ਵਿਚਾਰ ਵੱਲ ਚਲਾ ਗਿਆ। ਇਸ ਬੁੱਢੇ ਮਨੁੱਖ ਭਗਤ ਨੂੰ ਇਸ ਗੱਲ ਦਾ ਤਾਂ ਫਿਕਰ ਸੀ, ਅਤੇ ਇਸ ਫਿਕਰ ਵਿੱਚ ਉਹ ਇਕ ਪਲ ਵੀ ਨਹੀਂ ਸੀ ਸੌਂ ਸਕਿਆ ਕਿ ਉਹ ਸਵੇਰੇ ਉਨ੍ਹਾਂ ਫਕੀਰਾਂ ਨੂੰ ਕੀ ਖਵਾਏਗਾ ਪਰ ਉਸ ਨੂੰ ਇਸ ਗੱਲ ਦੀ ਉੱਕਾ ਕੋਈ ਪਰਵਾਹ ਨਹੀਂ ਸੀ ਕਿ ਉਸ ਰਾਤ ਉਹ ਤੇ ਉਸ ਦਾ ਟੱਬਰ ਭੁੱਖਾ ਰਿਹਾ ਸੀ ਪਰ ਛੇਤੀ ਹੀ ਮੈਂ ਭਗਤ ਦੀ ਵਾਰਤਾ ਦੇ ਨਾਲ ਆ ਜੁੜਿਆ, "ਅਗਲੀ ਭਲਕ ਮੈਂ ਆਪਣੇ ਪੁੱਤਰ ਨਾਲ ਸਲਾਹ ਕੀਤੀ। ਉਸ ਨੇ ਸਲਾਹ ਦਿੱਤੀ ਕਿ ਅਸੀਂ ਵਿਆਰਾ ਜਾ ਕੇ ਕਿਸੇ ਦੁਕਾਨਦਾਰ ਪਾਸੋਂ ਕੁਝ ਅਨਾਜ ਉਧਾਰ ਲੈ ਆਈਏ। ਮੈਨੂੰ ਸ਼ੱਕ ਸੀ ਕਿ ਇਹੋ ਜਿਹੇ ਦਿਨਾਂ ਵਿੱਚ ਸ਼ਾਇਦ ਹੀ ਕੋਈ ਆਦਮੀ ਸਾਨੂੰ ਅਨਾਜ ਦੇਵੇਗਾ। ਪਰ ਅਮਰ ਸਿੰਘ ਨੂੰ ਪੂਰੀ ਆਸ ਸੀ। ਅਸੀਂ ਆਪਣੀ ਬੈਲਗੱਡੀ ਲੈ ਕੇ ਵਿਆਰਾ ਵੱਲ ਤੁਰ ਪਏ। ਹਾਲੇ ਅਸੀਂ ਸ਼ਹਿਰ ਦੇ ਬਾਹਰਵਾਰ ਪਹੁੰਚੇ ਹੀ ਸਾਂ ਜਦੋਂ ਇਕ ਆਦਮੀ ਜੋ ਦੁਕਾਨਦਾਰ ਜਾਪਦਾ। ਸੀ ਮਿਲਿਆ। ਮੈਨੂੰ ਯਾਦ ਨਹੀਂ ਕਿ ਮੈਂ ਉਸ ਨੂੰ ਕਦੇ ਮਿਲਿਆ ਹੋਵਾਂ ਪਰ ਉਸ ਨੇ ਮੈਨੂੰ ਪਛਾਣ ਲਿਆ।"

'ਓ: ਭਗਤ ਜੀ ਹਨ? ਦੁਕਾਨਦਾਰ ਨੇ ਹੈਰਾਨੀ ਵਿੱਚ ਪੁੱਛਿਆ। "ਤੁਸੀਂ ਅੱਜ ਵਿਆਰਾ ਵੱਲ ਕਿਵੇਂ ਆ ਰਹੇ ਹੋ ?"

"ਇਹ ਠੀਕ ਸੀ ਕਿ ਮੈਂ ਵਿਆਰਾ ਪਹਿਲਾਂ ਕਦੇ ਨਹੀਂ ਸੀ ਆਇਆ। ਮੈਂ ਉਸ ਨੂੰ ਆਪਣੇ ਆਉਣ ਦਾ ਮੰਤਵ ਦੱਸਿਆ ।"

"ਜਿੰਨਾ ਅਨਾਜ ਤੁਹਾਨੂੰ ਚਾਹੀਦਾ ਹੈ, ਬੜੀ ਖੁਸ਼ੀ ਨਾਲ ਲੈ ਜਾਓ" ਉਸ ਨੇ ਕਿਹਾ, "ਕੌਣ ਹੈ ਜੋ ਤੁਹਾਨੂੰ ਨਾਂਹ ਕਰ ਸਕਦਾ ਹੈ, ਅਤੇ ਉਹ ਵੀ ਉਦੋਂ ਜਦੋਂ ਤੁਹਾਨੂੰ ਲੋੜ ਹੈ?"

"ਉਹ ਸਾਡੀ ਗੱਡੀ ਆਪਣੀ ਦੁਕਾਨ ਵੱਲ ਲੈ ਗਿਆ। ਆਪਣੇ ਗੁਮਾਸ਼ਤੇ ਨੂੰ ਕਿਹਾ, ਜੋ ਕੁਝ ਇਨ੍ਹਾਂ ਨੂੰ ਲੋੜ ਹੈ ਦੇ ਦਿਓ! ਤਦ ਉਹ ਚਲਾ ਗਿਆ। ਅਸੀਂ ਉਸ ਦੇ ਗੁਮਾਸ਼ਤੇ ਨੂੰ ਕਿਹਾ ਸਾਨੂੰ ਦੋ ਤਰ੍ਹਾਂ ਦਾ ਅਨਾਜ ਦੇ ਦੇਵੋ। ਗੁਮਾਸ਼ਤੇ ਨੇ ਸਾਡੀ ਬੇਨਤੀ ਮੰਨ ਲਈ ਅਤੇ ਅਸੀਂ ਆਪਣੀ ਗੱਡੀ ਭਰ ਲਈ। ਜਦੋਂ ਗੱਡੀ ਭਰ ਗਈ ਤਾਂ ਮੈਂ ਆਪਣੇ ਪੁੱਤਰ ਨੂੰ ਕਿਹਾ, ਜਦੋਂ ਆਪਣੀ ਫ਼ਸਲ ਦੀ ਵਾਢੀ ਹੋ ਜਾਵੇ ਤਾਂ ਗੱਡੀ ਭਰ ਕੇ ਇਹ ਕਰਜ਼ਾ ਚੁਕਾਉਣ ਲਈ ਲੈ ਆਵੀਂ ਅਤੇ ਮੈਨੂੰ ਆ ਕੇ ਛੁਡਾ ਲਿਜਾਵੀਂ। ਉਦੋਂ ਤੱਕ ਮੈਂ ਇੱਥੇ ਹੀ ਰਹਾਂਗਾ ਅਤੇ ਇਸ ਪਰਉਪਕਾਰੀ ਮਨੁੱਖ ਲਈ ਕੰਮ ਕਰਾਂਗਾ। ਅਮਰ ਸਿੰਘ ਗੱਡੀ ਲੈ ਕੇ ਚਲਾ ਗਿਆ ਅਤੇ ਮੈਂ ਉਸ ਦੁਕਾਨਦਾਰ ਦੇ ਆਉਣ ਦੀ ਉਡੀਕ ਵਿੱਚ ਬੈਠਾ ਰਿਹਾ ।"

ਵਾਪਸ ਆਉਂਦਿਆਂ ! ਮੈਨੂੰ ਬੈਠਾ ਵੇਖਕੇ ਉਸ ਪੁੱਛਿਆ, "ਤੁਸੀਂ ਇੱਥੇ ਕਿਉਂ ਬੈਠੇ ਹੋ?"

"ਮੈਂ ਇੱਥੇ ਤੁਹਾਡੇ ਲਈ ਕੰਮ ਕਰਨ ਵਾਸਤੇ ਰੁਕ ਗਿਆ ਹਾਂ' ਮੈਂ ਕਿਹਾ।

"ਕਾਹਦੇ ਲਈ?"

'ਜਦ ਤੱਕ ਮੈਂ ਕਰਜ਼ਾ ਅਦਾ ਨਹੀਂ ਕਰ ਦੇਂਦਾ ਮੈਂ ਤੁਹਾਡਾ ਕੰਮ ਕਰਾਂਗਾ ।'

"ਭਗਤ ਜੀ! ਕੀ ਤੁਹਾਨੂੰ ਪਤਾ ਹੈ, ਤੁਸੀਂ ਕੀ ਕਹਿ ਰਹੇ ਹੋ ? ਮੈਂ ਤੁਹਾਥੋਂ ਕਿਵੇਂ ਕੰਮ ਲੈ ਸਕਦਾ ਹਾਂ। ਨਾਲੇ ਕੀ ਤੁਸੀਂ ਸਮਝਦੇ ਹੋ ਜੋ ਕੁਝ ਮੈਂ ਤੁਹਾਨੂੰ ਦਿੱਤਾ ਹੈ ਇਹ ਕਰਜ਼ਾ ਸਮਝ ਕੇ ਦਿੱਤਾ ਹੈ ? ਇਹ ਕਰਜ਼ ਨਹੀਂ ਹੈ। ਤੁਸੀਂ ਅਨੇਕਾਂ ਲੋੜਵੰਦਾਂ ਨੂੰ ਮਣਾਂ ਮੂੰਹੀ ਅਨਾਜ ਦਿੱਤਾ ਹੈ। ਕਿਰਪਾ ਕਰਕੇ ਘਰ ਜਾਓ ।"

"ਉਸ ਨੇ ਮੈਨੂੰ ਆਪਣੀ ਬੈਲ ਗੱਡੀ ਵਿੱਚ ਘਰ ਜਾਣ ਤੇ ਮਜ਼ਬੂਰ ਕਰ ਦਿੱਤਾ। ਉਹ ਸਾਲ ਕਿਸਾਨਾਂ ਲਈ ਬਹੁਤ ਚੰਗਾ ਸਾਬਤ ਹੋਇਆ। ਮੈਂ ਆਪਣਾ ਕਰਜ਼ਾ ਲਾਹ ਦਿੱਤਾ। ਇਕ ਦਿਨ ਪਿੰਡ ਦੇ ਲੋਕ ਇਕੱਠੇ ਹੋ ਕੇ ਜ਼ਿਦ ਕਰਨ ਲੱਗੇ ਕਿ ਔੜ ਵੇਲੇ ਮੈਂ ਲੋਕਾਂ ਦੀ ਜੋ ਮਦਦ ਕੀਤੀ ਹੈ, ਉਸ ਦੀ ਯਾਦਗਾਰ ਪਿੰਡ ਵਿੱਚ ਕਾਇਮ ਕਰਨੀ ਚਾਹੀਦੀ ਹੈ ।" ਜਦੋਂ ਭਗਤ ਨੂੰ ਆਪਣੇ ਲਈ ਲੋਕਾਂ ਦਾ ਪਿਆਰ ਤੇ ਸਤਿਕਾਰ ਯਾਦ ਆਇਆ ਤਾਂ ਉਸ ਦੀ ਮੁਸਕਾਨ ਇਕ ਕੰਨ ਤੋਂ ਦੂਜੇ ਕੰਨ ਤੱਕ ਫੈਲ ਗਈ ਅਤੇ ਉਸ ਨੇ ਕਹਿਣਾ ਜਾਰੀ ਰੱਖਿਆ। -ਮੈਂ ਇਹੋ ਜਿਹੀ ਤਜਵੀਜ਼ ਨਾਲ ਕਿਵੇਂ ਸਹਿਮਤ ਹੋ ਸਕਦਾ ਸਾਂ? ਜੋ ਕੁਝ ਮੈਂ ਲੋਕਾਂ ਲਈ ਕੀਤਾ ਸੀ ਜੇ ਉਹ ਕੰਮ ਮੈਨੂੰ ਅਮਰ ਨਹੀਂ ਬਣਾ ਸਕੇਗਾ ਤਾਂ ਮੈਨੂੰ ਹੋਰ ਕੋਈ ਯਾਦਗਾਰ ਬਣਾਉਣ ਦੀ ਕੋਈ ਲੋੜ ਨਹੀਂ। ਜਿਹੜਾ ਅਨਾਜ ਮੇਰੀ ਲੋੜ ਤੋਂ ਵਾਫ਼ਰ ਸੀ ਉਸ ਦਾ ਮੈਨੂੰ ਕੀ ਲਾਭ ਸੀ ? ਜੇ ਭੁੱਖੇ ਲੋਕਾਂ ਨੇ ਉਸ ਅਨਾਜ ਦੀ ਵਰਤੋਂ ਨਾ ਕੀਤੀ ਹੁੰਦੀ ਤਾਂ ਉਸ ਦੀ ਵਰਤੋਂ ਮੈਂ ਕਿਵੇਂ ਕਰਨੀ ਸੀ ? ਜੇ ਮੈਂ ਆਪਣੀ ਲੋੜ ਤੋਂ ਵਾਧੂ ਅਨਾਜ ਕਿਸੇ ਨੂੰ ਦੇ ਦਿੱਤਾ ਤਾਂ ਇਸ ਦਾ ਭਾਵ ਇਹ ਹੈ ਕਿ ਮੈਂ ਆਪਣੇ ਨਾਂ ਦੇ ਝੰਡੇ ਲੁਆਉਣੇ ਸ਼ੁਰੂ ਕਰ ਦੇਵਾਂ। ਸਾਨੂੰ ਕਦੇ ਵੀ ਅੰਨ੍ਹ ਦਾ ਤੋੜਾ ਨਹੀਂ ਆਇਆ ਪਰ ਹੁਣ......।" ਜਦੋਂ ਦਾ ਮੈਂ ਉਸ ਨੂੰ ਮਿਲਿਆ ਸਾਂ ਪਹਿਲੀ ਵਾਰੀ ਮੈਂ ਉਸ ਦੇ ਚਿਹਰੇ ਤੋਂ ਮੁਸਕਾਨ ਅਲੋਪ ਹੁੰਦੀ ਅਤੇ ਉਸ ਨੂੰ ਝਿਜਕ ਮਹਿਸੂਸ ਹੁੰਦੀ ਵੇਖੀ। ਉਸ ਨੇ ਕਿਹਾ, "ਪਰ ਹੁਣ ਸਾਨੂੰ ਕਦੇ ਕਦੇ ਕਮੀ ਮਹਿਸੂਸ ਹੁੰਦੀ ਹੈ। ਮੇਰਾ ਪੋਤਰਾ ਬਹੁਤ ਦੂਰ ਉਚੇਰੀ ਸਿੱਖਿਆ ਲਈ ਗਿਆ ਹੈ ।" ਇਤਨੀ ਦੂਰੀ ਜਿਸ ਦਾ ਉਸ ਨੂੰ ਅਨੁਮਾਨ ਵੀ ਨਹੀਂ ਹੋ ਸਕਦਾ। ਉਸ ਨੇ ਅੱਗੋਂ ਕਿਹਾ "ਉਹ ਇੱਕਲਾ ਹੀ ਓਨਾ ਖਾ ਜਾਂਦਾ ਹੈ ਜਿੰਨਾ ਬਾਕੀ ਦਾ ਸਾਰਾ ਟੱਬਰ ਖਾਂਦਾ ਹੈ ।"

ਪਹਿਲਾਂ ਮੈਨੂੰ ਉਸ ਦੀ ਗੱਲ ਸਮਝ ਨਾ ਪਈ ਪਰ ਹੋਲੀ ਹੋਲੀ ਸਾਰੀਆਂ ਗੱਲਾਂ ਪੁੱਛਣ ਤੇ ਮੈਂ ਸਾਰਾ ਮਾਮਲਾ ਸਮਝ ਗਿਆ। ਉਸ ਦਾ ਪੋਤਰਾ ਸ਼ਾਂਤੀ ਨਿਕੇਤਨ, ਮਹਾਂਰਿਸ਼ੀ ਟੈਗੋਰ ਦੁਆਰਾ ਕਾਇਮ ਕੀਤੀ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਗਿਆ ਹੋਇਆ ਸੀ।

ਆਪਣੇ ਪੋਤਰੇ ਦੀ ਪੜ੍ਹਾਈ ਦਾ ਖ਼ਰਚ ਪੂਰਾ ਕਰਨ ਲਈ ਭਗਤ ਨੂੰ ਹਰ ਸਾਲ ਆਪਣੀ ਪੈਦਾਵਾਰ ਦਾ ਕਾਫ਼ੀ ਹਿੱਸਾ ਵੇਚਣਾ ਪੈਂਦਾ ਸੀ। ਇਹ ਆਧੁਨਿਕ ਵਿੱਦਿਆ ਦੇ ਅਤਿ ਮਹਿੰਗੇ ਹੋਣ ਦਾ ਸੂਚਕ ਸੀ। ਉਸ ਦਾ ਭਾਵ ਕੋਈ ਨੁਕਤਾਚੀਨੀ ਕਰਨਾ ਨਹੀਂ ਸੀ; ਪਰ ਪਰਵਾਰਿਕ ਬਣਤਰ ਵਿੱਚ ਜੋ ਤਬਦੀਲੀ ਆ ਰਹੀ ਸੀ ਉਹ ਉਸ ਨੂੰ ਸਮਝਣ ਤੋਂ ਅਸਮਰਥ ਮਹਿਸੂਸ ਕਰ ਰਿਹਾ ਸੀ।

ਛੇਤੀ ਹੀ ਉਸ ਦਾ ਚਿਹਰਾ ਮੁੜ ਚਮਕ ਪਿਆ ਅਤੇ ਉਸ ਨੇ ਕਿਹਾ, "ਹੁਣ ਜਦ ਕਿ ਡਕੋਰ ਤੇ ਨਾਸਿਕ ਰੇਲ ਨਾਲ ਜੁੜ ਗਏ ਹਨ ਸਾਧੂ ਵੀ ਨਹੀਂ ਆਉਂਦੇ। ਇਸ ਦੀ ਥਾਂ ਅੱਜਕੱਲ੍ਹ ਪੁਲਿਸ ਵਾਲੇ ਸਾਡੇ ਮਹਿਮਾਨ ਬਣਦੇ ਹਨ। ਉਹ ਵੀ ਸਾਡੇ ਲੰਗਰ ਵਿੱਚੋਂ ਛਕਦੇ ਹਨ।"

ਸਾਡੀਆਂ ਗੱਲਾਂ ਬੰਦ ਹੋ ਗਈਆਂ ਸਨ, ਪਰ ਮੈਨੂੰ ਉਨ੍ਹਾਂ ਨੇ ਰਾਤ ਠਹਿਰਨ ਲਈ ਮਜਬੂਰ ਕੀਤਾ। ਕਾਰਨ ਬਹੁਤ ਸਰਲ ਸੀ। ਭਗਤ ਨੇ ਪ੍ਰਣ ਲਿਆ ਹੋਇਆ ਸੀ ਕਿ ਉਹ ਕਿਸੇ ਨੂੰ ਭੋਜਨ ਛਕਾਏ ਬਿਨਾਂ ਜਾਣ ਨਹੀਂ ਦੇਵੇਗਾ। ਮੈਂ ਦਿਨ ਵਿੱਚ ਕੇਵਲ ਇਕ ਵਾਰ ਖਾਂਦਾ ਹਾਂ ਜਿਹੜਾ ਉਸ ਦਿਨ ਮੈਂ ਖਾ ਚੁੱਕਾ ਸੀ। ਅਗਲੇ ਦਿਨ ਮੈਨੂੰ ਉਦੋਂ ਹੀ ਜਾਣ ਦਿੱਤਾ ਜਦੋਂ ਮੈਂ ਦਿਨ ਦਾ ਖਾਣਾ ਉਸ ਨਾਲ ਖਾ ਲਿਆ। ਉਸ ਦਿਨ ਤੋਂ ਮੇਰੇ ਕੰਨਾਂ ਵਿੱਚ ਉਸ ਦੀ ਆਵਾਜ਼ ਸਮੇਂ ਸਮੇਂ ਗੂੰਜਦੀ ਰਹਿੰਦੀ ਹੈ, “ਮੈਂ ਦੂਰ ਅਤੀਤ ਵਿੱਚ, ਬਹੁਤ ਦੂਰ ਤੱਕ ਵੇਖ ਸਕਦਾ ਹਾਂ, ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਦੇ ਸਮੇਂ ਵਿੱਚ ਵੀ ।”

ਉਸ ਦਿਨ ਤੋਂ ਮੈਂ ਉਸ ਕਾਲੇ ਰੰਗ ਦੇ ਝੁਰੜਾਏ ਹੋਏ ਆਦਿਵਾਸੀ ਮਨੁੱਖ ਨੂੰ, ਸਿਰਫ਼ ਧੋਤੀ ਪਹਿਨੇ ਆਦਮੀ ਨੂੰ, ਜੋ ਹਰ ਵਕਤ ਮੁਸਕਰਾਉਂਦਾ ਰਹਿੰਦਾ ਹੈ, ਕਲਯੁਗ ਦਾ ਰਿਸ਼ੀ ਸਮਝਦਾ ਹਾਂ। ਗੀਤਾ ਸਾਨੂੰ ਨਿਰਲੇਪਤਾ ਤੇ ਨਿਸ਼ਕਾਮਤਾ ਦੀ ਸਿੱਖਿਆ ਦੇਂਦੀ ਹੈ। ਭਗਤ ਇਸ ਤੋਂ ਵੀ ਇਕ ਕਦਮ ਅੱਗੇ ਸੀ। ਭਾਵੇਂ ਉਸ ਨੂੰ ਆਪਣੀਆਂ ਲੋੜਾਂ ਦੀ ਕੋਈ ਪਰਵਾਹ ਨਹੀਂ ਸੀ ਪਰ ਉਸ ਕੋਲ ਆਪਦੇ ਕੰਮਾਂ ਵਿੱਚ ਸਫ਼ਲ ਹੋਣ ਦੀ ਅਪਾਰ ਸ਼ਕਤੀ ਅਤੇ ਉਤਸ਼ਾਹ ਸੀ। ਆਪਣੇ ਟੱਬਰ ਲਈ ਲੋੜੀਂਦਾ ਅਨਾਜ ਉਹ ਆਪਣੀ ਜ਼ਮੀਨ ਦੇ ਥੋੜ੍ਹੇ ਜਿਹੇ ਭਾਗ ਦੀ ਵਾਹੀ ਵਿੱਚੋਂ ਪੈਦਾ ਕਰ ਸਕਦਾ ਸੀ ਪਰ ਫਿਰ ਵੀ ਉਹ ਆਪਣੀ ਖੇਤੀ ਨੂੰ ਹੋਰ ਹੋਰ ਵਧਾ ਰਿਹਾ ਸੀ ਤਾਂ ਜੋ ਜ਼ਰੂਰਤਮੰਦਾਂ ਦੀ ਲੋੜ ਪੂਰੀ ਕੀਤੀ ਜਾ ਸਕੇ। ਖੇਤੀ ਦੇ ਵਿਸਤਾਰ ਦਾ ਮਤਲਬ ਵਧੇਰੇ ਉਪਜ ਅਤੇ ਵਧੇਰੇ ਆਮਦਨ ਸੀ, ਪਰ ਉਸ ਦੀਆਂ ਲੋੜਾਂ ਉਸੇ ਤਰ੍ਹਾਂ ਸੀਮਤ ਸਨ ਅਤੇ ਉਸ ਦੀ ਬੱਚਤ ਨਫ਼ੀ ਸੀ। ਉਹ ਸੱਚਾ ਯੋਗੀ ਸੀ। ਜਿਹੜਾ ਆਪਣੇ ਕਰਮ ਪ੍ਰਤੀ ਸੁਚੇਤ ਸੀ ਅਤੇ ਫਿਰ ਵੀ ਫਲ ਦੀ ਆਸ ਤੋਂ ਬਿਲਕੁਲ ਨਿਰਲੇਪ ਸੀ।

ਭਗਤ ਜੀ ਦਾ ਦੇਹਾਂਤ ਕੁਝ ਸਾਲਾਂ ਮਗਰੋਂ ਹੋਇਆ।

*********

# ਜੀ 'ਬਾ

ਜੀਵੀ ਕੋਈ ਬਾਲੜੀ ਨਹੀਂ ਸੀ। ਉਹ ਜਾਣਦੀ ਸੀ ਕਿ ਜਿਥੇ ਉਹ ਕੰਮ ਕਰਦੀ ਸੀ ਉਸ ਦੇ ਨਾਲ ਦੇ ਖੇਤ ਵਿੱਚ ਮਾਥੁਰ ਕੰਮ ਕਰਦਾ ਸੀ। ਭਾਵੇਂ ਖੇਤ ਕੋਲੋ ਕੋਲ ਸਨ ਪਰ ਉਹ ਦੋ ਵੱਖ ਵੱਖ ਪਿੰਡਾਂ ਦੀ ਜੂਹ ਵਿੱਚ ਸਨ। ਹਰ ਸਵੇਰ ਜਦੋਂ ਮਾਥੁਰ ਦੂਜੇ ਪਾਸਿਓਂ ਕੰਮ ਵੱਲ ਆਉਂਦਾ ਤਾਂ ਉਸ ਦੇ ਸਿਰ ਤੇ ਬੱਧੇ ਕੱਪੜੇ ਦੇ ਰੰਗ ਤੋਂ ਜੀਵੀ ਉਸ ਨੂੰ ਪਛਾਣ ਲੈਂਦੀ। ਉਹ ਸੋਚਦੀ, ਕੀ ਮਾਥੁਰ ਵੀ ਉਸ ਨੂੰ ਇੰਨੀਂ ਦੂਰ ਤੋਂ ਪਛਾਣ ਸਕਦਾ ਸੀ। ਉਸ ਦਾ ਗੋਰਾ ਰੰਗ, ਲੰਮਾ ਤੇ ਲਚਕੀਲਾ ਸਰੀਰ ਉਸ ਨੂੰ ਹੋਰਾਂ ਤੋਂ ਵਖਰਿਆਉਂਦਾ ਸੀ। ਉਸ ਨੂੰ ਵੇਖ ਕੇ ਮਾਤਾ ਮਾਹੀ, ਮਾਹੀ ਨਦੀ ਦੇ ਜੋਬਨ ਮੱਤੇ ਵਹਾਅ ਅਤੇ ਭਰਪੂਰਤਾ ਦੀ ਯਾਦ ਆ ਜਾਂਦੀ ਸੀ। ਉਸ ਦਾ ਪਿਤਾ ਵਟਾਦਰਾ ਵਿੱਚ ਰਹਿੰਦਾ ਸੀ ਜੋ ਨਦੀ ਦੇ ਕੰਢੇ ਤੋਂ ਛੇ ਕੁ ਮੀਲ ਦੂਰ ਸੀ ਅਤੇ ਇਸ ਕਰਕੇ ਬਚਪਨ ਤੋਂ ਹੀ ਉਹ ਆਪਣੇ ਆਪ ਨੂੰ ਕੰਢੇ ਨਾਲ, ਦਰਿਆ ਦੇ ਨਾਲ ਲਗਦੇ ਖੇਤਰ ਨਾਲ ਸਬੰਧਤ ਸਮਝਦੀ ਸੀ। ਉਸ ਦੇ ਮਾਤਾ ਪਿਤਾ ਪਤਨਵਾਦੀ ਸਨ। ਪਤਨਵਾਦੀਆਂ ਨੂੰ ਠਾਕੁਰਦਾ ਵਿੱਚੋਂ ਸਭ ਤੋਂ ਸਖ਼ਤ ਜਾਨ ਸਮਝਿਆ ਜਾਂਦਾ ਸੀ। ਉਹ ਅਸਲ ਵਿੱਚ ਪਰਦੇ ਸੀ ਸਨ ਕਿਉਂਕਿ ਕੰਢੀ ਖੇਤਰ ਦੇ ਬੜਈ ਲੋਕ ਉਨ੍ਹਾਂ ਨੂੰ ਘਟੀਆ ਜਾਤ ਦੇ ਸਮਝਦੇ ਸਨ। ਇਸ ਤਰ੍ਹਾਂ ਜੀਵੀ ਨੂੰ ਨੀਂਵੀਂ ਜਾਤ ਵਿੱਚ ਪੈਦਾ ਹੋਈ ਸਮਝਿਆ ਜਾ ਸਕਦਾ ਸੀ।

ਉਹ ਤਿੰਨ ਸਾਲ ਦੀ ਉਮਰ ਵਿੱਚ ਮਾਥੁਰ ਨਾਲ ਵਿਆਹੀ ਗਈ ਸੀ ਪਰ 17 ਸਾਲ ਦੀ ਉਮਰ ਤੱਕ ਵੀ ਉਹ ਆਪਣੇ ਮਾਂ ਪਿਉ ਕੋਲ ਰਹਿੰਦੀ ਸੀ। ਵਟਾਦਰਾ ਤੋਂ ਉਹ ਮਾਥੁਰ ਦੇ ਪਿੰਡ ਬਨੇਜੜਾ ਦੇ ਘਰਾਂ ਦੇ ਬਨੇਰਿਆਂ ਦੀ ਆਕਾਸ਼ ਰੇਖਾ ਵੇਖ ਸਕਦੀ ਸੀ। ਦੋਹਾਂ ਪਿੰਡਾਂ ਦੀ ਜੂਹ ਨਾਲੋ ਨਾਲ ਉਨ੍ਹਾਂ ਦੇ ਖੇਤਾਂ ਵੱਲ ਜਾਂਦੀ ਸੀ। ਹਰ ਰੋਜ਼ ਜੀਵੀ

ਖੇਤ ਵਿੱਚ ਮਜ਼ਦੂਰੀ ਕਰਨ ਲਈ ਜਾਂਦੀ। ਜਿਵੇਂ ਨਾਲ ਦੇ ਪਿੰਡੋਂ ਮਾਥੁਰ ਆਉਂਦਾ। ਪਤਾ ਨਹੀਂ ਕੀ ਗੱਲ ਸੀ, ਉਹ ਆਪਣੇ ਪਤੀ ਕੋਲ ਜਾ ਕੇ ਰਹਿਣ ਤੋਂ ਸਦਾ ਨਾਂਹ ਕਰ ਦੇਂਦੀ ਸੀ।

ਇਕ ਦਿਨ ਉਹ ਖੇਤ ਵਿੱਚ ਕੰਮ ਕਰ ਰਹੀ ਸੀ ਕਿ ਇਕ ਆਵਾਜ਼ ਨੇ ਉਸ ਨੂੰ ਚੌਂਕਾ ਦਿੱਤਾ, "ਜੀਵੀ !" ਉਹ ਆਵਾਜ਼ ਪਛਾਣਦੀ ਸੀ ਅਤੇ ਬੋਲਣ ਵਾਲੇ ਨੂੰ ਉਸ ਨੇ "ਆ ਭਈ ! ਲੱਖਾ ਪਟੇਲ" ਕਹਿ ਕੇ ਉਸ ਦਾ ਸੁਆਗਤ ਕੀਤਾ। ਉਸ ਨੇ ਉਸ ਨੂੰ ਬੁਲਾ ਤਾਂ ਲਿਆ ਪਰ ਵਿੱਚੋਂ ਉਹ ਘਬਰਾ ਰਹੀ ਸੀ ਅਤੇ ਉਸ ਦੀਆਂ ਅੱਖਾਂ ਇੱਧਰ ਉੱਧਰ ਬੇਚੈਨੀ ਨਾਲ ਘੁੰਮ ਰਹੀਆਂ ਸਨ। ਇਹ ਵੇਖਕੇ ਕਿ ਕਿਸੇ ਨੇ ਉਨ੍ਹਾਂ ਨੂੰ ਦੇਖਿਆ ਤਾਂ ਨਹੀਂ, ਉਸ ਨੂੰ ਕੁਝ ਤਸੱਲੀ ਹੋਈ।

ਬਨੇਜੜਾ ਦੇ ਲਕਸ਼ਮੀ ਦਾਸ ਨਾਂ ਦੇ ਪੱਤੀਦਾਰ ਨੌਜਵਾਨ ਜਿਸ ਨੂੰ ਲੱਖਾ ਪਟੇਲ ਕਹਿੰਦੇ ਸਨ, ਨੇ ਬੜੇ ਪਿਆਰ ਨਾਲ ਉਸ ਨੂੰ ਪੁੱਛਿਆ, "ਜੀਵੀ ! ਤੂੰ ਮਾਥੁਰ ਕੋਲ ਜਾ ਕੇ ਕਿਉਂ ਨਹੀਂ ਰਹਿੰਦੀ ?"

ਉਹ ਪਹਿਲਾਂ ਤਾਂ ਡੌਰ ਭੌਰ ਹੋ ਗਈ। ਲੱਖਾ ਪਟੇਲ ਵੀ ਪਹਿਲੇ ਪਹਿਲੇ ਕੁਝ ਸੰਗ ਮਹਿਸੂਸ ਕਰਨ ਲੱਗਾ। ਪਰ ਇਕ ਵਾਰੀ ਗੱਲ ਮੂੰਹੋਂ ਕੱਢ ਕੇ ਉਸ ਨੇ ਹੋਰ ਹੌਸਲਾ ਕੀਤਾ ਅਤੇ ਕਿਹਾ, "ਉਸ ਨੇ ਹੀ ਮੈਨੂੰ ਤੇਰੇ ਕੋਲ ਇਹ ਪਤਾ ਕਰਨ ਲਈ ਭੇਜਿਆ ਹੈ ।"

"ਕੀ ਤੇਰੇ ਦੋਸਤ ਨੇ ਉਚੇਚੇ ਤੌਰ ਤੇ ਮੇਰੇ ਕੋਲੋਂ ਪੁੱਛਣ ਲਈ ਤੈਨੂੰ ਭੇਜਿਆ ਹੈ?" ਉਸ ਦੀਆਂ ਗੱਲ੍ਹਾਂ ਸ਼ਰਮ ਨਾਲ ਕੰਨਾਂ ਤੱਕ ਲਾਲ ਹੋ ਗਈਆਂ ਸਨ।

ਲੱਖੇ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਬਨੇਜੜਾ ਵੱਲ ਇਸ਼ਾਰਾ ਕੀਤਾ। ਨਾਲ ਦੇ ਖੇਤ ਵਿੱਚ ਮਾਥੁਰ ਨੂੰ ਉਹ ਝੁਕ ਕੇ ਘਾਹ ਕੱਟਦਾ ਵੇਖ ਸਕਦੇ ਸਨ। ਸ਼ਾਇਦ ਜਾਣ ਬੁੱਝ ਕੇ ਉਸ ਨੇ ਉਨ੍ਹਾਂ ਦੀ ਗੱਲਬਾਤ ਦੇ ਦੌਰਾਨ ਉਨ੍ਹਾਂ ਵੱਲ ਨਾ ਵੇਖਿਆ।

ਜੀਵੀ ਬੋਲੀ ਜਿਵੇਂ ਉਹ ਕਹਿਣਾ ਚਾਹੁੰਦੀ ਹੋਵੇ ਤੇ ਬੋਲ ਕੁਝ ਹੋਰ ਰਹੀ ਹੋਵੇ, “ਮੈਂ ਉੱਥੇ ਨਹੀਂ ਜਾਣਾ ਚਾਹੁੰਦੀ ।” ਇਸ ਦਿਲ ਚੀਰਵੀਂ ਗੱਲਬਾਤ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਬੇਮਤਲਬ ਹੀ ਆਪਣੀ ਇਕ ਸਡੌਲ, ਲੱਤ ਕੋਲ ਪਈ ਘਾਹ ਦੀ ਗੱਠ ਉੱਤੇ ਰੱਖ ਦਿੱਤੀ।

“ਪਰ ਇਸਦਾ ਕਾਰਨ ਕੀ ਹੈ? ਕੀ ਤੇਰੇ ਮਾਪੇ ਤੇਰੇ ਜਾਣ ਤੇ ਖਿਲਾਫ਼ ਹਨ ?”

“ਨਹੀਂ, ਉਨ੍ਹਾਂ ਨੂੰ ਕੀ ਇਤਰਾਜ਼ ਹੈ? ਲੱਖਾ ਪਟੇਲ ! ਉਹ ਤਾਂ ਸਗੋਂ ਮੈਨੂੰ ਭੇਜਣ ਲਈ ਪੂਰਾ ਜ਼ੋਰ ਲਾ ਰਹੇ ਹਨ ।”

" ਤਾਂ ਫਿਰ ਤੂੰ ਆਪਣੀ ਮਰਜ਼ੀ ਨਾਲ ਓਥੇ ਨਹੀਂ ਜਾਣਾ ਚਾਹੁੰਦੀ? ਕੀ ਤੂੰ ਉਸ ਦੇ ਮਾਪਿਆਂ ਨੂੰ ਨਫ਼ਰਤ ਕਰਦੀ ਹੈਂ ?"

"ਨਹੀਂ! ਇਹ ਗੱਲ ਵੀ ਨਹੀਂ। “ਜੀਵੀ ਨੇ ਆਪਣੀ ਸਾੜ੍ਹੀ ਨੂੰ ਹਵਾ ਨਾਲ ਉਡਣ ਤੋਂ ਰੋਕਣ ਲਈ ਉਸ ਦੀ ਇਕ ਕੰਨੀਂ ਦੰਦਾਂ ਵਿੱਚ ਫੜ ਲਈ ।”

“ਕੀ ਤੂੰ ਮੇਰੇ ਦੋਸਤ, ਮਾਥੁਰ ਨੂੰ ਪਸੰਦ ਨਹੀਂ ਕਰਦੀ?” ਲੱਖਾ ਪਟੇਲ ਨੇ ਪੁੱਛਿਆ।

"ਇਹ ਗੱਲ ਨਹੀਂ..............."

“ਤਦ ਰੱਬ ਦੀ ਸਹੁੰ, ਦੱਸ ਤਾਂ ਸਹੀ ਤੇਰੇ ਨਾ ਜਾਣ ਦਾ ਕੀ ਕਾਰਨ ਹੈ?” ਆਖਰ ਉਸ ਨੇ ਹੌਸਲਾ ਕਰਕੇ ਦਿਲ ਦੀ ਗੱਲ ਕਹਿਣੀ ਸ਼ੁਰੂ ਕਰ ਦਿੱਤੀ, " ਤੂੰ ਆਪਣੇ ਦੋਸਤ ਦਾ ਵਿਆਹ ਹੋਰ ਕਿਤੇ ਕਿਉਂ ਨਹੀਂ ਕਰਾ ਦਿੰਦਾ ?"

"ਉਸਦੇ ਮਾਪਿਆਂ ਨੇ ਬਥੇਰਾ ਟਿੱਲ ਲਾ ਲਿਆ ਪਰ ਉਹ ਅੜੀਅਲ ਟੱਟੂ ਵਾਂਗ ਜ਼ਿੱਦ ਕਰੀ ਬੈਠਾ ਹੈ, ਨਹੀਂ ਤਾਂ ਹੁਣ ਤੱਕ ਉਸ ਦੇ ਛੇ ਵਿਆਹ ਹੋ ਚੁੱਕੇ ਹੁੰਦੇ ।"

"ਉਹ ਕਿਉਂ ਅੜਿਆ ਬੈਠਾ ਹੈ?"

ਇਹ ਤਾਂ ਰੱਬ ਹੀ ਜਾਣਦਾ ਹੈ। ਉਹ ਤਾਂ ਇਹੀ ਰੱਟ ਲਾਉਂਦਾ ਹੈ ਕਿ ਤੇਰੇ ਬਿਨਾਂ ਉਹ ਹੋਰ ਕਿਸੇ ਨਾਲ ਨਹੀਂ ਰਹਿ ਸਕਦਾ।"

"ਕੀ ਉਹ ਸਾਰੀ ਉਮਰ ਇਸੇ ਤਰ੍ਹਾਂ ਇਕੱਲਾ ਰਹਿ ਸਕੇਗਾ ?"

" ਸ਼ਾਇਦ ਉਹ ਵੀ ਰਹਿ ਸਕੇ। ਪਰ ਤੂੰ ਆਪਣੇ ਮਾਪਿਆਂ ਨੂੰ ਕਹਿਕੇ ਆਪਣਾ ਉਸ ਨਾਲ ਵਿਆਹ ਤੁੜਵਾ ਕਿਉਂ ਨਹੀਂ ਲੈਂਦੀ ਅਤੇ ਹੋਰ ਥਾਂ ਕਿਉਂ ਨਹੀਂ ਬੈਠ ਜਾਂਦੀ ?"

ਜੀਵੀ ਦਾ ਮੂੰਹ ਸ਼ਰਮ ਨਾਲ ਗੂਹੜਾ ਲਾਲ ਹੋ ਗਿਆ ਉਹ ਕਹਿਣ ਲੱਗੀ "ਜਾ! ਜਾ ! ਮੈਂ ਨਹੀਂ ਹੋਰ ਕੋਈ ਵਿਆਹ ਵਿਉਹ ਕਰਾਉਣਾ। ਮੇਰੇ ਮਾਪੇ ਜਿੰਨਾ ਮਰਜ਼ੀ ਟਿੱਲ ਲਾ ਲੈਣ !" ਜੀਵੀ ! ਤੂੰ ਅਸਲੀ ਗੱਲ ਕਿਉਂ ਨਹੀਂ ਦਸਦੀ ?" ਅੜਚਣ ਕੀ ਹੈ ? ਤੂੰ ਜੋ ਕੁਝ ਕਹੇਂ ਉਹ ਕਰਨ ਨੂੰ ਤਿਆਰ ਹੈ; ਪਰ ਤੂੰ ਕੁਝ ਬੋਲੇਂ ਵੀ ਤਾਂ ?"

"ਮੈਂ ਕੀ ਬੋਲਾਂ! ਕੋਈ ਵੱਡੀ ਗੱਲ ਹੋਵੇ ਤਾਂ ਕਹਾਂ ?"

"ਫਿਰ ਵੀ ਕੀ ਮੁਸੀਬਤ ਹੈ ਕਿ ਤੂੰ ਦੱਸਦੀ ਹੀ ਨਹੀਂ?"

"ਉਹ ਚੋਰੀ ਕਰਦਾ

"ਚੋਰੀ ਕਰਦਾ ਹੈ? ਸਾਰੇ ਪਤਨਵਾਦੀ ਚੋਰੀ ਕਰਦੇ ਹਨ। ਇਸ ਵਿੱਚ ਬੁਰਾਈ ਵੀ ਕੀ ਹੈ ? ਜੇ ਉਹ ਚੋਰੀ ਨਾ ਕਰਨ ਤਾਂ ਖਾਣ ਕਿੱਥੋਂ ?"

ਇਹ ਬੜਾ ਜ਼ਰੂਰੀ ਸਵਾਲ ਸੀ। ਕੰਢੇ ਦੇ ਨਾਲ ਨਾਲ ਦੇ ਪਿੰਡਾਂ ਦੇ ਲੋਕ ਚੋਰੀ ਕਰਕੇ ਹੀ ਗੁਜ਼ਾਰਾ ਕਰਦੇ ਸਨ। ਠਾਕਰਦਾ ਜਿਨ੍ਹਾਂ ਪਿੰਡਾਂ ਵਿੱਚ ਰਹਿੰਦੇ ਸਨ ਉਹ ਉਨ੍ਹਾਂ ਦੇ ਜ਼ੁਰਮਾਂ ਕਰਕੇ ਬਦਨਾਮ ਸਨ। ਉਨ੍ਹਾਂ ਸਾਰਿਆਂ ਵਿੱਚ ਜ਼ੁਰਮਾਂ ਦੀ ਦੁਨੀਆਂ ਵਿੱਚ ਸਭ ਤੋਂ ਵੱਡਾ ਸਥਾਨ ਪਤਨਵਾਦੀਆਂ ਦਾ ਸੀ। ਕੋਈ ਵੀ ਮੁਸਾਫ਼ਰ ਉਨ੍ਹਾਂ ਦਾ

ਮਹਿਮਾਨ ਬਣ ਕੇ ਉਨ੍ਹਾਂ ਕੋਲ ਰਾਤ ਕੱਟਣ ਦਾ ਹੀਆ ਨਹੀਂ ਸੀ ਕਰ ਸਕਦਾ। ਪਤਨਵਾਦੀਆਂ ਨੂੰ ਆਪਣਾ ਧੰਦਾ ਕਰਨ ਵਿੱਚ ਕੋਈ ਨੈਤਿਕ ਹਿਚਕਚਾਹਟ ਨਹੀਂ ਸੀ ਤੇ ਨਾ ਹੀ ਉਹ ਰੱਬ ਤੋਂ ਡਰਦੇ ਸਨ। ਔਰਤਾਂ ਆਪਣੇ ਘਰ ਵਾਲਿਆਂ ਨੂੰ ਚੋਰੀ ਕਰਨ ਲਈ ਪ੍ਰੇਰਦੀਆਂ ਸਨ। ਮਰਦ ਚੁਰਾਉਂਦੇ ਸਨ ਅਤੇ ਔਰਤਾਂ ਚੋਰੀ ਦਾ ਮਾਲ ਲੁਕਾਉਂਦੀਆਂ ਸਨ। ਚੋਰੀ ਉਨ੍ਹਾਂ ਦਾ ਧੰਦਾ ਸੀ। ਇਸ ਨੂੰ ਭਾਵੇਂ ਕਲਾ ਕਹਿ ਲਵੋ।

ਜੀਵੀ ਨੇ ਲੱਖੇ ਦੇ ਸਵਾਲ ਉੱਤੇ ਕੁਝ ਚਿਰ ਵਿਚਾਰ ਕੀਤੀ ਅਤੇ ਫਿਰ ਆਪਣੀ 'ਗੱਲ ਸਾਫ਼ ਕੀਤੀ, "ਮੈਂ ਚੁੱਪ-ਚਾਪ ਕਿਵੇਂ ਵੇਖ ਸਕਾਂਗੀ ਜਦੋਂ ਪੁਲਿਸ ਉਸ ਨੂੰ ਘਰੋਂ ਬਾਹਰ ਧਰੂਹ ਕੇ ਕੱਢੇਗੀ, ਜਦੋਂ ਉਹ ਘਰ ਦੀ ਤਲਾਸ਼ੀ ਲਵੇਗੀ, ਜਦੋਂ ਉਹ ਉਸ ਨੂੰ ਹੱਥਕੜੀਆਂ ਲਾਵੇਗੀ ਅਤੇ ਜਦੋਂ ਉਹ ਉਸ ਦੀ ਖੰਭ ਠੱਪੇਗੀ ? ਮੈਂ ਇਹੋ ਜਿਹਾ ਦ੍ਰਿਸ਼ ਬਰਦਾਸ਼ਤ ਨਹੀਂ ਕਰ ਸਕਾਂਗੀ ਅਤੇ ਇਸੇ ਕਰਕੇ ਮੈਂ ਉਸ ਦੇ ਕੋਲ ਜਾ ਕੇ ਨਹੀਂ ਰਹਿ ਸਕਦੀ ।"

ਜੀਵੀ ਦੀ ਪਰਵਰਿਸ਼ ਬੱਚਿਆਂ ਵਾਂਗ ਹੋਈ ਸੀ। ਚੋਰੀ ਦੇ ਅੰਦਰ ਛੁਪੇ ਪਾਪ ਜਾਂ ਜੁਰਮ ਦਾ ਉਸ ਨੂੰ ਕੋਈ ਪਤਾ ਨਹੀਂ ਸੀ। ਆਪਣੀ ਸਾਦਗੀ ਵਿੱਚ ਉਹ ਚੰਗੇ ਤੇ ਬੁਰੇ ਕੰਮ ਦੀ ਤਮੀਜ਼ ਨਹੀਂ ਕਰ ਸਕਦੀ ਸੀ ਅਤੇ ਨਾ ਹੀ ਕਰਨਾ ਚਾਹੁੰਦੀ ਸੀ। ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਪਤਨਵਾਦੀਆਂ ਵਿੱਚ ਉਸੇ ਆਦਮੀ ਦਾ ਰੋਅਬ ਹੁੰਦਾ ਸੀ ਜਿਹੜਾ ਹੁਸ਼ਿਆਰੀ ਨਾਲ ਚੋਰੀ ਕਰਦਾ ਸੀ, ਹੁਸ਼ਿਆਰ ਚੋਰ ਨੂੰ ਹੀਰੋ ਮੰਨਿਆ ਜਾਂਦਾ ਸੀ । ਮਾਥੁਰ ਨੂੰ ਚੋਰੀ ਕਰਨ ਤੋਂ ਰੋਕਣ ਦਾ ਕਾਰਨ ਉਸ ਦਾ ਇਹ ਡਰ ਸੀ ਕਿ ਉਹ ਕਿਸੇ ਦਿਨ ਫੜਿਆ ਜਾਵੇਗਾ, ਕਿ ਪੁਲਿਸ ਕਿਸੇ ਦਿਨ ਘਰ ਤੇ ਛਾਪਾ ਮਾਰਕੇ ਤਲਾਸ਼ੀ ਲਵੇਗੀ, ਕਿ ਪੁਲਿਸ ਉਸ ਨੂੰ ਹੱਥਕੜੀਆਂ ਤੇ ਬੇੜੀਆਂ ਵਿੱਚ ਜਕੜ ਲਵੇਗੀ, ਉਸ ਨੂੰ ਗਲੀਆਂ ਵਿੱਚ ਘਸੀਟਦੀ ਲੈ ਜਾਵੇਗੀ ਅਤੇ ਉਹ ਇਹ ਦ੍ਰਿਸ਼ ਬਰਦਾਸ਼ਤ ਨਹੀਂ ਕਰ ਸਕੇਗੀ।

ਅਗਲੇ ਦਿਨ ਲੱਖਾ ਪਟੇਲ ਫਿਰ ਉਸੇ ਖੇਤ ਵਿੱਚ ਉਸ ਨੂੰ ਮਿਲਣ ਆਇਆ ਅਤੇ ਉਸ ਨੂੰ ਦੱਸਿਆ ਕਿ ਮਾਥੁਰ ਨੂੰ ਉਸ ਦੀ ਸ਼ਰਤ ਮਨਜ਼ੂਰ ਹੈ, ਜੀਵੀ ! ਮਾਥੁਰ ਸਹੁੰ ਖਾਂਦਾ ਹੈ ਕਿ ਮੈਂ ਚੋਰੀ ਨਹੀਂ ਕਰਾਗਾਂ। ਕੀ ਤੂੰ ਹੁਣ ਮਨ ਬਦਲਣ ਲਈ ਤਿਆਰ ਹੈਂ?

"ਪਰ ਉਸ ਦਾ ਪਿਓ ਕੀ ਕਰੇਗਾ"?

"ਪਿਉ! ਕੀ ਕਰੇਗਾ ?"

"ਜੇ ਉਸ ਦੇ ਪਿਉ ਅਤੇ ਚਾਚੇ ਨੇ ਚੋਰੀ ਕਰਨੀ ਨਾ ਛੱਡੀ ਅਤੇ ਉਸ ਦੀ ਮਾਂ ਚੋਰੀ ਦਾ ਮਾਲ ਲੁਕਾਉਂਦੀ ਰਹੀ ਤਾਂ ਪੁਲਿਸ ਆਵੇਗੀ, ਘਰ ਦੀ ਤਲਾਸ਼ੀ..................................ਅਤੇ ਮੈਥੋਂ ਇਹ ਸਭ ਕੁਝ ਵੇਖਿਆ ਨਹੀਂ ਜਾਣਾ।"

"ਫਿਰ ਤੂੰ ਕੀ ਚਾਹੁੰਨੀ ਏਂ"?

"ਮਾਥੁਰ ਆਪਣੇ ਮਾਂ-ਪਿਓ ਤੋਂ ਅਲਗ ਹੋ ਜਾਵੇ ਅਤੇ ਮੇਰੇ ਨਾਲ ਰਹੇ ।"

"ਚਲ ਇਹ ਵੀ ਠੀਕ ਹੈ। ਏਦਾਂ ਹੀ ਕਰੂ ।"

"ਇੱਥੇ ਹੀ ਬਸ ਨਹੀਂ, ਉਹੋ ਪਤਨਵਾਦੀਆਂ ਦੀ ਅਗਵਾੜ ਛੱਡ ਦੇਵੇ ਅਤੇ ਕਿਸੇ ਹੋਰ ਥਾਂ ਘਰ ਢੂੰਢੇ ਜਿੱਥੇ ਚੰਗੇ ਲੋਕ ਰਹਿੰਦੇ ਹਨ ।"

"ਚੱਲ! ਇਹ ਵੀ ਉਹ ਕਰੂਗਾ। ਮੈਂ ਆਪਣੇ ਘਰ ਦੇ ਕੋਲ ਹੀ ਕੋਈ ਮਕਾਨ ਕਿਰਾਏ ਤੇ ਲੈ ਦਿਆਂਗਾ ।"

"ਜਦੋਂ ਇਹ ਸਾਰਾ ਕੁਝ ਹੋ ਜਾਵੇ ਮੈਨੂੰ ਦੱਸ ਦੇਈਂ। ਮੈਂ ਉਸੇ ਵੇਲੇ ਆ ਜਾਉਂ। ਇਕ ਗੱਲ ਦਾ ਖ਼ਿਆਲ ਰਹੇ ਕਿ ਮੈਂ ਸਿੱਧੇ ਨਵੇਂ ਘਰ ਵਿੱਚ ਹੀ ਪੈਰ ਰਖੂੰਗੀ। ਉਸ ਨੂੰ ਦੱਸ ਦੇਈਂ ਕਿ ਪਿਉ ਦੇ ਘਰੋਂ ਕੁਝ ਨਾ ਲੈ ਕੇ ਆਵੇ - ਮੈਂ ਸਾਰਾ ਇੰਤਜ਼ਾਮ ਆਪੇ ਕਰੂੰ ।"

ਆਪਣੀ ਜ਼ਬਾਨ ਦੀ ਪੱਕੀ ਜੀਵੀ, ਇਕ ਦਿਨ ਆਪਣੇ ਪਿਓ ਦੀ ਬੈਲਗੱਡੀ ਤੇ ਬੈਠ ਕੇ ਬਨੇਜੜਾ ਵਿੱਚ ਨਵੇਂ ਘਰ ਵਿੱਚ ਆਈ। ਨਵੇਂ ਘਰ ਵਿੱਚ ਪਹੁੰਚਦਿਆਂ ਹੀ ਉਸ ਨੇ ਗੱਡੀ ਦੇ ਪਿੱਛੇ ਬੰਨ੍ਹੇ ਰੱਸੇ ਨੂੰ ਖੋ ਲਿਆ ਅਤੇ ਉਸ ਨਾਲ ਬੱਧੀ ਮੱਝ ਨੂੰ ਪਿਛਵਾੜੇ ਲੈ ਆਈ। ਉਸ ਦੇ ਪਿਤਾ ਨੇ ਇਹ ਮੱਝ ਉਸ ਨੂੰ ਦਿੱਤੀ ਸੀ। ਘਰ ਦੇ ਇਕ ਕੋਣੇ ਵਿੱਚ ਅੱਠ ਮਣ ਦਾਣੇ ਵੀ; ਜੋ ਉਸ ਦੇ ਪਿਤਾ ਨੇ ਦਿੱਤੇ ਸਨ, ਉਸ ਨੇ ਢੇਰ ਕਰ ਦਿੱਤੇ। ਉਸ ਨੇ ਉਹ ਅਨਾਜ ਸਾਰਾ ਇਕਦਮ ਨਾ ਵਰਤਿਆ ।

ਨਵੇਂ ਘਰ ਵਿੱਚ ਪਹਿਲੀ ਪ੍ਰਭਾਤ ਨੂੰ ਅਤੇ ਇਸ ਤੋਂ ਮਗਰੋਂ ਮਾਥੁਰ ਦੇ ਜੀਵਨ ਦੀ ਹਰ ਪ੍ਰਭਾਤ ਨੂੰ ਜੀਵੀ ਦੀ ਆਵਾਜ਼ ਉਸ ਨੂੰ ਸੁਣਾਈ ਦੇਂਦੀ, ਆਓ। ਬਿਸਤਰੇ ਵਿੱਚੋਂ ਨਿਕਲੋ ! ਕੰਮ ਦਾ ਵਕਤ ਹੋ ਗਿਆ ਹੈ ।"

ਛੇਤੀ ਹੀ ਮਗਰੋਂ ਉਹ ਤੜਕੇ ਸਵੇਰੇ ਤਾਜ਼ੀਆਂ ਪਕਾਈਆਂ ਰੋਟੀਆਂ ਬੰਨ੍ਹ ਲੈਂਦੀ ਅਤੇ ਉਹ ਦੋਵੇਂ ਖੇਤਾਂ ਨੂੰ ਤੁਰ ਪੈਂਦੇ। ਖੇਤਾਂ ਵਿੱਚ ਉਹ ਦੁਪਹਿਰ ਤੱਕ ਹੱਡ ਭੰਨਵੀਂ ਕਾਰ ਕਰਦੇ। ਦੁਪਹਿਰੇ ਉਹ ਕਿਸੇ ਠੰਢੀ, ਛਾਂ ਵਾਲੀ ਥਾਂ ਤੇ ਬਹਿ ਜਾਂਦੇ ਅਤੇ ਰੋਟੀ ਖਾ ਲੈਂਦੇ। ਫਿਰ ਉਹ ਸ਼ਾਮ ਤੱਕ ਖੇਤ ਵਿੱਚ ਕੰਮ ਕਰਦੇ ਅਤੇ ਤਰਕਾਲਾਂ ਵੇਲੇ ਘਰ ਵਾਪਸ ਆਉਂਦੇ। ਉਹ ਇਕ ਮਿੰਟ ਵੀ ਉਸ ਨੂੰ ਇਕੱਲਿਆਂ ਨਾ ਛੱਡਦੀ। ਘਰ ਆਕੇ ਉਹ ਪਾਣੀ ਗਰਮ ਕਰਦੀ, ਮਾਥੁਰ ਦੇ ਥੱਕੇ ਪੈਰ ਗਰਮ ਪਾਣੀ ਨਾਲ ਧੋਂਦੀ ਉਨ੍ਹਾਂ ਦੀ ਮਾਲਸ਼ ਕਰਦੀ। ਰੋਟੀ ਪਕਾ ਕੇ ਉਸ ਨੂੰ ਖੁਆ ਕੇ ਉਹ ਬਿਸਤਰੇ ਵਿਛਾਉਂਦੀ ਅਤੇ ਉਸ ਨੂੰ ਸੌਂ ਜਾਣ ਲਈ ਕਹਿੰਦੀ। ਜੇ ਸਮਾਂ ਹੁੰਦਾ ਜਦੋਂ ਉਹ ਅਗਲੇ ਦਿਨ ਲਈ ਕੰਮ ਦੀ ਤਲਾਸ਼ ਵਿੱਚ ਪਿੰਡ ਵਿੱਚ ਜਾਂਦੀ। ਕਿਉਂਕਿ ਉਹ ਉਹੀ ਕੰਮ ਲਿਆ ਕਰਦੇ ਜਿਸ ਨੂੰ ਉਹ ਦੋਵੇਂ ਇਕੱਠੇ ਕਰ ਸਕਣ। ਮੱਝਾਂ ਦੇ ਦੁੱਧ ਨਾਲ ਬਣਾਏ ਘਿਓ ਤੋਂ ਉਸ ਨੂੰ ਕੁਝ ਹੋਰ ਆਮਦਨ ਹੋ ਜਾਂਦੀ। ਗੱਲ ਕੀ ਕਿ ਉਹ ਇਕ ਮਿੰਟ ਲਈ ਵੀ ਮਾਥੁਰ ਨੂੰ ਇਕੱਲਿਆਂ ਨਾ ਛੱਡਦੀ। ਇਸ ਗੱਲ ਦੇ ਡਰ ਤੋਂ ਮਤਾਂ ਉਸ ਦਾ ਮਨ ਭਟਕ ਜਾਵੇ ਅਤੇ ਚੋਰੀ ਕਰਨ ਤੇ ਆ ਜਾਵੇ; ਜਿਸ ਨਾਲ ਉਹ ਫੜਿਆ ਜਾਵੇ। ਪੁਲਿਸ ਉਸ ਨੂੰ ਗਲੀਆਂ ਵਿੱਚ ਘਸੀਟੇ ਅਤੇ ਉਹ ਦ੍ਰਿਸ਼ ਬਰਦਾਸ਼ਤ ਨਾ ਕਰ ਸਕੇ।

ਖੇਤਾਂ ਵਿੱਚ ਕੰਮ ਦੇ ਦਿਨ ਮੁੱਕ ਗਏ। ਉਸ ਨੇ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ਉਹ ਪੇਕਿਆਂ ਜਾਂ ਸਹੁਰਿਆਂ-ਕਿਸੇ ਕੋਲੋਂ ਵੀ ਕੋਈ ਮਦਦ ਨਹੀਂ ਲਵੇਗੀ। ਇਕ ਤੀਲਾ ਵੀ ਨਹੀਂ। ਉਸ ਨੂੰ ਇਸ ਗੱਲ ਦਾ ਪੱਕਾ ਵਹਿਮ ਹੋ ਗਿਆ ਸੀ ਕਿ ਜੇ ਮਾਪਿਆਂ ਦਾ ਦਿੱਤਾ ਇਕ ਦਾਣਾ ਵੀ ਮਾਥੁਰ ਨੇ ਖਾ ਲਿਆ ਤਾਂ ਉਸ ਦਾ ਮਨ ਭ੍ਰਿਸ਼ਟ ਹੋ ਜਾਵੇਗਾ ਅਤੇ ਉਹ ਫੜਿਆ ਜਾਵੇਗਾ ਆਦਿ।

ਜੂਨ ਵਿੱਚ ਜੀਵੀ ਨੇ ਆਪਣੀ ਬੱਚਤ ਗਿਣੀ ਅਤੇ ਹਿਸਾਬ ਲਾਇਆ ਕਿ ਉਹ ਇੱਕ ਬੈਲ ਖਰੀਦਣ ਲਈ ਕਾਫ਼ੀ ਸੀ। ਇਕ ਬੈਲ ਖਰੀਦਣ ਦਾ ਕੀ ਲਾਭ ਹੋ ਸਕਦਾ ਸੀ? ਹਰ ਕੰਮ ਲਈ ਬੈਲਾਂ ਦੀ ਜੋੜੀ ਦੀ ਲੋੜ ਹੁੰਦੀ ਹੈ। ਪਰ ਉਸ ਨੇ ਸੋਚਿਆ, ਕੋਈ ਗੱਲ ਨਹੀਂ; ਉਹ ਇਕ ਨਾਲ ਹੀ ਕੰਮ ਚਲਾ ਲਵੇਗੀ। ਉਸ ਰਾਤ ਉਸ ਨੇ ਮਾਥੁਰ ਦੇ ਕੰਨ ਵਿੱਚ ਹੌਲੀ ਜਿਹੀ ਕਿਹਾ, "ਮੈਂ ਇਕ ਕਿਸਾਨ ਨਾਲ ਸੌਦਾ ਕੀਤਾ ਹੈ। ਉਹ ਇਕ ਬੈਲ ਦੇਵੇਗਾ ਅਤੇ ਇਕ ਅਸੀਂ ਆਪ ਪਾਵਾਂਗੇ। ਉਹ ਹਲ ਤੇ ਹੋਰ ਸੰਦ ਵੀ ਦੇਵੇਗਾ: ਸਾਡਾ ਹਿੱਸਾ ਤੁਸੀਂ ਆਪ ਹੋਵੋਗੇ ? ਇਸ ਲਈ ਆਪਾਂ ਕੱਲ੍ਹ ਤੋਂ ਹਲ ਜੋਤਣਾ ਸ਼ੁਰੂ ਕਰਾਂਗੇ; ਤੇਰਾ ਕੀ ਖਿਆਲ ਮਾਥੁਰ ਕੋਲ ਕਹਿਣ ਨੂੰ ਬਹੁਤਾ 'ਨਹੀਂ ਸੀ ਅਤੇ ਨਾ ਹੀ ਉਹ ਬਹੁਤਾ ਕਹਿਣਾ ਜ਼ਰੂਰੀ ਸਮਝਦਾ ਸੀ। ਮੰਜੀ ਤੇ ਲੰਮਾਂ ਪਿਆ ਜੀਵੀ ਦੇ ਹੱਥਾਂ ਦਾ ਭਰਿਆ ਹੁੱਕਾ ਗੁੜਗੁੜਾਉਂਦਾ ਉਹ ਜੀਵੀ ਦੀਆਂ ਗੱਲਾਂ ਸੁਣ ਰਿਹਾ ਸੀ। ਉਹ ਦੋਵੇਂ ਰਲ ਕੇ ਹਲ ਵਾਹੁੰਦੇ, ਬੀਜ ਪਾਉਂਦੇ, ਪਾਣੀ ਲਾਉਂਦੇ ਅਤੇ ਵਾਢੀ ਕਰਦੇ। ਉਹ ਆਪਦੇ ਹਿੱਸੇ ਦੀ ਪੈਦਾਵਾਰ ਨਾਲ ਸੰਤੁਸ਼ਟ ਸਨ। ਆਮਦਨ ਵਿੱਚੋਂ ਜੀਵੀ ਨੇ ਇਕ ਹੋਰ ਬੈਲ ਤੇ ਗੱਡੀ ਵੀ ਲੈ ਲਏ।

ਇਕ ਵਾਰੀ ਫਿਰ ਖੇਤਾਂ ਵਿੱਚ ਕੰਮ ਖ਼ਤਮ ਹੋ ਗਿਆ। ਮਾਥੁਰ, ਉਸ ਦੇ ਬੈਲ ਅਤੇ ਗੱਡੀ ਸਭ ਵਿਹਲੇ ਸਨ। ਇਹ ਵਿਹਲ ਜੀਵੀ ਦੇ ਮਨ ਨੂੰ ਕਚੋਟ ਰਿਹਾ ਸੀ। ਉਸ ਨੇ ਇੱਧਰ ਉੱਧਰ ਧਿਆਨ ਮਾਰਿਆ ਅਤੇ ਉਸ ਨੂੰ ਉਹ ਕੰਮ ਮਿਲ ਗਿਆ ਜਿਹੜਾ ਮਾਥੁਰ ਨੂੰ ਖੇਤਾਂ ਤੋਂ ਵਿਹਲੇ ਦਿਨਾਂ ਵਿੱਚ ਰੁਝੇਵਾਂ ਦੇ ਸਕਦਾ ਸੀ। ਪੇਟਲਾਡ ਕਸਬਾ ਬਨੇਜੜਾ ਤੋਂ 15 ਮੀਲ ਦੇ ਫ਼ਾਸਲੇ ਤੇ ਸੀ ਅਤੇ ਉਹ ਥੋਕ ਦੀ ਮੰਡੀ ਸੀ ਜਿੱਥੋਂ ਪਿੰਡ ਦੇ

ਹਟਵਾਣੀਏ ਮਾਲ ਲਿਆਉਂਦੇ ਸਨ। ਹਟਵਾਣੀਏ ਨੂੰ ਪੇਟਲਾਡ ਤੋਂ ਮਾਲ ਲਿਆਉਣ ਲਈ ਗੱਡੀ ਦੀ ਲੋੜ ਹੁੰਦੀ ਸੀ। ਉਸ ਨੇ ਸੋਚਿਆ ਕਿ ਗੱਡੀ ਭਾੜੇ ਤੇ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਉਸ ਨੇ ਮਾਥੁਰ ਨੂੰ ਇਕੱਲਿਆਂ ਛੱਡਣ ਦੇ ਖਤਰੇ ਬਾਰੇ ਸੋਚਿਆ। ਪਰ ਉਦੋਂ ਤੱਕ ਮਾਥੁਰ ਨੇ ਚੁੱਪ-ਚਾਪ ਅਤੇ ਬੜੇ ਖਿੜੇ ਮੱਥੇ ਜੀਵੀ ਵੱਲੋਂ ਚਿਤਵਿਆ ਉਸ ਦਾ ਜੀਵਨ ਪੂਰੀ ਤਰ੍ਹਾਂ ਪਰਵਾਨ ਕਰ ਲਿਆ ਸੀ। ਜੀਵੀ ਨੇ ਆਪਣੇ ਅੰਦਰ ਸੋਚਿਆ, "ਮੈਨੂੰ ਜ਼ਰਾ ਇਮਤਿਹਾਨ ਲੈਣਾ ਚਾਹੀਦਾ ਹੈ, ਮੈਂ ਉਸ ਨੂੰ ਕਿੰਨੀਂ ਦੇਰ ਆਪਣੀ ਪਕੜ ਵਿੱਚ ਰੱਖ ਸਕਦੀ ਹਾਂ ? ਮੈਂ ਇਕ ਔਰਤ ਹਾਂ, ਮੈਨੂੰ ਆਪਣੇ ਮਰਦ ਉੱਤੇ ਇਸ ਤਰ੍ਹਾਂ ਹਕੂਮਤ ਕਰਨ ਵਿੱਚ ਕੋਈ ਮਜ਼ਾ ਤਾਂ ਨਹੀਂ ਆਉਂਦਾ। ਕਿਉਂ ਠੀਕ ਹੈ ਨਾ? ਉਸ ਰਾਤ ਉਸ ਨੇ ਇਕ ਵਪਾਰੀ ਨੂੰ ਗੱਡੀ ਭਾੜੇ ਤੇ ਦੇਣ ਦਾ ਸੌਦਾ ਕਰ ਲਿਆ ਅਤੇ ਅਗਲੇ ਦਿਨ ਮਾਥੁਰ ਨੂੰ ਇਸ ਬਾਰੇ ਦੱਸਿਆ ।" ਆਪਣੇ ਅੰਦਰ ਮਾਥੁਰ ਉਸ ਦੀ ਫੈਸਲਾ ਕਰਨ ਦੀ ਸਮਰੱਥਾ ਤੇ ਬੜਾ ਖੁਸ਼ ਹੋਇਆ ਅਤੇ ਉਸ ਦੀ ਯੋਜਨਾ ਨੂੰ ਪ੍ਰਵਾਨ ਕਰ ਲਿਆ।

"ਬਾਹਰੋਂ ਗੰਦ ਮੰਦ ਨਾ ਖਾਂਦਾ ਫਿਰੀਂ, ਜੀਵੀ ਨੇ ਉਸ ਨੂੰ ਸਮਝਾਇਆ ਅਤੇ ਬੜੀ ਦੇਰ ਰਾਤ ਤੱਕ ਉਸ ਲਈ ਰੋਟੀ ਪਕਾਉਂਦੀ ਰਹੀ ਤਾਂ ਜੋ ਜਾਂਦਾ ਹੋਇਆ ਉਹ ਆਪਣੇ ਨਾਲ ਲਿਜਾ ਸਕੇ। ਸਵੇਰੇ, ਪਹੁ ਫੁੱਟਣ ਤੋਂ ਪਹਿਲਾਂ ਹੀ ਉਸ ਨੇ ਉਸ ਨੂੰ ਜਗਾਇਆ, ਚੰਗੀ ਤਰ੍ਹਾਂ ਖੁਆਇਆ, ਪਿਲਾਇਆ ਅਤੇ ਦਿਨ ਦੇ ਖਾਣੇ ਲਈ ਉਸ ਨੂੰ ਰੋਟੀ ਹੱਥ ਫੜਾਈ ।"

"ਆਹ ਲੈ ਆਪਣੀ ਚਿਲਮ ਤੇ ਤਮਾਕੂ! ਸ਼ਹਿਰੋਂ ਨਾ ਤਮਾਕੂ ਖਰੀਦੀਂ ।" ਉਸ ਨੇ ਉਸ ਨੂੰ ਕਿਹਾ।

ਉਸ ਨੇ ਬੈਲਾਂ ਨੂੰ ਗੱਡੀ ਅੱਗੇ ਜੋਤਿਆ ਅਤੇ ਮਾਥੁਰ ਦੇ ਨਾਲ ਪਿੰਡ ਤੋਂ ਬਾਹਰ ਵਾਰ ਤੱਕ ਗਈ। ਉਸ ਨੇ ਉਸ ਨੂੰ ਵਿਦਾਇਗੀ ਕਹਿਣ ਲਈ ਇਕ ਮਿੰਟ ਗੱਡੀ

ਰੋਕੀ, "ਆਪਣਾ ' ਧਿਆਨ ਰਖੀਂ ਅਤੇ ਛੇਤੀ ਵਾਪਸ ਆਵੀਂ ।" ਉਸ ਨੇ ਬੜੇ ਪਿਆਰ ਨਾਲ ਕਿਹਾ।

ਸ਼ਾਮ ਨੂੰ ਉਹ ਪਿੰਡ ਤੋਂ ਬਾਹਰ ਉਸ ਦੀ ਉਡੀਕ ਵਿੱਚ ਜਾ ਖੜੋਤੀ। ਜਦੋਂ ਗੱਡੀ ਉਸ ਦੀ ਨਜ਼ਰੀਂ ਪਈ ਅਤੇ ਉਸ ਨੇ ਮਾਥੁਰ ਨੂੰ ਠੀਕ ਠਾਕ ਵੇਖਿਆ ਤਾਂ ਉਸ ਨੇ ਸੁਖ ਦਾ ਸਾਹ ਲਿਆ।

ਜੋ ਉਸ ਨੇ ਬੈਲਾਂ ਦੀ ਲਗਾਮ ਫੜ ਲਈ ਅਤੇ ਮਾਥੁਰ ਨੂੰ ਕਹਿਣ ਲੱਗੀ, "ਜਾ, ਘਰ ਪਾਣੀ ਗਰਮ ਪਿਆ ਹੈ। ਨਹਾ, ਧੋਕੇ ਆਰਾਮ ਕਰ ਅਤੇ ਮੈਂ ਹੁਣੇ ਆਈ ਕਿ ਆਈ।"

ਉਹ ਗੱਡੀ ਨੂੰ ਹੱਕ ਕੇ ਹਟਵਾਣੀਏਂ ਦੇ ਗੁਦਾਮ ਤੱਕ ਲੈ ਗਈ; ਮਾਲ ਉਤਾਰਿਆ ਅਤੇ ਸਿੱਧੀ ਘਰ ਨੂੰ ਆ ਗਈ। ਘਰ ਪਹੁੰਚ ਕੇ, ਉਸ ਨੇ ਬੈਲਾਂ ਨੂੰ ਗੱਡੀ ਨਾਲੋਂ ਖੋਹਲਿਆ ਅਤੇ ਉਨ੍ਹਾਂ ਅੱਗੇ ਘਾਹ-ਪੱਠਾ ਪਾ ਦਿੱਤਾ। ਗਰਮ ਪਾਣੀ ਨਾਲ ਨਹਾ ਕੇ ਮਾਥੁਰ ਤਰੋ-ਤਾਜ਼ਾ ਹੋ ਗਿਆ ਸੀ ਅਤੇ ਉਸ ਦੀ ਭੁੱਖ ਚਮਕ ਉੱਠੀ ਸੀ । ਉਸ ਨੇ ਉਸ ਨੂੰ ਭੋਜਨ ਖੁਆਇਆ ਅਤੇ ਸੁਆ ਦਿੱਤਾ।

ਉਹ ਇਸ ਤਰ੍ਹਾਂ ਮਾਲ ਦੀ ਢੁਆਈ ਤੋਂ ਚੰਗੀ ਕਮਾਈ ਕਰਨ ਲੱਗੇ। ਹਟਵਾਣੀਆ ਜੀਵੀ ਦੀ ਗੱਡੀ ਲੈਣਾ ਪਸੰਦ ਕਰਦਾ ਸੀ। ਪਹਿਲੇ ਦਿਨ ਜੋ ਢੰਗ ਉਸ ਨੇ ਅਪਣਾਇਆ ਸੀ ਉਹੀ ਅਗਲੇ ਕਈ ਸਾਲ ਚਲਦਾ ਰਿਹਾ। ਮਾਥੁਰ ਨੂੰ ਰਾਤੀ ਜਲਦੀ ਸੁਆ ਦੇਣਾ; ਸਵੇਰੇ ਜਲਦੀ ਉਠਾਉਣਾ; ਸਵੇਰੇ ਚੰਗਾ ਭੋਜਨ ਖੁਆਉਣਾ; ਦਿਨ ਲਈ ਖਾਣਾ ਤੇ ਤਮਾਕੂ ਦੇਣਾ, ਉਸ ਨੂੰ ਪਿੰਡੋਂ ਬਾਹਰ ਤੱਕ ਛੱਡਣ ਜਾਣਾ, ਉਸ ਨੂੰ ਵਿਦਾਇਗੀ ਦੇਣੀ ਅਤੇ ਸ਼ਾਮ ਤੱਕ ਉਸ ਦੀ ਵਾਪਸੀ ਦੀ ਉਡੀਕ ਕਰਨਾ; ਮਾਲ ਉਤਾਰਨਾ, ਬੈਲਾਂ ਨੂੰ ਗੱਡੀ ਨਾਲੋਂ ਖੋਲ੍ਹਣਾ, ਬਲਦਾਂ ਨੂੰ ਘਾਹ-ਪੱਠਾ ਦੇਣਾ, ਮਾਥੁਰ ਨੂੰ ਗਰਮ-ਗਰਮ ਭੋਜਨ ਛਕਾਉਣਾ, ਉਸ ਨੂੰ ਡੂੰਘੀ ਤੇ ਆਰਾਮ ਦੀ ਨੀਂਦੇ ਸੁਆ ਦੇਣਾ; ਅਗਲੇ ਦਿਨ ਲਈ ਗੱਡੀ ਭਾੜੇ ਤੇ ਭੇਜਣ ਦਾ ਪ੍ਰਬੰਧ ਕਰਨਾ ਆਦਿ। ਬਹੁਤ ਸਾਰੇ ਪਤਨਵਾਦੀ ਮਰਦਾਂ ਨੇ ਜ਼ੁਰਮ

ਕਰਕੇ ਆਪਣੀਆਂ ਜ਼ਿੰਦਗੀਆਂ ਬਰਬਾਦ ਕਰ ਲਈਆਂ ਸਨ। ਬਹੁਤ ਸਾਰੇ ਆਪਣੀਆਂ ਕਰਤੂਤਾਂ ਦੀ ਅਣਮੁਕਵੀਂ ਸਜ਼ਾ ਭੁਗਤਦੇ ਜੇਲ੍ਹਾਂ ਵਿੱਚ ਸੜ ਰਹੇ ਸਨ। ਬਹੁਤ ਸਾਰੇ ਟੱਬਰ ਬਰਬਾਦ ਜਾਂ ਖੇਰੂੰ ਖੇਰੂੰ ਹੋ ਗਏ ਸਨ। ਪਤਨਵਾਦੀਆਂ ਦੇ ਬਹੁਤੇ ਘਰਾਂ ਵਿੱਚ ਹੰਝੂਆਂ ਦੇ ਹੜ੍ਹ ਆਏ ਰਹਿੰਦੇ ਜਾਂ ਗਮਾਂ ਵਿੱਚ ਡੁੱਬੇ ਰਹਿੰਦੇ। ਇਹੋ ਜਿਹੇ ਮਾਹੌਲ ਦਾ ਮੁਕਾਬਲਾ ਕਰਦੇ ਹੋਏ ਜੀਵੀ ਤੇ ਮਾਥੁਰ ਨੇ ਆਪਣਾ ਲਾਣਾ ਅੱਠ ਮੱਝਾਂ, ਅਤੇ ਤੀਹ ਵਿਘੇ ਜ਼ਰ-ਖੇਜ਼ੀ ਜ਼ਮੀਨ ਤੱਕ ਵਧਾ ਲਿਆ ਸੀ। ਉਸਦੇ ਘਰ ਕੋਲ ਪੀਲੀਆਂ ਪੱਗਾਂ ਵਾਲੇ ਸਿਪਾਹੀ ਕਦੇ ਨਹੀਂ ਸਨ ਵੇਖੇ ਗਏ। ਪੁਲਿਸ ਨੇ ਕਦੇ ਵੀ ਮਾਥੁਰ ਨੂੰ ਨਾ ਬੰਨ੍ਹਿਆ ਅਤੇ ਨਾ ਹੀ ਉਸ ਦੀ ਮਾਰ ਕੁਟਾਈ - ਹੋਈ ਸੀ। ਮਾਥੁਰ ਹਰ ਸ਼ਾਮ ਆਪਣੇ ਥੱਕੇ ਹੋਏ ਪੈਰ ਗਰਮ ਪਾਣੀ ਵਿੱਚ ਡਬੋ ਕੇ ਆਪਣੀ ਸਾਰੀ ਥਕਾਵਟ ਲਾਹੁੰਦਾ ਰਿਹਾ ਸੀ ਤਵੇ ਤੋਂ ਉਤਰੀ ਤਾਜ਼ੀ ਰੋਟੀ ਖਾਂਦਾ ਰਿਹਾ ਸੀ, ਜਿਨ੍ਹਾਂ ਨੂੰ ਜੀਵੀ ਆਪਣੇ ਮਹਿੰਦੀ ਰੰਗੇ ਹੱਥਾਂ ਨਾਲ ਰੀਝ ਨਾਲ ਪਕਾਉਂਦੀ ਤੇ ਪਰੋਸਦੀ ਸੀ। ਖੁੱਲ੍ਹੇ ਆਸਮਾਨ ਥੱਲੇ ਵਿਛੇ ਆਪਣੇ ਮੰਜੇ ਉੱਤੇ ਬੇਫਿਕਰੀ ਨਾਲ ਲੇਟਿਆ ਉਹ ਆਪਣੀ ਹੱਕੀ ਦਾ ਮਜ਼ਾ ਲੈਂਦਾ ਸੀ ਅਤੇ ਕਿਸੇ ਚਿੰਤਾ ਤੋਂ ਬਿਨਾਂ ਆਪਣੀ ਸੋਚ ਦੀਆਂ ਵਾਗਾਂ ਢਿੱਲੀਆਂ ਛੱਡ ਕੇ ਵਿਹਲ ਦਾ ਲੁਤਫ ਉਠਾਉਂਦਾ ਜਦ ਤੱਕ ਕਿ ਉਸ ਦੀਆਂ ਪਲਕਾਂ ਨੀਂਦਰ ਦੇ ਭਾਰੇ ਬੋਝ ਨਾਲ ਉਸ ਨੂੰ ਮਿੱਠੀ ਆਰਾਮ ਦੇਹ ਅਤੇ ਗੂੜ੍ਹੀ ਨੀਂਦ ਨਾ ਸੁਆ ਦੇਂਦੀਆਂ। ਇਹ ਉਸ ਦੇ ਰੋਜ਼ ਦਾ ਕਾਰਜ-ਕਰਮ ਸੀ।

ਪ੍ਰਮਾਤਮਾ ਨੇ ਉਨ੍ਹਾਂ ਨੂੰ ਚਾਰ ਬੱਚੇ ਬਖਸ਼ੇ ਸਨ। ਜੀਵੀ ਨੂੰ, ਨੇ, ਜੋ ਹੁਣ ਵਡੇਰੀ ਉਮਰ ਦੀ ਹੋ ਗਈ ਸੀ, ਸਾਰੇ ਪਿੰਡ ਵਾਲੇ, ਪਤਨਵਾਦੀ, ਪੱਤੀਦਾਰ ਅਤੇ ਲੁਬਾਣੇ ਵਧੇਰੇ ਸਤਿਕਾਰਪੂਰਨ ਨਾਲ ਨਾਲ ਬੁਲਾਉਣ ਲੱਗ ਪਏ ਸਨ। ਉਸ ਨੂੰ ਹੁਣ ਜੀ-ਬਾ' ਮਾਤਾ ਜੀ ਵੀ ਕਹਿ ਕੇ ਬੁਲਾਇਆ ਜਾਂਦਾ ਸੀ।

ਅਜੇ ਤੱਕ ਵੀ ਪਿੰਡ ਵਾਲੇ ਕਹਿੰਦੇ ਕਿ ਅਸੀਂ ਦਿਨ ਦੇ ਵਕਤ ਉਸ ਨੂੰ ਕਦੇ ਪਿੰਡ ਵਿੱਚ ਨਹੀਂ ਵੇਖਿਆਂ, "ਸਵੇਰੇ ਤੋਂ ਸ਼ਾਮ ਤੱਕ ਜੀ-ਬਾ ਨੂੰ ਸਿਰਫ਼ ਖੇਤਾਂ ਵਿੱਚ ਹੀ ਵੇਖਿਆ ਜਾ ਸਕਦਾ ਸੀ ।

ਇਕ ਵਾਰੀ ਜਦੋਂ ਹੜ੍ਹਾਂ ਨੇ ਗੁਜਰਾਤ ਵਿੱਚ ਤਬਾਹੀ ਲੈ ਆਉਂਦੀ ਸੀ ਅਤੇ ਤੱਟੀ ਖੇਤਰ ਦੇ ਮਕਾਨ ਢਹਿ ਢੇਰੀ ਹੋ ਗਏ ਸਨ ਅਤੇ ਅਨਾਜ ਦਾ ਅਕਾਲ ਪੈ ਗਿਆ ਸੀ ਉਦੋਂ ਮਹਾਰਾਜ ਜੀ-ਬਾ ਨੂੰ ਮਿਲਣ ਲਈ ਆਏ। ਜੀ-ਬਾ ਨੇ ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ। ਉਸ ਸਮੇਂ ਮਹਾਰਾਜ ਦਾ ਨਾਂ ਵਤਾਦਰਾ ਦੇ ਮਹਾਰਾਜ ਪੈ ਗਿਆ ਸੀ। ਵਟਾਦਰਾ ਦੇ ਲੋਕ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਜੀਵੀ ਵੀ ਜਿਵੇਂ ਕਿ ਸਾਨੂੰ ਪਤਾ ਹੈ, ਵਟਾਦਰਾ ਵਿੱਚ ਹੀ ਜੰਮੀ-ਪਲੀ ਸੀ।

ਜਦੋਂ ਜੀ-ਬਾ ਨੇ ਸਾੜ੍ਹੀ ਨਾਲ ਘੁੰਡ ਕੱਢੀ। ਮਹਾਰਾਜ ਦੇ ਚਰਨਾਂ ਤੇ ਮੱਥਾ ਟੇਕਿਆ ਤਾਂ ਮਹਾਰਾਜ ਨੇ ਕਿਹਾ, “ਤੂੰ ਆਪਣਾ ਚਿਹਰਾ ਮੈਂਥੋਂ ਕਿਵੇਂ ਕੱਜ ਸਕਦੀ ਹੈਂ? ਤੂੰ ਤਾਂ ਮੇਰੀ ਭੈਣ ਹੈਂ। ਆਪਣਾ ਘੁੰਡ ਚੁੱਕ ਲੈ।”

ਉਸ ਨੇ ਜਵਾਬ ਦਿੱਤਾ ? "ਮੇਰੇ ਪੂਜਨੀਕ ਦਾਦਾ ਜੀ । ਤੁਸੀਂ ਮੇਰੇ ਬਜ਼ੁਰਗ ਹੋ। ਮੈਂ ਸ਼ੁਰੂ ਤੋਂ ਹੀ ਇਸ ਰਿਵਾਜ ਦੀ ਪਾਲਣਾ ਕਰਦੀ ਰਹੀ ਹਾਂ । ਹੁਣ ਮੈਂ ਇਸ ਨੂੰ ਤਬਦੀਲ ਨਹੀਂ ਕਰ ਸਕਦੀ ।” ਉਸੇ ਤਰ੍ਹਾਂ ਸਾੜ੍ਹੀ ਦਾ ਘੁੰਡ ਕੱਢੀ ਦੂਰ ਖੜ੍ਹੀ ਉਸ ਨੇ ਕਿਹਾ।

ਜੋਬਨ ਤੇ ਆਈ ਮਾਹੀ ਨਦੀ ਜੇ ਮਨੁੱਖੀ ਸਰੀਰ ਦਾ ਰੂਪ ਧਾਰਦੀ ਤਾਂ ਉਹ ਇਸ ਲੰਮ ਸਲੰਮੀ, ਗੋਰੀ ਚਿੱਟੀ ਪਕੇਰੀ ਉਮਰ ਦੀ ਤੀਵੀਂ ਵਾਂਗ ਹੁੰਦੀ ਜਿਸ ਨੇ ਆਪਣਾ ਮੂੰਹ ਸਾੜੀ ਦੀ ਓਟ ਵਿੱਚ ਲਿਆ ਹੋਇਆ ਸੀ।

“ਮਹਾਰਾਜ ਨੇ ਕਿਹਾ, “ਜੀ ਬਾ ਅਨਾਜ ਦੀ ਭਾਰੀ ਥੁੜ ਹੈ। ਕੀ ਤੁਸੀਂ ਭੁੱਖੇ ਲੋਕਾਂ ਲਈ ਕੁਝ ਅਨਾਜ ਦੇ ਸਕਦੇ ਹੋ?"

“ਮਹਾਰਾਜ! ਭੁੱਖਿਆ ਦੀ ਸਹਾਇਤਾ ਲਈ ਮੇਰੇ ਕੋਲ ਬਹੁਤਾ ਅਨਾਜ ਤਾਂ ਨਹੀਂ ਸਰ ਸਕਣਾ, ਪਰ ਮੈਨੂੰ ਜ਼ਰਾ ਵੇਖ ਲੈਣ ਦਿਉ।”

ਜੀ 'ਬਾ ਨੇ ਆਪਣੇ ਅਨਾਜ ਦੇ ਅਮੁਕ ਭੰਡਾਰ ਦਾ ਮੂੰਹ ਖੋਲ੍ਹ ਦਿੱਤਾ ਅਤੇ ਅਕਾਲ ਦੇ ਸਾਰੇ ਸਮੇਂ ਦੌਰਾਨ ਉਸ ਦਾ ਦਾਨ ਗੁਪਤ ਚਲਦਾ ਰਿਹਾ।

ਆਖਰ ਹੋਣਹਾਰ ਹੋ ਗਈ, ਮਾਥੁਰ ਦੀ ਮ੍ਰਿਤੂ ਹੋ ਗਈ। ਕਿਸੇ ਨੇ ਜੀਵੀ ਦਾ ਰੋਣਾ ਨਾ ਸੁਣਿਆ। ਸ਼ਾਇਦ ਕੋਈ ਵੀ ਨਾ ਭਾਂਪ ਸਕੇ ਕਿ ਉਸ ਦੇ ਅੰਦਰ ਵਗਦੇ ਅਣਦਿਸਦੇ ਅਥਰੂਆਂ ਨੇ ਉਸ ਦੇ ਦਿਲ ਨੂੰ ਲੂਣ ਦੇ ਪੱਥਰ ਵਿੱਚ ਬਦਲ ਦਿੱਤਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਵੀ ਉਸ ਵੇਲੇ ਲੱਗਿਆ ਕਿ ਉਹ ਆਪਣੀ ਕਮਾਈ ਦਾ ਬਹੁਤ ਸਾਰਾ ਹਿੱਸਾ ਮਾਥੁਰ ਦੀ ਯਾਦ ਵਿੱਚ ਦਾਨ ਵਜੋਂ ਦੇਣਾ ਚਾਹੁੰਦੀ ਸੀ। ਇਹ ਦਾਨ ਕਿੱਥੇ ਖਰਚ ਕੀਤਾ ਜਾਵੇ - ਇਸ ਬਾਰੇ ਆਪ ਫੈਸਲਾ ਨਾ ਕਰ ਸਕਣ ਕਰਕੇ ਉਸ ਨੇ ਪਿੰਡ ਵਾਲਿਆਂ ਦੀ ਸਲਾਹ ਲਈ।

ਉਨ੍ਹਾਂ ਨੇ ਕਿਹਾ, “ਜੀ 'ਬਾ ਇਹ ਪੰਛੀਆਂ ਨੂੰ ਖੁਆ ਦਿਉ ।”

ਜੀਵੀ ਨੇ ਆਪਣੀ ਉਪਜਾਊ ਜ਼ਮੀਨ ਦੇ ਚਾਰ ਵਿੱਘੇ ਪੰਛੀਆਂ ਲਈ ਦਾਣੇ ਉਗਾਉਣ ਵਾਸਤੇ ਦੇ ਦਿੱਤੇ।

ਜੀਵੀ - ਜੀ'ਬਾ- ਜ਼ਿੰਦਾ ਹੈ; ਉਹ ਕੋਈ ਪਚਵੰਜਾ ਸਾਲ ਦੀ ਹੋਵੇਗੀ, ਪਰ ਅਜੇ ਵੀ ਉਹ ਲੰਮ-ਸਲੰਮੀ, ਸੁੰਦਰ, ਤੇ ਸ਼ਰਮਾਕਲ ਹੈ, ਜਦੋਂ ਵੀ ਉਹ ਕਿਸੇ ਬਜ਼ੁਰਗ ਦੇ ਸਨਮੁਖ ਹੁੰਦੀ ਹੈ ਉਸ ਦਾ ਮੂੰਹ ਸਾੜ੍ਹੀ ਦੇ ਘੁੰਡ ਵਿੱਚ ਕਜਿਆ ਹੁੰਦਾ ਹੈ।

*********

## ਬਾਬਰ ਦੇਵਾ : ।

ਉਸ ਨੌਜਵਾਨ ਦਾ ਨਾਂ ਭਗਤ ਸੀ। ਜਿਸ ਕਿਸੇ ਨੇ ਉਸ ਨੂੰ ਮਿਲਣਾ ਹੁੰਦਾ ਉਸ ਨੂੰ ਭਜਨ ਮੰਡਲੀ ਵਿੱਚ ਜਾਣਾ ਪੈਂਦਾ। ਭਗਤ ਹਮੇਸ਼ਾਂ ਉੱਥੇ ਹੀ ਕੀਰਤਨ ਕਰਦਾ ਜਾਂ ਦੂਜਿਆਂ ਤੋਂ ਕੀਰਤਨ ਸੁਣਦਾ ਮਿਲਦਾ । ਪਰ ਇਕ ਦਿਨ ਐਸਾ ਵੀ ਆਇਆ ਕਿ ਭਗਤ ਰੱਬ ਦੇ ਪਿਆਰਿਆਂ ਦੀ ਸੰਗਤ ਛੱਡ ਗਿਆ। ਭਗਤ ਦੇ ਦਰਸ਼ਨ ਕਰਨ ਲਈ ਜੇਲ੍ਹ ਵਿੱਚ ਜਾਣਾ ਪੈਂਦਾ।

ਪੇਟਲਾਡ ਦੇ ਜੇਲ੍ਹਰ ਨੇ ਨੌਜਵਾਨ ਕੈਦੀ ਨੂੰ ਬੁਲਾਇਆ, “ਭਗਤ ! ਤੇਰੀ ਮਾਤਾ ਤੈਨੂੰ ਮਿਲਣ ਆਈ ਹੈ ।”

ਛੇਤੀ ਹੀ ਮਾਤਾ ਤੇ ਬੱਚਾ ਗਲੀਂ ਜੁਟ ਪਏ ਅਤੇ ਪਹਿਰੇਦਾਰਾਂ ਦੀ ਆਪਣੀ ਗੱਪ-ਸ਼ੱਪ ਸ਼ੁਰੂ ਹੋ ਗਈ।

"ਮੈਂ ਬਹੁਤ ਸਾਰੀਆਂ ਔਰਤਾਂ ਵੇਖੀਆਂ ਹਨ ਪਰ ਹੇਤਾ ਵਰਗੀ ਕੋਈ ਨਹੀਂ ਵੇਖੀ। ਉਹ ਇਤਨੀ ਡਰਾਉਣੀ ਪਰ ਹਮੇਸ਼ਾਂ ਸੁੰਦਰ ਵੀ ਲਗਦੀ ਹੈ ।”

"ਉਸ ਦਾ ਪੁੱਤਰ ਆਪਣੀ ਮਾਂ ਕੋਲ ਬੈਠਾ ਪੱਪੀ ਲਗਦਾ ਹੈ ।"

“ਪਹਿਲਾਂ ਇਹ ਪੱਪੀ ਪਰਮਾਤਮਾ ਦਾ ਕੀਰਤਨ ਕਰਿਆ ਕਰਦਾ ਸੀ। ਉਸ ਨੇ ਚੋਰੀ ਉੱਤੇ ਵੀ ਹੱਥ ਅਜ਼ਮਾਇਆ, ਪਰ ਇਸਤੋਂ ਅੱਗੇ ਨਾ ਵਧ ਸਕਿਆ ।”

"ਅਤੇ ਇਸ ਦੇ ਮੁਕਾਬਲੇ ਮਾਂ ਵੱਲ ਵੇਖੋ। ਦਿਨ-ਦੁਪਹਿਰੇ ਵੀ ਜੇ ਕੋਈ ਉਸ ਵੱਲ ਦੇਖ ਲਵੇ ਤਾਂ ਵੱਡੇ ਤੋਂ ਵੱਡਾ ਖੱਬੀਖਾਨ ਵੀ ਇਕ ਵਾਰੀ ਤਾਂ ਖੌਫ਼ ਖਾ ਜਾਵੇ।"

ਜਦੋਂ ਪਹਿਰੇਦਾਰ ਗੱਪ-ਸ਼ੱਪ ਲੜਾ ਰਹੇ ਸਨ ਤਾਂ ਪੁੱਤਰ ਸਲਾਖਾਂ ਦੇ ਪਿੱਛੋਂ ਆਪਣੀ ਮਾਂ ਨੂੰ ਅਲਵਿਦਾ ਕਹਿ ਰਿਹਾ ਸੀ। "ਮਾਂ ! ਘਰ ਜਾ ਅਤੇ ਕੱਲ੍ਹ ਸ਼ਾਮ ਲਈ ਸਮੋਸੇ ਤਿਆਰ ਕਰ। ਮੈਂ ਘਰ ਆ ਕੇ ਖਾਵਾਂਗਾ। " ਭਗਤ ਆਪਣੇ ਸੰਖੇਪ ਪਰ ਫ਼ੈਸਲਾਕੁੰਨ ਲਹਿਜੇ ਵਿੱਚ ਕਹਿ ਰਿਹਾ ਸੀ।

"ਤੇਰੀ ਮਰਜ਼ੀ ਹੈ ਜੋ ਕਰਨਾ ਚਾਹੇਂ ਕਰ ਪੁੱਤਰ, ਪਰ ਮੈਥੋਂ ਸੁੱਖੀ ਦੇ ਹੱਥੋਂ ਹੋਰ ਪ੍ਰੇਸ਼ਾਨ ਨਹੀਂ ਹੋਇਆ ਜਾਂਦਾ।"

ਉਹ ਚਲੀ ਗਈ ਅਤੇ ਪੇਟਲਾਡ ਦੀ ਜੇਲ੍ਹ ਵਿੱਚ ਖਾਮੋਸ਼ੀ ਛਾ ਗਈ। ਭਗਤ ਨੂੰ ਕਾਨੀਆਂ ਪਿੰਡ ਵਿੱਚ ਇਕ ਪੱਤੀਦਾਰ ਦੇ ਘਰੋਂ ਚੋਰੀ ਕਰਦਿਆਂ ਮੌਕੇ ਤੇ ਪਕੜਿਆ ਗਿਆ ਸੀ। ਉਹ ਹੁਣ ਆਪਣੀ ਕੋਠੜੀ ਵਿੱਚ ਬੈਠਾ ਭਜਨ ਦੀ ਕੋਈ ਤੁਕ ਗੁਣਗੁਣਾ ਰਿਹਾ ਸੀ :

'ਆਤਮਾ, 'ਮੇਰੀ ਆਤਮਾ ! ਸਰੀਰ ਨੂੰ ਤਿਆਗਣਾ ਸੱਚਮੁਚ ਹੀ ਕਠਿਨ ਹੈ। ਕਠਿਨ ਹੈ।

ਅਗਲੇ ਦਿਨ ਹੋਲੀ ਦਾ ਦਿਨ ਸੀ- ਰੰਗਾਂ ਦਾ ਤਿਉਹਾਰ ਉਹ ਦਿਨ ਜਦੋਂ ਚੰਗਿਆਈ ਨੇ ਬੁਰਾਈ ਉੱਤੇ ਜਿੱਤ ਪ੍ਰਾਪਤ ਕੀਤੀ ਸੀ। ਗੋਰੇਲ ਨਾਂ ਦੇ ਇਕ ਪਿੰਡ ਦੇ ਬਾਹਰ ਸੂਰਜ ਡੁੱਬਦੇ ਸਾਰ ਹੀ ਹੋਲੀ ਜਲਾਈ ਗਈ ਅਤੇ ਛੇਤੀ ਹੀ ਹੋਲੀ ਦੁਆਲੇ ਖੜ੍ਹੇ ਲੋਕਾਂ ਦੇ ਚਿਹਰੇ ਬਲਦੀ ਹੋਲੀ ਦੇ ਨਾਲ ਚਾਨਣ ਵਿੱਚ ਨਹਾਤੇ ਗਏ।

ਇਕ ਮਕਾਨ ਦੀ ਦਹਿਲੀਜ਼ ਵਿੱਚੋਂ ਆਵਾਜ਼ ਆਈ, "ਮਾਂ ! ਮੈਂ ਪਹੁੰਚ ਗਿਆ ਹਾਂ। ਸਮੋਸੇ ਕਿੱਥੇ ਹਨ ? ਮੈਨੂੰ ਛੇਤੀ ਖੁਆ ਦੇ ਕਿਉਂਕਿ ਪੁਲਿਸ ਮੇਰੇ ਮਗਰ ਚੜ੍ਹੀ ਹੋਈ ਹੈ।"

ਸਮੋਸੇ ਪਹਿਲਾਂ ਹੀ ਤਿਆਰ ਸਨ। ਮਾਂ ਨੇ ਬੜੇ ਪਿਆਰ ਨਾਲ ਪਲੇਟ ਵਿੱਚ ਪਰੋਸ ਕੇ ਉਸ ਨੂੰ ਦਿੱਤੇ ਅਤੇ ਪੁੱਤਰ ਨੇ ਛੇਤੀ ਛੇਤੀ ਨਿਗਲ ਲਏ। ਫਿਰ ਉਸ ਨੇ ਆਪਣਾ ਟਕੂਆ ਚੁੱਕ ਲਿਆ। ਆਪਣੇ ਕਮਰ ਕੱਸੇ ਵਿੱਚ ਇਕ ਚਾਕੂ ਅੜਾ ਲਿਆ ਅਤੇ ਬਿਨਾਂ ਕੁਝ ਕਹੇ ਚਲਾ ਗਿਆ। ਉਹ ਉਸ ਸ਼ਾਮ 5 ਵਜੇ ਜੇਲ੍ਹ ਤੋਂ ਭੱਜਿਆ ਸੀ। ਉਸੇ ਰਾਤ ਭਗਤ ਨੇ ਸੁਖੀ ਨੂੰ ਬਾਜ਼ਾਰ ਵਿੱਚ ਵਢ ਦਿੱਤਾ ਜਦੋਂ ਸੈਂਕੜੇ ਲੋਕ ਇਹ ਘਟਨਾ ਵੇਖ ਰਹੇ ਸਨ। ਕਿਸੇ ਨੇ ਉਸ ਦਾ ਪਿੱਛਾ ਕਰਨ ਜਾਂ ਲੁਕਣ ਦੇ ਸਥਾਨ ਦਾ ਪਤਾ ਲਾਉਣ ਦਾ ਹੀਆ ਨਾ ਕੀਤਾ। ਇਹ ਘਟਨਾ 1919 ਵਿੱਚ ਚੜੋਤਰ ਦੇ ਇਲਾਕੇ ਵਿੱਚ ਹੋਈ ਜਿੱਥੇ ਧਰਾਲਾ ਜਾਤੀ ਦੇ ਲੋਕ ਰਹਿੰਦੇ ਸਨ। ਮਾਹੀ ਦੇ ਤੱਟ ਦੇ ਨਾਲ ਨਾਲ ਚਲਦੀਆਂ ਡੂੰਘੀਆਂ ਤੇ ਖੌਫ਼ਨਾਕ ਖੱਡਾਂ ਵਿੱਚ ਕੋਈ ਆਦਮੀ ਆਸਾਨੀ ਨਾਲ ਲੁਕ ਸਕਦਾ ਸੀ ਅਤੇ ਕਿਸੇ ਨੂੰ ਉਸ ਦੇ ਉੱਥੇ ਗਾਇਬ ਹੋ ਜਾਣ ਤੇ ਕੋਈ ਹੈਰਾਨੀ ਨਹੀਂ ਹੋ ਸਕਦੀ ਸੀ। ਹੇਤਾ ਨੂੰ ਪਕੜ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ ਜਿੱਥੇ ਉਹ ਜੱਜ ਉੱਤੇ ਗਰਜੀ ਸੀ, "ਜੇ ਤੂੰ ਮੇਰੇ ਇਕ ਪਿੱਲੇ ਦੇ ਛੱਡਣ ਤੇ ਇੰਨਾ ਔਖਾ ਹੋ ਰਿਹਾ ਹੈਂ ਤਾਂ ਜੇ ਮੈਂ ਆਪਣੇ ਪੰਜੇ ਸ਼ੇਰ ਛੱਡ ਦਿੱਤੇ ਤਾਂ ਕੀ ਬਣੇਗਾ ?"

ਕੁਝ ਮਹੀਨਿਆਂ ਮਗਰੋਂ ਗੋਰੇਲ ਵਿੱਚ ਹੀ ਭਗਤ ਇਕ ਹੋਰ ਘਰ ਵਿੱਚ ਵੜਿਆ। ਉਸ ਨੇ ਇਕ ਆਦਮੀ ਨੂੰ ਤਲਵਾਰ ਨਾਲ ਚੀਰ ਸੁੱਟਿਆ, ਜੀਉਂਦਿਆਂ ਉਸ ਨੂੰ ਪਿੰਡ ਦੀ ਸੜਕ ਉੱਤੇ ਘਸੀਟਦਾ ਬਾਹਰ ਲਿਆਂਦਾ ਅਤੇ ਉੱਥੇ ਲਿਆ ਕੇ ਮਾਰ ਸੁੱਟਿਆ। ਇਹ ਭਗਤ ਦਾ ਚਾਚਾ ਸੀ। ਚੋਰੀ, ਜੇਲ੍ਹ ਤੋਂ ਫਰਾਰੀ ਅਤੇ ਕਤਲ ਦੀਆਂ ਇਨ੍ਹਾਂ ਦੋ ਵਾਰਦਾਤਾਂ ਨੇ ਸਾਰੇ ਇਲਾਕੇ ਵਿੱਚ ਦਹਿਸ਼ਤ ਫੈਲਾ ਦਿੱਤੀ। ਇੱਥੋਂ ਤੀ ਅਤੇ ਵਡੋਦਰਾ ਤੋਂ ਆਈ ਪੁਲਿਸ ਨੇ ਗਸ਼ਤ ਸ਼ੁਰੂ ਕਰ ਦਿੱਤੀ। ਇਕ ਦਿਨ ਕੁਝ ਮਹੀਨਿਆਂ ਮਗਰੋਂ ਜੋਗਨ ਨਾਂ ਦੇ ਪਿੰਡ ਵਿੱਚ ਇਕ ਪਤਨਵਾਦੀਆ ਇਕ ਛੋਟੇ ਜਿਹੇ ਬਾਲ ਨੂੰ ਗੋਦੀ ਲਈ ਬੈਠਾ ਸੀ। ਇਕ ਔਰਤ ਘਰ ਦਾ ਕੰਮ ਕਾਰ ਕਰਦੀ ਉਨ੍ਹਾਂ ਨੂੰ ਵੇਖ ਰਹੀ ਸੀ। ਅਚਾਨਕ ਹੀ ਉਸ ਨੇ ਇਕ ਡਰਾਉਣੀ ਪਰ ਮੱਧਮ ਚੀਕ ਸੁਣੀ ਇਹ ਉਸ ਦੇ ਪਤੀ ਦੇ

ਗਲੇ ਵਿੱਚੋਂ ਨਿਕਲੀ ਸੀ ਜੋ ਬੱਚੇ ਨੂੰ ਗੋਦ ਲਈ ਬੈਠਾ ਸੀ। ਉਸ ਨੇ ਦਰਵਾਜ਼ੇ ਵੱਲ ਵੇਖਿਆ, ਉੱਥੇ ਇਕ ਨੌਜਵਾਨ ਬੰਦੂਕ ਲਈ ਚੌਖਟੇ ਵਿੱਚ ਖੜ੍ਹਾ ਸੀ ।

"ਚਾਚੀ! ਬੱਚੇ ਨੂੰ ਹਟਾ ਲੈ" ਉਸ ਨੇ ਸ਼ਾਂਤ ਆਵਾਜ਼ ਵਿੱਚ ਔਰਤ ਨੂੰ ਕਿਹਾ" ਸਹਿਮੀ ਹੋਈ ਔਰਤ ਉਸ ਬੰਦੂਕਧਾਰੀ ਵੱਲ ਵੇਖਦੀ ਹੀ ਰਹਿ ਗਈ। ਸਦਮੇ ਨੇ ਉਸ ਨੂੰ ਬੰਨ੍ਹ ਦਿੱਤਾ ਸੀ।

"ਉਹ! ਭਗਤ ! ਤੂੰ ?" ਉਹ ਸਿਰਫ਼ ਇੰਨਾ ਹੀ ਬੋਲ ਸਕੀ ਸੀ। ਉਹ ਆਪਣੇ ਭਤੀਜੇ ਵੱਲ ਅਵਿਸ਼ਵਾਸ ਵਿੱਚ ਵੇਖ ਰਹੀ ਸੀ।

"ਮੈਂ ਤੈਨੂੰ ਕਿਹਾ ਸੀ ਕਿ ਬੱਚੇ ਨੂੰ ਚੁੱਕ ਲੈ" ਭਗਤ ਨੇ ਆਪਣਾ ਹੁਕਮ ਦੁਹਰਾਇਆ ਜਦੋਂ ਕਿ ਉਸ ਨੇ ਚਾਰੇ ਪਾਸੇ ਅੱਖਾਂ ਫੈਲਾ ਕੇ ਵੇਖਿਆ। ਪਰ ਔਰਤ ਡਰ ਨਾਲ ਜੰਮ ਗਈ ਸੀ ਅਤੇ ਉਹ ਅਹਿੱਲ ਖੜ੍ਹੀ ਰਹੀ। ਨੌਜਵਾਨ ਨੇ ਬੰਦੂਕ ਦਾਗ਼ ਦਿੱਤੀ। ਆਦਮੀ ਫਰਸ਼ ' ਉੱਤੇ ਢੇਰੀ ਹੋ ਗਿਆ। ਬੱਚਾ, ਜਿਸ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ, ਰੋਣ ਲੱਗ ਪਿਆ।

ਭਗਤ ਦਾ ਅਸਲੀ ਨਾਂ, ਜਿਸ ਨੇ ਆਪਣੇ ਦੋਨਾਂ ਚਾਚਿਆਂ ਦਾ ਬੇਰਹਿਮੀ ਨਾਲ ਕਤਲ ਕੀਤਾ ਸੀ, ਬਾਬਰ ਦੇਵਾ ਸੀ। ਇਹ ਉਸ ਦਾ ਤੀਜਾ ਖ਼ੂਨ ਸੀ। ਉਸ ਨੂੰ ਬਾਗ਼ੀ ਘੋਸ਼ਿਤ ਕੀਤਾ ਗਿਆ ਸੀ। ਜੋ ਕਦੇ ਇਕ ਸਾਧਾਰਨ ਪਤਨਵਾਦੀਆ ਨੌਜਵਾਨ ਹੁੰਦਾ ਸੀ, ਭਗਤ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਕਿਉਂਕਿ ਮਸਤੀ ਵਿੱਚ ਆਕੇ ਭਗਤੀ ਦੇ ਲੋਕ ਗੀਤ ਗਾਇਆ ਕਰਦਾ ਸੀ, ਉਹ ਅੱਜ ਲੋਕਾਂ ਦੀ ਜ਼ਬਾਨ ਤੋਂ ਬਾਬਰ ਦੇਵਾ ਇਕ ਬਾਗ਼ੀ ਦੇ ਖੌਫ਼ਨਾਕ ਨਾਂ ਨਾਲ ਪੁਕਾਰਿਆ ਜਾਂਦਾ ਸੀ। ਉਹ ਹੁਣ ਭਗਤ ਨਹੀਂ ਸੀ ਰਿਹਾ ਅਤੇ ਇਹ ਉਸ ਨੇ ਚੰਗੀ ਤਰ੍ਹਾਂ ਠੋਕ ਵਜਾ ਕੇ ਦਸ ਦਿੱਤਾ ਸੀ। ਉਸ ਨੇ ਆਪਣਾ ਇਕ ਜੱਥਾ ਬਣਾ ਲਿਆ ਸੀ ਅਤੇ ਇਲਾਕੇ ਨੂੰ ਖ਼ੂਨ ਤੇ ਅੱਗਜਨੀ ਦਾ ਅਖਾੜਾ ਬਣਾ ਕੇ ਰੱਖ ਦਿੱਤਾ ਸੀ। ਚੜ੍ਹੋਤਰ ਦੀ ਧਰਤੀ ਡਰ ਨਾਲ ਪੁਕਾਰ ਉੱਠੀ ਸੀ। ਕੇਵਲ ਥੋੜ੍ਹੇ ਜਿਹੇ ਸ਼ੁਭੇ ਤੇ ਕਿ ਉਸ ਦੇ ਚਾਚੇ ਪੁਲਿਸ ਨਾਲ ਮਿਲੇ ਹੋਏ ਹਨ, ਉਸ ਨੇ ਉਨ੍ਹਾਂ ਨੂੰ

ਸਦਾ ਦੀ ਨੀਂਦ ਸੁਆ ਦਿੱਤਾ ਸੀ। ਇਨ੍ਹਾਂ ਵਾਰਦਾਤਾਂ ਨੇ ਪਿੰਡ ਵਾਸੀਆਂ ਵਿੱਚ ਸਖ਼ਤ ਦਹਿਸ਼ਤ ਪੈਦਾ ਕਰ ਦਿੱਤੀ ਸੀ। ਉਸ ਦੇ ਮਾਪਿਆਂ ਅਤੇ ਤਿੰਨ ਭਰਾਵਾਂ ਨੂੰ ਪਹਿਲਾਂ ਹੀ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ ਫਿਰ ਉਨ੍ਹਾਂ ਨੂੰ ਬੀਜਾਪੁਰ ਵਿੱਚ ਮੁਜਰਮ ਬਸਤੀ ਲਈ ਭੇਜ ਦਿੱਤਾ ਗਿਆ ਸੀ। ਉਨ੍ਹਾਂ ਦੀ ਜ਼ਮੀਨ ਜ਼ਬਤ ਕਰ ਲਈ ਗਈ ਸੀ। ਉਨ੍ਹਾਂ ਦਾ ਘਰ ਢਾਹ ਕੇ ਪੱਧਰ ਕਰ ਦਿੱਤਾ ਗਿਆ ਸੀ। ਬਾਬਰ ਦੇ ਕੇਵਲ ਦੋ ਭਰਾ ਜੋ ਵੀਹਵਿਆਂ ਵਿੱਚ ਸਨ ਹੀ ਬਚ ਸਕੇ ਸਨ।

ਪੁਲਿਸ ਉਨ੍ਹਾਂ ਨੂੰ ਨਹੀਂ ਲੱਭ ਸਕੀ ਸੀ। ਕਿਸੇ ਨੇ ਉਨ੍ਹਾਂ ਨੂੰ ਪਨਾਹ ਦਿੱਤੀ ਅਤੇ ਬਚਾਇਆ ਸੀ। ਇਸ ਦੇ ਬਦਲੇ ਵਿੱਚ ਬਾਬਰ ਦੇਵਾ ਦੇ ਸਾਰੇ ਰਿਸ਼ਤੇਦਾਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕ ਦਿੱਤਾ ਗਿਆ ਸੀ। ਜਲਦੀ ਹੀ ਪੁਲਿਸ ਨੂੰ ਪਤਾ ਲੱਗਿਆ ਕਿ ਬਾਬਰ ਦੀ ਭੈਣ ਵੀ ਪੁਲਿਸ ਦੇ ਜਾਲ ਵਿੱਚੋਂ ਬਚ ਨਿਕਲੀ ਹੈ। ਉਸ ਦੀ ਤਲਾਸ਼ ਕੀਤੀ ਗਈ, ਪਰ ਹੁਣ ਸਮਾਂ ਲੰਘ ਚੁੱਕਾ ਸੀ। ਛੇਤੀ ਹੀ ਖਬਰ ਮਿਲ ਗਈ ਕਿ ਬਾਬਰ ਦੇ ਨਾਲ ਇਕ ਔਰਤ ਵੀ ਹੈ, ਜੋ ਉਸ ਦੀ ਭੈਣ ਹੈ ਜਿਹੜੀ ਕਦੇ ਪਿੰਡ ਝੜੋਲਾ ਵਿੱਚ ਰਹਿੰਦੀ ਸੀ।

ਬਾਬਰ ਨੂੰ ਬਾਗ਼ੀ ਘੋਸ਼ਿਤ ਹੋਇਆਂ ਲਗਭਗ ਇਕ ਸਾਲ ਹੋ ਗਿਆ ਸੀ। ਉਸ ਦੀ ਭੈਣ ਦਾ ਨਾਮ ਸ਼ਹਿਰ ਵਿੱਚ ਹਰ ਇਕ ਜ਼ਬਾਨ ਤੇ ਸੀ। ਇਕ ਦਿਨ ਬਾਬਰ ਦੇ ਕੰਨਾਂ ਤੱਕ ਵੀ ਗੱਲ ਚਲਦੀ ਚਲਦੀ ਪਹੁੰਚ ਗਈ।

ਬਾਬਰ ਦੇ ਇਕ ਸਾਥੀ ਜੱਗੇ ਨੇ ਬਾਬਰ ਨੂੰ ਇਕੱਲਿਆਂ ਬੈਠਿਆਂ ਵੇਖ ਕੇ ਕਿਹਾ, “ ਤੂੰ ਆਪਣੇ ਆਪਨੂੰ ਬਹੁਤ ਵੱਡਾ ਸਮਝਦਾ ਹੈ ਨਾ ।”

ਜੱਗੇ ਦੀ ਰੁਕਦੀ ਹੋਈ ਜ਼ਬਾਨ 'ਚੋਂ ਇਹ ਗੱਲ ਸੁਣਦੇ ਸਾਰ ਬਾਬਰ ਦੇ ਕੰਨ ਖੜ੍ਹੇ ਹੋ ਗਏ ਅਤੇ ਉਸ ਨੇ ਕਿਹਾ, “ਤੂੰ ਦਸਦਾ ਕਿਉਂ ਨਹੀਂ, ਕੀ ਗੱਲ ਹੈ ?”

ਜੱਗੇ ਨੇ ਗੱਲ ਆਈ ਗਈ ਕਰਨ ਲਈ ਕਿਹਾ, "ਕੁਝ ਨਹੀਂ। ਕੁਝ ਨਹੀਂ ।" "

ਤੂੰ ਮੂੰਹੋਂ ਬੋਲ ਕੇ ਆਪਣਾ ਭਾਰ ਹੌਲਾ ਕਿਉਂ ਨਹੀਂ ਕਰਦਾ ?"

" ਤੂੰ ਸਮਝਦਾ ਹੈਂ ਕਿ ਤੂੰ ਬਹੁਤ ਵੱਡਾ ਆਦਮੀ ਹੈਂ। ਤੈਨੂੰ ਇਹ ਪਤਾ ਨਹੀਂ ਕਿ ਤੇਰੀ ਭੈਣ ਇੱਕ ਪੁਲਸੀਏ ਨਾਲ ਯਾਰੀਆਂ ਲਾਉਂਦੀ ਫਿਰਦੀ ਹੈ, ਕੀ ਤੈਨੂੰ ਪਤੈ?"

ਤੀਰ ਨਿਸ਼ਾਨੇ ਤੇ ਜਾ ਲੱਗਾ ਸੀ ਬਾਬਰ ਦੀ ਭੈਣ ਇੱਕ ਮੁਸਲਮਾਨ ਪੁਲਸੀਏ ਨਾਲ ਖੇਡ ਰਚਾ ਰਹੀ ਸੀ। ਪਿਆਰ ਅੰਨਾ ਹੁੰਦਾ ਹੈ ; ਨਾ ਜਾਣੀਏ ਕਿਤੇ ਉਹ ਸਾਰੇ ਗਰੋਹ ਨੂੰ ਹੀ ਕਿਸੇ ਦਿਨ ਫੜਵਾ ਦੇਵੇ; ਬਾਬਰ ਨੂੰ ਇਹ ਪਤਾ ਨਹੀਂ ਸੀ ਕਿ ਇਸ ਕਨਸੋਅ ਵਿੱਚ ਕੋਈ ਸਚਾਈ ਵੀ ਹੈ ਜਾਂ ਨਹੀਂ, ਪਰ ਉਸ ਦੇ ਮਨ ਵਿੱਚ ਸ਼ੱਕ ਦਾ ਇੱਕ ਬੀਜ ਬੀਜ ਦਿੱਤਾ ਗਿਆ ਸੀ, ਕਿ ਇਸ ਗੱਲ ਦੀ ਸੰਭਾਵਨਾ ਹੈ, ਭਾਵੇਂ ਕਿੰਨੀ ਦੁਰੇਡੀ ਹੀ ਹੋਵੇ ਕਿ ਉਸ ਦੀ ਆਪਣੀ ਭੈਣ ਹੀ ਉਸ ਨਾਲ ਬੇਵਫਾਈ ਕਰ ਜਾਵੇ।

ਇਕ ਦਿਨ ਜਦੋਂ ਉਹ ਝੜੋਲਾ ਤੋਂ ਇਕ ਮੀਲ ਦੀ ਵਿਥ ਤੇ ਚੁਵਾ ਪਿੰਡ ਦੇ ਕੋਲ ਇਕ ਖੇਤ ਵਿੱਚ ਬੈਠਾ ਆਰਾਮ ਕਰ ਰਿਹਾ ਸੀ ਤਾਂ ਉਸ ਦੀ ਭੈਣ ਵੀ ਗੱਲ-ਬਾਤ ਕਰਨ ਲਈ ਆ ਗਈ। ਉਹ ਉਸ ਦੇ ਕੋਲ ਬੈਠ ਗਈ ਅਤੇ ਗੱਲਾਂ ਸ਼ੁਰੂ ਹੋ ਗਈਆਂ। ਉਸ ਦੀ ਭੈਣ ਨੇ ਕੋਲ ਪਈ ਬੰਦੂਕ ਚੁੱਕ ਲਈ ਅਤੇ ਉਸ ਨਾਲ ਖੇਡਣ ਲੱਗ ਪਈ। ਬਾਬਰ ਦੇ ਮਨ ਦਾ ਸ਼ੱਕ ਪੱਕਾ ਹੋ ਗਿਆ। ਮਜ਼ਾਕ ਮਜ਼ਾਕ ਵਿੱਚ ਉਸ ਨੇ ਭੈਣ ਦੇ ਹੱਥੋਂ ਬੰਦੂਕ ਫੜ ਲਈ ਅਤੇ ਬੋਲਿਆ, "ਬੇਵਕੂਫ਼ ਕੁੜੀਏ। ਬੰਦੂਕ ਏਦਾਂ ਫੜੀਦੀ ਹੈ। ਵੇਖ !" ਧਾਏਂ............ਕਰਕੇ ਗੋਲੀ ਚਲੀ। ਭੈਣ ਦੀ ਖੋਪਰੀ ਟੁਕੜੇ ਟੁਕੜੇ ਹੋ ਗਈ - ਗੋਲੀ ਪੁਆਇੰਟ ਬਲੈਂਕ ਰੇਂਜ ਤੋਂ ਵੱਜੀ ਹੋਣ ਕਰਕੇ ।

ਬਾਮਣਵਾੜਾ ਪਿੰਡ ਤੋਂ ਬਾਹਰ ਬਾਬਰ ਚੁੱਪ-ਚਾਪ ਕਿਸੇ ਦੇ ਆਉਣ ਦੀ ਇੰਤਜ਼ਾਰ ਵਿੱਚ ਬੈਠਾ ਸੀ। ਭਾਵੇਂ ਉਸ ਦੇ ਅੰਦਰ ਬੇਚੈਨੀ ਸੀ ਪਰ ਉਹ ਇਸ ਨੂੰ ਆਪਣੇ ਚਿਹਰੇ ਤੇ ਪ੍ਰਗਟ ਨਹੀਂ ਸੀ ਹੋਣ ਦੇ ਰਿਹਾ। ਲੰਮੀ ਉਡੀਕ ਮਗਰੋਂ ਉਸ ਨੂੰ ਇਕ ਆਦਮੀ ਆਉਂਦਾ ਦਿਸਿਆ। ਉਹ ਜੂਲੈਂਡ ਤੋਂ ਆਇਆ ਰਵਾਲੀਆ ਸੀ। ਬਾਬਰ ਦੇ

ਚਿਹਰੇ ਦੀਆਂ ਝੁਰੜੀਆਂ ਉੱਭਰ ਆਈਆਂ ਉਸ ਮਨੁੱਖ ਨੂੰ ਦੇਖ ਕੇ ਜਿਸ ਨੂੰ ਉਸ ਨੇ ਆਪਣੇ ਛੋਟੇ ਭਰਾਵਾਂ ਨੂੰ ਲੁਕਾਈ ਰੱਖਣ ਅਤੇ ਦੇਖਭਾਲ ਕਰਨ ਦਾ ਕੰਮ ਸੌਂਪਿਆ ਸੀ। ਬਾਬਰ ਆਪਣੀਆਂ ਲੁੱਟਾਂ ਵਿੱਚੋਂ ਉਨ੍ਹਾਂ ਦਾ ਸਾਰਾ ਖਰਚਾ ਬਰਾਬਰ ਦੇਂਦਾ ਰਿਹਾ ਸੀ। ਰਵਾਲੀਆ ਆਇਆ ਅਤੇ ਉੱਡੇ ਹੋਏ ਮੂੰਹ ਨਾਲ ਉਸ ਦੇ ਕੋਲ ਆ ਕੇ ਬੈਠ ਗਿਆ। ਉਹ ਇਨ੍ਹਾਂ ਉਦਾਸ ਸੀ ਕਿ ਉਹ ਬਾਬਰ ਨੂੰ ਰਾਮ ਸਤ ਵੀ ਨਾ ਬੁਲਾ ਸਕਿਆ।

ਬਾਬਰ ਨੇ ਗੱਲ ਸ਼ੁਰੂ ਕੀਤੀ, " ਤੂੰ ਉਨ੍ਹਾਂ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ।"

ਰਵਾਲੀਆ ਨੇ ਹੱਥ ਜੋੜ ਕੇ ਉਸ ਨੂੰ ਮੱਥਾ ਟੇਕਿਆ ਰਹਿਮ ਦੀ ਅਪੀਲ ਕਰਦਿਆਂ ਕਿਹਾ, "ਬਾਬਰ ! ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ। ਪੁਲਿਸ ਨੇ ਮੈਨੂੰ ਇੰਨਾ ਤੰਗ ਕੀਤਾ ਕਿ ਮੈਨੂੰ ਉਨ੍ਹਾਂ ਨੂੰ ਪੁਲਿਸ ਦੇ ਹਵਾਲੇ ਕਰਨਾ ਪਿਆ ।"

ਬਾਬਰ ਨੇ ਸਾਰੇ ਪਾਸੇ ਦੇਖਿਆ। ਸਾਰੇ ਚੌਪਾਸੀਂ ਵਿੱਚ ਇਕ ਇਕ ਦਰਖਤ ਖੜ੍ਹਾ ਸੀ। ਉਸ ਨੇ ਰਵਾਲੀਆ ਨੂੰ ਦਰਖਤ ਦੇ ਤਣੇ ਨਾਲ ਖੜ੍ਹਾ ਕਰ ਲਿਆ ਅਤੇ ਉਸ ਨੂੰ ਕਿਹਾ ਕਿ ਤਣੇ ਨੂੰ ਗਲਵੱਕੜੀ ਪਾ ਲਵੇ। ਦੂਜੇ ਪਾਸੇ ਰਵਾਲੀਏ ਦਾ ਇਕ ਹੱਥ ਦੂਜੇ ਦੇ ਉੱਪਰ ਪਿੱਠ ਵਿੱਚੋਂ ਤਣੇ ਨਾਲ ਠੋਕ ਦਿੱਤਾ ਤਾਂ ਜੋ ਉਹ ਤਣੇ ਨਾਲ ਜਕੜਿਆ ਰਹੇ। ਤਦ ਉਸ ਨੇ ਆਪਣੀ ਬੰਦੂਕ ਦੇ ਨਿਸ਼ਾਨੇ ਨਾਲ ਛੇ ਗੋਲੀਆਂ ਚਲਾਈਆਂ। ਰਵਾਲੀਆ ਖ਼ਤਮ ਹੋ ਚੁੱਕਾ ਸੀ।

ਬਾਬਰ ਦੀ ਔਰਤ ਵੀ ਉਸ ਦੇ ਨਾਲ ਹੋਇਆ ਕਰਦੀ ਸੀ। ਇਕ ਦਿਨ ਉਹ ਪਕੜੀ ਗਈ ਅਤੇ ਕਾਨੂੰਨ ਨੇ ਆਪਣੀ ਕਾਰਵਾਈ ਕੀਤੀ। ਬਾਬਰ ਨੇ ਫਿਰ ਵਿਆਹ ਕਰ ਲਿਆ।

ਇਹ ਦੂਜੀ ਪਤਨੀ ਵੀ ਬਾਬਰ ਦਾ ਉਸ ਦੀਆਂ ਮਾਰਾਂ ਵਿੱਚ ਸਾਥ ਦੇਂਦੀ। ਹੁਣ ਤੱਕ ਬਾਬਰ ਇਕ ਮਾਹਿਰ ਕਾਤਲ ਬਣ ਚੁੱਕਾ ਸੀ। ਜਦ ਤੱਕ ਉਸਦੇ ਭਰਾਵਾਂ ਨੂੰ

ਮੁਜਰਮ-ਬਸਤੀ ਲਈ ਨਹੀਂ ਸੀ ਭੇਜਿਆ ਗਿਆ ਤਦ ਤੱਕ ਬਾਬਰ ਆਪਣੇ ਪਰਵਾਰ ਦੀ ਖ਼ਬਰ ਸਾਰ ਲੈਣ ਲਈ ਜਾਇਆ ਕਰਦਾ ਸੀ ਕਿ ਕੋਈ ਉਨ੍ਹਾਂ ਨੂੰ ਤੰਗ ਤਾਂ ਨਹੀਂ ਕਰ ਰਿਹਾ। ਉਹ ਕਦੇ ਵੀ ਆਪਣੇ ਦੁਖ ਉਸ ਨੂੰ ਨਹੀਂ ਸਨ ਦਸਦੇ। ਪਰ ਬਾਬਰ ਦਾ ਸਾਲਾ-ਬਾਬਰ ਮੋਤੀ ਕੁਝ ਹੋਰ ਤਰ੍ਹਾਂ ਸੋਚਦਾ ਸੀ।

"ਬਾਬਰ ਦੇਵਾ!" ਉਸ ਨੇ ਬਾਗ਼ੀ ਨੂੰ ਸ਼ਿਕਾਇਤ ਕੀਤੀ, "ਜੇ ਤੂੰ ਧੋਰੀ ਭਾਈ ਤੋਂ ਮੇਰਾ ਖਹਿੜਾ ਛੁਡਵਾ ਦੇਵੇਂ ਤਾਂ ਮੈਂ ਕਨਜਾਤ ਵਿੱਚ ਚੈਨ ਨਾਲ ਰਹਿ ਸਕਾਂਗਾ।"

"ਇਸ ਨੂੰ ਹੋ ਗਿਆ ਸਮਝ" ਬਾਬਰ ਦੇਵਾ ਨੇ ਮਾਰਨ ਦੀ ਤਰੀਕ ਨਿਸ਼ਚਿਤ ਕਰਦਿਆਂ ਕਿਹਾ।

ਧੋਰੀਭਾਈ ਇਕ ਅਮੀਰ ਪੱਤੀਦਾਰ ਸੀ। ਉਸ ਦਾ ਸਹੁਰਾ ਕਨਜਾਤ ਵਿੱਚ ਰਹਿੰਦਾ ਸੀ। ਉਹ ਲਾਵਾਰਸ ਮਰਿਆ ਸੀ ਅਤੇ ਸਾਰੀ ਜਾਇਦਾਦ ਧੋਰੀਭਾਈ ਨੂੰ ਮਿਲੀ ਸੀ। ਧੋਰੀਭਾਈ ਨੇ ਆਪਣੀ ਰਿਹਾਇਸ਼ ਉਚੇੜ ਵਿੱਚ ਕਰ ਲਈ ਸੀ ਤਾਂ ਕਿ ਆਪਣੀ ਇਤਨੀ ਵੱਡੀ ਜਾਇਦਾਦ ਦਾ ਪ੍ਰਬੰਧ ਉਸ ਕੋਲ ਰਹਿ ਕੇ ਆਸਾਨੀ ਨਾਲ ਕਰ ਸਕੇ। ਧੋਰੀਭਾਈ ਅਤੇ ਬਾਬਰ ਦੇਵਾ ਦੇ ਸਾਲੇ ਬਾਬਰ ਮੋਤੀ ਵਿਚਕਾਰ ਝਗੜੇ ਦਾ ਕਾਰਨ ਇਕ ਤੀਵੀ ਸੀ। ਇਹ ਗੱਲ ਲੋਕਾਂ ਨੂੰ ਹੈਰਾਨ ਕਰ ਰਹੀ ਸੀ ਕਿ ਇਕ ਪਤਨਵਾਦੀਆ ਜਿਸ ਦਾ ਪਹਿਲਾਂ ਹੀ ਵੇਗਾ ਵੱਡਾ ਪਰਿਵਾਰ ਸੀ, ਇਕ ਔਰਤ ਦੀ ਖਿੱਚ ਦਾ ਕਾਰਨ ਕਿਵੇਂ ਬਣ ਗਿਆ ਸੀ। ਉਸ ਔਰਤ ਦਾ ਵੀ ਪਹਿਲਾਂ ਵਿਆਹ ਹੋ ਚੁੱਕਿਆ ਸੀ ਪਰ ਉਹ ਆਪਣੇ ਪਤੀ ਅਤੇ ਪੇ ਕਿਆਂ ਨੂੰ ਛੱਡ ਕੇ ਬਾਬਰ ਮੋਤੀ ਕੋਲ ਆ ਗਈ ਸੀ, ਜਿਹੜਾ ਹਮੇਸ਼ਾਂ ਆਪਣੇ ਕਮਰ ਕਸੇ ਵਿੱਚ ਇਕ ਰੰਗ ਬਰੰਗੇ ਮਿਆਨ ਵਿੱਚ ਤੇਜ਼ ਖੰਜਰ ਰਖਦਾ ਸੀ। ਉਹ ਕਈ ਸਾਲ ਤੋਂ ਇਕ ਦੁਰਾਡੇ ਪਿੰਡ ਵਿੱਚ ਰਹਿੰਦੇ ਸਨ। ਅਚਾਨਕ ਬਾਬਰ ਮੋਤੀ ਦੇ ਮਨ ਵਿੱਚ ਇੱਛਾ ਪੈਦਾ ਹੋਈ ਕਿ ਆਪਣੇ ਅਸਲ ਪਿੰਡ ਵਿੱਚ ਆ ਕੇ ਰਹੇ। ਆਪਣੀ ਇੱਛਾ ਪੂਰੀ ਕਰਨ ਲਈ ਇਕੋ ਇਕ ਰਸਤਾ ਸੀ। ਧੋਰੀਭਾਈ ਦਾ ਕੰਡਾ

ਕਢਣਾ ਪੈਂਦਾ ਸੀ। ਉਸ ਦੀ ਇੱਛਾ ਇਕੋ ਇਕ ਆਦਮੀ ਉਸ ਦਾ ਜੀਜਾ ਬਾਬਰ ਦੇਵਾ ਬਾਗ਼ੀ ਹੀ ਪੂਰੀ ਕਰ ਸਕਦਾ ਸੀ।

ਇਕ ਦਿਨ ਲੰਮ ਸਲੰਮਾ ਤੇ ਚੰਗੀ ਡੀਲ ਡੌਲ ਵਾਲਾ ਧੋਰੀ ਭਾਈ ਆਪਣੇ ਸਹੁਰੇ ਦੇ ਖੇਤਾਂ ਵਿੱਚ ਖੜੋਤਾ, ਇਕ ਕਾਮੇ ਕੋਲੋਂ ਬੇਲੋੜੀਆਂ ਝਾੜੀਆਂ ਪੁਟਵਾ ਰਿਹਾ ਸੀ ਕਿ ਇਕ ਆਦਮੀ ਦੌੜਦਾ ਦੌੜਦਾ ਆਇਆ ਅਤੇ ਧੋਰੀਭਾਈ ਨੂੰ ਖ਼ਬਰਦਾਰ ਕੀਤਾ, "ਆਪਣੀ ਜਾਨ ਬਚਾ ਲੈ ਨਹੀਂ ਤਾਂ ਮਾਰਿਆ ਜਾਵੇਂਗਾ ।"

"ਮੈਨੂੰ ਕੌਣ ਮਾਰਨਾ ਚਾਹੁੰਦਾ ਹੈ", ਬਿਨਾ ਕਿਸੇ ਘਬਰਾਹਟ ਦੇ ਉਸ ਕੜੀ ਵਰਗੇ ਪੱਤੀਦਾਰ ਨੇ ਕਿਹਾ।

"ਬਾਬਰ ਮੋਤੀ ਨੇ ਇਸ ਕੰਮ ਲਈ ਬਾਬਰ ਦੇਵਾ ਨੂੰ ਲਾਇਆ ਹੈ ਜਿਹੜਾ ਕਿਸੇ ਵੇਲੇ ਵੀ ਆ ਕੇ ਤੇਰਾ ਕੰਮ ਖ਼ਤਮ ਕਰ ਦੇਵੇਗਾ। ਦੌੜ ਜਾ ਜੇ ਭਲਾ ਚਾਹੁੰਦਾ ਹੈਂ?"

"ਮੈਂ ਸਮਝ ਗਿਆ। ਠੀਕ ਹੈ! ਬਾਬਰ ਦੇਵਾ ਨੂੰ ਆ ਲੈਣ ਦੇ ।" ਧੋਰੀ ਭਾਈ ਨੇ ਕਿਹਾ, "ਮੈਂ ਵੇਖਦਾ ਹਾਂ ਕਿ ਕੋਈ ਕਮੀਨਾ ਮੇਰਾ ਕੀ ਵਿਗਾੜਦਾ ਹੈ। ਮੇਰੇ ਲਈ ਉਹ ਇਕ ਤੁੱਛ ਕੀੜਾ ਹੈ ਜੋ ਮੈਂ ਆਪਣੇ ਪੇਟ ਵਿੱਚ ਚੁੱਕੀ ਫਿਰਦਾ ਹਾਂ ।"

ਉਹ ਚਟਾਨ ਦੀ ਤਰ੍ਹਾਂ ਫਾਰਮ ਵਿੱਚ ਖਲੋਤਾ ਰਿਹਾ ਜਦ ਕਿ ਬਾਗ਼ੀ ਬਾਬਰ ਦੇਵਾ ਉਸ ਤੇ ਆ ਕੇ ਟੁੱਟ ਪਿਆ। ਇਕ ਦੂਜੇ ਉੱਤੇ ਗਾਲ੍ਹਾਂ ਦੀ ਬੁਛਾੜ ਕੀਤੀ ਗਈ। ਬਾਬਰ ਨੇ ਬੰਦੂਕ ਚਲਾਈ ਪਰ ਧੋਰੀਭਾਈ ਅਜੇ ਵੀ ਅਹਿਲ ਖੜੋਤਾ ਸੀ। ਬੰਦੂਕ ਦੂਜੀ ਵਾਰ ਚੱਲੀ ਪਰ ਧੋਰੀ ਭਾਈ ਅਡੋਲ ਖੜ੍ਹਾ ਸੀ ਜਿਵੇਂ ਜ਼ਮੀਨ ਵਿੱਚ ਉਹ ਸਿੱਧਾ ਗੱਡਿਆ ਗਿਆ ਹੋਵੇ। ਬਾਬਰ ਉਸ ਦੇ ਕੋਲ ਆਇਆ ਅਤੇ ਬੰਦੂਕ ਦੀ ਨਾਲ ਨਾਲ ਉਸ ਨੂੰ ਹੇਠਾਂ ਡੇਗਿਆ।

*********

# ਪੀਰ ਆਲੀਆ

ਜਿਸ ਵੇਲੇ ਭਗਤ ਕਤਲ ਕਰਨ ਦੇ ਨਵੇਂ ਨਵੇਂ ਭਿਆਨਕ ਢੰਗ ਕੱਢ ਕੇ ਅਤੇ ਉਨ੍ਹਾਂ ਵਿੱਚ ਪੂਰਨਤਾ ਲਿਆ ਕੇ ਸਾਰੇ ਇਲਾਕੇ ਨੂੰ ਤਹਿਸ ਨਹਿਸ ਕਰ ਰਿਹਾ ਸੀ, ਅਲੀਆ ਵੀ ਉਸ ਦੇ ਨਾਲ ਆਣ ਰਲਿਆ। ਅਲੀਆ ਇਕ ਮੁਸਲਮਾਨ ਨੌਜਵਾਨ ਸੀ, ਜੋ ਮਸਾਂ ਬਾਈਆਂ ਸਾਲਾਂ ਦਾ ਸੀ। ਉਹ ਇਕ ਕਿਸਾਨ ਸੀ। ਉਹ ਬੋਰਸਦ ਦਾ ਰਹਿਣ ਵਾਲਾ ਸੀ। ਭਾਵੇਂ ਉਹ ਮੁਸਲਮਾਨ ਸੀ ਉਹ ਦੂਜਿਆਂ ਵਾਂਗ ਧੋਤੀ ਬੰਨ੍ਹਦਾ ਅਤੇ ਸਿਰ ਤੇ ਫਾਤਿਹਾ ਬੰਨ੍ਹਦਾ ਸੀ। ਜਦੋਂ ਉਸ ਦਾ ਕਿਸਾਨ ਪਿਓ ਮਰ ਗਿਆ ਤਾਂ ਉਸ ਨੇ ਆਪਣੀ ਜ਼ਮੀਨ ਚਾਨਣ ਭਾਈ ਵਕੀਲ ਨੂੰ ਵੇਚ ਦਿੱਤੀ। ਪਰ ਬੈ-ਨਾਮੇ ਵਿੱਚ ਇਹ ਸਪਸ਼ਟ ਨਹੀਂ ਸੀ ਕੀਤਾ ਗਿਆ ਕਿ ਜ਼ਮੀਨ ਦੇ ਵਿਚਕਾਰ ਖੜ੍ਹਾ ਅੰਬ ਦਾ ਬ੍ਰਿਛ ਕਿਸਦੀ ਮਲਕੀਅਤ ਹੋਵੇਗਾ। ਅਲੀਆ ਇਸ ਖ਼ਿਆਲ ਵਿੱਚ ਸੀ ਕਿ ਜ਼ਮੀਨ ਵਿਚਾਲੇ ਦਰਖ਼ਤ ਦਾ ਜ਼ਮੀਨ ਦੀ ਵਿਕਰੀ ਨਾਲ ਕੋਈ ਸਬੰਧ ਨਹੀਂ ਸੀ ਅਤੇ ਉਹ ਇਸ ਨੂੰ ਹਮੇਸ਼ਾਂ ਆਪਣੀ ਮਲਕੀਅਤ ਸਮਝਦਾ ਰਿਹਾ ਸੀ। ਚਾਨਣ ਭਾਈ ਵਕੀਲ ਦਾ ਖ਼ਿਆਲ ਸੀ ਕਿ ਅਲੀਏ ਦਾ ਦਿਮਾਗ ਖਰਾਬ ਹੋ ਗਿਆ ਹੈ ਅਤੇ ਉਸ ਨੇ ਅਲੀਏ ਨੂੰ ਸਾਫ ਕਹਿ ਦਿੱਤਾ ਸੀ।

ਅਲੀਏ ਨੇ ਉਸ ਨੂੰ ਧਮਕੀ ਦਿੱਤੀ, "ਚਾਚਾ ਚਾਨਣ ! ਆਪਣੀ ਜ਼ਿਦ ਛੱਡ ਦੇ!" ਮੈਂ ਉਸ ਦਰਖ਼ਤ ਦੇ ਅੰਬ ਖਾਣੇ ਹਨ ਅਤੇ ਜ਼ਰੂਰ ਖਾਣੇ ਹਨ। ਉਦੋਂ ਇਹ ਨਾ ਕਹੀਂ ਮੈਂ ਤੈਨੂੰ ਖਬਰਦਾਰ ਨਹੀਂ ਸੀ ਕੀਤਾ ।"

ਚਾਨਣ ਭਾਈ ਨੇ ਉਸ ਦੀ ਗੱਲ ਆਈ ਗਈ ਕਰਦੇ ਹੋਏ ਕਿਹਾ, "ਜਾ ! ਜਾ ! ਮੈਂ ਤੇਰੇ ਵਰਗੇ ਕਈ ਵੇਖੇ ਹਨ ।"

ਅਲੀਆ ਨੇ ਗੱਲ ਨੂੰ ਬੜੇ ਗੰਭੀਰ ਢੰਗ ਨਾਲ ਮੁਸਕਰਾਉਂਦਿਆਂ ਕਿਹਾ, "ਮੈਂ ਤੈਨੂੰ ਦਸ ਦਿਆਂਗਾ ਕਿ ਮੈਂ ਜੋ ਕੁਝ ਕਹਿ ਰਿਹਾ ਹਾਂ ਉਹ ਕਰਕੇ ਵੀ ਦਿਖਾਵਾਂਗਾ।"

ਮਈ ਦੇ ਮਹੀਨੇ ਵਿੱਚ ਦਰਖ਼ਤ ਦੀਆਂ ਟਹਿਣੀਆਂ ਹਰੇ ਅੰਬਾਂ ਨਾਲ ਲੱਦੀਆਂ ਗਈਆਂ ਤੇ ਭਾਰ ਨਾਲ ਜ਼ਮੀਨ ਤੱਕ ਝੁਕ ਗਈਆਂ। ਅਲੀਏ ਦਾ ਮੂੰਹ ਸਾਵੇ ਅੰਬਾਂ ਨੂੰ ਵੇਖ ਕੇ ਪਾਣੀ ਨਾਲ ਭਰ ਗਿਆ ਅਤੇ ਗੁੱਸੇ ਵਿੱਚ ਭਰਿਆ ਉਹ ਆਪਣੇ ਬੁੱਲ੍ਹਾਂ ਤੇ ਜੀਭ ਫੇਰਦਾ ਰਹਿ ਗਿਆ। ਜਦੋਂ ਅੰਬ ਪੱਕ ਗਏ ਤਾਂ ਚਾਨਣ ਭਾਈ ਉਨ੍ਹਾਂ ਨੂੰ ਤੋੜਨ ਲਈ ਆ ਗਿਆ, ਪਰ ਅਲੀਆ ਹੁਣ ਹੋਰ ਨਾ ਬਰਦਾਸ਼ਤ ਕਰ ਸਕਿਆ। ਉਸ ਨੇ ਚਾਨਣ ਭਾਈ ਦਾ ਖ਼ੂਨ ਕਰ ਦਿੱਤਾ ਅਤੇ ਭੱਜ ਗਿਆ। ਦੋ ਸਾਲ ਉਹ ਲੁਕਿਆ ਰਿਹਾ ਅਤੇ ਮਗਰੋਂ ਬਾਬਰ ਦੇਵਾ ਨਾਲ ਜਾ ਰਲਿਆ। ਡਕੈਤੀਆਂ ਦੇ ਦੌਰਾਨ ਉਹ ਛੁੱਟੀ ਚਲਾ ਜਾਂਦਾ ਅਤੇ ਉਸ ਦੇ ਪੈਰ ਹਮੇਸ਼ਾਂ ਉਸ ਨੂੰ ਇਕ ਖਾਸ ਪਿੰਡ ਵੱਲ ਲੈ ਜਾਂਦੇ। ਪਿੰਡ ਦੇ ਬਾਹਰ ਖੇਤ ਸਨ। ਖੇਤਾਂ ਵਿੱਚ ਇਕ ਮੋਟਰ ਬੰਬੀ ਲੱਗੀ ਹੋਈ ਸੀ, ਖੇਤਾਂ ਨੂੰ ਪਾਣੀ ਦੇਣ ਵਾਸਤੇ। ਖੇਤਾਂ ਦੀ ਸਾਵੀ ਕਚੂਰ ਹਰਿਆਲੀ ਵਿੱਚ ਇਕ ਸੁਥਰੀ ਜਿਹੀ ਝੁੱਗੀ ਬਣੀ ਹੋਈ ਸੀ, ਜਿਸ ਵਿੱਚ ਰਹਿੰਦੀ ਇਕ ਔਰਤ ਉਸ ਦਾ ਇੰਤਜ਼ਾਰ ਕਰਿਆ ਕਰਦੀ ਸੀ। ਇਹ ਉਸ ਦੀ ਜਵਾਨ ਪਤਨੀ ਸੀ। ਜਿਹੜਾ ਆਦਮੀ ਅਲੀਆ ਦੀ ਗੈਰ-ਹਾਜ਼ਰੀ ਵਿੱਚ ਉਸ ਦੀ ਰੱਖਿਆ ਕਰਦਾ ਅਤੇ ਉਸ ਨੂੰ ਪਨਾਹ ਦੇਂਦਾ ਸੀ ਉਸ ਨੂੰ ਅਲੀਆ ਮੁਨਾਸਬ ਇਨਾਮ ਦੇਂਦਾ ਸੀ- ਘੱਟੋ ਘੱਟ ਇਹੀ ਕਿਹਾ ਜਾਂਦਾ ਸੀ। ਇਹ ਆਦਮੀ ਉਸ ਖੇਤ ਤੇ ਝੁੱਗੀ ਦਾ ਮਾਲਕ ਸੀ।

ਇਕ ਦਿਨ ਮਾਲਕ ਨੂੰ ਜ਼ਿਲ੍ਹੇ ਦੇ ਪੁਲਿਸ ਮੁਖੀ ਨੇ ਬੁਲਾ ਕੇ ਧਮਕੀ ਦਿੱਤੀ ਕਿ ਉਸ ਦੀ ਜ਼ਮੀਨ ਜ਼ਬਤ ਕਰ ਲਈ ਜਾਵੇਗੀ ਅਤੇ ਉਸ ਨੂੰ ਕੈਦ ਕਰ ਲਿਆ ਜਾਵੇਗਾ।

"ਹਾਂ ਠੀਕ ਹੈ ਸਾਹਿਬ! ਕਿ ਉਹ ਅਲੀਆ ਦੀ ਪਤਨੀ ਹੈ" ਉਸ ਨੇ ਹੱਥ ਜੋੜ ਕੇ ਇਕਬਾਲ ਕੀਤਾ। ਹੋ ਸਕਦਾ ਹੈ ਉਹ ਇੱਥੇ ਆਉਂਦਾ ਜਾਂਦਾ ਵੀ ਰਿਹਾ ਹੋਵੇ। ਮੈਂ ਉਸ ਨੂੰ ਤੁਹਾਡੇ ਕੋਲ ਪਕੜਵਾਉਣ ਦੀ ਵੀ ਕੋਸ਼ਿਸ਼ ਕਰ ਸਕਦਾ ਹਾਂ, ਪਰ ਇਸ ਨਾਲ

ਬਾਬਰ ਦਾ ਗੁੱਸਾ ਭੜਕ ਉੱਠੇਗਾ। ਮੈਂ ਸਗੋਂ ਵਧੀਆ ਤਰੀਕਾ ਦੱਸਦਾ ਹਾਂ। ਜੇ ਅਲੀਏ ਨੂੰ ਬਾਬਰ ਦੇ ਪਿੱਛੇ ਲਾ ਦੇਈਏ ਤਾਂ ਕੀ ਆਪ ਅਲੀਏ ਦਾ ਕੇਸ ਹਮਦਰਦੀ ਨਾਲ ਵਿਚਾਰੋਗੇ ?

ਸਾਹਿਬ ਨੂੰ ਤਰਕੀਬ ਪਸੰਦ ਆਈ। ਸਾਹਿਬ ਦੀ ਪਰਵਾਨਗੀ ਮਿਲਣ ਦੀ ਦੇਰ ਸੀ ਕਿ ਇਸ ਉੱਤੇ ਅਮਲ ਹੋਣਾ ਵੀ ਸ਼ੁਰੂ ਹੋ ਗਿਆ। ਆਲੀਏ ਨੇ ਆਪਣੇ ਆਪਨੂੰ, ਪੋਸ਼ੀਦਗੀ ਵਿੱਚ, ਪੁਲਿਸ ਦੇ ਹਵਾਲੇ ਕਰ ਦਿੱਤਾ।

ਅਲੀਏ ਨੂੰ ਝਟਪਟ ਰਿਹਾਅ ਕਰ ਦਿੱਤਾ ਗਿਆ। ਉਸ ਨੇ ਆਪਣਾ ਵੱਖਰਾ ਜਥਾ ਬਣਾ ਲਿਆ ਅਤੇ ਚਾਰ ਨਵੇਂ ਸਾਥੀਆਂ ਨਾਲ, ਜਿਨ੍ਹਾਂ ਕੋਲ ਨਵੀਆਂ ਬੰਦੂਕਾਂ ਸਨ, ਮਾਰੋ ਮਾਰ ਕਰਨ ਲੱਗਾ। ਛੇਤੀ ਹੀ ਇਲਾਕੇ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਡਕੈਤੀਆਂ ਅਤੇ ਲੁੱਟਾਂ ਦਾ ਪਤਾ ਲੱਗ ਗਿਆ ਜਿਸ ਦੇ ਵਿਰੁੱਧ ਜ਼ਿਲ੍ਹਾ ਪੁਲਿਸ ਜਾਂ ਪ੍ਰਸ਼ਾਸਨ ਨੇ ਉਂਗਲ ਤੱਕ ਨਾ ਉਠਾਈ ਅਤੇ ਨਾ ਹੀ ਨਾਲ ਦੇ ਰਾਜ ਨੇ ਉਸ ਨੂੰ ਹੱਥ ਤੱਕ ਲਾਇਆ। ਕਈ ਕਹਾਣੀਆਂ ਚੱਕਰ ਲਾਉਣ ਲੱਗੀਆਂ ਕਿ ਅਲੀਏ ਦੇ ਨਵੇਂ ਸਾਥੀ ਪੁਲਿਸ ਦੇ ਹੱਥ ਠੋਕੇ ਹਨ; ਕਿ ਉਨ੍ਹਾਂ ਦੀਆਂ ਬੰਦੂਕਾ ਅਸਲ ਵਿੱਚ ਲਸੰਸਯਾਫ਼ਤਾ ਮਾਲਕਾਂ ਦੀਆਂ ਹਨ ਕਿ ਪ੍ਰਸ਼ਾਸਨ ਵੱਲੋਂ ਇਕ ਗਸ਼ਤੀ ਪੱਤਰ ਕੱਢਿਆ ਗਿਆ ਹੈ ਜਿਸ ਵਿੱਚ ਅਧੀਨ ਅਮਲੇ ਨੂੰ ਹਦਾਇਤ ਕੀਤੀ ਗਈ ਹੈ ਕਿ ਅਲੀਆ ਤੇ ਉਸ ਦੇ ਸਾਥੀਆਂ ਨੂੰ ਹੱਥ ਨਾ ਲਾਇਆ ਜਾਵੇ ਕਿ ਅਲੀਆ ਅਤੇ ਕਾਨੂੰਨ ਦੇ ਰਖਵਾਲਿਆਂ ਵਿਚਕਾਰ ਪੋਸ਼ੀਦਾ ਸਮਝੌਤਾ ਹੋ ਗਿਆ ਸੀ ਕਿ ਉਸ ਨੂੰ ਵੱਧ ਤੋਂ ਵੱਧ ਵਾਰਦਾਤਾਂ ਕਰਨ ਦਿੱਤੀਆਂ ਜਾਣ ਤਾਂ ਜੋ ਪੁਲਿਸ ਨਾਲ ਉਸ ਦੀ ਮਿਲੀਭੁਗਤ ਦਾ ਸ਼ੱਕ ਬਾਬਰ ਨੂੰ ਨਾ ਹੋ ਜਾਵੇ........... ਹਵਾ ਇਨ੍ਹਾਂ ਅਫਵਾਹਾਂ ਨਾਲ ਗਰਮ ਸੀ।

ਇਕ ਸ਼ਾਮ ਰਾਜਸਥਾਨ ਦਾ ਪੁਲਿਸ ਅਫਸਰ ਸਾਦੇ ਕੱਪੜਿਆਂ ਵਿੱਚ ਕਨਜਾਤ ਪਿੰਡ ਵਿੱਚ ਆਇਆ। ਉਹ ਇਕ ਪਤਨਵਾਦੀਏ ਦੇ ਘਰ ਗਿਆ। ਉਸ ਨੇ ਦਬੀ ਜ਼ਬਾਨ ਵਿੱਚ ਕਿਹਾ, “ਬਾਬਰ ਮੋਤੀ ਅਤੇ ਆਪਣੇ ਜੀਜਾ ਬਾਬਰ ਦੇਵਾ ਨੂੰ ਮਿਲ

ਕੇ ਕਹਿ ਦੇ ਕਿ ਖਬਰਦਾਰ ਰਹੇ ਨਹੀਂ ਤਾਂ ਉਹ ਛੇਤੀ ਹੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਖੜ੍ਹਾ ਹੋਵੇਗਾ ।"

"ਪਰ ਇਹ ਤਾਂ ਦਸ ਚੂਹਾ ਕੌਣ ਹੈ?"

"ਉਹ ਆਲੀਆ ਹੈ ।"

ਉਸ ਰਾਤ ਬਾਬਰ ਮੋਤੀ ਬਾਗ਼ੀ ਜੀਜੇ ਨੂੰ ਸਾਵਧਾਨ ਕਰਨ ਲਈ ਦੌੜਿਆ ਗਿਆ। ਰਾਜਸਥਾਨ ਦਾ ਪੁਲਿਸ ਅਫ਼ਸਰ ਪਿੰਡ ਵਿੱਚੋਂ ਇਸ ਯਕੀਨ ਨਾਲ ਨਿਕਲਿਆ ਕਿ ਬਾਬਰ ਦੇਵਾ ਨੂੰ ਫੜਨ ਦਾ ਸਿਹਰਾ ਜ਼ਿਲ੍ਹਾ ਪੁਲਿਸ ਆਪਣੇ ਸਿਰ ਨਹੀਂ ਬੰਨ੍ਹ ਸਕੇਗੀ। ਇਸ ਤਰ੍ਹਾਂ ਪ੍ਰਸ਼ਨ ਇਹ ਨਾ ਰਿਹਾ ਕਿ ਇਕ ਖੌਫ਼ਨਾਕ ਮੁਜਰਮ ਨੂੰ ਛੇਤੀ ਤੋਂ ਛੇਤੀ ਕਿਵੇਂ ਨੱਥ ਪਾਈ ਜਾਵੇ ਸਗੋਂ ਵੱਖ ਵੱਖ ਪ੍ਰਸ਼ਾਸਨਾਂ ਵਿਚਕਾਰ ਈਰਖਾ ਅਧੀਨ ਜ਼ਰੂਰੀ ਗੱਲ ਇਹ ਬਣ ਗਈ ਕਿ ਇਹ ਸ਼ਾਨਦਾਰ ਕੰਮ ਕਿਸੇ ਹੋਰ ਦੁਆਰਾ ਕੀਤੇ ਜਾਣ ਵਿੱਚ ਰੁਕਾਵਟ ਕਿਵੇਂ ਕੀਤੀ ਜਾਵੇ। ਇਸੇ ਸਮੇਂ ਹੀ, ਬਹੁਤ ਸਾਰੀਆਂ ਲੁੱਟਾਂ ਦੀ ਧੂੜ ਆਪਣੇ ਪਿੱਛੇ ਛੱਡਦਾ ਹੋਇਆ, ਅਤੇ ਨਵੀਆਂ ਬੰਦੂਕਾਂ ਤੇ ਨਵੇਂ ਸਾਥੀਆਂ ਦੇ ਜ਼ੋਰ ਨਾਲ ਬਚਿਆ ਅਲੀਆ ਵੀ ਇਕ ਸ਼ਾਮ ਕਨਜਾਤ ਵਿੱਚ ਬਾਬਰ ਮੋਤੀ ਦੇ ਘਰ ਪਹੁੰਚ ਗਿਆ। ਡਾਕੂ ਦਾ ਸਾਲਾ ਘਰ ਨਹੀਂ ਸੀ। ਉਸ ਦੀ ਪਤਨੀ ਘਰੇ ਹੀ ਸੀ।

"ਭਾਬੀ! ਅੱਜਕੱਲ੍ਹ ਭਗਤ ਕਿੱਥੇ ਹੈ ਭਲਾ ?"

ਚਲਾਕ ਔਰਤ ਨੇ ਜਵਾਬ ਦਿੱਤਾ, "ਮੈਨੂੰ ਪਤਾ ਨਹੀਂ ਕਾਫ਼ੀ ਚਿਰ ਤੋਂ ਅਸੀਂ ਉਸ ਬਾਰੇ ਕੁਝ ਨਹੀਂ ਸੁਣਿਆ ।"

ਉਸ ਦੀ ਗੱਲ ਤੇ ਸ਼ੱਕ ਕੀਤੇ ਬਿਨਾਂ ਅਲੀਆ ਕਨਜਾਤ ਤੋਂ ਭਗਤ ਨੂੰ ਹੋਰ ਥਾਂ ਢੂੰਡਣ ਲਈ ਚਲਾ ਗਿਆ।

ਫ਼ੌਜਦਾਰ ਨੇ ਕਿਹਾ, "ਅਲੀਆ ਨੂੰ ਕਾਨੂੰਨ ਤੋਂ ਪਨਾਹ ਕਿਸਨੇ ਦਿਵਾਈ ਸੀ? ਹੁਣ ਅਸੀਂ ਉਸ ਨੂੰ ਕਿੱਥੋਂ ਲੱਭੀਏ ?"

"ਇਕ ਜਗ੍ਹਾ ਕੋਸ਼ਿਸ਼ ਕਰਨੀ ਚਾਹੀਦੀ ਹੈ"

"ਕਿਹੜੀ ਜਗ੍ਹਾ?"

.............ਪਿੰਡ ਵਿੱਚ............ਭਾਈ ਦਾ ਘਰ। ਉਹ ਪੱਤੀਦਾਰ ਹੈ।

ਫੌਜਦਾਰ ਨੇ ਕਿਹਾ, "ਇਹ ਬਿਲਕੁਲ ਨਾ ਮੰਨਣਯੋਗ ਹੈ ।"

"ਫਿਰ ਵੀ ਇਹ ਗੱਲ ਸੱਚੀ ਹੈ। ਉਸ ਨੇ ਬਾਬਰ ਦੇਵਾ ਨੂੰ ਆਪਣੀ ਬੰਦੂਕ ਉਧਾਰ ਦਿੱਤੀ ਹੋਈ ਹੈ ?"

ਕਿੰਨੇ ਹੋਰ ਇੱਜ਼ਤਦਾਰ ਤੇ ਸਰਦੇ ਪੁੱਜਦੇ ਵਿਅਕਤੀ ਇਸ ਖ਼ੂਨ-ਰੇਜ਼ੀ ਵਿੱਚ ਸ਼ਾਮਨ ਸਨ, ਅਤੀਤ ਦੀ ਧੂੜ ਵਿੱਚ ਦਬ ਹੀ ਜਾਣ ਦਿਉ।

"................ਭਾਈ ਕਿੱਥੇ ਰਹਿੰਦਾ ਹੈ ?"

"ਉਹ ਆਪਣੇ ਖੇਤ ਵਿੱਚ ਰਹਿੰਦਾ ਹੈ ।"

"ਚਲੋ ਫਿਰ! ਚਲੀਏ ।"

ਜਿਸ ਆਦਮੀ ਨੇ ਬਾਬਰ ਨੂੰ ਆਪਣੀ ਬੰਦੂਕ ਉਧਾਰ ਦਿੱਤੀ ਸੀ ਉਹ ਦਬਾਉ ਹੇਠ ਬੋਲ ਪਿਆ। ਉਸ ਨੂੰ ਕਿਹਾ ਗਿਆ ਕਿ ਬਾਬਰ ਨੂੰ ਆਪਣੇ ਘਰ ਬੁਲਾਵੇ ਅਤੇ ਉਸ ਬਾਗੀ ਡਾਕੂ ਨੂੰ ਪੁਲਿਸ ਦੇ ਹਵਾਲੇ ਕਰਵਾਵੇ, ਉਸ ਨੂੰ ਕਿਹਾ ਗਿਆ ਕਿ ਉਸ ਵਾਸਤੇ ਆਪਣੀ ਜਾਨ ਬਚਾਉਣ ਦਾ ਇਹੀ ਇਕ ਰਸਤਾ ਹੈ। ਉਹ ਇਨ੍ਹਾਂ ਹਦਾਇਤਾਂ ਮੁਤਾਬਕ ਕੰਮ ਕਰਨਾ ਮੰਨ ਗਿਆ। ਇਕ ਹਫਤਾ ਉਹ ਮੁਖੀ ਨੂੰ ਆਪਣੇ ਮੱਖਣ ਵਿੱਚ ਫਸਾਉਣ ਲਈ ਟੱਕਰਾਂ ਮਾਰਦਾ ਰਿਹਾ ਪਰ ਬਾਬਰ, ਜਿਸ ਨੂੰ ਪਹਿਲਾਂ ਹੀ ਸੂਹ ਮਿਲ ਚੁੱਕੀ ਸੀ, ਉਸ ਦੇ ਗੇੜ ਵਿੱਚ ਨਾ ਆਇਆ। ਅਲੀਆ ਅਤੇ ਫੌਜਦਾਰ ਵਾਪਸ ਬੋਰਸਦ ਆ ਗਏ।

ਬਿਨਾਂ ਕਿਸੇ ਡਰ ਭੌਂ ਦੇ ਜੁਰਮ ਦੀ ਤਾਜ਼ਾ ਮਿਲੀ ਛੁੱਟੀ ਨਾਲ ਬਿਫਰਿਆ ਹੋਇਆ ਅਲੀਆ ਬੇਕਾਬੂ ਹੋ ਗਿਆ। ਉਸ ਨੇ ਬੋਰਸਦ ਦੇ ਮੁੱਖ ਬਾਜ਼ਾਰ ਵਿੱਚ ਦਿਨ ਦਿਹਾੜੇ ਆਪਣੇ ਇਕ ਵਿਰੋਧੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਦੂਜੇ ਦਾ ਨੱਕ ਵੱਢ ਦਿੱਤਾ। ਦੋਵੇਂ ਵਾਰਦਾਤਾਂ ਦਿਨ-ਦਿਹਾੜੇ ਕੀਤੀਆਂ ਗਈਆਂ ਸਨ। ਉਹ ਕਾਨੂੰਨ ਦੇ ਖੇਤਰ ਵਿੱਚੋਂ ਬਾਹਰ ਛੱਡਿਆ ਹੋਇਆ ਸੀ। ਕਿਉਂਕਿ ਉਸ ਦੇ ਜੁਰਮ ਬਾਬਰ ਦੇਵਾ ਨੂੰ ਭਰਮਾਉਣ ਲਈ ਅਤੇ ਫੜਨ ਲਈ ਜ਼ਰੂਰੀ ਸਮਝੇ ਗਏ ਸਨ। ਦੂਜੇ ਪਾਸੇ ਬਾਬਰ ਦੇ ਜ਼ੁਲਮਾਂ ਦੀ ਚੱਕੀ ਵੀ ਪੂਰੀ ਰਫ਼ਤਾਰ ਨਾਲ ਚਲਦੀ ਰਹੀ। ਕੌਮੀ ਨੇਤਾ ਮੰਗ ਕਰ ਰਹੇ ਸਨ ਕਿ ਅਲੀਏ ਨੂੰ ਫਾਹੇ ਲਾਇਆ ਜਾਵੇ ਪਰ ਅਲੀਏ, ਜਿਸ ਨੂੰ ਪ੍ਰਸ਼ਾਸਨ ਨੇ ਛੋਟ ਦਿੱਤੀ ਹੋਈ ਸੀ, ਨੇ ਪਿੰਡਾਂ ਵਿੱਚ ਅੱਤ ਚੁੱਕੀ ਹੋਈ ਸੀ। ਆਖਰ ਪੁਲਿਸ ਦਾ ਰਾਜ਼ ਫਾਸ਼ ਹੋ ਗਿਆ ਅਤੇ ਪ੍ਰਸ਼ਾਸਨ ਪਾਸ 'ਅਲੀਏ ਤੋਂ ਨਜਾਤ ਪਾਉਣ ਦੇ ਸਿਵਾ ਕੋਈ ਚਾਰਾ ਨਾ ਰਿਹਾ।

ਉਸ ਦੇ ਚਾਰ ਸਾਥੀਆਂ ਵਿੱਚੋਂ ਇਕ ਨੇ ਉਸ ਨੂੰ ਖਬਰਦਾਰ ਕੀਤਾ। " ਅਲੀਆ! ਹੁਣ ਤੇਰੀ ਖੈਰ ਨਹੀਂ। ਹੁਣ ਤੈਨੂੰ ਬਹੁਤੇ ਦਿਨ ਉਨ੍ਹਾਂ ਬਾਹਰ ਨਹੀਂ ਰਹਿਣ ਦੇਣਾ ।"

"ਹਲਾ ਇਹ ਗੱਲ ਹੈ? ਚੂਹਾ ਅਜੇ ਵੀ ਦਾਅ ਨਹੀਂ ਸੀ ਛੱਡ ਰਿਹਾ ।" ਜੇ ਇਹ ਗੱਲ ਠੀਕ ਹੈ ਤਾਂ ਆਉ ਅਸੀਂ ਆਖਰੀ ਵਾਰ ਮੌਜ ਮਨਾ ਲਈਏ। ਆਪਾਂ ਸੋਚ ਲਈਏ ਕਿ ਫੜੇ ਜਾਣ ਤੋਂ ਬਾਅਦ ਆਪਾਂ ਕੀ ਕਰਾਂਗੇ। ਅਸੀਂ ਸਮਾਂ ਆਉਣ ਤੇ ਪਾਸਾ ਪਲਟ ਦਿਆਂਗੇ।"

ਸ਼ਹਿਰ ਦੇ ਬਾਹਰਵਾਰ ਉਹ ਇਕ ਦਰਖ਼ਤ ਹੇਠਾਂ ਬੈਠ ਗਏ। ਉਨ੍ਹਾਂ ਨੇ ਰੱਜ ਕੇ ਖਾਧਾ ਪੀਤਾ। ਜਦੋਂ ਨਸ਼ੇ ਨਾਲ ਚੂਰ ਉਸ ਦੇ ਸਾਥੀਆਂ ਦੇ ਜਬਾੜੇ ਢਿੱਲੇ ਹੋ ਗਏ ਤਾਂ ਅਲੀਏ ਨੇ ਉਨ੍ਹਾਂ ਦੇ ਹਥਿਆਰ ਖੋਹ ਲਏ ਅਤੇ ਉਨ੍ਹਾਂ ਨੂੰ ਲੈ ਕੇ ਭੱਜ ਗਿਆ। ਉਸ ਦਾ

ਪਿੱਛਾ ਕੀਤਾ। ਗਿਆ, ਇਕ ਖੇਤ ਵਿੱਚ ਉਸ ਨੂੰ ਘੇਰ ਲਿਆ ਗਿਆ ਅਤੇ ਉਸ ਨੂੰ ਫੜ ਲਿਆ ਗਿਆ ।

ਫਾਂਸੀ ਦੇ ਤਖਤੇ ਉੱਤੋਂ ਇਕ ਰੱਸੀ ਨੂੰ ਝਟਕਾ ਵਜਿਆ ਅਤੇ ਅਲੀਆ ਖਤਮ ਹੋ ਗਿਆ। ਉਸ ਦੀ ਲਾਸ਼ ਨੂੰ ਬੋਰਸਦ ਲਿਆਉਣ ਦੀ ਆਗਿਆ ਦੇ ਦਿੱਤੀ ਗਈ। ਉਸ ਨੂੰ ਦਫ਼ਨਾ ਦਿੱਤਾ ਗਿਆ ਅਤੇ ਉੱਥੇ ਇਕ ਮਕਬਰੇ ਦੀ ਉਸਾਰੀ ਹੋ ਗਈ। ਅੱਜਕੱਲ੍ਹ ਉਸ ਨੂੰ ਅਲੀਆ ਪੀਰ ਕਹਿਕੇ ਮੰਨਿਆ ਜਾਂਦਾ ਹੈ ਅਤੇ ਉਸ ਦੇ ਮਕਬਰੇ ਦੀ ਜ਼ਿਆਰਤ ਹੁੰਦੀ ਹੈ।

**********

# ਬਾਬਰ ਦੇਵਾ-II

ਇਕ ਪੱਤੀਦਾਰ ਨੇ ਪਤਨਵਾਦੀਏ ਨੂੰ ਪੁੱਛਿਆ, “ਭਾਈ ! ਕੀ ਇਹ ਠੀਕ ਹੈ ਕਿ ਭਗਤ ਅੱਜਕੱਲ੍ਹ ਸਾਡੇ ਇਲਾਕੇ ਵਿੱਚ ਹੈ ?"

ਪਤਨਵਾਦੀਏ ਨੇ ਉੱਤਰ ਦਿੱਤਾ "ਹੋ ਸਕਦਾ ਹੈ,"

"ਮੇਰੇ ਘਰ ਨੂੰ ਪਵਿੱਤਰ ਕਰਵਾ ਸਕਦਾ ਹੈਂ?"

ਬਾਬਰ ਦੇਵਾ ਮਾਹੀ ਨਦੀ ਪਾਰ ਕਰ ਗਿਆ ਸੀ, ਅਤੇ ਖੇੜਾ ਜ਼ਿਲ੍ਹੇ ਨੂੰ ਪਿੱਛੇ ਛੱਡ ਉਹ ਭਾੜੁੱਚ ਵਿੱਚ ਜਾ ਵੜਿਆ ਸੀ। ਜਿਹੜਾ ਪੱਤੀਦਾਰ ਉਸ ਦੇ ਦਰਸ਼ਨ ਦਾ ਇੱਛਕ ਸੀ ਉਹ ਭਾੜੁੱਚ ਜ਼ਿਲ੍ਹੇ ਦੇ ਪਾਦਰਾ ਤਲੁੱਕਾ ਦੇ ਪਿੰਡ ਮਾਸਰ ਦਾ ਇੱਕ ਮੁਖੀ ਨਾਗਰਿਕ ਸੀ। ਉਹ ਆਪਣੇ ਇਕ ਦੋ-ਮੰਜ਼ਲੇ ਮਕਾਨ ਵਿੱਚ ਰਹਿੰਦਾ ਸੀ। ਜਿਸ ਪਤਨਵਾਦੀ ਨੂੰ ਬੇਨਤੀ ਕੀਤੀ ਗਈ ਸੀ, ਉਹ ਅਤੇ ਉਸ ਦਾ ਭਾਈ ਬਾਬਰ ਦੇਵਾ ਦੇ ਦੋਸਨ ਸਨ। ਉਹ ਅਕਸਰ ਉਹਦੇ ਨਾਲ ਜਾਇਆ ਕਰਦੇ ਸਨ; ਉਸ ਨੂੰ ਪਨਾਹ ਦੇਂਦੇ ਸਨ ਅਤੇ ਲੋੜ ਵੇਲੇ ਰਸਦ- ਪਾਣੀ ਦੇ ਕੇ ਉਸ ਦੀ ਸਹਾਇਤਾ ਕਰਿਆ ਕਰਦੇ ਸਨ।

ਇਕ ਰਾਤ ਪਤਨਵਾਦੀਏ ਨੇ ਪੱਤੀਦਾਰ ਦੀ ਇੱਛਾ ਪੂਰੀ ਕਰ ਦਿੱਤੀ। ਉਹ ਬਾਬਰ ਦੇਵਾ ਨੂੰ ਉਸਦੇ ਘਰ ਖਾਣੇ ਤੇ ਲੈ ਆਇਆ। ਉੱਪਰਲੀ ਮੰਜ਼ਲ ਤੇ ਮਹਿਮਾਨਾਂ ਨੂੰ ਖਾਣਾ ਖੁਆਇਆ ਗਿਆ। ਘਰ ਵਾਲੇ ਨੇ ਬਾਗੀ ਨੂੰ ਬੇਨਤੀ ਕੀਤੀ, "ਕੀ ਭਗਤ ਜੀ ! ਤੁਸੀਂ ਮੇਰੇ ਤੇ ਇਕ ਛੋਟੀ ਜਿਹੀ ਕਿਰਪਾ ਨਹੀਂ ਕਰੋਗੇ ?”

"ਕਿਉਂ ਨਹੀਂ?” ਬਾਬਰ ਨੇ ਉਸ ਨੂੰ ਧੰਨਵਾਦੀ ਬਣਾਇਆ ?

"ਮੈਂ ਤੁਹਾਨੂੰ ਪੰਜ ਸੌ ਰੁਪਏ ਇਨਾਮ ਦੇਵਾਂਗਾ ।”

"ਪਰ ਤੁਸੀਂ ਮੈਥੋਂ ਕੀ ਕਰਵਾਉਣਾ ਚਾਹੁੰਦੇ ਹੋ?"

.............ਭਾਈ ਮੇਰਾ ਦੁਸ਼ਮਣ ਹੈ। ਉਸ ਨੂੰ ਖਤਮ ਕਰ ਦਿਉ।"

...........ਭਾਈ ਦਾ ਨਾਂ ਸੁਣ ਕੇ ਡਾਕੂ ਦੇ ਪਤਨਵਾਦੀ ਦੋਸਤ ਨੇ ਅੱਖ ਮਾਰੀ।

ਬਾਬਰ ਨੇ ਆਪਣਾ ਸਿਰ ਹਿਲਾਉਂਦੇ ਹੋਏ ਕਿਹਾ, "ਮੈਂ ਤੁਹਾਡਾ ਕੰਮ ਕਰ ਦਿਆਂਗਾ, ਪਰ ਬਦਲੇ ਵਿੱਚ ਤੁਹਾਨੂੰ ਵੀ ਮੇਰਾ ਇਕ ਕੰਮ ਕਰਨਾ ਪਵੇਗਾ।"

"ਉਹ ਕੀ?"

ਭੱਟ ਨਾਂ ਦੇ ਇਕ ਫੌਜਦਾਰ ਨੇ ਮੈਨੂੰ ਫੜਨ ਦੀ ਕਸਮ ਖਾਧੀ ਹੈ। ਮੈਂ ਉਸ ਨੂੰ ਮਾਰਨਾ ਚਾਹੁੰਦਾ ਹਾਂ। ਕਿਸੇ ਤਰ੍ਹਾਂ ਉਸ ਨੂੰ ਆਪਣਾ ਘਰ ਬੁਲਵਾ ਦੇਣਾ ।" ਆਪਣੇ ਮਨ ਵਿੱਚ ਸੌਦਾ ਪੱਕਾ ਕਰਨ ਉਪਰੰਤ ਪੱਤੀਦਾਰ ਨੇ ਝੱਟ ਕਿਹਾ, "ਮੈਂ ਇਹ ਕਰ ਦਿਆਂਗਾ। ਪਰ ਤੁਸੀਂ ਉਸ ਨੂੰ ਮੇਰੇ ਘਰ ਵਿੱਚ ਨਹੀਂ ਮਾਰੋਗੇ ।"

"ਬਿਲਕੁਲ ਠੀਕ ਹੈ। ਮੈਂ ਉਸ ਨੂੰ ਇੱਥੋਂ ਚਲੇ ਜਾਣ ਮਗਰੋਂ ਮਾਰਾਂਗਾ ।"

"ਇਹ ਪੱਕਾ ਸੌਦਾ ਹੈ ।"

ਉਨ੍ਹਾਂ ਨੇ ਇਹ ਦੋ ਕਤਲ ਕਰਨ ਦੀ ਸਾਜ਼ਿਸ਼ ਵੇਰਵੇ ਨਾਲ ਤਿਆਰ ਕੀਤੀ ਅਤੇ ਫਿਰ ਬਾਬਰ ਦੇਵਾ ਆਪਣੇ ਦੋਸਤਾਂ ਨਾਲ ਚਲਾ ਗਿਆ।

ਜਦੋਂ ਉਹ ਆਪਣੇ ਰਸਤੇ ਤੇ ਪੈ ਗਏ ਤਾਂ ਉਸ ਦੇ ਪਤਨਵਾਦੀ ਦੋਸਤ ਨੇ ਕਿਹਾ,"ਤੂੰ ਵੀ ਅੱਵਲ ਦਰਜੇ ਦਾ ਬੇਵਕੂਫ਼ ਹੈ। ਜਿਸ ਆਦਮੀ ਨੂੰ ਉਹ ਮਰਵਾਉਣਾ ਚਾਹੁੰਦਾ ਹੈ, ਉਹ ਸਾਡੇ ਲਈ ਬਹੁਤ ਲਾਭਦਾਇਕ ਆਦਮੀ ਹੈ। ਤੂੰ ਉਸ ਨੂੰ ਮਾਰਨਾ ਕਿਉਂ ਮੰਨ ਲਿਆ?"

"ਜੇ ਮੈਂ ਇਹ ਨਾ ਮੰਨਦਾ ਤਾਂ ਮੈਂ ਭੱਟ ਨੂੰ ਕਿਵੇਂ ਮਾਰ ਸਕਾਂਗਾ?"

"ਭੱਟ ਦਾ ਸਫ਼ਾਇਆ ਕਰਨਾ ਤਾਂ ਕੋਈ ਔਖੀ ਗੱਲ ਨਹੀਂ। ਚਲੋ ਆਪਾਂ ਡਬਾਕਾ ਚਲੀਏ ।"

"ਐਸ ਵੇਲੇ ਉਹ ਕਿੱਥੇ ਹੋਵੇਗਾ?"

"ਅਸੀਂ ਉਸ ਨੂੰ ਮਾਰ ਦਿਆਂਗੇ, ਜਿੱਥੇ ਵੀ ਉਹ ਹੋਵੇਗਾ। ਭਾਵੇਂ ਪੁਲਿਸ ਥਾਣੇ ਵਿੱਚ ਹੀ ਹੋਵੇ ।"

"ਚਲ ਫਿਰ ਚਲੀਏ ।"

ਡਬਾਕਾ ਪਿੰਡ ਵਿੱਚ ਉਹ ਸਿੱਧੇ ਪੁਲਿਸ ਥਾਣੇ ਗਏ। ਮਿੱਟੀ ਦੇ ਤੇਲ ਦਾ ਲਾਲਟੈਨ ਕਮਰੇ ਵਿੱਚ ਮੱਧਮ ਜਿਹੀ ਰੋਸ਼ਨੀ ਕਰ ਰਿਹਾ ਸੀ ਅਤੇ ਇਕ ਪੁਲਿਸ ਅਫ਼ਸਰ ਮੇਜ਼ ਤੇ ਬੈਠਾ ਕੁਝ ਲਿਖ ਰਿਹਾ ਸੀ। ਬਾਬਰ ਨੇ ਉਸ ਨੂੰ ਆਪਣੀ ਗੋਲੀ ਨਾਲ ਹੇਠਾਂ ਡੇਗ ਦਿੱਤਾ। ਕਾਤਲ ਦੌੜ ਗਏ ਅਤੇ ਸਿਪਾਹੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ। ਜਲਦੀ ਹੀ ਗੋਲੀਆਂ ਚੱਲਣ ਦੀ ਆਵਾਜ਼ ਆਈ ਕਿਉਂਕਿ ਦੋਨਾਂ ਵਿਚਕਾਰ ਮੁਠਭੇੜ ਹੋ ਗਈ, ਇਕ ਗੋਲੀ ਬਾਬਰ ਦੇ ਗਿੱਟੇ ਵਿੱਚ ਲੱਗੀ, ਉਹ ਹਨੇਰੇ ਦਾ ਲਾਭ ਉਠਾ ਕੇ ਬਚ ਨਿਕਲਿਆ ਉਸ ਦੇ ਸਾਥੀ ਉਸ ਨੂੰ ਚੁੱਕ ਕੇ ਜਲਾਲਪੁਰ ਇਕ ਲੁਬਾਣੇ ਦੇ ਘਰ ਲੈ ਗਏ। ਲੁਬਾਣੇ ਦਾ ਨਾਂ ਛੋਟਾ ਸੀ। ਇਕ ਡਾਕਟਰ ਨੂੰ ਬੁਲਾਇਆ ਗਿਆ। ਉਸ ਨੇ ਬਾਬਰ ਦੇ ਪੈਰ ਵਿੱਚੋਂ ਗੋਲੀ ਕੱਢ ਦਿੱਤੀ ਪਰ ਉਸ ਨੂੰ ਅਗਲੇ ਤਿੰਨ ਮਹੀਨੇ ਆਰਾਮ ਕਰਨ ਲਈ ਕਿਹਾ। ਬਾਬਰ ਲੁਬਾਣੇ ਕੋਲ ਹੀ ਤਿੰਨ ਮਹੀਨੇ ਰਿਹਾ। ਇੱਥੇ ਹੀ ਬਾਬਰ ਨੂੰ ਪਤਾ ਲੱਗਿਆ ਕਿ ਡਬਾਕਾ ਦੇ ਪੁਲਿਸ ਸਟੇਸ਼ਨ ਵਿੱਚ ਜਿਸ ਆਦਮੀ ਨੂੰ ਉਸ ਨੇ ਗੋਲੀ ਨਾਲ ਮਾਰਿਆ ਸੀ, ਉਹ ਭੱਟ ਨਹੀਂ ਸੀ ਸਗੋਂ ਇਕ ਬੇਕਸੂਰ ਜਮਾਂਦਾਰ ਰਗੜਿਆ ਗਿਆ ਸੀ। ਫੌਜਦਾਰ ਉਸ ਰਾਤ ਬਾਹਰ ਗਸ਼ਤ ਉੱਤੇ ਗਿਆ ਹੋਇਆ ਸੀ। ਉਸ ਦਾ ਪਤਨਵਾਦੀ ਦੋਸਤ ਫੜਿਆ ਗਿਆ ਸੀ ਅਤੇ ਉਸ ਨੂੰ 32 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ। ਬਾਬਰ ਨੇ ਆਪਣੀ ਬੀਮਾਰੀ ਦਾ ਤਿੰਨ ਮਹੀਨਿਆਂ ਦਾ ਇਹ ਸਮਾਂ ਲੁਬਾਣੇ ਦੇ ਘਰ ਵਿੱਚ ਹੀ ਗੁਜ਼ਾਰਿਆ। ਉਸ ਨੇ ਲੁਬਾਣੇ ਦੀ ਪਤਨੀ ਮਣੀ ਨੂੰ ਆਪਣੀ ਭੈਣ

ਬਣਾ ਲਿਆ। ਰਾਜ਼ੀ ਹੋ ਜਾਣ ਤੋਂ ਬਾਅਦ ਉਹ ਟਾਂਡਵ ਨਾਂ ਦੇ ਇਕ ਪਿੰਡ ਵਿੱਚ ਚਲਾ ਗਿਆ ਜਿੱਥੇ ਪਿੰਡ ਦੇ ਮੁਖੀ ਇਕ ਪੱਤੀਦਾਰ ਨੇ ਉਸ ਨੂੰ ਆਪਣੇ ਘਰ 'ਮਹਿਮਾਨ ਬਣਾਇਆ।

ਇਕ ਦਿਨ ਜੇਲ੍ਹ ਵਿੱਚ ਗਏ ਪਤਨਵਾਦੀਏ ਦਾ ਭਰਾ ਬਾਬਰ ਨੂੰ ਮਿਲਣ ਵਾਸਤੇ ਟਾਂਡਵ ਆਇਆ। ਉਸ ਨੇ ਡਾਕੂ ਨੂੰ ਕਿਹਾ, “ਬਾਬਰ ! ਤੇਰੇ ਗੁਨਾਹਾਂ ਕਰਕੇ ਮੇਰਾ ਭਰਾ ਜ਼ਿੰਦਾ ਮਾਰਿਆ ਗਿਆ ਹੈ। ਉਹ ਜ਼ਿੰਦਾ ਬਾਹਰ ਨਹੀਂ ਆਵੇਗਾ ਅਤੇ ਉਸ ਦੀਆਂ ਕੁੜੀਆਂ ਦੀ ਦੇਖਭਾਲ ਕਰਨੀ ਸਾਡਾ ਫ਼ਰਜ਼ ਹੈ।”

“ਉਨ੍ਹਾਂ ਨੂੰ ਕੀ ਹੋਇਆ ਹੈ?”

“ਉਹ ਵੱਡੀਆਂ ਹੋ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਸ਼ਾਦੀਆਂ ਕਰਨੀਆਂ ਹਨ।” ਡਾਕ ਨੇ ਉਸ ਨੂੰ ਯਕੀਨ ਦਵਾਉਂਦਿਆਂ ਕਿਹਾ, "ਤੂੰ ਚਿੰਤਾ ਨਾ ਕਰ। ਮੇਰੇ ਲਈ ਉਹ ਮੇਰੀਆਂ ਆਪਣੀਆਂ ਧੀਆਂ ਵਰਗੀਆਂ ਹਨ। ਤੂੰ ਉਨ੍ਹਾਂ ਲਈ ਮੁੰਡੇ ਲੱਭ ਲੈ ਤੇ ਮੈਨੂੰ ਦੱਸ ਦੇ। ਮੈਂ ਸਾਰਾ ਖ਼ਰਚ ਅਦਾ ਕਰਾਂਗਾ।”

ਉਹ ਪਤਨਵਾਦੀਆ ਆਪਣੀਆਂ ਭਤੀਜੀਆਂ ਵਿੱਚੋਂ ਇਕ ਲਈ ਵਰ ਢੂੰਡਣ ਦੀ ਬਜਾਏ ਵਡੋਦਰਾ ਦੇ ਪੁਲਿਸ ਕਮਿਸ਼ਨਰ ਕੋਲ ਚਲਾ ਗਿਆ। ਇਸ ਤਰੀਕੇ ਨਾਲ ਉਸ ਅਜਿੱਤ ਅਤੇ ਬਹਾਦਰ ਬਾਬਰ ਨੂੰ ਜਾਲ ਵਿੱਚ ਫਸਾ ਕੇ, ਫੜਾਉਣ ਦਾ ਪਹਿਲਾ ਪੜਾਅ ਪੂਰਾ ਹੋ ਗਿਆ। ਬਾਬਰ ਹੁਣ ਹਵਾ ਵਿੱਚ ਬਿਲਕੁਲ ਅਲੋਪ ਹੀ ਹੋ ਗਿਆ। ਉਸ ਦੇ ਛੁਪਣ ਦੇ ਟਿਕਾਣਿਆਂ ਦਾ ਹੁਣ ਕੋਈ ਧੂੰਆਂ ਵੀ ਨਹੀਂ ਸੀ ਨਿਕਲਦਾ। ਸਿਸਾਨਾ ਪਿੰਡ ਦਾ ਇਕ ਹੋਰ ਪਤਨਵਾਦੀਆ ਜਿਹੜਾ ਪੱਕਾ ਨਿਸ਼ਾਨੇ ਬਾਜ਼ ਸੀ, ਚੋਰੀ ਦੇ ਕੇਸ ਵਿੱਚ ਸਜ਼ਾ ਪਾ ਕੇ ਕੈਦ ਹੋ ਗਿਆ। ਉਹ ਪਹਿਰੇਦਾਰ ਨੂੰ ਮਾਰ ਕੇ ਜੇਲ੍ਹ ਵਿੱਚੋਂ ਨਸ ਆਇਆ ਅਤੇ ਮਗਰੋਂ ਬਾਬਰ ਨਾਲ ਜਾ ਰਲਿਆ ਸੀ। ਦਬਾਓ ਵਿੱਚ ਆ ਕੇ ਉਸ ਨੇ ਬਾਬਰ ਦੇ ਸਾਥੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ ਬਾਰੇ ਸਾਰੀ ਜਾਣਕਾਰੀ ਦੇ ਦਿੱਤੀ। ਇਸ ਜਾਣਕਾਰੀ ਦੇ ਆਧਾਰ ਤੇ ਇਕ ਜਾਲ ਵਿਛਾਇਆ ਗਿਆ। ਪੁਲਿਸ ਦੇ ਮੁਖੀ ਨੇ

ਫ਼ਰਸ਼ ਦੇ ਵਿਚਕਾਰ ਇਕ ਗੋਲ ਚੱਕਰ ਬਣਾਇਆ। ਉਸ ਵਿੱਚ ਮਿੱਟੀ ਦਾ ਇਕ ਦੀਵਾ ਰੱਖ ਦਿੱਤਾ। ਉਸ ਦੇ ਭਰਾ ਨੂੰ ਦੀਵੇ ਦੀ ਕਸਮ ਖੁਆਈ ਕਿ ਉਹ ਬਾਬਰ ਨੂੰ ਪੁਲਿਸ ਦੇ ਹਵਾਲੇ ਕਰ ਦੇਵੇਗਾ। ਜਿੱਥੋਂ ਤੱਕ ਪੁਲਿਸ ਦਾ ਸਵਾਲ ਹੈ ਇਹ ਦੀਵਾ, ਇਹ ਗੋਲ ਚੱਕਰ ਅਤੇ ਇਹ ਸਹੁੰ ਸਭ ਕੁਝ ਇਕ ਨਾਟਕ ਹੀ ਸੀ, ਪਰ ਭਰਾ ਉਸ ਨੂੰ ਇਕ ਪਵਿੱਤਰ ਸਹੁੰ ਸਮਝਦਾ ਸੀ। ਉਸ ਨੇ ਦੀਵੇ ਦੀ ਸਹੁੰ ਖਾਧੀ ਸੀ ਅਤੇ ਉਸ ਤੇ ਕਾਇਮ ਸੀ। ਉਹ ਬਾਬਰ ਨੂੰ ਭਤੀਜੀਆਂ ਦੀ ਸ਼ਾਦੀ ਦੇ ਬਹਾਨੇ ਜਾ ਮਿਲਿਆ ਸੀ।

ਉਸ ਨੇ ਪੁਲਿਸ ਨੂੰ ਦੱਸਿਆ ਕਿ ਬਾਬਰ ਉਸ ਦੀਆਂ ਭਤੀਜੀਆਂ ਦੀ ਸ਼ਾਦੀ ਵਿੱਚ ਮਦਦ ਕਰਨ ਲਈ ਤਿਆਰ ਹੈ। ਪੁਲਿਸ ਨੇ ਭਰਾ ਨੂੰ ਵਾਪਸ ਡਾਕੂ ਕੋਲ ਭੇਜਿਆ। ਪਲਾਨ ਹੋਰ ਗਹਿਰਾ ਹੋ ਗਿਆ।

ਮੇਰੀ ਭਤੀਜੀ ਲਈ ਵਰ ਮਿਲ ਗਿਆ ਹੈ, "ਪਤਨਵਾਦੀ ਭਰਾ ਨੇ ਬਾਬਰ ਨੂੰ ਕਿਹਾ। ਮੈਨੂੰ ਉਸ ਦੀ ਸ਼ਾਦੀ ਲਈ ਦੋ ਹਜ਼ਾਰ ਰੁਪਏ ਦੀ ਲੋੜ ਪਵੇਗੀ ।"

" ਆਹ ਲੈ ਛੋਟੀਆ ਦੇ ਨਾਂ ਰੁੱਕਾ। ਉਹ ਤੈਨੂੰ ਰਕਮ ਦੇ ਦੇਵੇਗਾ ।" ਦੋ ਦਿਨਾਂ ਮਗਰੋਂ ਉਹ ਫਿਰ ਡਾਕੂ ਕੋਲ ਆ ਗਿਆ। ਕਹਿਣ ਲੱਗਾ " ਛੋਟੀਆ ਕਹਿੰਦਾ ਹੈ ਕਿ ਰਕਮ ਤੈਨੂੰ ਹੀ ਦੇਵੇਗਾ। ਉਸ ਨੇ ਪੁੱਛ ਭੇਜਿਆ ਹੈ ਕਿ ਤੂੰ ਕਦੋਂ ਆ ਕੇ ਰਕਮ ਲੈ ਜਾਵੇਂਗਾ। ਉਹ ਜਾਣਨਾ ਚਾਹੁੰਦਾ ਹੈ ਤਾਂ ਕਿ ਉਹ ਉਸ ਵੇਲੇ ਰਕਮ ਤਿਆਰ ਰੱਖ ਸਕੇ। ਉਹ ਇਤਨੀ ਵੱਡੀ ਰਕਮ ਐਵੇਂ ਹੀ ਘਰ ਵਿੱਚ ਰੱਖ ਛੱਡਣ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦਾ ।"

"ਠੀਕ ਹੈ!" ਅਤੇ ਬਾਬਰ ਨੇ ਮਿਲਣ ਦੀ ਤਰੀਕ ਦਾ ਹਿਸਾਬ ਲਾਇਆ। ਉਸ ਨੇ ਕਿਹਾ ਜਲਾਲਪੁਰ ਦੇ ਲੁਬਾਣਾ ਦੋਸਤ ਨੂੰ ਵੀ ਉਹ ਦੱਸ ਦੇਵੇ । ਸਾਬਕਾ ਮੁਜਰਮ ਪਤਨਵਾਦੀ ਨੇ ਵਡੋਦਰਾ ਦੇ ਪੁਲਿਸ ਕਮਿਸ਼ਨਰ ਨੂੰ ਸਿਧਿਆਂ ਜਾ ਕੇ ਸਾਰੀ ਗੱਲ ਦੱਸ ਦਿੱਤੀ।

ਉਸ ਨਿਸ਼ਚਿਤ ਦਿਨ ਵਿਸ਼ਵਮਿਤਰੀ ਅਤੇ ਪਾਦਰਾ ਨੂੰ ਜਾਂਦੀ ਟ੍ਰਾਲੀ ਗੱਡੀ ਪਾਦਰਾ ਦੇ ਸਟੇਸ਼ਨ ਤੇ ਨਾ ਰੁਕੀ। ਇਸ ਦੀ ਬਜਾਏ ਉਹ ਪਾਦਰਾ ਦੇ ਸਟੇਸ਼ਨ ਤੋਂ ਅੱਗੇ ਅਤੇ ਭੇਜ ਮੋਭਾ ਦੇ ਵਿਚਾਲੇ ਇਕ ਉਜਾੜ ਜਿਹੀ ਥਾਂ ਤੇ ਹੌਲੀ ਹੋ ਗਈ। ਤਰਕਾਲਾਂ ਦੇ ਘੁਸ-ਮੁਸੇ ਵਿੱਚ ਬਹੁਤ ਸਾਰੇ ਲੋਕ ਡੱਬੇ ਵਿੱਚੋਂ ਉਤਰ ਆਏ। ਇਕ ਮਰਾਠਾ ਵੀ ਡੱਬੇ ਵਿੱਚ ਬੈਠੇ ਰਹਿਣ ਦੀ ਬਜਾਏ ਹੇਠਾਂ ਉਤਰ ਕੇ ਹੋਰਨਾਂ ਨਾਲ ਰਲ ਗਿਆ।

" ਤੂੰ ਕੌਣ ਹੈਂ ਤੇ ਸਾਡੇ ਨਾਲ ਕਿਉਂ ਜਾ ਰਿਹਾ ਹੈਂ ?" ਕਿਸੇ ਨੇ ਉਸ ਨੂੰ ਪੁੱਛਿਆ।

"ਸਾਹਿਬ! ਮਿਹਰਬਾਨੀ ਕਰਕੇ ਮੈਨੂੰ ਵੀ ਨਾਲ ਲੈ ਚਲੋ ਅਤੇ ਮੈਨੂੰ ਵੀ ਥੋੜ੍ਹਾ ਬਹੁਤਾ ਲਾਭ ਉਠਾ ਲੈਣ ਦਿਉ ।"

ਉਨ੍ਹਾਂ ਸਾਰਿਆਂ ਵਿੱਚ ਹਾਸੇ ਦੀ ਛਣਕਾਰ ਦੌੜ ਗਈ। ਉਹ ਖੇਤਾਂ ਵਿੱਚੋਂ ਲੰਘ ਰਹੇ ਸਨ। ਮਿੰਟਾਂ ਵਿੱਚ ਹੀ ਉਹ ਅੱਖੋਂ ਓਹਲੇ ਹੋ ਗਏ। ਉਹ ਪੁਲਿਸ ਕਮਿਸ਼ਨਰ ਵਡੋਦਰਾ ਅਤੇ ਉਸ ਦੇ ਪੰਜਾਹ ਸ਼ਸਤਰਬੱਧ ਚੋਣਵੇਂ ਜਵਾਨ ਸਨ। ਜਿਹੜਾ ਆਦਮੀ ਇਸ ਗਰੁੱਪ ਵਿੱਚੋਂ ਪਿੱਛੋਂ ਆ ਕੇ ਰਲਿਆ ਸੀ ਉਹ ਰੇਲਵੇ ਪੁਲਿਸ ਦਾ ਫੌਜਦਾਰ ਸੀ, ਜੋ ਮਿਲਣ ਵਾਲੇ ਲਾਭ ਦਾ ਹਿੱਸੇਦਾਰ ਬਣਨ ਦਾ ਲਾਲਚ ਰੱਖਦਾ ਸੀ। ਉਨ੍ਹਾਂ ਨੂੰ ਕੋਈ ਨਾ ਦੇਖ ਸਕਿਆ ਅਤੇ ਜਲਾਲਪੁਰ ਪਹੁੰਚ ਕੇ ਉਨ੍ਹਾਂ ਨੇ ਜ਼ਰੂਰੀ ਥਾਵਾਂ ਉੱਤੇ ਪੁਜ਼ੀਸ਼ਨਾਂ ਲੈ ਲਈਆਂ।

ਲੁਬਾਣੇ ਦੇ ਘਰ ਵਿੱਚ ਮਿੱਟੀ ਦੇ ਤੇਲ ਦਾ ਇਕ ਲਾਲਟੈਨ ਨਿੰਮ੍ਹਾ ਜਿਹਾ ਜਲ ਰਿਹਾ ਸੀ। ਮਕਾਨ ਅੰਦਰੋਂ ਬੰਦ ਸੀ। ਛੱਤ ਤੋਂ ਇਕ ਪੀਂਘ ਲਟਕ ਰਹੀ ਸੀ ਜਿਸ ਦਾ ਮੂੰਹ ਦਰਵਾਜ਼ੇ ਵਾਲੇ ਪਾਸੇ ਸੀ। ਇਸ ਪੀਂਘ ਉੱਤੇ ਇਕ ਔਰਤ ਬੈਠੀ ਵਿਖਾਈ ਦੇ ਰਹੀ ਸੀ। ਲੁਬਾਣੇ ਦੀ ਤਨੀ ਆਰਾਮ ਕਰਨ ਲਈ ਉਸ ਪੀਂਘ ਉੱਤੇ ਬੈਠਿਆ ਕਰਦੀ ਸੀ, ਇਹ ਗੱਲ ਸਭ ਨੂੰ ਪਤਾ ਸੀ।

ਜਦੋਂ ਪਿੰਡ ਨੂੰ ਡੂੰਘੇ ਹਨੇਰੇ ਨੇ ਲਪੇਟ ਲਿਆ ਤਾਂ ਦਰਵਾਜ਼ੇ ਵਿੱਚੋਂ ਕਿਸੇ ਨੇ ਹੌਲੀ- ਜਿਹੀ ਆਵਾਜ਼ ਦਿੱਤੀ, "ਮਨੀ ਭੈਣ ! ਦਰਵਾਜ਼ਾ ਖੋਲ੍ਹੀਂ ।"

ਦਰਵਾਜ਼ਾ ਖੋਲ੍ਹਿਆ ਗਿਆ ਅਤੇ ਔਰਤ ਝਟਪਟ ਪੀਂਘ ਵੱਲ ਪਿਛਾਂਹ ਪਰਤ ਗਈ ਉਸ ਨੇ ਰੌਲਾ ਪਾ ਦਿੱਤਾ। ਖ਼ਬਰਦਾਰ ! ਮੈਨੂੰ ਦਾਲ ਵਿੱਚ ਕੁਝ ਕਾਲਾ ਲਗਦਾ ਹੈ।

"ਨਹੀਂ! ਨਹੀਂ ! ਆਉ, ਅੰਦਰ ਚਲੋ" ਸਾਥੀ ਨੇ ਕਿਹਾ ਅਤੇ ਉਸ ਨੇ ਸ਼ੱਕ ਕਰਨ ਵਾਲੇ ਨੂੰ ਅੰਦਰ ਵੱਲ ਧੱਕ ਦਿੱਤਾ। ਸ਼ੱਕ ਕਰਨ ਵਾਲਾ ਵਿਅਕਤੀ ਠੇਡਾ ਖਾ ਕੇ ਡਿੱਗ ਪਿਆ ਅਤੇ ਉਸ ਦੇ ਸੰਭਲਣ ਤੋਂ ਪਹਿਲਾਂ ਦਰਵਾਜ਼ੇ ਦੇ ਦੋਨੋਂ ਪਾਸਿਆਂ ਤੋਂ ਦੋ ਦੋ ਆਦਮੀਆਂ ਨੇ ਉਸ ਨੂੰ ਦਬੋਚ ਕੇ ਫ਼ਰਸ਼ ਤੇ ਪਾ ਲਿਆ। ਫ਼ਰਸ਼ ਤੇ ਪਿਆ ਆਦਮੀ ਚੰਗਾ ਤਕੜਾ ਸੀ। ਇਕ ਭਿਆਨਕ ਹੱਥੋਪਾਈ ਸ਼ੁਰੂ ਹੋ ਗਈ। ਕੋਈ ਆਦਮੀ ਪੌੜੀਆਂ ਤੋਂ ਹੇਠਾਂ ਉਤਰਦਾ ਹੋਇਆ ਇਕ ਪੌੜੀ ਛੱਡ ਗਿਆ ਅਤੇ ਧਰਤੀ ਤੇ ਆ ਡਿਗਿਆ। ਕਈ ਹੋਰ ਜੋ ਘਰ ਦੇ ਬਾਕੀ ਹਿੱਸਿਆਂ ਵਿੱਚ ਲੁਕੇ ਬੈਠੇ ਸਨ ਡਿੱਗੇ ਹੋਏ ਸ਼ਿਕਾਰ ਦੁਆਲੇ ਆ ਇਕੱਠੇ ਹੋਏ। ਜਿਸ ਆਦਮੀ ਨੂੰ ਉਸ ਦੇ ਸਾਥੀ ਨੇ ਅੰਦਰ ਧੱਕਿਆ ਸੀ ਉਹ ਬਾਬਰ ਦੇਵਾ ਡਾਕੂ ਸੀ ਜਿਹੜਾ ਆਦਮੀ ਪੌੜੀ ਤੋਂ ਡਿੱਗਿਆ ਸੀ ਉਹ ਪੁਲਿਸ-ਕਮਿਸ਼ਨਰ ਸੀ। ਅੰਦਰ ਲੁਕੇ ਲੁਕੇ ਹੋਏ ਆਦਮੀ ਉਸਦੇ ਸਨ। ਉਨ੍ਹਾਂ ਨੇ ਆਖਰ ਬਾਬਰ ਦੇਵਾ ਨੂੰ ਕਾਬੂ ਕਰ ਲਿਆ। ਦੂਜਿਆਂ ਨੇ ਉਸ ਦੇ ਸਾਥੀ ਦਾ ਪਿੱਛਾ ਕੀਤਾ ਜਿਹੜਾ ਭਗਦੜ ਦਾ ਫਾਇਦਾ ਉਠਾ ਕੇ ਨੱਸ ਗਿਆ ਸੀ। ਜਦੋਂ ਉਹ ਪਿੰਡ ਦੀ ਚੌਪਾਲ ਦੇ ਕੋਲੋਂ ਦੌੜ ਰਿਹਾ ਸੀ ਤਾਂ ਚੌਪਾਲ ਤੋਂ ਇੱਕ ਆਦਮੀ ਛਾਲ ਮਾਰ ਕੇ ਉਤਰ ਆਇਆ ਅਤੇ ਪਿੱਛੇ ਹੋ ਲਿਆ। ਪਿੱਛਾ ਕਰ ਰਹੇ ਸਿਪਾਹੀਆਂ ਨੇ ਉਸ ਨੂੰ ਬਾਬਰ ਦੇਵਾ ਦਾ ਸਾਥੀ ਸਮਝ ਕੇ ਗੋਲੀ ਮਾਰ ਕੇ ਮਾਰ ਦਿੱਤਾ। ਨਜ਼ਦੀਕ ਆ ਕੇ ਉਨ੍ਹਾਂ ਲਾਸ਼ ਪਛਾਣ ਲਈ। ਇਹ ਰੇਲਵੇ ਪੁਲਿਸ ਦਾ ਫ਼ੌਜਦਾਰ ਸੀ। ਜਿਹੜਾ ਮਿਲਣ ਵਾਲੇ ਇਨਾਮ ਵਿੱਚੋਂ ਹਿੱਸਾ ਲੈਣਾ ਚਾਹੁੰਦਾ ਸੀ।

ਉਸ ਸਮੇਂ ਦੋ ਆਦਮੀ ਪਿੰਡ ਤੋਂ ਬਾਹਰ ਇੰਤਜ਼ਾਰ ਕਰ ਰਹੇ ਸਨ। ਗੋਲੀ ਚੱਲਣ ਦੀ ਆਵਾਜ਼ ਅਤੇ ਸ਼ੋਰ ਸ਼ਰਾਬਾ ਸੁਣ ਕੇ ਉਹ ਦੋਵੇਂ ਬੈਲ-ਗੱਡੀ ਵਿੱਚ ਬੈਠ ਕੇ ਦੌੜ ਗਏ। ਉਹ ਟਾਂਡਵ ਦੇ ਮੁਖੀ ਪੱਤੀਦਾਰ ਦੇ ਪੁੱਤਰ ਸਨ ਜਿਹੜੇ ਬਾਬਰ ਨੂੰ ਬੈਲ ਗੱਡੀ ਵਿੱਚ ਬਿਠਾ ਕੇ ਜਲਾਲਪੁਰ ਤੱਕ ਲਿਆਏ ਸਨ। ਉਹ ਟਾਂਡਵ ਵਾਪਸ ਚਲੇ ਗਏ ਅਤੇ ਉੱਥੇ ਪਹੁੰਚ ਕੇ ਬਾਬਰ ਦੀ ਪਤਨੀ ਨੂੰ ਕਹਿਣ ਲੱਗੇ, "ਭਾਬੀ ਆਉ ਆਪਾਂ ਚੱਲੀਏ ।"

"ਕਿੱਥੇ?” ਉਸ ਨੇ ਪੁੱਛਿਆ।

"ਕਿਉਂ?”

ਬੜੇ ਭਾਈ ਨੂੰ ਉੱਥੇ ਰਾਤ ਰਹਿਣਾ ਪੈ ਗਿਆ ਹੈ ਅਤੇ ਉਸ ਨੇ ਸਾਨੂੰ ਕਿਹਾ ਹੈ ਕਿ ਤੁਹਾਨੂੰ ਕਾਵੀ ਛੱਡ ਆਈਏ ।”

ਰਾਤ ਦੇ ਹਨੇਰੇ ਵਿੱਚ ਉਹ ਉਸ ਨੂੰ ਨਾਲ ਲੈ ਕੇ ਚਲੇ ਗਏ ਅਤੇ ਸਵੇਰੇ ਉਸ ਤੋਂ ਬਗੈਰ ਵਾਪਸ ਆ ਗਏ। ਉਹ ਜਿਊਂਦੀ ਜਾਂ ਮਰੀ ਕਦੇ ਵੀ ਨਾ ਲੱਭੀ। ਹੋਈਆਂ ਘਟਨਾਵਾਂ ਨੂੰ ਵੇਖ ਕੇ ਪੱਤੀਦਾਰ ਮੁਖੀ ਦੇ ਮੂੰਹ ਨੂੰ ਜੰਦਰਾ ਲੱਗ ਗਿਆ। ਉਸਦੇ ਦੋਵੇਂ ਪੁੱਤਰ ਸਵੇਰ ਤੋਂ ਪਹਿਲਾਂ ਫਿਰ ਚਲੇ ਗਏ। ਸਵੇਰੇ ਪੁਲਿਸ ਨੇ ਜਦੋਂ ਮੁਖੀ ਦੇ ਘਰ ਦੀ ਤਲਾਸ਼ੀ ਲਈ ਤਾਂ ਉਹਨਾਂ ਨੇ ਉਸ ਦੀ ਲਾਸ਼ ਰੱਸੇ ਨਾਲ ਲਟਕਦੀ ਵੇਖੀ। ਆਪਣੇ ਪੁੱਤਰਾਂ ਵੀ ਕਾਲੀ ਕਰਤੂਤ ਤੋਂ ਸ਼ਰਮ ਖਾ ਕੇ ਉਸ ਨੇ ਆਤਮ-ਹਤਿਆ ਕਰ ਲਈ।

ਬਾਬਰ ਹੈਰਾਨ ਸੀ ਕਿ ਸ਼ਾਇਦ ਮਨੀ ਨੇ ਜਿਸ ਨੂੰ ਉਹ ਆਪਣੀ ਭੈਣ ਸਮਝਦਾ ਸੀ, ਉਸ ਨਾਲ ਦਗਾ ਕੀਤਾ ਹੈ। ਉਸ ਨੂੰ ਜਵਾਬ ਪ੍ਰਾਪਤ ਕਰਨ ਲਈ ਬਹੁਤਾ ਨਾ ਉਡੀਕਣਾ ਪਿਆ। ਉਸ ਦੇ ਲੁਬਾਣਾ ਦੋਸਤ ਅਤੇ ਉਸ ਦੀ ਪਤਨੀ ਮਨੀ ਨੂੰ ਘਰ ਦੇ ਇਕ ਹੋਰ ਕਮਰੇ ਵਿੱਚ ਬੰਨ੍ਹ ਦਿੱਤਾ ਗਿਆ ਸੀ। ਜਿਸ ਨੇ ਬਾਬਰ ਲਈ ਦਰਵਾਜ਼ਾ ਖੋਲ੍ਹਿਆ ਸੀ ਅਸਲ ਵਿੱਚ ਉਹ ਮਨੀ ਨਹੀਂ ਸਗੋਂ ਔਰਤ ਦੇ ਕੱਪੜਿਆਂ ਵਿੱਚ

ਪੁਲਿਸ ਦਾ ਸਿਪਾਹੀ ਸੀ। ਜਿਸ ਮਨੁੱਖ ਨੂੰ ਵੱਡਿਆਂ ਤੋਂ ਲੈ ਕੇ ਛੋਟਿਆਂ ਤੱਕ ਦਹਿਸ਼ਤ ਫੈਲਾ ਦਿੱਤੀ ਸੀ ਉਹ 1924 ਵਿੱਚ ਫ਼ਾਂਸੀ ਵੱਲ ਨੂੰ ਜਾਂਦਿਆਂ ਬੇਸ਼ਰਮੀ ਨਾਲ ਸਿਸਕੀਆਂ ਭਰ ਰਿਹਾ ਸੀ।

ਇਕ ਹੋਰ ਫੜਿਆ ਡਾਕੂ ਦਭਾਲਾ ਬਾਬਰ ਨੂੰ ਘ੍ਰਿਣਾ ਨਾਲ ਵੇਖ ਰਿਹਾ ਸੀ ਅਤੇ ਕਹਿ ਰਿਹਾ ਸੀ, "ਬੁਜ਼ਦਿਲ ਸਾਲਾ, ਜਦੋਂ ਅਸੀਂ ਕਤਲ ਕਰਦੇ ਸਾਂ ਤਾਂ ਸਾਨੂੰ ਪਤਾ ਨਹੀਂ ਸੀ ਕਿ ਸਾਡਾ ਅੰਤ ਇਕ ਦਿਨ ਇਹੋ ਜਿਹਾ ਹੀ ਹੋਣਾ ਹੈ ?" ਹੁਣ ਤੂੰ ਚੀਕਣਾ ਬੰਦ ਕਿਉਂ ਨਹੀਂ ਕਰਦਾ ?"

ਬਾਬਰ ਨੂੰ ਕੋਈ ਤਸਕੀਨ ਨਾ ਹੋਈ। ਉਹ ਫ਼ਰਸ਼ ਉੱਤੇ ਢੇਰ ਬਣ ਕੇ ਡਿੱਗ ਪਿਆ। ਉਸ ਨੂੰ ਫਾਂਸੀ ਦੇ ਤਖ਼ਤੇ ਉੱਤੇ ਚੁੱਕ ਕੇ ਚੜ੍ਹਾਇਆ ਗਿਆ।

ਨੋਟ : ਇਸ ਖੌਫਨਾਕ ਡਾਕੂ ਦੀ, ਜਿਹੜਾ 10,18-24 ਦੇ ਦੌਰਾਨ ਖੇੜਾ ਅਤੇ ਭਾੜੂੱਚ ਦੇ ਜ਼ਿਲਿਆਂ ਵਿੱਚ ਤਬਾਹੀ ਮਚਾਉਂਦਾ ਰਿਹਾ ਹੈ, ਵਾਰਤਾ ਲਈ ਜਾਣ ਬੁੱਝ ਕੇ ਕੁਝ ਪਾਤਰਾਂ (ਜੀਵਤ ਜਾਂ ਸੁਰਗਵਾਸੀ) ਦੇ ਅਤੇ ਕੁਝ ਥਾਵਾਂ ਦੇ ਨਾਂ ਛੱਡ ਦਿੱਤੇ ਗਏ ਹਨ।

ਮੈਂ ਮਹਾਰਾਜ ਤੋਂ ਇਹ ਸਵਾਲ ਪੁੱਛਣੋਂ ਨਾ ਰਹਿ ਸਕਿਆ ਕਿ ਉਹ ਬਾਬਰ ਨੂੰ ਮਿਲੇ ਕਿਉਂ ਨਹੀਂ ਸਨ। ਉਨ੍ਹਾਂ ਮੈਨੂੰ ਦੱਸਿਆ ਕਿ ਬਾਬਰ ਨੇ ਇਕ ਵਾਰੀ ਉਨ੍ਹਾਂ ਨੂੰ ਮਿਲਣ ਲਈ ਰਸ ਦੇ ਕੋਲ ਸੁੰਦਰਾਨਾ ਪਿੰਡ ਵਿੱਚ ਬੁਲਾ ਭੇਜਿਆ ਸੀ। ਜਦੋਂ ਉਸ ਦਾ ਸੁਨੇਹਾ ਆਇਆ ਉਦੋਂ ਮਹਾਰਾਜ ਘਰ ਨਹੀਂ ਸੀ। ਘਰ ਆਉਣ ਤੇ ਉਨ੍ਹਾਂ ਨੂੰ ਜਦੋਂ ਸੰਦੇਸ਼ ਮਿਲਿਆ ਤਾਂ ਉਹ ਉਸੇ ਵੇਲੇ ਮੁਲਾਕਾਤ ਲਈ ਤੁਰ ਪਏ। ਰਸਤੇ ਵਿੱਚ ਉਨ੍ਹਾਂ ਨੂੰ ਕਈ ਆਦਮੀ ਮਿਲੇ ਜਿਨ੍ਹਾਂ ਨੇ ਭਾਵਪੂਰਤ ਮੁਸਕਾਨ ਨਾਲ ਉਨ੍ਹਾਂ ਤੋਂ ਪੁੱਛਿਆ, "ਮਹਾਰਾਜ ! ਕਿੱਧਰ ਜਾ ਰਹੇ ਹੋ ?"

ਮਹਾਰਾਜ ਨੇ ਮਹਿਸੂਸ ਕੀਤਾ ਕਿ ਸੁਨੇਹਾ ਲਿਆਉਣ ਵਾਲੇ ਆਦਮੀ ਨੇ ਆਪਣਾ ਮੂੰਹ ਬੰਦ ਨਹੀਂ ਸੀ ਰੱਖਿਆ ਅਤੇ ਉਸ ਨੇ ਕਿਸੇ ਨਾ ਕਿਸੇ ਨਾਲ ਗੱਲ ਸਾਂਝੀ

ਕੀਤੀ ਸੋ ਜੇ ਉਸ ਦਾ ਅੰਦਾਜ਼ਾ ਠੀਕ ਸੀ ਤਾਂ ਇਸ ਵਿੱਚ ਵੀ ਸ਼ੱਕ ਨਹੀਂ ਕਿ ਪੁਲਿਸ ਨੂੰ ਵੀ ਸੂਹ ਮਿਲ ਗਈ ਹੋਣੀ ਹੈ ਅਤੇ ਉਸ ਨੂੰ ਥਾਂ ਤੇ ਸਮੇਂ ਦਾ ਵੀ ਪਤਾ ਲੱਗ ਗਿਆ ਹੋਣਾ ਹੈ। ਉਸ ਨੂੰ ਉੱਥੇ ਜਾਣ ਦਾ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ ਕਿਉਂਕਿ ਉਸ ਦਾ ਖਿਆਲ ਸੀ ਕਿ ਪੁਲਿਸ ਉਸ ਦਾ ਪਿੱਛਾ ਕਰ ਰਹੀ ਹੋਵੇਗੀ ਅਤੇ ਇਸ ਤਰ੍ਹਾਂ ਕਰਨਾ ਉਸ ਵਿਸ਼ਵਾਸ ਦਾ ਘਾਤ ਹੋਵੇਗਾ, ਜਿਹੜਾਂ ਬਾਬਰ ਨੇ ਉਸ ਉੱਤੇ ਕੀਤਾ ਸੀ। ਇਸ ਛੋਟੀ ਜਿਹੀ ਗੱਲ ਨੇ ਉਸ ਨੂੰ ਬਾਬਰ ਨੂੰ ਮਿਲਣ ਤੋਂ ਰੋਕਿਆ। ਚਾਰ ਮਹੀਨਿਆਂ ਮਗਰੋਂ ਬਾਬਰ ਫੜਿਆ ਗਿਆ। ਮਹਾਰਾਜ ਉਸ ਨੂੰ ਸਮੇਂ ਸਿਰ ਨਹੀਂ ਸੀ ਮਿਲ ਸਕਿਆ - ਇਸਦਾ ਉਨ੍ਹਾਂ ਦੇ ਮਨ ਤੇ ਭਾਰੀ ਬੋਝ ਰਿਹਾ ਸੀ। ਬਾਬਰ ਦੇ ਫਾਹੇ ਲੱਗ ਜਾਣ ਤੋਂ ਬਾਅਦ ਹੇਤਾ ਨੂੰ ਹਸਤੀ ਵਿੱਚੋਂ ਪਿਪਲੋਈ ਦੇ ਕਸਬੇ ਵਿੱਚ, ਜਿੱਥੇ ਉਸ ਦੀ ਲੜਕੀ ਰਹਿੰਦੀ ਸੀ, ਜਾਣ ਲਈ ਛੁੱਟੀ ਮਿਲੀ। ਉੱਥੋਂ ਉਸ ਨੇ ਆਪਣੇ ਜੁਆਈ ਰਾਹੀਂ ਮਹਾਰਾਜ ਨੂੰ ਪਿਪਲੋਈ ਆਉਣ ਲਈ ਬੇਨਤੀ ਕਰ ਭੇਜੀ।

ਮਹਾਰਾਜ ਨੇ ਖੁਸ਼ੀ ਨਾਲ ਉਸ ਦੀ ਬੇਨਤੀ ਪਰਵਾਨ ਕਰ ਲਈ। ਜਦੋਂ ਮਹਾਰਾਜ ਪਹੁੰਚੇ ਤਾਂ ਉਹ ਡਾਢੀ ਔਰਤ ਆਪਣੀ ਲੜਕੀ ਦੇ ਘਰ ਦੇ ਬਰਾਂਡੇ ਵਿੱਚ ਬੈਠੀ ਹੋਈ ਸੀ।

ਹੇਤਾ ਡੁਸਕ ਕੇ ਬੋਲੀ "ਮਹਾਰਾਜ ! ਤੁਹਾਡਾ ਚੇਲਾ ਜਦੋਂ ਜੇਲ੍ਹ ਵਿੱਚ ਸੀ, ਉਦੋਂ ਚੰਗਾ ਆਦਮੀ ਸੀ। ਉਹ ਖਾਦੀ ਦੀ ਟੋਪੀ ਪਾਇਆ ਕਰਦਾ ਸੀ। ਉਹ ਹੁਣ ਨਹੀਂ ਰਿਹਾ। ਮੇਰੇ ਦੂਜੇ ਬੱਚੇ ਬਸਤੀ ਵਿੱਚ ਚੰਗੀ ਤਰ੍ਹਾਂ ਵਸ ਗਏ ਹਨ। ਉਹ ਕੱਪੜਾ ਬੁਣ ਕੇ ਰੋਟੀ ਕਮਾਉਂਦੇ ਹਨ। ਪਰ ਮਹਾਰਾਜ ਉਨ੍ਹਾਂ ਨੂੰ ਇਥੇ ਲਿਆਉਣ ਵਿੱਚ ਮੇਰੀ ਮਦਦ ਕਰੋ ।"

ਉਹ ਇਥੇ ਕੀ ਕਰਨਗੇ ? "ਮਹਾਰਾਜ ਨੇ ਉਸ ਤੋਂ ਪੁੱਛਿਆ ।" ਬਸਤੀ ਵਿੱਚ ਘੱਟੋ ਘੱਟ ਕੰਮ ਕਰਕੇ ਰੋਜ਼ੀ ਤਾਂ ਕਮਾਉਂਦੇ ਹਨ। ਇੱਥੇ ਉਨ੍ਹਾਂ ਦੇ ਸਿਰ ਤੇ ਨਾ ਛੱਤ

ਹੋਣੀ ਹੈ ਨਾ ਵਾਹੁਣ ਲਈ ਜ਼ਮੀਨ। ਇੱਥੇ ਉਨ੍ਹਾਂ ਦੇ ਕਈ ਦੁਸ਼ਮਣ ਵੀ ਹਨ। ਇਸ ਲਈ ਚੰਗਾ ਹੈ ਕਿ ਉਹ ਉੱਥੇ ਹੀ ਟਿਕੇ ਰਹਿਣ। ਇੱਥੇ ਤੂੰ ਉਨ੍ਹਾਂ ਦਾ ਪੇਟ ਕਿਵੇਂ ਭਰੇਂਗੀ?"

"ਹਾਂ ਠੀਕ ਹੈ, ਕੀ ਦਿਆਂਗੀ ।" ਉਸ ਨੇ ਮਹਾਰਾਜ ਨੂੰ ਜਵਾਬ ਦਿੱਤਾ। "ਤੁਸੀਂ ਮੈਨੂੰ ਨਹੀਂ ਜਾਣਦੇ ਮਹਾਰਾਜ ।" ਉਸ ਨੇ ਤਦ ਆਪਣੀ ਝੋਲੀ ਪਲਟ ਕੇ ਫ਼ਰਸ਼ ਉੱਤੇ ਲਗਭਗ ਪੰਜਾਹ ਰੁਪਏ ਦੇ ਸਿੱਕੇ ਖਿਲਾਰ ਦਿੱਤੇ।

ਮਹਾਰਾਜ ਇਹ ਵਾਰਤਾ ਸੁਣਾਉਣ ਲੱਗਿਆਂ ਉੱਚੀ ਜਿਹੀ ਹਸਦਾ ਹੈ।

********

## ਚਲਦੀ ਫਿਰਦੀ ਯੂਨੀਵਰਸਿਟੀ ਵਿੱਚ ਪੰਜ ਦਿਨ ਪਹਿਲੀ ਲਹਿਰ

ਪਿਛਲੇ ਪੰਨਿਆਂ ਵਿੱਚ ਦਿੱਤੀ ਵਾਰਤਾ ਮਹਾਰਾਜ ਵੱਲੋਂ ਸੁਣਾਈਆਂ ਗੱਲਾਂ ਤੇ ਆਧਾਰਿਤ ਸੀ। ਭਾਵੇਂ ਪਾਤਰ ਅਸਲੀ ਸਨ, ਉਨ੍ਹਾਂ ਦੇ ਚਰਿੱਤਰ ਮੈਨੂੰ ਆਪ ਕਲਪਣੇ ਪਏ। ਇਸੇ ਕਲਪਨਾ ਨੇ ਮੈਨੂੰ ਇਹ ਧਰਤੀ, ਇਹ ਪਿੰਡ, ਇਹ ਸ਼ਹਿਰ, ਇਹ ਖੇਤ, ਇਹ ਨਹਿਰਾਂ ਅਤੇ ਇਹ ਖੱਡਾਂ ਚਿਤਰਣ ਵਿੱਚ ਸਹਾਇਤਾ ਦਿੱਤੀ, ਫਿਰ ਵੀ ਮੈਨੂੰ ਸ਼ੱਕ ਰਿਹਾ ਮਤਾਂ ਮੇਰੇ ਰੇਖਾ-ਚਿਤਰ ਨਕਲੀ ਨਾ ਹੋਣ। ਇਸ ਲਈ ਮਾਹੀ ਤੱਟ ਦੀ ਧਰਤੀ ਅਤੇ ਇਸ ਦੇ ਲੋਕਾਂ ਨੂੰ ਮਿਲਣ ਦੀ ਤੀਬਰ ਇੱਛਾ ਮਹਿਸੂਸ ਕੀਤੀ। ਮੈਂ ਇਸ ਤੋਂ ਪਹਿਲਾਂ ਇਸ ਖੇਤਰ ਵਿੱਚ ਕਦੇ ਨਹੀਂ ਸਾਂ ਗਿਆ। ਮੈਂ ਮਹਾਰਾਜ ਨੂੰ ਬੇਨਤੀ ਕੀਤੀ ਕਿ ਉਹ ਮਾਹੀਪ੍ਰਦੇਸ਼ ਵਿੱਚ ਮੇਰੀ ਯਾਤਰਾ ਦੀ ਅਗਵਾਈ ਕਰਨ ਅਤੇ ਉਨ੍ਹਾਂ ਨੇ ਮੈਨੂੰ ਅਤੇ ਮੇਰੇ ਸਾਥੀ ਈਸ਼ਵਰ ਲਾਲ ਦਾਵੇ ਨੂੰ ਬੁਲਾ ਕੇ ਮੇਰੀ ਬੇਨਤੀ ਪਰਵਾਨ ਕਰ ਲਈ। ਛੇਤੀ ਹੀ ਅਸੀਂ ਆਪਣੀ ਪੈਦਲ ਯਾਤਰਾ ਸ਼ੁਰੂ ਕਰ ਦਿੱਤੀ।

ਸਾਡਾ ਪਹਿਲਾ ਮੁਕਾਮ ਬੋਚਾਸਨ ਵਿੱਚ ਸੀ। ਪਹਿਲਾ ਪਾਤਰ, ਜਿਹੜਾ ਸਾਨੂੰ ਜੀਵਤ ਮਿਲਿਆ ਉਹ ਰਾਮਦੇਵਾ ਸੀ ਜੋ ਬਾਬਰ ਦੇਵਾ ਖ਼ੂਨੀ ਡਾਕੂ ਦਾ ਇੱਕ ਭਰਾ ਸੀ। ਰਾਮਾ ਨੇ ਸਾਨੂੰ ਦੱਸਿਆ ਕਿ ਉਸ ਦੀ ਡਾਢੀ ਅਤੇ ਖ਼ੂਬਸੂਰਤ ਮਾਂ ਹੇਤਾ ਅਜੇ ਵੀ ਜ਼ਿੰਦਾ ਹੈ।

ਅਸੀਂ ਪੁੱਛਿਆ, "ਉਹ ਕਿੱਥੇ ਹੈ ?"

ਉਸ ਨੇ ਇਸ਼ਾਰਾ ਕਰਕੇ ਕਿਹਾ, "ਔਹ ਵੇਖੋ, ਉਹ ਡੰਗਰ ਚਰਾ ਰਹੀ ਹੈ ।" ਰਾਮਦੇਵਾ ਖੇਤ ਮਜ਼ਦੂਰ ਵੱਜੋਂ ਕੰਮ ਕਰਦਾ ਹੈ। ਜਦੋਂ ਬਾਬਰ ਡਾਕੇ ਮਾਰਦਾ ਸੀ, ਉਦੋਂ

ਰਾਮਾ ਨੂੰ ਆਪਣੇ ਪਰਵਾਰ ਦੇ ਨਾਲ ਹੀ ਨਜ਼ਰ ਬੰਦ ਕੀਤਾ ਗਿਆ ਸੀ। ਮਗਰੋਂ ਉਨ੍ਹਾਂ ਨੂੰ ਬੀਜਾਪੁਰ ਦੀ ਜਰਾਇਮ ਬਸਤੀ ਵਿੱਚ ਭੇਜ ਦਿੱਤਾ ਗਿਆ ਸੀ। ਉਨ੍ਹਾਂ ਦੀ ਜ਼ਮੀਨ ਜ਼ਬਤ ਕਰ ਲਈ ਗਈ ਸੀ। ਹੁਣ ਉਹ ਫਿਰ ਖੇਤੀ ਕਰਦੇ ਹਨ, ਪਰ ਫ਼ਰਕ ਇਹ ਹੈ ਕਿ ਉਹ ਦੂਜਿਆਂ ਦੀ ਜ਼ਮੀਨ ਵਾਹੁੰਦੇ ਹਨ।

"ਓ ਮਹਾਰਾਜ! ਰਾਮਾ ਨੇ ਮਹਾਰਾਜ ਨੂੰ ਬੇਨਤੀ ਕੀਤੀ, “ਸਾਨੂੰ ਆਪਣੀ ਜ਼ਮੀਨ ਵਾਪਸ ਦਿਵਾਉਣ ਵਿੱਚ ਜ਼ਰੂਰ ਕੁਝ ਕਰੋ। ਮੇਰਾ ਦਿਲ ਵੇਖੋ, ਅੰਦਰੋਂ ਅੰਦਰ ਕਿੰਨਾ ਜਲ ਰਿਹਾ ਹੈ ।” ਉਹ ਇੱਕ ਬਾਲਕ ਦੀ ਤਰ੍ਹਾਂ ਆਪਣਾ ਹੱਥ ਛਾਤੀ ਦੇ ਖੱਬੇ ਪਾਸੇ ਰੱਖ ਕੇ ਬੋਲਿਆ। ਮਾੜੇ ਲੋਕਾਂ ਅਤੇ ਪਤਨਵਾਦੀਆਂ ਦੇ ਵਾਕਫ ਹੋਣ ਕਰਕੇ ਮਹਾਰਾਜ ਚੁੱਪ-ਚਾਪ ਬੈਠੇ ਮੁਸਕਰਾਉਂਦੇ ਰਹੇ, ਰਾਮਾ ਦੀ ਗੱਲ ਬੜੀ ਸ਼ਾਂਤੀ ਨਾਲ ਸੁਣਦੇ ਰਹੇ।

ਮੈਂ ਪੁੱਛਿਆ, "ਕੀ ਤੇਰਾ ਕੋਈ ਪੁੱਤਰ ਹੈ ?”

“ਹੋਰ ਨਹੀਂ ਤੇ ਕੀ? ਉਹ ਤਾਂ ਸੁੱਖ ਨਾਲ ਵਾਹਵਾ ਵੱਡਾ ਹੋ ਗਿਆ ਹੈ ਅਤੇ ਉਹ ਬਿਲਕੁਲ ਬਾਬਰ ਦੀ ਤਸਵੀਰ ਹੈ, ਉਹੀ ਚਿਹਰਾ, ਉਹੀ ਚਿੰਨ੍ਹ ਚੱਕਰ !!! ਹਾਂ, ਹਾਂ !” ਉਸ ਦਾ ਹੈਂਕੜ ਭਰਿਆ ਤੇ ਖੁੱਲ੍ਹਾ ਹਾਸਾ ਹਵਾ ਵਿੱਚ ਗੂੰਜ ਉੱਠਿਆ। ਉਸ ਦੇ ਕਾਲੇ ਚਿਹਰੇ ਉੱਤੇ ਉੱਤਰ ਦੇਣ ਲੱਗਿਆਂ ਚਮਕ ਆ ਗਈ।

ਗੁਰੇਲ-ਬਾਬਰ ਦਾ ਅਸਲੀ ਪਿੰਡ ਬੁਚਾਸਨ ਤੋਂ ਕੋਈ ਦੋ ਮੀਲ ਹੈ। ਇੱਕ ਇਕੱਲੀ ਚੋਰੀ ਕਿਵੇਂ ਲੂੰ ਕੰਡੇ ਖੜ੍ਹੇ ਕਰਨ ਵਾਲੇ ਜੁਰਮਾਂ ਦਾ ਇੰਨਾ ਵੱਡਾ ਰੁੱਖ ਬਣ ਗਈ ਸੀ : ਜਿਉਂ ਜਿਉਂ ਇਸ ਦੀਆਂ ਵਿਸ਼ੈਲੀਆਂ ਟਾਹਣੀਆਂ ਸਾਰੇ ਇਲਾਕੇ ਵਿੱਚ ਫੈਲਦੀਆਂ ਗਈਆਂ ਸੈਂਕੜੇ ਲੋਕਾਂ ਦੀਆਂ ਜਾਨਾਂ ਦਾ ਨੁਕਸਾਨ ਹੁੰਦਾ ਗਿਆ ਜਦੋਂ ਮੈਂ ਆਪਣੇ ਮਨ ਵਿੱਚ ਜ਼ਾਇਆ ਹੋਈਆਂ ਜਾਨਾਂ ਬਾਰੇ ਸੋਚ ਰਿਹਾ ਸਾਂ, ਮੈਂ ਨਾਲ ਨਾਲ ਰਾਮਾ ਦੀ ਗੱਲ ਤੋਂ ਉਸ ਦੀ ਜਾਤ ਦੇ ਉਚੇਰੇ ਗੁਣਾਂ ਨੂੰ ਵੀ ਸਮਝਣ ਦਾ ਯਤਨ ਕਰ ਰਿਹਾ ਸੀ ।

ਰਾਮਾ ਕਹੀ ਜਾ ਰਿਹਾ ਸੀ, "ਸਾਹਿਬ ! ਜੇ ਕਿਸੇ ਦੇ ਘਰ ਰਸੋਈ ਵਿੱਚ ਸਿਰਫ਼ ਬਾਰਾਂ ਰੋਟੀਆਂ ਹੁੰਦੀਆਂ ਅਤੇ ਅੱਸੀ ਆਦਮੀ ਖਾਣ ਵਾਲੇ ਆ ਜਾਂਦੇ ਤਾਂ ਫਿਰ ਵੀ ਕੋਈ ਭੁੱਖਾ ਨਹੀਂ ਸੀ ਜਾਂਦਾ। ਇਸ ਦਾ ਮਤਲਬ ਇਹ ਹੈ ਕਿ ਜੇ ਇਹੋ ਜਿਹੀ ਸਥਿਤੀ ਪੈਦਾ ਹੋ ਜਾਂਦੀ ਤਾਂ ਸਾਡੇ ਮਹਿਮਾਨ ਕਦੇ ਵੀ ਕਿਸੇ ਨੂੰ ਇਹ ਨਾ ਕਹਿੰਦੇ ਕਿ ਉਨ੍ਹਾਂ ਢਿੱਡ ਭਰ ਕੇ ਰੋਟੀ ਨਹੀਂ ਖਾਧੀ। ਇੱਕ ਨਹੀਂ ਸਾਰੇ ਮਹਿਮਾਨ ਦੂਜੀ ਵਾਰ ਖਾਣ ਤੋਂ ਇਨਕਾਰ ਕਰ ਦੇਂਦੇ। ਬੜੀ ਸ਼ਾਤੀ ਨਾਲ ਰੁੱਖਾ ਮਿੱਸਾ ਖਾ ਕੇ ਉੱਠ ਖਲੋਂਦੇ ਅਤੇ ਹੱਥ ਧੋ ਲੈਂਦੇ। ਅਸੀਂ ਇੱਥੇ ਹੀ ਬਸ ਨਹੀਂ ਸਾਂ ਕਰਦੇ ਸਗੋਂ ਡੀਂਗਾਂ-ਮਾਰਦੇ ਸਾਂ ਕਿ ਅੱਜ ਤਾਂ ਅਸੀਂ ਜ਼ਿਆਦਾ ਖਾਣਾ ਤੁੰਨ ਲਿਆ ਹੈ। ਸੱਭ ਤੋਂ ਵੱਡੀ ਗੱਲ ਇਹ ਹੈ ਕਿ ਅਸੀਂ ਕਿਸੇ ਕੋਲ ਇਸ ਗੱਲ ਦੀ ਹਵਾ ਤੱਕ ਨਾ ਕੱਢਦੇ।"

ਰਾਮਾ ਨੂੰ ਪਿੱਛੇ ਛੱਡਦੇ ਹੋਏ ਅਤੇ ਇਕ ਬਹਾਦਰ ਜਾਤੀ ਦੀਆਂ ਸ਼ਾਨਦਾਰ ਰਵਾਇਤਾਂ ਜਿਸ ਨੂੰ ਹੁਣ ਜ਼ਰਾਇਮ ਪੇਸ਼ਾ ਬਣਾ ਦਿੱਤਾ ਗਿਆ ਹੈ, ਬਾਰੇ ਸੋਚਦੇ ਅਸੀਂ ਮਾਹੀ ਨਦੀ ਦੇ ਬਿਲਕੁਲ ਨਾਲ ਲਗਦੇ ਇਲਾਕੇ ਵਿੱਚ ਆ ਗਏ। ਮੈਂ ਇਸ ਘਾਟੀ ਨੂੰ ਵੇਖਣ ਦੀ ਚਾਹਨਾ ਕਰ ਰਿਹਾ ਸੀ, ਨਦੀ ਨੂੰ ਜਿਸ ਦੇ ਡੂੰਘੇ ਪਾਣੀਆਂ ਵਿੱਚ ਮਗਰਮੱਛ ਵਿਚਰਦੇ ਸਨ, ਅਤੇ ਜਿਸ ਦਾ ਪਾਣੀ ਇੰਨਾ ਖਾਰਾ ਸੀ ਕਿ ਉਸ ਨੂੰ ਪੀਣਾ ਤਾਂ ਕੀ ਉਸ ਵਿੱਚ ਨਹਾਉਣਾ ਵੀ ਮੁਸ਼ਕਲ ਸੀ, ਜਿਸ ਦੇ ਪਾਣੀ ਨੂੰ ਪਵਿੱਤਰ ਨਹੀਂ ਸੀ ਸਮਝਿਆ ਜਾਂਦਾ, ਫਿਰ ਵੀ ਇਸ ਮਾਹੀ ਦੇ ਨਾਂ ਤੇ ਚੁੱਕੀ ਸਹੁੰ ਨੂੰ ਉਨ੍ਹਾਂ ਹੀ ਪਵਿੱਤਰ ਮੰਨਿਆ ਜਾਂਦਾ ਸੀ ਜਿੰਨੀ ਬਾਈਬਲ ਤੇ ਚੁੱਕੀ ਸਹੁੰ ਨੂੰ, ਉਸ ਨੂੰ ਵੇਖਣ ਦੀ ਤੀਬਰਤਾ ਮੇਰੇ ਮਨ ਵਿੱਚ ਸੀ।

"ਮਾਹੀ" ਦਾ ਨਾਂ ਲਗਭਗ ਇਕ ਜਾਦੂ ਦੇ ਮੰਤਰ ਵਾਂਗ ਹੈ। ਉਨ੍ਹਾਂ ਹਾਕਮਾਂ ਲਈ ਜੋ ਕਿਸੇ ਮੁਲਜ਼ਮ ਤੋਂ ਇਕਬਾਲ ਕਰਾਉਣਾ ਚਾਹੁੰਦੇ ਹਨ। ਜੇ ਉਹ ਦੋਸ਼ੀ ਹੋਣਗੇ ਤਾਂ ਕਦੇ ਵੀ ਮਾਹੀ ਦੇ ਪਾਣੀ ਦੀ ਸੌਗੰਧ ਨਹੀਂ ਖਾਣਗੇ, ਕਦੇ ਵੀ ਮਾਹੀ ਦੇ ਪਾਣੀ ਨਾਲ ਬੁੱਲ੍ਹ ਗਿੱਲੇ ਨਹੀਂ ਕਰਨਗੇ। ਮਾਹੀ ਦੇ ਨਾਂ ਦੀ ਕਸਮ ਖਾ ਕੇ ਉਹ ਬਜਾਏ ਇਸ ਦੇ ਕਿ ਝੂਠ ਬੋਲ ਕੇ ਇਸ ਦੇ ਨਾਂ ਨੂੰ ਵੱਟਾ ਲਾਉਣ, ਆਪਣੇ ਜੁਰਮ ਦਾ ਇਕਬਾਲ ਕਰ ਲੈਣਗੇ,

ਜੇਲ੍ਹ ਚਲੇ ਜਾਣਗੇ ਅਤੇ ਫਾਂਸੀ ਵੀ ਚੜ੍ਹ ਜਾਣਗੇ। ਮਾਹੀ ਦੇ ਪਾਣੀ ਨਾਲ ਭਰੀ ਹੋਈ ਬੋਤਲ ਇਸ ਖੇਤਰ ਦੀਆਂ ਅਦਾਲਤਾਂ ਵਿੱਚ ਰੱਖੀ ਆਮ ਵੇਖੀ ਜਾ ਸਕਦੀ ਸੀ।

ਆਪਣੀ ਆਤਮਾ ਉੱਤੇ ਰਾਮਾ ਦੀਆਂ ਦੁੱਖ ਭਰੀਆਂ ਬੇਨਤੀਆਂ ਦਾ ਅਸਰ ਕਬੂਲਦੇ ਮੈਂ ਇਕ ਰਾਤ ਬੁਚਾਸਨ ਠਹਿਰ ਗਿਆ।

ਮੈਂ ਗੁਜਰਾਤ ਯੂਨੀਵਰਸਿਟੀ ਜੋ ਬੜੀ ਤੇਜ਼ੀ ਨਾਲ ਉਸਰ ਰਹੀ ਹੈ ਦੇ ਭਾਵੀ ਨਿਰਮਾਤਾ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਅਜਿਹਾ ਨਿਯਮ ਬਣਾਉਣ ਕਿ ਡਿਗਰੀ ਦਾ ਅਧਿਕਾਰੀ ਬਣਨ ਵਾਲਾ ਹਰ ਵਿਅਕਤੀ ਪਹਿਲੋਂ ਗੁਜਰਾਤ ਦੇ ਕੁਝ ਖਾਸ ਖੇਤਰਾਂ ਵਿੱਚ ਯਾਤਰਾ ਕਰਕੇ ਆਵੇ। ਮੈਂ ਸਮਝਦਾ ਹਾਂ ਕਿ ਅੱਜ ਤੋਂ 29 ਸਾਲ ਪਹਿਲੋਂ ਬੰਬਈ ਯੂਨੀਵਰਸਿਟੀ ਵੱਲੋਂ ਜੋ ਬੀ.ਏ. ਦੀ ਡਿਗਰੀ ਮੈਨੂੰ ਦਿੱਤੀ ਗਈ ਸੀ ਉਹ ਇਸ ਯਾਤਰਾ ਨਾਲ ਸੰਪੂਰਨ ਹੋਈ ਹੈ, ਜਿਹੜੀ ਮੈਂ ਮਹਾਰਾਜ ਨਾਲ ਕੀਤੀ ਹੈ ਨੰਗੇ ਪੈਰਾਂ ਵਾਲੇ ਇਸ ਬ੍ਰਾਹਮਣ ਨੇ ਜਿਸ ਨੇ ਦੁਨਿਆਵੀ ਪਦਾਰਥਾਂ ਦਾ ਤਿਆਗ ਕੀਤਾ ਹੈ, ਜੋ ਲੋਕਾਂ ਦੀ ਪੀੜ ਹਰਨ ਲਈ ਹਰ ਸਮੇਂ ਤਿਆਰ ਬਰ ਤਿਆਰ ਖੜੋਤਾ ਸੇਵਾਦਾਰ ਹੈ, ਚਾਰ ਦਿਨ ਅਤੇ ਪੰਜ ਰਾਤਾਂ ਵਿੱਚ ਮੈਨੂੰ ਇਸ ਖੇਤਰ ਦੀ ਯਾਤਰਾ ਕਰਵਾਈ ਹੈ। ਇਸ ਯਾਤਰਾ ਦੇ ਦੌਰਾਨ ਉਸ ਨੇ ਚੜੋਤਰ ਦੇ ਇਸ ਤੱਟਵਰਤੀ ਖੇਤਰ ਦੇ ਲਗਭਗ ਪੰਦਰਾਂ ਪਿੰਡਾਂ ਦਾ ਇਕ ਛੋਟਾ ਜਿਹਾ ਸਮੂਹ ਦਿਖਾਇਆ ਹੈ। ਇਸ ਛੋਟੇ ਜਿਹੇ ਦਰਪਨ ਵਿੱਚੋਂ ਨਵੇਂ ਜੀਵਨ ਦੀ ਇਕ ਵਿਸ਼ਾਲ ਦ੍ਰਿਸ਼ਟੀ ਪ੍ਰਾਪਤ ਕੀਤੀ ਹੈ। ਸਾਡੀਆਂ ਸਿੱਪੀ ਦੇ ਆਕਾਰਾਂ ਦੀਆਂ ਛੋਟੀਆਂ ਜਿਹੀਆਂ ਅੱਖਾਂ ਉਸ ਬ੍ਰਹਿਮੰਡ ਨੂੰ ਆਪਣੇ ਵਿੱਚ ਬੰਦ ਕਰ ਸਕਦੀਆਂ ਹਨ ਜਿਸ ਵਿੱਚ ਅਰਬਾਂ ਨਹੀਂ ਖਰਬਾਂ ਜੀਵ ਜੰਤੂ ਜੀਵਨ ਬਤੀਤ ਕਰ ਰਹੇ ਹਨ। ਮਹਾਰਾਜ ਮੇਰੇ ਲਈ ਉਹ ਅੱਖ ਬਣੇ ਹਨ। ਪੰਦਰਾਂ ਪਿੰਡਾਂ ਦੇ ਇਸ ਸਮੂਹ ਰਾਹੀਂ ਉਨ੍ਹਾਂ ਨੇ ਸਾਡੇ ਸਾਹਮਣੇ ਸਜੀਵਤਾ ਨੂੰ ਪੇਸ਼ ਕੀਤਾ ਹੈ।

ਉਨ੍ਹਾਂ ਨੇ ਕੇਵਲ ਮਨੁੱਖਾਂ ਨਾਲ ਹੀ ਸਾਡੀ ਜਾਣ ਪਛਾਣ ਨਹੀਂ ਕਰਵਾਈ ਸਗੋਂ ਸਾਨੂੰ ਉਨ੍ਹਾਂ ਇਸ ਖਿੱਤੇ ਦੀ ਧਰਤੀ ਦੀਆਂ ਪਰਤਾਂ, ਝਾੜੀਆਂ ਤੇ ਰੁੱਖਾਂ, ਪੰਛੀਆਂ ਤੇ

ਪਸ਼ੂਆਂ, ਅਤੇ ਆਸਮਾਨ ਵਿੱਚ ਤਾਰਿਆਂ ਦੀਆਂ ਖਿੱਤੀਆਂ ਦੇ ਵੀ ਨੇੜੇ ਲੈ ਆਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੇਰਾ ਹੱਥ ਪਿਆਰ ਨਾਲ ਫੜ ਕੇ ਮੈਨੂੰ ਉਹ ਇੰਨੇ ਸਾਲਾਂ ਦੇ ਆਪਣੇ ਵਿਸ਼ਾਲ ਅਨੁਭਵਾਂ ਦੀਆਂ ਦੂਰ ਹੱਦਾਂ ਤੱਕ ਲੈ ਆਏ ਹਨ।

ਮੈਂ ਜਾਣਦਾ ਸਾਂ ਕਿ ਯਾਤਰਾ ਤੇ ਚੱਲਣ ਲੱਗਿਆਂ ਮਹਾਰਾਜ ਨੇ ਕੇਵਲ ਇਕ ਛੋਟੀ ਜਿਹੀ ਧੋਤੀ ਨਾਲ ਲਈ ਸੀ। ਨੰਗੇ ਪੈਰਾਂ ਵਾਲੇ ਇਸ ਬ੍ਰਾਹਮਣ ਨੇ ਬਹੁਤ ਪਹਿਲਾਂ ਹੀ ਦੁਨਿਆਵੀ ਚੀਜ਼ਾਂ ਦਾ ਤਿਆਗ ਕਰ ਦਿੱਤਾ ਸੀ। ਇਹ ਖਿਆਲ ਕਰਦੇ ਹੋਏ ਉਹ ਮੈਥੋਂ ਵੀ ਆਪਣੇ ਜੀਵਨ ਢੰਗ ਦੀ ਪਾਲਣਾ ਦੀ ਆਸ ਰੱਖਣਗੇ। ਮੈਂ ਵੀ ਕੱਪੜਿਆਂ ਦਾ ਇਕ ਅੱਧ ਜੋੜਾ ਲੈ ਕੇ ਆਪਣੀਆਂ ਲੱਤਾਂ ਨੂੰ ਖੋਲ੍ਹ ਕੇ ਚੱਲਣ ਲਈ ਤਿਆਰ ਕੀਤਾ ਸੀ। ਉਹ ਪੁਰਾਣਾ ਸਮਾਂ ਯਾਦ ਕਰਕੇ ਅਤੇ ਹੌਸਲਾ ਕਰਕੇ ਜਦੋਂ ਮੈਂ ਇਨ੍ਹਾਂ ਨਾਲ ਸੋਰਾਸ਼ਟਰ ਦੀ ਧਰਤੀ ਗਾਹੀ ਸੀ। ਪਰ ਮਹਾਰਾਜ ਨੇ ਮੈਨੂੰ ਹੈਰਾਨ ਕਰ ਦਿੱਤਾ। ਮੇਰੇ ਇੱਕ ਦੋਸਤ ਨੇ 'ਪਹਿਲਾਂ ਹੀ ਮੈਨੂੰ ਦੱਸਿਆ ਸੀ ਕਿ ਮਹਾਰਾਜ ਇੰਨੇ ਤੰਗ ਦਿਲ ਲੋਕ ਸੇਵਕ ਨਹੀਂ ਹਨ ਕਿ ਸਾਡੀਆਂ ਅਜੋਕੀਆਂ ਮਜ਼ਬੂਰੀਆਂ ਦਾ ਧਿਆਨ ਨਾ ਰੱਖਣ। ਅਤੇ ਸਾਡੀਆਂ ਲੋੜਾਂ ਨੂੰ ਪਿਆਰ ਨਾਲ ਪੂਰਾ ਨਾ ਕਰਨ। ਉਸ ਦੀ ਦੱਸੀ ਇਹ ਗੱਲ ਅੱਖਰ ਅੱਖਰ ਸੱਚੀ ਨਿਕਲੀ ਸੀ। ਮਹਾਰਾਜ ਨੇ ਕਦੇ ਵੀ ਕਿਸੇ ਵਾਹਨ ਵਿੱਚ ਸਫਰ ਨਹੀਂ ਸੀ ਕੀਤਾ; ਉਨ੍ਹਾਂ ਲਈ ਇਹ ਅਸੂਲ ਦੀ ਗੱਲ ਸੀ। ਫਿਰ ਵੀ ਉਨ੍ਹਾਂ ਸਾਡੇ ਲਈ ਇੱਕ ਬੈਲਗੱਡੀ ਦਾ ਪ੍ਰਬੰਧ ਕੀਤਾ ਸੀ ਜਿਸ ਨੂੰ ਦੋ ਚਿੱਟੇ ਬੈਲ ਖਿੱਚਦੇ ਸਨ।

ਯਾਤਰਾ ਸ਼ੁਰੂ ਕਰਨ ਦੇ ਸਮੇਂ ਤੋਂ ਲੈ ਕੇ ਅਹਿਮਦਾ ਬਾਦ ਸਟੇਸ਼ਨ ਉੱਤੇ ਵਿਦਾਇਗੀ ਸਮੇਂ ਤੱਕ ਲਗਾਤਾਰ ਅਤੇ ਬਿਨਾਂ ਕਿਸੇ ਅਕੇਵੇਂ ਜਾਂ ਥਕਾਵਟ ਦੇ ਮਹਾਰਾਜ ਹਰ ਗੱਲ ਬੜੇ ਵਿਸਥਾਰਕ ਅਤੇ ਵਿਸ਼ਲੇਸ਼ਣਮਈ ਢੰਗ ਨਾਲ ਸਮਝਾਉਂਦੇ ਰਹੇ ਹਨ। ਇਹ ਚਲਦੇ ਫਿਰਦੇ ਭਾਸ਼ਣ ਖਾਸ ਤੌਰ ਤੇ ਮੇਰੇ ਲਾਭ ਲਈ ਦਿੱਤੇ ਗਏ ਸਨ। ਅਜੇ ਅਸੀਂ ਪਹਿਲੇ ਪਿੰਡ ਵਿੱਚ ਪਹੁੰਚੇ ਵੀ ਨਹੀਂ ਸਾਂ ਕਿ ਉਨ੍ਹਾਂ ਨੇ ਆਲੇ ਦੁਆਲੇ ਦੇ ਬ੍ਰਿਛਾਂ, ਝਾੜੀਆਂ ਬਾਰੇ ਸਾਨੂੰ ਦੱਸਣਾ ਸ਼ੁਰੂ ਕਰ ਦਿੱਤਾ ਸੀ। ਕਿਸੇ ਖਿੱਤੇ ਦੀ ਜਾਣ-ਪਛਾਣ ਉਦੋਂ ਤੱਕ ਨਹੀਂ ਹੋ ਸਕਦੀ ਜਦੋਂ ਤੱਕ ਉਸ ਦੇ ਬਨਸਪਤੀ ਜੀਵਨ ਦੀ ਜਾਣਕਾਰੀ ਨਾ ਦਿੱਤੀ

ਗਈ ਹੋਵੇ। ਮੈਂ ਉਨ੍ਹਾਂ ਨੂੰ ਪੁੱਛਣ ਵਿੱਚ ਨਹੀਂ ਸੀ ਥੱਕਦਾ ਅਤੇ ਉਹ ਖੁਸ਼ੀ ਖੁਸ਼ੀ ਉੱਤਰ ਦਿੰਦੇ ਨਹੀਂ ਸੀ ਅੱਕਦੇ।

"ਦਾਦਾ! ਇਹ ਕੀ ਹੈ ?"

"ਇਹ ਕਿੱਕਰ ਹੈ। ਇਹ ਖੇਤਾਂ ਦੀਆਂ ਵੱਟਾਂ ਤੇ ਉੱਗਦੇ ਹਨ ਅਤੇ ਬਚਾਉ ਕਰਦੇ ਹਨ। ਇਨ੍ਹਾਂ ਦੇ ਸੰਘਣੇ ਪੱਤਿਆਂ ਵਿੱਚੋਂ ਕੋਈ ਜਾਨਵਰ ਲੰਘ ਕੇ ਅੰਦਰ ਨਹੀਂ ਜਾ ਸਕਦਾ।"

"ਅਤੇ ਇਹ ਕੀ ਚੀਜ਼ ਹੈ?"

"ਇਹ ਚਿਤਲਾ ਹੈ। ਜੇ ਇਸ ਦੀਆਂ ਜੜ੍ਹਾਂ ਨੂੰ ਪੀਹ ਕੇ ਉਨ੍ਹਾਂ ਦਾ ਰਸ ਚਮੜੀ ਤੇ ਲਾਇਆ ਜਾਵੇ ਤਾਂ ਉਸੇ ਵੇਲੇ ਛਾਲੇ ਪੈ ਜਾਂਦੇ ਹਨ ।"

"ਅਤੇ ਉਹ ਅਕੜੀ ਹੈ। ਇਸਦੀ ਜੜ੍ਹ ਉੱਤੇ ਲੱਗੀ ਇਸ ਦੀ ਅੱਖ ਗਣੇਸ਼ ਵਰਗੀ ਹੈ।"

"ਅਤੇ ਇਸ ਵੇਲ ਵੱਲ ਵੇਖੋ ਇਹ ਅੰਤਰ ਵੇਲ ਹੈ। ਇਸ ਦੀਆਂ ਹਜ਼ਾਰਾਂ ਨਿੱਕੀਆਂ ਨਿੱਕੀਆਂ ਸੋਨੇ ਵਾਂਗ ਚਮਕਦੀਆਂ ਤਾਰਾਂ ਬ੍ਰਿਛ ਉੱਤੇ ਕਿਸ ਤਰ੍ਹਾਂ ਵਿਛੀਆਂ ਪਈਆਂ ਹਨ। ਸੰਸਕ੍ਰਿਤ ਵਿੱਚ ਇਸ ਨੂੰ ਨਿਰਮੂਲੀ ਕਹਿੰਦੇ ਹਨ। ਜਿਸ ਦੀਆਂ ਜੜ੍ਹਾਂ ਨਾ ਹੋਣ। ਸੱਚਮੁੱਚ ਇਸ ਦੀਆਂ ਜੜ੍ਹਾਂ ਨਹੀਂ ਹੁੰਦੀਆਂ। ਇਸ ਨੂੰ ਉੱਗਣ ਲਈ ਧਰਤੀ ਦੀ ਲੋੜ ਨਹੀਂ ਹੁੰਦੀ। ਇਸ ਦਾ ਕੋਈ ਟੁਕੜਾ ਕੱਟ ਕੇ ਬ੍ਰਿਛ ਉੱਤੇ ਸੁੱਟ ਦਿਓ ਅਤੇ ਇਸ ਨੂੰ ਉੱਥੇ ਰਹਿਣ ਦਿਓ। ਇਹ ਬ੍ਰਿਛ ਵਿੱਚੋਂ ਹੀ ਆਪਣੀ ਖੁਰਾਕ ਲੈ ਲਵੇਗੀ। ਅਤੇ ਸਾਰੇ ਪਾਸਿਆਂ ਵੱਲ ਵਧਣਾ ਸ਼ੁਰੂ ਕਰ ਦੇਵੇਗੀ। ਇਸੇ ਕਰਕੇ ਜਦੋਂ ਮੈਂ ਪਿੰਡਾਂ ਦੇ ਲੋਕਾਂ ਨਾਲ ਗੱਲ ਕਰਦਾ ਹੁੰਦਾਂ ਹਾਂ ਅੰਗਰੇਜ਼ ਹਕੂਮਤ ਨੂੰ ਨਿਰਮੂਲੀ ਨਾਲ ਤੁਲਨਾ ਦਿਆ ਕਰਦਾ ਹਾਂ ।" ਮੈਂ ਇਸ ਉਪਮਾ ਦੀ ਖ਼ੂਬਸੂਰਤੀ ਬਾਰੇ ਅਜੇ ਸੋਚ ਹੀ ਰਿਹਾ ਸੀ ਕਿ ਅਸੀਂ ਝੜੋਲਾ ਵਿੱਚ ਦਾਖ਼ਲ ਹੋ ਗਏ।

ਇਹ ਝੜੋਲਾ ਪਿੰਡ ਹੈ। ਜਿੱਥੇ ਬਾਬਰ ਦੀ ਭੈਣ ਰਹਿੰਦੀ ਸੀ। ਤੁਹਾਨੂੰ ਯਾਦ ਹੋਵੇਗਾ ਕਿ ਉਹ ਉਸ ਦੇ ਗਿਰੋਹ ਦੀ ਮੈਂਬਰ ਸੀ ਅਤੇ ਬਾਬਰ ਨੇ ਉਸ ਦੀ ਖੋਪੜੀ ਦੇ ਪਰਖੱਚੇ ਉੜਾ ਦਿੱਤੇ ਸਨ। ਸਿਰਫ ਇਸ ਸ਼ੱਕ ਦੀ ਬਿਨਾਅ ਤੇ ਕਿਤੇ ਉਹ ਉਸ ਨਾਲ ਦਗਾ ਕਰ ਜਾਵੇ।

ਮਹਾਰਾਜ ਸਾਨੂੰ ਰਸਤੇ ਵਿੱਚ ਜੋ ਘਰ ਪਹਿਲੇ ਆਇਆ ਉਸੇ ਵਿੱਚ ਲੈ ਗਏ। ਵਿਹੜੇ ਵਿੱਚ ਮਿੱਟੀ ਤੇ ਗੋਹੇ ਨਾਲ ਲਿੱਬੜੀਆਂ ਮੱਝਾਂ ਬੈਠੀਆਂ ਸਨ। ਤਟਵਰਤੀ ਖੇਤਰ ਵਿੱਚ ਡੰਗਰਾਂ ਦੇ ਚਰਨ ਲਈ ਕੋਈ ਚਰਾਗਾਹ ਨਹੀਂ ਸੀ। ਜਿਸ ਕਰਕੇ ਉਨ੍ਹਾਂ ਨੂੰ ਬਾੜੇ ਵਿੱਚ ਹੀ ਬੰਨ ਕੇ ਰੱਖਣਾ ਪੈਂਦਾ ਸੀ। ਬਾੜੇ ਵਿੱਚ ਇੱਕ ਮੰਜੀ ਵੀ ਪਈ ਸੀ ਜਿਹੜੀ ਗੋਹੇ ਤੇ ਮਿੱਟੀ ਨਾਲ ਭਰੀ ਸੀ।

"ਵੇਖੋ ਮਹਾਰਾਜ! ਆ ਗਿਆ ਹੈ ।"

"ਮਹਾਰਾਜ! ਆਪ ਕਿੱਥੋਂ ਆ ਗਏ ਹੋ ਇਸ ਵੇਲੇ ।"

"ਮਹਾਰਾਜ! ਤੁਹਾਨੂੰ ਇੱਥੇ ਆਇਆਂ ਭਲਾ ਕਿੰਨੇ ਸਾਲ ਹੋ ਗਏ ਹਨ ?"

"ਅੱਜਕੱਲ੍ਹ ਗਾਂਧੀ ਜੀ ਕਿੱਥੇ ਹਨ?"

"ਜੇਲ੍ਹ ਵਿੱਚ ਹੀ ਹੋਣਗੇ - ਕੀ ਨਹੀਂ?"

"ਉਏ ਜਲਦੀ ਜਲਦੀ ਤਲਾਈ ਲਿਆਓ ਅਤੇ ਮਹਿਮਾਨਾਂ ਦੇ ਬੈਠਣ ਲਈ ਥਾਂ ਬਣਾਓ ।"

ਮਹਾਰਾਜ ਆਪਣੀ ਆਮਦ ਦੇ ਇਸ ਸਨੇਹ ਅਤੇ ਖੁਸ਼ੀ ਭਰੇ ਸੁਆਗਤ ਨੂੰ ਵੇਖ ਕੇ ਮੁਸਕਰਾ ਰਹੇ ਸਨ। ਉਹ ਵੇਖ ਰਹੇ ਹਨ ਕਿ ਉਨ੍ਹਾਂ ਦੇ ਆਉਣ ਤੇ ਕਿੰਨਾ ਉਤਸ਼ਾਹ ਪ੍ਰਗਟ ਕੀਤਾ ਜਾ ਰਿਹਾ ਸੀ।

ਜਦੋਂ ਇਹ ਜੋਸ਼ ਜ਼ਰਾ ਮੱਠਾ ਹੋਇਆ ਤਾਂ ਮਹਾਰਾਜ ਨੇ ਕਿਹਾ, ਨਹੀਂ ਅਸੀਂ ਬਹੁਤ 'ਚਿਰ ਇੱਥੇ ਠਹਿਰ ਨਹੀਂ ਸਕਦੇ।

"ਕਿਉਂ ਨਹੀਂ ਠਹਿਰ ਸਕਦੇ ।"

"ਥੋੜ੍ਹਾ ਚਿਰ ਬੈਠ ਕੇ ਆਰਾਮ ਵੀ ਨਹੀਂ ਕਰ ਸਕਦੇ ।"

" ਧੰਨਵਾਦ ਪਰ ਇਸ ਵੇਲੇ ਨਹੀਂ ਫੇਰ ਕਦੇ ਸਹੀ, ਇਸ ਵੇਲੇ ਅਸੀਂ ਕਾਹਲ ਵਿੱਚ ਹਾਂ।"

"ਕੀ ਤੁਸੀਂ ਦੁੱਧ ਦਾ ਗਲਾਸ ਤੱਕ ਨਹੀਂ ਪੀਓਗੇ। ਤੁਸੀਂ ਇਥੇ ਆਏ ਕਾਸਨੂੰ ਹੋ?

ਅੱਛਾ ਜਿਵੇਂ ਤੁਹਾਡੀ ਰਜ਼ਾ। ਫਿਰ ਜਲਦੀ ਆਇਓ ਕਿਰਪਾ ਕਰਕੇ ਜ਼ਰੂਰ ਆਇਓ ।"

"ਅੱਛਾ ਫਿਰ ਜੈ ਰਾਮ ਜੀ ਕੀ"

"ਇੰਨੀਂ ਛੇਤੀ?"

ਘਰੋਂ ਬਾਹਰ ਅਉਣ ਤੇ ਮਹਾਰਾਜ ਨੇ ਦੱਸਿਆ। ਉਨ੍ਹਾਂ ਦਿਨਾਂ ਵਿੱਚ ਇਹ ਘਰ ਵਾਲੇ ਮੇਰੇ ਮੇਜ਼ਬਾਨ ਹੋਇਆ ਕਰਦੇ ਸਨ। ਮੈਂ ਇਨ੍ਹਾਂ ਨਾਲ ਰਿਹਾ ਕਰਦਾ ਸਾਂ। ਰਾਤ ਨੂੰ ਮੈਂ ਇੱਕ ਬਦਬੂ ਮਾਰਦੀ ਤਲਾਈ ਜਿਸ ਤਰ੍ਹਾਂ ਦੀ ਤੁਸੀਂ ਦੇਖੀ ਹੈ ਉੱਤੇ ਸੌਂਦਾ ਹੁੰਦਾ ਸਾਂ। ਜਿਹੜਾ ਬਰਾਂਡਾ ਤੁਸੀਂ ਵੇਖਿਆ ਹੈ। ਉਸੇ ਵਿੱਚ ਮੈਂ ਆਰਜ਼ੀ ਚੁੱਲ੍ਹਾ ਬਣਾ ਕੇ ਖਿਚੜੀ ਰਿੰਨ੍ਹਦਾ ਸਾਂ ਅਤੇ ਖਾ ਲੈਂਦਾ ਸਾਂ। ਮੈਂ ਬਹੁਤ ਸਾਰੇ ਸਾਲਾਂ ਪਿੱਛੋਂ ਇੱਥੇ ਅੱਜ ਆਇਆ ਹਾਂ। ਜਦੋਂ ਮੈਂ ਇਸ ਖੇਤਰ ਵਿੱਚ ਕੰਮ ਕਰਦਾ ਸਾਂ ਤਾਂ ਦਿਨ ਰਾਤ ਇੱਕ ਪਿੰਡ ਤੋਂ ਦੂਜੇ ਪਿੰਡ ਵੱਲ ਤੁਰਦਾ ਹੀ ਰਹਿੰਦਾ ਸਾਂ। ਹਰ ਪਿੰਡ ਵਿੱਚ ਅਟਕਦਾ ਹੋਇਆ, ਪਿੰਡ ਦੇ ਹਰ ਟੱਬਰ ਦੀ ਸੁੱਖ ਸਾਂਦ ਪੁੱਛਦਾ ਹੋਇਆ। ਖਾਸ ਤੌਰ ਤੇ ਬੱਚਿਆਂ ਅਤੇ ਇਸਤਰੀਆਂ ਦੀ

ਅਤੇ ਅਗਲੇ ਪਿੰਡ ਲਈ ਚੱਲ ਪੈਂਦਾ। ਜਿਹੜਾ ਆਦਮੀ ਸਾਡੇ ਨਾਲ ਹੁਣੇ ਗੱਲਾਂ ਕਰ ਰਿਹਾ ਸੀ। ਇਹ ਬਾਬਰ ਦੇਵਾ ਦਾ ਭਣਵੇਈਆ ਸੀ। ਉਸ ਨੇ ਆਪਣੀ ਤੀਵੀਂ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ, ਕਿਉਂਕਿ ਉਹ ਆਵਾਰਾ ਤੀਂਵੀਂ ਸੀ।

ਮੇਰੇ ਕੰਨ ਭਾਵੇਂ ਮਹਾਰਾਜ ਦੀਆਂ ਗੱਲਾਂ ਨਾਲ ਜੁੜੇ ਸਨ ਪਰ ਮੇਰਾ ਧਿਆਨ ਉਸ ਗੰਦੀ ਬੂ ਮਾਰਦੀ ਤਲਾਈ ਵੱਲ ਜਾ ਰਿਹਾ ਸੀ। ਜਾਨਵਰਾਂ ਨਾਲ ਕੁਰਬਲ ਕੁਰਬਲ ਕਰਦੀ ਹਵੇਲੀ ਵੱਲ ਗੰਦਗੀ ਉੱਤੇ ਭਿੰਣ-ਭਿਣਾਉਂਦੇ ਲੱਖਾਂ ਮੱਛਰਾਂ ਵੱਲ ਅਤੇ ਬਰਾਂਡੇ ਦੇ ਉਸ ਕੋਣੇ ਵੱਲ ਜਾ ਰਿਹਾ ਸੀ, ਜਿਸ ਨੂੰ ਮਹਾਰਾਜ ਖਿਚੜੀ ਬਣਾਉਣ ਲਈ ਰਸੋਈ ਵੱਜੋਂ, ਸੌਣ ਕਮਰੇ ਵਜੋਂ ਅਤੇ ਦੀਵਾਨ ਖਾਨੇ ਵਜੋਂ ਵਰਤਿਆ ਕਰਦੇ ਸਨ। ਮੇਰੇ ਦਿਮਾਗ ਵਿੱਚ ਇਕ ਤਸਵੀਰ ਉੱਭਰੀ ਇੱਕ ਬ੍ਰਾਹਮਣ ਦੀ ਜੋ ਇੱਕ ਮੁੱਠੀ ਭਰ ਦਾਣੇ ਉਧਾਰ ਲੈਂਦਾ, ਖਿਚੜੀ ਪਕਾਉਂਦਾ, ਜਿਸ ਵਿੱਚ ਕਈ ਵਾਰੀ ਲੂਣ ਤੱਕ ਵੀ ਨਾ ਹੁੰਦਾ। ਸਾਰੇ ਦਿਨ ਦਾ ਉਸ ਨਾਲ ਭੋਜਨ ਕਰਦਾ ਅਤੇ ਪਾਣੀ ਦੀ ਗੜਵੀ ਪੀਂਦਾ। ਜਿਹੜਾ ਕਿ ਸਾਰੇ ਦਿਨ ਲਈ ਉਸ ਦੀ ਇਕੋ ਇਕ ਪੀਣ ਵਾਲੀ ਚੀਜ਼ ਹੁੰਦੀ। ਤਦ ਉਹ ਪੈਦਲ ਤੁਰ ਲੈਂਦਾ, ਤੁਰਿਆ ਜਾਂਦਾ, ਤੁਰਿਆ ਜਾਂਦਾ ਅਤੇ ਤੁਰਿਆ ਜਾਂਦਾ। ਜਲਦੀ ਧੁੱਪ ਵਿੱਚ, ਵਰ੍ਹਦੇ ਮੀਂਹ ਵਿੱਚ, ਕਕਰੀਲੀ ਠੰਢ ਵਿੱਚ, ਚਾਨਣ ਵਿੱਚ, ਹਨ੍ਹੇਰੇ ਵਿੱਚ ਹਮੇਸ਼ਾਂ ਉਹ ਤੁਰਦਾ ਹੀ ਰਹਿੰਦਾ, ਤੁਰਦਾ ਹੀ ਰਹਿਦਾ ਹੱਸੂੰ ਹੱਸੂੰ ਕਰਦਾ।

ਜਿਵੇਂ ਉਸ ਨੇ ਮੇਰੇ ਵਿਚਾਰ ਪੜ੍ਹ ਲਏ ਹੋਣ ਉਹ ਕਹਿਣ ਲੱਗਾ, “ਮੈਨੂੰ ਹਨ੍ਹੇਰੀ ਰਾਤ ਵਿੱਚ ਤੁਰਨ ਦਾ ਬਹੁਤ ਹੀ ਮਜ਼ਾ ਆਉਂਦਾ ਸੀ। ਮੈਨੂੰ ਕੋਈ ਵੇਖ ਨਾ ਸਕਦਾ ਅਤੇ ਸਾਰੇ ਪਾਸੇ ਚੁੱਪ ਦਾ ਹੀ ਰਾਜ਼ ਹੁੰਦਾ। ਕਈ ਵਾਰੀ ਮੇਰੀਆਂ ਅੱਖਾਂ ਸੌਂ ਰਹੀਆਂ ਹੁੰਦੀਆਂ ਪਰ ਮੇਰੇ ਪੈਰ ਚਲਦੇ ਰਹਿੰਦੇ। ਮੈਂ ਆਪਣਾ ਰਸਤਾ ਕਦੇ ਵੀ ਨਾ ਭੁਲਦਾ। ਤੱਟ ਦੀਆਂ ਸਭ ਤੋਂ ਮੁਸ਼ਕਲ ਘਾਟੀਆਂ ਵਿੱਚ ਵੀ ਮੇਰੇ ਪੈਰ ਹਮੇਸ਼ਾਂ ਸੜਕ ਤੇ ਹੀ ਰਹਿੰਦੇ। ਇਸੇ ਕਰਕੇ ਮੈਂ ਕਿਹਾ ਕਰਦਾ ਹਾਂ ਕਿ ਆਦਮੀ ਦੇ ਪੈਰਾਂ ਦੀਆਂ ਵੀ ਅੱਖਾਂ ਹੁੰਦੀਆਂ ਹਨ ।”

ਅਸੀਂ ਰੱਸ ਪਹੁੰਚ ਗਏ ਜਿਸ ਨੂੰ ਗੁਜਰਾਤ ਦੀ ਬੇਦਾਗ ਅੱਖ ਕਿਹਾ ਜਾਂਦਾ ਹੈ। ਪਿੰਡ ਤੋਂ ਬਾਹਰ ਇਕ ਗਾਂਧੀ ਆਸ਼ਰਮ ਸੀ। ਆਸ਼ਰਮ ਦੇ ਅੱਗੇ ਇਕ ਛੋਟੀ ਜਿਹੀ ਸਾਫ ਡਿਸਪੈਂਸਰੀ ਸੀ। ਸਾਰੇ ਪਾਸੇ ਦੂਰ ਦੂਰ ਤੱਕ ਖੇਤ ਫੈਲੇ ਹੋਏ ਸਨ ਅਤੇ ਡੀਜ਼ਲ ਨਾਲ ਚੱਲਣ ਵਾਲੇ ਪੰਪ ਖੂਹਾਂ ਵਿੱਚੋਂ ਇਕ ਬੱਝਵੀਂ ਤਾਲ ਵਿੱਚ ਪਾਣੀ ਕੱਢ ਰਹੇ ਸਨ। ਜ਼ਮੀਨ ਦੇ ਇੱਕ ਹਿੱਸੇ ਵਿੱਚੋਂ ਝਾੜੀਆਂ ਅਤੇ ਕੱਖ ਕੱਢੇ ਜਾ ਰਹੇ ਸਨ, ਬਿਜਾਈ ਲਈ ਤਿਆਰ ਕਰਨ ਵਾਸਤੇ ਫੱਟੇ ਅਤੇ ਬੱਲੀਆਂ ਕਰੀਨੇ ਨਾਲ ਜੋੜ ਕੇ ਰੱਖੇ ਹੋਏ ਸਨ। ਹਸਪਤਾਲ ਬਣਾਉਣ ਲਈ ਜ਼ਮੀਨ ਦਾ ਸਰਵੇ ਕੀਤਾ ਜਾ ਰਿਹਾ ਸੀ।

ਇਕੱਲੇ ਇਸ ਪਿੰਡ ਨੇ ਕਸਤੂਰਬਾ ਦੀ ਯਾਦ ਵਿੱਚ ਬਣ ਰਹੇ ਇਸ ਹਸਪਤਾਲ ਲਈ, 21 ਹਜ਼ਾਰ ਰੁਪਏ ਦਾ ਚੰਦਾ ਇਕੱਠਾ ਕੀਤਾ ਹੈ। ਮਹਾਰਾਜ ਨੇ ਦੱਸਿਆ ਕਿ ਚੰਦਾ ਦੇਣ ਵਾਲਿਆਂ ਵਿੱਚ ਹਰੀਜਨ, ਮੁਸਲਮਾਨ ਹੀ ਨਹੀਂ ਪਿੰਡ ਦੇ ਸਾਰੇ ਲੋਕ ਸ਼ਾਮਲ ਸਨ। ਇਸ ਪਿੰਡ ਦੇ ਖਾਸੇ ਨੂੰ ਇਹ ਤੱਥ ਭਲੀ ਭਾਂਤ ਪ੍ਰਗਟ ਕਰਦਾ ਹੈ। 1922 ਤੋਂ ਇਹ ਪਿੰਡ ਕੌਮੀ ਲਹਿਰਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਿਹਾ ਹੈ। 1930 ਵਿੱਚ ਜਦੋਂ ਉਨ੍ਹਾਂ ਨੇ ਟੈਕਸ ਮਾਫ ਕਰ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਇਸ ਪਿੰਡ ਦੇ ਲੋਕਾਂ ਦੀ ਹਜ਼ਾਰਾਂ ਵਿੱਘੇ ਜ਼ਮੀਨ ਸਰਕਾਰ ਦੁਆਰਾ ਜ਼ਬਤ ਕਰ ਲਈ ਗਈ ਸੀ।

ਉਸ ਵੇਲੇ ਇੱਕ ਸਰਕਾਰੀ ਅਫਸਰ ਪਿੰਡ ਵਿੱਚ ਆਇਆ ਸੀ ਅਤੇ ਉਸ ਨੇ ਪਿੰਡ ਦੇ ਭੋਲੇ ਭਾਲੇ ਗ੍ਰਾਸੀਆਂ, ਬੜਈਆਂ ਅਤੇ ਠਾਕੁਰਦਾਂ ਨੂੰ ਲਾਲਚ ਦੇ ਕੇ ਕਿਹਾ ਸੀ, "ਧੰਨ ਦੀ ਦੇਵੀ ਮਾਤਾ ਲਛਮੀ ਨੇ ਸੁਪਨੇ ਵਿੱਚ ਮੈਨੂੰ ਦਰਸ਼ਨ ਦੇ ਕੇ ਕਿਹਾ ਹੈ ਕਿ ਮੈਂ ਹੀ ਗਾਂਧੀ ਜੀ ਨੂੰ ਕੁਰਾਹੇ ਪਾ ਕੇ ਟੈਕਸ ਅਦਾ ਨਾ ਕਰਨ ਦਾ ਅੰਦੋਲਨ ਕਰਵਾਇਆ ਹੈ ਤਾਂ ਜੋ ਗ੍ਰਾਸੀ ਲੋਕ ਵੱਧ ਫੁੱਲ ਸਕਣ। ਇਸ ਕਰਕੇ ਭਾਈਓ, ਜਿੰਨੀ ਵੀ ਖਰੀਦ ਸਕਦੇ ਹੋ ਸਾਰੀ ਜ਼ਮੀਨ ਖਰੀਦ ਲਵੋ। ਐਸੇ ਵੇਲੇ ਮੌਕਾ ਹੈ ਜੇ ।"

ਉਸ ਨੇ ਜ਼ਬਤ ਕੀਤੀ ਜ਼ਮੀਨ ਸਸਤੀ ਕੀਮਤ ਤੇ ਨੀਲਾਮ ਕੀਤੀ ਅਤੇ ਕੁਝ ਲੋਕ ਸਨ ਜਿਨ੍ਹਾਂ ਇਸ ਨੀਲਾਮੀ ਦਾ ਲਾਭ ਉਠਾਇਆ। ਸਮੁੱਚੇ ਤੌਰ ਤੇ ਲੋਕ ਸ਼ਾਂਤ ਰਹੇ

ਅਤੇ ਜਦੋਂ ਗਾਂਧੀ-ਇਰਵਨ ਸਮਝੌਤਾ ਤਿਆਰ ਕੀਤਾ ਜਾ ਰਿਹਾ ਸੀ ਉਸ ਵਿੱਚ ਸਰਕਾਰ ਵੱਲੋਂ ਜਬਤ ਕੀਤੀ ਇਸ ਜ਼ਮੀਨ ਦਾ ਕੋਈ ਜ਼ਿਕਰ ਨਹੀਂ ਸੀ। ਉਨ੍ਹਾਂ ਨੂੰ ਇਹ ਜ਼ਮੀਨ ਉਦੋਂ ਹੀ ਵਾਪਸ ਮਿਲੀ ਜਦੋਂ ਕਾਂਗਰਸ ਸੱਤਾ ਵਿੱਚ ਆਈ। ਜਦੋਂ ਉਨ੍ਹਾਂ ਨੂੰ ਜ਼ਮੀਨ ਮਿਲ ਗਈ ਤਾਂ ਉਨ੍ਹਾਂ ਨੂੰ ਟੈਕਸ ਵਿਰੋਧੀ ਅੰਦੋਲਨ ਦੇ ਦੌਰਾਨ ਸ. ਵੱਲਭ ਭਾਈ ਪਟੇਲ ਦੇ ਕਹੇ ਸ਼ਬਦ ਯਾਦ ਆਏ :

"ਇੱਕ ਦਿਨ ਤੁਹਾਡੀ ਜ਼ਮੀਨ ਆਪੇ ਚੱਲ ਕੇ ਤੁਹਾਡੇ ਕੋਲ ਆਵੇਗੀ ਅਤੇ ਤੁਹਾਡੀ ਅਣਖ ਤੇ ਸਵੈਮਾਨ ਕਾਇਮ ਰਹੇਗਾ, ।" ਉਸ ਨੇ ਕਿਹਾ ਸੀ, "ਅਤੇ ਜਿਸ ਦਿਨ ਜ਼ਮੀਨ ਤੁਹਾਨੂੰ ਵਾਪਸ ਦਿੱਤੀ ਜਾਵੇਗੀ ਤਾਂ ਸਾਰੇ ਪਾਸਿਓਂ ਖੁਸ਼ੀ ਨਾਲ ਸ਼ਹਿਨਾਈਆਂ ਗੂੰਜ ਉੱਠਣਗੀਆਂ ।"

ਇਸ ਭਵਿੱਖ ਬਾਣੀ ਨੂੰ ਸੱਚਾ ਸਾਬਤ ਕਰਨ ਲਈ ਭੋਲੇ ਦੇਹਾਤੀਆਂ ਨੇ ਜਦੋਂ ਜ਼ਮੀਨ ਉਨ੍ਹਾਂ ਨੂੰ ਵਾਪਸ ਮਿਲੀ ਤਾਂ ਬੈਂਡ ਦਾ ਪ੍ਰਬੰਧ ਕੀਤਾ ।

ਮਹਾਰਾਜ ਨੇ ਇੱਕ ਨਵੀਂ ਕਹਾਣੀ ਛੂੰਹਦਿਆਂ ਕਿਹਾ ਕਿ ਸਾਡਾ ਇੱਕ ਦੋਸਤ ਮੋਤੀ ਭਾਈ ਡੋਸਾ ਸੀ। ਉਹ ਹੁਣ ਨਹੀਂ ਰਿਹਾ। ਟੈਕਸ ਵਿਰੋਧੀ ਅੰਦੋਲਨ ਵਿੱਚ ਬਹੁਤ ਸਾਰੇ ਲੋਕ ਗਰਿਫ਼ਤਾਰ ਹੋ ਗਏ ਸਨ। ਪਰ ਉਹ ਬੁੱਢਾ ਆਦਮੀ ਨਹੀਂ ਸੀ ਹੋਇਆ। ਇਕ ਦਿਨ ਉਹ ਇੱਕ ਜ਼ਬਤ ਕੀਤਾ ਪੈਂਫਲਿਟ ਪੜ੍ਹ ਰਿਹਾ ਸੀ। ਉਸ ਨੂੰ ਪਕੜ ਲਿਆ ਗਿਆ। ਪੁਲੀਸ ਦੇ ਮੁਖੀ ਨੂੰ ਉਸ ਦੇ ਬੁਢਾਪੇ ਉੱਤੇ ਤਰਸ ਆ ਗਿਆ। ਉਸ ਨੇ ਕੇਸ ਨੂੰ ਨਰਮ ਕਰਨ ਲਈ ਆਪਣਾ ਸਵਾਲ ਬੜੀ ਚਲਾਕੀ ਨਾਲ ਢਾਲਦੇ ਹੋਏ ਪੁੱਛਿਆ, “ਕੀ ਬਾਬਾ, ਇਹ ਜ਼ਬਤਸ਼ੁਦਾ ਪੈਂਫਲਿਟ ਤੈਨੂੰ ਡਾਕ ਰਾਹੀਂ ਕਿਸੇ ਹੋਰ ਨੇ ਨਹੀਂ ਭੇਜਿਆ ?”

ਡੋਸਾ ਨੇ ਕਿਹਾ, “ਹਜ਼ੂਰ ਮੈਨੂੰ ਮਾਫ ਕੀਤਾ ਜਾਵੇ। ਕਿਸੇ ਨੂੰ ਵੀ ਲੋੜ ਹੈ ਮੈਨੂੰ ਇਹ ਪੈਂਫਲਿਟ ਭੇਜਣ ਦੀ ?" "ਸਾਹਿਬ, ਮੈਂ ਇਸ ਪਰਚੇ ਦਾ ਕਈ ਸਾਲ ਤੋਂ ਬਾਕਾਇਦਾ ਚੰਦੇਦਾਰ ਹਾਂ। ਮੈਂ 1922 ਤੋਂ ਹੀ ਇਕ ਸੱਤਿਆਗ੍ਰਹੀ ਹਾਂ ।”

ਉਸ ਨੇ ਆਪਣਾ ਕਸੂਰ ਮੰਨ ਲਿਆ ਸੀ ਅਤੇ ਜੇਲ੍ਹ ਚਲਾ ਗਿਆ ਸੀ। ਕੈਦ ਕੱਟ ਕੇ ਜਦੋਂ ਉਹ ਘਰ ਮੁੜਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਉਸ ਦੀ ਜ਼ਮੀਨ ਉਸ ਤੋਂ ਖੋਹ ਲਈ ਗਈ ਸੀ। ਉਦੋਂ ਤੱਕ ਉਹ ਹੋਰ ਵੀ ਬੁੱਢਾ ਅਤੇ ਕਮਜ਼ੋਰ ਹੋ ਚੁੱਕਿਆ ਸੀ। ਜਦੋਂ ਮਾਇਕ ਤੌਰ ਤੇ ਉਸ ਦੀ ਸਹਾਇਤਾ ਕਰਨੀ ਚਾਹੀ ਤਾਂ ਉਹ ਗੁੱਸੇ ਵਿੱਚ ਬੋਲਿਆ, " ਤੁਸੀਂ ਮੈਨੂੰ ਕੀ ਸਮਝਿਆ ਹੈ, ਕੀ ਮੈਂ ਦੂਜਿਆਂ ਕੋਲੋਂ ਮਦਦ ਦੀ ਆਸ ਰੱਖਦਾ ਹਾਂ, ਮੈਂ ਮਹਾਰਾਣਾ ਪ੍ਰਤਾਪ ਦੀ ਅੰਸ਼ ਹਾਂ ।"

ਕਿਸੇ ਨੂੰ ਇਹ ਜੁਰਅਤ ਨਹੀਂ ਸੀ ਕਿ ਉਸ ਦੇ ਦਾਅਵੇ ਬਾਰੇ ਪੁੱਛ ਸਕਣ। ਅਤਿ ਦੀ ਗਰੀਬੀ ਵਿੱਚ ਦਿਨ ਕੱਟਦੇ ਹੋਏ ਉਸ ਨੇ ਆਪਣੇ ਸਵੈਮਾਨ ਭਰੇ ਜੀਵਨ ਢੰਗ ਨਾਲ ਆਪਣੇ ਪਰਵਾਰ ਦਾ ਨਾਂ ਉੱਚਾ ਕੀਤਾ। ਲੋਕ ਆਪਣੇ ਬੱਚਿਆਂ ਦੀ ਸ਼ਾਦੀ ਉਸ ਦੇ ਪਰਵਾਰ ਵਿੱਚ ਕਰਕੇ ਮਾਣ ਮਹਿਸੂਸ ਕਰਦੇ ਸਨ ।

ਚਲਦੇ ਚਲਦੇ ਹੀ ਮਹਾਰਾਜ ਨੇ ਇੱਕ ਹੋਰ ਪਾਤਰ ਨਾਲ ਜਾਣ ਪਛਾਣ ਕਰਵਾਈ। ਆਸ਼ਾ ਭਾਈ ਲੋਕਾਂ ਦਾ ਇੱਕ ਸੱਚਾ ਸਰਪ੍ਰਸਤ ਸੀ। ਉਹ ਸਦਾ ਮੁਸਕਰਾਉਂਦਾ ਰਹਿੰਦਾ। ਹਸਪਤਾਲ ਲਈ ਚੰਦਾ ਇਕੱਠਾ ਕਰਨ ਵਾਸਤੇ ਪਿੰਡੋ ਪਿੰਡ ਜਾਂਦਾ ਅਤੇ ਟੈਕਸ ਵਿਰੋਧੀ ਅੰਦੋਲਨ ਵਿੱਚ ਆਪਣੀਆਂ ਕੁਰਬਾਨੀਆਂ ਦੀ ਮਿਸਾਲ ਸਾਹਮਣੇ ਰੱਖ ਕੇ ਲੋਕਾਂ ਦਾ ਹੌਂਸਲਾ ਵਧਾਉਂਦਾ। ਮਗਰੋਂ ਜਦੋਂ ਬਹੁਤ ਸਾਰੇ ਲੋਕਾਂ ਦੀ ਜ਼ਮੀਨ ਜ਼ਬਤ ਕੀਤੀ ਗਈ ਤਾਂ ਆਸ਼ਾ ਭਾਈ ਉਨ੍ਹਾਂ ਹੀ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਬਣਿਆ ਜਿਹੜੇ ਉਸ ਨੂੰ ਅੱਜ ਬਹੁਤ ਪਿਆਰ ਕਰਦੇ ਹਨ। ਮਹਾਰਾਜ ਨੇ ਸਾਨੂੰ ਆਸ਼ਾ ਭਾਈ ਦੀਆਂ ਚੁੱਪ-ਚਾਪ ਸਹਿਣ ਕੀਤੀਆਂ ਤਕਲੀਫਾਂ ਦੀ ਗਾਥਾ ਸੁਣਾਈ। ਤਕਲੀਫਾਂ ਜੋ ਇਕ ਸਮਰਪਿਤ ਵਿਅਕਤੀ ਨੇ ਸਹਿਣ ਕੀਤੀਆਂ ਅਤੇ ਜਿਨ੍ਹਾਂ ਨੇ ਗੁਜਰਾਤ ਦੀ ਅੱਖ ਰੱਸ ਪਿੰਡ ਨੂੰ ਰੋਹ ਭਰੀ ਲਾਲੀ ਪ੍ਰਦਾਨ ਕੀਤੀ ।

*********

# ਸੁਪਤ ਅੰਸ਼

ਕਾਠੀਆਵਾੜ ਵਿੱਚ ਇਕ ਪਿੰਡ ਤੋਂ ਦੂਜੇ ਪਿੰਡ ਜਾਣਾ ਸਹਿਨਸ਼ਕਤੀ ਦੀ ਇਕ ਪ੍ਰੀਖਿਆ ਹੁੰਦੀ ਹੈ। ਇਸ ਦੇ ਉਲਟ ਚੜ੍ਹੋਤਰ ਮਾਹੀ ਦੇ ਤਟ ਵਰਤੀ ਪ੍ਰਦੇਸ਼ ਵਿੱਚ ਸੜਕ ਨਾਲ ਨਾਲ ਹਰ ਤਿੰਨ-ਚਾਰ ਮੀਲਾਂ ਦੇ ਫਾਸਲੇ ਮਗਰੋਂ ਹਰੇ ਕਚੂਰ ਜੰਗਲਾਂ ਵਿੱਚੋਂ ਕੋਈ ਨਾ ਕੋਈ ਪਿੰਡ ਝਾਤੀ ਮਾਰਨ ਲਗਦਾ ਹੈ। ਖੂਹਾਂ ਵਿੱਚ ਪਾਣੀ ਕੱਢਦੇ ਡੀਜ਼ਲ ਨਾਲ ਚੱਲਣ ਵਾਲੇ ਪੰਪ ਇਕ ਸੁਰਤਾਲ ਵਿੱਚ ਚਲਦੇ ਹਨ ਜਿਵੇਂ ਕੋਇਲ ਦੀ ਕੂ ਕੂ ਹੋਵੇ। ਦਿਨ-ਰਾਤ ਪੰਪਾਂ ਵਿੱਚੋਂ ਖੇਤਾਂ ਨੂੰ ਪਾਣੀ ਚਲਦਾ ਰਹਿੰਦਾ ਹੈ। ਜ਼ਮੀਨ ਇੰਨੀ ਜ਼ਰਖੇਜ਼ ਹੈ ਕਿ ਵੱਟਾਂ ਉੱਤੇ ਲੱਗੇ ਫਲਦਾਰ ਬ੍ਰਿਛ ਇਕ ਕੰਧ ਜਿਹੀ ਬਣਾ ਦੇਂਦੇ ਹਨ। ਅੱਧੀ ਬਿੱਘਾ ਜ਼ਮੀਨ ਵਾਹ ਕੇ ਵੀ ਕਿਸਾਨ ਚੰਗਾ ਗੁਜ਼ਾਰਾ ਕਰ ਸਕਦਾ ਹੈ। ਇੱਥੋਂ ਸੋਨੇ ਦੀ ਵਾਢੀ ਹੁੰਦੀ ਹੈ। ਹੋਵੇ ਵੀ ਕਿਉਂ ਨਾ ? ਜੇ ਸੌਰਾਸ਼ਟਰ ਵਿੱਚ ਵੀ ਕੱਚਾ ਤੇਲ ਸਪਲਾਈ ਕੀਤਾ ਜਾਵੇ ਤਾਂ ਉੱਥੇ ਵੀ ਇਹ ਸੋਨੇ ਦੀ ਵਾਢੀ ਹੋ ਸਕਦੀ ਹੈ। ਉੱਥੇ ਕਿਸਾਨ ਨੂੰ ਮਜ਼ਬੂਰਨ ਜ਼ਿਆਦਾ ਬੀ ਪਾਉਣਾ ਪੈਂਦਾ ਹੈ। ਕੇਵਲ ਇਹੀ ਨਹੀਂ, ਉੱਥੇ ਉਨ੍ਹਾਂ ਨੂੰ ਹੱਡੀਆਂ ਦੇ ਪਿੰਜਰ ਹੋਏ ਬਲਦਾਂ ਦੀਆਂ ਪਿਛਲੀਆਂ ਲੱਤਾਂ ਦੇ ਜ਼ੋਰ ਤੇ ਬਿਜਾਈ ਕਰਨੀ ਪੈਂਦੀ ਹੈ।

ਰਸ ਨੂੰ ਪਿੱਛੇ ਛੱਡ ਕੇ ਅਤੇ ਅਮੀਆਦ ਦੇ ਕੋਲੋਂ ਦੀ ਲੰਘਦੇ ਹੋਏ ਅਸੀਂ ਕਾਂਭਾ ਪਿੰਡ ਵਿੱਚ ਪਹੁੰਚੇ, ਜਿਸ ਦੀ ਯਾਦ ਮੇਰੇ ਮਨ ਵਿੱਚ ਬਹੁਤ ਡੂੰਘੀ ਹੈ।

ਮਹਾਰਾਜ ਨੇ ਇਕ ਖੇਤ ਵੱਲ ਇਸ਼ਾਰਾ ਕਰਦੇ ਹੋਏ ਕਿਹਾ, "ਇਹ ਉਹ ਖੇਤ ਹੈ ਜਿੱਥੇ ਅੱਧੀ ਰਾਤ ਵੇਲੇ ਮੈਨੂੰ ਗੋਕਲ ਪਤਨਵਾਦੀਆ ਚੁਰਾਏ ਹੋਏ ਘਿਉ ਦੇ ਪੀਪੇ ਵਿਖਾਉਣ ਲਈ ਲਿਆਇਆ ਸੀ।" (ਇਹ ਘਟਨਾ ਇਸ ਪੁਸਤਕ ਦੇ ਅਧਿਆਇ 8

ਸਿਰਲੇਖ 'ਚੋਰ' ਥੱਲੇ ਬਿਆਨ ਕੀਤੀ ਗਈ ਹੈ) ਇਸ ਦਾ ਸੰਖੇਪ ਇਹ ਹੈ ਕਿ ਮਹਾਰਾਜ ਨੇ ਪਤਨਵਾਦੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਉਹ ਚੋਰੀ ਨਹੀਂ ਕਰਿਆ ਕਰਨਗੇ, ਅਤੇ ਜੇ ਕੋਈ ਚੋਰੀ ਹੋ ਗਏ ਤਾਂ ਉਸ ਦੀ ਸ਼ਿਕਾਇਤ ਪੁਲਿਸ ਕੋਲ ਨਹੀਂ ਕੀਤੀ ਜਾਵੇਗੀ ਅਤੇ ਮਹਾਰਾਜ ਉਸ ਹੋਰੀ ਦਾ ਪਤਾ ਖੁਦ ਲਾਉਣਗੇ ਅਤੇ ਚੋਰ ਨੂੰ ਆਪਣੇ ਤਰੀਕੇ ਨਾਲ ਸਜ਼ਾ ਦੇਣਗੇ। ਇਕ ਲੁਬਾਣੇ ਦੇ ਘਰੋਂ ਘਿਉ ਦੇ ਦੋ ਪੀਪੇ ਚੁਰਾਏ ਗਏ ਸਨ। ਮਹਾਰਾਜ ਮੌਕੇ ਤੇ ਪਹੁੰਚ ਗਿਆ ਅਤੇ ਉਹ ਧਰਮਸ਼ਾਲਾ ਵਿੱਚ ਚੁੱਪ ਚੁਪੀਤਾ ਬੈਠ ਗਿਆ ਸੀ ਇਸ ਉਡੀਕ ਵਿੱਚ ਕਿ ਚੋਰ ਆਪਣੇ ਆਪ ਚੋਰੀ ਦਾ ਇਕਬਾਲ ਕਰੇਗਾ। ਮਹਾਰਾਜ ਦਾ ਕੁਝ ਵੀ ਖਾਣ ਤੇ ਜੀਅ ਨਾ ਕੀਤਾ ਅਤੇ ਉਨ੍ਹਾਂ ਤਿੰਨ ਦਿਨ ਲਗਾਤਾਰ ਕੁਝ ਨਾ ਖਾਧਾ ਪੀਤਾ। ਇਕ ਮੁਸਲਮਾਨ ਕਿਸਾਨ ਦਾਜੀ ਨੇ ਸਲਾਹ ਦਿਤੀ ਕਿ ਪਿੰਡ ਵਾਲਿਆਂ ਨੂੰ ਵੀ ਵਰਤ ਵਿੱਚ ਮਹਾਰਾਜ ਦਾ ਸਾਣ ਦੇਣਾ ਚਾਹੀਦਾ ਹੈ। ਮਹਾਰਾਜ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ। ਉਸ ਰਾਤ ਹਨੇਰੇ ਵਿੱਚ ਗੋਕਲ ਚੋਰ ਭੇਸ ਵਟਾ ਕੇ ਆਇਆ ਅਤੇ ਮਹਾਰਾਜ ਨੂੰ ਇਸ ਖੇਤ ਵਿੱਚ ਲੈ ਆਇਆ। ਖੇਤ ਵਿੱਚ ਪਹੁੰਚ ਕੇ ਉਸ ਨੇ ਟੀਨ ਖੜਕਾਏ ਜਿਸ ਤੋਂ ਮਹਾਰਾਜ ਸਮਝ ਜਾਣ ਕਿ ਟੀਨ ਕਿੱਥੇ ਲੁਕਾਏ ਗਏ ਹਨ। ਗੋਕਲ ਤਦ ਨੱਸ ਗਿਆ। ਮਹਾਰਾਜ ਉਹ ਟੀਨ ਲੈ ਕੇ ਲੁਬਾਣੇ ਕੋਲ ਗਿਆ। ਉਨ੍ਹਾਂ ਵਿੱਚੋਂ ਇਕ ਟੀਨ ਵਿੱਚ ਘਿਉ ਸੀ। ਉਹ ਲੁਬਾਣੇ ਦਾ ਸੀ। ਦੂਜੇ ਵਿੱਚ ਤੇਲ ਭਰਿਆ ਸੀ ਅਤੇ ਲੁਬਾਣੇ ਨੇ ਕਿਹਾ ਕਿ ਇਹ ਮੇਰਾ ਨਹੀਂ। ਮਹਾਰਾਜ ਨੇ ਅੰਨ ਤਿਆਗੀ ਰਖਿਆ। ਅਗਲੇ ਦਿਨ ਗੋਕਲ ਨੇ ਮਹਾਰਾਜ ਨੂੰ ਬੁਲਾ ਭੇਜਿਆ ਅਤੇ ਘਿਉ ਦੇ ਟੀਨ ਚੁਰਾਉਣ ਦਾ ਪੂਰਾ ਪੂਰਾ ਇਕਬਾਲ ਕੀਤਾ। ਉਸ ਨੇ ਦੱਸਿਆ ਇਕ ਪੀਪੇ ਦਾ ਘਿਉ ਵੇਚਣਾ ਪਿਆ ਤਾਂ ਜੋ ਉਹ ਫੌਜਦਾਰ ਨੂੰ ਰਿਸ਼ਵਤ ਦੇ ਸਕੇ। ਉਸ ਨੇ ਲੁਬਾਣੇ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਦਾ ਜ਼ਿੰਮਾ ਲਿਆ। ਜਦੋਂ ਪਿੰਡ ਵਾਲਿਆਂ ਨੇ ਮਹਾਰਾਜ ਦਾ ਵਰਤ ਖੁੱਲ੍ਹਵਾਉਣ ਲਈ ਲੁਬਾਣੇ ਨੂੰ ਇਕ ਪਾ ਖਜੂਰਾਂ ਤੋਲਣ ਲਈ ਆਖਿਆ ਤਾਂ ਅਕ੍ਰਿਤਘਣ ਲੁਬਾਣੇ ਨੇ ਪੁੱਛਿਆ ਇਨ੍ਹਾਂ ਦੀ ਕੀਮਤ ਕੌਣ ਦੇਵੇਗਾ ।

ਜਿਸ ਥਾਂ ਤੇ ਇੰਨੀਂ ਮਹੱਤਵਪੂਰਨ ਘਟਨਾ ਹੋਈ ਸੀ ਮੈਂ ਉਸਦੇ ਸਾਰੇ ਤਿੰਨਾਂ ਪਾਤਰਾਂ ਨੂੰ ਮਿਲਣਾ ਚਾਹੁੰਦਾ ਸਾਂ, ਗੋਕਲ-ਚੋਰ, ਜਿਸਨੇ ਚੋਰੀ ਮੰਨੀ ਸੀ ਅਤੇ ਜਿਸਨੇ ਚੋਰੀ ਇਸ ਲਈ ਕੀਤੀ ਸੀ ਉਸ ਦਾ ਖ਼ਿਆਲ ਨਹੀਂ ਸੀ ਮਹਾਰਾਜ ਤਿੰਨ ਦਿਨ ਵਰਤ ਰੱਖਣ ਤੱਕ ਗੱਲ ਨੂੰ ਵਧਾ ਦੇਣਗੇ, ਲੁਬਾਣਾ-ਜਿਸ ਨੇ ਮਹਾਰਾਜ ਦੀ ਕਿਰਪਾ ਨਾਲ 50-60 ਰੁਪਏ ਦਾ ਮਾਲ ਮਿਲ ਜਾਣ ਤੇ ਵੀ ਇਕ ਪਾ ਖਜੂਰਾਂ ਦੀ ਕੀਮਤ ਮੰਗਣ ਤੋਂ ਝਿਜਕ ਨਹੀਂ ਸੀ ਮਹਿਸੂਸ ਕੀਤੀ ਜਿਹੜੀਆਂ ਮਹਾਰਾਜ ਦਾ ਵਰਤ ਖੋਲ੍ਹਣ ਲਈ ਚਾਹੀਦੀਆਂ ਸਨ; ਮੁਸਲਮਾਨ ਕਿਸਾਨ ਦਾਜੀ, ਜਿਸ ਨੇ ਲੁਬਾਣੇ ਦੇ ਸ਼ਰਮਨਾਕ ਵਤੀਰੇ ਤੇ ਉਸ ਨੂੰ ਝਾੜ ਪਾਈ ਸੀ ।

ਮੈਨੂੰ ਪਤਾ ਲਗਾ ਕਿ ਪਹਿਲੇ ਦੋ ਨਹੀਂ ਹਨ ਤੀਜਾ ਬੁੱਢਾ ਦਾਜੀ, ਲੰਮੀ ਦਾੜ੍ਹੀ ਵਾਲਾ ਆਦਮੀ ਹੱਥ ਵਿੱਚ ਹੁੱਕਾ ਫੜੀ ਬੜੇ ਚਾਅ ਨਾਲ ਮਹਾਰਾਜ ਨੂੰ ਮਿਲਣ ਲਈ ਉੱਥੇ ਧਰਮਸ਼ਾਲਾ ਵਿੱਚ ਆਇਆ ਜਿੱਥੇ ਉਨ੍ਹਾਂ ਨੇ ਵਰਤ ਰੱਖਿਆ ਸੀ। ਮੈਂ ਦਾਜੀ ਨੂੰ ਮਹਾਰਾਜ ਦੇ ਪੈਰਾਂ ਤੇ ਡਿਗਦਿਆਂ ਵੇਖਿਆ ਅਤੇ ਫਿਰ ਮੈਂ ਦੇਖਿਆ ਕਿ ਉਹ ਮਹਾਰਾਜ ਦੀ ਸੇਵਾ ਲਈ ਤਨੋਂ ਮਨੋਂ ਜੁਟ ਗਿਆ। ਮਹਾਰਾਜ ਲਈ ਇਹ ਦੌਰਾ ਅਤੀਤ ਦੀ ਇਕ ਯਾਤਰਾ ਸੀ। ਉਹ ਉਨ੍ਹਾਂ ਪਿੰਡਾਂ ਵੱਲ ਵੇਖਦੇ, ਪਿੰਡ ਵਾਸੀਆਂ ਵੱਲ ਵੇਖਦੇ ਉਨ੍ਹਾਂ ਘਟਨਾਵਾਂ ਤੇ ਯਾਦਾਂ ਬਾਰੇ ਸੋਚਦੇ ਜਿਹੜੀਆਂ ਅਜੇ ਕਿਸੇ ਨੂੰ ਬਿਆਨ ਨਹੀਂ ਸਨ ਕੀਤੀਆਂ ਗਈਆਂ ਅਤੇ ਉਨ੍ਹਾਂ ਦਾ ਮਨ ਭਰ ਆਇਆ। ਉਹ ਇਨ੍ਹਾਂ ਘਟਨਾਵਾਂ ਰਾਹੀਂ ਇਕੋ ਗੱਲ ਤੇ ਜ਼ੋਰ ਦੇਣਾ ਚਾਹੁੰਦੇ ਸਨ ਕਿ ਮਨੁੱਖੀ ਫਿਤਰਤ ਵਿੱਚ ਚੰਗਿਆਈ ਦਾ ਬੀਜ ਕਿਸੇ ਉੱਪਰਲੀ ਪਰਤ ਹੇਠ ਦਬਿਆ ਰਹਿੰਦਾ ਹੈ ਅਤੇ ਇਹੀ ਚੰਗਿਆਈ ਦਾ ਬੀਜ ਸੀ ਜਿਸ ਕਰਕੇ ਉਹ ਇਨ੍ਹਾਂ ਸਾਧਾਂ ਲੋਕਾਂ ਨੂੰ ਪਿਆਰ ਕਰਦੇ ਸਨ।

ਮਹਾਰਾਜ ਨੇ ਕਿਹਾ, “ਮਿਸਾਲ ਵਜੋਂ ਜੀਵਾ ਜੈ ਸਿੰਘ - ਇਕ ਪਤਨਵਾਦੀਏ ਦੀ ਗੱਲ ਹੀ ਲੈ ਲਵੋ। ਮੁਸਲਮਾਨ ਕਿਸਾਨ ਦਾਜੀ ਨਾਲ ਰਲ ਕੇ ਉਸ ਨੇ ਇਕ ਬ੍ਰਾਹਮਣ ਦਾ ਅੰਬ ਦਾ ਬ੍ਰਿਛ ਕਾਬੂ ਕਰ ਲਿਆ ਸੀ। ਬ੍ਰਾਹਮਣ ਬਹੁਤ ਅਰਸੇ ਤੱਕ ਬਾਹਰ ਗਿਆ ਹੋਇਆ ਸੀ ਜਦੋਂ ਇਹ ਘਟਨਾ ਵਾਪਰੀ ਸੀ। ਬ੍ਰਾਹਮਣ ਆਪਣਾ ਸਾਰਾ

ਜ਼ੋਰ ਲਾ ਚੁੱਕਿਆ ਸੀ ਉਨ੍ਹਾਂ ਨੂੰ ਆਪਣੀ ਮਾਲਕੀ ਬਾਰੇ ਦਲੀਲ ਨਾਲ ਸਮਝਾਉਣ ਵਾਸਤੇ, ਪਰ ਇਨ੍ਹਾਂ ਦੋਨਾਂ ਨੇ ਬ੍ਰਿਛ ਉੱਤੇ ਪਹਿਲਾਂ ਹੀ ਆਪਣਾ ਕਬਜ਼ਾ ਜਮਾ ਰੱਖਿਆ ਸੀ। ਝਗੜਾ ਆਖਰ ਮੇਰੇ ਕੋਲ ਲਿਆਂਦਾ ਗਿਆ ।"

"ਜੀਵਾ! ਦਾ-ਜੀ!" ਮੈਂ ਉਨ੍ਹਾਂ ਤੋਂ ਪੁੱਛਿਆ, "ਕੀ ਇਹ ਸੱਚ ਹੈ ਕਿ ਇਹ ਅੰਬ ਦਾ ਬੂਟਾ ਉਸ ਦਾ ਹੈ ?"

"ਹਾਂ ਜੀ! ਹੈ ਤਾਂ ਉਸ ਦਾ ।" ਦਾਜੀ ਨੇ ਮੰਨ ਲਿਆ ।

ਜੀਵਾ ਨੇ ਵੀ ਮੈਨੂੰ ਕਿਹਾ, "ਮਹਾਰਾਜ ! ਅਸੀਂ ਤੁਹਾਡੇ ਅੱਗੇ ਝੂਠ ਨਹੀਂ ਮਾਰ ਸਕਦੇ। ਇਹ ਉਸ ਦਾ ਹੀ ਹੈ ।"

ਉਨ੍ਹਾਂ ਨੇ ਬ੍ਰਿਛ ਦੀ ਮਾਲਕੀ ਉਸ ਬ੍ਰਾਹਮਣ ਦੀ ਮੰਨ ਲਈ। ਉਨ੍ਹਾਂ ਨੇ ਮੁਕੱਦਮੇ ਦੇ ਠੀਕ ਜਾਂ ਗਲਤ ਹੋਣ ਬਾਰੇ ਕੋਈ ਬਹਿਸ ਨਾ ਕੀਤੀ। ਉਨ੍ਹਾਂ ਨੇ ਜੋ ਕੁਝ ਵੀ ਬ੍ਰਾਹਮਣ ਦੇ ਖ਼ਿਲਾਫ਼ ਕੀਤਾ ਸੀ ਉਸ ਲਈ ਕਿਸੇ ਪ੍ਰਕਾਰ ਦਾ ਪਛਤਾਵਾ ਉਨ੍ਹਾਂ ਪ੍ਰਗਟ ਨਾ ਕੀਤਾ। "ਉਨ੍ਹਾਂ ਸਿਰਫ਼ ਆਪਣੀ ਜ਼ਮੀਰ ਦੀ ਆਵਾਜ਼ ਤੇ ਅਮਲ ਕੀਤਾ ।"

"ਭਾਈ!"

"ਹਾਂ, ਇੱਛਾ-ਬਾ"

"ਇਹ ਠੀਕ ਨਹੀਂ ਤੁਸੀਂ ਮੈਨੂੰ ਆਪਣੇ ਖਾਣ ਲਈ ਸਿਰਫ਼ ਖਿਚੜੀ ਬਣਾਉਣ ਲਈ ਕਿਹਾ ਹੈ, ਮੈਂ ਬਿਲਕੁਲ ਖੁਸ਼ ਨਹੀਂ ਹਾਂ ।"

"ਭਾਈ........" ਆਵਾਜ਼ ਦੀ ਮਿਠਾਸ ਅਜੇ ਵੀ ਮੇਰੇ ਕੰਨਾਂ ਤੱਕ ਪਹੁੰਚ ਰਹੀ ਹੈ। ਪਿਆਰ ਨਾਲ ਦਿੱਤੀ ਇਸ ਝਿੜਕੀ ਦੇ ਲਮਕਾ ਕੇ ਅਤੇ ਜ਼ੋਰ ਦੇ ਕੇ ਬੋਲੇ ਗਏ ਇਸ ਸ਼ਬਦ ਤੋਂ ਪਤਾ ਲਗਦਾ ਹੈ ਕਿ ਮਹਾਰਾਜ ਹਮੇਸ਼ਾਂ ਹਰ ਰੋਜ਼ ਦਿਨ ਵਿੱਚ ਇਕ ਵਾਰੀ ਹੀ ਇਹ ਸਾਧਾਰਨ ਭੋਜਨ ਕਰਿਆ ਕਰਦੇ ਸਨ। ਮਹਾਰਾਜ ਅਨੁਸਾਰ ਇਸ ਆਵਾਜ਼

ਦੀ ਮਿਠਾਸ ਉਸੇ ਤਰ੍ਹਾਂ ਕਾਇਮ ਸੀ। ਅਸੀਂ ਉਸ ਕੋਲ ਚਾਰ ਘੰਟੇ ਬਿਤਾਏ ਅਤੇ ਮੈਂ ਇਹ ਸ਼ਬਦ ਮਿੱਠੀ ਆਵਾਜ਼ ਵਿੱਚ ਕੋਈ ਪੰਜਾਹ ਵਾਰੀ ਸੁਣਿਆ। ਆਵਾਜ਼ ਇਸ ਤਰ੍ਹਾਂ ਆ ਰਹੀ ਸੀ ਜਿਵੇਂ ਜ਼ਬਾਨ ਮਿੱਠੀਆਂ ਯਾਦਾਂ ਨਾਲ ਗਲੇ ਵਿੱਚ ਮਿਠਾਸ ਘੋਲ ਰਹੀ ਹੋਵੇ। ਇਹ ਇੱਛਾ ਬਾਧਧੀਚ ਜਾਤੀ ਦੀ ਇਕ ਬੁੱਢੀ ਇਸਤਰੀ ਸੀ।

ਉਸਦੇ ਘਰ ਵਿੱਚ ਬਹੁਤ ਘਟ ਰੋਸ਼ਨੀ ਜਾਂਦੀ ਸੀ, ਪਰ ਉਸਦੇ ਅੰਦਰ ਕੋਈ ਤੇਜ਼ ਜੋਤ ਪ੍ਰਕਾਸ਼ ਕਰਦੀ ਸੀ। ਜੋ ਕੁਝ ਮਹਾਰਾਜ ਨੇ ਮੈਨੂੰ ਉਸ ਬਾਰੇ ਦੱਸਿਆ ਸੀ, ਉਸ ਤੋਂ -ਮੈਂ ਅੱਸੀ ਸਾਲ ਦੀ ਉਸ ਇਸਤਰੀ ਦਾ ਜੋ ਚਿੱਤਰ ਕਲਪਿਆ ਸੀ ਉਹ ਉਸ ਨਾਲੋਂ ਵੀ ਵਧੇਰੇ ਖੂਬਸੂਰਤ ਲੱਗੀ ਸੀ-ਜਿਹੜਾ ਕਿ ਅਸਲ ਜੀਵਨ ਵਿੱਚ ਘਟ ਹੀ ਕਦੇ ਹੁੰਦਾ ਹੈ। ਅੱਸੀ ਸਾਲ ਦੀ ਉਮਰ ਵਿੱਚ ਵੀ ਉਹ ਕਾਨੇ ਵਰਗੀ ਸਿੱਧੀ ਅਤੇ ਭਖਦੀ ਹੋਈ ਸਿਹਤ ਵਾਲੀ ਔਰਤ ਸੀ। ਵੀਹਾਂ ਆਦਮੀਆਂ ਲਈ ਰੋਟੀ ਪਕਾ ਲੈਣੀ ਜਾਂ ਪਿੰਡ ਤੋਂ ਬਾਹਰ ਖੂਹ ਤੋਂ ਪਾਣੀ ਲੈ ਆਉਣਾ ਉਹਦੇ ਲਈ ਕੋਈ ਵੱਡੀ ਗੱਲ ਨਹੀਂ ਸੀ। ਜਦੋਂ ਮੈਂ ਉਸ ਨੂੰ ਆਪਣੀ ਝੁੱਗੀ ਦੇ ਫ਼ਰਸ਼ ਉੱਤੇ ਬੈਠਿਆਂ ਵੇਖਿਆ ਤਾਂ ਮੈਨੂੰ ਉਸਦੇ ਬਹਿਣ ਉੱਠਣ ਦੇ ਸਲੀਕੇ ਵਿੱਚੋਂ ਸ਼ਾਹੀ ਸਲੀਕੇ ਦੇ ਚਿੰਨ੍ਹ ਦਿਸੇ ।

"ਬਾਬਰ ਦੇਵਾ ਦੇ ਜ਼ੁਲਮਾਂ-ਡਕੈਤੀਆਂ ਆਦਿ ਦੇ ਹਰਜਾਨੇ ਵਜੋਂ ਸਰਕਾਰ ਨੇ ਖੇੜਾ ਜ਼ਿਲ੍ਹੇ ਦੀ ਸਾਰੀ ਵਸੋਂ ਉੱਤੇ ਟੈਕਸ ਠੋਕ ਦਿੱਤਾ। ਇਸ ਟੈਕਸ ਦੇ ਵਿਰੁੱਧ ਚਲਦੇ ਅੰਦੋਲਨ ਦਾ ਮੈਂ ਇਸ ਤਟਵਰਤੀ ਖੇਤਰ ਵਿੱਚ ਇੰਚਾਰਜ ਸਾਂ ।" ਮਹਾਰਾਜ ਇਕ ਵਾਰੀ ਫਿਰ ਮਿੱਠੀਆਂ ਯਾਦਾਂ ਦੀ ਗੋਦ ਵਿੱਚ ਚਲੇ ਗਏ। "ਮੈਂ ਇੱਛਾ-ਬਾ ਦੇ ਮਕਾਨ ਵਿੱਚ ਕਿਰਾਏਦਾਰ ਬਣਕੇ ਰਹਿੰਦਾ ਸਾਂ। ਇਹ ਮਕਾਨ ਓਸ ਥਾਂ ਸੀ। ਭਾਵੇਂ ਉਹ ਆਪਣੀ ਜਵਾਨੀ ਹੰਢਾ ਚੁੱਕੀ ਸੀ ਅਤੇ ਉਸ ਦੇ ਦੋ ਪੁੱਤਰ ਬਹੁਤ ਵੱਡੇ ਹੋ ਚੁੱਕੇ ਸਨ ਤਾਂ ਵੀ ਉਹ ਮੇਰੇ ਨਾਲ ਗੱਲ ਕਰਨ ਤੋਂ ਸ਼ਰਮ ਕਰਦੀ ਸੀ ਅਤੇ ਮੇਰੇ ਉੱਤੇ ਤੇ ਮੇਰੇ ਕੰਮ ਕਾਰ ਉੱਤੇ ਪੂਰੀ ਨਜ਼ਰ ਰੱਖਦੀ ਸੀ। ਮੈਂ ਇਕੋ ਇਕ ਬਰਤਨ ਵਿੱਚ, ਜੋ ਮੇਰੇ ਕੋਲ ਸੀ ਖਿਚੜੀ ਰਿੰਨ੍ਹਿਆਂ ਕਰਦਾ ਸਾਂ। ਦੋ ਮਿੱਟੀ ਦੀਆਂ ਹਾਂਡੀਆਂ ਮੇਰੇ ਘਰ ਇਕ ਕੋਨੇ ਵਿੱਚ ਪਈਆਂ ਸਨ ਜਿਨ੍ਹਾਂ ਵਿੱਚ ਮੈਂ ਸਭ ਤੋਂ ਸਸਤੇ ਮਟਰੀ ਦੇ ਦਾਣੇ ਰੱਖ ਛਡਦਾ ਸਾਂ। ਮੇਰਾ ਭੋਜਨ

ਚੌਲਾਂ ਤੇ ਇਨ੍ਹਾਂ ਦਾਣਿਆਂ ਨਾਲ ਤਿਆਰ ਕੀਤੀ ਖਿਚੜੀ ਹੀ ਹੁੰਦੀ ਸੀ। ਇਕ ਵਾਰੀ ਕਾਫ਼ੀ ਰਿੰਨ੍ਹਣ ਦੇ ਬਾਵਜੂਦ ਖਿਚੜੀ ਕੱਚੀ ਰਹਿ ਗਈ ਸੀ। ਮੈਂ ਬਥੇਰਾ ਜ਼ੋਰ ਲਾਇਆ ਪਰ ਉਹ ਕੱਚੀ ਦੀ ਕੱਚੀ ਹੀ ਰਹੀ। ਆਖਰ ਮੈਂ ਤੰਗ ਆ ਗਿਆ ਅਤੇ ਅਧਪੱਕੀ ਖਿਚੜੀ ਦੀ ਹਾਂਡੀ ਉਲਟਾ ਕੇ ਘਰੋਂ ਬਾਹਰ ਇਕ ਕੁੱਤੇ ਦੇ ਅੱਗੇ ਪਾ ਦਿੱਤੀ। ਇੱਛਾ ਬਾ ਵੀ ਇਹ ਸਭ ਵੇਖਦੀ ਰਹੀ। ਇਸ ਤੋਂ ਛੇਤੀ ਮਗਰੋਂ ਮੈਂ ਤਿੰਨ ਦਿਨ ਵਾਸਤੇ ਪਿੰਡੋਂ ਬਾਹਰ ਚਲਾ ਗਿਆ। ਜਦੋਂ ਮੈਂ ਵਾਪਸ ਆਇਆ ਤਾਂ ਘਰ ਦੀਆਂ ਦੀਵਾਰਾਂ ਉੱਤੇ ਚੂਨਾ ਕਲੀ ਹੋਈ ਸੀ ਅਤੇ ਫ਼ਰਸ਼ ਵੀ ਕੁਝ ਨਵਾਂ ਨਵਾਂ ਲੱਗ ਰਿਹਾ ਸੀ। ਹਰ ਚੀਜ਼ ਬਿਲਕੁਲ ਹੋਰ ਹੀ ਲਗਦੀ ਸੀ। ਘਰ ਦੇ ਅੰਦਰ ਮੈਨੂੰ ਆਪਣਾ ਬਰਤਨ ਅਤੇ ਮਿੱਟੀ ਦੀਆਂ ਹਾਂਡੀਆਂ ਕਿਧਰੇ ਨਾ ਦਿਖਾਈ ਦਿੱਤੀਆਂ। ਮੈਂ ਸੋਚ ਰਿਹਾ ਸਾਂ ਕਿਤੇ ਮੇਰੀ ਗੈਰ-ਹਾਜ਼ਰੀ ਵਿੱਚ ਮਕਾਨ ਕਿਸੇ ਹੋਰ ਨੂੰ ਤਾਂ ਕਿਰਾਏ ਤੇ ਨਹੀਂ ਦੇ ਦਿੱਤਾ ਗਿਆ। ਮੈਂ ਇੱਛਾ ਬਾ ਨੂੰ ਆਪਣੀਆਂ ਚੀਜ਼ਾਂ ਬਾਰੇ ਪੁੱਛਿਆ ।

ਉਸ ਨੇ ਪਹਿਲੀ ਵਾਰ ਸਿੱਧੇ ਹੋਕੇ ਮੇਰੇ ਨਾਲ ਗੱਲ ਕੀਤੀ, “ਭਾਈ! ਤੁਸੀਂ ਹੁਣ ਖਾਣਾ ਨਹੀਂ ਪਕਾਇਆ ਕਰੋਗੇ ।”

"ਕਿਉਂ?”

"" ਤੁਸੀਂ ਮੇਰੇ ਘਰ ਖਾਣਾ ਖਾਇਆ ਕਰੋਗੇ ।"

"ਪਰ ਇਸ ਤਰ੍ਹਾਂ ਕਿਉਂ?”

"ਤੇ ਹੋਰ ਕੀ! ਤੁਹਾਨੂੰ ਖਾਣਾ ਬਣਾਉਣਾ ਆਉਂਦਾ ਹੀ ਨਹੀਂ ।"

"ਕੌਣ ਕਹਿੰਦਾ ਹੈ?"

"ਕਿਸੇ ਨੂੰ ਕਹਿਣ ਦੀ ਕੀ ਲੋੜ ਹੈ ਜਦ ਮੈਂ ਆਪ ਤੁਹਾਨੂੰ ਕੁੱਤੇ ਨੂੰ ਖਿਲਾਉਂਦੇ ਵੇਖਿਆ ਹੈ ।”

ਉਸ ਦਿਨ ਤੋਂ ਬਾਅਦ ਉਹ ਰੋਜ਼ ਸਵੇਰੇ ਮੇਰਾ ਚਰਖਾ ਡਾਹ ਦੇਂਦੀ ਅਤੇ ਮੈਨੂੰ ਮੇਰੀਆਂ ਪੂਣੀਆਂ ਫੜਾ ਦੇਂਦੀ।

ਉਹ ਕਹਿੰਦੀ, "ਭਾਈ ! ਕੱਤਣਾ ਸ਼ੁਰੂ ਕਰ ਦਿਓ। ਹੋਰ ਕਿਸੇ ਚੀਜ਼ ਦੀ ਚਿੰਤਾ ਨਾ ਕਰੋ।"

ਦੁਪਹਿਰ ਵੇਲੇ ਉਹ ਮੈਨੂੰ ਖਾਣੇ ਲਈ ਅੰਦਰ ਬੁਲਾਉਂਦੀ। ਖਾਣਾ ਸਿਰਫ਼ ਖਿਚੜੀ ਹੀ ਹੁੰਦੀ ਕਿਉਂਕਿ ਇਸ ਤੋਂ ਜ਼ਿਆਦਾ ਉਸ ਤੋਂ ਸਰਦਾ ਹੀ ਨਹੀਂ ਸੀ। ਫੇਰ ਵੀ ਕਈ ਵਾਰੀ ਮੈਂ ਵੇਖਦਾਂ ਕਿ ਖਿਚੜੀ ਦੇ ਅੰਦਰ ਘਿਉ ਦੀ ਪੇੜੀ ਜਿਹੀ ਪਾਈ ਹੁੰਦੀ। ਖਾਣੇ ਤੋਂ ਬਾਅਦ ਉਹ ਮੁੜ ਮੈਨੂੰ ਚਰਖਾ ਕੱਤਣ ਤੇ ਬਿਠਾ ਦੇਂਦੀ। ਉਹ ਮੈਨੂੰ ਪਾਣੀ ਪੀਣ ਲਈ ਉੱਠਣ ਨਾ ਦੇਂਦੀ ਸਗੋਂ ਜਦੋਂ ਵੀ ਮੈਨੂੰ ਲੋੜ ਪੈਂਦੀ ਆਪ ਪਾਣੀ ਦਾ ਗਲਾਸ ਲਿਆ ਕੇ ਮੈਨੂੰ ਦੇਂਦੀ।"

"ਇਕ ਵਾਰੀ ਗਾਂਧੀ ਜੀ ਇੱਧਰ ਆਏ। ਉਨ੍ਹਾਂ ਨੇ ਇਕ ਦਿਨ ਪਿੰਡ ਵਿੱਚ ਠਹਿਰਨਾ ਸੀ। ਮੈਂ ਇੱਛਾ-ਬਾ ਦੇ ਘਰ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ। ਮੈਂ ਸੋਚਿਆ ਸੀ ਕਿ ਉਹ ਸਵੇਰ ਦਾ ਕਾਰਜਕਰਮ ਕਰਕੇ ਦੂਜੇ ਪਿੰਡੋਂ ਇੱਥੇ ਆਉਣਗੇ। ਉਨ੍ਹਾਂ ਨੇ ਇਸ ਦੇ ਉਲਟ ਕੀਤਾ। ਉਹ ਪਹੁੰਚ ਗਏ ਅਤੇ ਮੈਨੂੰ ਇਸ਼ਨਾਨ ਦਾ ਪ੍ਰਬੰਧ ਕਰਨ ਲਈ ਕਹਿਣ ਲੱਗੇ। ਮੈਨੂੰ ਪਤਾ ਸੀ ਗਾਂਧੀ ਜੀ ਇਸ਼ਨਾਨ ਦੇ ਮਾਮਲੇ ਵਿੱਚ ਕਿੰਨੇ ਸਫ਼ਾਈ ਪਸੰਦ ਸਨ, ਮੈਂ ਇਹ ਸੋਚ ਕੇ ਚਿੰਤਾਤੁਰ ਹੋ ਗਿਆ। ਪਰ ਚਿੰਤਾ ਕਰਨ ਵਾਲੀ ਕੋਈ ਖਾਸ ਗੱਲ ਨਹੀਂ ਸੀ। ਅਸੀਂ ਉਨ੍ਹਾਂ ਨੂੰ ਘਰ ਦੇ ਅੰਦਰ ਇਕ ਹਨੇਰੇ ਕਮਰੇ ਦੀ ਨੁੱਕਰ ਵਿੱਚ ਲੈ ਗਏ।

"ਬਹੁਤ ਵਧੀਆ" ਗਾਂਧੀ ਜੀ ਨੇ ਬੜੀ ਤਾਰੀਫ਼ ਕੀਤੀ ਅਤੇ ਅਸੀਂ ਹੈਰਾਨ ਹੋ ਕੇ ਸੁਖ ਦਾ ਸਾਹ ਲਿਆ। ਉਨ੍ਹਾਂ ਉੱਥੇ ਇਸ਼ਨਾਨ ਕੀਤਾ। ਇਸ਼ਨਾਨ ਤੋਂ ਬਾਅਦ ਜਦੋਂ ਮੈਂ ਉਨ੍ਹਾਂ ਦਾ ਤੌਲੀਆ ਨਿਚੋੜਨ ਅਤੇ ਬਾਹਰ ਧੁੱਪੇ ਪਾਉਣ ਵਾਸਤੇ ਅੰਦਰ ਗਿਆ ਤਾਂ

ਉਨ੍ਹਾਂ ਨੇ ਉਸ ਨੂੰ ਪੈਰਾਂ ਥੱਲੇ ਦੱਬੀ ਰੱਖਿਆ ਅਤੇ ਆਪਣੇ ਪੁੱਤਰ ਦੇਵ ਦਾਸ ਨੂੰ ਇਹ ਸੌਂਪਿਆ।

ਮੈਂ ਉਨ੍ਹਾਂ ਤੋਂ ਪੁਛਿਆ, "ਇਹ ਸੇਵਾ ਮੈਨੂੰ ਕਿਉਂ ਨਹੀਂ ਕਰਨ ਦਿਤੀ ਆਪਨੇ?" ਗਾਂਧੀ ਜੀ ਨੇ ਜਵਾਬ ਦਿੱਤਾ, "ਤੁਸੀਂ ਬ੍ਰਾਹਮਣ ਹੋ ! ਤੁਹਾਡੇ ਕੋਲੋਂ ਇਹੋ ਜਿਹਾ ਕੰਮ ਕਰਾਉਣਾ ਠੀਕ ਨਹੀਂ ।"

ਇਹ ਉਹ ਥਾਂ ਹੈ ਜਿੱਥੇ ਪਹਿਲੀ ਵਾਰੀ ਤਟਵਰਤੀ ਖੇਤਰ ਦੇ ਗ੍ਰਾਸੀਆਂ ਨਾਲ ਮੈਂ ਸੰਪਰਕ ਵਿੱਚ ਆਇਆ ਸਾਂ। ਭਾਵੇਂ ਉਨ੍ਹਾਂ ਨੂੰ ਆਮ ਤੌਰ ਤੇ ਠਾਕੁਰ ਜਾਂ ਠਾਕੁਰਦਾ ਕਿਹਾ ਜਾਂਦਾ ਸੀ ਪਰ ਉਹ ਗ੍ਰਾਸੀਆਂ ਅਖਵਾਉਣ ਨੂੰ ਤਰਜੀਹ ਦੇਂਦੇ ਸਨ। ਉਹ ਬੜਈਆਂ ਜਾਂ ਧੱੜਲਾਂ ਦੇ ਨਾਂਵਾਂ ਨੂੰ ਨਫਰਤ ਕਰਦੇ ਸਨ। ਉਹ ਕਿਹਾ ਕਰਦੇ ਸਨ ਕਿ ਉਹ ਗ੍ਰਾਸੀਏ ਅਤੇ ਕੇਵਲ ਗ੍ਰਾਸੀਏ ਹਨ। ਉਹ ਕਹਿੰਦੇ ਹੁੰਦੇ ਹਨ ਕਿ ਸਰਕਾਰੀ ਰਿਕਾਰਡ ਵਿੱਚ ਉਨ੍ਹਾਂ ਦੇ ਵਡੇਰਿਆਂ ਦੀ ਲਾਪਰਵਾਹੀ ਜਾਂ ਲਾਇਲਮੀ ਦੇ ਕਾਰਨ ਉਨ੍ਹਾਂ ਨੂੰ ਪਾਗੀਆਂ ਦੇ ਗ਼ਲਤ ਨਾਮ ਨਾਲ ਦਰਜ ਕੀਤਾ ਗਿਆ ਹੈ। ਉਹ ਮਹਾਰਾਜ ਪ੍ਰਤੀ ਦੋਸਤੀ ਰੱਖਦੇ ਹਨ। ਉਨ੍ਹਾਂ ਦਾ ਉੱਠਣਾ ਬੈਠਣਾ ਸੁਥਰਾ ਹੈ, ਬੋਲ-ਬਾਣੀ ਵਿੱਚ ਠਰ੍ਹੰਮਾ ਤੇ ਧੀਰਜ ਹੈ, ਅਤੇ ਉਨ੍ਹਾਂ ਦੇ ਸਰੀਰ ਕਮਾਏ ਹੋਏ ਹਨ। ਉਨ੍ਹਾਂ ਲਈ ਨਦੀ ਵਿੱਚ ਛੇ ਛੇ ਮੀਲ ਤੱਕ ਤਰੀ ਜਾਣਾ, ਹੜ੍ਹ ਨਾਲ ਬਿਫਰੀ ਨਦੀ ਵਿੱਚ ਲੰਮੀ ਚੁੱਭੀ ਮਾਰ ਜਾਣਾ; ਜਾਂ ਕਿਨਾਰੇ ਦੀਆਂ ਖਤਰਨਾਕ ਘਾਟੀਆਂ ਵਿੱਚ ਕਿਸ਼ਤੀ ਚਲਾਉਣੀ ਉਨ੍ਹਾਂ ਲਈ ਕੋਈ ਮੁਸ਼ਕਲ ਕੰਮ ਨਹੀਂ। ਉਨ੍ਹਾਂ ਬਾਰੇ ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਆਪਣੀ ਪੁਸ਼ਾਕ ਬਾਰੇ ਜਾਂ ਆਪਣੀ ਦਿੱਖ ਬਾਰੇ ਚੇ ਤੰਨ ਨਹੀਂ ਸਨ। ਆਪਣੇ ਸਿਰ ਉੱਤੇ ਇੱਕ ਛੋਟਾ ਜਿਹਾ ਕੱਪੜਾ 'ਫਾਤਿਹਾ' ਵਲ੍ਹੇਟ ਛਡਦੇ ਸਨ ਜਦ ਕਿ ਇਸ ਦੇ ਮੁਕਾਬਲੇ ਵਿੱਚ ਕਾਠੀਆਵਾੜ ਦੇ ਸ਼ੁਕੀਨ ਲੋਕ ਆਪਣੇ ਸਿਰ ਉੱਤੇ ਅਨੇਕਾਂ ਪੇਚਾਂ ਵਾਲੀ ਪੱਗ ਬੰਨ੍ਹਦੇ ਸਨ ਜਿਹੜੀ ਉਨ੍ਹਾਂ ਦੇ ਮੋਢਿਆਂ ਤੱਕ ਲੰਮੇ, ਕੰਘੀ ਨਾਲ ਸੁਆਰੇ ਵਾਲਾਂ ਨੂੰ ਬੜੇ ਚੱਜ ਨਾਲ ਸਾਂਭੀ ਰੱਖਦੀ ਸੀ ਅਤੇ ਇਹ ਲੋਕ ਫਤੂਹੀਆਂ ਪਹਿਨਦੇ ਸਨ ਅਤੇ

ਹੱਥਾਂ ਵਿੱਚ ਡਾਂਗ ਰੱਖਦੇ ਸਨ ਜਿਸ ਉੱਤੇ ਲੋਹੇ ਜਾਂ ਕਿਸੇ ਹੋਰ ਧਾਤ ਦੇ ਲੱਗੇ ਛੱਲੇ ਨਗਾਂ ਵਾਂਗ ਲਿਛਕਦੇ ਸਨ ।

ਜਦੋਂ ਮੈਂ ਕੱਪੜਿਆਂ ਅਤੇ ਬਾਹਰਲੇ ਦਿਖਾਵੇ ਵੱਲ ਗ੍ਰਾਸੀਆਂ ਦੀ ਉਪਰਾਮਤਾ ਬਾਰੇ ਸੋਚ ਰਿਹਾ ਸਾਂ ਮਹਾਰਾਜ ਨੇ ਇਕ ਐਸੀ ਘਟਨਾ ਸੁਣਾਉਣੀ ਸ਼ੁਰੂ ਕਰ ਦਿੱਤੀ ਜਿਹੜੀ ਉਨ੍ਹਾਂ ਦੇ ਭੈੜੇ ਕੱਪੜਿਆਂ ਦੇ ਪਿੱਛੇ ਲੁਕੇ ਉਨ੍ਹਾਂ ਦੀ ਇਨਸਾਨੀਅਤ ਵਾਲੇ ਮਨੋਭਾਵਾਂ ਨੂੰ ਉਜਾਗਰ ਕਰਦੀ ਸੀ। "ਜਦੋਂ ਮੈਂ ਇੱਥੇ ਰਹਿੰਦਾ ਸੀ। ਇਕ ਦਿਨ ਕਾਫ਼ੀ ਗਈ ਰਾਤ ਨੂੰ ਇਕ ਆਦਮੀ ਉਸ ਘਰ ਦੇ, ਜਿਹੜਾ ਤੁਸੀਂ ਸਾਹਮਣੇ ਵੇਖ ਰਹੇ ਹੋ, ਦਰਵਾਜ਼ੇ ਤੇ ਆਇਆ। ਇਹ ਘਰ ਫ਼ੌਜਦਾਰ ਦਾ ਸੀ। ਆਦਮੀ ਨੇ ਆਵਾਜ਼ ਦਿੱਤੀ, "ਫੌਜਦਾਰ ਸਾਹਿਬ ! ਦਰਵਾਜ਼ਾ ਖੋਲੋ ।"

ਨੀਂਦ ਨਾਲ ਉਘਲਾਂਉਂਦੇ ਫੌਜਦਾਰ ਨੇ ਬਨੇਰੇ ਤੋਂ ਝਾਕ ਕੇ ਕਿਹਾ "ਕੌਣ ਹੈ?"

"ਮੈਂ ਹੁਣੇ ਇਕ ਖੁਨ ਕੀਤਾ ਹੈ। ਕੀ ਤੁਸੀਂ ਮੈਨੂੰ ਗ੍ਰਿਫ਼ਤਾਰ ਕਰੋਗੇ ਜਾਂ ਮੈਂ ਬੋਰਸਦ ਜਾ ਕੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰਾਂ?"

"ਫੌਜਦਾਰ ਸਕਤੇ ਵਿੱਚ ਆ ਗਿਆ। ਤਦ ਉਹ ਹੌਲੀ ਹੌਲੀ ਪੌੜੀਆਂ ਉਤਰਿਆ, ਆਦਮੀ ਨੂੰ ਚੰਗੀ ਤਰ੍ਹਾਂ ਵੇਖਿਆ, ਉਹ ਬਿਲਕੁਲ ਸ਼ਾਂਤ ਅਤੇ ਪੂਰੇ ਹੋਸ਼ ਹਵਾਸ ਵਿੱਚ ਸੀ।

"ਤੇਰਾ ਨਾਂ ਕੀ ਹੈ?"

"ਮੇਰਾ ਨਾਂ ਹੈ, ਮਾਹੀ ਜੀ ।"

"ਤੇਰੀ ਜਾਤ ਕੀ ਹੈ?"

"ਮੈਂ ਗ੍ਰਾਸੀਆ ਹਾਂ ।"

"ਕਿੱਥੇ ਅਤੇ ਕਦੋਂ ਖ਼ੂਨ ਕੀਤਾ ਹੈ?"

“ਆਪਣੇ ਖੇਤ ਵਿੱਚ, ਹੁਣੇ ਹੀ। ਉਸਦੇ ਜਿਸਮ ਦੇ ਟੁਕੜੇ ਉੱਥੇ ਹੀ ਪਏ ਮਿਲਣਗੇ।”

" ਤੂੰ ਆਪਣਾ ਜੁਰਮ ਮੰਨ ਕਿਉਂ ਰਿਹਾ- ਹੈ? ਉਹ ਤੈਨੂੰ ਫਾਹੇ ਲਟਕਾ ਦੇਣਗੇ।”

“ਮੈਨੂੰ ਪਤਾ ਹੈ। ਜਦੋਂ ਮੈਂ ਉਸ ਨੂੰ ਮਾਰਿਆ ਸੀ ਉਦੋਂ ਵੀ ਮੈਂ ਜਾਣਦਾ ਸਾਂ। ਫਾਂਸੀ ਦਾ ਛੰਦਾ ਮੈਂ ਸਹਿ ਲਵਾਂਗਾ ਪਰ ਜੋ ਕੁਝ ਮੈਂ ਦੇਖਿਆ ਹੈ ਉਹ ਅਸਹਿ ਸੀ ।”

“ਤੂੰ ਕੀ ਦੇਖਿਆ ਸੀ?”

“ਮੈਂ ਉਨ੍ਹਾਂ ਦੋਹਾਂ ਨੂੰ ਇਕੋ ਬਿਸਤਰੇ ਵਿੱਚ ਸੁਤਿਆਂ ਪਿਆਂ ਵੇਖਿਆ, ਉਹ ਵੀ ਮੇਰੇ ਆਪਣੇ ਬਿਸਤਰੇ ਵਿੱਚ : ਮੇਰੀ ਪਤਨੀ ਅਤੇ ਉਹ ਆਦਮੀ ਜਿਸ ਨੂੰ ਮੈਂ ਹੁਣੇ ਟੋਟੇ ਟੋਟੇ ਕਰਕੇ ਖੇਤਾਂ ਵਿੱਚ ਸੁਟ ਆਇਆ ਹਾਂ ।"

*********

# ਬਦ-ਸ਼ਕਲ ਤੇ ਸ਼ਰਾਰਤੀ

"ਸਾਗਰ! ਓ ਸਾਗਰ ! ਮੇਰੀ ਆਵਾਜ਼ ਸੁਣਦਾ ਹੈਂ ?"

"ਹਾਂ, ਮਾਹੀ! ਬੋਲ ।"

"ਕੀ ਤੂੰ ਮੇਰੇ ਨਾਲ ਵਿਆਹ ਕਰੇਂਗਾ?"

"ਨਹੀਂ"

"ਕਿਉਂ ਨਹੀਂ ਕਰੇਂਗਾ। ਭਲਾ ।"

"ਤੇਰਾ ਰੰਗ ਬਹੁਤ ਕਾਲਾ ਹੈ - ਇਸ ਕਰਕੇ।"

"ਅੱਛਾ ਇਹ ਗੱਲ ਹੈ? ਚੰਗਾ ਫਿਰ ਹੁਣ ਦੇਖੀਂ ।"

ਮਾਹੀ ਉਲਟੀ ਵਗਣ ਲਗ ਪਈ। ਇਸ ਉਲਟੀ ਚਾਲ ਨੇ ਚਟਾਨਾਂ ਨੂੰ ਨਿਗਲ ਨਿਗਲ ਕੇ ਸਾਰੇ ਸਾਗਰ ਨੂੰ ਭਰਨ ਲਈ ਉਸ ਵਿੱਚ ਜਮ੍ਹਾ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਦੀ ਕਹਾਵਤ ਹੈ। ਅਖੀਰ ਸਾਗਰ ਨੇ ਹਾਰ ਮੰਨ ਲਈ ਅਤੇ ਮਾਹੀ ਨਾਲ ਵਿਆਹ ਕਰਨਾ ਮੰਨ ਲਿਆ। ਅੱਜਕਲ੍ਹ ਵਾਸਨਾ ਦੇ ਕੋਲ ਇਕ ਛੋਟਾ ਜਿਹਾ ਥੜ੍ਹਾ ਹੈ ਜਿਸ ਨੂੰ ਸਮੁੰਦਰ ਤੇ ਮਾਹੀ ਨਦੀ ਦੇ ਵਿਆਹ ਦੀ ਯਾਦਗਾਰ ਵਜੋਂ ਦਰਸ਼ਕਾਂ ਨੂੰ ਵਿਖਾਇਆ ਜਾਂਦਾ ਹੈ। ਜਦੋਂ ਚੰਪੋਲ ਅਤੇ ਬਾਦਲਪੁਰ ਦੇ ਨੇੜੇ ਮੈਂ ਮਾਹੀ ਦੀ ਤੂਫ਼ਾਨੀ ਚਾਲ ਵੇਖੀ ਤਾਂ ਲੋਕ ਕਥਾ ਰਾਹੀਂ ਸਾਗਰ ਤੇ ਮਾਹੀ ਦੇ ਮਿਲਾਪ ਸਬੰਧੀ ਬਿਆਨ ਕੀਤੀ ਕਹਾਣੀ ਦੀ ਪ੍ਰਮਾਣਿਕਤਾ ਸਬੰਧੀ ਮੇਰੇ ਸਾਰੇ ਸ਼ੱਕ ਦੂਰ ਹੋ ਗਏ। ਉਹ ਇੰਨੀ ਮਾਣ-ਮੱਤੀ ਲੱਗਦੀ ਹੈ ਕਿ ਸਮੁੰਦਰ ਨੂੰ ਵਿਆਹ ਲਈ ਆਕਰਸ਼ਿਤ ਕਰ ਸਕਦੀ ਹੈ। ਜਾਪਦਾ ਹੈ ਕਿ ਇਨ੍ਹਾਂ ਦੇ ਮਿਲਾਪ ਦੇ ਤਬਾਹਕੁੰਨ ਨਤੀਜੇ ਨਿਕਲੇ ਹਨ। ਪਹਿਲਾਂ ਜਦੋਂ ਮੈਂ ਮਾਹੀ

ਨਦੀ ਬਾਰੇ ਇਕ ਮਾਂ ਦੇ ਰੂਪ ਵਿੱਚ ਕਲਪਨਾ ਕਰਦਾ ਰਿਹਾ ਸਾਂ ਤਾਂ ਮਹਾਰਾਜ ਮੈਨੂੰ ਰੋਕ ਦਿਆ ਕਰਦੇ ਸਨ ਇਹ ਕਹਿਕੇ ਕਿ ਉਸ ਦਾ ਜਲ ਪੀਣ-ਯੋਗ ਨਹੀਂ, ਨਦੀ ਦਾ ਕਿਸਾਨਾਂ ਨੂੰ ਕੋਈ ਲਾਭ ਨਹੀਂ। ਹੋਰ ਤਾਂ ਕੀ ਇਸ ਵਿੱਚ ਇਸ਼ਨਾਨ ਵੀ ਨਹੀਂ ਕੀਤਾ ਜਾ ਸਕਦਾ। ਇਸ ਦਾ ਇਕੋ ਇਕ ਲਾਭ ਇਹ ਹੈ ਕਿ ਇਸ ਦੀ ਸਹੁੰ ਖਾਧੀ ਜਾ ਸਕਦੀ ਹੈ ।

ਉਦੋਂ ਮੈਂ ਇਨ੍ਹਾਂ ਸ਼ਬਦਾਂ ਦੇ ਠੀਕ ਅਰਥ ਨਹੀਂ ਸਾਂ ਸਮਝ ਸਕਦਾ। ਇਕ ਦਿਨ ਅਸੀਂ ਬਾਦਲਪੁਰ ਦੀ ਉੱਚੀ ਅਤੇ ਦਲਦਲ ਵਾਲੀ ਜ਼ਮੀਨ ਤੋਂ ਹੇਠਾਂ ਆ ਰਹੇ ਸਾਂ ਅਤੇ ਕਿਨਾਰੇ ਤੇ ਪਹੁੰਚਣ ਲਈ ਸਾਨੂੰ ਉਬੜ-ਖਾਬੜ ਅਤੇ ਬੀਆਬਾਨ ਜ਼ਮੀਨ ਦਾ ਦੋ ਕੁ ਮੀਲ ਲੰਮਾ ਟੁਕੜਾ ਪਾਰ ਕਰਨਾ ਪਿਆ। ਉਦੋਂ ਮੈਨੂੰ ਮਾਹੀ ਬਹੁਤ ਡਰਾਉਣੀ, ਦਗ਼ੇਬਾਜ਼, ਬਦਸੂਰਤ ਅਤੇ ਬਦਚਲਣ ਔਰਤ ਵਰਗੀ ਲਗੀ। ਆਦਮੀ ਹੋਣ ਕਰਕੇ ਮੇਰੀ ਹਮਦਰਦੀ ਸਮੁੰਦਰ ਵੱਲ ਹੋ ਗਈ ।

ਬਾਦਲਪੁਰ ਤੋਂ ਅਗੇ ਦਰਿਆ ਦੇ ਕਿਨਾਰੇ ਕਿਨਾਰੇ ਸੜਕ 15 ਮੀਲ ਜਾਂਦੀ ਹੈ। ਜਾਪਦਾ ਸੀ ਜਿਵੇਂ ਸਾਰੀ ਸੜਕ ਦੇ ਨਾਲ ਕੋਈ ਮੀਲ-ਡੇਢ ਮੀਲ ਲੰਮੀ ਜ਼ਮੀਨ ਦੀ ਪੱਟੀ ਨੂੰ ਨਦੀ ਨੇ ਨਿਗਲ ਲਿਆ ਹੋਵੇ। ਇਸ ਪੱਟੀ ਵਿੱਚ ਦਰਿਆ ਦੇ ਕਿਨਾਰੇ ਦੀ ਇਹ ਸੜਕ ਆਸਪਾਸ ਦੀ ਜ਼ਮੀਨ ਨਾਲੋਂ ਲਗਭਗ ਤੀਹ ਫੁਟ ਨੀਵੀਂ ਸੀ। ਕੁਝ ਦਹਾਕੇ ਪਹਿਲੋਂ ਇਸ ਪੱਟੀ ਵਿੱਚ ਕਈ ਕਈ ਪਿੰਡ ਸਹੀ ਸਲਾਮਤ ਵਸਦੇ ਹੋਣਗੇ। ਅੱਜ ਉਹ ਸਾਰੇ ਮੌਨਸੂਨ ਦੇ ਹੜ੍ਹਾਂ ਨਾਲ ਤਬਾਹ ਹੋਏ ਖੜ੍ਹੇ ਸਨ ਅਤੇ ਹਰ ਸਾਲ ਇਹ ਪਾਣੀ ਉਨ੍ਹਾਂ ਨੂੰ ਖੋਰ ਖੋਰ ਕੇ ਸਮੁੰਦਰ ਵਿੱਚ ਸੁੱਟ ਰਿਹਾ ਸੀ। ਕਈ ਥਾਵਾਂ ਤੇ, ਜਿੱਥੇ ਪਿੰਡਾਂ ਦੇ ਕਈ ਹਿੱਸੇ ਕਿਸੇ ਉੱਚੀ ਢੱਕੀ ਤੇ ਸਨ, ਉਹ ਅਜੇ ਪਾਣੀ ਵਿੱਚੋਂ ਉੱਭਰੇ ਹੋਏ ਟਾਪੂਆਂ ਵਾਂਗ, ਖੜ੍ਹੇ ਸਨ। ਇਨ੍ਹਾਂ ਟਾਪੂਆਂ ਵਿਚਕਾਰ ਤੀਹ ਤੀਹ ਫੁਟ ਤੱਕ ਡੂੰਘੀਆਂ ਖਾਈਆਂ ਸਨ। ਇਹ ਟਾਪੂ ਇਕ ਦੂਜੇ ਤੋਂ ਬਿਲਕੁਲ ਹੀ ਅਡਰੇ ਲਗਦੇ ਸਨ ਜਿਵੇਂ. ਕਦੇ ਵੀ ਇਨ੍ਹਾਂ ਵਿੱਚ ਕੋਈ ਸਾਂਝ ਨਾ ਰਹੀ ਹੋਵੇ। ਇਸ ਤਰ੍ਹਾਂ ਬਚ ਗਈਆਂ ਉੱਚੀਆਂ ਚੋਟੀਆਂ ਨੂੰ ਉਸ ਆਦਮੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ ਜਿਸ ਦਾ ਘਰ ਉਸ ਥਾਂ ਤੇ ਕਦੇ ਹੋਇਆ ਕਰਦਾ ਸੀ। ਮੇਰੇ ਆਪਣੇ ਇਲਾਕੇ ਸੋਰਠ 'ਤਪ' ਦੇ ਮੁਕਾਬਲੇ, ਜਿਥੇ ਜ਼ਮੀਨ

ਦੇ ਤਲ ਤੋਂ ਸੱਤ ਤੋਂ ਦਸ ਫੁਟ ਦੀ ਡੂੰਘਾਈ ਤੇ ਹੀ ਕਾਲੇ ਰੰਗ ਦੀ ਸਖ਼ਤ ਚਟਾਨੀ ਧਰਤੀ ਆ ਜਾਂਦੀ ਹੈ, ਜਿਸ ਖੇਤਰ ਦੀ ਜ਼ਮੀਨ ਗਿੱਲੀ ਅਤੇ ਜ਼ਰਖੇਰ ਹੈ ਜੋ ਦਰਿਆ ਦੇ ਮੰਡ ਨਾਲ ਬਣੀ ਹੈ। ਹੜ੍ਹਾਂ ਦੇ ਪਾਣੀ ਨਾਲ ਇਤਨੀ ਡੂੰਘਾਈ ਤੱਕ ਬਰਬਾਦ ਹੁੰਦੀ ਜ਼ਮੀਨ ਦਾ ਕਿਸਾਨਾਂ ਨੂੰ ਕਿੰਨਾ ਭਾਰੀ ਨੁਕਸਾਨ ਹੁੰਦਾ ਹੋਵੇਗਾ, ਖਾਸ ਕਰਕੇ ਜ਼ਮੀਨ ਦੀ ਕੀਮਤ ਜਦੋਂ ਪੰਜ ਹਜ਼ਾਰ ਰੁਪਏ ਤੱਕ ਪਹੁੰਚ ਗਈ ਹੋਵੇ। ਮੈਂ ਸੋਚ ਰਿਹਾ ਸਾਂ ਅਤੇ ਪੁੱਛ ਰਿਹਾ ਸਾਂ ਕਿ ਕੀ ਇੰਜਨੀਅਰੀ ਦੀ ਕੋਈ ਤਕਨੀਕ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਸਕਦੀ। ਮੈਨੂੰ ਦੱਸਿਆ ਗਿਆ ਕਿ ਇਸ ਦਾ ਹੱਲ ਬਹੁਤ ਆਸਾਨ ਹੈ ਅਤੇ ਸੌਖੇ ਤਰੀਕੇ ਨਾਲ ਉਸ ਤੇ ਅਮਲ ਵੀ ਕੀਤਾ ਜਾ ਸਕਦਾ ਹੈ। ਹੱਲ ਇਹ ਸੀ ਕਿ ਘੁੰਮਣ-ਘੇਰੀਆਂ ਖਾਂਦੇ ਅਤੇ ਤੇਜ਼ੀ ਨਾਲ ਵਗਦੇ ਹੜ੍ਹ ਦੇ ਪਾਣੀ ਨੂੰ ਮਾਹੀ ਦੀ ਵਿੱਚ ਲਿਆ ਕੇ ਸੁੱਟਣ ਲਈ ਕੋਈ ਹੋਰ ਚੈਨਲ ਬਣਾਇਆ ਜਾਵੇ।

ਮਾਹੀ ਨੇ ਮੈਨੂੰ ਬਿਲਕੁਲ ਹੀ ਡਰਾ ਦਿੱਤਾ ਕਿਉਂਕਿ ਮੈਂ ਇਸਦੇ ਕਿਨਾਰਿਆਂ ਉੱਤੇ ਹਰੇ ਕਚੂਰ ਖੇਤਾਂ ਦੀ ਕਲਪਨਾ ਕੀਤੀ ਸੀ। ਮੈਂ ਸਾਰੇ ਪਾਸੇ ਬਨਸਪਤੀ ਦੀ ਬਹੁਲਤਾ ਦਾ ਨਜ਼ਾਰਾ ਚਿਤਵਿਆ ਸੀ। ਪਰ ਇਸਦਾ ਕਿਨਾਰਾ ਵੀਰਾਨ ਤੇ ਬੀਆਬਾਨ ਹੈ। ਅਸਲੀਅਤ ਨੇ ਮੇਰੀ ਕਲਪਨਾ ਤੋੜ ਦਿੱਤੀ ਹੈ। ਇਸ ਦੀ ਰਾਹ-ਗੁਜ਼ਰ ਤੱਕ ਆਉਣ-ਜਾਣ ਵਾਲੇ ਰਸਤੇ ਉਜਾੜ ਲਗਦੇ ਹਨ। ਇੱਥੇ ਪੰਛੀ ਵੀ ਨਹੀਂ ਚਹਿਚਹਾਉਂਦੇ। ਨਦੀ ਦੇ ਲਗਭਗ ਛੇ ਮੀਲ ਦੇ ਉਦਾਸ ਪਾਟ ਦੇ ਪਾਰਲੇ ਪਾਸੇ ਮਕਾਨਾਂ ਦੀ ਰੇਖਾ ਹੋਰ ਵੀ ਉਦਾਸ ਲਗਦੀ ਹੈ। ਦਰਿਆ ਨੂੰ ਪਾਰ ਕਰਦੇ ਜੋ ਲੋਕ ਮੈਂ ਵੇਖੇ ਉਨ੍ਹਾਂ ਨੂੰ ਕਿਸੇ ਮਿਥ ਜਾਂ ਰੋਮਾਂਸ ਨਾਲ ਨਾ ਜੋੜ ਸਕਿਆ। ਸੌਰਾਸ਼ਟਰ ਦੇ ਇਕ ਲੋਕ-ਗੀਤ ਵਿੱਚ ਇਕ ਵਿਛੜਿਆ ਪ੍ਰੇਮੀ-ਰਾਣਾ ਨਾਂ ਦਾ ਇਕ ਵਾਗੀ-ਰਾਵਲਨਾਮੀ ਦਰਿਆ ਤੋਂ ਪੁੱਛਦਾ ਹੈ ਕਿ ਉਸ ਦੀ ਪ੍ਰੇਮਿਕਾ ਕਿੱਥੇ ਹੈ। ਉਹ ਕਹਿੰਦਾ ਹੈ, "ਉਹ ਰਾਵਲ ਦਰਿਆ। ਦੱਸ ਤਾਂ ਸਹੀ ਤੇਰੇ ਕਿਹੜੇ ਕੰਢੇ ਉੱਤੇ ਮੇਰੀ ਕੋਮਲ, ਪਤਲੀ ਕਮਰ ਤੇ ਸੋਨੇ ਰੰਗ ਵਾਲੀ ਨਾਜ਼ੋ ਉੱਤਰੀ ਸੀ ?" ਪਰ ਮਾਹੀ ਦਰਿਆ ਦਾ ਮਾਹੌਲ ਕਿਸੇ ਪ੍ਰੇਮੀ ਨੂੰ ਇਹੋ ਜਿਹਾ ਸਵਾਲ ਪੁੱਛਣ ਲਈ ਪ੍ਰੇਰਿਤ ਨਹੀਂ ਕਰ ਸਕਦਾ।

ਹਰ ਰਾਤ ਸਾਗਰ ਮਾਹੀ ਦੇ ਸੌਣ - ਕਮਰੇ ਵਿੱਚ ਆਉਂਦਾ ਹੈ। ਚੌਵੀ ਘੰਟਿਆਂ ਵਿੱਚ ਇਕ ਵਾਰੀ ਸਮੁੰਦਰ ਦੇ ਜਵਾਰ ਭਾਟੇ ਦੀਆਂ ਲਹਿਰਾਂ ਮਾਹੀ ਨਦੀ ਨੂੰ ਛਲਕਾ ਦੇਂਦੀਆਂ ਹਨ। ਇਨ੍ਹਾਂ ਛੱਲਾਂ ਨੂੰ 'ਘੋੜਾ' ਕਿਹਾ ਜਾਂਦਾ ਹੈ। ਮੈਂ ਉਸ ਆਦਮੀ ਨੂੰ ਸਲਾਮ ਕਰਦਾ ਹਾਂ ਜਿਸ ਨੇ ਇਹ 'ਘੋੜਾ' ਨਾਂ ਘੜਿਆ ਹੈ। ਸਮੁੰਦਰ ਦੇ ਪਾਣੀ ਦੀ ਦੀਵਾਰ ਜੋ ਨਦੀ ਉੱਤੇ ਦਿਨ ਵਿੱਚ ਇਕ ਵਾਰੀ ਚੜ੍ਹਦੀ ਹੈ ਇਸ ਉਪਮਾ ਨੂੰ ਯਥਾਰਥਕ ਬਣਾਉਂਦੀ ਹੈ। ਉੱਚੀ ਉੱਠਦੀ ਚਿੱਟੀ ਝੱਗ ਤੇਜ਼ ਦੌੜਦੇ ਘੋੜੇ ਦੀ ਗਰਦਨ ਦੇ ਹਵਾ ਵਿੱਚ ਉੱਡਦੇ ਵਾਲਾਂ ਵਾਂਗ ਹੁੰਦੀ ਹੈ, ਇਸ ਦੇ ਖੱਪਰ ਅਤੇ ਬਿਫਰੀਆਂ ਲਹਿਰਾਂ ਦਾ ਖੜਾਕ ਚੰਚਲ ਕਾਮਾਤੁਰ ਘੋੜੇ ਦੇ ਸੁੰਮਾਂ ਦੇ ਖੜਾਕ ਵਰਗਾ ਹੁੰਦਾ ਹੈ; ਅਤੇ ਚੜ੍ਹਦੇ ਪਾਣੀ ਦੀ ਆਵਾਜ਼ ਘੋੜੇ ਦੀ ਹਿਣਕਣ ਵਾਂਗ ਹੁੰਦੀ ਹੈ। ਜਦੋਂ ਕਾਂਗ ਚੜ੍ਹਨ ਵਾਲੀ ਹੁੰਦੀ ਹੈ ਤਾਂ ਮਛੇਰੇ ਆਪਣੀਆਂ ਕਿਸ਼ਤੀਆਂ ਸਮੁੰਦਰ ਵੱਲੋਂ ਦੋ ਮੀਲ ਪਿੱਛੇ ਲੈ ਜਾਂਦੇ ਹਨ। ਤਦ, ਜਦੋਂ ਇਹ ਘੋੜਾ ਮਦਮਸਤ ਹੋ ਕੇ ਬੇਸਬਰੀ ਨਾਲ ਨਦੀ ਦੀ ਸੇਜ ਤੇ ਚੜ੍ਹਦਾ ਹੈ ਤਾਂ ਇਹ ਆਪਣੇ ਨਾਲ ਕਿਸ਼ਤੀਆਂ ਨੂੰ ਵੀ ਉਛਾਲ ਲੈਂਦਾ ਹੈ, ਕਦੇ ਉਨ੍ਹਾਂ ਨੂੰ ਪਿੱਛੇ ਸੁੱਟ ਦਿੰਦਾ ਹੈ ਕਦੇ ਉਨ੍ਹਾਂ ਨੂੰ ਘੋੜੇ ਦੇ ਮੱਥੇ ਦੇ ਵਾਲਾਂ ਵਾਂਗ ਉੱਚਾ ਖੜ੍ਹਾ ਕਰ ਦੇਂਦਾ ਹੈ ਅਤੇ ਕਦੇ ਛੋਟੀਆਂ ਛੋਟੀਆਂ ਕਿਸ਼ਤੀਆਂ ਨੂੰ ਆਪਣੀਆਂ ਬਗਲਾਂ ਵਿੱਚ ਅਟਕਾ ਛਡਦਾ ਹੈ ਜਿਵੇਂ ਘੋੜੇ ਦੇ ਕੰਨਾਂ ਵਿੱਚ ਗਹਿਣੇ ਅਤੇ ਫੁੱਲਾਂ ਦੀਆਂ ਲੜੀਆਂ ਲਮਕ ਰਹੀਆਂ ਹੋਣ। ਇਸ ਤਰ੍ਹਾਂ ਇਹ ਨਦੀ ਦੀ ਸੇਜ ਉੱਤੇ ਚੜ੍ਹਦਾ ਹੈ।

ਇਹ ਰੂਪਾਂਤਰ ਬੜਾ ਲੁਭਾਉਣਾ ਹੈ। ਪਰ ਇਸਦੇ ਉਲਟ ਮਹਾਰਾਜ ਵੱਲੋਂ ਮਾਹੀ ਨੂੰ ਪਾਰ ਕਰਨ ਦੀ ਜੋ ਕਹਾਣੀ ਮੈਨੂੰ ਸੁਣਾਈ ਉਸ ਨੇ ਮੇਰਾ ਦਿਲ ਉਦਾਸੀ ਨਾਲ ਭਰ ਦਿੱਤਾ। ਇਕ ਵਾਰੀ ਮਹਾਰਾਜ ਵਡੋਦਰਾ ਤੋਂ ਤਟ ਵੱਲ ਜਾ ਰਹੇ ਸਨ। ਰਸਤੇ ਵਿੱਚ ਮਹਾਰਾਜ ਨੂੰ ਇਕ ਹਰੀਜਨ ਅਤੇ ਉਸ ਦੀ ਲੜਕੀ, ਜੋ ਚੰਗੀ ਉਮਰ ਦੀ ਸੀ ਅਤੇ ਜਿਸਨੇ ਇਕ ਬੱਚਾ ਚੁੱਕਿਆ ਹੋਇਆ ਸੀ, ਮਿਲੇ। ਉਹ ਉਨ੍ਹਾਂ ਦੇ ਨਾਲ ਹੀ ਚੱਲਣ ਲੱਗ ਪਏ। ਉਹ ਹਰੀਜਨ ਕੋਲ ਬਾਂਸਾਂ ਦਾ ਇਕ ਗੱਠੜ ਸੀ। ਜਦੋਂ ਉਹ ਦਰਿਆ ਦੇ ਕਿਨਾਰੇ

ਕੋਲ ਪਹੁੰਚੇ ਤਾਂ ਉਨ੍ਹਾਂ ਨੇ ਇਕ ਆਦਮੀ ਨੂੰ ਪੁਕਾਰਦਿਆਂ ਸੁਣਿਆਂ, “ਛੇਤੀ ਕਰੋ। ਘੋੜਾ ਆ ਰਿਹਾ ਹੈ ।”

ਮਹਾਰਾਜ ਦਾ ਸਰੀਰ ਕਮਾਇਆ ਹੋਇਆ ਸੀ ਅਤੇ ਉਹ ਇਕ ਮਾਹਰ ਤੈਰਾਕ ਸਨ। ਉਹ ਦਰਿਆ ਦੇ ਪੇਤਲੇ ਪਾਣੀ ਵਿੱਚ ਵੜ ਗਏ। ਬਾਂਸਾਂ ਨਾਲ ਟੋਹ ਟੋਹ ਕੇ ਉਹ ਹਰੀਜਨ ਵੀ ਉਨ੍ਹਾਂ ਦੇ ਪਿੱਛੇ ਚਲਾ ਗਿਆ। ਆਦਮੀ ਨੇ ਇਹ ਸੋਚਿਆ ਕਿ ਬੱਚਾ ਚੁੱਕੀ ਉਹ ਕੁੜੀ ਵੀ ਉਸਦੇ ਪਿੱਛੇ ਆ ਰਹੀ ਹੈ। ਦਰਿਆ ਪਾਰ ਕਰਨ ਤੋਂ ਬਾਅਦ ਜਦੋਂ ਉਸ ਨੇ ਮੁੜਕੇ ਵੇਖਿਆ ਤਾਂ ਉਸ ਨੂੰ ਕੁੜੀ ਨਦੀ ਦੇ ਐਨ ਵਿਚਕਾਰ ਖਲੋਤੀ ਦਿਸੀ, ਜਿਵੇਂ ਡਰ ਨਾਲ ਗੱਡੀ ਗਈ ਹੋਵੇ।

ਉਸ ਨੇ ਪੁਕਾਰ ਕੇ ਕਿਹਾ, “ਛੇਤੀ ਕਰ! ਜਲਦੀ ਆ ।”

ਬੱਚੇ ਵਾਲੀ ਔਰਤ ਨੇ ਨਾ ਤਾਂ ਜਵਾਬ ਦਿੱਤਾ ਅਤੇ ਨਾ ਹੀ ਉਥੋਂ ਹਿੱਲੀ। ਉਸ ਦੇ ਸਰੀਰ ਨੂੰ ਜਿਵੇਂ ਲਕਵਾ ਮਾਰ ਗਿਆ ਹੋਵੇ।

ਉਸ ਨੇ ਫਿਰ ਵਾਜ ਮਾਰੀ। “ਚਲ ਕੁੜੀਏ। ਚਲ ।”

ਪਰ ਔਰਤ ਉਥੋਂ ਨਾ ਹਿੱਲੀ।

ਇਕ ਮਲਾਹ ਲੋਕਾਂ ਨੂੰ ਖ਼ਬਰਦਾਰ ਕਰਦਾ ਉੱਚੀ ਉੱਚੀ ਕਹਿ ਰਿਹਾ ਸੀ “ਛੇਤੀ ਕਰ ਨਹੀਂ ਤਾਂ ਘੋੜਾ ਤੇਰੇ ਉੱਤੇ ਚੜ੍ਹ ਆਵੇਗਾ ।” ਹਰੀਜਨ ਨੇ ਮਛੇਰੇ ਦੀਆਂ ਮਿੰਨਤਾਂ ਕੀਤੀਆਂ ਕਿ ਕਿਸੇ ਤਰ੍ਹਾਂ ਕੁੜੀ ਨੂੰ ਜਾ ਕੇ ਬਚਾ ਲਿਆਵੇ।

ਮਛੇਰੇ ਨੇ ਕਿਹਾ, “ਮੈਨੂੰ ਕਿੰਨੇ ਪੈਸੇ ਦੇਵੇਂਗਾ ?"

“ਅਹਿ ਦੋ ਆਨੇ ਲੈ ਲੈ। ਮੇਰੇ ਕੋਲ ਇਹੀ ਕੁਝ ਹੈ ਈ ।”

"ਇਹ ਥੋੜ੍ਹੇ ਹਨ ।” ਇਹ ਕਹਿ ਕੇ ਮਛੇਰਾ ਤੁਰਦਾ ਬਣਿਆ।

ਮਹਾਰਾਜ ਉਸ ਲਾਚਾਰ ਪਿਉ ਅਤੇ ਡਰ ਨਾਲ ਸਹਿਮੀ, ਬਾਲ ਕੁੱਛੜ ਵਿੱਚ ਲਈ ਨਦੀ ਦੇ ਅੱਧ ਵਿੱਚ ਖਲੋਤੀ ਉਸ ਦੀ ਲੜਕੀ ਨੂੰ ਵੇਖ ਰਿਹਾ ਸੀ। ਦੋਵੇਂ ਬਿਲਕੁਲ ਨਿਰਜਿੰਦ ਲੱਗ ਰਹੇ ਸਨ। ਉਨ੍ਹਾਂ ਨੂੰ ਜੀਵਨ-ਭਰ ਲਈ ਵੱਖਰਿਆਂ ਕਰਨ ਵਾਲਾ ਦੈਂਤ ਸਿਰ ਤੇ ਸੀ। ਮਹਾਰਾਜ ਚੜ੍ਹਦੇ ਪਾਣੀ ਵਿੱਚ ਵਾਪਸ ਚਲੇ ਗਏ ਅਤੇ ਲੱਤਾਂ ਮਾਰਦੇ ਉਸ ਲੜਕੀ ਤੱਕ ਪਹੁੰਚ ਗਏ।

"ਚੱਲ! ਮੇਰੇ ਨਾਲ ਤੁਰ" ਉਨ੍ਹਾਂ ਨੇ ਲੜਕੀ ਨੂੰ ਕਿਹਾ ਅਤੇ ਆਪਣਾ ਹੱਥ ਅੱਗੇ ਵਧਾ ਦਿੱਤਾ। ਪਰ ਉਹ ਅਜੇ ਵੀ ਅਹਿਲ ਅਤੇ ਬੇਆਵਾਜ਼ ਖੜ੍ਹੀ ਸੀ ਜਿਵੇਂ ਉਸ ਨੂੰ ਮੌਤ ਤੇ ਜੀਵਨ ਦਾ ਕੋਈ ਅਹਿਸਾਸ ਨਾ ਹੋਵੇ। ਮਹਾਰਾਜ ਨੇ ਉਸ ਦਾ ਬੱਚਾ ਆਪਣੀ ਕੁੱਛੜ ਵਿੱਚ ਲੈ ਲਿਆ ਅਤੇ ਉਸ ਦਾ ਹੱਥ ਫੜਕੇ ਵਧਦੇ ਪਾਣੀ ਵੱਲ ਉਸ ਨੂੰ ਖਿੱਚ ਲਿਆਇਆ। ਜਦੋਂ ਉਹ ਅੱਧ ਤੱਕ ਪਹੁੰਚ ਗਏ ਤਾਂ ਔਰਤ ਦੇ ਮੂੰਹੋਂ ਕੁਝ ਸ਼ਬਦ ਨਿਕਲ ਸਕੇ, “ਮੈਨੂੰ ਆਪਣੀ ਕੋਈ ਪਰਵਾਹ ਨਹੀਂ ਬਾਪੂ ਜੀ! ਕਿਰਪਾ ਕਰਕੇ ਮੇਰੇ ਬੱਚੇ ਨੂੰ ਸਹੀ ਸਲਾਮਤ ਪਹੁੰਚਾ ਦਿਉ ।”

ਬੜੀ ਮੁਸ਼ਕਲ ਨਾਲ ਉਹ ਪਾਰ ਹੋਏ। ਹਰੀਜਨ ਬੋਲਿਆ, “ਸ੍ਰੀਮਾਨ ਜੀ ! ਤੁਸੀਂ ਦੁੱਧ ਘਿਉ ਖਾ ਕੇ ਸਰੀਰ ਬਣਾਏ ਹੋਏ ਹਨ ਜਿਸ ਕਰਕੇ ਤੁਸੀਂ ਇਹੋ ਜਿਹਾ ਜਾਨ ਜੋਖਮ ਵਾਲਾ ਕੰਮ ਕਰ ਲਿਆ ਹੈ ਸਾਡੇ ਵਰਗਿਆਂ ਤੋਂ ਇਹ ਕਿੱਥੇ ਹੋਣਾ ਸੀ ?” ਮਹਾਰਾਜ ਉਸਦੇ ਇਹ ਸ਼ਬਦ ਯਾਦ ਕਰਕੇ ਮੁਸਕਰਾਉਂਦੇ ਹਨ। ਹਰੀਜਨ ਦੇ ਇਹ ਸ਼ਬਦ ਸੁਣ ਕੇ ਉਦੋਂ ਵੀ ਮਹਾਰਾਜ ਹੱਸੇ ਹੋਣੇ ਹਨ, ਕਿਉਂਕਿ ਉਹ ਆਦਮੀ ਇਹ ਨਹੀਂ ਸੀ ਜਾਣਦਾ ਕਿ ਉਸ ਦੀ ਲੜਕੀ ਤੇ ਉਸ ਦੇ ਦੋਹਤਰੇ ਦੀ ਜਾਨ ਬਚਾਉਣ ਵਾਲੇ ਬ੍ਰਾਹਮਣ ਦਾ ਸਰੀਰ ਕਈ ਸਾਲਾਂ ਤੋਂ ਸਿਰਫ਼ ਇਕ ਡੰਗ ਚੌਲਾਂ ਤੇ ਮਟਰੀ ਦੇ ਦਾਣਿਆਂ ਨਾਲ ਰਿਨੀ ਖਿਚੜੀ ਤੋਂ ਸਿਵਾਏ ਕਿਸੇ ਹੋਰ ਚੀਜ਼ ਨਾਲ ਨਹੀਂ ਸੀ ਬਣਿਆ ਹੋਇਆ।

ਦਰਿਆ ਦੇ ਵੀਰਾਨ ਤੇ ਬੇਆਬਾਦ ਕਿਨਾਰੇ ਉੱਤੇ ਖਾਰਵਾ ਜਾਤ ਦੇ ਇਕ ਮਛੇਰੇ ਨੇ ਸਾਨੂੰ ਦੱਸਿਆ ਕਿ ਦੋ ਕੁ ਮਹੀਨੇ ਪਹਿਲਾਂ ਘੋੜੇ ਨੇ ਇਕ ਮਗਰਮੱਛ ਨੂੰ

ਦਰਿਆ ਦੇ ਮੂੰਹ ਵਿੱਚ ਲਿਆ ਸੁੱਟਿਆ ਸੀ। ਉਸ ਨੇ ਦੱਸਿਆ ਕਿ ਇਹ ਮਗਰਮੱਛ ਜੇ ਜ਼ਿਆਦਾ ਨਹੀਂ ਤਾਂ ਸੱਤ ਫੁੱਟ ਲੰਮਾਂ ਤਾਂ ਜ਼ਰੂਰ ਹੋਣਾ ਹੈ। ਅਤੇ ਇਸ ਦੇ ਜਬਾੜੇ ਇਤਨੇ ਵੱਡੇ ਸਨ ਕਿ ਕੋਈ ਵੀ ਆਦਮੀ ਆਰਾਮ ਨਾਲ ਉਨ੍ਹਾਂ ਵਿੱਚ ਤੁਰ ਕੇ ਜਾ ਸਕਦਾ ਸੀ।

ਲਹਿਰ ਇਸ ਨੂੰ ਚੰਪੋਲ ਤੱਕ ਖਿੱਚ ਕੇ ਲੈ ਗਈ। ਜਦੋਂ ਪਾਣੀ ਉਤਰ ਗਿਆ ਤਾਂ ਮਗਰਮੱਛ ਥਾਲੇ ਪਾਣੀ ਵਿੱਚ ਬੇਚੈਨੀ ਨਾਲ ਚੀਖਣ-ਚਿਲਾਉਣ ਲੱਗਿਆ ਅਤੇ ਆਪਣੇ ਆਪ ਨੂੰ ਕਈ ਵਾਰੀ ਹਵਾ ਵਿੱਚ ਉਛਾਲਣ ਲੱਗਿਆ।

ਅਖੀਰ ਪਾਣੀ ਦੀ ਘਾਟ ਕਰਕੇ ਉਹ ਤੜਫ਼ ਕੇ ਮਰ ਗਿਆ।

ਇਸ ਘਟਨਾ ਨੇ ਮੈਨੂੰ ਸੌਰਾਸ਼ਟਰ ਦੀ ਇਕ ਲੋਕ-ਕਥਾ ਦੀ ਯਾਦ ਕਰਾ ਦਿੱਤੀ। ਇਹ ਸੋਨਾ ਅਤੇ ਹਾਲਾਮਨ ਦੀ ਕਹਾਣੀ ਸੀ। ਸੋਨਾ ਨਾਂ ਦੀ ਇਕ ਸੁੰਦਰ ਕੁੜੀ ਦੇ ਪ੍ਰੇਮੀ ਹਾਲਾਮਨ ਨੂੰ ਰਾਜੇ ਨੇ ਕਿਸੇ ਕਾਰਨ ਜਲਾਵਤਨ ਕਰ ਦਿੱਤਾ। ਸਿੰਧ ਵੱਲ ਜਾਂਦਿਆਂ ਰਸਤੇ ਵਿੱਚ ਉਹ ਗੁਜਰਾਤ ਸੋਰਠ ਖੇਤਰ ਵਿੱਚ ਇਕ ਦਰਿਆ ਦੇ ਮੁਹਾਣੇ ਕੋਲ ਪਹੁੰਚ ਗਿਆ। ਦਰਿਆ ਦੇ ਡੂੰਘੇ ਪਾਣੀ ਵਿੱਚ ਇਕ ਮਗਰਮੱਛ ਬੈਠਾ ਸੀ।

ਹਾਲਾਮਨ ਨੇ ਉਸ ਨੂੰ ਪੁੱਛਿਆ, "ਦੋਸਤ ! ਤੂੰ ਇਸ ਥਾਲੇ ਪਾਣੀ ਵਿੱਚ ਕਿਵੇਂ ਪਹੁੰਚ ਗਿਆ ਹੈਂ ? ਤੇਰੇ ਵਰਗੇ ਮਗਰਮੱਛ ਨੂੰ ਤਾਂ ਸਮੁੰਦਰ ਵਿੱਚ ਹੋਣਾ ਚਾਹੀਦਾ ਸੀ। ਕੀ ਤੈਨੂੰ ਹੜ੍ਹ ਦੀ ਕਾਂਗ ਨੇ ਉਥੋਂ ਕੱਢ ਲਿਆਂਦਾ ਹੈ ? ਜਾਂ ਜਿਵੇਂ ਮੈਨੰ ਰਾਜਾ ਨੇ ਦੇਸ਼-ਨਿਕਾਲਾ ਦੇ ਦਿੱਤਾ ਹੈ ਤੈਨੂੰ ਵੀ ਸਮੁੰਦਰ ਨੇ ਕੱਢ ਦਿੱਤਾ ਹੈ ?"

ਮਗਰਮੱਛ ਨੇ ਜਵਾਬ ਦਿੱਤਾ, "ਦੋਸਤ ! ਮੈਂ ਗਲਤੀ ਕੀਤੀ ਕਿ ਪਾਣੀ ਚੜ੍ਹਨ ਵੇਲੇ ਇਕ ਨਿੱਕੀ ਜਿਹੀ ਮੱਛੀ ਦਾ ਪਿੱਛਾ ਕਰਨ ਲੱਗ ਪਿਆ। ਜਦੋਂ ਪਾਣੀ ਉਤਰ ਗਿਆ ਤਾਂ ਮੇਰੀ ਨਿੱਕੀ ਸਾਥਣ ਤਾਂ ਤਰਕੇ ਵਾਪਸ ਸਮੁੰਦਰ ਵਿੱਚ ਚਲੀ ਗਈ, ਪਰ ਮੈਂ ਜਲਦੀ ਨਹੀਂ ਸੀ ਹਿਲਜੁਲ ਸਕਦਾ। ਇਸ ਤਰ੍ਹਾਂ ਮੈਂ ਤਕੜਾ ਹੁੰਦਾ ਹੋਇਆ ਵੀ

ਸ਼ਰਮਸਾਰ ਹੋ ਰਿਹਾ ਹਾਂ ਕਿਉਂਕਿ ਮੈਂ ਆਪਣੇ ਵਕਾਰ ਤੋਂ ਘੱਟ ਵਕਾਰ ਵਾਲੇ ਜੰਤੂ ਦੀ ਸੰਗਤ ਕਰ ਬੈਠਾ ਸੀ।"

**********

# ਵੱਡੇ ਅਤੇ ਤੱਕੜੇ

ਮਾਹੀ ਸਾਗਰ ਦੀਆਂ ਡਰਾਉਂਦੀਆਂ ਚਟਾਨਾਂ ਇਕ ਦਿਨ ਸ਼ਾਮ ਨੂੰ ਸੁੰਦਰ ਨਜ਼ਾਰਾ ਬਣ ਗਈਆਂ ਸਨ। ਉਸ ਸ਼ਾਮ ਇਸ ਦੀ ਵੀਰਾਨਗੀ ਹਨੇਰੇ ਪਿੱਛੇ ਲੁਕ ਗਈ ਸੀ। ਉਸ ਵਾਤ ਉਹ ਛੋਟੇ ਛੋਟੇ ਟਾਪੂ ਜੀਅ ਉਠੇ ਸਨ ਜਿਹੜੇ ਆਮ ਤੌਰ ਤੇ ਉਜੜੇ ਹੋਏ ਅਤੇ ਬੇਆਬਾਦ ਦਿਸਿਆ ਕਰਦੇ ਸਨ। ਅਪਰੈਲ 1930 ਦੀ ਪਹਿਲੀ ਤਰੀਕ ਵਾਲੇ ਦਿਨ ਜਦੋਂ ਤਰਜ ਇਨ੍ਹਾਂ ਟਾਪੂਆਂ ਦੀ ਆਕਾਸ਼ ਰੇਖਾ ਪਿੱਛੇ ਡੁੱਬਿਆ ਤਾਂ ਲੋਕਾਂ ਦੇ ਝੁੰਡਾਂ ਦੇ ਝੁੰਡ ਪਾਟੀਆਂ, ਰਸਤਿਆਂ ਅਤੇ ਘਾਟਾਂ ਉਤੋਂ ਇਕੱਠੇ ਹੋਣੇ ਸ਼ੁਰੂ ਹੋ ਗਏ। ਮਹਾਰਾਜ ਦ੍ਰਿਸ਼ ਨੂੰ ਬਿਆਨ ਕਰ ਰਹੇ ਸਨ, ਇਹ ਉਹ ਦਿਨ ਸੀ ਜਦੋਂ ਮਹਾਤਮਾ ਗਾਂਧੀ ਨੇ ਇਤਿਹਾਸਿਕ ਡਾਂਡੀ ਯਾਤਰਾ ਸ਼ੁਰੂ ਕਰਨ ਵੇਲੇ ਮਾਹੀ ਨਦੀ ਪਾਰ ਕੀਤੀ ਸੀ। ਮਹਾਰਾਜ ਉਸ ਦਿਨ ਦਰਿਆ ਦੇ ਕਿਨਾਰਿਆਂ ਉੱਤੇ ਦੇਖੇ ਨਜ਼ਾਰੇ ਨੂੰ ਉਸ ਨਜ਼ਾਰੇ ਨਾਲ ਤੁਲਨਾ ਦੇ ਰਹੇ ਸਨ ਜਿਹੜਾ ਮਹਾਰਾਜ ਰਾਮ ਦੇ 14 ਸਾਲ ਦੇ ਬਨਵਾਸ ਜਾਣ ਵੇਲੇ ਗੰਗਾ ਪਾਰ ਕਰਦਿਆਂ ਸੁਣਨ ਵਿੱਚ ਆਇਆ ਸੀ।

ਗਾਂਧੀ ਜੀ ਨੂੰ ਦਰਿਆ ਪਾਰ ਕਰਾਉਣ ਲਈ ਇਕ ਕਿਸ਼ਤੀ ਦੀ ਲੋੜ ਸੀ। ਕੌਣ ਕਿਸ਼ਤੀ ਪੇਸ਼ ਕਰਦਾ ਅਤੇ ਅੰਗਰੇਜ਼ਾਂ ਦੇ ਕ੍ਰੋਧ ਦਾ ਸ਼ਿਕਾਰ ਬਣਦਾ ? ਛੋਟੇ ਮਛੇਰੇ ਆਪਣੀਆਂ ਕਿਸ਼ਤੀਆਂ ਅਵੱਸ਼ ਦੇ ਸਕਦੇ ਸਨ, ਪਰ ਉਨ੍ਹਾਂ ਨੂੰ ਅਗਲੇ ਹੀ ਦਿਨ ਪ੍ਰਸ਼ਾਸਨ ਨੇ ਪ੍ਰੇਸ਼ਾਨ ਕਰ ਦੇਣਾ ਸੀ। ਜਿਸ ਬਹਾਦਰ ਬਾਗ਼ੀ ਨੇ ਸਾਰੀ ਕੌਮ ਨੂੰ ਬਦੇਸ਼ੀ ਹੁਕਮਰਾਨਾਂ ਦੇ ਖਿਲਾਫ਼ ਜਾਗ੍ਰਿਤ ਕਰ ਦਿੱਤਾ ਸੀ ਉਸ ਨੂੰ ਅਤੇ ਉਸਦੇ ਸਾਥੀਆਂ ਨੂੰ ਦਰਿਆ ਪਾਰ ਕਰਾਉਣ ਲਈ ਇਕ ਕਿਸ਼ਤੀ ਦੀ ਲੋੜ ਸੀ। ਜੇ ਬੇੜੀ ਨੂੰ ਕਿਸੇ ਨੇ ਸਾਬੋਤਾਜ ਕਰਕੇ ਡੋਬ ਦਿੱਤਾ ਤਾਂ ਉਸ ਦਾ ਮਾਲਕ ਦੁਨੀਆਂ ਨੂੰ ਕੀ ਮੂੰਹ ਵਿਖਾਵੇਗਾ?

ਬਾਦਲਪੁਰ ਨਾਮੀ ਪਿੰਡ ਵਿੱਚ ਇਕ ਹੌਸਲੇ ਵਾਲਾ ਆਦਮੀ ਸੀ ਜਿਸ ਨੇ ਸਮੱਸਿਆਂ ਦਾ ਹੱਲ ਢੂੰਡਣ ਦਾ ਬੀੜਾ ਚੁੱਕ ਲਿਆ। ਉਸ ਦਾ ਨਾਂ ਰਘੂਨਾਥ ਜੀ ਗ੍ਰਾਸੀਆ ਸੀ। ਆਪਣਾ ਸਭ ਕੁਝ ਦਾਓ ਤੇ ਲਾ ਕੇ ਉਸ ਨੇ ਚਾਰ ਸੌ ਰੁਪਏ ਖਰਚ ਕੇ ਇਕ ਨਵੀਂ ਕਿਸ਼ਤੀ ਖਰੀਦੀ। ਉਹ ਆਪ ਇਸ ਨੂੰ ਚਲਾ ਕੇ ਕਨਕਪੁਰੇ ਦੇ ਘਾਟ ਤੇ ਲੈ ਆਇਆ। ਦਰਿਆ ਪਾਰ ਕਰਨ ਵੇਲੇ ਉਸ ਨੇ ਆਪ ਕਿਸ਼ਤੀ ਦੀ ਚੱਪੀ ਤੇ ਬੈਠਣ ਅਤੇ ਕਿਸ਼ਤੀ ਨੂੰ ਠੀਕ ਠਾਕ ਰਾਹ ਤੇ ਚਲਾਉਣ ਦਾ ਜ਼ਿੰਮਾ ਲਿਆ।

ਗਾਂਧੀ ਜੀ ਰਾਤ ਦੇ ਦੱਸ ਵਜੇ ਬੋਰਸਦ ਤੋਂ ਆਏ। ਉਹ ਹਨੇਰੀ ਰਾਤ ਸੀ ਅਤੇ ਗਾਂਧੀ ਜੀ ਉਸੇ ਵੇਲੇ ਦਰਿਆ ਪਾਰ ਕਰਨ ਤੇ ਹਠ ਕਰ ਰਹੇ ਸਨ। ਉਹ ਅਗਲੀ ਸਵੇਰੇ ਤੱਕ ਇੰਤਜ਼ਾਰ ਕਰਨ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਸਨ। ਕਿਸ਼ਤੀ ਵਿੱਚ ਬੈਠਣ ਤੋਂ ਪਹਿਲੋਂ ਕਨਕਪੁਰੇ ਵਿੱਚ ਬਣਾਏ ਗਏ ਥੜ੍ਹੇ ਉਤੋਂ ਗਾਂਧੀ ਜੀ ਨੇ ਲੋਕਾਂ ਨੂੰ ਸੰਬੋਧਨ ਕੀਤਾ ਗਾਂਧੀ ਜੀ ਦੇ ਭਾਸ਼ਣ ਵਿੱਚ ਮਹਾਰਾਜ ਇਕ ਵਾਕ ਦਾ ਹਵਾਲਾ ਦੇਂਦੇ ਹਨ, “ਮੇਰੇ ਵਾਸਤੇ ਇਹ ਇਕ ਯਾਤਰਾ ਹੈ। ਮੇਰਾ ਵਿਸ਼ਵਾਸ ਹੈ ਕਿ ਯਾਤਰੀ ਨੂੰ ਆਪਣੇ ਆਪ ਅਨੁਸ਼ਾਸਨ ਵਿੱਚ ਰਹਿਣਾ ਚਾਹੀਦਾ ਹੈ, ਅਰਦਾਸ ਕਰਨੀ ਚਾਹੀਦੀ ਹੈ ਅਤੇ ਹੋਰ ਨਿਮਰ ਹੁੰਦੇ ਜਾਣਾ ਚਾਹੀਦਾ ਹੈ ।”

ਯਾਤਰੀ ਕਿਸ਼ਤੀ ਵਿੱਚ ਬੈਠ ਗਏ। ਰਘੁਨਾਥ ਜੀ ਚੱਪੂ ਤੇ ਬੈਠ ਗਿਆ ਸੈਂਕੜੇ ਲੋਕ ਪਿੱਛੋਂ ਆ ਕੇ ਕਿਸ਼ਤੀ ਵਿੱਚ ਚੜ੍ਹ ਗਏ। ਕਿਸ਼ਤੀ ਬਹੁਤ ਭਾਰੀ ਹੋ ਗਈ। ਮਹਾਰਾਜ ਨੇ ਸਾਨੂੰ ਉਹ ਥਾਂ ਦੱਸੀ ਜਿੱਥੇ ਇਹ ਘਟਨਾ ਵਾਪਰੀ ਸੀ। ਖੁਸ਼ੀ ਦੇ ਇਸ ਮੌਕੇ ਤੇ ਲੋਕਾਂ ਨੂੰ ਦਲੀਲ ਨਾਲ ਸਮਝਾਉਣਾ ਮੁਸ਼ਕਲ ਸੀ ਕਿ ਉਹ ਕਿਸ਼ਤੀ ਤੋਂ ਉਤਰ ਜਾਣ। ਰਘੁਨਾਥ ਜੀ ਦਾ ਦਿਲ ਤੇਜ਼ੀ ਨਾਲ ਧੜਕਣ ਲੱਗ ਪਿਆ। ਕਿਉਂਕਿ ਇਸ ਤੋਂ ਪਹਿਲਾਂ ਕਿ ਕੁਝ ਲੋਕਾਂ ਨੂੰ ਦਲੀਲਾਂ ਦੇ ਆਧਾਰ ਤੇ ਉਤਰਨ ਲਈ ਰਾਜ਼ੀ ਕੀਤਾ ਗਿਆ, ਪਾਣੀ ਉਤਰਨਾ ਸ਼ੁਰੂ ਹੋ ਗਿਆ ਸੀ। ਡੂੰਘੇ ਪਾਣੀ ਵਾਲਾ ਥੋੜ੍ਹਾ ਜਿਹਾ ਹਿੱਸਾ ਪਾਰ ਕਰਨ ਪਿੱਛੋਂ ਕਿਸ਼ਤੀ ਥਾਲੇ ਪਾਣੀ ਵਿੱਚ ਆ ਕੇ ਖੜੋ ਗਈ। ਗਾਂਧੀ ਜੀ ਨੂੰ ਚਾਰ ਮੀਲ ਦਾ ਪੈਂਡਾ ਗੋਡੇ ਗੋਡੇ ਤੱਕ ਚਿੱਕੜ ਵਿੱਚੋਂ ਪੈਦਲ ਚੱਲ ਕੇ ਤੈਅ ਕਰਨਾ ਪਿਆ। ਹਜ਼ਾਰਾਂ ਲੋਕ ਹੱਥ ਵਿੱਚ

ਤੇਲ ਦੇ ਲੈਂਪ ਮਸ਼ਾਲਾਂ ਫੜੀ ਨਦੀ ਦੇ ਦੋਹਾਂ ਕਿਨਾਰਿਆਂ ਉੱਤੇ ਉੱਚੀਆਂ ਥਾਵਾਂ ਤੇ ਖੜ੍ਹੇ ਸਨ। ਦਰਿਆ ਦੇ ਕੰਢੇ ਇਨ੍ਹਾਂ ਮਸ਼ਾਲਾਂ ਦੇ ਪੀਲੇ ਚਾਨਣ ਨਾਲ ਜਗ ਉਠੇ ਸਨ। ਲੋਕ ਉਸ 'ਨਿੱਕੇ' ਜਿਹੇ ਮਨੁੱਖ ਦੇ ਦਰਸ਼ਨ ਕਰਨ ਲਈ ਆਪਣੀਆਂ ਅੱਖਾਂ ਤੇ ਜ਼ੋਰ ਪਾ ਰਹੇ ਸਨ ਪਰ ਉਹ ਨਜ਼ਰ ਨਹੀਂ ਸੀ ਆ ਰਿਹਾ। ਉਹ ਸਿਰਫ਼ ਨਰਮ ਤੇ ਜ਼ਿਲਕਣੇ ਖੋਭੇ ਵਿੱਚੋਂ ਉਸ ਦੇ ਤੁਰੇ ਜਾਣ ਦੀ ਕਲਪਨਾ ਕਰ ਸਕਦੇ ਸਨ ਅਤੇ ਉਸ ਸਦੀਵੀ ਬਾਗ਼ੀ ਦੇ ਬਾਹਰਲੇ ਹੱਡ-ਮਾਸ ਦੇ ਪਿੰਜਰ ਜਿਹੇ ਦੇ ਅੰਦਰ ਮਘਦੇ ਇਰਾਦੇ ਅਤੇ ਸਿਰੜ ਬਾਰੇ ਸੋਚ ਕੇ ਮਨ ਹੀ ਮਨ ਵਿੱਚ ਹੈਰਾਨ ਹੋ ਸਕਦੇ ਸਨ, ਜਿਹੜਾ ਉਸ ਰਾਤ ਉਸ ਨੂੰ ਦਰਿਆ ਤੋਂ ਪਾਰ ਲੈ ਗਿਆ ਸੀ ।

ਗਾਂਧੀ ਜੀ ਦੇ ਠਿੱਲ੍ਹਣ ਤੋਂ ਦੋ ਕੁ ਘੰਟੇ ਬਾਅਦ ਇਕ ਕਾਰ ਜਿਸ ਵਿੱਚ ਜਵਾਹਰ ਲਾਲ ਨਹਿਰੂ ਬੈਠੇ ਸਨ, ਘਾਟ ਕੋਲ ਆ ਕੇ ਤੇਜ਼ੀ ਨਾਲ ਜ਼ੋਰ ਦੀ ਬਰੇਕ ਮਾਰ ਕੇ ਰੁਕੀ। ਉਹ ਉਸੇ ਵੇਲੇ ਗਾਂਧੀ ਜੀ ਤੱਕ ਪਹੁੰਚਣ ਲਈ ਕਿਸ਼ਤੀ ਚਾਹੁੰਦੇ ਸਨ। ਉਨ੍ਹਾਂ ਨੂੰ ਉਤਰਦੇ ਪਾਣੀ ਅਤੇ ਡੂੰਘੇ ਖੋਭੇ ਬਾਰੇ ਦੱਸਿਆ ਗਿਆ। ਪਰ ਉਨ੍ਹਾਂ ਦੀ ਬੇਸਬਰੀ ਪਲ ਪਲ ਵੱਧ ਰਹੀ ਸੀ।

"ਪਾਣੀ ਅਤੇ ਖੋਭੇ ਦੀ ਕੋਈ ਪਰਵਾਹ ਨਹੀਂ। ਮੈਂ ਨੌਜਵਾਨ ਹਾਂ। ਮੈਂ ਤੁਰ ਕੇ ਪਾਰ ਹੋ ਜਾਵਾਂਗਾ ।" ਅੱਗ ਵਰਗੇ ਨੌਜਵਾਨ ਨੇ ਕਿਹਾ। ਉਹ ਸਿਰਫ਼ ਹੁਣੇ ਪਾਰ ਹੋ ਕੇ ਗਾਂਧੀ ਜੀ ਨੂੰ ਮਿਲਣਾ ਹੀ ਨਹੀਂ, ਸਗੋਂ ਉਸੇ ਰਾਤ ਇਸੇ ਰਸਤੇ ਵਾਪਸ ਵੀ ਆਉਣਾ ਚਾਹੁੰਦੇ ਸਨ। ਉਨ੍ਹਾਂ ਨੇ ਡਰਾਈਵਰ ਨੂੰ ਹਦਾਇਤ ਕੀਤੀ ਕਿ ਘਾਟ ਉੱਤੇ ਉਨ੍ਹਾਂ ਦੀ ਵਾਪਸੀ ਦਾ ਇੰਤਜ਼ਾਰ ਕਰੇ। ਇਹ ਕਹਿਕੇ ਉਹ ਪਾਣੀ ਵਿੱਚ ਕੁੱਦ ਗਏ। ਛਾਤੀ ਤੱਕ ਉੱਚੇ ਪਾਣੀ ਵਿੱਚੋਂ ਦਰਿਆ ਨੂੰ ਪਾਰ ਕਰਨ ਉਪਰੰਤ ਉਨ੍ਹਾਂ ਨੇ ਸੁਨੇਹਾ ਭੇਜਿਆ, "ਹੁਣ ਵਾਪਸ ਆਉਣਾ ਸੰਭਵ ਨਹੀਂ, ਕਾਰ ਨੂੰ ਵਾਪਸ ਭੇਜ ਦਿਓ ।" ਮਾਣਮੱਤੇ ਦਰਿਆ ਨੇ ਨੌਜਵਾਨ ਦੇ ਮਾਣ ਨੂੰ ਨੀਂਵਾਂ ਕਰ ਦਿੱਤਾ ਸੀ।"

ਮੈਂ ਰਘੁਨਾਥ ਜੀ ਨੂੰ ਮਿਲਣਾ ਚਾਹੁੰਦਾ ਸਾਂ। ਉਹ ਸਾਨੂੰ ਮਿਲਣ ਲਈ ਸਾਡੇ ਟਿਕਾਣੇ ਤੇ ਇੱਕ ਵਾਰੀ ਆ ਵੀ ਚੁੱਕੇ ਸਨ ਪਰ ਸਾਨੂੰ ਅੰਦਰ ਨਾ ਵੇਖ ਕੇ, ਮੁੜ ਗਏ ਸਨ। ਮੈਂ ਉਸ ਨੂੰ ਪੁੱਤਰ ਬਹਾਦਰ ਸਿੰਘ ਨੂੰ ਮਿਲਿਆ ਅਤੇ ਪੁੱਛਿਆ ਕਿ ਗਾਂਧੀ ਜੀ ਨੂੰ ਪਾਰ ਲੰਘਾਉਣ ਵਾਲੇ ਨੂੰ ਸਥਾਨਕ ਪ੍ਰਸ਼ਾਸਨ ਰਾਜੇ ਨੇ ਜਾਂ ਪ੍ਰਸ਼ਾਸਨ ਨੇ ਮਗਰੋਂ ਤੰਗ ਨਹੀਂ ਸੀ ਕੀਤਾ। । ਉਸ ਨੇ ਦੱਸਿਆ ਕਿ ਕਿਸੇ ਨੇ ਉਨ੍ਹਾਂ ਨੂੰ ਕੁਝ ਨਹੀਂ ਸੀ ਕਿਹਾ ।

ਬਾਦਲਪੁਰ ਵਿੱਚ ਅਸੀਂ ਫੂਲਾ ਸ਼ੰਕਰ ਭਾਈ ਦੇ ਘਰ ਠਹਿਰੇ ਸਾਂ। ਉਹ ਬ੍ਰਾਹਮਣ ਵਧੀਚ ਜਾਤੀ ਦੇ ਸਨ। ਉਸ ਇਲਾਕੇ ਵਿੱਚ ਇਨ੍ਹਾਂ ਲੋਕਾਂ ਦੀ ਹੀ ਜ਼ਿਆਦਾ ਵਸੋਂ ਸੀ। ਜਾਤ ਦੇ ਬ੍ਰਾਹਮਣ ਹੁੰਦੇ ਹੋਏ ਵੀ ਉਹ ਕੰਮ ਕਿਰਸਾਨੀ ਕਰਦੇ ਸਨ। ਕਿਸਾਨਾਂ ਦੀ ਤਰ੍ਹਾਂ ਉਹ ਬੋਲਦੇ ਘੱਟ ਸਨ, ਬਾਹਰਲੀ ਫ਼ੈਲਸੂਫੀ, ਉਨ੍ਹਾਂ ਵਿੱਚ ਨਹੀਂ ਪਰ ਅੰਦਰੋਂ ਉਨ੍ਹਾਂ ਦਾ ਮਨ ਸਾਫ਼ ਹੈ। ਉਹ ਘਰ ਆਏ ਗਏ ਦੀ ਬਿਨਾਂ ਦਿਖਾਵੇ ਦੇ ਸੇਵਾ ਕਰਦੇ ਸਨ। ਉਨ੍ਹਾਂ ਨੂੰ ਕੁਦਰਤ ਵੱਲੋਂ ਮਜ਼ਬੂਤ ਇਰਾਦਾ ਮਿਲਿਆ ਹੋਇਆ ਹੈ ਜੋ ਦੂਜਿਆਂ ਕੋਲ ਨਹੀਂ। ਜਦੋਂ ਇਰਾਦੇ ਦੀ ਇਹ ਮਜ਼ਬੂਤੀ ਉਨ੍ਹਾਂ ਦੀ ਹਲੀਮੀ ਨਾਲ ਮਿਲ ਜਾਂਦੀ ਹੈ ਤਾਂ ਉਨ੍ਹਾਂ ਦੀ ਆਤਮਾ ਵਿੱਚ ਅਲੌਕਿਕ ਰੌਸ਼ਨੀ ਪੈਦਾ ਹੋ ਜਾਂਦੀ ਹੈ, ਮਹਾਰਾਜ ਨੇ ਇਸ ਜਾਤ ਦੇ ਬ੍ਰਾਹਮਣ ਦੇ ਇਸ ਚਰਿਤ੍ਰ ਦੀ ਇਕ ਘਟਨਾ ਪਹਿਲਾਂ ਹੀ ਸੁਣਾਈ ਸੀ। ਇਹ ਪਿੰਡ ਦਹੇਵਨ ਵਿੱਚ ਰਹਿੰਦੇ ਸਨ। ਦਹੇਵਨ ਜਾਂਦਿਆਂ ਮੈਂ ਆਪਣੀ ਯਾਦ ਵਿੱਚੋਂ ਇਸ ਨੂੰ ਕੁਰਦੇਣ ਲੱਗਾ, ਜਦੋਂ ਬਾਬਰ ਦੇਵਾ ਅਤੇ ਤਿੰਨ ਹੋਰ ਡਾਕੂ ਖੇੜਾ ਜ਼ਿਲ੍ਹੇ ਨੂੰ ਨਸ਼ਟ ਤੇ ਬਰਬਾਦ ਕਰ ਰਹੇ ਸਨ ਤਾਂ ਪ੍ਰਸ਼ਾਸਨ ਨੇ ਇਲਾਕੇ ਉੱਤੇ ਇਕ ਜਬਰੀ ਟੈਕਸ ਠੋਸਿਆ ਸੀ, ਜਦ ਕਿ ਲੋਕ ਪਹਿਲਾਂ ਹੀ ਮਾਇਕ ਤਬਾਹੀ ਦੇ ਸ਼ਿਕਾਰ ਹੋ ਚੁੱਕੇ ਸਨ। ਲੁਟੇਰਿਆਂ ਨੇ ਉਨ੍ਹਾਂ ਦੀ ਖੇਤੀ ਦਾ ਖਾਤਮਾ ਕਰ ਦਿੱਤਾ ਸੀ। ਸਰਦਾਰ ਪਟੇਲ ਨੇ ਇਸ ਟੈਕਸ ਦੇ ਵਿਰੋਧ ਵਿੱਚ ਅੰਦੋਲਨ ਦੀ ਅਗਵਾਈ ਕੀਤੀ ਸੀ। ਕੌਮੀ ਵਾਲੰਟੀਅਰਾਂ ਨੇ ਥਾਂ-ਥਾਂ ਆਪਣੇ ਤੰਬੂ ਗੱਡੇ ਹੋਏ ਸਨ। ਮਹਾਰਾਜ ਦੇ ਸਪੁਰਦ ਮਾਹੀ ਦਾ ਤਟ ਕੀਤਾ ਗਿਆ ਸੀ। ਇਲਾਕੇ ਵਿੱਚ ਵਾਲੰਟੀਅਰਾਂ ਦੀ ਘਾਟ ਸੀ। ਮਹਾਰਾਜ ਨੇ ਹੱਥ ਨਾਲ ਪੈਂਫਲਿਟ ਲਿਖਣੇ ਸ਼ੁਰੂ ਕਰ ਦਿੱਤੇ ਅਤੇ ਪਿੰਡ ਪਿੰਡ ਜਾ ਕੇ ਟੈਕਸ ਦੇ ਵਿਰੁੱਧ ਪੈਂਫਲਿਟ ਪੜ੍ਹ ਕੇ ਹਰ

ਪਿੰਡ ਦੇ ਲੋਕਾਂ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਪਿੰਡ ਵਿੱਚ ਪਹੁੰਚ ਕੇ ਉਹ ਆਪਣੀ ਤਕਰੀਰ ਸ਼ੁਰੂ ਕਰ ਦੇਂਦੇ। ਉਹ ਤਕਰੀਰ ਸ਼ੁਰੂ ਕਰਕੇ ਪਿੰਡ ਦੀ ਮੁੱਖ ਗਲੀ ਵਿੱਚ ਬੋਲਦੇ ਜਾਂਦੇ ਅਤੇ ਤੁਰੇ ਜਾਂਦੇ।

"ਮੈਂ ਤੁਹਾਨੂੰ ਇਹ ਕਹਿਣ ਲਈ ਇੱਥੇ ਆਇਆ ਹਾਂ ਕਿ ਕਿਸੇ ਵੀ ਕੀਮਤ ਉੱਤੇ ਟੈਕਸ ਨਾ ਭਰੋ। ਜੇ ਅਸੀਂ ਇੱਦਾਂ ਕਰਾਂਗੇ ਤਾਂ ਸਾਡੇ ਤੇ ਡਾਕੂਆਂ ਨਾਲ ਮਿਲੀਭੁਗਤ ਦਾ ਮੈਂ ਦੋਸ਼ ਲਾਇਆ ਜਾਂਦਆ ਉਸ ਦਾ ਇਹ ਇਕਬਾਲ ਕਰਨਾ ਹੋਵੇਗਾ ਸਾਨੂੰ ਇੱਜ਼ਤ ਪਿਆਰ ਹੈ ਅਤੇ ਇਸ ਜਾਂਦਾ ਹੈ, ਉਸ ਦਾ ਲਿਹੀ ਲਗਣ ਦੇਣਾ ਚਾਹੀਦਾ। ਅਸੀਂ ਕਦੇ ਵੀ ਇਹ ਸਹਿਣ ਨਹੀਂ ਕਰ ਸਕਦੇ ।"

"ਇਹ ਸੱਚ ਗੱਲ ਕਹਿ ਰਿਹਾ ਹੈ" ਸਾਰੇ ਇਲਾਕੇ ਵਿੱਚ ਲੋਕ ਇਕ ਦੂਜੇ ਨੂੰ ਹੌਸਲਾ ਦੇਣ ਲਈ ਸੱਚ ਗੱਲ ਕਹਿ ਰਹੇ ਸਨ ਅਤੇ ਉਨ੍ਹਾਂ ਦੀ ਆਵਾਜ਼ ਨਾਲ ਸਾਰਾ ਇਲਾਕਾ ਗੂੰਜ ਰਿਹਾ ਸੀ। ਅਸੀਂ ਆਪਣੀ ਬੇਦਾਗ਼ ਇੱਜ਼ਤ ਉੱਤੇ ਕੋਈ ਧੱਬਾ ਨਹੀਂ ਲੱਗਣ ਦੇਣਾ;ਇਸ ਨਾਲੋਂ ਤਾਂ ਇਹ ਚੰਗਾ ਹੈ ਕਿ ਜੋ ਕੁਝ ਉਹ ਚਾਹੁੰਦੇ ਹਨ ਸਾਥੋਂ ਖੋਹ ਕੇ ਲੈ ਜਾਣ, ਸਾਡੀ ਇੱਜ਼ਤ ਤਾਂ ਬਚੀ ਰਹੇਗੀ..........." ਇਹ ਬ੍ਰਾਹਮਣ ਇਕ ਪਿੰਡ ਮਗਰੋਂ ਦੂਜੇ ਅਤੇ ਇਸ ਤਰ੍ਹਾਂ ਅਗਿਉਂ ਅੱਗੇ ਜਾਂਦਾ ਗਿਆ, ਬਿਜਲੀ ਦੀ ਤਰ੍ਹਾਂ ਆਪਣਾ ਹੁਕਮ ਉਨ੍ਹਾਂ ਨੂੰ ਸੁਣਾਉਂਦਾ ਗਿਆ ਅਤੇ ਲੋਕਾਂ ਨੂੰ ਆਪਣੀ ਬਿਗਲਵਰਗੀ ਪੁਕਾਰ ਨਾਲ ਟੈਕਸ ਅਦਾ ਨਾ ਕਰੋ, ਟੈਕਸ ਅਦਾ ਨਾ ਕਰੋ, ਟੈਕਸ ਅਦਾ ਨਾ ਕਰੋ' ਜਾਗ੍ਰਿਤ ਕਰਦਾ ਗਿਆ ।

ਟੈਕਸ ਵਸੂਲਣ ਲਈ ਮਗਰਮੱਛ ਆ ਪਹੁੰਚੇ ਸਨ। ਜੇ ਟੈਕਸ ਅਦਾ ਨਾ ਕੀਤਾ ਗਿਆ ਤਾਂ ਘਰ, ਸਮਾਨ, ਡੰਗਰ, ਵੱਛਾ ਅਤੇ ਖੇਤ ਜ਼ਬਤ ਕਰ ਲਏ ਜਾਣਗੇ। ਉਨ੍ਹਾਂ ਨੇ ਸਥਾਨਕ ਰਾਜਿਆਂ ਅਤੇ ਮਹਾਰਾਜਿਆਂ ਉੱਤੇ ਜ਼ੋਰ ਪਾਇਆ ਕਿ ਟੈਕਸ ਦੀ ਵਸੂਲੀ ਵਿੱਚ ਸ਼ਾਸਨ ਦੀ ਮਦਦ ਕਰਨ। ਨਰਸਿੰਘ ਜੀ ਨਾਂ ਦੇ ਇਕ ਨੌਜਵਾਨ ਨੇ ਰਾਜੇ ਦੇ ਦਬਾਅ ਹੇਠ ਆ ਕੇ ਐਲਾਨ ਕੀਤਾ ਕਿ ਉਹ ਆਪਣੀ ਪਰਜਾ ਕੋਲੋਂ ਪ੍ਰਸ਼ਾਸਨ ਟੈਕਸ

ਵਸੂਲ ਕਰਕੇ ਦੇਵੇਗਾ। ਦਹੇਵਨ, ਜਿੱਥੇ ਕਿ ਉਹ ਰਾਜ ਕਰਦਾ ਸੀ, ਵਸੋਂ ਦਧੀਚ ਜਾਤ ਦੇ ਬ੍ਰਾਹਮਣਾਂ ਦੀ ਸੀ। ਉਹ ਗਰੀਬ ਲੋਕ ਸਨ, ਪਰ ਉਨ੍ਹਾਂ ਦੀਆਂ ਅੱਖਾਂ ਵਿੱਚ ਉਨ੍ਹਾਂ ਦੀ ਆਤਮ ਸ਼ਕਤੀ ਦੀ ਚਮਕ ਸੀ। ਭਾਵੇਂ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਨ ਮਗਰੋਂ ਹਲ ਚੁੱਕੀ ਜਦੋਂ ਘਰ ਆਉਂਦਾ ਅਤੇ ਜੇ ਰਸਤੇ ਵਿੱਚ ਉਸ ਨੂੰ ਕੋਈ ਠਾਕਰਦਾ ਮਿਲ ਜਾਂਦਾ ਤਾਂ ਉਹ ਕਿਸਾਨ ਖਲੋ ਜਾਂਦਾ ਅਤੇ ਠਾਕਰਦਾ ਉਸ ਦੇ ਅੱਗੇ ਝੁਕ ਕੇ ਉਸ ਦੇ ਚਰਨ ਛੂੰਹਦਾ ਕਿਉਂਕਿ ਕਿਸਾਨ ਆਖ਼ਰ ਬ੍ਰਾਹਮਣ ਸੀ।

"ਉਨ੍ਹਾਂ ਨੇ ਰਾਜੇ ਨੂੰ ਕਿਹਾ ਕਿ ਅਸੀਂ ਟੈਕਸ ਨਹੀਂ ਦੇਵਾਂਗੇ ।"

"ਰਾਜੇ ਨੇ ਉਨ੍ਹਾਂ ਨੂੰ ਸਮਝਾਇਆ, "ਘੱਟੋ ਘੱਟ ਮੇਰੀ ਪੱਤ ਤਾ ਨਾ ਲਹਾਉ ।"

"ਆਪਣੀ ਇੱਜ਼ਤ ਬਚਾਉਣ ਲਈ ਸਾਨੂੰ ਆਪਣਾ ਨੱਕ ਵੱਡਣ ਲਈ ਨਾ ਆਖੋ।"

ਰਾਜੇ ਨੇ ਧਮਕੀ ਦਿੱਤੀ, "ਮੈਂ ਤੁਹਾਨੂੰ ਟੈਕਸ ਦੇਣ ਲਈ ਮਜ਼ਬੂਰ ਕਰਾਂਗਾ ।"

"ਮੈਂ ਆਪ ਤੋਂ ਖਿਮਾ ਮੰਗਦਾ ਹਾਂ, ਹਜ਼ੂਰ"। ਜੀਵ ਰਾਮ ਨਾਂ ਦਾ ਇੱਕ ਬ੍ਰਾਹਮਣ ਸਿੱਧਾ ਖੜ੍ਹਾ ਹੋ ਕੇ ਕਹਿਣ ਲੱਗਾ, "ਕੀ ਆਖਿਆ ਜੇ ਕਿ ਮਜ਼ਬੂਰ ਕਰੋਗੇ ? ਜੇ ਸਾਡਾ ਜੋਰ ਵੇਖਣਾ ਜੇ ਤਾਂ ਵੇਖ ਲਵੋ। ਸਾਡੇ ਨਾਲ ਨਿਹੱਥੇ ਲੜਨਾ ਚਾਹੁੰਦੇ ਹੋ ਜਾਂ ਆਪਣੀ ਧਨ ਦੌਲਤ ਦੇ ਜ਼ੋਰ ਨਾਲ ਲੜਨਾ ਚਾਹੁੰਦੇ ਹੋ, ਹੋ ਸਕਦਾ ਹੈ ਤੁਸੀਂ ਤਲਵਾਰਾਂ ਜਾਂ ਬੰਦੂਕਾਂ ਦੀ ਲੜਾਈ ਪਸੰਦ ਕਰੋ। ਅਸੀਂ ਤਿਆਰ ਹਾਂ। ਜਿਹੜੀ ਲੜਾਈ ਮਰਜ਼ੀ ਹੈ ਲੜ ਲਵੋ।"

ਰਾਜਾ ਲੜਾਈ ਤੋਂ ਟਲ ਗਿਆ, ਪਰ ਉਸ ਨੇ ਸ਼ਹਿਰ ਦੇ ਤਰਖਾਣਾਂ ਅਤੇ ਲੁਹਾਰਾਂ ਨੂੰ ਬ੍ਰਾਹਮਣ ਕਿਸਾਨਾਂ ਦਾ ਕੰਮ ਕਰਨ ਤੋਂ ਰੋਕ ਦਿੱਤਾ। ਚੁਣੌਤੀ ਪਰਵਾਨ ਕਰਦਿਆਂ ਜੀਵ ਰਾਮ ਨੇ ਲੁਹਾਰਾ ਕੰਮ ਸ਼ੁਰੂ ਕਰ ਦਿੱਤਾ ਅਤੇ ਜ਼ਰਾਇਤੀ ਸੰਦ

ਸਾਮਾਨ ਮੁਰੰਮਤ ਕਰਨ ਅਤੇ ਬਣਾਉਣ ਲਈ ਭੱਠੀ ਲਾ ਲਈ। ਉਨ੍ਹਾਂ ਟੈਕਸ ਦੀ ਅੰਤ ਤੱਕ ਵਿਰੋਧਤਾ ਕੀਤੀ ਜਦ ਤੱਕ ਇਹ ਵਾਪਸ ਨਾ ਲੈ ਲਿਆ ਗਿਆ।

ਮਹਾਰਾਜ ਨੇ ਮੈਨੂੰ ਉਹ ਪੌੜੀ ਵਿਖਾਈ ਜਿੱਥੇ ਖੜ੍ਹ ਕੇ ਜੀਵ ਰਾਮ ਨੇ ਰਾਜੇ ਨੂੰ ਜਵਾਬ ਦਿੱਤਾ ਸੀ। ਮੈਂ ਜੀਵ ਰਾਮ ਨੂੰ ਨਿੱਜੀ ਤੌਰ ਤੇ ਮਿਲ ਸਕਿਆ। ਰਾਜਾ ਵੀ ਮਰ ਚੁੱਕਾ ਸੀ, ਮੈਂ ਉਸ ਨੂੰ ਮਿਲਣ ਦੇਵੇ ਰਾਮ ਨੂੰ ਖਾਂਦਾ ਸਾਂ ਕਿ ਮੇਰੇ ਮਨ ਉੱਤੇ ਇਕ ਹੋਰ ਘਟਨਾ ਦਾ ਅਸਰ ਛਾਇਆ ਹੋਇਆ ਸੀ ਜਿਸ ਵਿੱਚ ਮਹਾਰਾਜ ਦੀ ਹੇਠੀ ਕੀਤੀ ਗਈ ਸੀ।

ਟੈਕਸ ਵਿਰੁੱਧ ਮੁਹਿੰਮ ਦੇ ਦੌਰਾਨ ਮਹਾਰਾਜ ਇਕ ਦਿਨ ਰਾਜੇ ਨੂੰ ਮਿਲਣ ਵਾਸਤੇ ਰਾਜ ਮਹੱਲ ਗਏ।

ਰਾਜੇ ਨੇ ਉਨ੍ਹਾਂ ਦਾ ਯਥਾਯੋਗ ਸੁਆਗਤ ਕਰਦੇ ਹੋਏ ਕਿਹਾ, “ਆਉ। ਮਹਾਰਾਜ ਜੀ ਆਇਆਂ ਨੂੰ ।”

"ਮੈਂ ਕੁਝ ਖਰੀਆਂ ਖਰੀਆਂ ਗੱਲਾਂ ਤੁਹਾਨੂੰ ਸੁਣਾਉਣ ਆਇਆ ਹਾਂ,” ਬਿਨਾਂ ਕਿਸੇ ਭੈ-ਝਿਜਕ ਦੇ ਮਹਾਰਾਜ ਨੇ ਉਸ ਦੀਆਂ ਵਧੀਕੀਆਂ ਦਾ ਸਾਰਾ ਕੱਚਾ ਚਿੱਠਾ ਉਸ ਅੱਗੇ ਪੇਸ਼ ਕਰ ਦਿੱਤਾ। ਹੌਲੀ ਹੌਲੀ ਰਾਜੇ ਦੀ ਭਾਸ਼ਾ ਵਿੱਚੋਂ ਨਿਮਰਤਾ ਖਤਮ ਹੁੰਦੀ ਗਈ ਅਤੇ ਉਸ ਨੇ ਮਹਾਰਾਜ ਨੂੰ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦਿੱਤੀਆਂ। ਇੱਥੇ ਹੀ ਬਸ ਨਹੀਂ ਉਹ ਗਾਲ੍ਹਾਂ ਕੱਢਦੇ ਕੱਢਦੇ ਬੰਦੂਕ ਵੀ ਵਿਖਾਉਣ ਲੱਗ ਪਿਆ।

"ਤੂੰ ਖੱਤਰੀ ਹੈ,” ਮਹਾਰਾਜ ਨੇ ਤੜਪਦੇ ਹੋਏ ਦਿਲ ਨਾਲ ਕਿਹਾ, "ਜਦ ਕਿ ਮੈਂ ਬ੍ਰਾਹਮਣ ਹਾਂ। ਮੇਰਾ ਧਰਮ ਹੈ ਕਿ ਮੈਂ ਤੈਨੂੰ ਤੇਰਾ ਕਰਤੱਵ ਦੱਸਾਂ ਅਤੇ ਜੇ ਤੂੰ ਸਿੱਧੇ ਰਸਤੇ ਤੋਂ ਭਟਕ ਜਾਵੇਂ ਤਾਂ ਤੇਰਾ ਸੁਧਾਰ ਕਰਾਂ। ਤੈਨੂੰ ਭਟਕਦਾ ਵੇਖ ਮੈਂ ਕਿਵੇਂ ਖਾਮੋਸ਼ ਰਹਿ ਸਕਦਾ ਸਾਂ? ਮੈਂ ਖਾਮੋਸ਼ੀ ਨਾਲ ਤਮਾਸ਼ਾ ਵੇਖਦੇ ਰਹਿਣ ਨਾਲੋਂ ਤੇਰੀ ਗੋਲੀ ਨਾਲ ਮਰ ਜਾਣਾ ਚੰਗਾ ਸਮਝਦਾ ਹਾਂ ।"

"ਮਹਾਰਾਜ, ਰਾਜਾ ਨਰਮ ਹੋ ਗਿਆ ਅਤੇ ਮਾਫੀ ਮੰਗਣ ਲੱਗਾ, "ਜੇ ਤੁਸੀਂ ਬ੍ਰਾਹਮਣ ਨਾ ਹੁੰਦੇ ਤਾਂ ਮੈਂ ਕਦੋਂ ਦਾ ਤੁਹਾਨੂੰ ਗੋਲੀ ਮਾਰ ਦਿੰਦਾ। ਮੈਂ ਤੁਹਾਡੇ ਸਾਹਮਣੇ ਲਾਚਾਰ ਹਾਂ। ਤੁਹਾਨੂੰ ਮੈਨੂੰ ਠੀਕ ਕਰਨ ਦਾ ਪੂਰਾ ਅਧਿਕਾਰ ਹੈ। ਮੈਂ ਮਾਫ਼ੀ ਮੰਗਦਾ ਹਾਂ।"

ਦਹੇਵਨ ਤੋਂ ਅਸੀਂ ਗੁਲਾਵਾ ਗਏ। ਇੱਥੇ ਅਸੀਂ ਬਾਪੂ ਲਾਲ ਭਾਈ ਦੇ ਘਰ ਠਹਿਰੇ। ਇਹ ਵੀ ਦਧੀਚ ਬ੍ਰਾਹਮਣ ਸੀ। ਇਸ ਘਰ ਦੀ ਪਹਿਲੀ ਮਾਲਿਕਾ ਨਥੀ ਬਾ ਹੁਣ ਨਹੀਂ ਸੀ। ਅਠਾਰ੍ਹਵੇਂ ਸਾਲ ਦੀ ਉਮਰ ਵਿੱਚ ਉਹ ਗਾਂਧੀ ਜੀ ਨੂੰ ਡਾਂਡੀ ਮਾਰਚ ਤੇ ਜਾਣ ਵੇਲੇ ਅਸੀਸ ਦੇਣ ਲਈ ਕਨਕਪੁਰ ਗਈ ਸੀ। ਘਰ ਦੇ ਲਕੜੀ ਦੇ ਦਰਵਾਜ਼ੇ ਉੱਤੇ ਮੈਂ ਗੋਲੀ ਦਾ ਇੱਕ ਨਿਸ਼ਾਨ ਵੇਖਿਆ। ਗਲੀ ਦੇ ਦੂਜੇ ਪਾਸੇ ਮੰਦਰ ਦੇ ਦਰਵਾਜ਼ੇ ਉੱਤੇ ਵੀ ਇਹੋ ਜਿਹੇ ਤਿੰਨ ਨਿਸ਼ਾਨ ਵੇਖੇ ਜਾ ਸਕਦੇ ਸਨ। ਇਹ ਨਿਸ਼ਾਨ ਰਾਜੇ ਦੀ ਹਠਧਰਮੀ ਤੇ ਜ਼ੁਲਮ ਦਾ ਹੀ ਨਹੀਂ ਸਗੋਂ ਗੁਲਾਵਾ ਦੇ ਸ਼ੋਸ਼ਿਤ ਕਿਸਾਨਾਂ ਦੀ ਸ਼ਾਂਤੀਪੂਰਨ ਸ਼ਕਤੀ ਦਾ ਵੀ ਸਬੂਤ ਸਨ। ਬਹੁਤ ਪੁਰਾਣੇ ਸਮੇਂ ਤੋਂ ਗੁਲਾਵਾ, ਦਹੇਵਨ ਅਤੇ ਕਨਕਪੁਰ ਦੇ ਇਹ ਤੱਟੀ ਪਿੰਡ ਅਸਲ ਵਿੱਚ ਕਿਸਾਨਾਂ ਦੀ ਮਲਕੀਅਤ ਸਨ। ਇਤਿਹਾਸ ਦੇ ਇੱਕ ਕਾਲੇ ਦਿਨ ਮਹਿਦੇ ਅਤੇ ਕੋਲੀ ਪਿੰਡਾਂ ਉੱਤੇ ਤਲਵਾਰਾਂ ਲੈ ਕੇ ਟੁੱਟ ਪਏ ਅਤੇ ਪਿੰਡਾਂ ਤੋਂ ਮਾਮਲਾ ਉਗਰਾਹੁਣ ਦਾ ਅਧਿਕਾਰ ਬਣਾ ਲਿਆ। ਜਿਉਂ ਜਿਉਂ ਸਮਾਂ ਲੰਘਦਾ ਗਿਆ ਇਨ੍ਹਾਂ ਤਲਵਾਰਾਂ ਨੂੰ ਲਗਦਾ ਗਿਆ ਅਤੇ ਇਨ੍ਹਾਂ ਨੂੰ ਫੜਨ ਵਾਲੇ ਹੱਥ ਅੰਗਰੇਜ਼ ਹਾਕਮਾਂ ਦੇ ਚਰਨ ਛੂਹਣ ਲੱਗੇ।

ਨਰ ਸਿੰਘ ਜੀ ਇਨ੍ਹਾਂ ਪਿਛਲੇਰੇ ਰਾਜਿਆਂ ਦੀ ਸੰਤਾਨ ਸੀ। ਉਸ ਨੇ ਆਪਣਾ ਮਾਲੀਆ ਵਧਾਉਣ, ਕਿਸਾਨ ਨੂੰ ਉਸ ਦੀ ਜ਼ਮੀਨ ਤੋਂ ਬੇਦਖਲ ਕਰਨ ਦੇ ਅਧਿਕਾਰ ਪ੍ਰਾਪਤ ਕਰਨ, ਅਤੇ ਗੁਲਾਵਾ ਪਿੰਡ ਦੇ ਦਰਖਤ ਮਰਜੀ ਨਾਲ ਵੱਢ ਲੈਣ ਦਾ ਹੱਕ ਪ੍ਰਾਪਤ ਕਰਨ ਦਾ ਇਹ ਸੁਨਹਿਰੀ ਮੌਕਾ ਸਮਝਿਆ। ਦਧੀਚ ਬ੍ਰਾਹਮਣਾਂ ਅਤੇ ਪਤਨਵਾਦੀਆਂ ਨੇ ਇਸ ਦਾ ਵਿਰੋਧ ਕੀਤਾ। ਅੰਦੋਲਨ ਵਿੱਚ ਕਿਸਾਨਾਂ ਦੀ ਸਹਾਇਤਾ ਤੇ ਰਹਿਨੁਮਾਈ ਕਰਨ ਲਈ ਕੌਮੀ ਵਲੰਟੀਅਰ ਆ ਗਏ। ਸਥਾਨਕ ਮੰਦਰ ਨੂੰ ਅੰਦੋਲਨ

ਦਾ ਸਦਰ ਮੁਕਾਮ ਬਣਾਇਆ ਗਿਆ ਸੀ। ਇਸੇ ਸਮੇਂ ਹੀ ਬਜ਼ੁਰਗ ਔਰਤ ਨਥੀ ਬਾ ਨੇ, ਹਰ ਕਿਸੇ ਨੂੰ ਹੀ, ਜੋ ਉਸ ਦੇ ਘਰ ਆਉਂਦਾ, ਭਾਵੇਂ ਉਹ ਵਾਲੰਟੀਅਰ ਹੁੰਦਾ ਜਾਂ ਕੋਈ ਹੋਰ, ਲੰਗਰ ਛਕਾਉਣਾ ਸ਼ੁਰੂ ਕੀਤਾ ਸੀ। ਰਾਜੇ ਦੇ ਇੱਕ ਭਰਾ ਨੇ ਇੱਕ ਦਿਨ ਖਿਝ ਕੇ ਗਲੀ ਵਿੱਚ ਆ ਕੇ ਅੰਧਾਧੁੰਦ ਮੰਦਰ ਅਤੇ ਨਥੀਬਾ ਦੇ ਘਰ ਵਲ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਚੰਗੇ ਭਾਗਾਂ ਨੂੰ ਕੋਈ ਵੀ ਜ਼ਖ਼ਮੀ ਨਾ ਹੋਇਆ ਅਤੇ ਬੰਦੂਕ ਚਲਾਉਣ ਵਾਲੇ ਨੂੰ ਜਦੋਂ ਹੋਸ਼ ਆਈ ਤਾਂ ਉਹ ਸ਼ਰਮ ਨਾਲ ਪਾਣੀ ਪਾਣੀ ਹੋ ਕੇ ਚਲਾ ਗਿਆ। ਇਸ ਘਟਨਾ ਤੋਂ ਇਕ ਹੋਰ ਘਟਨਾ ਉਤਪੰਨ ਹੋਈ ਜਿਸ ਵਿੱਚ ਦਹੇਵਨ ਤੋਂ ਗੁਲਾਵਾ ਵੱਲ ਜਾਂਦੇ ਇਕ ਵਾਲੰਟੀਅਰ ਨੂੰ ਰਾਜੇ ਦੇ ਆਦਮੀਆਂ ਨੇ ਕੁਟਾਪਾ ਚਾੜ੍ਹਿਆ। ਮਹਾਰਾਜ ਨੂੰ ਇਸ ਬਾਰੇ ਬਰਦੋਲੀ ਵਿੱਚ ਦੱਸਿਆ ਗਿਆ। ਉਹ ਇਕ ਦਮ ਦਹੇਵਨ ਤੁਰ ਪਏ।

ਦਹੇਵਨ ਪਹੁੰਚ ਕੇ ਉਹ ਸਿੱਧੇ ਰਾਜੇ ਦੇ ਮਹੱਲ ਵਿੱਚ ਚਲੇ ਗਏ। ਰਾਜੇ ਨੇ ਬੜੀ ਨਿਮਰਤਾ ਨਾਲ ਕਿਹਾ, "ਆਉ : ਮਹਾਰਾਜ ? ਜੀ ਆਇਆਂ ਨੂੰ, "

ਮਹਾਰਾਜ ਨੇ ਉਸ ਤੋਂ ਪੁੱਛਿਆ, "ਤੂੰ ਉਸ ਨੂੰ ਕਿਉਂ ਮਾਰਿਆ ਹੈ ? ਅਤੇ ਹੁਣ ਮੈਨੂੰ ਕਿਉਂ ਨਹੀਂ ਮਾਰਦਾ ? ਮੈਂ ਕੁੱਟ ਖਾਣ ਲਈ ਤੇਰੇ ਕੋਲ ਚੱਲ ਕੇ ਆਇਆ ਹਾਂ ।"

ਉਸੇ ਵੇਲੇ ਸ਼ਹਿਰ ਦਾ ਫੌਜਦਾਰ ਆ ਗਿਆ ਅਤੇ ਵਿੱਚ ਪੈ ਗਿਆ। ਗੁੱਸਾ ਠੰਢਾ ਹੋ ਗਿਆ ਅਤੇ ਰਾਜਾ ਚੁੱਪ ਕਰਕੇ ਬੈਠ ਗਿਆ। ਗੁਲਾਵਾ ਵਿੱਚ ਰਾਜੇ ਦੇ ਭਰਾ ਵੱਲੋਂ ਕੀਤੀ ਗਈ ਅੰਧਾਧੁੰਦ ਗੋਲੀਬਾਰੀ ਦਾ ਕੇਸ ਵੀ ਦਬਾ ਦਿੱਤਾ ਗਿਆ ਅਤੇ ਕਿਸਾਨਾਂ ਤੇ ਰਾਜੇ ਵਿਚਕਾਰ ਝਗੜੇ ਦਾ ਸਮਝੌਤਾ ਕਰਾ ਦਿੱਤਾ ਗਿਆ।

ਮੌਨਸੂਨ ਦੀਆਂ ਤੂਫ਼ਾਨੀ ਬਰਸਾਤਾਂ ਨੇ ਗੁਲਾਵਾ ਪਿੰਡ ਦੇ ਕੇਵਲ ਉੱਚੇ ਉੱਚੇ ਖੰਡਰ ਹੀ ਬਚੇ ਰਹਿਣ ਦਿੱਤੇ ਹਨ, ਪਰ ਮੈਨੂੰ ਇਹ ਖੰਡਰ ਵੀ ਬਹੁਤ ਸੋਹਣੇ ਲੱਗੇ ਹਨ। ਅਸੀਂ ਗੁਲਾਵੇ ਨੂੰ ਵੀ ਪਿੱਛੇ ਛੱਡ ਕੇ ਆਪਣੀ ਬੈਲ-ਗੱਡੀ ਵਿੱਚ ਗੱਜਨ ਵੱਲ ਚੱਲ ਪਏ।

***********

# ਨਾ-ਫੁਰਮਾਨੀ ਦੀਆਂ ਯਾਦਾਂ

ਦਹੇਵਨ ਦੀ ਤਰ੍ਹਾਂ ਗੱਜਨ ਨੇ ਵੀ ਟੈਕਸ ਵਿਰੋਧੀ ਅੰਦੋਲਨ ਵਿੱਚ ਅਹਿਮ ਹਿੱਸਾ ਪਾਇਆ ਸੀ। ਇਸ ਪਿੰਡ ਵਿੱਚ ਹੋਈ ਮਹਾਰਾਜ ਨਾਲ ਸਬੰਧਤ ਇਕ ਘਟਨਾ ਮੇਰੀ ਯਾਦ ਵਿੱਚ ਤਾਜ਼ਾ ਸੀ ਇਸ ਕਰਕੇ ਮੈਂ ਇਸ ਪਿੰਡ ਨੂੰ ਵੇਖਣ ਲਈ ਉਤਾਵਲਾ ਸਾਂ।

ਅੰਗਰੇਜ਼ ਹੁਕਮਰਾਨਾਂ ਉੱਤੇ ਨਿਰਭਰ ਹੋਣ ਕਰਕੇ ਗੱਜਨ ਦਾ ਰਾਜਾ ਟੈਕਸ ਵਿਰੋਧੀ ਇਸ ਅੰਦੋਲਨ ਪ੍ਰਤੀ, ਸਖ਼ਤ ਵਤੀਰਾ ਅਪਣਾਉਣ ਤੇ ਮਜਬੂਰ ਸੀ। ਪੁਰਾਤਨ ਅਤੇ ਸਖ਼ਤ ਧਾਰਮਕ ਖ਼ਿਆਲਾਂ ਦਾ ਹੋਣ ਕਰਕੇ ਉਸ ਨੇ ਆਪਣੇ ਮਹੱਲ ਦੀ ਗਰਾਉਂਡ ਵਿੱਚ ਹੀ ਇਕ ਮੰਦਰ ਬਣਵਾਇਆ ਹੋਇਆ ਸੀ। ਉਹ ਗਾਂਧੀ ਜੀ ਦੇ ਆਦਮੀਆਂ ਨੂੰ ਮਨੋਂ ਹੀ ਨਫ਼ਰਤ ਕਰਦਾ ਸੀ ਜਿਹੜੇ ਛੂਤ-ਛਾਤ ਨੂੰ ਖ਼ਤਮ ਕਰਨ ਦੇ ਅੰਦੋਲਨ ਵਿੱਚ ਸਰਗਰਮ ਸਨ। ਇਕ ਸ਼ਾਮੀਂ ਮਹਾਰਾਜ ਪਿੰਡ ਵਿੱਚ ਆਏ। ਉਨ੍ਹਾਂ ਦੇ ਆਉਣ ਦੀ ਅਗੇਤੀ ਸੂਚਨਾ ਮਿਲ ਜਾਣ ਕਰਕੇ ਉਸ ਨੇ ਸਾਰੇ ਲੋਕਾਂ ਨੂੰ ਧਮਕੀ ਦਿੱਤੀ ਕਿ ਕੋਈ ਵੀ ਉਨ੍ਹਾਂ ਨੂੰ ਮਿਲਣ ਦਾ ਹੀਆ ਨਾ ਕਰੇ। ਤੱਟਵਰਤੀ ਪਿੰਡਾਂ ਦੇ ਲੋਕਾਂ ਨਾਲ ਮਹਾਰਾਜ ਦਾ ਇਹ ਪਹਿਲਾ ਸੰਪਰਕ ਸੀ। ਇਲਾਕੇ ਵਿੱਚ ਬਹੁਤ ਘੱਟ ਲੋਕ ਉਨ੍ਹਾਂ ਨੂੰ ਜਾਣਦੇ ਸਨ। ਮਹਾਰਾਜ ਸਿੱਧੇ ਮਹੱਲ ਨੂੰ ਆਏ। ਦੀਵਾਨਖਾਨੇ ਵਿੱਚ ਪਹੁੰਚ ਕੇ ਉਨ੍ਹਾਂ ਨੇ ਹੱਥ ਜੋੜ ਕੇ ਬੈਠੇ ਮੋਢੀ ਰਾਜੇ ਦਾ ਸਤਿਕਾਰ ਕੀਤਾ ਜਿਸ ਨੇ ਉਨ੍ਹਾਂ ਨੂੰ ਗੌਲਿਆ ਤੱਕ ਨਾ। ਮਹਾਰਾਜ ਫ਼ਰਸ਼ ਉੱਤੇ ਬੈਠ ਕੇ ਬੜੇ ਆਰਾਮ ਨਾਲ ਉਡੀਕਣ ਲੱਗ ਪਏ। ਕੁਝ ਮਿੰਟਾਂ ਬਾਅਦ ਇਕ ਪੁਲਿਸ ਅਫ਼ਸਰ ਆਇਆ ਤੇ ਮਹਾਰਾਜ ਨੇ ਉਸ ਨੂੰ ਕਢਾਈ ਵਾਲਾ ਗੱਦਾ ਬੈਠਣ ਲਈ ਦਿੱਤਾ।

“ਤੁਸੀਂ ਕੀ ਚਾਹੁੰਦੇ ਹੋ?” ਆਖ਼ਰ ਰਾਜੇ ਨੇ ਬੜੇ ਰੁੱਖੇ ਜਿਹੇ ਲਹਿਜੇ ਵਿੱਚ ਮਹਾਰਾਜ ਨੂੰ ਪੁੱਛਿਆ।

"ਮੈਂ ਤੁਹਾਡੇ ਲੋਕਾਂ ਨੂੰ ਇਹ ਦੱਸਣ ਆਇਆ ਹਾਂ ਕਿ ਇਹ ਟੈਕਸ ਅਦਾ ਨਾ ਕਰਨ” ਬ੍ਰਾਹਮਣ ਨੇ ਸਾਫ਼ ਸਾਫ਼ ਕਿਹਾ ਅਤੇ ਇਹ ਕਿਹਾ, “ਮੈਂ ਤੁਹਾਨੂੰ ਵੀ ਬੇਨਤੀ ਕਰਨ ਆਇਆ ਹਾਂ ਤੁਸੀਂ ਵੀ ਉਨ੍ਹਾਂ ਨੂੰ ਕਹੋ ਕਿ ਟੈਕਸ ਅਦਾ ਨਾ ਕਰਨ।”

ਗੁੱਸੇ ਵਿੱਚ ਆਏ ਰਾਜੇ ਨੇ ਕਿਹਾ, “ਤੂੰ ਇੱਥੋਂ ਰਲਿਆ ਜਾ ਅਤੇ ਫਿਰ ਕਦੇ ਇਸ ਪਿੰਡ ਸ਼ਕਲ ਨਾ ਵਿਖਾਵੀਂ।"

"ਮੈਂ ਇਸ ਪਿੰਡ ਵਿੱਚ ਕਿਉਂ ਨਾ ਆਵਾਂ?”

“ਕਾਹਦੇ ਲਈ ਆਵੇਂ। ਤੁਸੀਂ ਲੋਕ ਕਿਸੇ ਵੀ ਸਮਾਜਕ ਮਰਯਾਦਾ ਦਾ ਪਾਲਣ ਨਹੀਂ ਕਰਦੇ ਅਤੇ ਅਛੂਤਾਂ ਨਾਲ ਮਿਲਦੇ ਫਿਰਦੇ ਹੋ।” ਰਾਜੇ ਨੇ ਧਰਮ ਦੀ ਬਿਨਾ ਤੇ ਮਹਾਰਾਜ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ।

ਜਦੋਂ ਉਹ ਹੋਰ ਨਾ ਸਹਿ ਸਕਿਆ ਤਾਂ ਮਹਾਰਾਜ ਨੇ ਕਿਹਾ, "ਠਾਕੁਰ ਸਾਹਿਬ! ਤੁਸੀਂ ਕਿਸ ਨੂੰ ਧਰਮ ਸਿਖਾ ਰਹੇ ਹੋ ? ਕੀ ਤੁਸੀਂ ਜਾਣਦੇ ਹੋ ਕਿ ਜੋ ਕੁਝ ਅਸੀਂ ਬ੍ਰਾਹਮਣ ਤੁਹਾਨੂੰ ਸਦੀਆਂ ਤੋਂ ਸਿਖਾਉਂਦੇ ਚਲੇ ਆ ਰਹੇ ਹਾਂ ਤੁਸੀਂ ਉਸੇ ਦੀ ਤੋਤੇ ਦੀ ਤਰ੍ਹਾਂ ਰਟ ਲਾ ਰਹੇ ਹੋ ? ਇਹ ਸਾਡਾ ਕੰਮ ਹੈ ਤੁਹਾਨੂੰ ਦੱਸੀਏ ਕਿਹੜੀ ਚੀਜ਼ ਠੀਕ ਹੈ ਕਿਹੜੀ ਗਲਤ।”

"ਅਸੀਂ ਕਸ਼ੱਤਰੀ ਹਾਂ" ਰਾਜੇ ਨੇ ਮਾਣ ਨਾਲ ਕਿਹਾ।

“ਜਦੋਂ ਬਾਬਰਦੇਵਾ ਨੇ ਦਿਨ ਦਿਹਾੜੇ ਤੁਹਾਡੇ ਮਹੱਲ ਦੇ ਸਾਹਮਣੇ ਉਹ ਦੁਕਾਨ ਤੋੜੀ ਸੀ, ਉਸ ਵੇਲੇ ਤੁਹਾਡਾ ਕਸ਼ੱਤਰੀ ਧਰਮ ਕਿੱਥੇ ਗਿਆ ਸੀ?” ਮਹਾਰਾਜ ਨੇ ਆਪਣੀ ਬਾਂਹ ਖਿੜਕੀ ਵੱਲ ਉਲਾਰਦੇ ਹੋਏ ਕਿਹਾ।

"ਤੂੰ ਜਾ ਸਕਦਾ ਹੈਂ?"

ਮਹਾਰਾਜ ਮਹੱਲ ਵਿੱਚੋਂ ਬਾਹਰ ਆ ਗਏ। ਪਿੰਡ ਤੋਂ ਬਾਹਰ ਇਕ ਧਰਮਸ਼ਾਲਾ ਸੀ। ਉਹ ਉੱਥੇ ਚਲੇ ਗਏ ਅਤੇ ਉਸ ਉੱਜੜੀ ਹੋਈ ਥਾਂ ਤੇ ਬੈਠ ਗਏ। ਇਹ ਆਸ ਕਰਨੀ ਕਿ ਕੋਈ ਆਦਮੀ ਉਸ ਰਾਤ ਉਨ੍ਹਾਂ ਨੂੰ ਮਿਲਣ ਆਵੇਗਾ ਫਜ਼ੂਲ ਸੀ। ਪਰ ਉਹ ਗਲਤੀ ਤੇ ਸੀ। ਹਨੇਰੇ ਵਿੱਚੋਂ ਇਕ ਆਦਮੀ ਉਗਮਿਆਂ।

"ਤੁਸੀਂ ਕਿੱਥੋਂ ਆਏ ਹੋ ਅਤੇ ਕਲ-ਮੁਕੱਲੇ ਕਿਉਂ ਬੈਠੇ ਹੋ ?" ਉਸ ਆਦਮੀ ਨੇ ਪੁੱਛਿਆ। ਮਹਾਰਾਜ ਨੇ ਸਵਾਲ ਦਾ ਜਵਾਬ ਸਵਾਲ ਵਿੱਚ ਦਿੱਤਾ, "ਤੁਸੀਂ ਇੱਥੇ ਕੀ ਕਰਨ ਆਏ ਹੋ। ਕਿਰਪਾ ਕਰਕੇ ਚਲੇ ਜਾਉ ਨਹੀਂ ਤਾਂ ਰਾਜਾ ਤੁਹਾਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਦੇਵੇਗਾ।"

ਉਸ ਆਦਮੀ ਨੇ ਜੋਸ਼ ਨਾਲ ਕਿਹਾ, "ਮੈਂ ਇਕ ਕਸ਼ੱਤਰੀ ਹਾਂ, ਉਨ੍ਹਾਂ ਨੂੰ ਜੋ ਮਰਜ਼ੀ ਹੈ ਮੇਰੇ ਨਾਲ ਕਰਨ ਦਿਉ। ਤੁਸੀਂ ਮੇਰੇ ਨਾਲ ਆਉ।"

"ਆਪਾਂ ਕਿੱਥੇ ਜਾਵਾਂਗੇ?"

"ਤੁਸੀਂ ਮੇਰੇ ਘਰ ਚਲੋਗੇ।"

"ਰਾਜਾ ਤੁਹਾਨੂੰ......................"

"ਰਾਜੇ ਨੂੰ ਮੈਨੂੰ ਸਵੇਰੇ ਫਾਹੇ ਲਾ ਲੈਣ ਦਿਉ। ਇਸ ਵੇਲੇ ਮੈਂ ਇਕ ਬ੍ਰਾਹਮਣ ਨੂੰ ਇਸ ਥਾਂ ਤੇ ਆਪਣੇ ਪਿੰਡ ਤੋਂ ਬਾਹਰ ਭੁੱਖਿਆਂ ਨਹੀਂ ਰਹਿਣ ਦਿਆਂਗਾ।"

ਉਸ ਆਦਮੀ ਦੀ ਸੁਹਿਰਦਤਾ ਬਾਰੇ ਯਕੀਨ ਹੋ ਜਾਣ ਤੋਂ ਬਾਅਦ ਮਹਾਰਾਜ ਨੇ ਉਸ ਦਾ ਨਿਮੰਤ੍ਰਣ ਪਰਵਾਨ ਕਰ ਲਿਆ ਅਤੇ ਉਸ ਦੇ ਨਾਲ ਪਿੰਡ ਵਿੱਚ ਆ ਗਏ। ਘਰ ਪਹੁੰਚ ਕੇ ਗ੍ਰਾਸੀਏ ਨੇ ਕਿਹਾ, "ਕਿਰਪਾ ਕਰਕੇ ਭੋਜਨ ਤਿਆਰ ਕਰੋ।"

"ਨਹੀਂ, ਮੈਂ ਦਿਨ ਵਿੱਚ ਇਕ ਡੰਗ ਹੀ ਖਾਂਦਾ ਹਾਂ।"

"ਮੇਰੇ ਘਰ ਵਿੱਚ ਇਹ ਨਹੀਂ ਚੱਲੇਗਾ। ਤੁਹਾਨੂੰ ਖਾਣਾ ਹੀ ਪਵੇਗਾ ।" ਕੁਝ ਮਿੰਟ ਹਿਸ ਕਰਨ ਪਿੱਛੋਂ ਮਹਾਰਾਜ ਨੂੰ ਜ਼ਿੱਦ ਛੱਡਣੀ ਪਈ ਅਤੇ ਉਨ੍ਹਾਂ ਨੂੰ ਘਿਉ ਸ਼ੱਕਰ ਵਿੱਚ ਨਿਆਂ ਥੋੜ੍ਹਾ ਜਿਹਾ ਆਟਾ ਛਕਣਾ ਹੀ ਪਿਆ।

ਖਾਣਾ ਛਕ ਲੈਣ ਤੋਂ ਬਾਅਦ, ਮਹਾਰਾਜ ਨੇ ਗ੍ਰਾਸੀਏ ਨੂੰ ਕਿਹਾ, "ਮੈਂ ਲੋਕਾਂ ਨਾਲ ਗੱਲਬਾਤ ਕਰਨੀ ਚਾਹੁੰਦਾ ਹਾਂ। ਕੀ ਅਸੀਂ ਇਕੱਠ ਨਹੀਂ ਬੁਲਾ ਸਕਦੇ ?"

"ਕਿਉਂ ਨਹੀਂ। ਜ਼ਰੂਰ ਬੁਲਾ ਸਕਦੇ ਹਾਂ। ਮੈਂ ਜਾ ਕੇ ਉਨ੍ਹਾਂ ਨੂੰ ਕਹਿ ਦੇਂਦਾ ਹਾਂ ।"

"ਉਹ ਕਿੱਥੇ ਆਉਣ?"

"ਮੇਰਾ ਖਿਆਲ ਹੈ ਉਸ ਮੰਦਰ ਵਿੱਚ"

"ਜਿਹੜਾ ਮਹੱਲ ਦੇ ਬਿਲਕੁਲ ਅੱਗੇ ਹੈ। ਉਥੇ ਲੋਕ ਰਾਜੇ ਤੋਂ ਖੌਫ਼ ਖਾਣਗੇ। ਇਕੱਠ ਲਾਉਣ ਲਈ ਹੋਰ ਕੋਈ ਥਾਂ ਨਹੀਂ। ਉਥੇ ਰਾਜਾ ਵੀ ਤੁਹਾਡੇ ਵਿਚਾਰ ਸੁਣ ਲਵੇਗਾ।" ਜਲਦੀ ਮੰਦਰ ਦੇ ਬਾਹਰ ਖੁੱਲ੍ਹੀ ਥਾਂ ਲੋਕਾਂ ਨਾਲ ਭਰ ਗਈ।

ਮਹਾਰਾਜ ਨੇ ਉਨ੍ਹਾਂ ਨੂੰ ਸਮਝਾਇਆ ਕਿ ਉਨ੍ਹਾਂ ਨੂੰ ਟੈਕਸ ਨਹੀਂ ਭਰਨਾ ਚਾਹੀਦਾ। ਅਗਲੇ ਦਿਨ ਮਹਾਰਾਜ ਦੇ ਚਲੇ ਜਾਣ ਪਿੱਛੋਂ ਰਾਜੇ ਨੇ ਗ੍ਰਾਸੀਏ ਨੂੰ ਬੁਲਾਇਆ।

" ਤੂੰ ਬ੍ਰਾਹਮਣ ਨੂੰ ਤਕਰੀਰ ਕਰਨ ਵਿੱਚ ਮਦਦ ਕਿਉਂ ਦਿੱਤੀ?" ਰਾਜੇ ਨੇ ਗ੍ਰਾਸੀਏ ਧਮਕਾਉਂਦੇ ਹੋਏ ਕਿਹਾ।

"ਜਿਹੜੇ ਉਸ ਨੂੰ ਸੁਣਨਾ ਚਾਹੁੰਦੇ ਸਨ, ਉਹ ਆਪਣੀ ਮਰਜ਼ੀ ਨਾਲ ਆਏ ਸਨ।" ਨਿਡਰ ਗ੍ਰਾਸੀਏ ਨੇ ਜਵਾਬ ਦਿੱਤਾ, "ਅਸੀਂ ਉਨ੍ਹਾਂ ਨੂੰ ਘਰੋਂ ਘਸੀਟ ਕੇ ਨਹੀਂ ਸੀ ਲਿਆਏ ਅਤੇ ਉਸ ਦੀ ਤਕਰੀਰ ਕਿਸ ਨੇ ਨਹੀਂ ਸੁਣੀ? ਕੁਝ ਲੋਕਾਂ ਨੇ ਉਸ ਦੀ

ਤਕਰੀਰ ਬਾਹਰ ਆ ਕੇ ਸੁਣੀ ਅਤੇ ਕੁਝ ਨੇ ਅੰਦਰ ਵੜ ਕੇ ਕੰਨ ਇੱਧਰ ਲਾਕੇ ਉਸ ਦੀਆਂ ਗੱਲਾਂ ਸੁਣੀਆਂ ।"

ਕੁਝ ਦਿਨ ਮਗਰੋਂ ਕਿਸੇ ਹੋਰ ਗੱਲ ਦੇ ਬਹਾਨੇ ਉਸ ਗ੍ਰਾਸੀਏ ਨੂੰ ਤੰਗ ਕੀਤਾ ਗਿਆ। ਇਸ ਤਰ੍ਹਾਂ ਗੱਜਨ ਦੇ ਇਤਿਹਾਸਕ ਰੋਲ ਦੀ ਤਾਜ਼ਾ ਯਾਦ ਮਨ ਵਿੱਚ ਲੈ ਕੇ ਅਸੀਂ ਪਿੰਡ ਵਿੱਚ ਦਾਖ਼ਲ ਹੋਏ। ਰਾਜਾ ਸੁਰਗਵਾਸ ਹੋ ਚੁੱਕਿਆ ਸੀ। ਉਸ ਦਾ ਪੁੱਤਰ ਮਿਹਰਮਾਨ ਸਿੰਘ ਜੀ ਮੈਹਦਾ, ਰਾਜਗੱਦੀ ਤੇ ਬੈਠਿਆ ਸੀ। ਸਾਡੇ ਜਾਣ ਤੋਂ ਇਕ ਦਿਨ ਪਹਿਲਾਂ ਅੰਗਰੇਜ਼ ਸਰਕਾਰ ਵੱਲੋਂ ਉਸ ਨੂੰ ਆਨਰੇਰੀ ਮੈਜਿਸਟ੍ਰੇਟ ਬਣਾਇਆ ਗਿਆ ਸੀ। ਮਹਾਰਾਜ ਮੈਨੂੰ ਉਸ ਨਾਲ ਮਿਲਾਉਣ ਲਈ ਮਹੱਲ ਵਿੱਚ ਲੈ ਗਏ। ਉਸ ਨੇ ਸਾਡਾ ਸੁਆਗਤ ਕੀਤਾ ਅਤੇ ਹਾਰਾਜ ਦਾ ਬਹੁਤ ਸਤਿਕਾਰ ਕੀਤਾ। ਮਹਾਰਾਜ ਦੀਆਂ ਅੱਖਾਂ ਦੀਵਾਰ ਉੱਤੇ ਘੁੰਮਦੀਆਂ ਮਦੀਆਂ ਇਕ ਤਸਵੀਰ ਉੱਤੇ ਟਿਕ ਗਈਆਂ। ਇਹ ਸੁਰਗਵਾਸੀ ਰਾਜੇ ਦੀ ਤਸਵੀਰ ਸੀ। ਮਹਾਰਾਜ ਨੇ ਉਸ ਘਟਨਾ ਦਾ ਸਹਿਜ ਰੂਪ ਵਿੱਚ ਜ਼ਿਕਰ ਕੀਤਾ ਜਦੋਂ ਸਾਬਕਾ ਰਾਜੇ ਨੇ ਉਸ ਨਾਲ ਚੰਗਾ ਵਿਹਾਰ ਨਹੀਂ ਸੀ ਕੀਤਾ।

ਮਿਹਰਮਾਨ ਸਿੰਘ ਜੀ ਦੇ ਚਿਹਰੇ ਉੱਤੇ ਥੋੜ੍ਹੀ ਜਿਹੀ ਪਿਲੱਤਣ ਛਾ ਗਈ ਪਰ ਉਨ੍ਹਾਂ ਨੇ ਬੜੇ ਮਿੱਠੇ ਜਿਹੇ ਲਹਿਜੇ ਵਿੱਚ ਕਿਹਾ, "ਉਦੋਂ ਮੈਂ ਸਰਕਾਰ ਦੇ ਮਾਲ ਵਿਭਾਗ ਵਿੱਚ ਕੰਮ ਕਰਦਾ ਸਾਂ ।" ਮੈਨੂੰ ਪਤਾ ਲੱਗਾ ਕਿ ਜਿਸ ਗ੍ਰਾਸੀਆ ਕਿਸਾਨ ਨੇ ਮਹਾਰਾਜ ਨੂੰ ਆਪਣੇ ਘਰ ਠਹਿਰਾਇਆ ਸੀ ਉਹ ਸੁਰਗਵਾਸੀ ਰਾਜੇ ਦਾ ਇਕ ਰਿਸ਼ਤੇਦਾਰ ਸੀ। ਮੈਂ ਉਸ ਨੂੰ ਨਾ ਮਿਲ ਸਕਿਆ। ਜਦੋਂ ਅਸੀਂ ਉਥੋਂ ਚਲ ਪਏ ਤਾਂ ਆਪਣੇ ਦਿਲ ਵਿੱਚ ਟੈਕਸ ਨਾ ਅਦਾ ਕਰਨ ਦੇ ਇਸ ਸ਼ਾਨਦਾਰ ਕਾਂਡ ਨੂੰ ਮੈਂ ਚਿਤਾਰ ਰਿਹਾ ਸਾਂ ਜੋ ਉਸ ਵੇਲੇ ਦੇ ਲੋਕਾਂ ਦੇ ਜਜ਼ਬੇ ਤੇ ਹਿੰਮਤ ਦਾ ਪ੍ਰਤੀਕ ਸੀ। ਕੁਝ ਹਸੌਣੀਆਂ ਘਟਨਾਵਾਂ ਵੀ ਮੇਰੀ ਯਾਦ ਵਿੱਚ ਤੈਰ ਰਹੀਆਂ ਸਨ।

ਕਠਾਣਾ ਵਿੱਚ ਇੱਛਾ-ਬਾ ਦਾ ਮਕਾਨ ਉਨ੍ਹਾਂ ਦਿਨਾਂ ਵਿੱਚ ਮਹਾਰਾਜ ਦੀ ਪੱਕੀ ਰਿਹਾਇਸ਼ਗਾਹ ਬਣ ਗਿਆ ਸੀ। ਮਹਾਰਾਜ ਦਾ ਇਕ ਸਾਥੀ ਗਣਪਤੀਸ਼ੰਕਰ ਨਾਂ ਦਾ

ਆਦਮੀ ਹੋਇਆ ਕਰਦਾ ਸੀ, ਜਿਸ ਨੂੰ ਉਸ ਦਾ ਨਾਂ ਲੈ ਕੇ ਨਹੀਂ ਸੀ ਪੁਕਾਰਿਆ ਜਾਂਦਾ ਉਸ ਨੂੰ ਆਮ ਤੌਰ ਤੇ ਪਿਆਰ ਨਾਲ 'ਗੰਜਾ ਮਹਾਰਾਜ' ਕਿਹਾ ਜਾਂਦਾ ਸੀ। ਖਾਣੇ ਦੇ ਸਮੇਂ ਉਹ ਕਿਸੇ ਘਰ ਦੇ ਬਾਹਰ ਜਾ ਖੜੋਂਦਾ। ਉਹ ਕਦੇ ਭੋਜਨ ਨਾ ਮੰਗਦਾ। ਉਹ ਉਸੇ ਤੇ ਹੀ ਗੁਜ਼ਾਰਾ ਕਰ ਲੈਂਦਾ ਜੋ ਉਸ ਨੂੰ ਬਿਨਾਂ ਮੰਗੇ ਲੋਕ ਦੇ ਦਿੰਦੇ।

ਇਕ ਰਾਤ ਮਹਾਰਾਜ ਨੂੰ ਜਗਾਇਆ ਗਿਆ।

“ਕੀ ਗੱਲ ਹੈ ?” ਮਹਾਰਾਜ ਨੇ ਪੁੱਛਿਆ।

“ਬੋਰਸਦ ਤੋਂ ਕੋਈ ਸੁਨੇਹਾ ਲੈ ਕੇ ਆਇਆ ਹੈ ।”

"ਕੀ ਸੁਨੇਹਾ?"

“ਬੁਰੀ ਖ਼ਬਰ ਹੈ। ਪਲੇਜ ਵਿੱਚ ਕੁਲੈਕਟਰ ਉਨ੍ਹਾਂ ਲੋਕਾਂ ਦੀ ਜਾਇਦਾਦ ਜ਼ਬਤ ਕਰਨ ਆਇਆ ਹੈ, ਜਿਨ੍ਹਾਂ ਟੈਕਸ ਦੇਣ ਤੋਂ ਨਾਂਹ ਕੀਤੀ ਹੈ। ਪਹਿਲਾ ਹਮਲਾ ਚੰਪੋਲ ਜਾਂ ਬਾਦਲਪੁਰ ਦੋਨਾਂ ਵਿੱਚੋਂ ਇਕ ਤੇ ਕੀਤਾ ਜਾਵੇਗਾ ।”

ਰਾਤ ਦੇ ਬਾਰਾਂ ਵਜੇ, ਮਹਾਰਾਜ ਨੇ ਆਪਣੇ ਗੰਜੇ ਸਾਥੀ ਨੂੰ ਕਿਹਾ, “ਲੋਕਾਂ ਨੂੰ ਇਕੱਠੇ ਕਰੋ ।” ਉਹ ਵਿਚਾਰਾ ਘਰੋ ਘਰ ਅਤੇ ਖੇਤੋ-ਖੇਤ ਜਾ ਕੇ ਲੋਕਾਂ ਨੂੰ ਜਗਾਉਂਦਾ ਰਿਹਾ। ਛੇਤੀ ਹੀ ਉਹ ਪਿੰਡ ਦੇ ਦਾਰੇ ਵਿੱਚ ਇਕੱਠੇ ਹੋ ਗਏ।

ਉਨ੍ਹਾਂ ਨੇ ਪੁੱਛਿਆ, “ਹੁਣ ਕੀ ਹੋਇਆ ਹੈ ?”

"ਮੇਰੀ ਇੱਜ਼ਤ ਖਤਰੇ ਵਿੱਚ ਹੈ”, ਮਹਾਰਾਜ ਨੇ ਕਿਹਾ, "ਦਹੇਵਨ ਦੇ ਰਾਜੇ ਨੇ ਕੁਲੈਕਟਰ ਨੂੰ ਪਲੇਜ ਲੈ ਆਂਦਾ ਹੈ ।

"ਤੁਸੀਂ ਸਾਥੋਂ ਕੀ ਕਰਾਉਣਾ ਚਾਹੁੰਦੇ ਹੋ?”

"ਮੈਨੂੰ ਬਾਈ ਪਿੰਡ ਦਿੱਤੇ ਗਏ ਹਨ ਅਤੇ ਮੇਰੇ ਕੋਲ ਇਕ ਵੀ ਵਾਲੰਟੀਅਰ ਨਹੀਂ।" ਪਿੰਡ ਵਾਲਿਆਂ ਨੇ ਇਹ ਸ਼ਬਦ ਪਹਿਲਾਂ ਕਦੇ ਨਹੀਂ ਸੀ ਸੁਣਿਆਂ। ਉਨ੍ਹਾਂ ਪੁੱਛਿਆ, ਵਾਲੰਟੀਅਰ ਕੀ ਹੁੰਦਾ ਹੈ?"

"ਮੇਰੀ ਮਦਦ ਕਰਨ ਵਾਲਾ ਕੋਈ ਨਹੀਂ ।"

"ਪਰ ਤੁਸੀਂ ਸਾਥੋਂ ਕਰਾਉਣਾ ਕੀ ਹੈ?" ਉਨ੍ਹਾਂ ਨੇ ਬੜੇ ਠਰ੍ਹੰਮੇ ਨਾਲ ਪੁੱਛਿਆ।

"ਮੈਂ ਪਿੰਡ ਦੇ ਸਾਰੇ ਲੋਕਾਂ ਨੂੰ ਇਹ ਕਹਿਲਵਾ ਭੇਜਣਾ ਚਾਹੁੰਦਾ ਹਾਂ ਕਿ ਉਹ ਸ਼ਾਸਨ ਨੂੰ ਜਾਇਦਾਦ ਜ਼ਬਤ ਕਰਨ ਦਾ ਮੌਕਾ ਨਾ ਦੇਣ ।"

"ਇਸ ਕੰਮ ਲਈ ਤੁਹਾਨੂੰ ਵਾਲੰਟੀਅਰਾਂ ਦੀ ਕੀ ਲੋੜ ਹੈ? ਅਸੀਂ ਆਪਣੇ ਘਰਾਂ ਤੇ ਤਾਲੇ ਲਾ ਦਿਆਂਗੇ ਅਤੇ ਸਵੇਰ ਨੂੰ ਹੀ ਸਾਰੇ ਜੰਗਲ ਵੱਲ ਚਲ ਦਿਆਂਗੇ ।"

"ਡੰਗਰ - ਵੱਛੇ ਦਾ ਕੀ ਬਣੂੰ ?"

ਇਕ ਵਾਰੀ ਜਦੋਂ ਉਹ ਖੁੱਲ੍ਹ ਜਾਣਗੇ ਤਾਂ ਉਹ ਪਕੜੇ ਨਹੀਂ ਜਾ ਸਕਣਗੇ ਅਤੇ ਮਹਾਰਾਜ ਅਸੀਂ ਸਾਰੇ ਪਿੰਡ ਖਾਲੀ ਕਰਦੇ ਰਹੇ ਹਾਂ ਮਾਨੋਂ ਸਾਰੀਆਂ ਚੀਜ਼ਾਂ ਹਵਾ ਵਿੱਚ ਲੋਪ ਕਰਦੇ ਰਹੇ ਹਾਂ ।" ਇਕ ਆਦਮੀ ਨੇ ਬੜੇ ਠੰਢੇ ਦਿਲ ਨਾਲ ਕਿਹਾ, "ਇਕ ਨਿਮਾਣੀ ਸਿਲਵੱਟੀ ਨੂੰ ਲੁਕਾਉਣਾ ਕੀ ਮੁਸ਼ਕਲ ਹੈ ?"

ਹਰੇਕ ਨੇ ਇਕ ਦੂਜੇ ਨੂੰ ਸ਼ਾਬਾਸ਼ ਦਿੰਦਿਆਂ ਕਿਹਾ, "ਮਹਾਰਾਜ ਦੀ ਇੱਜ਼ਤ ਦਾ ਸਵਾਲ ਹੈ। ਉਸ ਨੂੰ ਨੀਵਾਂ ਨਹੀਂ ਹੋਣ ਦੇਣਾ ।"

ਉਨ੍ਹਾਂ ਨੇ ਉਹੀ ਕੁਝ ਕੀਤਾ ਜਿਸ ਦਾ ਉਨ੍ਹਾਂ ਬਚਨ ਦਿੱਤਾ ਸੀ। ਇਨ੍ਹਾਂ ਸਾਦੇ ਲੋਕਾਂ ਨੂੰ ਇਹ ਗੱਲ ਪੁੜ ਗਈ ਸੀ ਕਿ ਜੇ ਉਨ੍ਹਾਂ ਟੈਕਸ ਭਰ ਦਿੱਤਾ ਤਾਂ ਇਹ ਸਮਝਿਆ ਜਾਵੇਗਾ ਕਿ ਉਹ ਡਾਕੂਆਂ ਨਾਲ ਆਪਣੀ ਮਿਲੀਭੁਗਤ ਨੂੰ ਮੰਨਦੇ ਹਨ ਅਤੇ ਕੀਤੇ ਜੁਰਮ ਦੀ ਸਜ਼ਾ ਭੁਗਤ ਰਹੇ ਹਨ। ਜਾਇਦਾਦ ਦੀ ਜ਼ਬਤੀ ਮਾਲਕ ਦੀ ਗੈਰ ਹਾਜ਼ਰੀ

ਵਿੱਚ ਨਹੀਂ ਹੋ ਸਕਦੀ। ਸਰਕਾਰੀ ਕਰਿੰਦੇ ਖਾਲੀ ਹੱਥ ਮੁੜ ਗਏ। ਡੇਢ ਮਹੀਨੇ ਤੱਕ ਅੰਦੋਲਨ ਜਾਰੀ ਰਿਹਾ। ਅਖੀਰ ਟੈਕਸ ਦਾ ਹੁਕਮ ਵਾਪਸ ਲੈ ਲਿਆ ਗਿਆ ਅਤੇ ਜ਼ਬਤ ਕੀਤੀ ਜਾਇਦਾਦ ਵਾਪਸ ਕਰ ਦਿੱਤੀ ਗਈ।

ਇੱਕ ਸਰਕਾਰੀ ਕਰਮਚਾਰੀ ਨੇ ਇਕ ਪੱਤੀਦਾਰ ਨੂੰ ਕਿਹਾ, "ਉਏ ਭਾਈ ! ਐਧਰ ਆ ਤੇ ਆਪਣੀ ਸਿਲਵੱਟੀ ਵਾਪਸ ਲੈ ਜਾ ।"

ਪੱਤੀਦਾਰ ਨੇ ਮਜ਼ਾਕ ਨਾਲ ਆਖਿਆ, "ਮੈਂ ਤਾਂ ਇਸ ਕਰਕੇ ਦਿੱਤੀ ਸੀ ਕਿ ਸਰਕਾਰ ਇਸ ਤੇ ਦਾਣੇ ਪੀਹ ਲਵੇ ।"

"ਪਰ ਇਸ ਨੂੰ ਵਾਪਸ ਕਰਨ ਦੇ ਹੁਕਮ ਹਨ ।"

"ਜੇ ਤੁਸੀਂ ਵਾਪਸ ਕਰਨਾ ਚਾਹੁੰਦੇ ਹੋ ਤਾਂ ਮੇਰੇ ਘਰ ਲੈ ਕੇ ਆਓ ।"

ਸਿਲਵੱਟੀ ਉਸਦੇ ਘਰ ਲਿਆਂਦੀ ਗਈ ਪਰ ਪੱਤੀਦਾਰ ਅਜੇ ਵੀ ਸੰਤੁਸ਼ਟ ਨਹੀਂ ਸੀ।

"ਜੇ ਤੁਸੀਂ ਇਸ ਨੂੰ ਵਾਪਸ ਕਰਨਾ ਚਾਹੁੰਦੇ ਹੋ ਤਾਂ ਇਸ ਨੂੰ ਠੀਕ ਤਰੀਕੇ ਨਾਲ ਰੱਖੋ ਨਹੀਂ ਤਾਂ ਵਾਪਸ ਲੈ ਜਾਓ ।" ਉਸ ਨੇ ਕਿਹਾ ।

ਪ੍ਰੇਸ਼ਾਨ ਹੋਏ ਮਨੁੱਖ ਨੇ ਕਿਹਾ, "ਠੀਕ ਤਰੀਕੇ ਨਾਲ ਰੱਖਣ ਦਾ ਕੀ ਮਤਲਬ ਹੈ ?"

"ਇਸ ਨੂੰ ਉਸੇ ਥਾਂ ਰੱਖੋ ਜਿਥੋਂ ਇਹ ਚੁੱਕੀ ਸੀ। ਇਸ ਦੇ ਨਾਲ ਦਾ ਸਾਰਾ ਸਮਾਨ ਵੀ ਉਸੇ ਥਾਂ ਰੱਖੋ ਜਿੱਥੇ ਇਹ ਪਹਿਲਾਂ ਪਿਆ ਸੀ ।"

ਜਦ ਤੱਕ ਉਸ ਦੀ ਪੂਰੀ ਤਸੱਲੀ ਨਾ ਹੋ ਗਈ ਪੱਤੀਦਾਰ ਚੁੱਪ ਨਾ ਹੋਇਆ।

***********

# ਗੂੜ੍ਹਾ ਪਿਆਰ

ਟੈਕਸ ਉਠਾ ਲਿਆ ਗਿਆ ਸੀ। ਮਹਾਰਾਜ ਨੇ ਆਪਣਾ ਡੋਲਾ ਚੁੱਕਿਆ ਅਤੇ ਕਾਲੂ ਪਿੰਡ ਦੇ ਲੋਕਾਂ ਨੂੰ ਅਲਵਿਦਾ ਕਹੀ।

"ਅੱਛਾ! ਭਾਈ। ਇਨ੍ਹਾਂ ਹੀ ਸਾਥ ਸੀ ।"

"ਮਹਾਰਾਜ। ਕਿਉਂ?"

"ਮੈਂ ਜਾ ਰਿਹਾ ਹਾਂ ।"

"ਕਿੱਥੇ ਜਾ ਰਹੇ ਹੋ?"

"ਆਪਣੇ ਪਿੰਡ ਜਾਵਾਂਗਾ ।"

"ਅਸੀਂ ਤੁਹਾਨੂੰ ਨਹੀਂ ਜਾਣ ਦਿਆਂਗੇ ।" ਪਿੰਡ ਵਾਲਿਆਂ ਨੇ ਪਿਆਰ ਨਾਲ ਉਮਲ੍ਹਦੇ ਦਿਲ ਨਾਲ ਕਿਹਾ।

"ਮੈਂ ਇੱਥੇ ਹੋਰ ਨਹੀਂ ਠਹਿਰ ਸਕਦਾ ।"

"ਕਿਉਂ ਨਹੀਂ ਠਹਿਰ ਸਕਦੇ?"

"ਮੈਂ ਇਸ ਕਰਕੇ ਨਹੀਂ ਠਹਿਰ ਸਕਦਾ ਕਿ ਸਾਡੇ ਵਿਚਕਾਰ ਇਕ ਗੂੜ੍ਹਾ ਰਿਸ਼ਤਾ ਕਾਇਮ ਹੋ ਚੁੱਕਿਆ ਹੈ, ਨੇੜਤਾ ਦਾ ਅਟੁੱਟ ਬੰਧਨ ਕਾਇਮ ਹੋ ਗਿਆ ਹੈ। ਸਾਡੇ ਦਿਲਾਂ ਦੀਆਂ ਧੜਕਣਾਂ ਇਕ ਹੋ ਗਈਆ ਹਨ। ਮੈਂ ਤੁਹਾਡੀਆਂ ਤਕਲੀਫਾਂ ਬਰਦਾਸ਼ਤ ਨਹੀਂ ਕਰ ਸਕਦਾ ।"

"ਕਿਹੜੀਆਂ ਤੱਕਲੀਫਾਂ ਦੀ ਗੱਲ ਕਰਦੇ ਹੋ?"

"ਤੁਸੀਂ ਚੋਰੀ ਕਰਨੀ ਹੈ, ਸ਼ਰਾਬ ਪੀਣੀ ਹੈ ਅਤੇ ਖੌਰੂ ਪਾਉਣਾ ਹੈ। ਪੁਲੀਸ ਆਵੇਗੀ, ਤੁਹਾਨੂੰ ਫੜੇਗੀ, ਕੁੱਟੇਗੀ। ਮੈਂ ਇਹ ਸਭ ਕੁਝ ਨਹੀਂ ਸਹਿ ਸਕਾਂਗਾ ।"

"ਮਹਾਰਾਜ ਅਸੀਂ ਫਿਰ ਚੋਰੀ ਕਰਨੀ ਤੇ ਸ਼ਰਾਬ ਪੀਣੀ ਛੱਡ ਦਿਆਂਗੇ। ਪਰ ਤੁਸੀਂ ਨਾ ਜਾਓ, ਅਤੇ ਜਾਣ ਦਾ ਫੇਰ ਕਦੇ ਨਾਂ ਵੀ ਨਾ ਲੈਣਾ ।"

ਮਹਾਰਾਜ ਦੇ ਚਲੇ ਜਾਣ ਦੀ ਖਬਰ ਅੱਗ ਵਾਂਗ ਫੈਲ ਗਈ। ਲੋਕ ਨਾ ਤਾਂ ਇਸ ਤੇ ਵਿਸ਼ਵਾਸ ਕਰਦੇ ਅਤੇ ਨਾ ਹੀ ਇਸ ਨੂੰ ਸਹਿਨ ਕਰ ਸਕਦੇ ਸਨ। ਬੜਾ ਵੱਡਾ ਹਜੂਮ ਇਕੱਠਾ ਹੋ ਗਿਆ ਅਤੇ ਸਾਰੇ ਇਕੋ ਇਕ ਵਾਕ ਦੁਹਰਾ ਰਹੇ ਸਨ, ਅਸੀਂ ਤੁਹਾਨੂੰ ਨਹੀਂ ਜਾਣ ਦਿਆਂਗੇ; ਅਸੀਂ ਚੋਰੀ ਨਹੀਂ ਕਰਾਂਗੇ। ਸ਼ਰਾਬ ਨਹੀਂ ਪੀਆਂਗੇ, ਪਰ ਛੋਟੇ ਗਾਂਧੀ ਜੀ, ਤੁਸੀਂ ਇੱਥੋਂ ਨਾ ਜਾਓ ।"

ਸ਼ਰਾਬ ਨਾ ਪੀਣ ਤੇ ਚੋਰੀ ਨਾ ਕਰਨ ਤੇ ਸਾਂਝਾ ਪ੍ਰਣ ਕਰਨ ਲਈ ਮਿਤੀ ਨਿਸ਼ਚਿਤ ਕੀਤੀ ਗਈ। ਉਸ ਦਿਨ ਲੋਕ ਇਕੱਠੇ ਹੋਏ ਅਤੇ ਨਿਯਮ ਬਣਾਏ ਗਏ; ਕੋਈ ਵੀ ਚੋਰੀ ਨਹੀਂ ਕਰੇਗਾ; ਜੇ ਕੋਈ ਚੋਰੀ ਹੋ ਗਏ ਤੇ ਪੀੜਤ ਵਿਅਕਤੀ ਪੁਲਿਸ ਕੋਲ ਉਸ ਦੀ ਸ਼ਿਕਾਇਤ ਨਹੀਂ ਕਰੇਗਾ; ਮਹਾਰਾਜ ਅਤੇ ਲੋਕ ਆਪੇ ਚੋਰ ਅਤੇ ਚੋਰੀ ਦਾ ਮਾਲ ਲੱਭਣਗੇ ਜੇ ਨਾ ਲੱਭ ਸਕੇ ਤਾਂ ਜਿਸ ਪਿੰਡ ਵਿੱਚ ਚੋਰੀ ਹੋਈ ਹੈ, ਉਥੋਂ ਦੇ ਲੋਕ ਜਿੱਥੋਂ ਤੱਕ ਹੋ ਸਕੇਗਾ ਚੋਰੀ ਦਾ ਮੁਆਵਜ਼ਾ ਦੇਣਗੇ।

ਇਹ ਕਹਿਣਾ ਸੌਖਾ ਸੀ ਕਰਨ ਨਾਲੋਂ। ਇਹ ਬੜੀ ਚੰਗੀ ਗੱਲ ਸੀ ਕਿ ਸ਼ਰਾਬ ਨਹੀਂ ਪੀਵਾਂਗੇ। ਪਰ ਸਥਾਨਕ ਸ਼ਰਾਬਖਾਨੇ ਦੇ ਮਾਲਕਾਂ ਕੋਲ ਜੋ ਸਟਾਕ ਪਿਆ ਸੀ, ਉਸ ਦਾ ਕੀ ਬਣੇਗਾ ? ਉਹ ਸ਼ਰਾਬਖਾਨਾ ਬੰਦ ਕਰਨ ਲਈ ਤਿਆਰ ਸਨ ਭਾਵੇਂ ਠੇਕੇ ਦੀ ਮਿਆਦ ਅਜੇ ਖਤਮ ਨਹੀਂ ਸੀ ਹੋਈ ਪਰ ਹਾਜ਼ਰ ਸਟਾਕ ਦਾ ਕੀ ਕੀਤਾ ਜਾਵੇ ।

ਲੋਕਾਂ ਨੇ ਖੁਦ ਹੀ ਸਮਾਧਾਨ ਦੱਸਿਆ, "ਮਹਾਰਾਜ ਸਾਨੂੰ ਇਹ ਸਟਾਕ ਖਰੀਦ ਲੈਣਾ ਚਾਹੀਦਾ ਹੈ।"

"ਅਤੇ ਇਸ ਨੂੰ ਖਰੀਦ ਕੇ ਕੀ ਕਰਾਂਗੇ? ਮਹਾਰਾਜ ਨੇ ਪੁੱਛਿਆ।"

"ਇਸ ਦਾ ਹੋਰ ਕੀ ਕੀਤਾ ਜਾ ਸਕਦਾ ਹੈ। ਅਸੀਂ ਇਸ ਨੂੰ ਪੀ ਹੀ ਸਕਦੇ ਹਾਂ।" ਮਹਾਰਾਜ ਨੇ ਆਪਣੀ ਮੁਸਕਰਾਹਟ ਨੂੰ ਰੋਕਦਿਆਂ ਹੋਇਆਂ ਕਿਹਾ, "ਨਹੀਂ ਇਹ ਠੀਕ ਨਹੀਂ, ਖਰੀਦ ਭਾਵੇਂ ਅਸੀਂ ਸਾਰੀ ਸ਼ਰਾਬ ਲਈਏ, ਪਰ ਇਸਨੂੰ ਅੱਗ ਲਾ ਕੇ ਨਸ਼ਟ ਕਰਨਾ ਪਵੇਗਾ।"

ਪਿੰਡ ਵਾਲਿਆਂ ਨੂੰ ਇਹ ਗੱਲ ਬੜੀ ਅਜੀਬ ਲੱਗੀ। ਜਦੋਂ ਉਹ ਸ਼ਰਾਬ ਪੀ ਸਕਦੇ ਹਨ ਤਾਂ ਇਸ ਨੂੰ ਅੱਗ ਲਾ ਕੇ ਜਾਇਆ ਕਰਨਾ ਕਿੱਥੋਂ ਦੀ ਸਿਆਣਪ ਹੈ ? ਉਹ ਮਹਾਰਾਜ ਦੇ ਮਿਸ਼ਨ ਨੂੰ ਸਮਝਦੇ ਸਨ ਜਾਂ ਨਹੀਂ, ਉਨ੍ਹਾਂ ਨੇ ਉਸ ਮਹਾਨ ਆਤਮਾ ਦਾ ਹੁਕਮ ਮੰਨ ਲੈਣ ਦਾ ਫੈਸਲਾ ਕੀਤਾ। ਸ਼ਰਾਬ ਲਿਆਂਦੀ ਗਈ ਅਤੇ ਉਸ ਨੂੰ ਫੂਕਣ ਦਾ ਪ੍ਰਬੰਧ ਕੀਤਾ ਗਿਆ। ਉਸੇ ਵੇਲੇ ਸਥਾਨਕ ਫੌਜਦਾਰ ਨੇ ਮਹਾਰਾਜ ਨੂੰ ਖਬਰਦਾਰ ਕੀਤਾ।

"ਸ਼ਰਾਬ ਥੋਕ ਵਿੱਚ ਖਰੀਦਣੀ ਅਤੇ ਇਸ ਨੂੰ ਅੱਗ ਲਾਉਣੀ ਕਾਨੂੰਨ ਦੇ ਵਿਰੁੱਧ ਹੈ।"

ਪਿੰਡ ਵਾਲੇ ਸਾਰੇ ਇੱਕ ਦੂਜੇ ਨੂੰ ਖੁਸ਼ ਹੋ ਕੇ ਕਹਿਣ ਲੱਗੇ, "ਚਲੋ ਆਪਾਂ ਸਾਰ ਰਲ ਕੇ ਜੇਲ੍ਹ ਚੱਲਾਂਗੇ।" ਉਹ ਸਾਰੇ ਜੇਲ੍ਹ ਜਾਣ ਦੀ ਸੰਭਾਵਨਾ ਤੇ ਖੁਸ਼ ਹੋ ਗਏ।

"ਨਹੀਂ ਜੇ ਇਹ ਜੁਰਮ ਹੈ ਤਾਂ ਮੈਂ ਇਕੱਲਿਆਂ ਇਹ ਜੁਰਮ ਕਰਾਂਗਾ।" ਮਹਾਰਾਜ ਨੇ ਸੰਜੀਦਾ ਹੋ ਕੇ ਕਿਹਾ।

ਸ਼ਰਾਬ ਡਰੰਮਾਂ ਵਿੱਚੋਂ ਜ਼ਮੀਨ ਉੱਤੇ ਡੋਲੀ ਗਈ ਅਤੇ ਮਹਾਰਾਜ ਨੇ ਉਸ ਨੂੰ ਅੱਗ ਲਾਈ। ਜਦੋਂ ਅੱਗ ਦੀਆਂ ਲਾਟਾਂ ਜ਼ਮੀਨ ਤੋਂ ਫੁੱਟ ਭਰ ਉੱਚੀਆਂ ਉੱਠੀਆਂ ਤਾਂ

ਮਹਾਰਾਜ ਹੈਰਾਨ ਹੋ ਕੇ ਸੋਚਣ ਲੱਗਾ ਕਿ ਇਸ ਦੈਂਤ ਨੂੰ ਆਖਰੀ ਵਾਰ ਸਦਾ ਲਈ ਸਾੜ ਦਿੱਤਾ ਗਿਆ ਹੈ। ਉਸ ਨੂੰ ਇਸ ਗੱਲ ਤੇ ਸ਼ੱਕ ਹੈ।

ਇਸੇ ਤਰ੍ਹਾਂ ਕਥਾਨਾਂ, ਕਥਲਾਲ ਅਤੇ ਸਰੋਲਾ ਦੇ ਪਿੰਡਾਂ ਵਿੱਚ ਦੇਸੀ ਸ਼ਰਾਬ ਨੂੰ ਅੱਗ ਲਾਈ ਗਈ। ਉਸੇ ਵੇਲੇ ਜਦੋਂ ਲੋਕ ਅੱਗ ਦੇ ਦੁਆਲੇ ਮਹਾਰਾਜ ਨੂੰ ਘੇਰਾ ਪਾਈ ਬਲਦੀ ਅੱਗ ਵੇਖ ਰਹੇ ਸਨ, ਪਿੰਡ ਵਾਲਿਆਂ ਦਾ ਇੱਕ ਨੁਮਾਇੰਦਾ ਖੜ੍ਹਾ ਹੋ ਗਿਆ। ਉਸ ਦੇ ਹੱਥ ਵਿੱਚ ਲਾਲ ਰੰਗ ਦੀ ਕਿਸੇ ਤਰਲ ਪਦਾਰਥ ਨਾਲ ਭਾਰੀ ਇਕ ਬੋਤਲ ਸੀ।'

"ਕਿਰਪਾ ਕਰਕੇ ਇਸ ਨੂੰ ਸਵੀਕਾਰ ਕਰ ਲਵੋ" ਉਸ ਨੇ ਕਿਹਾ।

"ਇਹ ਕੀ ਹੈ?"

"ਇਹ ਕਿਸੇ ਦੇ ਸਿਰ ਉੱਤੇ ਪਾਉਣ ਵਾਸਤੇ ਹੈ।"

ਇਹ ਕਿਹੋ ਜਿਹਾ ਦ੍ਰਿਸ਼ ਹੋਵੇਗਾ। ਮਹਾਰਾਜ ਦਾ ਸਿਰ ਹਮੇਸਾਂ ਮੁੰਨਿਆਂ ਹੋਇਆ (ਰੋਡਾ) ਹੁੰਦਾ ਸੀ। ਉਸ ਕੋਲ ਕੱਪੜਿਆਂ ਦੇ ਕੁੱਲ ਦੋ ਜੋੜੇ ਸਨ ਅਤੇ ਉਹ ਦਿਨ ਵਿੱਚ ਇਕ ਡੰਗ ਖਿਚੜੀ ਖਾਇਆ ਕਰਦਾ ਸੀ। ਹੁਣ ਲੋਕ ਉਸ ਨੂੰ ਸਿਰ ਤੇ ਤੇਲ ਮਲਣ ਲਈ ਕਹਿ ਰਹੇ ਸਨ।

ਉਨ੍ਹਾਂ ਬੜੇ ਪਿਆਰ ਨਾਲ ਕਿਹਾ, "ਮਹਾਰਾਜ ! ਇਸ ਨੂੰ ਸਿਰ ਤੇ ਪਾ ਲਓ ਅਤੇ ਚੰਗੀ ਤਰ੍ਹਾਂ ਮਾਲਸ਼ ਕਰੋ। ਅਸੀਂ ਇਕ ਬੰਦਾ ਉਚੇਚੇ ਤੌਰ ਤੇ ਸ਼ਹਿਰ ਭੇਜ ਕੇ ਬਾਰਾਂ ਆਨਿਆਂ ਦੀ ਇਹ ਬੋਤਲ ਮੰਗਵਾਈ ਹੈ। ਕੀ ਤੁਹਾਨੂੰ ਪਤਾ ਹੈ ਕਿ ਇਹ ਕੀ ਹੈ ? ਇਹ ਕਮਾਲੀਆ ਤੇਲ ਹੈ ।"

ਕਮਾਲੀਆ ਤੇਲ। ਬੋਤਲ ਦੇ ਉੱਪਰ ਇਕ ਲੰਮੇ ਘਣੇ ਵਾਲਾਂ ਵਾਲੀ ਔਰਤ ਦੀ ਤਸਵੀਰ ਸੀ। ਤੇਲ ਵਿੱਚ ਬੜੀ ਤੇਜ਼ ਖੁਸ਼ਬੂ ਸੀ। ਇਸ ਦਾ ਨਾਂ ਕਮਾਲੀਆ ਤੇਲ ਸੀ। ਵਿਆਹ ਸ਼ਾਦੀਆਂ ਵਿੱਚ ਅਮੀਰ ਲੋਕ ਇਤਰ ਵਰਤਿਆ ਕਰਦੇ ਸਨ। ਪਿੰਡ ਵਾਲਿਆਂ

ਨੇ ਇਸ ਨੂੰ ਇਤਰ ਸਮਝਿਆ ਅਤੇ ਆਪਣੇ ਮਸੀਹਾ ਨੂੰ ਇਹ ਤੋਹਫਾ ਗ੍ਰਹਿਣ ਕਰਨ ਦੇ ਯੋਗ ਪਾਤਰ ਸਮਝਿਆ ਸੀ।

"ਹਾਂ ਜੀ ਇਹ ਕਮਾਲੀਆ ਤੇਲ ਹੈ, ਇਸ ਨੂੰ ਸਿਰ ਤੇ ਲਾ ਕੇ ਚੰਗੀ ਤਰ੍ਹਾਂ ਇਸ ਦੀ ਮਾਲਸ਼ ਕਰੋ ।"

ਮਹਾਰਾਜ ਥੋੜ੍ਹਾ ਜਿਹਾ ਮੁਸਕਰਾਏ ਅਤੇ ਤੇਲ ਦੀ ਬੋਤਲ ਉਨ੍ਹਾਂ ਇਕ ਪਾਸੇ ਰੱਖ ਦਿੱਤੀ। ਇਹ ਕਮਾਲੀਆ ਕੇਸ ਤੇਲ ਅਤੇ ਬੋਤਲ ਉੱਤੇ ਬੈਠੀ ਲੰਮੇ ਵਾਲਾਂ ਵਾਲੀ ਤੀਵੀਂ ਨਾਲ ਉਨ੍ਹਾਂ ਦੀ ਪਹਿਲੀ ਮੁਲਾਕਾਤ ਸੀ। ਮਹਾਰਾਜ ਨੂੰ ਉਦੋਂ ਤੋਂ ਲੈ ਕੇ ਹੁਣ ਤੱਕ ਇਹ ਨਹੀਂ ਭੁੱਲਿਆ। ਉਹ ਜਦੋਂ ਵੀ ਇਸ ਘਟਨਾ ਨੂੰ ਯਾਦ ਕਰਦੇ ਹਨ ਤਾਂ ਹੱਸਣ ਲੱਗ ਪੈਂਦੇ ਹਨ ਅਤੇ ਲੋਕਾਂ ਦੀ ਨਕਲ ਉਤਾਰਦੇ ਹਨ। "ਕਮਾਲੀਆ ਤੇਲ ਹੈ; ਮਹਾਰਾਜ ਜੀ, ਆਪਣੇ ਸਿਰ ਤੇ ਲਾਓ ਅਤੇ ਇਸ ਦੀ ਮਾਲਸ਼ ਕਰੋ ।"

ਉਹ ਇਹੋ ਜਿਹੀ ਇਕ ਹੋਰ ਘਟਨਾ ਵੀ ਅਕਸਰ ਯਾਦ ਕਰਿਆ ਕਰਦੇ ਹਨ।

1927 ਵਿੱਚ ਜਦੋਂ ਹੜ੍ਹ ਆਏ ਤਾਂ ਭਾਦਰਾ ਤੋਂ ਛੇ ਕੁ ਮੀਲ ਦੀ ਵਿੱਥ ਤੇ ਜ਼ੋਸ਼ੀਕੂਵਾ ਪਿੰਡ ਦੇ ਬਹੁਤ ਸਾਰੇ ਮਕਾਨ ਡਿੱਗ ਪਏ। ਜਿਸ ਜ਼ਮੀਨ ਤੇ ਇਹ ਮਕਾਨ ਖੜ੍ਹੇ ਸਨ ਇਹ ਪੱਤੀਦਾਰ ਦੀ ਸੀ ਪਰ ਮਕਾਨ ਠਾਕਰਦਾ ਦੇ ਸਨ। ਪੱਤੀਦਾਰ ਨੇ ਠਾਕਰਦਾ ਨੂੰ ਮੁੜ ਉਸੇ ਥਾਂ ਮਕਾਨ ਨਾ ਬਣਾਉਣ ਦਿੱਤਾ ਜਦ ਤੱਕ ਕਿ ਉਹ ਪ੍ਰਤੀ ਮਹੀਨਾ ਪ੍ਰਤੀ ਘਰ ਉਸ ਨੂੰ ਢਾਈ ਰੁਪਏ ਕਿਰਾਇਆ ਨਾ ਦੇਣ ।

ਮਹਾਰਾਜ ਨੇ ਉਨ੍ਹਾਂ ਨੂੰ ਸਲਾਹ ਦਿੱਤੀ, "ਕਿਰਾਇਆ ਦੇਣਾ ਨਾ ਮੰਨਿਓ। ਇਸ ਦੀ ਬਜਾਏ ਅਸੀਂ ਦੋ ਬਿੱਘੇ ਜ਼ਮੀਨ ਖਰੀਦ ਕੇ ਘਰ ਬਣਾਵਾਂਗੇ ।"

ਪੱਤੀਦਾਰਾਂ ਨੇ ਕੀਮਤ ਵਧਾ ਦਿੱਤੀ ਸੀ। ਉਨ੍ਹਾਂ ਕਿਹਾ, "ਦੋ ਬਿੱਘੇ ਜ਼ਮੀਨ ਨੌਂ ਹਜ਼ਾਰ ਰੁਪਏ ਦੀ ਪਵੇਗੀ ।"

ਮਹਾਰਾਜ ਵਡੋਦਰਾ ਗਏ ਅਤੇ ਉਨ੍ਹਾਂ ਨੇ ਸਰਕਾਰ ਨੂੰ 2 ਬਿੱਘੇ ਜ਼ਮੀਨ ਪਿੰਡ ਤੋਂ ਬਾਹਰ ਠਾਕਰਦਾ ਦੇ ਮਕਾਨ ਬਣਾਉਣਾ ਲਈ ਦਾਨ ਦੇਣ ਲਈ ਮਨਾ ਲਿਆ। ਜਦੋਂ ਘਰ ਅਜੇ ਬਣਨੇ ਸ਼ੁਰੂ ਹੋਣੇ ਸਨ ਮਹਾਰਾਜ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਦੀ ਗ੍ਰਿਫਤਾਰੀ ਦੇ ਦੌਰਾਨ ਠਾਕਰਦਾ ਉੱਤੇ ਦਬਾਅ ਪਾ ਕੇ ਉਨ੍ਹਾਂ ਤੋਂ ਇਹ ਅਖਵਾਇਆ ਗਿਆ ਕਿ ਮਕਾਨ ਬਣਾਉਣ ਲਈ ਸਾਨੂੰ ਦਾਨ ਵਜੋਂ ਦਿੱਤੀ ਜ਼ਮੀਨ ਨਹੀਂ ਚਾਹੀਦੀ। ਆਪਣੀ ਰਿਹਾਈ ਤੋਂ ਬਾਅਦ ਇਕ ਵਾਰੀ ਫਿਰ ਮਹਾਰਾਜ ਵਦੋਦਰਾ ਗਏ ਅਤੇ ਠਾਕਰਦਾ ਨੂੰ ਜ਼ਮੀਨ ਦੋਬਾਰਾ ਅਲਾਟ ਕਰਾਉਣ ਲਈ ਉਸ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ। ਠਾਕਰਦਾ ਨੇ ਆਪਣੇ ਨਵੇਂ ਘਰ ਬਣਾ ਲਏ ਅਤੇ ਇਕ ਦਿਨ ਉਨ੍ਹਾਂ ਦੇ ਮੁਖੀ ਨੇ ਮਹਾਰਾਜ ਦੇ ਸਾਹਮਣੇ ਖੜੋਕੇ ਇਕ ਪੈਕਟ ਰੱਖਿਆ। ਉਸ ਨੇ ਬੜੇ ਧਿਆਨ ਨਾਲ ਪੈਕਟ ਖੋਹ ਲਿਆ। ਉਸ ਵਿੱਚੋਂ ਇਕ ਬੋਤਲ ਨਿਕਲੀ।

"ਉਸ ਨੇ ਕਿਹਾ, "ਮਹਾਰਾਜ ਇਸ ਨੂੰ ਪੀ ਲਵੋ ।"

ਬੋਤਲ ਨੂੰ ਚੰਗੀ ਤਰ੍ਹਾਂ ਵੇਖਣ ਉਪਰੰਤ ਉਨ੍ਹਾਂ ਨੇ ਕਿਹਾ, "ਇਸ ਵਿੱਚ ਕੀ ਹੈ?" ਉਨ੍ਹਾਂ ਇਹੋ ਜਿਹੀਆਂ ਚੀਜ਼ਾਂ ਕਦੇ ਨਹੀਂ ਸਨ ਵੇਖੀਆਂ ।

"ਇਹ ਜੰਜੀਰੋ ਹੈ। ਪੀ ਲਵੋ" ਮੁਖੀ ਨੇ ਕਿਹਾ।

"ਹਾਂ ਹਾਂ ਇਹ ਪੀ ਲਵੋ" ਮਹਾਰਾਜ ਦੇ ਦੁਆਲੇ ਇਕੱਠੇ ਹੋਏ ਸਾਰੇ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ।

"ਕਿਉਂ ਪੀ ਲਵਾਂ?"

"ਇਹ ਬੁਖਾਰ ਤੋਂ ਬਚਾਉਂਦੀ ਹੈ ਅਤੇ ਠੰਢਾ ਕਰਦੀ ਹੈ, "

"ਮੈਨੂੰ ਕਦੇ ਬੁਖਾਰ ਨਹੀਂ ਹੁੰਦਾ ਅਤੇ ਮੇਰਾ ਸਰੀਰ ਵੀ ਠੰਢਾ ਹੈ ।"

"ਨਹੀਂ 'ਨਹੀਂ" ਤੁਸੀਂ ਪੀ ਲਵੋ। ਇਹ ਤੁਹਾਡੇ ਲਈ ਖਾਸ ਤੌਰ ਤੇ ਲਿਆਂਦਾ ਗਿਆ ਹੈ।" ਇਹ ਜਿੰਜਰ ਸ਼ਰਾਬ ਦੀ ਬੋਤਲ ਸੀ।

ਮਹਾਰਾਜ ਨੇ ਕਿਹਾ, "ਇਹ ਬੋਤਲ ਤੋੜ ਦਿਓ।"

"ਨਹੀਂ! ਸਾਨੂੰ ਬੋਤਲ ਦੀ ਵੀ ਕੀਮਤ ਦੇਣੀ ਪਵੇਗੀ ਜੇ ਬੋਤਲ ਟੁੱਟ ਗਈ ਤਾਂ?"

ਪਿੰਡ ਵਾਲਿਆਂ ਨੇ ਬੁੜਬੁੜਾਉਣਾ ਸ਼ੁਰੂ ਕਰ ਦਿੱਤਾ।

"ਤਦ ਇਸ ਨੂੰ ਹੁਣੇ ਖ਼ਾਲੀ ਕਰ ਦਿਉ।"

"ਪਰ ਕਿਉਂ?"

"ਮੈਂ ਇਸ ਨੂੰ ਕਿਉਂ ਪੀਵਾਂ? ਸ਼ਹਿਰ ਵਿੱਚੋਂ ਕਿੱਥੋਂ ਤੁਸੀਂ ਇਹ ਬੁਰੀਆਂ ਆਦਤਾਂ ਪਾ ਲਈਆਂ ? ਇਸ ਵਿੱਚੋਂ ਤੁਹਾਨੂੰ ਕੀ ਸੁਆਦ ਆਉਂਦਾ ਹੈ ? ਜੋ ਤੁਹਾਡੀ ਹਾਲਤ ਹੈ ਤੁਸੀਂ ਆਪਣੇ ਖਾਣ ਲਈ ਪੂਰੀ ਰੋਟੀ ਤਾਂ ਖਾ ਨਹੀਂ ਸਕਦੇ ਅਤੇ ਹੁਣ ਤੁਸੀਂ ਇਸ ਨੂੰ ਪੀਣਾ ਸਿੱਖ ਲਿਆ ਹੈ।"

"ਇਸਨੂੰ ਜ਼ਾਇਆ ਨਾ ਕਰੋ। ਇਸ ਮੁੰਡੇ ਨੂੰ ਪੀ ਲੈਣ ਦਿਉ"

ਮਹਾਰਾਜ ਦੇ ਗੁੱਸੇ ਨੂੰ ਵੇਖਦੇ ਹੋਏ ਵੀ ਠਾਕਰਦਾ ਨੇ ਉਹ ਬੋਤਲ ਇਕ ਮੁੰਡੇ ਨੂੰ ਪਿਆ ਦਿੱਤੀ।

ਅਗਲੇ ਦਿਨ, ਜਦੋਂ ਉਹ ਬੈਠ ਕੇ ਗੱਪ-ਸ਼ੱਪ ਮਾਰ ਰਹੇ ਸਨ, ਹਰੀਜਨਾਂ ਦੀ ਇਕ ਕੁੜੀ ਜਿੰਜਰ ਦੀ ਇਕ ਬੋਤਲ ਹੱਥ ਵਿੱਚ ਫੜੀ ਦੌੜੀ ਜਾ ਰਹੀ ਸੀ।

"ਦੇਖੋ ਮਹਾਰਾਜ: ਠਾਕਰਦਾ ਨੇ ਆਪਣੀ ਗੱਲ ਮੰਨਵਾਉਣ ਲਈ ਕਿਹਾ, "ਵੇਖੋ, ਹਰੀਜਨ ਤੱਕ ਵੀ ਜਿੰਜਰ ਪੀਣ ਲੱਗ ਪਏ ਹਨ।"

ਮਹਾਰਾਜ ਦੇ ਮਨ ਵਿੱਚ ਇਕ ਸਵਾਲ ਹਮੇਸ਼ਾਂ ਹਮੇਸ਼ਾਂ ਉੱਠਦਾ ਰਿਹਾ, "ਇਹ ਜ਼ਹਿਰ ਪਿੰਡ ਵਿੱਚ ਕਿਸ ਨੇ ਸ਼ੁਰੂ ਕੀਤੀ ਹੈ ?"

ਵਾਪਸੀ ਵੇਲੇ ਅਸੀਂ ਮਾਹੀ ਚਲੇ ਗਏ। ਪਹਿਲਾ ਮੁਕਾਮ ਵਲਵੋਡ ਵਿੱਚ ਸੀ। ਪਿੰਡ ਦੀ ਵਸੋਂ ਵਧੇਰੇ ਕਰਕੇ ਚਾਰਨ ਅਤੇ ਪਤਨਵਾਦੀਆਂ ਦੀ ਸੀ, ਜਿਹੜੀ ਮਹਾਰਾਜ ਦੀ ਸਭ ਤੋਂ ਪਿਆਰੀ ਜਾਤ ਸੀ। ਚਾਰਨਾਂ ਨਾਲ ਮਹਾਰਾਜ ਦਾ ਸਭ ਤੋਂ ਪਹਿਲਾ ਅਨੁਭਵ ਬਹੁਤ ਹੀ ਮਹੱਤਵਪੂਰਨ ਹੈ।

ਕਈ ਸਾਲ ਪਹਿਲਾਂ ਜਦੋਂ ਮਹਾਰਾਜ ਇਸ ਪਿੰਡ ਆਏ ਸਨ ਤਾਂ ਪਿੰਡ ਦੇ ਮੁਖੀ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਪਿੰਡ ਵਿੱਚ ਇਕ ਚਾਰਨ ਤੀਵੀਂ ਸੂਰਜ-ਬਾ ਰਹਿੰਦੀ ਸੀ। ਉਸ ਨੂੰ ਕਾਲੀ ਮਾਂ ਦਾ ਅਵਤਾਰ ਸਮਝਿਆ ਜਾਂਦਾ ਸੀ। ਸੂਰਜ-ਬਾ ਕੱਟੇ-ਕੱਟੀਆਂ ਦਾ ਖ਼ੂਨ ਪੀਆ ਕਰਦੀ ਸੀ। ਮੁਖੀ ਨੇ ਕਿਹਾ ਜਦੋਂ ਅਗਲੀ ਵਾਰੀ ਇਹ ਰਸਮ ਹੋਣ ਵਾਲੀ ਹੋਵੇਗੀ ਮੈਂ ਮਹਾਰਾਜ ਨੂੰ ਬੁਲਾ ਭੇਜਾਂਗਾ।

ਮਹਾਰਾਜ ਨੇ ਬਿਨਾਂ ਖਾਸ ਰੁਚੀ ਦੇ ਕਿਹਾ, “ਜ਼ਰੂਰ ਬੁਲਵਾ ਲੈਣਾ ।”

ਕਈ ਸਾਲ ਲੰਘ ਗਏ। ਇਕ ਦਿਨ ਮੁਖੀ ਨੇ ਮਹਾਰਾਜ ਨੂੰ ਛੇਤੀ ਪਹੁੰਚਣ ਲਈ ਸੁਨੇਹਾ ਭੇਜਿਆ। ਮਹਾਰਾਜ ਨੇ ਰੱਤ-ਪੀਣੀ ਦੇਵੀ ਦੀ ਗੱਲ ਬਿਲਕੁਲ ਭੁਲਾ ਛੱਡੀ ਸੀ। ਉਹ ਛੇਤੀ-ਛੇਤੀ ਵਲਵੋਡ ਪਿੰਡ ਪਹੁੰਚੇ।

"ਮਹਾਰਾਜ!” ਮੁਖੀ ਨੇ ਕਿਹਾ, "ਕੱਲ੍ਹ ਸੂਰਜ-ਬਾ ਨੇ ਮੱਝ ਦਾ ਖ਼ੂਨ ਪੀਣਾ ਹੈ, ਇਸ ਲਈ ਮੈਂ ਸੋਚਿਆ ਆਪ ਨੂੰ ਬੁਲਾ ਲਵਾਂ ।"

ਮਹਾਰਾਜ ਨੂੰ ਅਫ਼ਸੋਸ ਹੋਇਆ ਕਿ ਉਹ ਕਿਉਂ ਦੌੜੇ ਦੌੜੇ ਪਿੰਡ ਆਏ ਸਨ। ਪਰ ਉਨ੍ਹਾਂ ਸੋਚਿਆ ਜੇਕਰ ਹੁਣ ਆ ਹੀ ਗਏ ਹਨ ਤਾਂ ਇਸ ਵਹਿਸ਼ੀਆਨਾਂ ਕੁਕਰਮ ਨੂੰ ਰੋਕਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਦੀ ਵਾਰਤਾ ਇਉਂ ਸੁਣਾਈ :

ਮੈਂ ਸਥਾਨਕ ਮੰਦਰ ਦੇ ਪੁਜਾਰੀ ਕੋਲ ਗਿਆ ਅਤੇ ਉਸ ਨੂੰ ਪੁੱਛਿਆ ਕਿ ਮੱਝ ਕਿੱਥੇ ਵੱਢੀ ਜਾਵੇਗੀ। ਪੁਜਾਰੀ ਨੇ ਕੀਤੇ ਜਾਣ ਵਾਲੇ ਕੁਕਰਮ ਬਾਰੇ ਪੂਰੀ ਅਗਿਆਨਤਾ ਹੀ ਨਾ ਦੱਸੀ ਸਗੋਂ ਇਸ ਤੇ ਸ਼ੱਕ ਵੀ ਪ੍ਰਗਟ ਕੀਤਾ ਅਤੇ ਇਹ ਵੀ ਕਿਹਾ ਕਿ ਇਹੋ ਜਿਹੀ ਘਟਨਾ ਨਹੀਂ ਹੋਣ ਦੇਣੀ ਚਾਹੀਦੀ। ਤਦ ਮੈਂ ਮੁਖੀ ਕੋਲ ਗਿਆ ਅਤੇ ਉਸ ਨੂੰ ਦੱਸਿਆ ਕਿ ਜੇ ਇਹ ਕੁਕਰਮ ਕੀਤਾ ਗਿਆ ਤਾਂ ਮੈਂ ਇਸ ਨੂੰ ਰੋਕਾਂਗਾ। ਉਸ ਨੇ ਕਾਨੂੰਨ ਦਾ ਹਵਾਲਾ ਦੇ ਕੇ ਮੈਨੂੰ ਠੰਢਾ ਕੀਤਾ ਅਤੇ ਇਹ ਵੀ ਗੈਂਗ ਮਾਰੀ ਸੀ ਕਿ ਮੈਂ ਖੁਦ ਹੀ ਇਹ ਗੱਲ ਨਹੀਂ ਹੋਣ ਦਿਆਂਗਾ। ਐਨ ਇਸ ਵੇਲੇ ਸੂਰਜ-ਬਾ ਪਹੁੰਚ ਗਈ। ਉਹ ਜਵਾਨ ਅਤੇ ਲਾਲ ਸੂਹੇ ਚਿਹਰੇ ਵਾਲੀ ਸੀ। ਉਹ ਬੜੇ ਗੁੱਸੇ ਨਾਲ ਦਹਾੜੀ "ਮੁਖੀ ! ਢੋਲ ਵਾਲਾ ਕਿੱਥੇ ਹੈ ? ਅਤੇ ਦੇਰ ਕਾਹਦੀ ਹੈ ?”

ਤੀਂਵੀਂ ਦੀ ਫੁੰਕਾਰੇ ਮਾਰਦੀ ਆਵਾਜ਼ ਤੋਂ ਬੁਰੀ ਤਰ੍ਹਾਂ ਦੁਬਕ ਕੇ ਮੁਖੀ ਬੋਲਿਆ, “ਹਾਂ, ਮਾਤਾ ! ਮੈਂ ਹੁਣੇ ਢੋਲੀ ਨੂੰ ਬੁਲਵਾਉਂਦਾ ਹਾਂ ।” ਔਰਤ ਦੇ ਇਕ ਦਬਕੇ ਨਾਲ ਹੀ ਉਸ ਦੀ ਡਾਂਗ ਕਫੂਰ ਹੋ ਗਈ ਸੀ।

ਢੋਲ ਵੱਜਣਾ ਸ਼ੁਰੂ ਹੋ ਗਿਆ ਸੀ ਅਤੇ ਮੈਂ ਜਾਣ ਗਿਆ ਕਿ ਜਲੂਸ ਚਲ ਪਿਆ ਹੈ। ਮੈਂ ਵੇਖਿਆ ਇਕ ਨਿੱਕੀ ਜਿਹੀ ਮੱਝ ਦੇ ਗਲੇ ਦੁਆਲੇ ਫੁੱਲਾਂ ਦਾ ਹਾਰ ਪਾਇਆ ਹੋਇਆ ਸੀ ਅਤੇ ਉਸ ਨੂੰ ਜਲੂਸ ਦੇ ਮੋਹਰੇ ਲਿਆਂਦਾ ਜਾ ਰਿਹਾ ਸੀ। ਛੋਟੀ ਉਮਰ ਦੀਆਂ ਕੁੜੀਆਂ ਮੱਝ ਦੇ ਪਿੱਛੇ ਆ ਰਹੀਆਂ ਸਨ, ਉਨ੍ਹਾਂ ਦੇ ਪਿਛੇ ਜਵਾਨ ਤੀਂਵੀਆਂ ਮਗਰੋਂ ਅਧਖੜ ਅਤੇ ਫਿਰ ਬੁੱਢੀਆਂ ਠੇਰੀਆਂ ਚਲ ਰਹੀਆਂ ਸਨ। ਉਹ ਇੰਨਾਂ ਮਿੱਠਾ ਗਾ ਰਹੀਆਂ ਸਨ ਕਿ ਮੇਰਾ ਮਨ ਕਈ ਵਾਰ ਉਹ ਗੀਤ ਸੁਣਨ ਨੂੰ ਕਰਦਾ ਰਿਹਾ ਹੈ। ਚਾਰਨ ਆਦਮੀਆਂ ਨੇ ਨਵੇਂ ਸੀਤੇ ਕੱਪੜੇ ਪਾਏ ਸਨ ਅਤੇ ਹੱਥ ਵਿੱਚ ਨੰਗੀਆਂ ਤਲਵਾਰਾਂ ਫੜੀ ਕਰੜੇ ਤੋਂ ਕਰੜੇ ਦਿਲ- ਗੁਰਦੇ ਵਾਲਾ ਵੀ ਭੈ-ਭੀਤ ਹੋ ਜਾਂਦਾ।

ਇਸ ਵੇਲੇ, ਮੰਦਰ ਦਾ ਪੁਜਾਰੀ ਮੰਦਰ ਦੇ ਅੰਦਰੋਂ ਦੌੜਦਾ ਦੌੜਦਾ ਨਿਕਲਿਆ ਅਤੇ ਜਲੂਸ ਰੋਕਣ ਦੀ ਕੋਸ਼ਿਸ਼ ਕੀਤੀ। ਉਸ ਨੇ ਉਨ੍ਹਾਂ ਨੂੰ ਬੁਰਾ ਭਲਾ ਕਿਹਾ, ਮਿੰਨਤਾਂ

ਵੀ ਕੀਤੀਆਂ, ਪਰ ਜਲੂਸ ਅੱਗੇ ਵਧਦਾ ਗਿਆ। ਪਤਾ ਨਹੀਂ ਮੇਰੇ ਅੰਦਰ ਕੀ ਆਇਆ ਕਿ ਮੈਂ ਵੀ ਕਤਾਰ ਵਿੱਚ ਹੋ ਕੇ ਜਲੂਸ ਦੇ ਨਾਲ ਨਾਲ ਤੁਰਦਾ ਮੰਦਰ ਤੱਕ ਪਹੁੰਚ ਗਿਆ। ਜਦੋਂ ਮੈਂ ਮੰਦਰ ਦੇ ਅੰਦਰ ਗਿਆ ਤਾਂ ਮਾਂ-ਕਾਲੀ ਦੀ ਅਵਤਾਰ ਨੇ ਆਪਣੀਆਂ ਅੱਖਾਂ ਘੁਮਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਬੈਠੀ ਆਵਾਜ਼ ਵਿੱਚ ਚੀਕੀ, " ਤੂੰ ਇੱਥੇ ਕਿਉਂ ਆਇਆ ਹੈ ?"

"ਮੈਂ ਤੈਨੂੰ ਇਹ ਕਹਿਣ ਆਇਆ ਹਾਂ ਕਿ ਇਸ ਮੱਝ ਨੂੰ ਨਾ ਵੱਢਿਆ ਜਾਵੇ ।"

"ਇਹਨੂੰ ਮਾਰੋ! ਇਹਨੂੰ ਬਾਹਰ ਕੱਢ ਦਿਉ। ਨਹੀਂ ਮੈਂ ਤੇਰਾ ਖ਼ੂਨ ਵੀ ਪੀ ਜਾਵਾਂਗੀ।" ਉਹ ਘ੍ਰਿਣਾ ਭਰੀ ਆਵਾਜ਼ ਵਿੱਚ ਚੀਕ ਉੱਠੀ।

" ਤੁਸੀਂ ਬੜੀ ਖੁਸ਼ੀ ਨਾਲ ਮੇਰਾ ਖ਼ੂਨ ਪੀਓ ।" ਮੈਂ ਕਿਹਾ, "ਮੈਂ ਆਪਣੀ ਮਰਜ਼ੀ ਨਾਲ ਆਪਣਾ ਖ਼ੂਨ ਭੇਟਾ ਕਰ ਰਿਹਾ ਹਾਂ। ਪਰ ਤੁਸੀਂ ਇਸ ਬੇਜ਼ਬਾਨ ਕੱਟੀ ਨੂੰ ਕਿਉਂ ਵੱਢ ਰਹੇ ਹੋ? ਇਸ ਨੂੰ ਇਸ ਦੀ ਮਰਜ਼ੀ ਦੀ ਖਿਲਾਫ ਹੱਕ ਕੇ ਲਿਆਂਦਾ ਗਿਆ ਹੈ ।"

ਇਸ ਤਰ੍ਹਾਂ ਮੇਰੀ ਗੱਲ ਸੁਣਦੇ ਹੀ ਉਸ ਨੇ ਛੱਤ ਸਿਰ ਤੇ ਚੁੱਕ ਲਈ 'ਆਪਣੀਆਂ ਜਵਾਨ ਸਾਥਣਾਂ ਨੂੰ ਕਹਿਣ ਲੱਗੀ, "ਦੇਵੀਓ ! ਇਸ ਨੂੰ ਕੱਚਾ ਚਬਾ ਜਾਉ ।" ਉਨ੍ਹਾਂ ਮੇਰੇ ਤੇ ਹਮਲਾ ਕਰ ਦਿੱਤਾ ਅਤੇ ਮੇਰੇ ਕੱਪੜੇ ਪਾੜ ਸੁੱਟੇ। ਇਕ ਨੇ ਮੇਰੀ ਬਾਂਹ ਉੱਤੇ ਚੱਕ ਵੱਢਿਆ। ਮੇਰੇ ਸਰੀਰ ਵਿੱਚੋਂ ਖ਼ੂਨ ਨਿਕਲਣ ਲੱਗ ਪਿਆ। ਮੈਨੂੰ ਪਤਾ ਨਹੀਂ ਮੇਰਾ ਅੰਤ ਕਿਵੇਂ ਹੋਣਾ ਸੀ ਜੇਕਰ ਪਤਨਵਾਦੀਏ, ਜਿਨ੍ਹਾਂ ਨੇ ਹੋਣ ਵਾਲੀ ਘਟਨਾ ਦਾ ਅਨੁਮਾਨ ਲਾ ਲਿਆ ਸੀ ਅਤੇ ਮੇਰੀ ਰੱਖਿਆ ਲਈ ਨਾਲ ਆਏ ਸਨ, ਕੁਝ ਨਾ ਕਰਦੇ। ਮੈਨੂੰ ਖ਼ੂਨ ਵਗ੍ਹਾਉਂਦਿਆਂ ਦੇਖਣ ਤੋਂ ਪਹਿਲਾਂ ਅਤੇ ਚਾਰਨਾ ਨਾਲ ਲੜਾਈ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਵਿੱਚੋਂ ਕੁਝ ਨੇ ਮੰਦਰ ਦੇ ਅੰਦਰ ਆ ਕੇ ਮੈਨੂੰ ਚੁੱਕ ਲਿਆ ਅਤੇ ਬਾਹਰ ਲੈ ਗਏ।

ਮੈਂ ਜਦੋਂ ਫਿਰ ਅੰਦਰ ਜਾਣ ਦਾ ਯਤਨ ਕਰ ਰਿਹਾ ਸੀ ਮੈਨੂੰ ਦੱਸਿਆ ਗਿਆ ਕਿ ਹੁਣ ਅੰਦਰ ਜਾਣਾ ਵਿਅਰਥ ਹੈ ਕਿਉਂਕਿ ਮੱਝ ਵੱਢੀ ਜਾ ਚੁੱਕੀ ਹੈ ਅਤੇ ਕਾਲੀ ਮਾਂ ਨੇ ਉਸ ਦਾ ਘੱਟੋ ਘੱਟ ਦਸ ਲਿਟਰ ਖ਼ੂਨ ਪੀ ਲਿਆ ਹੈ। ਪਿੰਡ ਵਾਲਿਆਂ ਨੇ ਚਾਰਨਾਂ ਦਾ ਬਾਈਕਾਟ ਕਰ ਦਿੱਤਾ। ਮੈਂ ਬੋਰਸਦ ਚਲਾ ਗਿਆ। ਮੈਂ ਗਾਂਧੀ ਜੀ ਨੂੰ ਵੀ ਇਕ ਵਾਰੀ ਇਹ ਵਾਰਤਾ ਸੁਣਾਈ।

"ਤੇਰਾ ਕਾਰਜ ਠੀਕ ਨਹੀਂ ਸੀ" ਮਹਾਤਮਾ ਜੀ ਨੇ ਕਿਹਾ ਸੀ, "ਕਿਉਂਕਿ ਤੂੰ ਇਕ ਕਿਸਮ ਦੀ ਹਿੰਸਾ ਕੀਤੀ ਸੀ। ਤੂੰ ਉਨ੍ਹਾਂ ਨੂੰ ਦਲੀਲ ਨਾਲ ਇਹ ਸਮਝਾਉਣ ਦਾ ਯਤਨ ਨਹੀਂ ਸੀ ਕੀਤਾ ਕਿ ਜੋ ਕੁਝ ਉਹ ਕਰ ਰਹੇ ਹਨ, ਗਲਤ ਸੀ। ਤੂੰ ਉਨ੍ਹਾਂ ਨੂੰ ਤਰਕ ਨਾਲ ਮਨਾਉਣ ਦਾ ਯਤਨ ਨਹੀਂ ਸੀ ਕੀਤਾ ਇਸ ਲਈ ਇਹ ਕਾਰਜ ਹਿੰਸਾ ਦੇ ਸਮਾਨ ਹੀ ਸੀ। ਚਾਰਨਾਂ ਦੇ ਵਿਰੁੱਧ ਕੀਤਾ ਬਾਈਕਾਟ ਫੌਰਨ ਜਾ ਕੇ ਖਤਮ ਕਰਵਾ।"

ਇਕ ਸਾਲ ਬਾਅਦ ਮੈਂ ਮੁੜ ਵਲਵੋਡ ਗਿਆ। ਮੈਂ ਪਿੰਡ ਵਾਲਿਆਂ ਨੂੰ ਚਾਰਨਾਂ ਦਾ ਬਾਈਕਾਟ ਬੰਦ ਕਰਨ ਲਈ ਕਿਹਾ, ਪਰ ਕੁਝ ਬਾਣੀਆਂ ਨੇ ਚਾਰਨਾਂ ਤੋਂ ਜੁਰਮਾਨਾ ਵਸੂਲ ਕਰਨ ਤੇ ਜ਼ੋਰ ਦਿੱਤਾ। ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਚਾਰਨ ਬੜੇ ਕੱਟੜ ਧਰਮੀ ਲੋਕ ਹਨ ਉਨ੍ਹਾਂ ਤੋਂ ਜੁਰਮਾਨਾ ਨਹੀਂ ਲਿਆ ਜਾ ਸਕੇਗਾ। ਮੈਂ ਉਨ੍ਹਾਂ ਨੂੰ ਕਿਹਾ ਬਾਣੀਏ ਇਹੋ ਜਿਹਾ ਕੰਮ ਨਹੀਂ ਕਰ ਸਕੇ ਅਤੇ ਨਾ ਹੀ ਕਰ ਸਕਣਗੇ। ਇਸ ਲਈ ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਇੱਜ਼ਤ ਖ਼ਾਤਰ ਹੀ, ਬਿਨਾਂ ਕਿਸੇ ਸ਼ਰਤ ਬਾਈਕਾਟ ਹਟਾ ਦੇਣ।

ਇਸ ਤਰ੍ਹਾਂ ਸਾਰੀ ਯਾਤਰਾ ਦੇ ਦੌਰਾਨ ਅਤੇ ਯਾਤਰਾ ਤੋਂ ਪਹਿਲਾਂ ਮਹਾਰਾਜ ਵੱਲੋਂ ਇਨ੍ਹਾਂ ਘਟਨਾਵਾਂ ਨੂੰ ਬਿਆਨਣ ਦਾ ਮਕਸਦ ਇਹ ਸੀ ਕਿ ਉਹ ਮੈਨੂੰ ਮਨੁੱਖੀ ਫਿਤਰਤ ਅਤੇ ਮਨੁੱਖੀ ਪ੍ਰਤੀਕਿਰਿਆਵਾਂ ਨੂੰ ਬਹੁਤ ਬਾਰੀਕੀ ਨਾਲ ਨਿਖੇੜ ਨਿਖੇੜ ਕੇ ਸਮਝਾ ਸਕਣ। ਇਸ ਲਈ ਬਿਨਾਂ ਚੰਗਾ ਜਾਂ ਬੁਰਾ ਅਤੇ ਨੇਕੀ ਤੇ ਬਦੀ ਦੇ ਲੇਵਲ ਲਗਾਉਣ ਦੇ ਉਨ੍ਹਾਂ ਮੈਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮਨੁੱਖ ਦਾ ਚਰਿੱਤਰ

ਕਿਨ੍ਹਾਂ ਤੱਤਾਂ ਦਾ ਬਣਿਆ ਹੋਇਆ ਹੈ। ਸਾਰਾ ਸਮਾਂ ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਆਮ ਜਨਤਾ ਬੱਚਿਆਂ ਵਾਂਗ ਹੁੰਦੀ ਹੈ। ਇਸ ਨੰਗੇ ਪੈਰਾਂ ਵਾਲੇ ਬ੍ਰਾਹਮਣ ਨਾਲ ਆਪਣੀ ਪਹਿਲੀ ਸੰਗਤ ਦੇ ਦੌਰਾਨ ਯਾਦਾਂ ਦਾ ਜੋ ਅਮੀਰ ਭੰਡਾਰ ਮੈਨੂੰ ਮਿਲਿਆ ਸੀ ਉਸ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਇਕ ਕਥਾ ਹੋਰ ਸੁਣਾਉਣਾ ਚਾਹੁੰਦਾ ਹਾਂ।

ਇਕ ਵਾਰੀ ਫਿਰ ਸਾਨੂੰ 1927 ਦੇ ਹੜ੍ਹਾਂ ਤੱਕ ਪਿੱਛੇ ਜਾਣਾ ਪਵੇਗਾ। ਮਹਾਰਾਜ ਨੂੰ ਸੁੰਦਰਾਨਾ ਜਾਣਾ ਪਿਆ, ਸ਼ਾਸਕਾਂ ਨੂੰ ਇਹ ਕਹਿਣ ਲਈ ਕਿ ਹਾਜ਼ਰੀ ਦਾ ਸਿਸਟਮ ਬੰਦ ਕੀਤਾ ਜਾਵੇ। ਉਹ ਇਕ ਪਤਨਵਾਦੀਏ ਦੇ ਘਰ ਠਹਿਰੇ ਸਨ। ਉਸ ਰਾਤ ਬੜਾ ਮੋਹਲੇਧਾਰ ਮੀਂਹ ਪੈਣਾ ਸ਼ੁਰੂ ਹੋ ਗਿਆ ਸੀ। ਘਰ ਦੀ ਇਕ ਦੀਵਾਰ ਵੀ ਡਿੱਗ ਪਈ। ਮਗਰੋਂ ਔਲੇ ਵੀ ਪੈਣ ਲੱਗ ਪਏ, ਪਰ ਹਿਲਜੁਲ ਕੋਈ ਨਾ ਹੋਈ। ਉਹ ਮਹਾਰਾਜ ਕੋਲ ਬੈਠੇ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਕੰਮ ਵਿੱਚ ਜੁਟ ਜਾਣ। ਪਰ ਉਨ੍ਹਾਂ ਨੂੰ ਮਹਾਰਾਜ ਦੇ ਸਵੇਰ ਦੇ ਭੋਜਨ ਦੀ ਚਿੰਤਾ ਸੀ ਕਿਉਂਕਿ ਉਨ੍ਹਾਂ ਨੇ ਪਹਿਲੇ ਦਿਨ ਕੁਝ ਨਹੀਂ ਸੀ ਖਾਧਾ। ਜਲਦੀ ਹੀ ਸਵੇਰਾ ਹੋ ਗਿਆ। ਉਨ੍ਹਾਂ ਦੇ ਨਾਸ਼ਤੇ ਵਾਸਤੇ ਖਿਚੜੀ ਪਕਾਈ ਗਈ ਅਤੇ ਅੰਬ ਲਿਆਂਦੇ ਗਏ। ਜਦੋਂ ਉਨ੍ਹਾਂ ਨੇ ਭੋਜਨ ਕਰ ਲਿਆ ਅਤੇ ਉਨ੍ਹਾਂ ਨੂੰ ਅਗਲੇ ਘਰ ਭੇਜਿਆ ਗਿਆ ਤਾਂ ਪਾਣੀ ਖਤਰਨਾਕ ਲੈਵਲ ਤੱਕ ਚੜ੍ਹ ਆਇਆ ਸੀ ਜਲਦੀ ਹੀ ਖਤਰਾ ਪੈਦਾ ਹੋ ਗਿਆ ਕਿ ਸਾਰਾ ਪਿੰਡ ਡੁੱਬ ਜਾਵੇਗਾ। ਪਾਣੀ ਕਿਉਂ ਚੜ੍ਹ ਰਿਹਾ ਸੀ। ਕੀ ਕੋਈ ਤਰੀਕਾ ਨਹੀਂ ਸੀ। ਇਹ ਸਵਾਲ ਮਹਾਰਾਜ ਪੁੱਛ ਰਹੇ ਸਨ।

ਉਨ੍ਹਾਂ ਨੇ ਕਿਹਾ, "ਹਾਂ ! ਇਹ ਤਰੀਕਾ ਹੈ। ਜੇ ਛੋਟੀ ਜਿਹੀ ਰੇਲ ਦੀ ਪੁਲੀ ਉਡਾ ਦਿੱਤੀ ਜਾਵੇ ਤਾਂ ਪਾਣੀ ਨਾਲ ਦੇ ਨਾਲੇ ਵਿੱਚ ਸੁੱਟਿਆ ਜਾ ਸਕਦਾ ਹੈ। ਕੀ ਅਸੀਂ ਧਰਮਜ ਦੇ ਸਟੇਸ਼ਨ ਮਾਸਟਰ ਕੋਲੋਂ ਪੁਲੀ ਉਡਾਉਣ ਦੀ ਇਜ਼ਾਜ਼ਤ ਲੈਣ ਚਲੇ ਜਾਈਏ ?”

"ਨਹੀਂ, ਉਹ ਕਦੇ ਇਹੋ ਜਿਹੀ ਇਜ਼ਾਜ਼ਤ ਨਹੀਂ ਦੇਣਗੇ। ਜਾਉ! ਜਾ ਕੇ ਧਰਮਜ ਦੀ ਪੁਲੀ ਉਡਾ ਦਿਉ ।” ਮਹਾਰਾਜ ਨੇ ਸਲਾਹ ਦਿੱਤੀ।

ਪਿੰਡ ਬਚ ਗਿਆ। ਪਾਣੀ ਧਰਮਜ ਵੱਲ ਜਾਣ ਲੱਗ ਪਿਆ। ਉੱਥੋਂ ਵੀ ਵਕਤ ਸਿਰ ਪਾਣੀ ਨੂੰ ਸੁੰਦਰਾਨਾ ਵੱਲ ਮੋੜ ਦਿੱਤਾ ਗਿਆ। ਸੁੰਦਰਾਨਾ ਨੂੰ ਬਚਾਉਣ ਵਾਸਤੇ ਅੱਗੋਂ ਫਿਰ ਹੜ੍ਹ ਦੇ ਪਾਣੀ ਨੂੰ ਹੋਰ ਪਾਸੇ ਮੋੜ ਦਿੱਤਾ ਗਿਆ। ਇਸ ਵੇਲੇ ਮਹਾਰਾਜ ਨੂੰ ਆਪਣੇ ਪਿੰਡ ਵਟਾਦਰਾ ਦਾ ਖਿਆਲ ਆ ਗਿਆ। ਬਾਰਸ਼ ਅਜੇ ਮੋਹਲੇਧਾਰ ਪੈ ਰਹੀ ਸੀ। ਵਟਾਦਰਾ ਨੂੰ ਜਾਂਦਿਆਂ ਰਸਤੇ ਵਿੱਚ ਪੰਜ ਡੂੰਘੇ ਛੱਪੜ ਸਨ ਅਤੇ ਉਨ੍ਹਾਂ ਨੂੰ ਪਾਰ ਕਰਨਾ ਅਸੰਭਵ ਸੀ ਕਿਉਂਕਿ ਉਹ ਸਾਰੇ ਪਾਣੀ ਹੇਠ ਡੁੱਬੇ ਪਏ ਸਨ। ਮਹਾਰਾਜ ਲਾਂਭੇ ਦੇ ਖੇਤਾਂ ਵਿੱਚੋਂ ਅਤੇ ਕਈ ਘੰਟੇ ਚਿੱਕੜ ਤੇ ਗੋਡੇ ਗੋਡੇ ਪਾਣੀ ਵਿੱਚੋਂ ਤੁਰਦੇ ਹੋਏ ਵਟਾਦਰਾ ਪਹੁੰਚੇ। ਜਦੋਂ ਉਹ ਉੱਥੇ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਸੌ ਵਿੱਚੋਂ ਸਿਰਫ਼ ਚਾਰ ਘਰ ਬਚੇ ਸਨ, ਜੋ ਪਤਨਵਾਦੀਆਂ ਦੇ ਸਨ। ਉਸ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਆਦਮੀ, ਔਰਤਾਂ ਅਤੇ ਬੱਚੇ ਢਹਿੰਦੀਆਂ ਕੰਧਾਂ ਵਿੱਚ ਖਲੋਤੇ ਸਨ। ਅਜੇ ਵੀ ਪਾਣੀ ਚੜ੍ਹ ਰਿਹਾ ਸੀ। ਜਾਪਦਾ ਸੀ ਅੰਤ ਨੇੜੇ ਆ ਰਿਹਾ ਹੈ।

ਮਹਾਰਾਜ ਨੇ ਕਿਹਾ, "ਖੇਤਾਂ ਵਿੱਚ ਚਲੇ ਜਾਉ, "

"ਸਾਮਾਨ ਦਾ ਕੀ ਕਰੀਏ?"

"ਮੈਂ ਉਸ ਦਾ ਧਿਆਨ ਰੱਖਾਂਗਾ।"

ਖੇਤਾਂ ਤੱਕ ਪਹੁੰਚਣ ਲਈ ਉਨ੍ਹਾਂ ਨੂੰ ਇਕ ਛੋਟਾ ਜਿਹਾ ਨਾਲਾ ਪਾਰ ਕਰਨਾ ਪੈਣਾ ਸੀ। ਦਰਿਆ ਦੇ ਕੰਢੇ ਤੋਂ ਉਛਲਦੇ ਪਾਣੀ ਦੀ ਧਾਰਾ ਬੜੇ ਜ਼ੋਰ ਨਾਲ ਚੱਲ ਰਹੀ ਸੀ। ਮਹਾਰਾਜ ਨੇ ਇਕ ਰੱਸਾ ਮੰਗਵਾਇਆ। ਰੱਸੇ ਦਾ ਇਕ ਸਿਰਾ ਇਕ ਦਰਖਤ ਨਾਲ ਬੰਨ੍ਹਿਆ ਅਤੇ ਦੂਜਾ ਮਹਾਰਾਜ ਦੀ ਕਮਰ ਦੁਆਲੇ ਬੰਨ੍ਹ ਦਿੱਤਾ ਗਿਆ। ਉਹ ਨਾਲੇ ਵਿੱਚੋਂ ਤਰ ਕੇ ਪਾਰ ਹੋ ਗਏ ਅਤੇ ਦੂਜੇ ਕਿਨਾਰੇ ਤੇ ਪਹੁੰਚ ਕੇ ਰੱਸੇ ਨੂੰ ਮਜ਼ਬੂਤੀ ਨਾਲ ਬੰਨ੍ਹ ਦਿੱਤਾ। ਰੱਸਾ ਪਹਿਲਾਂ ਹੀ ਪਾਣੀ ਵਿੱਚ ਡੁੱਬਿਆ ਹੋਇਆ ਸੀ। ਉਹ ਨਾਲੇ ਦੇ ਵਿਚਕਾਰ ਚਲੇ ਗਏ ਅਤੇ ਉਨ੍ਹਾਂ ਹਰੇਕ ਨੂੰ ਪਾਰ ਕਰਵਾਇਆ। ਜਦੋਂ ਸਾਰੇ ਮਹਿਫ਼ੂਜ਼

ਜਗ੍ਹਾ ਪਹੁੰਚ ਗਏ ਤਾਂ ਉਹ ਆਪ ਮੁੜ ਤੈਰ ਕੇ ਪਿੰਡ ਦੀ ਰਾਖੀ ਕਰਨ ਵਾਸਤੇ ਪਿੰਡ ਪਹੁੰਚ ਗਏ।

ਅਗਲੇ ਦਿਨ ਜਦੋਂ ਪਾਣੀ ਕੁਝ ਲੱਥ ਗਿਆ ਤਾਂ ਉਹ ਇਕ ਪੱਕੇ ਘਰ ਵਿੱਚ ਚਲੇ ਗਏ। ਚਾਰ ਦਿਨ ਉਹ ਪਿੰਡ ਵਿੱਚ ਕੱਲ-ਮੁਕੱਲੇ ਰਹੇ। ਪੰਜਵੇਂ ਦਿਨ ਪਿੰਡ ਦਾ ਇਕ ਆਦਮੀ, ਜੋ ਅਫ਼ੀਮ ਦਾ ਅਮਲੀ ਸੀ, ਅਤੇ ਜਿਹੜਾ ਇਕ ਹੋਰ ਪਿੰਡ ਵਿੱਚ ਫਸ ਗਿਆ ਸੀ, ਵਾਪਸ ਆਇਆ, ਅਤੇ ਉਸ ਨੇ ਦੂਜੇ ਪਿੰਡ ਵਾਲਿਆਂ ਨੂੰ ਕਹਾਣੀ ਸੁਣਾਈ। ਕੰਧਰੋਟੀ ਅਤੇ ਨਾਲ ਦੇ ਪਿੰਡਾਂ ਦੇ ਲੋਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਮਹਾਰਾਜ ਨੇ ਹੜ੍ਹ ਤੋਂ ਬਚਾਇਆ ਸੀ। ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਮਹਾਰਾਜ ਨੂੰ ਪਾਣੀ ਦੇ ਇਕ ਵੱਡੇ ਨਾਲੇ ਦੇ ਤਲ ਉੱਤੇ ਤੈਰਦੇ ਵੇਖਿਆ ਸੀ, ਕਿ ਕੇਵਲ ਉਨ੍ਹਾਂ ਦੀ ਟੋਪੀ ਗਿੱਲੀ ਸੀ ਅਤੇ ਸਾਰੇ ਕੱਪੜੇ ਸੁੱਕੇ ਸਨ, ਅਤੇ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਸੀ ਕਿ ਹੜ੍ਹ ਤੋਂ ਬਿਲਕੁਲ ਨਾ ਡਰਨ ਅਤੇ ਇਕ ਪਹਾੜੀ ਦੀ ਚੋਟੀ ਤੇ ਚਲੇ ਜਾਣ ਅਤੇ ਉਨ੍ਹਾਂ ਨੂੰ ਮਹਿਫ਼ੂਜ਼ ਥਾਂ ਤੇ ਪਹੁੰਚਾ ਕੇ, ਮਹਾਰਾਜ ਆਪ ਨਾਲੇ ਵਿੱਚ ਪਾਣੀ ਤੇ ਤੁਰ ਕੇ ਵਾਪਸ ਆ ਗਿਆ ਅਤੇ ਸਵੇਰੇ ਉਹ ਸਾਰੇ ਲੋਕ ਮਹਾਰਾਜ ਦੇ ਚਰਨ ਛੂਹਣ ਲਈ ਇਕੱਠੇ ਹੋ ਕੇ ਆ ਰਹੇ ਹਨ ।

ਉਨ੍ਹਾਂ ਨੇ ਮਹਾਰਾਜ ਨੂੰ ਪੁੱਛਿਆ, “ਕੀ ਇਹ ਠੀਕ ਹੈ ਜੀ ?”

“ਤੁਸੀਂ ਸਾਰੇ ਜਾਣਦੇ ਹੋ ਕਿ ਮੈਂ ਇਹ ਪੰਜ ਦਿਨ ਇੱਥੇ ਬੈਠਾ ਪਾਣੀ ਨਾਲ ਘਿਰੇ ਪਿੰਡ ਵਿੱਚ ਬੈਠ ਕੇ ਸਾਮਾਨ ਦੀ ਰਾਖੀ ਕਰਦਾ ਰਿਹਾ ਹਾਂ ।” ਮਹਾਰਾਜ ਨੇ ਮੁਸਕਰਾ ਕੇ ਕਿਹਾ।

“ਤਾਂ ਫਿਰ ਜਿਹੜੀ ਕਹਾਣੀ ਅਸੀਂ ਸੁਣੀ ਹੈ, ਉਹ ਝੂਠੀ ਹੈ?”

“ਹਾਂ ਉਹ ਇਕ ਕਹਾਣੀ ਹੀ ਹੈ ।”

ਮਹਾਰਾਜ ਨੇ ਹੋਰ ਕੁਝ ਨਾ ਕਿਹਾ ਪਰ ਆਪ ਉਹ ਬੜੀ ਉਲਝਣ ਵਿੱਚ ਪੈ ਗਏ ਸੀ। ਜਦੋਂ ਉਹ ਇਹ ਸਾਰਾ ਸਮਾਂ ਵਟਾਦਰਾ ਵਿੱਚ ਹੀ ਰਿਹਾ ਹੈ ਤਾਂ ਕੰਧਰੋਟੀ ਦੇ

ਲੋਕਾਂ ਨੇ ਉਸ ਨੂੰ ਪਾਣੀ ਉੱਤੇ ਤੁਰਦੇ ਕਿਵੇਂ ਵੇਖ ਲਿਆ ? ਉਨ੍ਹਾਂ ਨੇ ਸਿਰਫ਼ ਉਸ ਨੂੰ ਵੇਖਿਆ ਹੀ ਨਹੀਂ ਸੀ ਸਗੋਂ ਉਹ ਉਸ ਦੇ ਪਾਏ ਕੱਪੜਿਆਂ ਬਾਰੇ ਵੀ ਜਾਣਦੇ ਸਨ ਅਤੇ ਉਹ ਸ਼ਬਦ ਵੀ ਉਨ੍ਹਾਂ ਨੂੰ ਯਾਦ ਸਨ ਜਿਹੜੇ ਉਸ ਦੇ ਕਹੇ ਦੱਸੇ ਗਏ। ਉਸੇ ਦਿਨ ਸ਼ਾਮੀਂ ਇਕ ਹੋਰ ਵਚਿੱਤਰ ਘਟਨਾ ਵਾਪਰੀ। ਜਿਸ ਘਰ ਵਿੱਚ ਮਹਾਰਾਜ ਠਹਿਰੇ ਸਨ, ਉਸ ਘਰ ਦਾ ਘੋੜਾ ਬੇਚੈਨ ਜਿਹਾ ਹੋਣ ਲੱਗਿਆ ਅਤੇ ਹਿਣਹਿਣਾਉਣ ਲੱਗ ਪਿਆ। ਮਹਾਰਾਜ ਨੇ ਸੋਚਿਆ ਕਿ ਉਹ ਭੁੱਖਾ ਹੈ ਇਸ ਕਰਕੇ ਉਹ ਅਸਤਬਲ ਵੱਲ ਗਏ ਉਨ੍ਹਾਂ ਨੇ ਕੁਝ ਘਾਹ ਤੇ ਤੂੜੀ ਉਸ ਦੇ ਅੱਗੇ ਪਾਈ। ਅਸਤਬਲ ਵੱਲ ਜਾਂਦੇ ਰਾਹ ਦੇ ਕੋਲ ਦੋ ਬਲਦ ਵੀ ਬੰਨ੍ਹੇ ਹੋਏ ਸਨ। ਘਰ ਦਾ ਮਾਲਕ ਸਭ ਕੁਝ ਚੁੱਪ-ਚਾਪ ਵੇਖ ਰਿਹਾ ਸੀ। ਕੁਝ ਮਿੰਟਾਂ ਬਾਅਦ ਉਸ ਨੇ ਪੁੱਛਿਆ, "ਮਹਾਰਾਜ, ਤੁਸੀਂ ਸਾਡੇ ਅੱਗੇ ਝੂਠ ਕਿਉਂ ਬੋਲਦੇ ਹੋ ?”

"ਕਿਹੜਾ ਝੂਠ?”

"ਤੁਸੀਂ ਕੰਧਰੋਟੀ ਦੇ ਲੋਕਾਂ ਨੂੰ ਬਚਾਉਣ ਲਈ ਕਰਾਮਾਤ ਕੀਤੀ ਹੈ। ਦਸੋ ਨਹੀਂ ਕੀਤੀ?"

“ਤੁਸੀਂ ਇਸ ਨਤੀਜੇ ਤੇ ਕਿਵੇਂ ਪੁੱਜ ਗਏ?"

"ਇਹ ਦੋ ਬਲਦ ਕਿਸੇ ਨੂੰ ਵੀ ਆਪਣੇ ਕੋਲੋਂ ਲੰਘ ਕੇ ਅਸਤਬਲ ਨਹੀਂ ਜਾਣ ਦੇਂਦੇ। ਇਨ੍ਹਾਂ ਨੇ ਤੁਹਾਡੇ ਲੰਘਦਿਆਂ ਆਪਣਾ ਸਿਰ ਤੱਕ ਨਹੀਂ ਹਿਲਾਇਆ ।”

ਮਹਾਰਾਜ ਖਿੜਖਿੜਾ ਕੇ ਹੱਸ ਪਏ। ਇਹ ਆਦਮੀ ਜਿਸ ਨੂੰ ਕਰਾਮਾਤ ਕਹਿ ਰਿਹਾ ਸੀ, ਉਹ ਬੜੀ ਸਾਧਾਰਨ ਜਿਹੀ ਗੱਲ ਸੀ। ਜਾਨਵਰ ਆਪਣੀ ਜਮਾਂਦਰੂ ਸ਼ਕਤੀ ਤੋਂ ਹੀ ਜਾਣ ਲੈਂਦੇ ਹਨ ਕਿ ਕੋਈ ਉਨ੍ਹਾਂ ਤੋਂ ਡਰ ਰਿਹਾ ਹੈ ਜਾਂ ਨਹੀਂ। ਜਿਹੜਾ ਉਨ੍ਹਾਂ ਤੋਂ ਡਰਦਾ ਹੈ ਉਹ ਉਸ ਦਾ ਪਿੱਛਾ ਕਰਦੇ ਹਨ। ਮਹਾਰਾਜ ਮੁੱਢੋਂ ਹੀ ਨਿਡਰ ਸਨ, ਉਹ

ਬਲਦਾਂ ਨੂੰ ਗੋਲੇ ਬਿਨਾਂ ਹੀ ਅਸਤਬਲ ਚਲੇ ਗਏ ਅਤੇ ਉੱਥੋਂ ਆ ਗਏ ਸਨ। ਉਨ੍ਹਾਂ ਦੇ ਮੇਜ਼ਬਾਨ ਨੇ ਇਸ ਘਟਨਾ ਨੂੰ ਕਰਾਮਾਤ ਸਮਝ ਲਿਆ।

ਅਗਲੇ ਦਿਨ ਕੰਧਰੋਟੀ ਦੇ ਲੋਕ ਆਏ ਅਤੇ ਉਨ੍ਹਾਂ ਦੇ ਚਰਨਾਂ ਤੇ ਡਿੱਗ ਪਏ। ਉਨ੍ਹਾਂ ਨੇ ਕਿਹਾ, "ਮਹਾਰਾਜ ! ਜੇ ਤੁਸੀਂ ਨਾ ਆਉਂਦੇ ਤਾਂ ਅਸੀਂ ਡੁੱਬ ਜਾਣਾ ਸੀ।"

"ਮੈਂ ਨਾ ਇਸ ਪਿੰਡ ਵਿੱਚੋਂ ਨਿਕਲਿਆ ਹਾਂ ਨਾ ਮੈਂ ਕਿਸੇ ਨੂੰ ਬਚਾਇਆ ਹੈ। ਮੈਨੂੰ ਕਰਾਮਾਤ ਕਰਨੀ ਆਉਂਦੀ ਹੀ ਨਹੀਂ। ਮੈਂ ਪਾਣੀ ਉੱਤੇ ਨਹੀਂ ਤੁਰ ਸਕਦਾ। ਤੁਸੀਂ ਮਨ ਦੇ ਕਿਸੇ ਭਰਮ ਵਿੱਚ ਪਏ ਹੋਏ ਹੋ ।" ਮਹਾਰਾਜ ਨੇ ਬੜੇ ਦ੍ਰਿੜ੍ਹ ਹੋ ਕੇ ਕਿਹਾ।

ਉਨ੍ਹਾਂ ਨੇ ਉਨ੍ਹਾਂ ਦੀ ਗੱਲ ਦਾ ਯਕੀਨ ਨਾ ਕੀਤਾ ਅਤੇ ਕਦੇ ਵੀ ਨਹੀਂ ਕਰਨਗੇ। ਉਨ੍ਹਾਂ ਨੇ ਉਨ੍ਹਾਂ ਦੇ ਚਰਨ ਛੋਹੇ ਅਤੇ ਵਾਪਸ ਪਿੰਡ ਚਲੇ ਗਏ। ਇਸ ਸੰਬੰਧ ਵਿੱਚ ਲੋਕਾਂ ਦੇ ਵਿਸ਼ਵਾਸ ਤੋਂ ਦੁਖਿਤ ਹੋ ਕੇ ਮਹਾਰਾਜ ਇਸ ਦੀ ਕੇਵਲ ਇਕ ਸੰਭਵ ਵਿਆਖਿਆ ਸਮਝ ਸਕੇ : ਬਹੁਤ ਹੀ ਸੰਕਟਮਈ ਅਵਸਥਾ ਵਿੱਚ ਕਿਸੇ ਵਿਅਕਤੀ ਲਈ ਬਹੁਤ ਹੀ ਡੂੰਘਾ ਪਿਆਰ ਅਜਿਹਾ ਭਰਮ ਪੈਦਾ ਕਰ ਸਕਦਾ ਹੈ।

"ਇਹ ਬਹੁਤ ਹੀ ਡੂੰਘਾ ਪਿਆਰ ਹੈ ।"

ਸਾਰੀ ਪੁਸਤਕ ਦਾ ਸਾਰ ਇਨ੍ਹਾਂ ਤਿੰਨਾਂ ਸ਼ਬਦਾਂ ਵਿੱਚ ਦਿੱਤਾ ਜਾ ਸਕਦਾ ਹੈ। ਬਹੁਤ ਹੀ ਡੂੰਘਾ ਪਿਆਰ।

*********

# ਜੀਵਨ ਕਥਾ

1884-1902 ; ਰਵੀਸ਼ੰਕਰ ਵਿਆਸ ਦਾ ਜਨਮ 25 ਫਰਵਰੀ, 1884 ਨੂੰ ਗੁਜਰਾਤ ਦੇ ਖੇੜਾ-ਜ਼ਿਲ੍ਹਾ, ਮਾਤਾਰ ਤੱਲੁਕਾ ਦੇ ਪਿੰਡ ਰਾਧੂ ਵਿੱਚ ਹੋਇਆ ਸੀ। ਪਰ ਉਸ ਦਾ ਜੱਦੀ ਪਿੰਡ ਸਾਰਸਵਾਣੀ ਸੀ, ਜਿੱਥੇ ਉਸ ਦੇ ਪਿਤਾ ਸ਼ਿਵ ਰਾਮ ਵਿਆਸ, ਅਤੇ ਉਨ੍ਹਾਂ ਦੀ ਮਾਤਾ ਨਾਥੀ ਰਹਿੰਦੇ ਸਨ। ਉਹ ਬ੍ਰਾਹਮਣ ਸਨ ਅਤੇ ਉਸ ਦੇ ਪਿਤਾ ਕਿੱਤੇ ਵੱਜੋਂ ਅਧਿਆਪਕ ਸਨ। ਭਾਵੇਂ ਨਾਥੀ-ਬਾ ਇਕ ਅਨਪੜ੍ਹ ਔਰਤ ਸੀ ਉਸ ਨੇ ਹਿੰਦੂ ਧਰਮ ਗ੍ਰੰਥਾਂ ਤੋਂ ਚੋਖੀ ਸੂਝ-ਬੂਝ ਗ੍ਰਹਿਣ ਕੀਤੀ ਸੀ, ਉਹ ਉਨ੍ਹਾਂ ਦੀ ਕਥਾ-ਵਿਆਖਿਆ ਲਗਾਤਾਰ ਅਤੇ ਹਮੇਸ਼ਾਂ ਸੁਣਦੀ ਰਹਿੰਦੀ ਸੀ। ਮਹਾਰਾਜ ਆਪਦੀ ਚੰਗੀ ਸਿਹਤ ਅਤੇ ਬਿਨਾਂ ਅਕੇਵੇਂ ਦੇ ਕੋਈ ਵੀ ਔਖੇ ਤੇ ਔਖਾ ਕੰਮ ਕਰਨ ਦੇ ਜੇਰੇ ਨੂੰ ਬਚਪਨ ਵਿੱਚ ਆਪਣੀ ਮਾਤਾ ਤੋਂ ਮਿਲੀ ਸਿੱਖਿਆ ਦਾ ਵਰਦਾਨ ਸਮਝਦਾ ਸੀ। ਭਾਵੇਂ ਉਸ ਦੇ ਪਿਤਾ ਬਾਰਾਂ ਰੁਪਏ ਮਾਹਵਾਰ ਤਨਖ਼ਾਹ ਲੈਣ ਵਾਲੇ ਇਕ ਗਰੀਬ ਆਦਮੀ ਸਨ, ਉਨ੍ਹਾਂ ਨੇ ਹਮੇਸ਼ਾਂ ਮੁਕੰਮਲ ਈਮਾਨਦਾਰੀ ਨੂੰ ਪੱਲੇ ਬੰਨ੍ਹੀਂ ਰਖਿਆ ਅਤੇ ਚੰਗੇ ਗੁਣਾਂ ਤੇ ਚੰਗੀਆਂ ਆਦਤਾਂ ਨੂੰ ਧਾਰਨ ਕਰਨਾ ਉਹ ਚੰਗੇ ਜੀਵਨ ਲਈ ਜ਼ਰੂਰੀ ਸਮਝਦੇ ਸਨ। ਉਹ ਅਨੁਸ਼ਾਸਨ ਵਿੱਚ ਪੱਕੇ ਹੋਣ ਦੇ ਬਾਵਜੂਦ ਬੱਚਿਆਂ ਨੂੰ ਪਿਆਰ ਕਰਨ ਵਾਲੇ ਅਧਿਆਪਕ ਸਨ। ਮਹਾਰਾਜ ਅਨੁਸਾਰ ਉਨ੍ਹਾਂ ਨੇ ਤਰਨ ਦੀ ਜਾਚ, ਧਾਰਮਕ ਸਭਿਆਚਾਰ ਵਿੱਚ ਦ੍ਰਿੜ੍ਹਤਾ, ਅਤੇ ਔਖੇ ਤੋਂ ਔਖੇ ਹਾਲਾਤ ਵਿੱਚ ਵੀ ਮਾਨਸਿਕ ਖਿਚਾਅ ਤੋਂ ਬਿਨਾਂ ਜੀਵਨ ਜੀਣ ਦੀ ਜਾਂਚ ਆਪਣੇ ਪਿਤਾ ਜੀ ਪਾਸੋਂ ਵਿਰਸੇ ਵਿੱਚ ਲਈ।

ਬਚਪਨ ਤੋਂ ਹੀ ਰਵੀਸ਼ੰਕਰ ਨੇ ਜੋਖਮ ਦੇ ਕੰਮ ਕਰਨ, ਨਿਰਭੈਤਾ ਅਤੇ ਦਇਆ ਦੇ ਗੁਣ ਚੰਗੀ ਤਰ੍ਹਾਂ ਗ੍ਰਹਿਣ ਕਰ ਲਏ। ਜਵਾਨੀ ਦੇ ਦਿਨਾਂ ਵਿੱਚ ਆਪਣੇ ਸਿਰੜ ਤੇ ਤਨ ਦੇ ਹੀ ਸਦਕਾ ਉਸ ਨੇ ਖੇਤੀਬਾੜੀ ਦੇ ਕਈ ਚੰਗੇ ਤੇ ਨਵੇਂ ਢੰਗ ਸਿੱਖੇ। ਉਹ ਪਿੰਡ ਦੀਆਂ ਸਾਰੀਆਂ ਖੇਡਾਂ ਖੇਡਣ ਦਾ ਸ਼ੁਕੀਨ ਸੀ। ਪਰ ਉਸ ਦੀ ਸਭ ਤੋਂ ਪਿਆਰੀ ਖੇਡ ਗੇਦੀ-ਡਾਡਾ ਇਕ ਕਿਸਮ ਦੀ ਪੇਂਡੂ ਹਾਕੀ ਸੀ। ਉਹ ਜੰਗਲ ਵਿੱਚ ਦਰਖਤਾਂ ਦੀਆਂ ਟੇਢੀਆਂ ਟਹਿਣੀਆਂ ਲੱਭਣ ਜਾਂਦਾ ਸੀ, ਜਿਨ੍ਹਾਂ ਦੀ ਉਹ ਗੇਦੀ-ਡਾਡਾ ਪੇਂਡੂ ਹਾਕੀ ਬਣਾ ਸਕੇ। ਉਹ ਆਪਣੇ ਵਾਸਤੇ ਆਪ ਹੀ ਡਾਡ (ਬਾਲ) ਬਣਾ ਲਿਆ ਕਰਦਾ; ਕਿਸੇ ਚੀਜ਼ ਜਾਂ ਲੀਰਾਂ ਨੂੰ ਗੋਲ ਕਰਕੇ ਧਾਗੇ ਨਾਲ ਚੰਗੀ ਤਰ੍ਹਾਂ ਸਿਉਂ ਕੇ, ਪੀਡੀ ਪੱਕੀ ਗੇਂਦ ਬਣਾ ਲੈਂਦਾ ਸੀ। ਉਹ ਦਰਖਤਾਂ ਉੱਤੇ ਚੜ੍ਹਨ, ਉਨ੍ਹਾਂ ਨਾਲ ਝੂਲਣ, ਦਰਿਆ ਵਿੱਚ ਗੋਤਾ ਲਾਉਣ, ਜੰਗਲ ਵਿੱਚੋਂ ਤਰ੍ਹਾਂ ਤਰ੍ਹਾਂ ਦੇ ਫਲ ਤੋੜਨ ਵਰਗੇ ਮਰਦਾਨਾਂ ਸ਼ੁਗਲਾਂ ਨੂੰ ਪਸੰਦ ਕਰਦਾ ਸੀ।

ਸ਼ੁਰੂ ਵਿੱਚ ਉਸ ਨੇ ਆਪਣੇ ਪਿਤਾ ਪਾਸੋਂ ਘਰੇ ਹੀ ਵਿੱਦਿਆ ਲਈ। ਜਦੋਂ ਉਨ੍ਹਾਂ ਦਾ ਪਰਵਾਰ ਸਰਸਵਣੀ ਆ ਗਿਆ ਤਾਂ ਉਹ ਸਥਾਨਕ ਸਕੂਲ ਵਿੱਚ ਜਾਣ ਲੱਗ ਪਿਆ। ਉਹ ਇਤਿਹਾਸ, ਭੂਗੋਲ ਅਤੇ ਪਹਾੜਿਆਂ ਦਾ ਚੰਗਾ ਵਿਦਿਆਰਥੀ ਸੀ। ਪਰ ਉਸ ਦੀ ਪਕੜ ਵਿੱਚ ਹਿਸਾਬ ਕਦੇ ਨਹੀਂ ਸੀ ਆਇਆ ਕਿਉਂਕਿ ਉਸ ਨੇ ਕਦੇ ਵੀ ਨਕਲ ਨਹੀਂ ਸੀ ਮਾਰੀ। ਉਹ ਕਹਿੰਦਾ ਹੈ ਕਿ ਉਸ ਦੀ ਲਿਖਾਈ ਕਦੇ ਨਾ ਠੀਕ ਹੋਈ। ਇਕ ਪ੍ਰਬੰਧਕ ਅਤੇ ਅਗਵਾਈ ਕਰ ਸਕਣ ਦੇ ਉਸ ਦੇ ਗੁਣ ਇਸ ਸਮੇਂ ਹੀ ਉਜਾਗਰ ਹੋਣੇ ਸ਼ੁਰੂ ਹੋ ਗਏ ਸਨ। ਅਧਿਆਪਕ ਉਸ ਨੂੰ ਕੰਮ ਦੇਂ ਦੇਂਦੇ ਸਨ, ਅਤੇ ਪਿਕਨਿਕ ਆਦਿ ਵਰਗੇ ਮੌਕਿਆਂ ਉੱਤੇ ਉਹ ਇਕ ਅਦੁੱਤੀ ਨੇਤਾ ਤੇ ਪ੍ਰਬੰਧਕ ਸਾਬਤ ਹੁੰਦਾ।

1904 ਵਿੱਚ ਉਸ ਦੇ ਚਾਚਾ ਦੀ ਮੌਤ ਹੋ ਗਈ। ਉਸ ਦੇ ਚਾਚਾ ਪਿੰਡ ਦੇ ਮੰਦਰ ਦੇ ਪੁਜਾਰੀ ਸਨ। ਪਿੰਡ ਵਿੱਚ ਬਰਾਦਰੀ ਦੇ ਹਰ ਖੁਸ਼ੀ ਜਾਂ ਗਮੀ ਜਿਵੇਂ ਜਨਮ, ਮੌਤ ਸ਼ਾਦੀ ਆਦਿ ਦੇ ਮੌਕੇ ਉਹ ਧਾਰਮਕ ਰਸਮਾਂ ਅਦਾ ਕਰਿਆ ਕਰਦਾ। ਹਰ ਰਸਮ ਲਈ ਉਸ ਨੂੰ ਨਕਦੀ ਜਾਂ ਰਸਦ-ਕੱਪੜੇ ਦੇ ਰੂਪ ਵਿੱਚ ਕੁਝ ਭੇਟਾ ਦਿੱਤੀ ਜਾਂਦੀ।

ਪੁਜਾਰੀ ਸਦਾ ਬ੍ਰਾਹਮਣ ਜਾਤੀ ਵਿੱਚੋਂ ਹੁੰਦਾ ਸੀ ਅਤੇ ਉਸ ਦੇ ਹਲਕੇ ਦੇ ਲੋਕ ਉਸ ਨੂੰ ਸਤਿਕਾਰ ਵਜੋਂ 'ਮਹਾਰਾਜ' ਕਹਿ ਕੇ ਬੁਲਾਉਂਦੇ ਸਨ। ਆਪਣੇ ਚਾਚੇ ਦੇ ਦੇਹਾਂਤ ਪਿੱਛੋਂ ਇਹ ਡਿਊਟੀਆਂ ਜਵਾਨ ਰਵੀਸ਼ੰਕਰ ਨੂੰ ਨਿਭਾਉਣੀਆਂ ਪੈ ਗਈਆਂ ਕਿਉਂਕਿ ਉਸ ਦੇ ਪਿਤਾ ਇਨ੍ਹਾਂ ਕੰਮਾਂ ਵਿੱਚ ਰੁਚੀ ਨਹੀਂ ਸੀ ਰੱਖਦੇ। ਅਠਾਰਾਂ ਸਾਲ ਵਾਸਤੇ 1921 ਤੱਕ ਰਵੀਸ਼ੰਕਰ ਇਹ ਕੰਮ ਕਰਦਾ ਰਿਹਾ। ਭਾਵੇਂ ਉਸ ਨੂੰ ਦਿੱਤੀ ਜਾਣ ਵਾਲੀ ਨਕਦ ਭੇਟਾ, ਕੱਪੜਾ-ਲੱਤਾ ਜਾਂ ਰਸਦ-ਪਾਣੀ ਇਕ ਕਿਸਮ ਦੀ ਮਾਣ-ਭੇਟਾ ਹੀ ਸੀ ਪਰ ਹੌਲੀ ਹੌਲੀ ਇਸ ਨੇ ਭਿਖਿਆ ਵਾਲੇ ਅਣਸੁਖਾਵੇਂ ਸਬੰਧ ਸਥਾਪਤ ਕਰ ਦਿੱਤੇ। ਰਵੀ ਸ਼ੰਕਰ ਨਹੀਂ ਸੀ ਚਾਹੁੰਦਾ ਕਿ ਉਸ ਦੇ ਜਜਮਾਨ ਉਸ ਨੂੰ ਭਿਖਾਰੀ ਸਮਝਣ; ਇਸ ਲਈ ਉਸ ਨੇ ਆਪਣੇ ਨਿਯਮ ਬਣਾ ਲਏ।

1904 : ਉਸ ਦੇ ਪਿਤਾ ਸੁਰਗਵਾਸ ਹੋ ਗਏ। ਉਨ੍ਹੀਂ ਸਾਲ ਦੀ ਉਮਰ ਵਿੱਚ ਰਵੀਸ਼ੰਕਰ ਆਪਣੇ ਪਰਵਾਰ ਦਾ ਮੁਖੀ ਬਣ ਗਿਆ। ਇਹ ਉਹ ਸਮਾਂ ਸੀ ਜਦੋਂ ਉਹ ਕਈ 'ਆਦਰਸ਼ਕ ਮਨੁੱਖਾਂ' ਦੇ ਪ੍ਰਭਾਵ ਹੇਠ ਆਇਆ, ਜਿਨ੍ਹਾਂ ਨੇ ਉਸ ਦੇ ਚਰਿੱਤਰ ਦਾ ਨਿਰਮਾਣ ਕੀਤਾ। ਇਕ ਨਾਟਕ ਕੰਪਨੀ ਦੇ ਸੰਵੇਦਨਸ਼ੀਲ ਕਵੀ ਛੋਟਾ ਲਾਲ ਨੇ ਉਸ ਦੀ ਜਾਣ ਪਛਾਣ ਆਰੀਆ ਸਮਾਜ ਨਾਲ ਕਰਾਈ ਜੋ ਵੇਦਾਂ ਅਤੇ ਪ੍ਰਾਚੀਨ ਧਾਰਮਕ ਗ੍ਰੰਥਾਂ ਨੂੰ ਅਤੇ ਯੱਗ ਨੂੰ ਹਿੰਦੂ ਧਰਮ ਦਾ ਮੂਲ ਆਧਾਰ ਮੰਨਣ ਵਾਲੀ ਇਕ ਪੁਨਰ-ਜਾਗ੍ਰਿਤੀ ਦੀ ਲਹਿਰ ਸੀ। ਕਵੀ ਨੇ ਉਸ ਨੂੰ ਆਰੀਆਈ ਸਭਿਅਤਾ ਦਾ ਇਤਿਹਾਸ ਅਤੇ ਵਿਰਸਾ ਦਸਿਆ ਅਤੇ ਯੱਗਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਰਵੀਸ਼ੰਕਰ ਨੇ ਵੇਦ-ਮੰਤਰਾਂ ਦਾ ਉਚਾਰਨ ਅਤੇ ਯੱਗ ਕਰਨ ਦੀ ਜਾਚ ਸਿੱਖੀ। ਪੁਜਾਰੀ ਦੇ ਤੌਰ ਤੇ ਕੰਮ ਧੰਦੇ ਪ੍ਰਤੀ ਉਸ ਦੀ ਰੁਚੀ ਹੋਰ ਵੀ ਘਟ ਗਈ।

ਇਸ ਤਰ੍ਹਾਂ ਆਪਣਾ ਅਧਿਐਨ ਜਾਰੀ ਰੱਖਣ ਦੇ ਨਾਲ ਨਾਲ, ਉਪਜੀਵਕਾ ਲਈ ਉਸ ਨੇ ਖੇਤੀ ਸ਼ੁਰੂ ਕਰ ਲਈ। ਜਿਉਂ ਜਿਉਂ ਉਸ ਦੀ ਪੜ੍ਹਾਈ ਅੱਗੇ ਵਧਦੀ ਗਈ, ਖੇਤੀ ਵਿੱਚ ਉਸ ਦਾ ਸ਼ੌਕ ਘਟਦਾ ਗਿਆ। ਇਸ ਸਮੇਂ ਗ੍ਰਹਿਣ-ਸ਼ੀਲ ਮਨ ਉੱਤੇ ਨਵੀਂ ਉੱਭਰ ਰਹੀ ਕੌਮੀ ਲਹਿਰ ਦਾ ਡੂੰਘਾ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਸੀ।

1905: ਉਸ ਨੇ ਦੋ ਆਦਮੀਆਂ ਨੂੰ ਦਰਿਆ ਵਿੱਚ ਡੁੱਬਣ ਤੋਂ ਬਚਾਇਆ ਸੀ। 21 ਸਾਲ ਦੀ ਉਮਰ ਵਿੱਚ ਰਵੀਸ਼ੰਕਰ ਨੇ 16 ਸਾਲ ਦੀ ਇਕ ਲੜਕੀ ਸੂਰਜ ਨਾਲ ਵਿਆਹ ਕੀਤਾ।

1907: ਉਸ ਦੀ ਮਾਤਾ ਦੀ ਮ੍ਰਿਤੂ ਹੋ ਗਈ। 23 ਸਾਲ ਦੀ ਉਮਰ ਵਿੱਚ ਰਵੀ ਸ਼ੰਕਰ ਆਰੀਆ ਸਮਾਜ ਦਾ ਪ੍ਰਚਾਰਕ ਬਣ ਗਿਆ। ਲੋਕ-ਜੀਵਨ ਵਿੱਚ ਇਹ ਉਸ ਦਾ ਪ੍ਰਵੇਸ਼ ਸੀ।

1911: ਵਡੋਦਰਾ ਦੇ ਇਕ ਯਤੀਮਖਾਨੇ ਵਾਸਤੇ ਚੰਦਾ ਇਕੱਠਾ ਕਰਨ ਲਈ ਉਸ ਨੇ ਸੂਰਤ ਦੇ ਆਸ ਪਾਸ ਦੇ ਇਲਾਕੇ ਨੂੰ ਗਾਹਿਆ। ਕੌਮ ਲਈ ਕੁਰਬਾਨੀਆਂ ਕਰਨ ਦਾ ਜ਼ਜਬਾ ਇਸ ਨੌਜਵਾਨ ਦੇ ਮਨ ਵਿੱਚ ਭੜਕ ਉੱਠਿਆ। ਮੋਹਨ ਲਾਲ ਪਾਂਡੇ ਨਾਲ ਉਸ ਦੀ ਮੁਲਾਕਾਤ ਹੋਈ। ਪਾਂਡੇ ਨੇ ਉਸ ਨੂੰ ਦੁਨੀਆਂ ਦੇ ਇਤਿਹਾਸ ਬਾਰੇ ਦੱਸਿਆ, ਬਲਵਾਨ ਦੇਸ਼ਾਂ ਵਿੱਚ ਚਲ ਰਹੇ ਝਗੜੇ ਬਾਰੇ ਦੱਸਿਆ ਅਤੇ ਗਾਂਧੀ ਜੀ ਦੀ ਸੰਖੇਪ ਜੀਵਨ-ਕਥਾ ਪੁਸਤਕ ਉਸ ਨੂੰ ਪੜ੍ਹਨ ਲਈ ਦੇ ਕੇ ਉਸ ਦੀ ਜਾਣ-ਪਛਾਣ ਗਾਂਧੀ ਜੀ ਨਾਲ ਕਰਵਾਈ। ਰਵੀਸ਼ੰਕਰ ਨੇ ਇਹ ਪੁਸਤਕ ਪੜ੍ਹੀ ਅਤੇ ਗਾਂਧੀ ਜੀ ਦੀ ਸ਼ਖਸੀਅਤ ਤੋਂ ਉਹ ਪ੍ਰਭਾਵਤ ਹੋਇਆ। ਪਾਂਡੇ ਨੇ ਵੱਡੇ ਭਰਾ ਵਾਂਗ ਉਸ ਦੀ ਹੌਸਲਾ ਅਫ਼ਜਾਈ ਕੀਤੀ। ਉਹ ਰਵੀਸ਼ੰਕਰ ਨੂੰ ਕਾਂਗਰਸ ਦੀ ਮੀਟਿੰਗ ਵਿੱਚ ਲੈ ਗਿਆ ਅਤੇ ਲੀਡਰਾਂ ਨਾਲ ਵਾਕਫ਼ੀਅਤ ਕਰਾਈ। ਯਕੀਨਨ ਪਾਂਡੇ ਨੇ ਉਸ ਨੂੰ ਅੱਗੇ ਵਧਣ ਵਿੱਚ ਸਹਾਇਤਾ ਦਿੱਤੀ।

1915: ਨਵੇਂ ਸਾਲ ਦੇ ਦਿਨ ਰਵੀ ਸ਼ੰਕਰ ਨਾਦੀਆਦ ਤੁਰ ਕੇ ਗਿਆ ਅਤੇ ਦੇਸੀ ਕੱਪੜਿਆਂ ਦਾ ਇਕ ਜੋੜਾ ਖਰੀਦਿਆ। ਇਸ ਤਰ੍ਹਾਂ ਉਸ ਨੇ ਸਵਦੇਸ਼ੀ ਲਹਿਰ ਵਿੱਚ ਹਿੱਸਾ ਲਿਆ।

1916: ਉਸ ਨੇ ਪਹਿਲੀ ਵਾਰੀ ਗਾਂਧੀ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਨੂੰ ਸੁਣਿਆ। ਇਸ ਘਟਨਾ ਨੇ ਉਸ ਉੱਤੇ ਜਾਦੂ ਦਾ ਅਸਰ ਕੀਤਾ। ਉਹ ਕਹਿੰਦਾ ਹੈ, "ਇਸ

ਘਟਨਾ ਤੋਂ ਬਾਅਦ ਅਜਿਹੀਆਂ ਗੱਲਾਂ ਵਾਪਰੀਆਂ ਜਿਨ੍ਹਾਂ ਨੇ ਮੈਨੂੰ ਹੋਰ ਵੀ ਇਸ ਜਾਦੂ ਦੇ ਅਸਰ ਹੇਠ ਲੈ ਆਉਂਦਾ ।"

1918: ਉਸ ਦੇ ਜੀਵਨ ਦਾ ਮਹੱਤਵ-ਪੂਰਨ ਸਾਲ ਜਦੋਂ ਉਸ ਦੀ ਨਿਰਭੈਤਾ ਚਮਤਕਾਰੀ ਢੰਗ ਨਾਲ ਪ੍ਰਗਟ ਹੋਈ। ਮਹਿਮਦਬਾਦ ਤਲੁਕਾ ਵਿੱਚ ਡਾਕੂ, ਜਨਤਾ ਨੂੰ ਤੰਗ ਕਰ ਰਹੇ ਸਨ। ਉਸਦੇ ਆਪਣੇ ਜੱਦੀ ਪਿੰਡ ਸਰਸਵਣੀ ਦੇ ਲੋਕ ਡਾਕੂਆਂ ਤੋਂ ਆਪਣੇ ਬਚਾਉ ਲਈ ਇਕ ਪਾਗੀ (ਚੌਕੀਦਾਰ) ਰੱਖਣ ਦੀ ਸੋਚ ਰਹੇ ਸਨ। ਪਾਗੀ ਉਨ੍ਹਾਂ ਤੋਂ ਇਸ ਕੰਮ ਲਈ ਬਹੁਤ ਪੈਸੇ ਮੰਗ ਰਿਹਾ ਸੀ। ਪਿੰਡ ਵਾਲੇ ਇੰਨੇ ਪੈਸੇ ਦੇ ਨਹੀਂ ਸਨ ਸਕਦੇ। ਮਾਯੂਸ ਪਾਗੀ ਨੇ ਇਹ ਅਫ਼ਵਾਹ ਫ਼ੈਲਾ ਦਿੱਤੀ ਕਿ ਡਾਕੂ ਇਕ ਸ਼ਾਮ ਪਿੰਡ ਤੇ ਹਮਲਾ ਕਰ ਰਿਹਾ ਹੈ। ਪਿੰਡ ਵਾਲੇ ਡਰ ਨਾਲ ਕੰਬਣ ਲੱਗੇ। ਨੌਜਵਾਨ ਰਵੀਸ਼ੰਕਰ ਇਕੱਲਾ ਪਿੰਡ ਦੇ ਬਾਹਰ ਵੱਲ ਚਲਾ ਗਿਆ, ਦੂਰ ਤੱਕ ਵੇਖ ਸਕਣ ਲਈ ਇਕ ਦਰਖਤ ਉੱਤੇ ਚੜ੍ਹ ਗਿਆ ਅਤੇ ਵਾਪਸ ਆ ਕੇ ਲੋਕਾਂ ਨੂੰ ਦੱਸਿਆ ਕਿ ਦੂਰ ਤੱਕ ਡਾਕੂ ਕਿਧਰੇ ਨਜ਼ਰ ਸੀ ਆਉਂਦਾ। ਇਸ ਨਾਲ ਪਿੰਡ ਵਿੱਚ ਉਸ ਦਾ ਵੱਕਾਰ ਬਹੁਤ ਵੱਧ ਗਿਆ।

ਜਜਮਾਨੀ ਕੰਮ ਵਿੱਚ ਉਸ ਦੀ ਰੁਚੀ ਬਹੁਤ ਘੱਟ ਗਈ। ਉਹ ਸਵਾਮੀ ਨਿਤਿਆਨੰਦ ਜੀ ਦੇ ਸੰਪਰਕ ਵਿੱਚ ਆਇਆ। ਸਵਾਮੀ ਜੀ ਲਈ ਉਸ ਦੇ ਮਨ ਵਿੱਚ ਡੂੰਘੀ ਸ਼ਰਧਾ ਪੈਦਾ ਹੋ ਗਈ ਜਦ ਕਿ ਸਵਾਮੀ ਜੀ ਨੇ ਵੀ ਉਸ ਨੂੰ ਪ੍ਰੇਰਨਾ ਅਤੇ ਅਗਵਾਈ ਦੇਕੇ ਇਸ ਦਾ ਹੁੰਗਾਰਾ ਭਰਿਆ।

ਉਹ ਤਿੰਨ ਖਾਸ ਪਿੰਡਾਂ ਵਿੱਚ ਗਿਆ ਅਤੇ ਉੱਥੇ ਜਾ ਕੇ ਸਵਦੇਸ਼ੀ ਚੀਜ਼ਾਂ ਬਣਾਉਣ ਵਾਲੇ ਨਾਦੀਆਦ ਵਿੱਚ ਸਥਿਤ ਇਕ ਸਹਿਕਾਰੀ ਸਟੋਰ ਲਈ ਦੋ ਹਜ਼ਾਰ ਰੁਪਏ ਦੇ 'ਸ਼ਿਅਰ' ਉਸ ਨੇ ਵੇਚੇ।

ਉਸ ਨੇ ਘਿਉ ਦੇ ਵਪਾਰ ਉੱਤੇ ਵੀ ਹੱਥ ਅਜ਼ਮਾਈ ਕੀਤੀ। ਉਹ ਪਿੰਡਾਂ ਵਿੱਚ ਜਾਂਦਾ, ਗਵਾਲਿਆਂ ਤੇ ਕਿਸਾਨਾਂ ਤੋਂ ਘਿਉ ਖਰੀਦਦਾ ਅਤੇ ਆਪਣੀ ਦੁਕਾਨ ਤੇ ਆ ਕੇ

ਵੇਚਦਾ ਉਦੋਂ ਹੀ ਅਕਾਲ ਵਰਗੀ ਅਨਾਜ ਦੀ ਕਮੀ ਹੋ ਗਈ। ਉਸ ਨੇ ਘਿਉ ਦੀ ਦੁਕਾਨ ਬੰਦ ਕਰ ਦਿੱਤੀ ਅਤੇ ਸਸਤਾ ਅਨਾਜ ਵੇਚਣ ਦੀ ਦੁਕਾਨ ਖੋਲ੍ਹ ਦਿੱਤੀ।

ਉਹ ਸਾਬਰਮਤੀ ਆਸ਼ਰਮ ਗਿਆ; ਉੱਥੋਂ ਖਾਦੀ ਦਾ ਕੱਪੜਾ ਖਰੀਦਿਆ, ਮਿੱਲ ਨਾਲ ਬਣਿਆ ਕੱਪੜਾ ਪਾਉਣਾ ਛੱਡ ਦਿੱਤਾ। ਉਸ ਨੇ ਚਰਖਾ ਚਲਾਉਣ ਦੀ ਜਾਂਚ ਸਿੱਖੀ।

ਉਸ ਨੇ ਰੌਲੇਟ ਐਕਟ ਦੇ ਵਿਰੁੱਧ ਦੇਸ਼-ਵਿਆਪੀ ਅੰਦੋਲਨ ਵਿੱਚ ਹਿੱਸਾ ਲੈਣ ਲਈ ਪ੍ਰਤਿੱਗਿਆ ਪੱਤਰ ਤੇ ਦਸਖ਼ਤ ਕਰ ਦਿੱਤੇ। ਇਹ ਐਕਟ ਦੇਸ਼ ਦੇ ਹਰ ਕਿਸਮ ਦੇ ਸ਼ਹਿਰੀ ਹੱਕਾਂ ਨੂੰ ਖ਼ਤਮ ਕਰਨ ਵਾਲਾ ਕਾਨੂੰਨ ਸੀ।

1919: ਉਹ ਬੰਬਈ ਆਇਆ ਅਤੇ 6 ਅਪ੍ਰੈਲ ਨੂੰ ਉਸ ਨੇ ਐਕਟ ਦੇ ਵਿਰੁੱਧ ਭਾਸ਼ਣ ਦਿੱਤਾ। ਗਾਂਧੀ ਜੀ ਨੇ ਉਸ ਨੂੰ ਗੁਜਰਾਤ ਵਾਪਸ ਜਾ ਕੇ ਉਸਾਰੂ ਕੰਮ ਕਰਨ ਦਾ ਹੁਕਮ ਦਿੱਤਾ। ਉਹ ਵਾਪਸ ਗੁਜਰਾਤ ਚਲਾ ਗਿਆ ਅਤੇ ਗਾਂਧੀ ਜੀ ਦੁਆਰਾ ਲਿਖਿਆ ਇਕ ਕਿਤਾਬਚਾ 'ਹਿੰਦ-ਸਵਰਾਜ' ਉਸ ਨੇ ਪਿੰਡ ਪਿੰਡ ਜਾ ਕੇ ਵੰਡਿਆ। ਪਿੰਡ ਵਾਲੇ ਉਸ ਨੂੰ 'ਸਵਰਾਜ ਵਾਲਾ' ਦੇ ਨਾਂ ਨਾਲ ਜਾਣਨ ਲੱਗ ਪਏ। ਉਸ ਨੇ ਚਰਖੇ ਦਾ ਪ੍ਰਚਾਰ ਕਰਨ ਲਈ ਪਿੰਡਾਂ ਦੇ ਦੌਰੇ ਲਾਉਣੇ ਜਾਰੀ ਰੱਖੇ।

ਲਗਭਗ ਇਸੇ ਸਮੇਂ ਮਹਾਰਾਜ ਨੇ ਧਰਮ ਅਤੇ ਜਾਤ-ਪਾਤ ਸਬੰਧੀ ਆਪਣੀਆਂ ਧਾਰਨਾਵਾਂ ਬਾਰੇ ਸੋਚਣਾ ਸ਼ੁਰੂ ਕੀਤਾ ਹੋਵੇਗਾ। ਭਾਵੇਂ ਉਹ ਪੂਰੀ ਤਰ੍ਹਾਂ ਗਾਂਧੀਵਾਦ ਦੇ ਅਸਰ ਹੇਠ ਆ ਚੁੱਕਿਆ ਸੀ ਪਰ ਉਹ ਇਕ ਸਨਾਤਨੀ ਹਿੰਦੂ ਵਾਂਗ ਕਿਸੇ ਬ੍ਰਾਹਮਣ ਤੋਂ ਬਿਨਾਂ ਹੋਰ ਕਿਸੇ ਦੇ ਹੱਥ ਦਾ ਪਕਾਇਆ ਭੋਜਨ ਨਹੀਂ ਸੀ ਖਾਂਦਾ। ਇਸ ਕਿਤਾਬ ਵਿੱਚ ਥਾਂ ਥਾਂ ਤੇ ਆਏ ਇਸ ਵਾਕ 'ਉਸ ਨੇ ਖਾਣਾ ਤਿਆਰ ਕੀਤਾ ਅਤੇ ਖਾਧਾ' ਦੀ ਵਿਆਖਿਆ ਇਸੇ ਗੱਲ ਤੋਂ ਹੁੰਦੀ ਹੈ।

1920: ਉਸ ਨੇ ਕਾਂਗਰਸ ਦੇ ਸਾਲਾਨਾ ਅਜਲਾਸ ਵਿੱਚ ਹਿੱਸਾ ਲਿਆ ਜੋ ਉਸ ਦਾ ਪਹਿਲਾ ਮੌਕਾ ਸੀ। ਉਸ ਨੇ ਗਾਂਧੀ ਜੀ ਨੂੰ ਧਿਆਨ ਨਾਲ ਸੁਣਿਆ ਅਤੇ ਮਹਿਸੂਸ ਕੀਤਾ ਕਿ ਬੜੀ ਦੇਰ ਤੋਂ ਉਡੀਕਿਆ ਜਾ ਰਿਹਾ ਰਾਮ ਦਾ ਅਵਤਾਰ ਜਗਤ ਉੱਤੇ ਹੋ ਚੁੱਕਾ ਹੈ।

ਉਸ ਦੇ ਅੰਦਰ ਹੋ ਰਹੇ ਸਿਧਾਂਤਕ ਪਰਿਵਰਤਨ ਦੇ ਨਾਲ ਨਾਲ ਉਸ ਦੇ ਬਾਹਰੀ ਰੂਪ ਵੀ ਇਕ ਬੇ ਮਲੂਮਾਂ ਪਰ ਯਕੀਨੀ ਪਰਿਵਰਤਨ ਹੋ ਰਿਹਾ ਸੀ। ਉਸ ਨੇ ਆਪਣੇ ਵਿਹੜੇ ਵਿੱਚ ਬਦੇਸ਼ੀ ਕੱਪੜੇ ਨਾਲ ਬਣੇ ਵਸਤਰਾਂ ਦੀ ਹੋਲੀ ਜਲਾਈ। ਉਸਦੇ ਪਰਵਾਰ ਨੂੰ ਇਹ ਗੱਲ ਪਸੰਦ ਨਹੀਂ ਸੀ। ਇਥੋਂ ਤੱਕ ਕਿ ਸਵਾਮੀ ਨਿਤਿਆਨੰਦ ਨੇ ਵੀ ਆਪਣੀ ਅਪ੍ਰਸੰਨਤਾ ਗਟ ਕੀਤੀ ਫਿਰ ਵੀ ਲਾਲ ਪਗੜੀ ਦੀ ਜਗ੍ਹਾ ਇਕ ਚਿੱਟੀ ਟੋਪੀ ਨੇ ਲੈ ਲਈ ਸੀ ਅਤੇ ਕੋਟ ਦੀ ਜਗ੍ਹਾ ਉਸ ਨੇ ਇਕ ਬਿਨਾਂ ਬਾਂਹ ਦੇ ਜੈਕਟ ਪਾਉਣੀ ਸ਼ੁਰੂ ਕਰ ਦਿੱਤੀ ਸੀ।

ਇਕ ਦਿਨ ਇਕ ਦੋਸਤ ਦੇ ਘਰ ਜਾਣ ਲੱਗਿਆ, ਮਹਾਰਾਜ ਨੇ ਆਪਣੀ ਜੁੱਤੀ ਬਾਹਰ ਉਤਾਰ ਦਿੱਤੀ ਜਿਵੇਂ ਕਿ ਹਿੰਦੂ ਘਰਾਂ ਵਿੱਚ ਰਿਵਾਜ ਹੁੰਦਾ ਹੈ। ਵਾਪਸੀ ਤੇ ਉਸ ਨੇ ਵੇਖਿਆ ਕਿ ਜੁੱਤੀ ਉਥੋਂ ਗਾਇਬ ਸੀ। ਉਸ ਨੇ ਕਿਸੇ ਕਿਸਮ ਦੀ ਵੀ ਜੁੱਤੀ ਨਾ ਪਾਉਣ ਦੀ ਪ੍ਰਤਿੱਗਿਆ ਕਰ ਲਈ।

ਇਕ ਦਿਨ ਉਹ ਅਮਦਾਬਾਦ ਵਿੱਚ ਸੜਕ ਉੱਤੇ ਚਲ ਰਿਹਾ ਸੀ। ਉਸ ਨੇ ਮਹਿਸੂਸ ਕੀਤਾ ਅਚਾਨਕ ਉਸ ਨੂੰ ਪਿਛਲੇ ਪਾਸਿਉਂ ਕੋਈ ਚਾਬਕ ਵੱਜੀ ਹੈ। ਘੋੜਾ-ਗੱਡੀ ਦੇ ਕੋਚਵਾਨ ਨੇ ਉਸ ਨੂੰ ਚਾਬੁਕ ਮਾਰੀ ਸੀ। ਕਿਉਂਕਿ ਉਸ ਵੱਲੋਂ ਉੱਚੀ ਉੱਚੀ ਸ਼ੋਰ ਪਾਉਣ ਦੇ ਬਾਵਜੂਦ ਉਹ ਸੜਕ ਤੋਂ ਪਾਸੇ ਨਹੀਂ ਸੀ ਹੋਇਆ। ਮਹਾਰਾਜ ਨੇ ਉਸ ਦਾ ਸ਼ੋਰ ਨਹੀਂ ਸੀ ਸੁਣਿਆ ਅਤੇ ਗੁੱਸੇ ਵਿੱਚ ਆਕੇ ਉਸ ਨੇ ਕੋਚਵਾਨ ਨੂੰ ਜਵਾਬ ਦੇਣ ਲਈ ਹੱਥ ਵਿੱਚ ਫੜੀ ਸੋਟੀ ਦੋ ਵਾਰੀ ਉਲਾਰੀ, ਪਰ ਦੋਵੇਂ ਵਾਰ ਉਸ ਨੇ ਆਪਣਾ ਗੁੱਸਾ ਕਾਬੂ ਕਰ ਲਿਆ। ਉਸ ਦਿਨ ਤੋਂ ਉਸ ਨੇ ਸੈਰ ਕਰਨ ਵਾਲੀ ਸੋਟੀ ਵੀ ਕੋਲ ਰੱਖਣੀ ਛੱਡ

ਦਿੱਤੀ ਮਤਾਂ ਗੁੱਸੇ ਵਿੱਚ ਆ ਕੇ ਉਹ ਹਿੰਸਾ ਕਰ ਬੈਠੇ। ਇਨ੍ਹਾਂ ਹੀ ਦਿਨਾਂ ਵਿੱਚ ਉਸ ਨੇ ਖੰਡ ਦੀ ਵਰਤੋਂ ਬੰਦ ਕਰ ਦਿੱਤੀ ਕਿਉਂਕਿ ਇਹ ਬਦੇਸ਼ਾਂ ਵਿੱਚੋਂ ਮੰਗਵਾਈ ਜਾਂਦੀ ਸੀ।

ਉਸ ਨੇ ਸ਼ਰਾਬਨੋਸ਼ੀ ਵਿਰੁੱਧ ਅੰਦੋਲਨ ਵਿੱਚ ਹਿੱਸਾ ਲੈਣ ਸ਼ੁਰੂ ਕਰ ਦਿੱਤਾ। ਉਸ ਨੂੰ ਬਦੇਸ਼ੀ ਕੱਪੜਾ ਵੇਚਣ ਵਾਲੀਆਂ ਦੁਕਾਨਾਂ ਅਤੇ ਪੇਂਡੂਆਂ ਨੂੰ ਸ਼ਰਾਬ ਦੇਣ ਵਾਲੇ ਠੇਕਿਆਂ ਦੀ ਪਿਕਟਿੰਗ ਸੰਗਠਿਤ ਕੀਤੀ। ਉਸ ਨੇ ਸ਼ਰਾਬਨੋਸ਼ੀ ਦੀ ਬੁਰਾਈ ਵਿਰੁੱਧ ਲੋਕਾਂ ਨੂੰ ਇਕੱਠਿਆਂ ਹੋਕੇ ਕੰਮ ਕਰਨ ਲਈ ਜਾਗ੍ਰਿਤ ਕੀਤਾ।

ਉਸ ਨੇ ਸ਼ਹਿਦ ਖਾਣੀ ਛੱਡ ਦਿੱਤੀ ਜਦੋਂ ਉਸ ਨੇ ਵੇਖਿਆ ਕਿ ਕਿਵੇਂ ਮਧੂਮੱਖੀਆਂ ਨੂੰ ਆਪਣੇ ਛੱਤੇ ਵਿੱਚੋਂ', ਜਿੱਥੇ ਉਹ ਆਪਣਾ ਸ਼ਹਿਦ ਇਕੱਠਾ ਕਰਦੀਆਂ ਹਨ, ਬੇਰਹਿਮੀ ਨਾਲ ਕੱਢ ਦਿੱਤਾ ਜਾਂਦਾ ਹੈ। ਕੇਸਰ ਸਬੰਧੀ ਲਿਖੇ ਗਾਂਧੀ ਜੀ ਦੇ ਲੇਖ ਨੂੰ ਪੜ੍ਹਣ ਪਿੱਛੋਂ ਉਸ ਨੇ ਉਹ ਭੋਜਨ ਖਾਣਾ ਵੀ ਬੰਦ ਕਰ ਦਿੱਤਾ ਜਿਸ ਵਿੱਚ ਕੇਸਰ ਵਰਤਿਆ ਗਿਆ ਹੋਵੇ।

1921: ਉਸ ਦੇ ਘਰ ਦੋ ਪੁੱਤਰ ਅਤੇ ਦੋ ਧੀਆਂ ਜਨਮ ਲੈ ਚੁੱਕੀਆਂ ਸਨ। ਜਦੋਂ ਉਸ ਦੀ ਸਭ ਤੋਂ ਛੋਟੀ ਧੀ ਦਾ ਵਿਆਹ ਹੋ ਗਿਆ ਤਾਂ ਉਸ ਨੇ ਆਪਣਾ ਜਜਮਾਨੀ ਧੰਦਾ ਪਿੰਡ ਦੇ ਇਕ ਹੋਰ ਬ੍ਰਾਹਮਣ ਨੂੰ ਸੌਂਪ ਦਿੱਤਾ।

ਕਾਂਗਰਸ ਅਜਲਾਸ ਨੇ ਇਕ ਕਰੋੜ ਰੁਪਏ ਇਕੱਠਾ ਕਰਨ ਦਾ ਅਤੇ ਦੇਸ਼ ਭਰ ਵਿੱਚ 20 ਲੱਖ ਚਰਖੇ ਚਲਾਉਣ ਦਾ ਅੰਦੋਲਨ ਸ਼ੁਰੂ ਕੀਤਾ। ਅਹਿਮਦਾਬਾਦ ਤਲੁੱਕਾ ਵਿੱਚੋਂ ਦਸ ਹਜ਼ਾਰ ਰੁਪਏ ਚੰਦਾ ਇਕੱਠਾ ਕਰਨ ਦਾ ਕੰਮ ਉਸ ਨੂੰ ਸੌਂਪਿਆ ਗਿਆ। ਉਸ ਨੇ ਸੋਚਿਆ ਕਿ ਸ਼ੁਭਾਰੰਭ ਘਰ ਤੋਂ ਹੀ ਹੋਣਾ ਚਾਹੀਦਾ ਹੈ। ਉਸ ਨੇ ਆਪਣੀ ਪਤਨੀ ਨੂੰ ਆਪਣਾ ਮਕਾਨ ਤੇ ਜ਼ਮੀਨ ਵੇਚਕੇ ਚੰਦੇ ਵਿੱਚ ਪਾਉਣ ਦੀ ਆਪਣੀ ਇੱਛਾ ਦੱਸੀ। ਸੂਰਜ ਨਾ ਮੰਨੀ। ਨਤੀਜੇ ਦੇ ਤੌਰ ਤੇ ਉਸ ਦੀ ਆਪਣੀ ਸਾਰੀ ਜਾਇਦਾਦ ਨਾਲੋਂ ਆਪਣੀ ਮਾਲਕੀ ਖਤਮ ਕਰ ਦਿੱਤੀ।

1922: ਕਲਕੱਤੇ ਦੇ ਕਾਂਗਰਸ ਅਜਲਾਸ ਵਿੱਚ ਫ਼ੈਸਲਾ ਕੀਤਾ ਗਿਆ ਕਿ ਦੇਸ਼ ਭਰ ਵਿੱਚ ਕੌਮੀ ਝੁਕਾਵਾਂ ਵਾਲੇ ਸਕੂਲ ਖੋਲ੍ਹੇ ਜਾਣ। ਉਸ ਨੇ ਸੁਨਵ ਵਿੱਚ ਅਜਿਹਾ ਇਕ ਸਕੂਲ ਚਲਾਉਣ ਵਿੱਚ ਮਦਦ ਕੀਤੀ। ਸਟਾਫ਼ ਦਾ ਪ੍ਰਬੰਧ ਹੋਣ ਤੱਕ ਉਹ ਖ਼ੁਦ ਸੇਵਾਦਾਰ, ਅਧਿਆਪਕ ਅਤੇ ਮੁਖ ਅਧਿਆਪਕ ਦਾ ਕੰਮ ਕਰਦਾ ਰਿਹਾ। ਉਸ ਨੇ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਵਧਾਈ। ਉਸ ਨੇ ਚੰਗੇ ਅਧਿਆਪਕ ਭਰਤੀ ਕੀਤੇ ਅਤੇ ਜਦੋਂ ਸਕੂਲ ਪੂਰੀ ਤਰ੍ਹਾਂ ਚੱਲ ਪਿਆ ਉਸ ਨੇ ਸਕੂਲ ਯੋਗ ਲੋਕਾਂ ਦੇ ਹਵਾਲੇ ਕਰ ਦਿੱਤਾ ਅਤੇ ਆਪ ਅਹਿਮਦਾਬਾਦ ਚਲਾ ਗਿਆ।

1920-1930 ਦਾ ਦਹਾਕਾ ਮਹਾਰਾਜ ਦੇ ਜੀਵਨ ਦਾ ਅਹਿਮ ਦਹਾਕਾ ਹੈ। 'ਮਿੱਟੀ ਦੇ ਦੀਵੇ' ਵਿੱਚ ਇਸ ਸਮੇਂ ਦੌਰਾਨ ਵਾਪਰੀਆਂ ਮੁੱਖ ਘਟਨਾਵਾਂ ਬਿਆਨ ਕੀਤੀਆਂ ਗਈਆਂ ਹਨ ਜਦੋਂ ਉਸ ਨੇ ਕਬੀਲਿਆਂ ਤੇ ਨੀਵੀਆਂ ਜਾਤਾਂ ਦੀ ਬਿਹਤਰੀ ਲਈ ਉਨ੍ਹਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। ਇਨ੍ਹਾਂ ਦਾ ਸੰਖੇਪ ਇਸ ਤਰ੍ਹਾਂ ਹੈ:-

1922: ਡਾਕੂ ਦਾ ਇਖ਼ਲਾਕ ਸਿਖਾਉਣਾ (ਕਾਂਡ 1)

ਮਾਇਕ ਥੁੜ ਕਾਰਨ ਅਹਿਮਦਾਬਾਦ ਦਾ ਕੌਮੀ ਸਕੂਲ ਬੰਦ ਹੋਣ ਵਾਲਾ ਸੀ। ਉਸ ਨੇ ਇਸ ਨੂੰ ਬਚਾਉਣ ਦਾ ਯਤਨ ਕੀਤਾ। ਸਕੂਲ ਦੀ ਹਾਲਤ ਨੂੰ ਸੁਧਾਰਨ ਦੇ ਦਿਨਾਂ ਵਿੱਚ ਉਹ ਆਪਣੇ ਫ਼ਾਲਤੂ ਸਮੇਂ ਵਿੱਚ ਇਕ ਹਕੀਮ ਦੇ ਘਰ ਜਾ ਕੇ ਆਟਾ ਪੀਂਹਦਾ ਸੀ ਜੋ ਉਸ ਨੂੰ ਬਦਲੇ ਵਿੱਚ ਅੱਧਾ ਕਿਲੋ ਖਿਚੜੀ ਦਿਆ ਕਰਦਾ ਸੀ। ਇਸ ਉੱਤੇ ਉਹ ਗੁਜ਼ਾਰਾ ਕਰਦਾ ਸੀ।

ਨਾਗਪੁਰ ਵਿੱਚ ਕੌਮੀ ਝੰਡਾ ਲੈ ਕੇ ਤੁਰਨ ਉੱਤੇ ਪਾਬੰਧੀ ਲਾਈ ਗਈ ਸੀ। ਇਸਦੇ ਵਿਰੁੱਧ ਨਾਗਪੁਰ - ਝੰਡਾ-ਸਤਿਆਗ੍ਰਹਿ ਚੱਲਿਆ। ਉਸ ਨੂੰ ਪਹਿਲੀ ਵਾਰੀ ਕੈਦ ਹੋਈ। ਜੇਲ੍ਹ ਵਿੱਚ ਭਾਰੀ ਚੱਕੀ ਅਤੇ ਪੱਥਰ ਤੋੜਨ ਤੇ ਕੱਪੜਾ ਬੁਣਨ ਦੀ ਮੁਸ਼ੱਕਤ ਕਰਨੀ ਪਈ। ਉਸ ਨੂੰ ਵਿਨੋਬਾ ਜੀ ਦੇ ਬਹੁਤ ਨੇੜੇ ਹੋਣ ਦਾ ਮੌਕਾ ਮਿਲਿਆ।

1923: ਛੱਪਰ ਨਾਂ ਦੇ ਪਿੰਡ ਵਿੱਚ ਉਸ ਨੇ ਉਸਾਰੀ ਦਾ ਕੰਮ ਸ਼ੁਰੂ ਕੀਤਾ ਉਸ ਨੇ ਪਿੰਡ ਵਾਲਿਆਂ ਨੂੰ ਰਾਮਾਇਣ ਤੇ ਮਹਾਭਾਰਤ ਦੀ ਕਥਾ ਸੁਣਾਈ ਅਤੇ ਸਮਝਾਈ, ਉਨ੍ਹਾਂ ਨੂੰ ਪੜ੍ਹਨਾ, ਲਿਖਣਾ ਅਤੇ ਚਰਖਾ ਚਲਾਉਣਾ ਸਿਖਾਇਆ।

ਚਾਰਨ-ਇਸਤਰੀ, ਜੋ ਮੱਝ ਦਾ ਖ਼ੂਨ ਪੀਂਦੀ ਸੀ, ਦੀ ਘਟਨਾ (ਕਾਂਡ 25)

ਤਾਵਾਨ ਅਤੇ ਜਿੱਤ (ਕਾਂਡ 22)

ਬਡਈਆਂ ਵਿੱਚ ਕੰਮ ਕਰਨ ਦਾ ਫ਼ੈਸਲਾ ।

1924: ਪੁਲਿਸ ਦੀਆਂ ਵਧੀਕੀਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ: "ਚੋਰ" (ਕਾਂਡ 8)

ਬੋਰਸਦ ਜ਼ਿਲ੍ਹੇ ਵਿੱਚ ਬੀਜਾਂ ਦੀ ਕਮੀ। ਮਹਾਰਾਜ ਨੇ ਕਿਸਾਨਾਂ ਨੂੰ ਸਮੇਂ ਸਿਰ ਬੀਜਣ ਲਈ ਬੀਜ ਉਪਲਬਧ ਕਰਾਉਣ ਲਈ ਮੁਹਿੰਮ ਚਲਾਈ। ਇਸ ਸਮੇਂ ਉਹ ਇੱਛਾ-ਬਾ ਦੀ ਝੁੱਗੀ ਵਿੱਚ ਰਹਿੰਦਾ ਸੀ। (ਕਾਂਡ 21)

'ਹਾਜ਼ਰੀ' (ਕਾਂਡ 3) ਉਸਦੇ ਯਤਨਾਂ ਨਾਲ ਇਸਦਾ ਖ਼ਾਤਮਾ

1927 : ਸੁੰਦਰਾਨਾ ਵਿੱਚ ਮੀਂਹ ਤੇ ਹੜ੍ਹ। ਹੜ੍ਹ - ਪੀੜਤ ਲੋਕਾਂ ਨੂੰ ਬਚਾਉਣ ਦੇ ਉਸ ਦੇ ਯਤਨ। (ਕਾਂਡ 25) ਸਰਦਾਰ ਪਟੇਲ ਨੇ ਉਸ ਨੂੰ ਤੱਟ-ਵਰਤੀ ਪੱਟੀ ਵਿੱਚ ਹੜ੍ਹਾਂ ਤੋਂ ਰਾਹਤ ਦੇਣ ਦਾ ਕੰਮ ਸੰਗਠਿਤ ਕਰਨਾ ਸੌਂਪਿਆ। ਅਜੇ ਇਹ ਕੰਮ ਸਮਾਪਤ ਹੋਣ ਵਾਲਾ ਹੀ ਸੀ ਕਿ ਬਰਦੌਲੀ-ਸਤਿਆਗ੍ਰਹਿ ਸ਼ੁਰੂ ਹੋ ਗਿਆ। ਪ੍ਰਸ਼ਾਸਨ ਨੇ ਜ਼ਮੀਨ ਦਾ ਮਾਲੀਆ 25 ਫ਼ੀਸਦੀ ਵਧਾ ਦਿੱਤਾ ਸੀ ਅਤੇ ਹੜ੍ਹ-ਪੀੜਤ ਕਿਸਾਨਾਂ ਨੇ ਸਰਦਾਰ ਪਟੇਲ ਦੀ ਅਗਵਾਈ ਹੇਠ ਇਸਦੇ ਵਿਰੁੱਧ ਅੰਦੋਲਨ ਸ਼ੁਰੂ ਕੀਤਾ ਸੀ। ਰਵੀਸ਼ੰਕਰ ਨੂੰ 18 ਪਿੰਡਾਂ ਦਾ ਇਕ ਖੇਤਰ ਸੌਂਪਿਆ ਗਿਆ ਸੀ। ਕੈਂਪ ਵਿੱਚ ਰਹਿਣ ਵਾਲੇ ਸਾਰੇ ਵਾਲੰਟੀਅਰ ਕਤਾਰਾਂ ਵਿੱਚ ਬੈਠ ਕੇ ਖਾਣਾ ਖਾਇਆ ਕਰਦੇ ਸਨ। ਰਵੀਸ਼ੰਕਰ ਨੂੰ ਆਪਣੇ ਹੱਥ ਨਾਲ ਪਕਾਇਆ ਖਾਣਾ ਖਾਣ ਦੀ ਆਦਤ ਸੀ। ਇਕ ਦਿਨ ਸਰਦਾਰ

ਪਟੇਲ ਨੇ ਉਸ ਨੂੰ ਸਾਰਿਆਂ ਨਾਲ ਬੈਠ ਕੇ ਖਾਣਾ ਖਾਣ ਦਾ ਹੁਕਮ ਦਿੱਤਾ। ਉਸ ਨੇ ਹੁਕਮ ਦੀ ਪਾਲਣਾ ਕੀਤੀ ਅਤੇ ਉਸ ਦਿਨ ਤੋਂ ਪੁਰਾਤਨ ਕੱਟੜਤਾ ਵਾਲੀ ਆਦਤ ਛੱਡ ਦਿੱਤੀ।

1928: ਉਸ ਨੇ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਉਂਦੇ ਹੋਏ ਸ਼ਰਾਬਨੋਸ਼ੀ ਦੇ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਸ਼ਰਾਬ ਦੇ ਠੇਕਿਆਂ ਦੀ ਪੇਂਟਿੰਗ ਕੀਤੀ ਅਤੇ ਲੋਕਾਂ ਨੂੰ ਸ਼ਰਾਬ ਨਾ ਪੀਣ ਲਈ ਕਿਹਾ।

ਉਸ ਨੂੰ ਨੀਂਵੀਆਂ ਜਾਤੀਆਂ, ਖਾਸ ਕਰਕੇ ਪਤਨਵਾਦੀਆਂ ਵਿੱਚ ਕੰਮ ਕਰਦੇ ਲਗਭਗ ਪੰਜ ਸਾਲ ਹੋ ਚੱਲੇ ਸਨ। ਉਹ ਪਤਨਵਾਦੀਆਂ ਦੇ ਪੰਡਤ ਵਜੋਂ ਮਸ਼ਹੂਰ ਹੋ ਗਿਆ। ਉਸ ਦਾ ਖਾਨਦਾਨੀ ਨਾਂ ਵਿਆਸ' ਹੌਲੀ ਹੌਲੀ ਪਿੱਛੇ ਪੈਂਦਾ ਚਲਾ ਗਿਆ ਅਤੇ ਇਸ ਦੀ ਥਾਂ ਮਹਾਰਾਜ ਦੇ ਨਵੇਂ ਉਪਨਾਮ ਨੇ ਲੈ ਲਈ। ਉਹ ਰਵੀ ਸ਼ੰਕਰ ਮਹਾਰਾਜ ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ।

1929: ਖੇੜਾ ਜ਼ਿਲ੍ਹੇ ਦੇ ਪਤਰ ਤੱਲੁਕੇ ਦੇ ਕਿਸਾਨਾਂ ਦੀ ਆਰਥਕ ਹਾਲਤ ਦਾ

ਸਰਵੇਖਣ ਕਰਨ ਦਾ ਕੰਮ ਪਾਂਡੇ ਅਤੇ ਮਹਾਰਾਜ ਨੂੰ ਸੌਂਪਿਆ ਗਿਆ। ਉਸ ਨੇ ਤੱਲੁਕੇ ਦੇ ਸਾਰੇ ਪਿੰਡਾਂ ਦਾ ਦੌਰਾ ਕੀਤਾ ਅਤੇ ਸਰਦੀਆਂ ਦੀ ਫਸਲ ਖਰਾਬ ਹੋ ਜਾਣ ਕਾਰਨ ਮਾਲੀਏ ਦੀ ਵਸੂਲੀ ਨਾ ਕਰਨ ਦਾ ਸੁਝਾਅ ਆਪਣੀ ਰਿਪੋਟ ਵਿੱਚ ਪੇਸ਼ ਕੀਤਾ। ਕੁਝ ਚਿਰ ਪਿੱਛੋਂ ਇਸੇ ਤਰ੍ਹਾਂ ਦਾ ਇਕ ਅਧਿਐਨ ਅਹਿਮਦਾਬਾਦ ਵਿੱਚ ਵੀ ਉਸ ਵੱਲੋਂ ਕੀਤਾ ਗਿਆ। ਉੱਥੇ ਉਸ ਨੂੰ ਯਕੀਨ ਹੋ ਗਿਆ ਕਿ ਕਿਸਾਨ ਬਿਲਕੁਲ ਹੀ ਮਾਲੀਆ ਦੇਣ ਦੇ ਅਸਮਰਥ ਹਨ। ਇਹ ਰਿਪੋਟ ਕੁਲੈਕਟਰ ਨੂੰ ਪੇਸ਼ ਕੀਤੀ ਗਈ। ਮਹਾਰਾਜ ਨੂੰ ਨਾਲ ਲੈ ਕੇ ਕੁਲੈਕਟਰ ਪਿੰਡਾਂ ਵਿੱਚ ਆਇਆ। ਉਸ ਨੇ ਕਿਸਾਨਾਂ ਤੋਂ ਮਾਲੀਏ ਦੀ ਵਸੂਲੀ ਨੂੰ ਨਾ ਕੇਵਲ ਮੁਲਤਵੀ ਕਰਨ ਦੀ ਉਸ ਦੀ ਤਜਵੀਜ਼ ਪ੍ਰਵਾਨ ਕੀਤੀ ਸਗੋਂ ਉਸ ਵਿੱਚ ਪੱਚੀ ਫ਼ੀਸਦੀ ਕਟੌਤੀ ਵੀ ਕਰ ਦਿੱਤੀ।

1930: ਗਾਂਧੀ ਜੀ ਦੇ ਕਹਿਣ ਤੇ ਉਸ ਨੇ ਸਰਸਨਾ ਵਿਖੇ ਕੰਮ ਕਰਦੇ ਨਮਕ-ਮਜ਼ਦੂਰਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਭਾਵੇਂ ਉਸ ਖੇਤਰ ਵਿੱਚ ਬਾਹਰਲਿਆਂ ਲਈ ਪ੍ਰਵੇਸ਼ ਮਨ੍ਹਾਂ ਸੀ। ਉਸ ਨੇ ਗਾਂਧੀ ਜੀ ਨੂੰ ਰਿਪੋਟ ਪੇਸ਼ ਕੀਤੀ ਜੋ ਉਸ ਵੇਲੇ ਡਾਂਡੀ ਵਲ ਨੂੰ ਨਮਕ ਸਤਿਆਗ੍ਰਹਿ ਵਾਸਤੇ ਜਾਣ ਲਈ ਤਿਆਰ ਸਨ। ਮਹਾਰਾਜ ਉਸ ਮੂਹਰਲੇ ਜਥੇ ਦਾ ਮੈਂਬਰ ਸੀ ਜਿਸ ਨੂੰ ਗਾਂਧੀ ਜੀ ਦੀ ਅਗਵਾਈ ਵਿੱਚ 12 ਮਾਰਚ ਨੂੰ ਸਾਬਰਮਤੀ ਤੋਂ ਡਾਂਡੀ ਵਲ ਚੱਲਣ ਵਾਲੇ ਜੱਥੇ ਦੀ ਰਿਹਾਇਸ਼, ਲੰਗਰ-ਪਾਣੀ ਆਦਿ ਦਾ ਪ੍ਰਬੰਧ ਕਰਨ ਲਈ ਪਹਿਲੋਂ ਭੇਜਿਆ ਗਿਆ ਸੀ। ਕਾਂਡ 23 ਵਿੱਚ ਗਾਂਧੀ ਜੀ ਦਾ ਮਾਹੀ ਦਰਿਆ ਪਾਰ ਕਰਨ ਦਾ ਬਿਰਤਾਂਤ ਦਿੱਤਾ ਹੈ। ਜਵਾਹਰ ਲਾਲ ਨਹਿਰੂ ਵੀ ਮਗਰੋਂ ਆ ਗਏ ਪਰ ਉਹ ਗਾਂਧੀ ਜੀ ਦੇ ਨਾਲ ਨਦੀ ਪਾਰ ਕਰ ਸਕਣ ਤੋਂ ਪਿੱਛੇ ਰਹਿ ਗਏ। ਉਤਰਦੇ ਪਾਣੀ ਅਤੇ ਚਿੱਕੜ ਦੇ ਬਾਵਜੂਦ ਉਨ੍ਹਾਂ ਨੇ ਗਾਂਧੀ ਜੀ ਨੂੰ ਮਿਲਣ ਲਈ ਨਦੀ ਪਾਰ ਕਰਨ ਉੱਤੇ ਹੀ ਨਹੀਂ ਸਗੋਂ ਉਸੇ ਰਾਤ ਆਪਣੇ ਕੰਮ ਲਈ ਵਾਪਸ ਆ ਜਾਣ ਤੇ ਵੀ ਜ਼ੋਰ ਦਿੱਤਾ। ਮਹਾਰਾਜ ਨੇ ਗਾਂਧੀ ਜੀ ਦੇ ਨਾਲ ਦਰਿਆ ਪਾਰ ਕੀਤਾ ਸੀ। ਨਹਿਰੂ ਜੀ ਨੂੰ ਲੈਣ ਆਉਣ ਲਈ ਉਸ ਨੂੰ ਫਿਰ ਨਦੀ ਪਾਰ ਕਰਨੀ ਪਈ ਅਤੇ ਉਹ ਨਹਿਰੂ ਜੀ ਨੂੰ ਨਾਲ ਲੈ ਕੇ ਗਾਂਧੀ ਜੀ ਤੱਕ ਲਿਆਉਣ ਵਾਸਤੇ ਤੀਜੀ ਵਾਰ ਨਦੀ ਪਾਰ ਹੋਇਆ। ਨਹਿਰੂ ਜੀ ਨੇ ਮਹਿਸੂਸ ਕੀਤਾ ਕਿ ਉਸੇ ਰਾਤ ਨਦੀ ਪਾਰ ਕਰਨੀ ਮੁਸ਼ਕਲ ਸੀ- ਇਸ ਲਈ ਮਹਾਰਾਜ ਨੇ ਉਸੇ ਰਾਤ ਚੌਥੀ ਵਾਰ ਨਹਿਰੂ ਜੀ ਦੇ ਡਰਾਈਵਰ ਨੂੰ ਸੁਨੇਹਾ ਦੇਣ ਵਾਸਤੇ ਨਦੀ ਪਾਰ ਕੀਤੀ। ਇਸ ਘਟਨਾ ਸਬੰਧੀ ਜੋ ਕੁਝ ਮਹਾਰਾਜ ਨੇ ਇਸ ਲੇਖਕ ਨੂੰ ਦੱਸਿਆ (ਕਾਂਡ 23) ਉਸ ਦੀ ਤੁਲਨਾ ਜੇ ਉਪਰੋਕਤ ਵਾਕਿਆਤ ਨਾਲ ਕਰੀਏ ਤਾਂ ਪਤਾ ਲਗਦਾ ਹੈ ਕਿ ਆਪਣੇ ਬਾਰੇ ਦੱਸਣ ਵਿੱਚ ਉਹ ਵਾਕਿ ਆਕਰ ਕਰਦਾ ਸੀ। ਉਸ ਨੇ ਇਕ ਵਾਰੀ ਵੀ ਇਸ ਗੱਲ ਦਾ ਜ਼ਿਕਰ ਨਾ ਕੀਤਾ ਕਿ ਉਹ ਗਾਂਧੀ ਜੀ ਵਾਲੀ ਕਿਸ਼ਤੀ ਵਿੱਚ ਹੀ ਸੀ।

6 ਅਪਰੈਲ ਨੂੰ ਮਹਾਰਾਜ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਪਤਨੀ ਸੂਰਜ ਬਾ ਨੇ ਇਸ ਅੰਦੋਲਨ ਵਿੱਚ ਹਿੱਸਾ ਲਿਆ। ਇਸ ਸਮੇਂ ਉਸ ਦੀ ਪਤਨੀ ਅਤੇ

ਉਸ ਦੇ ਤਿੰਨਾਂ ਬੱਚਿਆਂ ਨੂੰ ਵੀ ਜੇਲ੍ਹ ਵਿੱਚ ਬੰਦ ਕੀਤਾ ਗਿਆ ਅਤੇ ਉਨ੍ਹਾਂ ਦਾ ਘਰ ਸਾਰੇ ਮਾਲ ਅਸਬਾਬ ਸਮੇਤ ਜ਼ਬਤ ਕਰ ਲਿਆ ਗਿਆ। ਮਹਾਰਾਜ ਨੇ ਤਕਰੀਬਨ ਗਿਆਰਾਂ ਮਹੀਨੇ ਜੇਲ੍ਹ ਵਿੱਚ ਗੁਜ਼ਾਰੇ।

1931: ਜੇਲ੍ਹ ਤੋਂ ਰਿਹਾ ਹੋਕੇ, ਗਾਂਧੀ ਜੀ ਦੇ ਹੁਕਮ ਅਨੁਸਾਰ ਉਸ ਨੇ ਆਪਣੀ ਰਿਹਾਇਸ਼ ਰਸ ਵਿੱਚ ਕਰ ਲਈ।

ਵਘਾਲਾ ਪਤਨਵੀਆਂ ਦਾ ਮੁਕੱਦਮਾ, ਜਿਸ ਨੂੰ ਕਤਲ ਦੇ ਕੇਸ ਵਿੱਚ ਨਿਰਦੋਸ਼ ਹੁੰਦੇ ਹੋਏ ਵੀ ਸਜ਼ਾ ਦਿੱਤੀ ਗਈ, 'ਮੇਰੇ ਰਿਸ਼ਤੇਦਾਰ' (ਕਾਂਡ 9) ਮਹਾਰਾਜ ਦੁਆਰਾ ਉਨ੍ਹਾਂ ਲਈ ਕੀਤੀ ਕਾਨੂੰਨੀ ਚਾਰਾਜੋਈ ਸਦਕਾ ਉਹ ਸਾਰੇ ਬਰੀ ਹੋ ਗਏ ਸਨ।

1932: ਜਦੋਂ ਮਹਾਤਮਾ ਗਾਂਧੀ ਲੰਡਨ ਵਿਖੇ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਲ ਹੋਣ ਮਗਰੋਂ ਭਾਰਤ ਵਾਪਸ ਆ ਰਹੇ ਸਨ ਤਾਂ ਭਾਰਤ ਅੰਦਰ ਲੀਡਰ ਪਕੜੇ ਗਏ। ਮਹਾਰਾਜ ਵੀ ਉਨ੍ਹਾਂ ਵਿੱਚੋਂ ਇਕ ਸੀ। ਉਸ ਨੂੰ ਦੋ ਮਹੀਨਿਆਂ ਦੀ ਕੈਦ ਦੀ ਸਜ਼ਾ ਹੋਈ ਪਰ ਉਸ ਨੂੰ ਇਸ ਸ਼ਰਤ ਤੇ ਛੱਡ ਦਿੱਤਾ ਗਿਆ ਸੀ, ਕਿ ਉਹ ਅਹਿਮਦਾਬਾਦ ਦੀ ਹੱਦ ਅੰਦਰ ਹੀ ਰਹੇਗਾ। ਰੱਸ ਵਿੱਚ ਰਾਹਤ ਕਾਰਜ ਸੰਗਠਿਤ ਕਰਨ ਲਈ ਉਸ ਨੇ ਉਪਰੋਕਤ ਹੁਕਮ ਦੀ ਉਲੰਘਣਾ ਕੀਤੀ ਅਤੇ ਲਗਭਗ ਦਸ ਦਿਨ ਰੱਸ ਵਿੱਚ ਰਿਹਾ। ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 15 ਮਹੀਨਿਆਂ ਦੀ ਕੈਦ ਹੋਈ।

1934: ਰਿਹਾਈ ਤੋਂ ਬਾਅਦ ਉਹ ਰੱਸ ਵਿੱਚ ਰਹਿ ਕੇ ਰਾਹਤ ਕਾਰਜ, ਜਿਵੇਂ ਸਸਤੇ ਮੁੱਲ ਦੀਆਂ ਦੁਕਾਨਾਂ ਖੋਲ੍ਹਣੀਆਂ, ਕਿਸਾਨਾਂ ਨੂੰ ਬੀਜ ਤੇ ਬਲਦ ਖਰੀਦਣ ਵਾਸਤੇ ਕਰਜ਼ੇ ਦੇਣੇ ਆਦਿ ਕਰਦਾ ਰਿਹਾ। ਉਸ ਨੇ ਬੰਬਈ ਨੇ ਕਾਂਗਰਸ ਅਜਲਾਸ ਵਿੱਚ ਹਿੱਸਾ ਲਿਆ।

1935 : ਮੇਹਸਾਨਾ ਦਾ ਡਿਪਟੀ ਪੁਲਿਸ ਕਮਿਸ਼ਨਰ ਬੜੇ ਚਿਰ ਤੋਂ ਉਸ ਨੂੰ ਕਹਿ ਰਿਹਾ ਸੀ ਕਿ ਉਹ ਕੁਝ ਸਮੇਂ ਲਈ ਉਸ ਖੇਤਰ ਵਿੱਚ ਆ ਵਸੇ ਜਿੱਥੇ ਠਾਕੁਰਦਾ

ਰਹਿੰਦੇ ਸਨ। ਮਹਾਰਾਜ ਨੇ ਉਸ ਦੀ ਸਲਾਹ ਮੰਨਣ ਲਈ ਸਮਾਂ ਕੱਢਿਆ। ਚੋਰੀ ਕਰਨਾ ਠਾਕੁਰਦਾ ਲਈ ਇਕ ਆਦਤ ਬਣ ਚੁੱਕੀ ਸੀ। ਹਾਜ਼ਰੀ ਦੀ ਪ੍ਰਥਾ ਨੇ, ਉਨ੍ਹਾਂ ਦਾ ਸੁਧਾਰ ਕਰਨ ਦੀ ਬਜਾਇ ਉਨ੍ਹਾਂ ਨੂੰ ਹੋਰ ਵੀ ਚਲਾਕ ਚੋਰ ਬਣਾ ਦਿੱਤਾ ਸੀ। ਸੰਸਾਰ ਦੇ ਦੁਆਲੇ ਦੇ 12 ਪਿੰਡਾਂ ਉੱਤੇ ਜਰਾਇਮ-ਪੇਸ਼ਾ ਕਬੀਲੇ ਐਕਟ ਲਾਗੂ ਕੀਤਾ ਗਿਆ ਸੀ। ਕਬੀਲੇ ਵਿੱਚ ਪੰਦਰਾਂ ਸਾਲ ਤੋਂ ਵੱਧ ਉਮਰ ਦੇ ਹਰ ਮਰਦ ਵਿਅਕਤੀ ਨੂੰ ਦਿਨ ਵਿੱਚ ਦੋ ਵਾਰ ਹਾਜਰੀ ਲੁਆਉਣੀ ਪੈਂਦੀ । ਸੀ। ਪਹਿਲਾਂ ਮਹਾਰਾਜ ਨੇ 30 ਸਾਲ ਤੋਂ ਵਧ ਉਮਰ ਦੇ ਵਿਅਕਤੀਆਂ ਲਈ 12 ਪਿੰਡਾਂ ਨੂੰ ਛੱਡ ਕੇ ਬਾਕੀ ਸਭ ਥਾਂ ਹਾਜ਼ਰੀ ਤੋਂ ਛੋਟ ਕਰਵਾ ਦਿੱਤੀ। ਉਸ ਨੇ ਸੰਸਾਰ ਪਿੰਡ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਉਸ ਨੇ ਮਹਾਰਾਜ ਨੂੰ ਪਿੰਡ ਵਿੱਚ ਪਾਣੀ ਦੀ ਕਮੀ ਬਾਰੇ ਦਸਿਆ। ਜਲਦੀ ਹੀ ਇਕ ਖੂਹ ਪੁਟਵਾ ਦਿੱਤਾ ਗਿਆ। ਇਕ ਕੁੰਡ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਜਿਸ ਤੋਂ ਰੋਜ਼ਗਾਰ ਵੀ ਮਿਲਣ ਲੱਗ ਪਿਆ। ਮਹਾਰਾਜ ਨੇ ਅਨਾਜ ਲਈ ਸਸਤੀ ਦੁਕਾਨ ਵੀ ਖੁਲ੍ਹਵਾ ਦਿੱਤੀ। ਉਸ ਨੇ ਉਨ੍ਹਾਂ ਕਿਸਾਨਾਂ ਨੂੰ ਜਿਹੜੇ ਸਰਦੀਆਂ ਦੀ ਫਸਲ ਦੇ ਚਾਹਵਾਨ ਸਨ ਬੀਜ ਅਤੇ ਜ਼ਰਾਇਤੀ ਸੰਦ-ਸਾਮਾਨ ਵੀ ਉਧਾਰ ਤੇ ਦੇਣ ਦਾ ਐਲਾਨ ਕੀਤਾ। ਜ਼ਿਆਦਾ ਲੋਕ ਖੇਤੀ ਵਿੱਚ ਲੱਗ ਗਏ। ਜਿਉਂ ਜਿਉਂ ਸੰਸਾਰ ਦਾ ਸ਼ਹਿਰ ਵਿੱਦਿਅਕ ਆਰਥਕ ਤੇ ਸਮਾਜਕ ਤੌਰ ਤੇ ਤਰੱਕੀ ਕਰਨ ਲਗਿਆ, ਜੁਰਮਾਂ ਦੀ ਗਿਣਤੀ ਘਟਣ ਲੱਗੀ ਅਤੇ ਲੋਕ ਚੋਰੀ ਦੀ ਥਾਂ ਕੰਮ-ਧੰਦਾ ਕਰਨ ਲੱਗ ਪਏ। ਹਾਜ਼ਰੀ ਦੀ ਲੋੜ ਨਾ ਰਹੀ।

1937-38: 1938 ਵਿੱਚ ਹਰੀਪੁਰ ਵਿਖੇ ਹੋਣ ਵਾਲੇ ਕਾਂਗਰਸ ਅਜਲਾਸ ਵਿੱਚ

ਲੰਗਰ ਦਾ ਪ੍ਰਬੰਧ ਮਹਾਰਾਜ ਨੇ ਆਪਣੇ ਜ਼ਿੰਮੇ ਲੈ ਲਿਆ। ਉਸ ਨੇ ਭਾਰੀ ਅਨਾਜ ਤੇ ਬਰਤਨ ਇਕੱਠੇ ਕੀਤੇ ਅਤੇ ਵਲੰਟੀਅਰ ਭਰਤੀ ਕੀਤੇ ਜਿਹੜੇ ਹਜ਼ਾਰਾਂ ਦੀ ਗਿਣਤੀ ਵਿੱਚ ਆਉਣ ਵਾਲੇ ਲੋਕਾਂ ਨੂੰ ਲੰਗਰ ਛਕਾਉਣ। ਦਸ ਪੈਸੇ ਪ੍ਰਤੀ ਜੀਅ ਦੇ ਹਿਸਾਬ ਉੱਥੋਂ ਦਾਲ-ਚੌਲ-ਸਬਜ਼ੀ ਤੇ ਘਿਉ ਦਾ ਇਕ ਚਮਚਾ ਮਿਲ ਸਕਦਾ ਸੀ। ਸੈਸ਼ਨ ਦੀ

ਸਮਾਪਤੀ ਤੋਂ ਬਾਅਦ ਬਚ ਰਿਹਾ ਸਾਮਾਨ ਕਬਾਇਲੀ ਇਲਾਕਿਆਂ ਵਿੱਚ ਸਸਤੇ ਮੁੱਲ ਲੋਕਾਂ ਨੂੰ ਦੇ ਦਿੱਤਾ ਗਿਆ।

1940: ਕੇਂਦਰੀ ਭਾਰਤ ਵਿੱਚ ਇਕ ਰਿਆਸਤ ਵਿੱਚ ਹੜ੍ਹ-ਰਾਹਤ ਕਾਰਜ ।

1941: ਕਲੋਲ ਸ਼ਹਿਰ ਵਿੱਚ ਹੈਜ਼ਾ ਫੈਲ ਗਿਆ। ਅਨਪੜ੍ਹ ਅਤੇ ਵਹਿਮੀ ਲੋਕ ਡਾਕਟਰੀ ਇਲਾਜ ਵਿੱਚ ਯਕੀਨ ਨਹੀਂ ਸੀ ਰੱਖਦੇ ਸਗੋਂ ਇਸ ਦੇ ਖਿਲਾਫ ਸਨ। ਮਹਾਰਾਜ ਨੇ ਰਾਹਤ ਕਾਰਜ ਸੰਗਠਿਤ ਕੀਤੇ, ਲੋਕਾਂ ਨੂੰ ਕਲੀਨਿਕਾਂ ਵਿੱਚ ਇਲਾਜ ਕਰਾਉਣ ਲਈ ਪ੍ਰੇਰਿਤ ਕੀਤਾ, ਮਲ-ਮੂਤਰ ਦੀ ਸਫ਼ਾਈ ਦਾ ਪ੍ਰਬੰਧ ਕੀਤਾ, ਦਵਾਈਆਂ ਵੰਡੀਆਂ ਅਤੇ ਜਿਹੜੇ ਡਾਕਟਰਾਂ ਤੇ ਨਰਸਾਂ ਨੇ ਇਸ ਮੁਹਿੰਮ ਵਿੱਚ ਸੇਵਾ ਕਰਨ ਲਈ ਆਪਣੇ ਆਪ ਨੂੰ ਵਾਲੰਟੀਅਰ ਕੀਤਾ ਉਨ੍ਹਾਂ ਦੀ ਦੇਖ-ਭਾਲ ਦਾ ਕੰਮ ਕੀਤਾ। ਬੀਮਾਰੀ ਉੱਤੇ ਕਾਬੂ ਪਾ ਲਿਆ ਗਿਆ ਅਤੇ ਉਸ ਨੂੰ ਵਬਾ ਵਜੋਂ ਫੈਲਣ ਤੋਂ ਰੋਕ ਲਿਆ ਗਿਆ।

19 ਅਪ੍ਰੈਲ ਨੂੰ ਅਹਿਮਦਾਬਾਦ ਵਿੱਚ ਫਿਰਕੂ ਦੰਗੇ ਹੋਏ। ਮਹਾਰਾਜ ਝੱਟ ਅਹਿਮਦਾਬਾਦ ਪਹੁੰਚ ਗਿਆ ਅਤੇ ਸਿਵਲ ਹਸਪਤਾਲ ਵਿੱਚ ਗਿਆ ਜਿੱਥੇ ਅਣਪਛਾਤੇ ਲੋਕਾਂ ਦੀਆਂ ਲਾਸ਼ਾਂ ਸੜ ਰਹੀਆਂ ਸਨ ਅਤੇ ਬੋ ਮਾਰ ਰਹੀਆਂ ਸਨ। ਸ਼ਹਿਰ ਵਿੱਚ ਕਰਫਿਊ ਲਗਾ ਹੋਇਆ ਸੀ। ਲੋਕ ਆਪਣੇ ਘਰਾਂ ਤੋਂ ਬਾਹਰ ਨਿਕਲਣ ਤੋਂ ਡਰਦੇ ਸਨ। ਮਹਾਰਾਜ ਨੇ ਲਾਸ਼ਾਂ ਦਾ ਸੰਸਕਾਰ ਕਰਨ ਦੀ ਆਗਿਆ ਪ੍ਰਾਪਤ ਕੀਤੀ, ਇਕ ਮਿਉਂਸਪਲ ਕਾਂਡੀ ਵਿੱਚ ਉਨ੍ਹਾਂ ਨੂੰ ਚੁੱਕਿਆ ਅਤੇ ਉਨ੍ਹਾਂ ਦਾ ਸਸਕਾਰ ਕੀਤਾ। ਇਹ ਲਾਸ਼ਾਂ ਇਸ ਹੱਦ ਤੱਕ ਗਲ ਚੁੱਕੀਆਂ ਸਨ ਕਿ ਇਨ੍ਹਾਂ ਨੂੰ ਜਦੋਂ ਚੁੱਕਿਆ ਜਾਂਦਾ ਤਾਂ ਇਨ੍ਹਾਂ ਵਿੱਚੋਂ ਪਾਣੀ ਨਿਕਲਦਾ ਸੀ। ਉਹ ਸੱਤ ਦਿਨ ਇਹ ਕਾਰਜ ਕਰਦਾ ਰਿਹਾ ਅਤੇ 83 ਲਾਸ਼ਾਂ ਦਾ ਉਸ ਨੇ ਸੰਸਕਾਰ ਕੀਤਾ ।

1942 : ਜਦੋਂ ਉਹ ਕਾਂਗਰਸ ਦੇ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਬੰਬਈ ਵਲ ਜਾ ਰਿਹਾ ਸੀ ਤਾਂ ਹੜ੍ਹਾਂ ਦੇ ਕਾਰਨ ਨਾਦੀਆਦ ਤੇ ਅਹਿਮਦਾਬਾਦ ਵਿਚਕਾਰ ਰੇਲਾਂ ਦੀ ਆਵਾਜਾਈ ਰੁਕ ਗਈ ਸੀ। ਮਹਾਰਾਜ ਨੇ ਸਫ਼ਰ ਵਿੱਚੇ ਛੱਡ ਦਿੱਤਾ ਅਤੇ

ਰਾਹਤ-ਕਾਰਜ ਸੰਗਠਿਤ ਕੀਤਾ। ਗਾਂਧੀ ਜੀ ਵਲੋਂ 'ਭਾਰਤ ਛਡੋ' ਅੰਦੋਲਨ ਚਲਾਇਆ ਗਿਆ। ਹੋਰ ਲੀਡਰਾਂ ਦੇ ਨਾਲ ਮਹਾਰਾਜ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਅਤੇ ਸਾਬਰਮਤੀ ਜੇਲ੍ਹ ਭੇਜਿਆ ਗਿਆ। ਜੇਲ੍ਹ ਵਿੱਚ ਵੀ ਉਹ ਲਗਾਤਾਰ ਕੰਮ ਕਰਦਾ ਰਿਹਾ। ਉਸ ਦੇ ਯਤਨਾਂ ਨਾਲ ਜੇਲ੍ਹ ਦੇ ਬੀਮਾਰ ਕੈਦੀਆਂ ਨੂੰ ਖੁਰਾਕ ਵਿੱਚ ਦੁੱਧ ਤੇ ਫਲ ਮਿਲਣ ਲੱਗ ਪਏ। ਜੇ ਕੋਈ ਝਗੜਾ ਹੋ ਜਾਂਦਾ ਤਾਂ ਮਹਾਰਾਜ ਸੁਲ੍ਹਾ ਕਰਵਾਉਂਦਾ। ਇਸ ਨੇ ਕੈਦੀਆਂ ਅਤੇ ਜੇਲ੍ਹ ਕਰਮਚਾਰੀਆਂ ਦੋਨਾਂ ਵਿੱਚ ਉਸ ਨੂੰ ਹਰਮਨ ਪਿਆਰਾ ਬਣਾ ਦਿੱਤਾ। ਵਿਹਲੇ ਸਮੇਂ ਉਹ ਚਰਖਾ ਕੱਤਦਾ, ਪੜ੍ਹਦਾ ਜਾਂ ਸਾਥੀਆਂ ਨਾਲ ਵਿਚਾਰ ਵਟਾਂਦਰੇ ਕਰਦਾ।

ਉਸ ਨੂੰ ਆਪਣੇ ਇਕ ਹੱਥ ਉੱਤੇ ਲਕਵੇ ਦਾ ਅਸਰ ਮਹਿਸੂਸ ਹੋਇਆ ਅਤੇ ਉਸ ਨੂੰ ਅਹਿਮਦਾਬਾਦ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਉਸ ਦੀ ਸਭ ਤੋਂ ਛੋਟੀ ਲੜਕੀ ਉਸ ਦੇ ਜੇਲ੍ਹ ਵਿੱਚ ਰਹਿੰਦਿਆਂ ਮਰ ਗਈ। ਜੇਲ੍ਹ ਅਧਿਕਾਰੀਆਂ ਨੇ ਮਹਾਰਾਜ ਨੂੰ ਪੈਰੋਲ ਤੇ ਛਡਣਾ ਮੰਨ ਲਿਆ ਤਾਂ ਜੋ ਉਹ ਆਪ ਦੀ ਲੜਕੀ ਨੂੰ ਮਿਲ ਸਕੇ। ਪਰ ਉਸ ਵੀਰ ਸਪੁੱਤਰ ਨੇ ਜਿਸ ਉੱਤੇ ਮਾਰੂ ਬੀਮਾਰੀ ਦਾ ਹਮਲਾ ਹੋ ਚੁੱਕਾ ਸੀ, ਇਹ ਸ਼ਰਤੀਆ ਪੇਸ਼ਕਸ਼ ਠੁਕਰਾ ਦਿੱਤੀ ।

ਆਪਣੀ ਰਿਹਾਈ ਤੋਂ ਬਾਅਦ ਉਸ ਨੇ ਵੇਖਿਆ ਕਿ ਲੋੜੀਦਿਆਂ ਚੀਜ਼ਾਂ ਉੱਤੇ ਕੰਟਰੋਲ ਕਾਰਨ ਨਕਲੀ ਥੁੜ ਪੈਦਾ ਹੋ ਗਈ ਸੀ ਜਿਸ ਕਰਕੇ ਕਾਲਾ ਧੰਦਾ ਅਤੇ ਭ੍ਰਿਸ਼ਟਾਚਾਰ ਬਹੁਤ ਵਧ ਗਿਆ ਸੀ। ਇਹ ਵੇਖ ਕੇ ਉਸ ਦਾ ਮਨ ਰੋ ਉੱਠਿਆ। ਉਸ ਨੇ ਲੋਕਾਂ ਅਤੇ ਕਰਮਚਾਰੀਆਂ ਦੇ ਵਿਚਾਰ ਵਿੱਚ ਨੈਤਿਕ ਕਦਰਾਂ ਕੀਮਤਾਂ ਉਭਾਰਨ ਦਾ ਯਤਨ ਕੀਤਾ।

1943: ਆਖਰੀ ਵਾਰੀ ਜੇਲ੍ਹ ਯਾਤਰਾ ਦੇ ਦੌਰਾਨ ਉਸ ਦੀ ਸਿਹਤ ਖਰਾਬ ਹੋ ਗਈ ਸੀ। ਗਾਂਧੀ ਜੀ ਨੇ ਉਸ ਨੂੰ ਪ੍ਰਾਕ੍ਰਿਤਕ ਚਿਕਿਤਸਾ ਲਈ ਸੇਵਾਗਰਾਮ ਬੁਲਾ

ਲਿਆ। ਮਹਾਰਾਜ ਗਿਆ, ਉਸ ਦਾ ਇਲਾਜ ਹੋਇਆ ਅਤੇ ਉਹ ਰਾਜ਼ੀ ਹੋ ਗਿਆ। ਕੁਝ ਦਿਨਾਂ ਲਈ ਉਸ ਨੇ ਸੇਵਾਗਰਾਮ ਵਿੱਚ ਆਰਾਮ ਕੀਤਾ।

1945: ਵੀਰਮਗਮ ਵਿੱਚ ਹੈਜ਼ੇ ਨੂੰ ਫੈਲਣ ਤੋਂ ਰੋਕਣ ਲਈ ਮੁਹਿੰਮ ਚਲਾਈ।

1946: ਅਹਿਮਦਾਬਾਦ ਵਿੱਚ ਮੁੜ ਫਿਰਕੂ ਦੰਗੇ ਸ਼ੁਰੂ ਹੋ ਗਏ। ਉਹ ਉੱਥੇ ਗਿਆ ਅਤੇ ਸ਼ਹਿਰ ਦੇ ਸਭ ਤੋਂ ਖਤਰਨਾਕ ਇਲਾਕਿਆਂ ਵਿੱਚ ਜਾ ਜਾ ਕੇ ਲੋਕਾਂ ਨੂੰ ਸ਼ਾਂਤ ਕਰਨ ਲਗਾ ਅਤੇ ਨਾਲ ਦੀ ਨਾਲ ਲੋਕਾਂ ਨੂੰ ਹਿੰਸਾ ਤੋਂ ਬਚਾਉਣ ਲਈ ਆਪਣੀ ਜਾਨ ਖਤਰੇ ਵਿੱਚ ਪਾਉਂਦਾ ਰਿਹਾ।

1947: ਆਜ਼ਾਦੀ: ਅਨਾਜ ਦੀਆਂ ਕੀਮਤਾਂ ਤੇ ਕੰਟਰੋਲ ਦੇ ਕਾਰਨ ਕੀਮਤਾਂ ਬਹੁਤ ਵੱਧ ਗਈਆਂ ਜਿਸ ਕਰਕੇ ਕਿਸਾਨਾਂ ਦੀ ਹਾਲਤ ਬਹੁਤ ਨਿੱਘਰ ਗਈ ਕਿਉਂਕਿ ਉਨ੍ਹਾਂ ਦੀ ਲੋੜ ਦੀਆਂ ਚੀਜ਼ਾਂ ਦੀ ਕੀਮਤ ਤਿੰਨ ਤਿੰਨ, ਚਾਰਾ ਚਾਰ ਗੁਣਾਂ ਵੱਧ ਗਈ ਜਦ ਕਿ ਉਨ੍ਹਾਂ ਦੀ ਆਮਦਨ ਪਹਿਲਾਂ ਜਿੰਨੀ ਹੀ ਰਹੀ। ਉਹ ਆਪਣਾ ਅਨਾਜ ਸਸਤੇ ਮੁੱਲ ਵੇਚਣ ਤੇ ਮਜ਼ਬੂਰ ਹੁੰਦੇ। ਮਹਾਰਾਜ ਇਨ੍ਹਾਂ ਕੰਟਰੋਲਾਂ ਦੀ ਖਿਲਾਫ ਵਰਜੀ ਕਰਨ ਲਈ ਅਤੇ ਲੋੜ ਪੈਣ ਤੇ ਜੇਲ੍ਹ ਜਾਣ ਲਈ ਤਿਆਰ ਸੀ। ਗਾਂਧੀ ਜੀ ਵਿੱਚ ਪੈ ਗਏ। ਸਰਕਾਰ ਨੇ ਅਨਾਜ ਦੇ ਥੋਕ ਰੇਟਾਂ ਉਤੋਂ ਕੰਟਰੋਲ ਖਤਮ ਕਰ ਦਿੱਤਾ।

ਕਾਨੂੰਨੀ ਤੌਰ ਤੇ ਅਛੂਤ, ਜਿਨ੍ਹਾਂ ਨੂੰ ਗਾਂਧੀ ਜੀ ਹਰੀਜਨ ਕਹਿੰਦੇ ਸਨ, ਕਿਸੇ ਵੀ ਮੰਦਰ ਵਿੱਚ ਜਾ ਸਕਦੇ ਸਨ। ਪਰ ਪੁਰਾਤਨਵਾਦੀ ਹਿੰਦੂ ਉਨ੍ਹਾਂ ਨੂੰ ਅੰਦਰ ਜਾਣ ਤੋਂ ਰੋਕਦੇ ਸਨ। ਮਹਾਰਾਜ ਨੇ ਹਰੀਜਨਾਂ ਨੂੰ ਡਕੋਰ ਦੇ ਪ੍ਰਸਿੱਧ ਮੰਦਰ ਵਿੱਚ ਲੈ ਜਾਣ ਦਾ ਨਿਸ਼ਚਾ ਕੀਤਾ। ਕੱਟੜ ਹਿੰਦੂਆਂ ਵੱਲੋਂ ਇਸ ਦੀ ਵਿਰੋਧਤਾ ਹੋਈ। ਮਹਾਰਾਜ ਕਾਨੂੰਨੀ ਜਾਂ ਸਰੀਰਕ ਸ਼ਕਤੀ ਦੀ ਵਰਤੋਂ ਕਰਨ ਦੇ ਹੱਕ ਵਿੱਚ ਨਹੀਂ ਸੀ। ਉਸ ਨੇ ਵਰਤ ਸ਼ੁਰੂ ਕਰ ਦਿੱਤਾ। ਅੰਤ ਵਿੱਚ ਸ਼ਹਿਰ ਦੇ ਬਜ਼ੁਰਗ ਨੇ ਉਸ ਕੋਲ ਆ ਕੇ ਮੁਆਫੀ ਮੰਗੀ। ਹਰੀਜਨਾਂ, ਰੱਬ ਦੇ ਪੁੱਤਰਾਂ ਨੂੰ ਨੰਗੇ ਪੈਰਾਂ ਵਾਲਾ ਉਹੀ ਬ੍ਰਾਹਮਣ ਮੰਦਰ ਦੇ ਅੰਦਰ ਲੈ ਕੇ ਗਿਆ ਜਿਹੜਾ ਬ੍ਰਾਹਮਣ ਕਦੇ ਦੂਜੇ ਦੇ ਹੱਥ ਦਾ ਪੱਕਿਆ ਭੋਜਨ ਨਹੀਂ ਸੀ ਖਾਂਦਾ।

ਗੋਧਰਾ ਵਿੱਚ ਹਿੰਦੂ ਮੁਸਲਿਮ ਦੰਗੇ ਸ਼ੁਰੂ ਹੋ ਗਏ। ਰਾਹਤ ਤੇ ਸ਼ਾਂਤੀ ਸਥਾਪਤ ਕਰਨ ਦੀ ਸੇਵਾ ਮਗਰੋਂ ਉਸ ਨੇ ਸ਼ਰਾਬ ਨੋਸ਼ੀ ਦੇ ਖਿਲਾਫ ਮੁਹਿੰਮ ਸ਼ੁਰੂ ਕਰ ਦਿੱਤੀ। ਪ੍ਰਸ਼ਾਸਨ ਨੇ ਵੀ ਸਹਾਇਤਾ ਕੀਤੀ। ਉਹੋ ਪਿੰਡੋ ਪਿੰਡ ਲੋਕਾਂ ਨੂੰ ਸ਼ਰਾਬ ਪੀਣੀ ਛੱਡਣ ਲਈ ਪ੍ਰਚਾਰ ਕਰਦਾ ਰਿਹਾ। ਇਸ ਦੇ ਨਾਲ ਹੀ ਜਮੀਨ ਦੀ ਮਾਲਕੀ, ਭਾਰਤੀ ਯੂਨੀਅਨ ਨਾਲ ਦੇਸੀ ਰਿਆਸਤਾਂ ਦੇ ਏਕੀਕਰਨ ਅਤੇ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੇ ਮਸਲਿਆਂ ਸਬੰਧੀ ਵੀ ਉਹ ਕਾਰਜਸ਼ੀਲ ਰਿਹਾ।

ਸਰਾਧਵ ਸ਼ਹਿਰ ਦੇ ਹਰੀਜਨਾਂ ਨੇ ਪਬਲਿਕ ਟ੍ਰਾਂਸਪੋਰਟ ਨੂੰ ਵਰਤਣ ਦਾ ਆਪਣਾ ਅਧਿਕਾਰ ਵਰਤਣ ਲਈ ਸਤਿਆਗ੍ਰਹਿ ਸ਼ੁਰੂ ਕੀਤਾ। ਉਸ ਨੇ ਸਰਦੇ-ਪੁਜਦੇ ਲੋਕਾਂ ਨੂੰ ਵਿਰੋਧ ਛੱਡ ਦੇਣ ਲਈ ਰਾਜ਼ੀ ਕੀਤਾ।

ਖਾਦੀ-ਹਫਤਾ ਮਨਾਉਂਦੇ ਹੋਏ ਉਹ ਪੇਟਲਾਦ ਤੱਲੁਕੇ ਦੇ ਹਰ ਪਿੰਡ ਵਿੱਚ ਖਾਦੀ ਦੇ ਕੱਪੜੇ ਦਾ ਸਟਾਕ ਨਾਲ ਲੈ ਕੇ ਵੇਚਣ ਵਾਸਤੇ ਅਤੇ ਖਾਦੀ ਦਾ ਪਰਚਾਰ ਕਰਨ ਵਾਸਤੇ ਗਿਆ। ਉਦੋਂ ਉਹ 63 ਸਾਲਾਂ ਦਾ ਸੀ।

1948: ਜਦੋਂ ਉਹ ਮਹਿਸਾਨਾ ਜ਼ਿਲ੍ਹੇ ਵਿੱਚ ਟਿਊਬਵੈਲ ਖੁਦਵਾਉਣ ਵਿੱਚ ਰੁੱਝਿਆ ਹੋਇਆ ਸੀ, ਉਸ ਨੂੰ ਅਹਿਮਦਾਬਾਦ ਤੋਂ ਜ਼ਰੂਰੀ ਬੁਲਾਵਾ ਆਇਆ। ਹਰੀਜਨਾਂ ਨੇ ਮੰਦਰ ਵਿੱਚ ਦਾਖਲ ਹੋਣ ਦਾ ਆਪਣਾ ਅਧਿਕਾਰ ਮੰਗਿਆ ਸੀ ਅਤੇ ਕਾਲੂਪੁਰ, ਅਹਿਮਦਾਬਾਦ ਦੀ ਬਾਹਰਲੀ ਇੱਕ ਬਸਤੀ ਦੇ ਮੰਦਰ ਦੇ ਅਧਿਕਾਰੀਆਂ ਦੁਆਰਾ ਉਨ੍ਹਾਂ ਨੂੰ ਰੋਕਿਆ ਜਾ ਰਿਹਾ ਸੀ।

ਗਾਂਧੀ ਜੀ ਦਾ ਦੇਹਾਂਤ

ਗੁਜਰਾਤ ਭਿਆਨਕ ਅਕਾਲ ਦੀ ਪਕੜ ਵਿੱਚ।

1948-1952; ਉਸ ਦੀਆਂ ਸਰਗਰਮੀਆਂ ਦਾ ਕੇਂਦਰ ਬਨਸਕੰਠਾ ਜ਼ਿਲ੍ਹਾ ਬਣ ਗਿਆ। ਜਿਸ ਵਿੱਚ ਅਕਾਲ ਦਾ ਸਭ ਤੋਂ ਵੱਧ ਅਸਰ ਸੀ। ਉਸ ਦੀ ਨਿਗਰਨੀ

ਹੇਠ ਅਤੇ ਉਸ ਦੇ ਉੱਦਮ ਨਾਲ ਇਲਾਕੇ ਵਿੱਚ 59 ਬੋਰ ਲਾਏ ਗਏ। ਇਸ ਸਮੇਂ ਉਸ ਨੂੰ 'ਬੋਰਿੰਗ ਵਾਲਾ ਮਹਾਰਾਜ' ਕਹਿ ਕੇ ਪੁਕਾਰਿਆ ਜਾਂਦਾ ਸੀ।

1948: ਉਸ ਦੀ ਪ੍ਰਧਾਨਗੀ ਹੇਠ ਅੱਖ ਰਾਹਤ ਐਸੋਸੀਏਸ਼ਨ ਕਾਇਮ ਕੀਤੀ ਗਈ। ਗੁਜਰਾਤ ਦੇ ਅੱਖਾਂ ਦੇ ਮਾਹਿਰ ਡਾਕਟਰਾਂ ਨੇ ਸਾਰੇ ਰਾਜ ਵਿੱਚ ਕੈਂਪ ਲਾ ਕੇ ਗਰੀਬ ਅਤੇ ਲਾਚਾਰ ਲੋਕਾਂ ਅਤੇ ਮੱਧਵਰਗੀ ਨਾਗਰਿਕਾਂ, ਜੋ ਅੱਖਾਂ ਦੇ ਰੋਗਾਂ ਤੋਂ ਪੀੜਤ ਸਨ, ਦੀ ਸਹਾਇਤਾ ਕੀਤੀ।

1951-1952: ਦਵਾਰਕਾ ਹਿੰਦੂਆਂ ਦਾ ਗੜ੍ਹ ਸੀ। ਉਥੋਂ ਦੇ ਮੰਦਰ ਵਿੱਚ ਜਾਣ ਲਈ ਹਰੀਜਨ ਆਪਣੇ ਅਧਿਕਾਰ ਦੀ ਵਰਤੋਂ ਕਰਨਾ ਚਾਹੁੰਦੇ ਸਨ। ਸਤਿਆਗ੍ਰਹਿ ਦੀ ਅਗਵਾਈ ਕਰਨ ਲਈ ਉਸ ਨੂੰ ਬੁਲਾਇਆ ਗਿਆ। ਉਹ ਦਵਾਰਕਾ ਗਿਆ। ਪਹਿਲਾਂ ਉਸ ਨੇ ਜਲਸੇ ਅਤੇ ਸੈਮੀਨਾਰ ਕਰਕੇ ਲੋਕ ਰਾਏ ਬਣਾਉਣ ਦਾ ਯਤਨ ਕੀਤਾ ਇੱਥੇ ਹਰੀਜਨਾਂ ਨੂੰ ਮੰਦਰ ਵਿੱਚ ਜਾਣ ਦੇਣ ਬਾਰੇ ਲੋਕਾਂ ਨੂੰ ਸਮਝਾਇਆ। ਤਦ, ਉਸ ਨੇ ਹਰੀਜਨਾਂ ਦੇ ਸ਼ਾਂਤੀ ਮਾਰਚ ਦੀ ਅਗਵਾਈ ਕੀਤੀ। ਪੁਰਾਤਨਵਾਦੀ ਅਤੇ ਕੱਟੜਪੰਥੀ ਹਿੰਦੂਆਂ ਨੇ ਰੋਕਣ ਦੀ ਕੋਸ਼ਿਸ ਕੀਤੀ। ਮਹਾਰਾਜ ਕਿਸੇ ਪ੍ਰਕਾਰ ਦੀ ਸ਼ਕਤੀ ਨਹੀਂ ਵਰਤਣਾ ਚਾਹੁੰਦਾ ਸੀ। ਜਦ ਤੱਕ ਪੁਰਾਤਨਵਾਦੀਆਂ ਨੂੰ ਰੁਕਾਵਟ ਦੂਰ ਕਰਨ ਤੇ ਮਨਾ ਨਾ ਲਿਆ ਗਿਆ ਉਹ ਉਡੀਕ ਕਰਦਾ ਰਿਹਾ।

1952: ਅੰਤਰਰਾਸ਼ਟਰੀ ਅਮਨ ਕਾਨਫਰੰਸ ਵਿੱਚ ਭਾਰਤ ਦੇ ਨੁਮਾਇੰਦੇ ਵਜੋਂ ਹਿੱਸਾ ਲੈਣ ਲਈ ਉਹ ਹਵਾਈ ਜਹਾਜ਼ ਰਾਹੀਂ ਚੀਨ ਗਿਆ। ਉਹ ਚੀਨ ਅੰਦਰ ਲਗਭਗ ਢਾਈ ਮਹੀਨੇ ਫਿਰਦਾ ਰਿਹਾ। ਉਹ ਚੀਨ ਦੀ ਨਵੀਂ ਪੀੜ੍ਹੀ ਤੋਂ ਅਤੇ ਦੇਸ਼ ਵਿੱਚ ਤਬਦੀਲੀ ਲਿਆਉਣ ਲਈ ਕੀਤੇ ਜਾ ਰਹੇ ਭਾਰੀ ਯਤਨਾਂ ਤੋਂ ਪ੍ਰਭਾਵਿਤ ਹੋਇਆ। ਭਾਰਤ ਵਿੱਚ ਆ ਕੇ ਉਸ ਨੇ ਉਹੀ ਨਿਸ਼ਾਨੇ ਗਾਂਧੀਵਾਦੀ ਤਰੀਕੇ ਨਾਲ ਪ੍ਰਾਪਤ ਕਰਨ ਲਈ ਸੋਚਣਾ ਸ਼ੁਰੂ ਕਰ ਦਿੱਤਾ। ਵਾਪਸੀ ਤੇ ਉਸ ਦੇ ਇੱਕ ਸਾਥੀ ਨੇ ਉਨ੍ਹਾਂ ਨੂੰ ਵਿਨੋਬਾ ਜੀ ਨੂੰ ਮਿਲਣ ਦੀ ਸਲਾਹ ਦਿੱਤੀ।

1953: ਉਹ ਵਿਨੋਬਾ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਗੁਜਰਾਤ ਵਿੱਚ ਭੂਦਾਨ ਲਈ ਆਪਣਾ ਪੂਰਾ ਤਾਣ ਲਾਵੇਗਾ। ਵਿਨੋਬਾ ਜੀ ਨੇ ਇਹ ਭੂਦਾਨ ਅੰਦੋਲਨ ਜ਼ਮੀਨ ਰਹਿਤ ਮਜ਼ਦੂਰਾਂ ਨੂੰ ਜ਼ਮੀਨ ਮਾਲਕਾਂ ਤੋਂ ਆਪਣੀ ਮਰਜੀ ਨਾਲ ਵਾਧੂ ਜ਼ਮੀਨ ਦਾਨ ਵਿੱਚ ਲੈ ਕੇ, ਜ਼ਮੀਨ ਦੇਣ ਦੇ ਆਸ਼ੇ ਨਾਲ ਸ਼ੁਰੂ ਕੀਤਾ ਸੀ। ਵਿਨੋਬਾ ਜੀ ਦੇਸ਼ ਵਿੱਚ ਪਦਯਾਤਰਾ ਕਰਕੇ ਇਹੋ ਜਿਹੇ ਦਾਨ ਪ੍ਰਾਪਤ ਕਰ ਰਹੇ ਸਨ ਅਤੇ ਬੇਜ਼ਮੀਨੇ ਲੋਕਾਂ ਵਿੱਚ ਵੰਡ ਰਹੇ ਸਨ। ਇਸ ਨੇ 70 ਸਾਲ ਦੇ ਬੁੱਢੇ ਸਰੀਰ ਵਿੱਚ ਇੱਕ ਨਵਾਂ ਜੋਸ਼ ਤੇ ਜ਼ੋਰ ਭਰ ਦਿੱਤਾ। ਮਹਾਰਾਜ ਵਾਪਸ ਗੁਜਰਾਤ ਆ ਗਿਆ ਅਤੇ ਜ਼ਿੰਮੀਦਾਰਾਂ ਨੂੰ ਆਪਣੀ ਵਾਧੂ ਜ਼ਮੀਨ ਬੇਜ਼ਮੀਨੇ ਲੋਕਾਂ ਨੂੰ ਦੇਣ ਦੀ ਪ੍ਰੇਰਨਾ ਦੇਣ ਵਾਸਤੇ ਰਾਜ ਵਿੱਚ ਯਾਤਰਾ ਸ਼ੁਰੂ ਕਰ ਦਿੱਤੀ। ਮਹਾਰਾਜ ਦੀ ਪਤਨੀ ਸੂਰਜ-ਬਾ ਨੇ ਅੰਦੋਲਨ ਆਰੰਭ ਕਰਨ ਲਈ ਆਪਣੀ ਸਾਰੀ ਜ਼ਮੀਨ ਖੁਸ਼ੀ ਖੁਸ਼ੀ ਦਾਨ ਕਰ ਦਿੱਤੀ। ਜੋ ਜ਼ਿੰਮੀਦਾਰ ਆਪਣੀ ਜ਼ਮੀਨ ਦੇਣਾ ਚਾਹੁੰਦੇ ਸਨ ਉਨ੍ਹਾਂ ਵੱਲੋਂ ਮਹਾਰਾਜ ਦੇ ਘਰ ਧੜਾਧੜ ਨਿਮੰਤ੍ਰਣ ਆਉਣ ਲੱਗੇ।

1954: ਮਹਾਰਾਜ ਨੇ ਪ੍ਰਣ ਲਿਆ ਕਿ ਉਹ ਅਹਿੰਸਕ ਕ੍ਰਾਂਤੀ ਲਈ ਆਪਣਾ ਜੀਵਨ ਸਮਰਪਿਤ ਕਰੇਗਾ। ਇਹ ਕ੍ਰਾਂਤੀ ਪੇਂਡੂ ਦਸਤਕਾਰੀਆਂ ਨੂੰ ਮਜ਼ਬੂਤ ਕਰਕੇ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਜ਼ਮੀਨਾਂ ਦੇ ਕੇ ਉਨ੍ਹਾਂ ਨੂੰ ਆਰਥਕ ਤੌਰ ਤੇ ਮਜ਼ਬੂਤ ਬਣਾ ਕੇ ਲਿਆਂਦੀ ਜਾਵੇਗੀ। ਉਸ ਨੇ ਐਲਾਨ ਕੀਤਾ ਕਿ ਉਹ ਆਪਣੇ ਕੱਤੇ ਹੋਏ ਸੂਤ ਦਾ ਛੇਵਾਂ ਹਿੱਸਾ ਭੂਦਾਨ ਨੂੰ ਦਿਆ ਕਰਨਗੇ ।

1955: ਵਲੋਦ ਨਾਂ ਦੇ ਸ਼ਹਿਰ ਵਿੱਚ ਕਿਸਾਨਾਂ ਤੇ ਜ਼ਿੰਮੀਂਦਾਰਾਂ ਵਿਚਕਾਰ ਝਗੜਾ ਹੋ ਗਿਆ। ਕਿਸਾਨ ਜਥੇਬੰਦ ਹੋ ਗਏ ਅਤੇ ਉਨ੍ਹਾਂ ਨੇ ਜ਼ਿੰਮੀਂਦਾਰਾਂ ਦੀ ਚੁਣੌਤੀ ਦਾ ਮੁਕਾਬਲਾ ਕਰਨ ਦੀ ਠਾਣ ਲਈ। ਪੁਲਿਸ ਨੇ ਲੋਕਾਂ ਤੇ ਗੋਲੀ ਚਲਾ ਦਿੱਤੀ ਅਤੇ ਬੇਕਸੂਰ ਆਦਮੀਆਂ ਸਮੇਤ ਕਈ ਮਾਰੇ ਗਏ। ਮਹਾਰਾਜ ਫੌਰਨ ਵਲੋਦ ਗਿਆ। ਉਸ ਨੇ ਦੋਨਾਂ ਧਿਰਾਂ ਨਾਲ ਗਲਬਾਤ ਕੀਤੀ ਅਤੇ ਉਨ੍ਹਾਂ ਨੂੰ ਸ਼ਾਂਤ ਕੀਤਾ। ਉਸ ਨੇ ਖੁੱਲ੍ਹੇ ਆਮ ਪ੍ਰਸ਼ਾਸਨ ਨੂੰ ਗੋਲੀ ਚਲਾਉਣ ਬਦਲੇ ਝਾੜ ਪਾਈ।

ਮਹਾਰਾਜ ਨੂੰ ਪੁਰੀ ਵਿਖੇ ਆਲ ਇੰਡੀਆ ਸਰਵੋਦਯ ਸਮੇਲਨ ਦਾ ਪ੍ਰਧਾਨ ਚੁਣਿਆ ਗਿਆ। ਉੱਥੇ ਉਸ ਨੇ ਗੁਜਰਾਤ ਰਾਜ ਵਿੱਚ 1957 ਤੱਕ ਭੂਦਾਨ ਅੰਦੋਲਨ ਲਈ ਪਦਯਾਤਰਾ ਕਰਨ ਦਾ ਐਲਾਨ ਕੀਤਾ। 13 ਅਪ੍ਰੈਲ 1955 ਨੂੰ ਆਪਣੀ ਪਦਯਾਤਰਾ ਤੇ ਤੁਰ ਪਿਆ। ਉਦੋਂ ਉਹ 71 ਸਾਲ ਦਾ ਸੀ।

1958: ਬੰਬਈ ਦਾ ਦੋ ਭਾਸ਼ੀ ਰਾਜ ਗੁਜਰਾਤ ਤੇ ਬੰਬਈ, ਦੋ ਰਾਜਾਂ ਵਿੱਚ ਵੰਡਿਆ ਗਿਆ। ਗੁਜਰਾਤ ਦੇ ਮਹਾਂਰਿਸ਼ੀ ਸਰੂਪ ਨੇਤਾ, ਜਿਸਨੂੰ ਸਵਾਮੀ ਆਨੰਦ ਨੇ ਸਭ ਤੋਂ ਮਹਾਨ ਕਿਹਾ ਸੀ, ਨੇ ਗੁਜਰਾਤ ਦੇ ਜਨਮ ਦਾ ਉਦਘਾਟਨ ਕੀਤਾ।

1961: ਖੇੜ੍ਹਾ ਜ਼ਿਲ੍ਹੇ ਦੇ ਇੱਕ ਪਿੰਡ ਨੇ ਆਪਣਾ ਨਾਂ ਰਵੀਪੁਰਾ ਰੱਖਿਆ। ਮਹਾਰਾਜ ਨੇ ਸ਼ਹਿਰ ਦੀ ਆਰਥਕ ਸਮਾਜਕ ਅਤੇ ਨੈਤਿਕ ਹਰ ਪ੍ਰਕਾਰ ਦੀ ਤਰੱਕੀ ਲਈ ਭਰਪੂਰ ਯਤਨ ਕੀਤੇ।

ਉਤਸ਼ਾਹ ਦੇਣ ਲਈ ਉਹ ਉੱਤਰ ਦੇ ਸੀਮਾ ਖੇਤਰ ਦੇ ਦੌਰੇ ਤੇ ਗਿਆ। ਤਿੰਨ ਮਹੀਨੇ ਉਹ ਪਹਾੜੀਆਂ ਵਿੱਚ ਫਿਰਦਾ ਰਿਹਾ ਅਤੇ ਇਹ ਸਰਹੱਦੀ ਇਲਾਕੇ ਦੇ ਲੋਕਾਂ ਵਿੱਚ ਵਿਸ਼ਵਾਸ ਦੀ ਭਾਵਨਾ ਜਾਗ੍ਰਿਤ ਕਰਦਾ ਰਿਹਾ।

1964: ਜਮਸ਼ੇਦਪੁਰ ਅਤੇ ਰਾਊਰਕੇਲਾ ਵਿੱਚ ਫਿਰਕੂ ਫਸਾਦ।

ਜੈ ਪ੍ਰਕਾਸ਼ ਦੀ ਅਗਵਾਈ ਵਿੱਚ ਉਸ ਨੇ ਬਿਹਾਰ ਅਤੇ ਉੜੀਸਾ ਦੇ ਹਿੰਦੂਆਂ ਮੁਸਲਮਾਨਾਂ ਵਿਚਕਾਰ ਸ਼ਾਂਤੀ ਸਥਾਪਤ ਕਰਨ ਦਾ ਯਤਨ ਕੀਤਾ।

1967: ਬਿਹਾਰ ਵਿੱਚ 1956 ਨਾਲੋਂ ਵੀ ਵਧੇਰੇ ਭਿਆਨਕ ਅਕਾਲ। ਜੈ-ਪ੍ਰਕਾਸ਼ ਨੇ ਦੇਸ਼ ਅਤੇ ਬਦੇਸ਼ਾਂ ਵਿੱਚੋਂ ਸਹਾਇਤਾ ਲਈ ਅਪੀਲ ਕੀਤੀ। ਮਹਾਰਾਜ ਨੇ ਗੁਜਰਾਤ ਵਿੱਚੋਂ ਲੱਖਾਂ ਰੁਪਏ, ਕੱਪੜੇ ਅਤੇ ਰਸਦ ਇਕੱਠੀ ਕੀਤੀ ਅਤੇ ਸਭ ਕੁਝ ਲੈ ਕੇ ਫੌਰਨ ਬਿਹਾਰ ਪਹੁੰਚ ਗਿਆ ਉਸ ਨੇ ਗਯਾ ਵਿੱਚ ਜਾ ਕੇ ਰਾਹਤ ਕਾਰਜ ਸੰਭਾਲ

ਲਿਆ। ਫਰੀ ਲੰਗਰ ਚਲਾਏ ਅਨਾਜ ਅਤੇ ਕੱਪੜੇ ਵੰਡੇ, ਪਸ਼ੂਆਂ ਲਈ ਚਾਰਾ ਦਿੱਤਾ ਅਤੇ ਪਾਣੀ ਦੀ ਸਮੱਸਿਆ ਹੱਲ ਕਰਨ ਲਈ 800 ਖੂਹ ਖੁਦਵਾਏ ।

ਕੰਮ ਦੇ ਬੋਝ ਨੇ ਮਾਲਟਾ ਬੁਖਾਰ ਦੇ ਰੂਪ ਵਿੱਚ ਉਸ ਤੇ ਵਾਰ ਕੀਤਾ ਅਤੇ ਉਸ ਨੂੰ ਵਾਪਸ ਗੁਜਰਾਤ ਲਿਆਉਣਾ ਪਿਆ। ਪੰਜ ਮਹੀਨੇ ਉਸ ਨੂੰ ਹਸਪਤਾਲ ਵਿੱਚ ਰਹਿਣਾ ਪਿਆ ਅਤੇ ਉਸ ਤੋਂ ਬਾਅਦ ਵੀ ਉਸ ਨੂੰ ਕਾਫੀ ਸਮਾਂ ਆਰਾਮ ਕਰਨਾ ਪਿਆ ।

1968 : ਤਾਪਤੀ ਅਤੇ ਨਰਮਦਾ ਦਰਿਆਵਾਂ ਵਿੱਚ ਆਏ ਹੜ੍ਹਾਂ ਨੇ ਦੱਖਣੀ ਗੁਜਰਾਤ ਨੂੰ ਬਰਬਾਦ ਕਰ ਕੇ ਰੱਖ ਦਿੱਤਾ। ਅਰਬਾਂ ਰੁਪਿਆਂ ਦਾ ਨੁਕਸਾਨ ਹੋਇਆ। ਕਮਜ਼ੋਰੀ ਦੀ ਇਸ ਹਾਲਤ ਵਿੱਚ ਵੀ ਉਹ ਦਿਨ ਰਾਤ ਲੋਕਾਂ ਦੀਆਂ ਇਨ੍ਹਾਂ ਮੁਸੀਬਤਾਂ ਵਿੱਚ ਰਾਹਤ ਪਹੁੰਚਾਉਣ ਬਾਰੇ ਸੋਚਦਾ ਰਿਹਾ। ਕਮਜ਼ੋਰ ਸਿਹਤ ਦੇ ਬਾਵਜੂਦ ਉਹ ਫੌਰਨ ਉਨ੍ਹਾਂ ਲੋਕਾਂ ਕੋਲ ਚਲਾ ਗਿਆ। ਉਹ ਸੂਰਤ ਵਿੱਚ ਉਨ੍ਹਾਂ ਲੋਕਾਂ ਦੇ ਦਰਮਿਆਨ ਰਹਿਣ ਲੱਗ ਪਿਆ ਜੋ ਮੁਸੀਬਤਾਂ ਝੇਲ ਰਹੇ ਸਨ। ਉਸ ਦੀ ਮੌਜੂਦਗੀ ਤੋਂ ਲੋਕਾਂ ਨੂੰ ਉਤਸ਼ਾਹ ਮਿਲਿਆ। ਇੱਕ ਵਾਰੀ ਫਿਰ ਉਸ ਨੇ ਹਜ਼ਾਰਾਂ ਲੱਖਾਂ ਰੁਪਏ ਇਕੱਠੇ ਕੀਤੇ। ਆਮ ਲੋਕਾਂ ਨੇ ਹੀ ਦੋ ਲੱਖ ਚੰਦਾ ਦੇ ਦਿੱਤਾ। ਚੰਦੇ ਦੀ ਰਕਮ ਵਿੱਚ ਵਾਧਾ ਕਰਨ ਲਈ ਉਹ ਬੰਬਈ ਦੇ ਇਲਾਕੇ ਵਿੱਚ ਲਗਾਤਾਰ ਦੌਰਾ ਕਰਦਾ ਰਿਹਾ ।

1969: ਲਗਾਤਾਰ ਤੀਜੇ ਸਾਲ ਵੀ ਬਨਸਕੰਠਾ ਜ਼ਿਲ੍ਹੇ ਵਿੱਚ ਮੀਂਹ ਨਾ ਪਿਆ। ਨਤੀਜਾ ਭਿਆਨਕ ਅਕਾਲ। ਚੰਦੇ...........ਮੁਫਤ ਲੰਗਰ..........ਪਸ਼ੂਆਂ ਲਈ ਚਾਰਾ.............ਖੂਹਾਂ ਟਿਊਬਵੈਲਾਂ ਦੀ ਖੁਦਾਈ..........ਪਾਣੀ ਦੇ ਤਲਾਆਂ ਦੀ ਉਸਾਰੀਸ ਤੰਬਰ ਵਿੱਚ ਅਹਿਮਦਾਬਾਦ ਵਿੱਚ ਮੁੜ ਫਿਰਕੂ ਦੰਗੇ ਹੋਏ। ਰਾਹਤ ਅਤੇ ਸ਼ਾਂਤੀ ਕਾਰਜ ਬਨਸਕੰਠਾ ਵਿੱਚ ਰਾਹਤ ਕਾਰਜਾਂ ਲਈ ਵਾਪਸੀ।

**********